# ਗੁਰੂ ਅਰਜਨ ਦੇਵ ਬਾਣੀ ਦਾ ਸੁਹਜ ਸ਼ਾਸਤਰੀ ਅਧਿਐਨ
# (ਬਾਰਹਮਾਹ, ਰੁਤੀ, ਥਿਤੀ, ਬਾਵਨ ਅਖਰੀ ਅਤੇ ਸੁਖਮਨੀ ਦੇ ਪ੍ਰਸੰਗ ਵਿਚ)

# GURU ARJAN DEV BANI DA SOHAJ SHASTRI ADHYAN (BARAMAH, RUTTI, THITTI, BAVAN AKHARI ATE SUKHMANI DE PARSANG VICH)

**A THESIS**
**Submitted to the**
**FACULTY OF ARTS**
**PANJAB UNIVERSITY, CHANDIGARH**
**for the Degree of**
**DOCTOR OF PHILOSOPHY**
**2014**

**JASKIRAN KAUR**
**GURU NANAK SIKH STUDIES**
**PANJAB UNIVERSITY**
**CHANDIGARH**

# ਤਤਕਰਾ


ਪੰਨਾ ਨੰਬਰ

**ਭੂਮਿਕਾ** 1-8

ਅਧਿਆਇ ਪਹਿਲਾ : 9-58

**ਗੁਰੂ ਅਰਜਨ ਦੇਵ: ਜੀਵਨ, ਰਚਨਾ ਅਤੇ ਸ਼ਹਾਦਤ**

(ੳ) ਗੁਰੂ ਅਰਜਨ ਦੇਵ : ਜੀਵਨ ਬਿਓਰਾ ਅਤੇ ਸ਼ਖ਼ਸ਼ੀਅਤ

(ਅ) ਗੁਰੂ ਅਰਜਨ ਦੇਵ : ਰਚਨਾ ਸੰਸਾਰ

(ੲ) ਗੁਰੂ ਅਰਜਨ ਦੇਵ : ਵਿਚਾਰਧਾਰਾ ਅਤੇ ਸ਼ਹਾਦਤ

ਅਧਿਆਇ ਦੂਜਾ : 59-108

**ਸੁਹਜ-ਸ਼ਾਸਤਰ : ਸਿਧਾਂਤਕ ਪਰਿਪੇਖ**

(ੳ) ਸੁਹਜ-ਸ਼ਾਸਤਰ : ਸੰਕਲਪ ਅਤੇ ਪਰਿਭਾਸ਼ਾ

(ਅ) ਸੁਹਜ-ਸ਼ਾਸਤਰ ਅਤੇ ਕਾਵਿ-ਸ਼ਾਸਤਰ

(ੲ) ਸੁਹਜ-ਸ਼ਾਸਤਰ ਅਤੇ ਸਾਹਿਤ

(ਸ) ਸੁਹਜ-ਸ਼ਾਸਤਰ ਅਤੇ ਮੱਧਕਾਲੀ ਸਾਹਿਤ

ਅਧਿਆਇ ਤੀਜਾ : 109-158

**ਗੁਰੂ ਅਰਜਨ ਦੇਵ ਰਚਿਤ ਬਾਣੀ ਬਾਰਹ ਮਾਹਾ ਦਾ ਸੁਹਜ-ਸ਼ਾਸਤਰੀ ਅਧਿਐਨ**

(ੳ) ਬਾਣੀ ਬਾਰਹ ਮਾਹਾ : ਸਿਧਾਂਤਕ ਪਰਿਪੇਖ

(ਅ) ਬਾਣੀ ਬਾਰਹ ਮਾਹਾ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

(1) ਬਿੰਬ ਸਿਰਜਣਾ

(2) ਪ੍ਰਤੀਕ ਵਿਧਾਨ

(3) ਅਲੰਕਾਰਾਂ ਦਾ ਪ੍ਰਯੋਗ

(4) ਸੰਗੀਤ ਅਤੇ ਲੈਅ

ਅਧਿਆਇ ਚੌਥਾ : 159-196

**ਗੁਰੂ ਅਰਜਨ ਦੇਵ ਰਚਿਤ ਬਾਣੀ ਰੁਤੀ ਦਾ ਸੁਹਜ-ਸ਼ਾਸਤਰੀ ਅਧਿਐਨ**

(ੳ) ਬਾਣੀ ਰੁਤੀ : ਸਿਧਾਂਤਕ ਪਰਿਪੇਖ

(ਅ) ਬਾਣੀ ਰੁਤੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

(1) ਬਿੰਬ ਸਿਰਜਣਾ

(2) ਪ੍ਰਤੀਕ ਵਿਧਾਨ

(3) ਅਲੰਕਾਰਾਂ ਦਾ ਪ੍ਰਯੋਗ

(4) ਸੰਗੀਤ ਅਤੇ ਲੈਅ

ਅਧਿਆਇ ਪੰਜਵਾਂ : 197-237

**ਗੁਰੂ ਅਰਜਨ ਦੇਵ ਰਚਿਤ ਬਾਣੀ ਥਿਤੀ ਦਾ ਸੁਹਜ-ਸ਼ਾਸਤਰੀ ਅਧਿਐਨ**

(ੳ) ਬਾਣੀ ਥਿਤੀ : ਸਿਧਾਂਤਕ ਪਰਿਪੇਖ

(ਅ) ਬਾਣੀ ਥਿਤੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ
(1) ਬਿੰਬ ਸਿਰਜਣਾ
(2) ਪ੍ਰਤੀਕ ਵਿਧਾਨ
(3) ਅਲੰਕਾਰਾਂ ਦਾ ਪ੍ਰਯੋਗ
(4) ਸੰਗੀਤ ਅਤੇ ਲੈਅ
ਅਧਿਆਇ ਛੇਵਾਂ : 238-291
**ਗੁਰੂ ਅਰਜਨ ਦੇਵ ਰਚਿਤ ਬਾਣੀ ਬਾਵਨ ਅਖਰੀ ਦਾ ਸੁਹਜ-ਸ਼ਾਸਤਰੀ ਅਧਿਐਨ**
(ੳ) ਬਾਣੀ ਬਾਵਨ ਅਖਰੀ: ਰੂਪਾਕਾਰਕ ਵਿਸ਼ਲੇਸ਼ਣ
(ਅ) ਬਾਣੀ ਬਾਵਨ ਅਖਰੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ
(1) ਬਿੰਬ ਸਿਰਜਣਾ
(2) ਪ੍ਰਤੀਕ ਵਿਧਾਨ
(3) ਅਲੰਕਾਰਾਂ ਦਾ ਪ੍ਰਯੋਗ
(4) ਸੰਗੀਤ ਅਤੇ ਲੈਅ
ਅਧਿਆਇ ਸੱਤਵਾਂ : 292-358
**ਗੁਰੂ ਅਰਜਨ ਦੇਵ ਰਚਿਤ ਬਾਣੀ ਸੁਖਮਨੀ ਦਾ ਸੁਹਜ-ਸ਼ਾਸਤਰੀ ਅਧਿਐਨ**
(ੳ) ਬਾਣੀ ਸੁਖਮਨੀ : ਸਿਧਾਂਤਕ ਪਰਿਪੇਖ
(ਅ) ਬਾਣੀ ਸੁਖਮਨੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ
(1) ਬਿੰਬ ਸਿਰਜਣਾ
(2) ਪ੍ਰਤੀਕ ਵਿਧਾਨ
(3) ਅਲੰਕਾਰਾਂ ਦਾ ਪ੍ਰਯੋਗ
(4) ਸੰਗੀਤ ਅਤੇ ਲੈਅ
**ਸਾਰ ਅਤੇ ਸਥਾਪਨਾਵਾਂ** 359-367

**ਸਹਾਇਕ ਪੁਸਤਕ ਸੂਚੀ** 368-404

# ਭੂਮਿਕਾ

ਮੱਧਕਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਅਜਿਹਾ ਦੌਰ ਸੀ, ਜਿਸ ਵਿਚ ਉੱਚ ਪਾਏ ਦੇ ਸਾਹਿਤ ਦੀ ਸਿਰਜਣਾ ਕੀਤੀ ਗਈ। ਗੁਰਮਤਿ ਸਾਹਿਤ, ਮੱਧਕਾਲੀ ਪੰਜਾਬੀ ਸਾਹਿਤ ਦਾ ਪ੍ਰਮੁੱਖ ਅਤੇ ਪ੍ਰਤਿਨਿਧ ਸਾਹਿਤ ਹੈ। ਗੁਰਮਤਿ ਸਾਹਿਤ ਮੱਧਕਾਲ ਵਿਚ ਅਜਿਹੀ ਕ੍ਰਾਂਤੀ ਵਜੋਂ ਉੱਭਰ ਕੇ ਸਾਹਮਣੇ ਆਇਆ, ਜਿਸ ਨੇ ਧਰਮ, ਸਮਾਜ, ਰਾਜਨੀਤੀ ਅਤੇ ਜੀਵਨ ਨੂੰ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ। ਗੁਰੂ ਵਿਅਕਤੀਆਂ ਨੇ ਆਪਣੇ ਸਮਕਾਲੀ ਅਤੇ ਪੂਰਬਕਾਲੀ ਚਿੰਤਕਾਂ ਨਾਲ ਸੰਵਾਦ ਰਚਾਇਆ ਅਤੇ ਉਦਾਰ ਮਾਨਵਵਾਦੀ ਤੇ ਸਰਬ ਸਾਂਝੀਵਾਲਤਾ ਦਾ ਸਰਬ-ਵਿਆਪੀ ਸੁਨੇਹਾ ਪ੍ਰਸਤੁਤ ਕੀਤਾ। ਇਸ ਲਈ ਗੁਰਮਤਿ ਸਾਹਿਤ ਦੀ ਸਿਰਜਣਾ ਦਾ ਆਧਾਰ ਜੀਵਨ ਦੀ ਪਵਿੱਤਰਤਾ ਅਤੇ ਆਤਮਿਕ ਉੱਚਤਾ ਬਣਿਆ। ਇਹ ਸਾਹਿਤ ਮੁਗਲ ਸਾਮਰਾਜ ਦੇ ਅਤਿਆਚਾਰੀ ਸਰੂਪ ਅਤੇ ਬ੍ਰਾਹਮਣਵਾਦੀ ਕਰਮ ਕਾਂਡਾਂ, ਜਾਤਪਾਤੀ ਵਰਣ ਵਿਵਸਥਾ ਦਾ ਨਕਾਰਣ ਕਰਕੇ ਆਦਰਸ਼ਕ ਮਨੁੱਖ ਦਾ ਸੰਕਲਪ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਇਸ ਪ੍ਰਕਾਰ ਗੁਰਮਤਿ ਸਾਹਿਤ ਆਪਣੀਆਂ ਵਿਲੱਖਣ ਵਿਸ਼ੇਸ਼ਤਾਵਾਂ ਅਤੇ ਮਹਾਨ ਗੌਰਵ ਸਦਕਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਅਤੇ ਦੁਨੀਆਂ ਭਰ ਦੇ ਅਧਿਆਤਮਿਕ ਸਾਹਿਤ ਦਾ ਮਾਰਗ ਦਰਸ਼ਨ ਵੀ ਕਰ ਰਿਹਾ ਹੈ।

ਗੁਰਮਤਿ ਸਾਹਿਤ ਦਾ ਆਰੰਭ ਗੁਰੂ ਨਾਨਕ ਬਾਣੀ ਤੋਂ ਹੁੰਦਾ ਹੈ। ਇਸ ਲਈ ਗੁਰਮਤਿ ਸਾਹਿਤ ਸਿਧਾਂਤ ਤੇ ਦਰਸ਼ਨ ਦਾ ਆਧਾਰ ਗੁਰੂ ਨਾਨਕ ਚਿੰਤਨ ਅਤੇ ਜੀਵਨ ਦਰਸ਼ਨ ਹੈ, ਜਿਸ ਨੂੰ ਬਾਅਦ ਵਿਚ ਦੂਸਰੇ ਗੁਰੂ ਸਾਹਿਬਾਨਾਂ ਅਤੇ ਸਮਕਾਲੀ ਧਰਮ ਪ੍ਰਵਰਤਕਾਂ ਨੇ ਅੱਗੇ ਵਧਾਇਆ। ਗੁਰਮਤਿ ਸਾਹਿਤ ਨੂੰ ਸਿਖਰ ਤੱਕ ਪਹੁੰਚਾਉਣ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਹਿਮ ਯੋਗਦਾਨ ਹੈ। ਗੁਰੂ ਅਰਜਨ ਦੇਵ ਜੀ ਦੀ ਸੰਪਾਦਕੀ ਯੋਗਤਾ ਅਤੇ ਸਿਰਜਣਾਤਮਿਕ ਪ੍ਰਤਿਭਾ ਸਦਕਾ ਹੀ ਪੰਜਾਬੀ ਸਾਹਿਤ ਜਗਤ ਨੂੰ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਾਪਤੀ ਹੋਈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਮਹਾਨ ਸੁਹਜ ਭਰਪੂਰ ਸਾਹਿਤ ਸਿਰਜਣਾ ਕੀਤੀ। ਇਸ ਪ੍ਰਕਾਰ ਇਹ ਸਾਹਿਤ ਸਿਰਜਣਾ ਗੁਰਮਤਿ ਸਾਹਿਤ ਦੇ ਅਨਮੋਲ ਖਜਾਨੇ ਨੂੰ ਹੋਰ ਵੀ ਭਰਪੂਰ ਬਣਾਉਂਦੀ ਹੈ।

ਗੁਰਮਤਿ ਕਾਵਿ ਵਿਚ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਸ਼ਰੋਮਣੀ ਵਿਆਖਿਆਕਾਰ ਮੰਨਿਆ ਜਾਂਦਾ ਹੈ। ਉਹਨਾਂ ਦੀ ਸਰਬ ਪੱਖੀ ਸਖ਼ਸ਼ੀਅਤ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵੱਧ ਬਾਣੀ ਗੁਰੂ ਅਰਜਨ ਦੇਵ ਜੀ ਦੀ ਦਰਜ ਹੈ। ਉਹਨਾਂ ਦੀ ਸਾਰੀ ਬਾਣੀ ਸੁਹਜਾਤਮਕ ਅਤੇ ਵਿਆਖਿਆਤਮਕ ਪੱਖ ਤੋਂ ਵਚਿੱਤਰ ਗੁਣਾਂ ਦੀ ਧਾਰਨੀ ਹੈ। ਆਪ ਦੀ ਬਾਣੀ ਵਿਚ ਉਚ-ਨੀਚ ਦੇ ਭੇਦ ਭਾਵ ਮਿਟਾ ਕੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਬਾਣੀ ਵਿਚ ਜੀਵ ਆਤਮਾ ਦੇ ਬਿਰਹੋਂ, ਬਿਰਹੋਂ ਦੇ ਕਾਰਨ, ਜੀਵਆਤਮਾ ਦੀ ਤੜਪ, ਮਿਲਾਪ ਦੇ ਸਾਧਨ, ਸਾਧਨਾਂ ਨੂੰ ਅਪਣਾਉਣ ਦੇ ਨਿਯਮ, ਮਿਲਾਪ ਦੇ ਅਨੁਭਵ ਦਾ ਵਿਸਤ੍ਰਿਤ ਵਰਣਨ ਕੀਤਾ ਹੈ। ਸਮੁੱਚੀ ਗੁਰਬਾਣੀ ਵਿਚ ਪਰਮਾਤਮਾ ਤੱਕ ਪਹੁੰਚਣ ਦੀ ਤ੍ਰਿਸ਼ਨਾ ਜੀਵ ਆਤਮਾ ਵਿਚ ਬਿਹਬਲ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਵਸਲ ਦਾ ਰਾਹ ਨਾਮ ਸਿਮਰਨ ਨੂੰ ਦੱਸਿਆ ਹੈ ਜਿਸ ਉੱਤੇ ਚੱਲ ਕੇ ਉਹ ਪ੍ਰਭੂ ਪਤੀ ਦੀ ਪ੍ਰਾਪਤੀ ਕਰਦੀ ਹੈ। ਸਮੁੱਚੇ ਤੌਰ ’ਤੇ ਵੇਖਿਆ ਜਾਵੇ ਤਾਂ ਗੁਰੂ ਅਰਜਨ ਬਾਣੀ ਇਕ ਜੀਵਨ ਜਾਚ ਹੈ, ਜਿਹੜੀ ਸਿਮਰਨ ਰੂਪੀ ਕਿਰਿਆ ਦੁਆਰਾ ਸੰਚਾਰਿਤ ਹੁੰਦੀ ਹੈ।

ਗੁਰੂ ਅਰਜਨ ਦੇਵ ਜੀ ਇਕ ਵੱਖਰੀ ਅਤੇ ਵਿਲੱਖਣ ਸੁਹਜ ਚੇਤਨਾ ਵਾਲੇ ਕਵੀ ਹਨ। ਉਹਨਾਂ ਦਾ ਅਨੁਭਵ ਬਹੁ-ਆਧਾਰੀ, ਬਹੁ-ਦਿਸ਼ਾਵੀ ਅਤੇ ਵਿਸ਼ਾਲ ਹੈ। ਸੁਹਜ ਵਲ ਆਕਰਸ਼ਿਤ ਹੋਣਾ ਅਤੇ ਉਸ ਵਿਚ ਰੁਚੀ ਲੈਣਾ ਮਨੁੱਖੀ ਮਨੋਭਾਵਾਂ ਦੀ ਸੁਭਾਵਕ ਵਿਸ਼ੇਸ਼ਤਾ ਹੈ। ਕਿਸੇ ਵਸਤੂ ਦਾ ਰੂਪ, ਗੁਣ, ਰੰਗ, ਆਕ੍ਰਿਤੀ ਵਿਸ਼ੇਸ਼ਤਾ ਆਦਿ ਉਸ ਨੂੰ ਵਿਸ਼ੇਸ਼ ਰੂਪ ਵਿਚ ਟੁੰਬਦੇ ਹਨ। ਅਜਿਹੀ ਸਥਿਤੀ ਵਿਚ ਉਸਦੀਆਂ ਮਨੋਸ਼ਕਤੀਆਂ ਵਸਤੂ ਦੇ ਰੂਪ ਵਿਚ ਇਕਸੁਰ ਹੋ ਕੇ ਮਾਨਵੀ ਸੁਭਾਅ ਨੂੰ ਸੁਹਜ ਵਲ ਰੁਚਿਤ ਅਤੇ ਗਤੀਸ਼ੀਲ ਕਰਦੀਆਂ ਹਨ। ਸੋ ਇਹ ਸਪੱਸ਼ਟ ਹੈ ਕਿ ਪ੍ਰਕਿਰਤੀ ਅਤੇ ਭੌਤਿਕ ਵਰਤਾਰਿਆਂ ਦੀ ਸਥੂਲ ਹੋਂਦ ਦਾ ਸੁਹਜਾਤਮਕ ਰੁਪਾਂਤਰਣ ਕਰਨ ਦੀ ਸਮਰੱਥਾ ਕੇਵਲ ਮਨੁੱਖ ਵਿਚ ਹੀ ਹੈ। ਇਸ ਲਈ ਮਨੁੱਖ ਦੀ ਚੇਤਨ ਹੋਂਦ ਹੀ ਸੁਹਜਾਤਮਕ ਸਿਰਜਣਾ ਦਾ ਬੁਨਿਆਦੀ ਆਧਾਰ ਹੈ। ਗੁਰੂ ਅਰਜਨ ਬਾਣੀ ਵਿਚਲਾ ਚਿੰਤਨ ਤੇ ਸੁਹਜ ਜ਼ਿੰਦਗੀ ਦੇ ਵਿਆਪਕ ਪਸਾਰਾਂ ਨਾਲ ਆਪਣਾ ਸਰੋਕਾਰ ਸਥਾਪਤ ਕਰਦਾ ਹੋਇਆ ਕਲਾ ਦਾ ਉਤਕ੍ਰਿਸ਼ਟ ਮਾਡਲ ਸਿਰਜਦਾ ਹੈ ਜਿਹੜਾ ਮਨੁੱਖ ਦੀ ਭੌਤਿਕ ਤੇ ਆਤਮਿਕ ਸੰਪੂਰਨਤਾ ਦਾ ਮਾਰਗ ਦਰਸ਼ਨ ਕਰਦਾ ਹੈ।

ਮੈਂ ਆਪਣੇ ਖੋਜ-ਪ੍ਰਬੰਧ ਦਾ ਵਿਸ਼ਾ **ਗੁਰੂ ਅਰਜਨ ਦੇਵ ਬਾਣੀ ਦਾ ਸੁਹਜ ਸ਼ਾਸਤਰੀ ਅਧਿਐਨ (ਬਾਰਹਮਾਹ, ਰੁਤੀ, ਥਿਤੀ, ਬਾਵਨ ਅਖਰੀ ਅਤੇ ਸੁਖਮਨੀ ਦੇ ਪ੍ਰਸੰਗ ਵਿਚ)** ਚੁਣਿਆ ਹੈ ਜਿਸ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰਸਤੁਤ ਸੁਹਜ-ਸ਼ਾਸਤਰੀ ਸੰਕਲਪ ਅਤੇ ਪਸਾਰਾ ਨੂੰ ਉੱਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪੰਜਾਬੀ ਸਾਹਿਤ ਵਿਚ ਮੇਰਾ ਇਹ ਖੋਜ ਪ੍ਰਬੰਧ ਇਕ ਨਿਗੂਣਾ ਜਿਹਾ ਯਤਨ ਹੈ, ਪਰ ਖੁਸ਼ੀ ਇਸ ਗੱਲ ਦੀ ਹੈ ਕਿ ਮੈਨੂੰ ਇਹ ਖੋਜ-ਕਾਰਜ ਕਰਨ ਦਾ ਮੌਕਾ ਮਿਲਿਆ। ਸ਼ੁਰੂ ਤੋਂ ਮੇਰੀ ਦਿਲਚਸਪੀ ਗੁਰਮਤਿ ਕਾਵਿ ਵਿਚ ਵਧੇਰੇ ਰਹੀ ਹੈ। ਇਸ ਤੋਂ ਇਲਾਵਾ ਸੁਹਜ-ਸ਼ਾਸਤਰ ਨੂੰ ਅਕੱਥ ਖੇਤਰ ਦਾ ਵਿਸ਼ਾ ਮੰਨਿਆ ਜਾਂਦਾ ਹੈ। ਮੇਰੇ ਵਿਚਾਰ ਅਨੁਸਾਰ ਅਜਿਹਾ ਖੇਤਰ ਸਦੈਵ-ਨਵੀਨ ਸੰਭਾਵਨਾਵਾਂ ਦਾ ਧਾਰਨੀ ਰਹਿੰਦਾ ਹੈ। ਮੇਰਾ ਇਹ ਖੋਜ ਕਾਰਜ ਇਹਨਾਂ ਨਵੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਦੀ ਕੋਸ਼ਿਸ਼ ਮਾਤਰ ਹੈ। ਸੁਹਜ-ਸ਼ਾਸਤਰ ਦੇ ਖੇਤਰ ਵਿਚ ਪਹਿਲਾਂ ਵੀ ਖੋਜ ਕਾਰਜ ਹੋਇਆ ਹੈ ਅਤੇ ਨਿਰੰਤਰ ਜਾਰੀ ਹੈ। ਸਾਰੀ ਗੁਰੂ ਅਰਜਨ ਬਾਣੀ ਸੌਂਦਰਯ ਦੇ ਹਵਾਲਿਆਂ, ਚਿੱਤਰਾਂ ਤੇ ਦ੍ਰਿਸ਼ਾਂ ਨਾਲ ਓਤ ਪੋਤ ਹੋਈ ਪਈ ਹੈ। ਇਨ੍ਹਾਂ ਦਾ ਉਦਾਹਰਣਾਂ ਸਹਿਤ ਅਤੇ ਵੇਰਵੇ ਸਹਿਤ ਵਰਣਨ ਕਰਕੇ ਮੁਲੰਕਿਤ ਕਰਨ ਦਾ ਮੈਂ ਇਕ ਯਤਨ ਕੀਤਾ ਹੈ।

ਹੱਥਲੇ ਖੋਜ ਕਾਰਜ ਵਿਚ ਗੁਰੂ ਅਰਜਨ ਬਾਣੀ ਦੇ ਸੁਹਜ-ਸ਼ਾਸਤਰ ਸੰਬੰਧੀ ਵੱਖ-ਵੱਖ ਪਹਿਲੂਆਂ ਨੂੰ ਵਿਚਾਰਦਿਆਂ ਹੋਇਆਂ ਖੋਜ ਵਿਸ਼ੇ ਨੂੰ ਸੱਤ ਅਧਿਆਵਾਂ ਵਿਚ ਵੰਡਿਆ ਹੈ। ਇਸ ਖੋਜ ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੇ ਜੀਵਨ, ਸਖ਼ਸ਼ੀਅਤ, ਸ਼ਹਾਦਤ, ਰਚਨਾ ਸੰਸਾਰ ਅਤੇ ਇਤਿਹਾਸਕ ਸਮਾਜਕ ਪ੍ਰਸਥਿਤੀਆਂ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਉੱਘਾੜਨ ਦਾ ਯਤਨ ਕੀਤਾ ਜਾਵੇਗਾ। ਗੁਰੂ ਅਰਜਨ ਸਾਹਿਬ ਪ੍ਰਥਮ ਸਿੱਖ ਗੁਰੂ ਹਨ, ਜਿਨ੍ਹਾਂ ਦਾ ਅਨੁਭਵ ਤੇ ਦ੍ਰਿਸ਼ਟੀ ਦਾ ਪੱਧਰ ਅਤਿ ਉਚੇਰਾ ਹੁੰਦੇ ਹੋਏ ਵੀ ਲੌਕਿਕ ਪੱਧਰ ਉੱਤੇ ਨਿਰਮਲਤਾ ਤੇ ਪ੍ਰੇਰਣਾਦਾਇਕਤਾ ਦਾ ਪ੍ਰਭਾਵ ਪਾਉਣ ਦੇ ਸਰਬ ਸਮਰੱਥ ਹੈ।

ਦੂਸਰੇ ਅਧਿਆਇ ਵਿਚ ਅਸੀਂ ਸੁਹਜ-ਸ਼ਾਸਤਰ ਦੇ ਸਿਧਾਂਤਕ ਪਰਿਪੇਖ ਉੱਤੇ ਹੀ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰਾਂਗੇ ਅਤੇ ਨਾਲ ਹੀ ਪੱਛਮੀ ਤੇ ਭਾਰਤੀ ਸੁਹਜ ਪ੍ਰਣਾਲੀਆਂ ਸੰਬੰਧੀ ਹੋਈ ਖੋਜ ਤੇ ਭਾਰਤੀ ਪਰੰਪਰਾ ਵਿਚ ਦੈਵੀ ਜਾਂ ਉਦਾਤੀ ਦ੍ਰਿਸ਼ਟੀਕੋਣ ਦੀ ਪ੍ਰਾਪਤੀ ਤੇ ਪ੍ਰਯੋਗ ਦਾ ਉਲੇਖ ਕੀਤਾ ਜਾਵੇਗਾ। ਸਾਹਿਤ ਦੇ ਵਿਚਾਰਧਾਰਕ ਅਤੇ ਸੁਹਜਾਤਮਕ ਪ੍ਰਕਾਰਜ ਨੂੰ ਸਮਝਦੇ ਹੋਏ

ਮੱਧਕਾਲੀਨ ਸਾਹਿਤ ਵਿਚ ਸੁਹਜ-ਸ਼ਾਸਤਰ ਦੇ ਮਹੱਤਵ ਅਤੇ ਸੁਹਜ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਦੀਆਂ ਸਾਂਝਾਂ ਅਤੇ ਨਿਖੇੜੇ ਨੂੰ ਸਪੱਸ਼ਟ ਕੀਤਾ ਜਾਵੇਗਾ। ਇਥੇ ਸੁਹਜ-ਸ਼ਾਸਤਰ ਨੂੰ ਪਰਿਭਾਸ਼ਿਤ ਕਰਨ ਦੇ ਨਾਲ-ਨਾਲ ਇਸ ਦੇ ਹੋਰ ਸੰਕਲਪਾਤਮਿਕ ਪਹਿਲੂਆਂ ਤੇ ਚਰਚਾ ਕੀਤੀ ਜਾਵੇਗੀ। ਇਸ ਦੇ ਨਾਲ ਹੀ ਕਾਵਿਕਤਾ ਅਤੇ ਸੁਹਜਾਤਮਿਕਤਾ ਦੇ ਪਰਸਪਰ ਰਿਸ਼ਤੇ ਨੂੰ ਸਮਝਣ ਦਾ ਯਤਨ ਵੀ ਕੀਤਾ ਜਾਵੇਗਾ।

ਤੀਸਰੇ ਅਧਿਆਇ ਗੁਰੂ ਅਰਜਨ ਦੇਵ ਰਚਿਤ ਬਾਰਹ ਮਾਹਾ ਦੇ ਸੁਹਜ-ਸ਼ਾਸਤਰੀ ਅਧਿਐਨ ਰਾਹੀਂ ਬਾਰਹ ਮਾਹਾ ਵਿਚ ਜਿਨ੍ਹਾਂ ਕਾਵਿ ਜੁਗਤਾਂ ਦੀ ਵਰਤੋਂ ਨਾਲ ਸੁਹਜ ਸਿਰਜਣਾ ਹੋਈ ਹੈ ਜਾਂ ਜਿਨ੍ਹਾਂ ਜੁਗਤਾਂ ਨੇ ਸੌਂਦਰਯ ਸਿਰਜਣ ਵਿਚ ਸਹਾਇਕ ਭੂਮਿਕਾ ਨਿਭਾਈ ਹੈ, ਉਨ੍ਹਾਂ ਸਾਰਿਆਂ ਦਾ ਵੇਰਵਾ ਤੇ ਉਦਾਹਰਣਾਂ ਸਹਿਤ ਇਤਿਹਾਸਕ ਤੇ ਮਿਥਿਹਾਸਕ ਪਿਛੋਕੜ ਚਿੱਤਰ ਕੇ ਸੁਹਜ ਲੱਭਣ ਦਾ ਯਤਨ ਹੈ। ਬਾਰਹ ਮਾਹਾ ਦੀ ਰਚਨਾ ਗੁਰੂ ਅਰਜਨ ਦੇਵ ਜੀ ਦੁਆਰਾ ਰਚੀ ਆਦਿ ਗ੍ਰੰਥ ਵਿਚ ਅੰਗ 133 ਤੋਂ 136 ’ਤੇ ਅੰਕਿਤ ਇਕ ਪ੍ਰਸਿੱਧ, ਪ੍ਰਤੀਨਿਧ ਅਤੇ ਪ੍ਰਮਾਣਿਕ ਕਾਵਿ ਸੁਕ੍ਰਿਤੀ ਹੈ। ਉਹਨਾਂ ਨੇ ਇਹ ਰਚਨਾ ਮਾਂਝ ਰਾਗ ਵਿਚ ਰਚੀ ਜੋ ਦਰਦ ਅਤੇ ਵੇਦਨਾ ਦਾ ਰਾਗ ਹੈ। ਇਸ ਵਿਚ ਸੁਹਜ ਵਿਵੇਚਨ ਨੂੰ ਵਿਸ਼ੇਸ਼ ਸੰਦਰਭ ਵਿਚ ਰੱਖ ਕੇ ਬਹੁ-ਦਿਸ਼ਾਵੀ ਅਤੇ ਬਹੁ-ਪੱਖੀ ਪਰਖ ਪੜਚੋਲ ਕਰਨ ਦਾ ਯਤਨ ਆਰੰਭਿਆ ਜਾਵੇਗਾ ਹੈ।

ਗੁਰੂ ਅਰਜਨ ਦੇਵ ਬਾਣੀ ਤੇ ਵਿਸ਼ੇਸ਼ ਕਰਕੇ ਰੁਤੀ ਅਤੇ ਥਿਤੀ ਬਾਣੀਆਂ ਸੁਹਜ ਜੁਗਤਾਂ ਨਾਲ ਭਰਪੂਰ ਬਾਣੀਆਂ ਹਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਕ੍ਰਮਵਾਰ ਅੰਗ 927 ਤੋਂ 929 ਤੱਕ ਅਤੇ 296 ਤੋਂ 300 ਤੱਕ ਰਾਗ ਰਾਮਕਲੀ ਅਤੇ ਗਉੜੀ ਵਿਚ ਦਰਜ ਹਨ। ਕਵਿਤਾ ਦੀਆਂ ਮੂਲ ਜੁਗਤਾਂ ਹੀ ਆਪਣੀ ਭੂਮਿਕਾ ਨਿਭਾਉਂਦੀਆਂ, ਸ਼ਾਬਦਿਕ ਸਹਿਯੋਗ ਨਾਲ ਸੁਹਜ ਜੁਗਤਾਂ ਹੋ ਨਿਬੜਦੀਆਂ ਹਨ। ਕਵਿਤਾ ਦਾ ਆਪਣਾ ਸੁਹਜ ਹੈ ਤੇ ਸ਼ਬਦਾਂ ਦਾ ਆਪਣਾ। ਛੰਦ, ਅਲੰਕਾਰ, ਬਿੰਬ, ਪ੍ਰਤੀਕ, ਰਸ-ਰਾਗ, ਸੰਗੀਤ ਤੇ ਲੈਅ, ਇਹ ਸਾਰੀਆਂ ਕਾਵਿ-ਜੁਗਤਾਂ ਸਿੱਧੇ ਜਾਂ ਅਸਿੱਧੇ, ਭੇਦ ਜਾਂ ਅਭੇਦ ਰੂਪ ਵਿਚ ਸੁਹਜ ਉਪਜਾਉਣ ਦੀ ਦਿਸ਼ਾ ਵਲ ਹੀ ਯਾਤਰਾ ਕਰਦੀਆਂ ਹਨ। ਇਹ ਸਾਰੀਆਂ ਜੁਗਤਾਂ ਕਵਿਤਾ ਜਾਂ ਗੁਰਬਾਣੀ ਦੀਆਂ ਆਂਤਰਿਕ ਤੇ ਬਾਹਰੀ ਸੰਵੇਦਨਾਵਾਂ ਅਤੇ ਅਰਥ ਸੰਸਾਰ ਨੂੰ ਉਜਾਗਰ ਕਰਨ ਲਈ ਸੰਦ ਦਾ ਕੰਮ ਕਰਦੀਆਂ ਹਨ। ਇਨ੍ਹਾਂ ਜੁਗਤਾਂ ਦਾ ਅਸੀਂ ਕ੍ਰਮਵਾਰ ਚੌਥੇ ਅਤੇ ਪੰਜਵੇਂ ਅਧਿਆਇ ਵਿਚ

ਸੰਕੇਤਕ ਹਵਾਲਿਆਂ ਨਾਲ ਨਿਰੂਪਣ ਕਰਾਂਗੇ ਤੇ ਗੁਰੂ ਅਰਜਨ ਬਾਣੀ ਵਿਚ ਇਨ੍ਹਾਂ ਜੁਗਤਾਂ ਦੀ ਵਰਤੋਂ ਤੇ ਜੜ੍ਹਤ ਦੇ ਉਦਾਹਰਣ ਵੀ ਦਿਆਂਗੇ ਅਤੇ ਨਾਲ ਹੀ ਰੁਤੀ ਅਤੇ ਥਿਤੀ ਕਾਵਿ ਰੂਪ ਸੰਬੰਧੀ ਵਿਸਥਾਰ ਸਹਿਤ ਚਰਚਾ ਵੀ ਕੀਤੀ ਜਾਵੇਗੀ।

ਛੇਵਾਂ ਅਧਿਆਇ ਗੁਰੂ ਅਰਜਨ ਦੇਵ ਰਚਿਤ ਬਾਣੀ ਬਾਵਨ ਅਖਰੀ ਦੇ ਸੁਹਜ-ਸ਼ਾਸਤਰੀ ਅਧਿਐਨ ਨਾਲ ਸੰਬੰਧਿਤ ਹੈ। ਜੋ ਗੁਰੂ ਗ੍ਰੰਥ ਸਾਹਿਬ ਵਿਚ ਅੰਗ 250 ਤੋਂ ਅੰਗ 262 ਤੱਕ ਗਉੜੀ ਰਾਗ ਵਿਚ ਦਰਜ ਹੈ। ਇਸ ਵਿਚ ਇਹ ਦੇਖਣਾ ਨਿਹਿਤ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਬਾਣੀ ਬਾਵਨ ਅਖਰੀ ਦਾ ਸੁਹਜ ਵਿਧਾਨ ਉਸਾਰਨ ਹਿੱਤ ਕਾਵਿ-ਸੁਹਜ ਸਿਰਜਣਾ ਦੇ ਕਿਹੜੇ ਕਿਹੜੇ ਤੱਤਾਂ ਦੀ ਕਿਸ ਕਿਸ ਪ੍ਰਕਾਰ ਵਰਤੋਂ ਕੀਤੀ। ਇਹ ਅਧਿਆਇ ਗੁਰੂ ਸਾਹਿਬ ਦੇ ਕਾਵਿ-ਮੁਹਾਵਰੇ ਨੂੰ ਸਮੁੱਚੇ ਗੁਰਮਤਿ ਕਾਵਿ ਦੇ ਮੁਹਾਵਰੇ ਦੇ ਪ੍ਰਸੰਗ ਵਿਚ ਵੇਖਣ ਦਾ ਯਤਨ ਹੈ। ਇਸ ਵਿਚ ਇਹ ਜਾਣਨ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ ਕਿ ਗੁਰੂ ਸਾਹਿਬ ਦੀ ਸੁਹਜਗਤ ਵਿਸ਼ੇਸ਼ਤਾ ਅਤੇ ਵਿਲੱਖਣਤਾ ਕਿਵੇਂ ਉਜਾਗਰ ਹੁੰਦੀ ਹੈ ਅਤੇ ਨਾਲ ਹੀ ਬਾਵਨ ਅਖਰੀ ਕਾਵਿ ਰੂਪ ਸੰਬੰਧੀ ਵਿਸਥਾਰ ਸਹਿਤ ਚਰਚਾ ਕੀਤੀ ਜਾਵੇਗੀ ਹੈ। ਇਸ ਚਰਚਾ ਵਿਚ ਉਹਨਾਂ ਕਾਵਿ ਰੂਪਾਂ ਨੂੰ ਵੀ ਵਿਚਾਰਿਆ ਜਾਵੇਗਾ, ਜੋ ਬਾਵਨ ਅਖਰੀ ਨਾਲ ਮੇਲ ਖਾਂਦੇ ਹਨ।

ਸੱਤਵੇਂ ਅਧਿਆਇ ਵਿਚ ਗੁਰੂ ਅਰਜਨ ਦੇਵ ਰਚਿਤ ਬਾਣੀ ਸੁਖਮਨੀ ਦਾ ਸੁਹਜ-ਸ਼ਾਸਤਰੀ ਅਧਿਐਨ ਦੇ ਅੰਤਰਗਤ ਸੁਖਮਨੀ ਸਾਹਿਬ ਦੇ ਸੁਹਜ ਵਿਧਾਨ ਦਾ ਅਧਿਐਨ ਕਰਨ ਦਾ ਯਤਨ ਕੀਤਾ ਜਾਵੇਗਾ ਹੈ। ਗੁਰੂ ਅਰਜਨ ਦੇਵ ਜੀ ਦੀ ਰਚਨਾ ਗਉੜੀ ਸੁਖਮਨੀ ਇਕ ਅਤਿਅੰਤ ਮਹੱਤਵਪੂਰਨ ਰਚਨਾ ਹੈ, ਜੋ ਸਮੁੱਚੇ ਗੁਰਮਤਿ ਦਰਸ਼ਨ ਅਤੇ ਗੁਰਮਤਿ ਕਾਵਿ ਆਦਰਸ਼ ਦੀ ਵਿਆਖਿਆ ਕਰਦੀ ਹੋਈ, ਅੰਗ 262 ਤੋਂ 296 ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਭ ਤੋਂ ਲੰਮੇਰੀ ਰਚਨਾ ਹੈ, ਜੋ ਕਿ ਇਕ ਨਿਸ਼ਚਿਤ ਪ੍ਰਬੰਧ ਵਿਚ ਬੱਝੀ ਹੋਈ, ਕਿਸੇ ਕਥਾ ਕਹਾਣੀ ਦੇ ਬਾਵਜੂਦ, ਵਿਚਾਰਾਂ ਦੀ ਲੜੀ ਬਣਾਈ ਰੱਖਣ ਅਤੇ ਨਿਸ਼ਚਿਤ ਪ੍ਰਭਾਵ ਸਿਰਜਣ ਵਾਲੀ ਕਮਾਲ ਦੀ ਕਲਾ ਕ੍ਰਿਤੀ ਹੈ। ਇਸ ਅਧਿਆਇ ਵਿਚ ਗੁਰੂ ਸਾਹਿਬ ਦੀ ਕਾਵਿ ਕਲਾ ਦੇ ਪ੍ਰਮੁੱਖ ਅੰਗ - ਸੰਗੀਤ, ਲੈਅ, ਛੰਦ, ਅਲੰਕਾਰ, ਪ੍ਰਤੀਕ, ਬਿੰਬ ਦਾ ਵਿਵਿਧ ਪੱਖੀ ਅਧਿਐਨ ਕਰਨ ਦਾ ਯਤਨ ਕੀਤਾ ਜਾਵੇਗਾ। ਸੁਖਮਨੀ ਸਾਹਿਬ ਵਿਚਲੇ ਕਾਵਿ ਕਲਾ ਦੇ ਪ੍ਰਮੁੱਖ ਅੰਗਾਂ ਦਾ ਬਿਓਰਾ ਬਣਾ ਕੇ ਉਹਨਾਂ ਦੇ ਲੱਛਣ ਵੀ ਦਰਸਾਏ ਜਾਣਗੇ

ਅਤੇ ਨਾਲ ਹੀ ਸੰਬੰਧਿਤ ਭਾਵਾਂ ਅਤੇ ਆਤਮਕ ਅਵਸਥਾਵਾਂ (ਜਿਨ੍ਹਾਂ ਦੇ ਉਹ ਪ੍ਰਤਿਨਿਧ ਹਨ) ਦੀ ਵਿਆਖਿਆ ਵੀ ਕੀਤੀ ਜਾਵੇਗੀ ਤਾਂ ਜੋ ਇਕ ਪਾਸੇ ਇਹਨਾਂ ਦਾ ਸੰਬਧ ਗੁਰੂ ਅਰਜਨ ਸਾਹਿਬ ਜੀ ਦੀ ਸੁਹਜ ਕਲਾ ਅਤੇ ਦੂਜੇ ਪਾਸੇ ਉਹਨਾਂ ਦੇ ਅਨੁਭਵ ਨਾਲ ਵੀ ਜੋੜਿਆ ਜਾ ਸਕੇ। ਇਸ ਤਰ੍ਹਾਂ ਗੁਰੂ ਅਰਜਨ ਸਾਹਿਬ ਦੀ ਇਸ ਬਾਣੀ ਦੇ ਹਰ ਪੱਖ ਦੀ ਪੰਜਾਬੀ ਪਾਠਕਾਂ ਅਤੇ ਵਿਦਵਾਨਾਂ ਨਾਲ ਇਕ ਸਾਂਝ ਪੁਆਈ ਜਾ ਸਕੇਗੀ।

ਅੰਤ ਵਿਚ ਸਮੁੱਚੇ ਅਧਿਐਨ-ਵਿਸ਼ਲੇਸ਼ਣ ਦੇ ਨਿਚੋੜ ਨੂੰ ਸਾਰ ਅਤੇ ਸਥਾਪਨਾਵਾਂ ਦੇ ਸਿਰਲੇਖ ਅਧੀਨ ਨਿਸ਼ਕਰਸ਼ ਰੂਪ ਵਿਚ ਪੇਸ਼ ਕੀਤਾ ਜਾਵੇਗਾ। ਇਸ ਮਗਰੋਂ ਸਹਾਇਕ ਪੁਸਤਕ ਸੂਚੀ ਨੂੰ ਵਿਗਿਆਨਕ ਵਿਧੀ ਅਨੁਸਾਰ ਪੇਸ਼ ਕੀਤਾ ਜਾਵੇਗਾ, ਜਿਸ ਵਿਚ ਖੋਜ ਪੁਸਤਕਾਂ, ਪੱਤਰ ਪਤ੍ਰਿਕਾਵਾਂ ਅਤੇ ਸ਼ਬਦ ਕੋਸ਼ਾਂ ਦੀ ਸੂਚੀ ਨੂੰ ਅੱਖਰ ਕ੍ਰਮ ਅਨੁਸਾਰ ਪੇਸ਼ ਕੀਤਾ ਜਾਵੇਗਾ।

ਇਸ ਖੋਜ ਕਾਰਜ ਲਈ ਸਭ ਤੋਂ ਪਹਿਲਾਂ ਮੈਂ ਧੰਨਵਾਦੀ ਹਾਂ ਉਸ ਪਰਮਾਤਮਾ ਦੀ, ਜਿਸਨੇ ਮੈਨੂੰ ਇਹ ਖੋਜ-ਕਾਰਜ ਇਕਾਗਰਤਾ ਸਹਿਤ ਨੇਪਰੇ ਚੜ੍ਹਾਉਣ ਦੀ ਸਮਰੱਥਾ ਬਖਸ਼ੀ।

ਧੰਨਵਾਦ ਦੇ ਦੋ ਰਸਮੀ ਸ਼ਬਦ ਕਹਿ ਕੇ ਮੈਂ ਆਪਣੇ ਪ੍ਰਬੁੱਧ ਨਿਗਰਾਨ ਡਾ. ਯੋਗਰਾਜ ਜੀ ਦੀ ਦੇਣ ਤੋਂ ਰਿਣ ਮੁਕਤ ਨਹੀਂ ਹੋ ਸਕਦੀ, ਜਿਨ੍ਹਾਂ ਨੇ ਹਰ ਕਦਮ ’ਤੇ ਮੇਰੇ ਖੋਜ ਕਾਰਜ ਵਿਚ ਰੁਚੀ ਲੈ ਕੇ ਮੈਨੂੰ ਵਿਵੇਕੀ ਤੇ ਵਿਦਵਤਾ ਭਰਪੂਰ ਅਗਵਾਈ ਅਤੇ ਵਿਚਾਰਧਾਰਕ ਸੇਧਾਂ ਪ੍ਰਦਾਨ ਕਰਦਿਆਂ ਸਦਾ ਮੇਰਾ ਮਾਰਗ ਰੋਸ਼ਨ ਕੀਤਾ ਹੈ। ਉਨ੍ਹਾਂ ਦੀ ਵਿਦਵਤਾ, ਪ੍ਰਸਤੁਤ ਵਿਸ਼ੇ ਸੰਬੰਧੀ ਉਹਨਾਂ ਦੀ ਗੰਭੀਰ ਜਾਣਕਾਰੀ ਅਤੇ ਸੁਹਿਰਦਤਾ ਸਦਾ ਹੀ ਮੇਰੀ ਲੇਖਣੀ ਨੂੰ ਸੰਵਾਰਦੇ ਰਹੇ ਹਨ, ਜਿਸ ਦੇ ਅਭਾਵ ਵਿਚ ਇਸ ਖੋਜ ਪ੍ਰਬੰਧ ਦਾ ਲਿਖਿਆ ਜਾਣਾ ਸੰਭਵ ਨਹੀਂ ਸੀ। ਉਨ੍ਹਾਂ ਨੇ ਵਿਸ਼ੇ ਨਾਲ ਸੰਬੰਧਿਤ ਮੇਰੀ ਕੇਵਲ ਅਗਵਾਈ ਹੀ ਨਹੀਂ ਕੀਤੀ ਸਗੋਂ ਉਹ ਆਪਣੀ ਨਿੱਜੀ ਲਾਇਬ੍ਰੇਰੀ ਵਿਚੋਂ ਲੋੜੀਂਦੀ ਸਮੱਗਰੀ ਵੀ ਪ੍ਰਦਾਨ ਕਰਦੇ ਰਹੇ ਹਨ।

ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਮੁਖੀ ਮੈਡਮ ਡਾ. ਜਸਪਾਲ ਕੌਰ ਕਾਂਗ ਹੁਰਾਂ ਦਾ ਬਹੁਤ-ਬਹੁਤ ਧੰਨਵਾਦ ਜਿਹਨਾਂ ਦੇ ਸਹਿਯੋਗ ਤੋਂ ਬਿਨਾਂ ਇਹ ਅਧਿਐਨ ਖੋਜ ਪ੍ਰਬੰਧ ਦੇ ਰੂਪ ਵਿਚ ਪੇਸ਼ ਹੋਣਾ ਅਸੰਭਵ ਸੀ। ਵਿਭਾਗ ਦੇ ਕਰਮਚਾਰੀਆਂ ਅਤੇ ਸਮੂਹ

ਵਿਦਿਆਰਥੀਆਂ ਦੀ ਵੀ ਪੂਰਨ ਸਹਿਯੋਗ ਅਤੇ ਸੇਧ ਪ੍ਰਦਾਨ ਕਰਨ ਲਈ ਮੈਂ ਦਿਲੋਂ ਰਿਣੀ ਹਾਂ। ਸਾਰੇ ਵਿਦਵਾਨ ਡਾ. ਗੁਰਪਾਲ ਸੰਧੂ (ਈਵਨਿੰਗ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ), ਡਾ. ਗੁਰਪ੍ਰੀਤ ਕੌਰ (ਈਵਨਿੰਗ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ), ਡਾ. ਭੁਪਿੰਦਰ ਕੌਰ (ਈਵਨਿੰਗ ਸਟੱਡੀਜ਼ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ), ਡਾ. ਸ਼ੀਨਾ ਪਾਲ (ਪੱਤਰ ਵਿਹਾਰ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ), ਡਾ. ਸਤੀਸ਼ ਕੁਮਾਰ ਵਰਮਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਅਤੇ ਡਾ. ਸੁਖਵਿੰਦਰ ਸਿੰਘ ਵਿਰਕ (ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ) ਵੀ ਮੇਰੇ ਧੰਨਵਾਦ ਦੇ ਪਾਤਰ ਹਨ। ਜਿਨ੍ਹਾਂ ਪਾਸੋਂ ਮੈਨੂੰ ਨਿਰੰਤਰ ਪ੍ਰੇਰਣਾ, ਉਤਸ਼ਾਹ ਅਤੇ ਸੁਯੋਗ ਅਗਵਾਈ ਮਿਲੀ।

ਮੈਂ ਆਪਣੀ ਪੂਰਣ ਸੁਹਿਰਦਤਾ ਨਾਲ ਆਪਣੀ ਪੂਰੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਆਪਣੀ ਸੰਸਥਾ ਦੇ ਮੁਖੀ ਪ੍ਰਿੰ. ਡਾ. ਜਨਮੀਤ ਸਿੰਘ ਪ੍ਰਤੀ ਕਰਨਾ ਅਤਿ ਜ਼ਰੂਰੀ ਸਮਝਦੀ ਹਾਂ ਜਿਨ੍ਹਾਂ ਨੇ ਹਰ ਕਦਮ ਤੇ ਮੇਰੀ ਸੁਯੋਗ ਅਗਵਾਈ ਕੀਤੀ। ਮੇਰੀਆਂ ਖਾਮੀਆਂ ਨੂੰ ਬੜੇ ਪਿਆਰ ਸਹਿਤ ਦੂਰ ਕਰਨ ਦੇ ਬੜੇ ਉਸਾਰੂ ਤੇ ਉਪਯੋਗੀ ਸੁਝਾਅ ਹੀ ਨਹੀਂ ਦਿੱਤੇ ਸਗੋਂ ਪ੍ਰੇਰਣਾ ਅਤੇ ਸ਼ੁੱਭ ਇਛਾਵਾਂ ਦੇ ਕੇ ਅੱਗੇ ਵੱਧਣ ਵਿਚ ਸਾਥ ਵੀ ਦਿੱਤਾ। ਕਾਲਜ ਪ੍ਰਬੰਧਕ ਕਮੇਟੀ ਤੋਂ ਨਿਰੰਤਰ ਮਿਲਦੇ ਸਹਿਯੋਗ, ਸੁਖਾਵੇਂ ਅਕਾਦਮਿਕ ਮਾਹੌਲ ਅਤੇ ਆਪਣੇ ਸਹਿਯੋਗੀ ਅਧਿਆਪਕਾਂ ਤੋਂ ਕੰਮ ਕਰਨ ਦੀ ਮਿਲਦੀ ਹੱਲਾਸ਼ੇਰੀ ਲਈ ਵੀ ਮੈਂ ਉਹਨਾਂ ਦੀ ਤਹਿ ਦਿਲੋਂ ਧੰਨਵਾਦੀ ਹਾਂ।

ਮੈਂ ਆਪਣੇ ਵੱਡੇ ਵੀਰ ਸ. ਮਨਪ੍ਰੀਤ ਸਿੰਘ (ਪੰਜਾਬ ਯੂਨੀਵਰਸਿਟੀ ਰੀਜਨਲ ਸੈਂਟਰ, ਲੁਧਿਆਣਾ) ਦੀ ਰਿਣੀ ਹਾਂ ਜਿਨ੍ਹਾਂ ਮੇਰੀ ਕੇਵਲ ਪੁਸਤਕਾਂ ਮੁਹੱਈਆ ਕਰਾਉਣ ਵਿਚ ਹੀ ਮਦਦ ਨਹੀਂ ਕੀਤੀ ਸਗੋਂ ਸਮੇਂ ਸਮੇਂ ਤੇ ਮੈਨੂੰ ਇਸ ਕਾਰਜ ਵਲ ਨਿਰੰਤਰ ਪ੍ਰੇਰਣਾ ਅਤੇ ਸ਼ੁੱਭ ਇੱਛਾਵਾਂ ਦੇ ਕੇ ਅੱਗੇ ਵੱਧਣ ਵਿਚ ਸਹਿਯੋਗ ਵੀ ਦਿੱਤਾ। ਡਾ. ਰਵਿੰਦਰ ਸਿੰਘ (ਸੀਨੀਅਰ ਲੈਕਚਰਾਰ, ਗੌਰਮਿੰਟ ਸਕੂਲ, ਮਹਿਤਪੁਰ, ਜਲੰਧਰ) ਵੀ ਮੇਰੇ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਮੈਨੂੰ ਇਸ ਕਾਰਜ ਵੱਲ ਪ੍ਰੇਰਿਆ ਹੀ ਨਹੀਂ ਸਗੋਂ ਸਮੇਂ ਸਮੇਂ ਇਸ ਵਿਸ਼ੇ ਨਾਲ ਵਿਚਾਰ ਚਰਚਾ ਕਰਕੇ ਇਸ ਖੋਜ-ਕਾਰਜ ਨੂੰ ਹੋਰ ਪਕੇਰਾ ਬਣਾਉਣ ਵਿਚ ਮੇਰੀ ਪੂਰੀ ਤਨਦੇਹੀ ਨਾਲ ਮਦਦ ਕੀਤੀ।

ਆਪਣੇ ਕਾਰਜ ਦੌਰਾਨ ਜਿਹਨਾਂ ਲੇਖਕਾਂ ਦੀਆਂ ਪੁਸਤਕਾਂ ਅਤੇ ਜਿਹਨਾਂ ਸੰਸਥਾਵਾ ਦੀਆਂ ਲਾਇਬ੍ਰੇਰੀਆਂ ਤੋਂ ਸਿੱਧੇ-ਅਸਿੱਧੇ ਰੂਪ ਵੀ ਜੋ ਕੁਝ ਗ੍ਰਹਿਣ ਕੀਤਾ ਹੈ, ਉਸ ਦਾ ਸ਼ੁਕਰਾਨਾ ਸ਼ਬਦਾਂ ਵਿਚ ਨਹੀਂ ਕੀਤਾ ਜਾ ਸਕਦਾ।

ਮੈਂ ਆਪਣੇ ਅਤਿ ਅਜ਼ੀਜ਼ ਤੇ ਬੇਸ਼ ਕੀਮਤੀ ਦੋਸਤਾਂ ਦੀ ਸਦਾ ਰਿਣੀ ਰਹਾਂਗੀ, ਜਿਨ੍ਹਾਂ ਦੇ ਸਾਥ ਤੇ ਪ੍ਰੇਰਣਾ ਨੇ ਮੈਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਦਾ ਉਤਸ਼ਾਹ ਦਿੱਤਾ ਅਤੇ ਮੇਰੀਆਂ ਸੰਭਾਵਨਾਵਾਂ ਦੇ ਵਿਕਾਸ ਲਈ ਮੈਨੂੰ ਸੁਖਾਵਾਂ ਮਾਹੌਲ ਪ੍ਰਦਾਨ ਕੀਤਾ।

ਇਸ ਖੋਜ ਕਾਰਜ ਦੀ ਛਪਾਈ ਦਾ ਅਣਥੱਕ ਕਾਰਜ ਕਰਨ ਅਤੇ ਵਕਤ ਦੀਆਂ ਮਜ਼ਬੂਰੀਆਂ ਨੂੰ ਦਰਕਿਨਾਰ ਕਰਦੇ ਹੋਏ, ਇਸ ਨੂੰ ਕਲਾਤਮਕ ਰੂਪ ਪ੍ਰਦਾਨ ਕਰਨ ਦਾ ਸਿਹਰਾ ਸਃ ਜਗਤਾਰ ਸਿੰਘ ਦੇ ਸਿਰ ਬੱਝਦਾ ਹੈ। ਉਹਨਾਂ ਦਾ ਬਹੁਤ ਬਹੁਤ ਧੰਨਵਾਦ।

ਮੈਂ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਆਪਣੇ ਪਿਤਾ ਸ. ਜਸਬੀਰ ਸਿੰਘ ਜੀ ਦੀ ਅਤੇ ਮਾਤਾ ਸ੍ਰੀ ਮਤੀ ਬਲਬੀਰ ਕੌਰ ਜੀ ਦੀ ਜਿਨ੍ਹਾਂ ਦੇ ਅਣਥੱਕ ਯਤਨਾ, ਯੋਗ ਅਗਵਾਈ ਅਤੇ ਨਿੱਘੇ ਪਿਆਰ ਸਦਕਾ ਮੈਂ ਇਸ ਕਾਰਜ ਖੇਤਰ ਵਿਚ ਅੱਗੇ ਵਧਦੀ ਗਈ। ਮੇਰੇ ਕੋਲ ਆਪਣੇ ਦੋਵੇਂ ਛੋਟੇ ਵੀਰਾਂ ਸ. ਅੰਮ੍ਰਿਤਜੋਤ ਸਿੰਘ ਅਤੇ ਸ. ਅਰਵਿੰਦਰਪਾਲ ਸਿੰਘ ਦਾ ਸ਼ੁਕਰੀਆ ਅਦਾ ਕਰਨ ਲਈ ਸ਼ਬਦ ਬਹੁਤ ਥੋੜੇ ਹਨ ਕਿਉਂਕਿ ਉਹਨਾਂ ਦੀ ਅਣਥੱਕ ਮਿਹਨਤ, ਸਹਾਇਤਾ, ਪ੍ਰੇਰਣਾ ਅਤੇ ਪਿਆਰ ਤੋਂ ਬਿਨਾ ਸ਼ਾਇਦ ਮੈਂ ਇਹ ਮੁਕਾਮ ਹਾਸਿਲ ਕਰਨ ਵਿਚ ਕਦੇ ਵੀ ਕਾਮਯਾਬ ਨਾ ਹੁੰਦੀ। ਸੋ ਇਹ ਅਧਿਐਨ ਕਾਰਜ ਉਹਨਾਂ ਨੂੰ ਸਮਰਪਿਤ ਕਰਦਿਆਂ ਮੇਰੀ ਖੁਸ਼ੀ ਸ਼ਬਦਾਂ ਦੀ ਮੁਥਾਜ ਨਹੀਂ।

Jaskiran Kaur
(ਜਸਕਿਰਨ ਕੌਰ)

ਮਿਤੀ: 22/1/14

ਅਧਿਆਇ ਪਹਿਲਾ

*

*

*

# ਗੁਰੂ ਅਰਜਨ ਦੇਵ: ਜੀਵਨ, ਰਚਨਾ ਅਤੇ ਸ਼ਹਾਦਤ

(ੳ) ਗੁਰੂ ਅਰਜਨ ਦੇਵ : ਜੀਵਨ ਬਿਓਰਾ ਅਤੇ ਸਖ਼ਸ਼ੀਅਤ

(ਅ) ਗੁਰੂ ਅਰਜਨ ਦੇਵ : ਰਚਨਾ ਸੰਸਾਰ

(ੲ) ਗੁਰੂ ਅਰਜਨ ਦੇਵ : ਵਿਚਾਰਧਾਰਾ ਅਤੇ ਸ਼ਹਾਦਤ

# ਗੁਰੂ ਅਰਜਨ ਦੇਵ: ਜੀਵਨ, ਰਚਨਾ ਸੰਸਾਰ ਅਤੇ ਸ਼ਹਾਦਤ

## (ੳ) ਗੁਰੂ ਅਰਜਨ ਦੇਵ: ਜੀਵਨ ਬਿਓਰਾ ਅਤੇ ਸ਼ਖ਼ਸ਼ੀਅਤ

ਪੰਜਾਬੀ ਸਾਹਿਤ ਵਿਚ ਮੱਧਕਾਲ ਦੀ ਪ੍ਰਮੁੱਖ ਕਾਵਿ ਧਾਰਾ, ਗੁਰਮਤਿ ਕਾਵਿ ਧਾਰਾ ਦੀ ਵਿਸ਼ੇਸ਼ ਮਹਾਨਤਾ ਹੈ। ਗੁਰਮਤਿ ਕਾਵਿ ਪੰਜਾਬੀ ਸਾਹਿਤ ਦਾ ਵਿਲੱਖਣ ਅਤੇ ਅਲੌਕਿਕ ਕਾਵਿ ਹੈ। ਇਹ ਕਾਵਿ ਆਪਣੀ ਸ੍ਰੇਸ਼ਟਤਾ, ਉਤੱਮਤਾ ਅਤੇ ਵਿਲੱਖਣਤਾ ਕਾਰਨ ਹੀ ਇਕ ਵੱਖਰੀ ਸਾਹਿਤਕ ਧਾਰਾ ਵਾਂਗ ਉਗਮਿਆ ਅਤੇ ਵਿਗਸਿਆ ਹੈ। ਗੁਰੂ ਨਾਨਕ ਦੇਵ ਜੀ ਇਸ ਕਾਵਿ ਧਾਰਾ ਦੇ ਮੋਢੀ ਸਨ ਜਿਨ੍ਹਾਂ ਦੀ ਆਮਦ ਨਾਲ ਪੰਜਾਬ ਦੇ ਸਮਾਜਕ, ਸਾਹਿਤਕ ਅਤੇ ਸਭਿਆਚਾਰਕ ਇਤਿਹਾਸ ਵਿਚ ਇਕ ਨਵੇਂ ਯੁੱਗ ਦੀ ਆਮਦ ਹੁੰਦੀ ਹੈ। ਉਹਨਾਂ ਨੇ ਆਪਣੀ ਰਚਨਾ ਰਾਹੀਂ ਕਾਵਿ ਸਿਰਜਣ ਦੇ ਨਵੇਂ ਪ੍ਰਤੀਮਾਨ ਸਥਾਪਿਤ ਕੀਤੇ ਜਿਨ੍ਹਾਂ ਨੂੰ ਅੱਗੇ ਆਉਣ ਵਾਲੇ ਬਾਣੀਕਾਰਾਂ, ਸੰਤਾਂ, ਭਗਤਾਂ ਨੇ ਸਵੀਕਾਰ ਕਰਕੇ ਕਾਵਿ ਸਿਰਜਣਾ ਕੀਤੀ। ਜਿਸਦੇ ਫਲਸਰੂਪ ਗੁਰਮਤਿ ਕਾਵਿ ਧਾਰਾ ਮੱਧਕਾਲੀਨ ਪੰਜਾਬੀ ਸਾਹਿਤ ਦੀ ਅਤਿ ਮਹੱਤਵਪੂਰਣ, ਨਿਵੇਕਲੀ ਅਤੇ ਬਹੁ ਪਰਤੀ ਕਾਵਿ ਧਾਰਾ ਹੋ ਨਿਬੜੀ। ਇਸ ਕਾਵਿ ਧਾਰਾ ਅਧੀਨ ਪਹਿਲੀ ਵਾਰੀ ਸਾਹਿਤ, ਸਮਾਜ, ਧਰਮ ਅਤੇ ਆਮ ਜੀਵਨ ਚੇਤੰਨ ਤੌਰ ਤੇ ਇਕ ਦੂਜੇ ਦੇ ਪੂਰਕ ਬਣਦੇ ਹਨ । ਡਾ. ਯੋਗਰਾਜ ਗੁਰਮਤਿ ਕਾਵਿ ਧਾਰਾ ਦੀ ਮਨੁੱਖ ਅਤੇ ਸਮਾਜ ਪ੍ਰਤੀ ਪ੍ਰਭਾਵਸ਼ਾਲੀ ਚੇਤੰਨਤਾ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਹਿੰਦੇ ਹਨ:

> ਮੱਧਕਾਲੀਨ ਪੰਜਾਬੀ ਸਾਹਿਤ ਦੀ ਪ੍ਰਮੁੱਖ ਅਤੇ ਪ੍ਰਤਿਨਿਧ ਕਾਵਿ-ਧਾਰਾ, ਗੁਰਮਤਿ ਕਾਵਿ ਧਾਰਾ ਹੈ। ਇਹ ਕਾਵਿ ਮੁਗ਼ਲ ਸਾਮਰਾਜ ਦੇ ਅਤਿਆਚਾਰੀ ਸਰੂਪ ਅਤੇ ਬ੍ਰਾਹਮਣਵਾਦੀ ਕਰਮ ਕਾਂਡਾਂ, ਜਾਤਪਾਤੀ ਵਰਣ ਵਿਵਸਥਾ ਦਾ ਨਕਾਰਣ ਕਰਕੇ ਆਦਰਸ਼ਕ ਮਨੁੱਖ ਦਾ ਸੰਕਲਪ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਭਗਤੀ ਕਾਵਿ ਤੋਂ ਬਾਅਦ ਪੰਜਾਬੀ ਕਾਵਿ ਵਿਚ ਇਕ ਸਰਬ ਸਾਂਝੇ ਰੱਬ ਦਾ ਸੰਕਲਪ ਗੁਰਮਤਿ ਕਾਵਿ ਰਾਹੀਂ ਪ੍ਰਗਟ ਹੁੰਦਾ ਹੈ। ਸਰਬ ਸਾਂਝੇ ਰੱਬ ਦਾ ਇਹ ਸੰਕਲਪ ਸਮਾਜਕ ਕੇਂਦਰ ਵਿਚ ਬ੍ਰਾਹਮਣੀ ਸੰਸਕ੍ਰਿਤੀ ਦੀ ਵਰਣ ਵਿਵਸਥਾ ਅਤੇ ਸਮਾਜਕ ਅਸਮਾਨਤਾ ਦੇ ਵਿਰੋਧ ਵਿਚ ਸਮਾਜਕ ਸਮਾਨਤਾ ਦਾ ਸੰਕਲਪ ਪੇਸ਼ ਕਰਦੀ ਹੈ। ਸਾਰੇ ਪ੍ਰਾਣੀਆਂ ਵਿਚ ਇਕੋ ਸਰਬ-ਸਾਂਝੇ ਰੱਬ ਦੇ ਪ੍ਰਕਾਸ਼ ਦੇ ਵਿਚਾਰ ਰਾਹੀਂ ਇਹ ਕਾਵਿ ਧਾਰਾ

ਲੋਕ-ਮੁੱਖਤਾ ਨਾਲ ਆਪਣਾ ਸੰਬੰਧ ਜੋੜਦੀ ਹੈ। ਗੁਰਮਤਿ ਕਾਵਿ ਧਾਰਾ ਵਿਚਲਾ ਮਨੁੱਖੀ ਆਦਰਸ਼ ਆਪਣੇ ਦਾਰਸ਼ਨਿਕ ਸੁਭਾਅ ਵਜੋਂ ਵੀ ਮਿਥਿਆ, ਮਾਇਆ ਦੀ ਬਜਾਏ ਜੀਵਨ ਵਿਚ ਗੁਰਮਤਿ ਕਾਵਿ-ਧਾਰਾ ਲੋਕ ਚੇਤਨਾ ਦੇ ਪ੍ਰਗਟਾਵੇ ਦਾ ਚਿੰਨ੍ਹ ਬਣ ਜਾਂਦੀ ਹੈ।[1]

ਪੰਦਰਵੀਂ ਸਦੀ ਤੋਂ ਲੈ ਕੇ ਅਠਾਰਵੀਂ ਸਦੀ ਤੱਕ ਗੁਰਮਤਿ ਕਾਵਿ-ਧਾਰਾ ਮਨੁੱਖ ਵਿਰੋਧੀ ਕੀਮਤ-ਪ੍ਰਬੰਧ ਨੂੰ ਨਕਾਰਦੀ ਹੋਈ ਆਪਣਾ ਕਾਵਿ ਆਦਰਸ਼ ਪ੍ਰਗਟ ਕਰਦੀ ਹੈ। ਗੁਰੂ ਦੀ ਮਹੱਤਤਾ, ਸਦਾਚਾਰਕ ਗੁਣ ਗ੍ਰਹਿਣ ਕਰਨਾ, ਸਮਾਜਕ ਬੁਰਾਈਆਂ ਦੀ ਆਲੋਚਨਾ ਇਸ ਕਾਵਿ-ਧਾਰਾ ਦਾ ਕੇਂਦਰੀ ਆਧਾਰ ਰਿਹਾ ਹੈ।[2]

ਪਰੰਪਰਕ ਤੌਰ 'ਤੇ ਇਸ ਕਾਵਿ ਧਾਰਾ ਦੇ ਅੰਤਰਗਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਵਿਚ ਦਰਜ ਰਚਨਾ ਨੂੰ ਲਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਬਾਣੀ ਦੇ ਰਚਨਹਾਰ ਗੁਰੂ ਸਾਹਿਬਾਨ, ਸੰਤ, ਭਗਤ ਅਤੇ ਸੂਫ਼ੀ ਮੁੱਖ ਤੌਰ ਤੇ ਪ੍ਰਭਾਵਸ਼ਾਲੀ ਕਵੀ ਹਨ। ਇਹ ਗਿਆਨਵਾਨ ਵਿਅਕਤੀ ਦੈਵੀ ਗੁਣਾਂ ਨਾਲ ਵਰੋਸਾਏ ਹੋਏ ਹਨ। ਇਨ੍ਹਾਂ ਦੀਆਂ ਰਚਨਾਵਾਂ ਦਾ ਮੁੱਖ ਵਿਸ਼ਾ ਪਰਮਸਤ ਨੂੰ ਬਿਆਨ ਕਰਨਾ ਹੈ। ਇਸ ਪਰਮਸਤ ਦੀ ਪ੍ਰਾਪਤੀ ਮਾਨਵੀ ਜੀਵਨ ਦਾ ਅੰਤਿਮ ਲਕਸ਼ ਹੈ। ਇਸ ਲਕਸ਼ ਦੀ ਪ੍ਰਾਪਤੀ ਹਿੱਤ ਸਰਵੋਤਮ ਸਾਧਨ ਨਾਮ ਸਿਮਰਨ ਨੂੰ ਮੰਨਿਆ ਗਿਆ ਹੈ। ਇਸ ਪ੍ਰਭਾਵਸ਼ਾਲੀ ਨੁਕਤੇ ਨੂੰ ਸਮਝਣ ਉਪਰੰਤ ਅਸੀਂ ਗੁਰੂ ਅਰਜਨ ਦੇਵ ਜੀ ਵੱਲ ਆਉਂਦੇ ਹਾਂ। ਗੁਰੂ ਅਰਜਨ ਦੇਵ ਜੀ ਇਕ ਵੱਖਰੀ ਅਤੇ ਵਿਲੱਖਣ ਵਿਚਾਰਧਾਰਾ, ਕਾਵਿ ਯੋਗਤਾ ਅਤੇ ਸੁਹਜ ਚੇਤੰਨ ਵਾਲੇ ਕਵੀ ਹਨ।

ਉਪਰੋਕਤ ਵਿਚਾਰ ਦੀ ਪ੍ਰੋੜ੍ਹਤਾ ਡਾ. ਦਰਸ਼ਨ ਕੌਰ ਦਾ ਮਤ ਬਾਖ਼ੂਬੀ ਕਰ ਰਿਹਾ ਹੈ। ਉਹਨਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਸਮੁੱਚਾ ਜੀਵਨ ਅਨੁਭਵ ਉਨ੍ਹਾਂ ਦੀ ਬਾਣੀ ਵਿਚ ਕਾਵਿ-ਬਿੰਬਾਂ, ਪ੍ਰਤੀਕਾਂ, ਕਲਪਨਾ, ਸੰਗੀਤਾਮਕਤਾ, ਸ਼ਬਦ-ਚੋਣ ਤੇ ਰਸ ਆਦਿ ਦੀਆਂ ਕਾਵਿ-ਜੁਗਤਾਂ ਦੁਆਰਾ ਅਜਿਹੇ ਸਹਿਜ ਤੇ ਸੁਹਜ ਦਾ ਸੰਚਾਰ ਕਰਦਾ ਹੈ। ਜਿਹੜਾ ਹਰ ਵਿਅਕਤੀ ਦੀ ਆਤਮਕ ਤੇ ਸੁਹਜਾਤਮਕ ਤ੍ਰਿਪਤੀ ਕਰ ਸਕਣ ਦੇ ਸਮਰੱਥ ਹੋਇਆ ਹੈ। ਇਸ ਸੁਹਜਾਤਮਕ ਤੋਂ ਕਲਾਤਮਕ ਮਾਡਲ ਵਿਚਲੇ ਵਿਭਿੰਨ ਅੰਗ ਸਾਧਾਰਣ ਅਰਥਾਂ ਦੇ ਸੂਚਕ ਨਹੀਂ ਸਗੋਂ ਇਸ ਵਿਚ ਸ਼ਬਦ-ਚੇਤਨਾ, ਭਾਵ-ਚੇਤਨਾ, ਕਰਮ-ਚੇਤਨਾ, ਗਿਆਨ-ਚੇਤਨਾ ਅਤੇ ਭਗਤੀ ਚੇਤਨਾ ਇਕ ਦੂਜੇ ਨਾਲ ਅੰਤਰ

ਸੰਬੰਧਿਤ ਹੋ ਕੇ ਇਸ ਸੰਪੂਰਨ ਇਕਾਗਰ ਅਦਵੈਤ ਭਾਵਨਾ ਦੀ ਸਿਰਜਣਾ ਕਰਦੇ ਹਨ। ਇਹ ਸਿਰਜਣਾ ਸਾਂਝੀ ਸੰਸਕ੍ਰਿਤੀ ਵਿਚ ਸਰਵ ਸਾਂਝੀਵਾਲਤਾ ਨਾਲ ਸਮੂਹ ਨੂੰ ਆਪਣੇ ਵਿਚ ਅਭੇਦ ਕਰਨ ਦੀ ਸੰਭਾਵਨਾ ਰੱਖਦੀ ਹੈ। ਰੂਹਾਨੀ ਸੁਹਜ ਦਾ ਇਹ ਸਦੀਵੀ ਮਾਡਲ ਸਤਿਅੰ, ਸ਼ਿਵਮੰ ਤੇ ਸੁੰਦਰਮੰ ਦੇ ਭਾਵਾਂ ਵਿਚ ਓਤਪੋਤ ਹੋਇਆ ਭਗਤਾਂ ਦੇ ਹਿਰਦੇ ਵਿਚ ਪ੍ਰਭੂ ਦੇ ਅਮਰ ਕਰਨ ਵਾਲੇ ਤੇ ਸੁੱਖਦਾਈ ਨਾਮ ਨੂੰ ਦ੍ਰਿੜ ਕਰਵਾਉਂਦਾ ਹੈ।[3] ਡਾ. ਗੋਕਲ ਚੰਦ ਨਾਰੰਗ ਦੇ ਸ਼ਬਦਾਂ ਅਨੁਸਾਰ, ਉਨ੍ਹਾਂ ਵਿਚ ਇਕ ਜਨਮਜਾਤ ਕਵੀ, ਯਥਾਰਥਵਾਦੀ ਦਾਰਸ਼ਨਿਕ, ਸ਼ਕਤੀਸ਼ਾਲੀ ਸੰਗਠਨ ਕਰਤਾ ਅਤੇ ਮਹਾਨ ਨੀਤੀਵਾਨ ਦੇ ਸਾਰੇ ਗੁਣ ਮੌਜੂਦ ਸਨ।[4] ਇਸ ਪ੍ਰਕਾਰ ਗੁਰੂ ਅਰਜਨ ਦੇਵ ਜੀ ਦਾ ਭਾਰਤੀ ਧਰਮ ਸਾਧਨਾ ਦੇ ਇਤਿਹਾਸ ਵਿਚ ਲੀਕ ਤੋਂ ਹਟ ਕੇ ਯੋਗਦਾਨ ਦੇਣ ਵਾਲੇ ਸਾਧਕਾਂ ਵਿਚ ਵਿਸ਼ੇਸ਼ ਸਥਾਨ ਸਿੱਧ ਹੁੰਦਾ ਹੈ।

**ਜਨਮ ਅਤੇ ਬਾਲ ਅਵਸਥਾ**

ਬਾਵਨ ਅਖਰੀ ਦੇ ਰਚਣਹਾਰ, ਸ਼ਹੀਦਾਂ ਦੇ ਸਿਰਤਾਜ, ਆਦਿ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਸੰਪਾਦਕ, ਸ਼ਾਂਤੀ ਪੁੰਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਸਿੱਖ ਮੱਤ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਦੇ ਘਰ, ਮਾਤਾ ਭਾਨੀ ਜੀ ਦੀ ਕੁੱਖ ਤੋਂ ਦਿਨ ਮੰਗਲਵਾਰ 19 ਵਿਸਾਖ ਸੰਮਤ 1620 ਬਿਕਰਮੀ ਅਥਵਾ 15 ਅਪ੍ਰੈਲ 1563 ਈਸਵੀ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਨਾਂ ਦੀ ਮਹਾਨ ਅਤੇ ਇਤਿਹਾਸਕ ਨਗਰੀ ਗੁਰੂ ਰਾਮਦਾਸ ਜੀ ਨੇ ਆਪਣੇ ਉੱਦਮ ਕਰਕੇ ਵਸਾਈ ਸੀ। ਇਹ ਇਤਿਹਾਸਕ ਅਸਥਾਨ ਜ਼ਿਲ੍ਹਾ ਅੰਮ੍ਰਿਤਸਰ ਦੇ ਸੁਪ੍ਰਸਿੱਧ ਨਗਰ ਤਰਨ ਤਾਰਨ ਤੋਂ ਕੋਈ 17 ਕੁ ਮੀਲ ਦੀ ਵਿੱਥ ਤੇ ਹੈ। ਗੁਰੂ ਅਰਜਨ ਦੇਵ ਜੀ ਦੇ ਦੋ ਹੋਰ ਵੱਡੇ ਵੀਰ ਸ੍ਰੀ ਪ੍ਰਿਥੀ ਚੰਦ ਤੇ ਸ੍ਰੀ ਮਹਾਂਦੇਵ ਸਨ।[5] ਪ੍ਰਿਥੀ ਚੰਦ ਵੱਡਾ ਹੋਣ ਕਰਕੇ ਕਾਫ਼ੀ ਦੁਨੀਆਦਾਰ ਵਿਅਕਤੀ ਹੋਣ ਦੇ ਨਾਲ ਨਾਲ ਬੜਾ ਲੋਭੀ, ਕਪਟੀ ਅਤੇ ਈਰਖਾਲੂ ਵਿਅਕਤੀ ਸੀ। ਮਹਾਂਦੇਵ ਸਾਧੂ ਸੁਭਾ ਵਿਅਕਤੀ ਸੀ, ਜੋ ਆਪਣੇ ਆਪ ਵਿਚ ਮਸਤ ਅਤੇ ਸੰਸਾਰਿਕ ਝੰਝਟਾਂ ਤੋਂ ਦੂਰ ਸੀ। ਗੁਰੂ ਸਾਹਿਬ ਜੀ ਸੋਢੀ ਵੰਸ਼ ਨਾਲ ਸੰਬੰਧਿਤ ਸਨ। ਆਪ ਜੀ ਸਭ ਤੋਂ ਪਹਿਲੇ ਸਿੱਖ ਗੁਰੂ ਸਨ ਜਿਨ੍ਹਾਂ ਨੂੰ ਗੁਰਿਆਈ ਵਿਰਸੇ ਵਿਚੋਂ ਪ੍ਰਾਪਤ ਹੋਈ। ਗੁਰੂ ਸਾਹਿਬ ਬਚਪਨ ਤੋਂ ਹੀ ਬੜੇ ਨਿਮਰ ਅਤੇ ਸ਼ੀਲ ਸੁਭਾ ਵਾਲੇ ਪ੍ਰਤਿਭਾਸ਼ੀਲ ਅਤੇ ਮਹਾਨ ਗੁਣਾਂ ਨਾਲ ਭਰਪੂਰ ਸਨ।

ਗੁਰੂ ਸਾਹਿਬ ਦੇ ਜੀਵਨ ਦਾ ਮੁੱਢਲਾ ਸਮਾਂ ਆਪਣੀ ਮਾਤਾ ਅਤੇ ਨਾਨਾ ਗੁਰੂ ਅਮਰਦਾਸ ਜੀ ਪਾਸ ਗੋਇੰਦਵਾਲ ਵਿਚ ਬੀਤਿਆ। ਇਸ ਲਈ ਉਹਨਾਂ ਉੱਤੇ ਆਪਣੀ ਮਾਤਾ (ਬੀਬੀ ਭਾਨੀ) ਜੀ ਦੇ ਪਵਿੱਤਰ ਤੇ ਧਾਰਮਿਕ ਖਿਆਲਾਂ ਅਤੇ ਨਾਨਾ ਜੀ ਦੇ ਅਧਿਆਤਮਿਕ ਜੀਵਨ ਦਾ ਡੂੰਘਾ ਪ੍ਰਭਾਵ ਪਿਆ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ, "ਗੁਰੂ ਅਰਜਨ ਦੇਵ ਜੀ ਦਾ ਬਚਪਨ ਗੋਇੰਦਵਾਲ ਵਿਚ ਹੀ ਗੁਜ਼ਰਿਆ। ਇਨ੍ਹਾਂ ਦੇ ਨਾਨਾ ਗੁਰੂ ਅਮਰਦਾਸ ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਆਪਣੀ ਰਿਹਾਇਸ਼ ਗੋਇੰਦਵਾਲ ਵਿਖੇ ਬਣਾ ਚੁੱਕੇ ਸਨ। ਅਰਜਨ ਦੇਵ ਪਹਿਲੇ ਗੁਰੂ ਹਨ ਜਿਨ੍ਹਾਂ ਨੂੰ ਜੰਮਦਿਆਂ ਹੀ ਗੁਰਮਤਿ ਦੀ ਗੁੜ੍ਹਤੀ ਮਿਲੀ। ਗੁਰੂ ਅਰਜਨ ਦੇਵ ਆਪਣੇ ਬਚਪਨ ਵਿਚ ਹੀ ਨਿਰਭੈਅ ਬਿਰਤੀ ਵਾਲੇ ਸਨ। ਰਿਵਾਇਤ ਅਨੁਸਾਰ ਇਕ ਦਿਨ ਇਨ੍ਹਾਂ ਦੇ ਨਾਨਾ ਗੁਰੂ ਅਮਰਦਾਸ ਸਮਾਧੀ ਵਿਚ ਬੈਠੇ ਸਨ। ਬਾਲਕ ਅਰਜਨ ਦੀ ਗੇਂਦ ਖੇਡਦਿਆਂ ਹੋਇਆਂ ਨਾਨੇ ਦੇ ਕਮਰੇ ਵਿਚ ਜਾ ਪਈ। ਇਹ ਦੌੜ ਕੇ ਗਏ ਤੇ ਮੰਜੀ ਨੂੰ ਫੜ ਕੇ ਆਪਣੀ ਗੇਂਦ ਚੁੱਕ ਲਈ। ਮੰਜੀ ਹਿੱਲਣ ਤੇ ਨਾਨਾ ਜੀ ਦੀ ਇਹ ਬਿਰਤੀ ਉੱਖੜ ਗਈ ਤੇ ਸਹਿਜ ਸੁਭਾ ਬੱਚੇ ਦੀ ਇਸ ਅਭੋਲ ਹਰਕਤ ਨੂੰ ਵੇਖ ਕੇ – "ਇਹ ਵੱਡ ਪੁਰਖ ਹੈ ਭਾਰੀ ਇਸ ਮੰਜੀ ਹਲਾਈ ਅਸਾਡੀ ਸਾਰੀ" ਦਾ ਬਚਨ ਕੀਤਾ। ਗੁਰੂ ਅਮਰਦਾਸ ਇਸ ਹੋਣਹਾਰ ਬਾਲਕ ਨੂੰ ਹੋਰ ਪਿਆਰ ਨਾਲ ਸਿੰਜਦੇ ਰਹੇ ਅਤੇ ਸਾਢੇ ਯਾਰਾਂ ਸਾਲ ਦੀ ਉਮਰ ਤੱਕ ਗੁਰੂ ਅਰਜਨ ਦੇਵ ਨੂੰ ਗੁਰਮਤਿ ਦੀ ਇਹ ਖੁਰਾਕ ਆਪਣੇ ਨਾਨਾ ਪਾਸੋਂ ਮਿਲਦੀ ਰਹੀ। ਸਾਢੇ ਗਿਆਰਾਂ ਸਾਲ ਦਾ ਬੱਚਾ ਅੰਞਾਣ ਉਮਰੋਂ ਲੰਘ ਚੁੱਕਿਆ ਹੁੰਦਾ ਹੈ ਅਤੇ ਉਸਦੀਆਂ ਕਈ ਰੁਚੀਆਂ ਇਸ ਉਮਰ ਤੱਕ ਉਜਾਗਰ ਹੋ ਜਾਂਦੀਆਂ ਹਨ। ਤਾਹੀਓਂ ਇਹਨਾਂ ਦੇ ਨਾਨਾ ਗੁਰੂ ਅਮਰਦਾਸ ਨੇ ਇਨ੍ਹਾਂ ਨੂੰ 'ਬਾਣੀ ਦਾ ਬੋਹਿਥਾ' ਕਿਹਾ। ਇਸ ਤੱਥ ਦੀ ਪ੍ਰੋੜਤਾ ਪ੍ਰਿੰਸੀਪਲ ਤੇਜਾ ਸਿੰਘ ਤੇ ਡਾ. ਗੰਡਾ ਸਿੰਘ ਨੇ ਵੀ ਕੀਤੀ ਹੈ।[6]

ਬਚਪਨ ਵਿਚ ਹੀ ਆਪਦੇ ਚਿਹਨ ਚੱਕਰ ਦੇਖ ਕੇ ਆਪ ਦੇ ਨਾਨਾ ਗੁਰੂ ਅਮਰਦਾਸ ਜੀ ਨੇ ਭਵਿੱਖ ਬਾਣੀ ਕਰ ਦਿੱਤੀ ਸੀ ਕਿ ਇਹ ਬੱਚਾ ਬੜਾ ਮਹਾਨ ਗੁਰੂ ਹੋਵੇਗਾ ਅਤੇ ਬਾਣੀ ਦਾ ਭਾਰਾ ਜਹਾਜ਼ ਸਿੱਧ ਹੋਵੇਗਾ।

ਗੁਰੂ ਅਮਰਦਾਸ ਜੀ ਨੇ ਦੋਹਤਰੇ (ਗੁਰੂ) ਅਰਜਨ ਜੀ ਦੀ ਬਾਣੀ ਉਚਾਰਨ ਬਾਰੇ ਜੋ ਭਵਿੱਖਬਾਣੀ ਉਚਾਰੀ ਉਸ ਨੂੰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਵਰਣਨ ਕੀਤਾ:

ਨਹਿ ਲਿਜਾਓ ਰਹਿਨ ਦਿਓ ਖਰਿਓ।।

ਜੁਗ ਕਰ ਸੋ ਗੁਰੁ ਗਹਿਬੋ ਕਰਿਓ।।

ਊਪਰ ਕੋ ਉਠਾਇ ਤਬ ਤੋਲਿਓ।।

ਗਰਵ ਭਾਰ ਲੱਖ ਸ੍ਰੀ ਗੁਰ ਬੋਲਿਓ।।

ਭਾਰੀ ਗੁਰ ਜਗ ਮੇਂ ਬਿਦ ਤੈ ਹੈ।

ਬਾਣੀ ਕੋ ਬੋਹਥ ਬਡ ਹਵੈ ਹੈ।।[7]

ਗੁਰੂ ਅਰਜਨ ਦੇਵ ਜੀ ਦੇ ਬਚਪਨ ਦੀ ਇਸ ਮਹਾਨ ਘਟਨਾ ਬਾਰੇ ਸਰਦਾਰ ਰਣਧੀਰ ਸਿੰਘ ਲਿਖਦੇ ਹਨ ਕਿ ਬਾਲਕ (ਗੁਰੂ ਅਰਜਨ ਦੇਵ ਜੀ) ਵਲੋਂ ਸਤਿਗੁਰੂ ਦੇ ਸਤਿਕਾਰ ਦਾ ਖਿਆਲ ਨਾ ਰੱਖਣ ਦੀ ਹਰਕਤ ਵੇਖ ਕੇ ਬੀਬੀ ਭਾਨੀ ਜੀ ਪਹਿਲਾਂ ਤਾਂ ਬੜੀ ਡਰੀ ਪਰ ਜਦੋਂ ਗੁਰੂ ਪਿਤਾ ਦੇ ਇਹ ਵਰਦਾਤੇ ਬਚਨ ਸੁਣੇ ਤਾਂ ਬੜੀ ਖ਼ੁਸ਼ ਹੋਈ। ਮਾਤਾ ਜੀ ਨੇ ਆਪ ਦੇ ਪਿਤਾ ਸ੍ਰੀ ਜੇਠਾ ਜੀ (ਗੁਰੂ ਰਾਮਦਾਸ ਸਾਹਿਬ) ਪਾਸ ਇਨ੍ਹਾਂ ਆਗਮ ਬਚਨਾਂ ਦਾ ਜ਼ਿਕਰ ਕੀਤਾ ਤਾਂ ਆਪ ਨੇ ਫੁਰਮਾਇਆ:

ਇਸ ਨੂੰ ਟਿੱਕਾ ਦਿੱਤਾ ਵਡਿਆਈ ਦਾ ਨਾਨੇ।[8]

ਗੁਰੂ ਅਰਜਨ ਦੇਵ ਜੀ ਆਪਣੇ ਜੀਵਨ ਦੇ ਮੁੱਢਲੇ ਸਮੇਂ ਤੋਂ ਹੀ ਬਹੁਤ ਗੰਭੀਰ, ਗੁਣਵਾਨ ਅਤੇ ਨਿਮਰਤਾ ਵਾਲੇ ਵਿਅਕਤੀ ਸਨ ਅਤੇ ਗੁਰੂ ਸਾਹਿਬ ਨੇ ਇਹ ਸਾਰੇ ਗੁਣ ਸਹਿਜ ਸੁਭਾਅ ਹੀ ਆਪਣੇ ਘਰ ਵਿਚੋਂ ਪ੍ਰਾਪਤ ਕੀਤੇ ਸਨ। 'ਧੁਰੋਂ ਵਰਸਾਏ ਹੋਣ ਕਾਰਨ ਬਾਲ ਅਵਸਥਾ ਵਿਚ ਹੀ ਅਸਾਧਾਰਨ ਰੁਚੀਆਂ ਉਜਾਗਰ ਹੋ ਚੁੱਕੀਆਂ ਸਨ, ਜਦੋਂ ਸਾਰੇ ਹਾਣੀ ਬਾਲ ਖੇਡਣ ਲਈ ਨਿਕਲਦੇ, ਇਨ੍ਹਾਂ ਦੀ ਸੁਰਤ ਨਾਨਾ ਗੁਰੂ ਅਮਰਦਾਸ ਜੀ ਦੇ ਕੋਲ ਬੈਠ ਕੇ ਨਾਮ ਜਪਣ ਵਿਚ ਜੁੜੀ ਹੁੰਦੀ। ਇਹਨਾਂ ਦਾ ਹਰ ਵੇਲੇ ਧਿਆਨ ਉਨ੍ਹਾਂ ਦੇ ਇਲਾਹੀ ਬਚਨ ਸੁਣਨ ਵਿਚ ਲੱਗਾ ਰਹਿੰਦਾ। ਅੰਤਰ ਆਤਮਾ ਗਿਆਨ ਨਾਲ ਭਰਪੂਰ ਹੋ ਰਹੀ ਸੀ। ਇਸ ਰੱਬੀ ਵਾਤਾਵਰਣ ਵਿਚ (ਗੁਰੂ) ਅਰਜਨ ਦੇਵ ਜੀ ਦੀ ਮਹਾਨ ਸ਼ਖ਼ਸ਼ੀਅਤ ਦੀ ਉਸਾਰੀ ਹੋ ਗਈ।[9]

ਡਾ. ਕਰਤਾਰ ਸਿੰਘ ਸੂਰੀ ਗੁਰੂ ਸਾਹਿਬ ਦੇ ਉੱਚਤਮ ਗੁਣਾਂ ਬਾਰੇ ਆਪਣੇ ਭਾਵ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਗੁਰੂ ਅਰਜਨ ਆਪਣੇ ਦੋਹਾਂ ਭਰਾਵਾਂ ਨਾਲੋਂ ਉਮਰ ਵਿਚ ਛੋਟੇ ਸਨ ਪਰ ਅਕਲ ਅਤੇ ਗੁਣਾਂ ਵਿਚ ਆਪ ਉਹਨਾਂ ਤੋਂ ਬਹੁਤ ਉੱਚੇ ਸਨ। ਪਿਤਾ ਦੇ ਆਗਿਆਕਾਰੀ, ਸੋਚ ਨੂੰ ਜੀਵਨ ਆਧਾਰ ਮੰਨਣ ਵਾਲੇ, ਨੇਕੀ, ਨਿਮ੍ਰਤਾ, ਸਹਿਨਸ਼ੀਲਤਾ ਤੇ ਖਿਮਾਂ ਜਿਹੇ ਦੈਵੀ ਗੁਣਾਂ ਨਾਲ ਸੰਪੰਨ ਉਹ ਇਕ ਪੂਰਣ ਗੁਰੂ ਦੀਆਂ ਸਿਫ਼ਤਾਂ ਦੇ ਮਾਲਕ ਸਨ।[10]

**ਵਿਦਿਆ ਪ੍ਰਾਪਤੀ**

ਗੁਰੂ ਅਰਜਨ ਦੇਵ ਇਕ ਉੱਚ ਕੋਟੀ ਦੇ ਵਿਦਵਾਨ, ਸਤਵਾਦੀ, ਸ਼ਾਂਤੀ ਅਤੇ ਰੂਹਾਨੀਅਤ ਦੇ ਪੁੰਜ ਸਨ। ਗੁਰੂ ਸਾਹਿਬ ਦੀ ਬਾਲ ਅਵਸਥਾ ਦਾ ਸਮਾਂ ਆਪਣੇ ਨਾਨਕੇ ਪਰਿਵਾਰ ਵਿਚ ਗੋਇੰਦਵਾਲ ਸਾਹਿਬ ਬੀਤਿਆ। ਇੱਥੇ ਹੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਪ੍ਰਾਪਤ ਕਰਨ ਉਪਰੰਤ ਬਾਕੀ ਦਾ ਸਮਾਂ ਗੁਜ਼ਾਰਿਆ ਅਤੇ ਸਿੱਖ ਮੱਤ ਦਾ ਅਧਿਆਤਮਿਕ ਗਿਆਨ ਜਨ ਸਧਾਰਨ ਵਿਚ ਵੰਡਿਆ । ਇਸ ਤਰ੍ਹਾਂ ਗੁਰੂ ਸਾਹਿਬ ਜੀ ਦੀ ਮੁੱਢਲੀ ਆਯੂ ਤੱਕ ਪਾਲਣਾ, ਸਿਖਲਾਈ ਤੇ ਅਧਿਆਤਮਿਕ ਵਿਚਾਰਾਂ ਦੇ ਵਿਕਾਸ ਦੀ ਨਿਗਰਾਨੀ ਗੁਰੂ ਅਮਰਦਾਸ ਜੀ ਕਰਦੇ ਰਹੇ। ਹਰ ਪ੍ਰਕਾਰ ਦੀ ਧਾਰਮਿਕ, ਆਤਮਿਕ, ਦੁਨਿਆਵੀ ਤੇ ਸਦਾਚਾਰਕ ਵਿਦਿਆ ਪੰਜ ਸਾਲ ਦੀ ਆਯੂ ਵਿਚ ਹੀ ਆਰੰਭ ਹੋ ਚੁੱਕੀ ਸੀ।

ਪ੍ਰਿੰ. ਸਤਿਬੀਰ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਦੇਵਨਾਗਰੀ ਵਿਦਿਆ ਪਿੰਡ ਦੀ ਚਟਸਾਲ ਵਿਚ ਪਾਂਧਾ ਕੇਸ਼ੋ ਤੇ ਗੋਪਾਲ ਪਾਸੋਂ ਪ੍ਰਾਪਤ ਕੀਤੀ। ਸੰਸਕ੍ਰਿਤੀ ਦਾ ਗਿਆਨ ਪੰਡਤ ਬੇਣੀ ਪਾਸੋਂ ਅਤੇ ਫ਼ਾਰਸੀ ਅੱਖਰ ਪਿੰਡ ਦੇ ਮਕਤਬ ਵਿਚੋਂ ਸਿੱਖੇ। ਗੁਰਮੁਖੀ ਅੱਖਰ ਆਪ ਜੀ ਨੇ ਆਪਣੇ ਨਾਨਾ ਗੁਰੂ ਅਮਰਦਾਸ ਜੀ ਪਾਸੋਂ ਸਿੱਖੇ। ਬਾਬਾ ਮੋਹਰੀ ਜੀ ਨੇ ਗਣਿਤ ਤੇ ਹੋਰ ਵਿਦਿਆ ਸਿਖਾਈ। ਦੇਖ ਰੇਖ ਸਾਰੀ ਬਾਬਾ ਬੁੱਢਾ ਜੀ ਦੀ ਸੀ। ਆਪ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਗੁਰਬਾਣੀ ਦਾ ਅਧਿਐਨ ਕਰਨਾ ਸਿੱਖਿਆ।[11]

ਉਪਰੋਕਤ ਕਥਨਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਪਹਿਲੇ ਗੁਰੂ ਸਨ ਜਿਨ੍ਹਾਂ ਨੂੰ ਜਨਮ ਸਮੇਂ ਹੀ ਗੁਰਮਤਿ ਦੀ ਗੁੜ੍ਹਤੀ ਮਿਲੀ। ਗੁਰਮਤਿ ਦੇ ਮਾਹੌਲ ਵਿਚ ਹੀ ਬਾਲਪਨ ਦੇ ਸਾਲ ਗੁਜ਼ਰੇ ਤੇ ਜਵਾਨੀ ਚੜ੍ਹੇ। ਗੁਰੂ ਅਮਰਦਾਸ ਜੀ ਆਪ ਇਹਨਾਂ ਦੀ ਪੜ੍ਹਾਈ ਲਿਖਾਈ ਵੱਲ ਉਚੇਚਾ ਧਿਆਨ

ਦਿੰਦੇ ਰਹੇ। ਗੁਰੂ ਸਾਹਿਬ ਦਾ ਰਾਗਾਂ ਅਤੇ ਧਰਮਾਂ ਦੀ ਜਾਣਕਾਰੀ ਦੇ ਸੰਬੰਧ ਵਿਚ ਕਰਤਾਰ ਸਿੰਘ ਆਪਣਾ ਮਤ ਪੇਸ਼ ਕਰਦੇ ਕਹਿੰਦੇ ਹਨ:

> ਜਿਥੇ ਆਪ (ਗੁਰੂ ਅਰਜਨ ਦੇਵ ਜੀ) ਵਿਦਿਆ ਉੱਤੇ ਪੂਰਾ ਕਾਬੂ ਪਾ ਚੁੱਕੇ ਸਨ ਉਥੇ ਆਪ ਜੀ ਨੂੰ ਰਾਗਾਂ ਅਤੇ ਹੋਰ ਧਰਮਾਂ ਬਾਰੇ ਵੀ ਪੂਰਾ ਗਿਆਨ ਸੀ। ਗੁਰੂ ਜੀ ਆਪ ਬਹੁਤ ਸੁੰਦਰ ਕੀਰਤਨ ਕਰ ਲੈਂਦੇ ਸਨ ਅਤੇ ਆਪ ਨੇ ਸਿਰੰਦਾ ਵਜਾ ਕੇ ਸਿੱਖਾਂ ਵਿਚ ਆਪ ਕੀਰਤਨ ਕਰਨ ਦੀ ਪਿਰਤ ਪਾਈ। ਆਪ ਛੋਟੀ ਉਮਰ ਵਿਚ ਹੀ ਸੋਹਣੀ ਧਾਰਮਿਕ ਕਵਿਤਾ ਲਿਖਣ ਲੱਗ ਪਏ।[12]

ਇਸ ਤੋਂ ਇਲਾਵਾ ਆਪ ਜੀ ਨੂੰ ਬ੍ਰਹਮ ਵਿਦਿਆ ਦਾ ਵੀ ਡੂੰਘਾ ਗਿਆਨ ਸੀ। ਗੁਰੂ ਅਰਜਨ ਦੇਵ ਜੀ ਦੀ ਬ੍ਰਹਮ ਵਿਦਿਆ ਬਾਰੇ ਪ੍ਰੋਫੈਸਰ ਹਰੀ ਸਿੰਘ ਦਾ ਮਤ ਵੀ ਇਥੇ ਪ੍ਰਸੰਸਾਯੋਗ ਹੈ:

> ਆਪ ਦੀ ਬ੍ਰਹਮ ਵਿਦਿਆ, ਜੋ ਆਪ ਦੇ ਆਪਣੇ ਅਨੁਭਵ ਤੇ ਤਜਰਬੇ ਦੀ ਚੀਜ਼ ਹੈ ਤੇ ਜਿਸਦਾ ਇਕ ਇਕ ਮਹਾਨ ਦਰਿਆ ਆਪ ਦੀ ਆਤਮਾ ਵਿਚੋਂ ਬਾਣੀ ਰੂਪ ਹੋ ਕੇ ਛੁਟ ਨਿਕਲਿਆ, ਉਹ ਤਾਂ ਅਨੁਭਵ ਦੀ ਚੀਜ਼ ਹੈ, ਅਨੁਭਵ ਨਾਲ ਹੀ ਸਮਝੀ ਜਾ ਸਕਦੀ ਹੈ ਪਰ ਜਿੱਥੋਂ ਤੱਕ ਮਹਾਰਾਜ ਦੀ ਸਾਹਿਤਕ ਤੇ ਜ਼ਬਾਨਦਾਨੀ ਦੀ ਵਿਦਿਆ ਦਾ ਤਲੱਅਕ ਹੈ, ਉਥੋਂ ਤੱਕ ਅਸੀਂ ਆਪ ਦੀ ਬਾਣੀ ਦੀ ਅੰਦਰਲੀ ਖੋਜ ਤੋਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਆਪ ਨੂੰ ਬਚਪਨ ਦੀ ਅਵਸਥਾ ਵਿਚ ਵਿਦਿਆ ਪ੍ਰਾਪਤੀ ਦਾ ਬੜਾ ਗਹਿਰਾ ਸ਼ੌਕ ਰਿਹਾ ਹੋਵੇਗਾ। ਆਪ ਨੇ ਆਪਣੀ ਹਿੰਮਤ, ਪੁਰਸ਼ਾਰਥ ਅਤੇ ਤੀਬਰ ਬੁੱਧੀ ਨਾਲ ਇਸ ਵਿਦਿਆ ਦਾ ਕਾਫ਼ੀ ਮੁਤਾਲਬਾ ਕੀਤਾ ਹੋਵੇਗਾ।[13]

ਗੁਰੂ ਅਰਜਨ ਦੇਵ ਜੀ ਆਪਣੇ ਜੀਵਨ ਦੇ ਪਹਿਲੇ ਗਿਆਰਾਂ ਸਾਲ ਜੋ ਉਹਨਾਂ ਗੋਇੰਦਵਾਲ ਵਿਖੇ ਬਿਤਾਏ ਵਿਚ ਜੋ ਕੁਝ ਗ੍ਰਹਿਣ ਕੀਤਾ ਅਤੇ ਦੇਖਿਆ ਉਸ ਬਾਰੇ ਡਾ. ਅੰਮ੍ਰਿਤ ਲਾਲ ਪਾਲ ਜੀ ਲਿਖਦੇ ਹਨ:

> ਗੁਰੂ ਅਰਜਨ ਦੇਵ ਜੀ ਉੱਚ ਕੋਟੀ ਦੇ ਕਵੀ, ਉੱਘੇ ਸਾਹਿਤਕਾਰ, ਅਦੁੱਤੀ ਸੰਗੀਤ ਗਿਆਤਾ, ਉੱਚ ਕੋਟੀ ਦੇ ਘੋੜ ਸਵਾਰ ਅਤੇ ਅਧਿਆਤਮਕ ਵਿਦਿਆ ਦੇ ਮਹਾਂ ਪੰਡਤ ਸਨ,

ਜਿਸਦੀ ਪ੍ਰਾਪਤੀ ਗੁਰੂ ਅਮਰਦਾਸ, ਪਿਤਾ ਗੁਰੂ ਰਾਮਦਾਸ ਅਤੇ ਮਾਤਾ ਬੀਬੀ ਭਾਨੀ ਜੀ ਪਾਸੋਂ ਸਹਿਜ ਸੁਭਾ ਹੀ ਹੁੰਦੀ ਰਹੀ।[14]

**ਵਿਆਹ ਅਤੇ ਸੰਤਾਨ ਪ੍ਰਾਪਤੀ**

ਡਾ. ਤਾਰਨ ਸਿੰਘ ਗੁਰੂ ਅਰਜਨ ਦੇਵ ਜੀ ਦੇ ਵਿਆਹ ਤੇ ਸੰਤਾਨ ਪ੍ਰਾਪਤੀ ਬਾਰੇ ਆਪਣਾ ਮਤ ਪੇਸ਼ ਕਰਦੇ ਹੋਏ ਲਿਖਦੇ ਹਨ:

> ਗੁਰੂ ਅਰਜਨ ਦੇਵ ਜੀ ਦੀ ਸ਼ਾਦੀ 1576 ਨੂੰ (ਮਾਤਾ) ਗੰਗਾ ਦੇਵੀ ਜੀ ਨਾਲ ਹੋਈ ਤੇ 1595 ਵਿਚ ਆਪਣੇ ਘਰ (ਸ੍ਰੀ ਗੁਰੂ) ਹਰਗੋਬਿੰਦ ਜੀ ਦਾ ਜਨਮ ਹੋਇਆ।[15]

ਜੋ ਸਿੱਖ ਧਰਮ ਵਿਚ ਛੇਵੀਂ ਨਾਨਕ ਜੋਤ ਬਣੇ। ਗੁਰੂ ਅਰਜਨ ਸਾਹਿਬ ਦਾ ਵਿਆਹ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਫਿਲੌਰ ਦੇ ਪਿੰਡ ਮਉ ਵਿਖੇ ਕ੍ਰਿਸ਼ਨ ਚੰਦ ਦੀ ਸਪੁੱਤਰੀ ਨਾਲ ਹੋਇਆ ਸੀ। ਮਉ ਫਿਲੌਰ ਤੋਂ ਦੱਖਣ ਵੱਲ 8 ਕੁ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇਥੇ ਜੋ ਗੁਰਦੁਆਰਾ ਹੈ, ਉਹ ਗੁਰੂ ਸਾਹਿਬ ਦੇ ਵਿਆਹ ਅਸਥਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਵਿਆਹ ਦੀ ਖ਼ੁਸ਼ੀ ਵਿਚ ਇਥੇ ਗੁਰੂ ਅਰਜਨ ਦੇਵ ਜੀ ਵਲੋਂ ਲਗਾਇਆ ਗਿਆ ਖੂਹ ਵੀ ਕਾਇਮ ਹੈ। ਮਾਤਾ ਗੰਗਾ ਜੀ ਦੇ ਪਵਿੱਤਰ ਉਦਰ ਤੋਂ ਹੀ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ ਗੁਰੂ ਕੀ ਵਡਾਲੀ, ਛੇਹਰਟੇ ਦੇ ਨੇੜੇ ਜ਼ਿਲ੍ਹਾ ਅੰਮ੍ਰਿਤਸਰ ਵਿਚ 14 ਜੂਨ 1595 ਈ. ਨੂੰ ਹੋਇਆ ਅਤੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਸਮੇਂ ਬਾਲਕ (ਗੁਰੂ) ਹਰਗੋਬਿੰਦ ਜੀ ਦੀ ਆਯੂ ਕੇਵਲ 11 ਵਰ੍ਹੇ ਹੀ ਸੀ। ਹਰਗੋਬਿੰਦ ਸਾਹਿਬ ਦੇ ਜਨਮ ਉੱਤੇ ਪ੍ਰਿਥੀ ਚੰਦ ਅਤੇ ਉਸਦੀ ਪਤਨੀ ਅਤਿਅੰਤ ਦੁੱਖੀ ਸਨ। ਪ੍ਰਿਥੀ ਚੰਦ ਨੇ ਗੁਰੂ ਹਰਗੋਬਿੰਦ ਨੂੰ ਮਾਰਨ ਦੀਆਂ ਕਈ ਸਾਜ਼ਿਸ਼ਾਂ ਕੀਤੀਆਂ, ਪਰ ਉਸਦਾ ਕੋਈ ਵੀ ਯਤਨ ਸਫ਼ਲ ਨਾ ਹੋਇਆ। ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ, ਪ੍ਰਿਥੀ ਚੰਦ ਬਹੁਤ ਅਗਿਆਨੀ ਪੁਰਸ਼ ਸੀ। ਉਹ ਆਪਣੇ ਛੋਟੇ ਭਰਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੰਗ ਕਰਨ ਦਾ ਜਤਨ ਕਰ ਰਿਹਾ ਸੀ, ਪਰ ਜਦ ਉਸ ਨੂੰ ਪਤਾ ਲੱਗਾ ਕਿ ਉਹਦੇ ਭਰਾ ਦੇ ਘਰ ਪੁੱਤਰ ਹੋਇਆ ਹੈ ਤੇ ਉਹ ਪੁੱਤਰ ਗੁਰ-ਗੱਦੀ ਦਾ ਵਾਰਸ ਹੈ ਤਾਂ ਉਹ ਬਹੁਤ ਦੁੱਖੀ ਹੋਇਆ। ਉਹਦੇ ਪੁੱਤਰ ਮਿਹਰਬਾਨ ਨੂੰ ਸਾਹਿਬਾ ਨੇ ਕੋਲ ਰੱਖਿਆ ਹੋਇਆ ਸੀ। ਸਾਹਿਬਜ਼ਾਦੇ ਦੇ ਅਵਤਾਰ ਧਾਰਨ ਨਾਲ ਮਿਹਰਬਾਨ ਦੇ ਗੁਰੂ ਬਣਨ ਦੀ ਆਸ ਖਤਮ ਹੋ ਗਈ। ਪ੍ਰਿਥੀ

ਚੰਦ ਨੇ ਕ੍ਰੋਧ ਤੇ ਲਾਲਚ ਦਾ ਸ਼ਿਕਾਰ ਹੋ ਕੇ ਸਾਹਿਬਜ਼ਾਦੇ (ਗੁਰੂ ਹਰਗੋਬਿੰਦ ਸਾਹਿਬ) ਨੂੰ ਮਰਵਾਣ ਦੇ ਬੇਅੰਤ ਯਤਨ ਕੀਤੇ ਪਰ ਜਿਸ ਦਾ ਰੱਬ ਰਾਖਾ ਕਰਤਾਰ ਹੋਵੇ ਉਸ ਨੂੰ ਕੌਣ ਮਾਰ ਸਕਦਾ ਹੈ।[16]

**ਗੁਰਗੱਦੀ**

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਇਹ ਪਰੰਪਰਾ ਚਲੀ ਆ ਰਹੀ ਸੀ ਕਿ ਗੁਰਗੱਦੀ ਉਸ ਮਹਾਨ ਆਤਮਾ ਨੂੰ ਦਿੱਤੀ ਜਾਂਦੀ ਸੀ ਜੋ ਹਰ ਤਰ੍ਹਾਂ ਨਾਲ ਇਸਦੇ ਯੋਗ ਹੋਵੇ। ਜੇਕਰ ਭਾਈ ਲਹਿਣਾ ਪ੍ਰੀਖਿਆ 'ਚੋਂ ਪਾਸ ਹੋਏ ਤਾਂ ਉਹਨਾਂ ਅੰਦਰ ਨਾਨਕ ਜੋਤ ਦਾ ਪ੍ਰਕਾਸ਼ ਹੋ ਗਿਆ। ਜੇਕਰ ਗੁਰੂ ਅਮਰਦਾਸ ਜੀ ਦੀ ਬਲਵਾਨ ਆਤਮਾ ਦੇਖੀ ਤਾਂ ਉਹਨਾਂ ਨੂੰ ਗੁਰਗੱਦੀ ਤੇ ਬਿਠਾ ਦਿੱਤਾ ਗਿਆ। ਗੁਰੂ ਅਮਰਦਾਸ ਜੀ ਨੇ ਆਪਣੇ ਜਵਾਈ ਭਾਈ ਜੇਠਾ ਜੀ ਨੂੰ ਆਪਣੇ ਸਪੁੱਤਰਾਂ ਤੇ ਦੂਜੇ ਉੱਘੇ ਸਿੱਖਾਂ 'ਚੋਂ ਸਭ ਤੋਂ ਉੱਤਮ ਅਨੁਭਵ ਕੀਤਾ ਤਾਂ ਉਹਨਾਂ ਨੂੰ ਗੁਰਗੱਦੀ ਦੇ ਦਿੱਤੀ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਆਪਣੇ ਚੌਗਿਰਦੇ 'ਚੋਂ ਨਾਨਕ ਜੋਤ ਪ੍ਰਕਾਸ਼ ਲਈ (ਸ੍ਰੀ ਗੁਰੂ) ਅਰਜਨ ਦੇਵ ਜੀ ਨੂੰ ਚੁਣਿਆ। ਇਤਿਹਾਸ ਨੇ ਸਿੱਧ ਕੀਤਾ ਹੈ ਕਿ ਚੋਣ ਹਮੇਸ਼ਾਂ ਧੁਰੋਂ ਵਰਸਾਈ ਆਤਮਾ ਦੀ ਹੀ ਹੁੰਦੀ ਹੈ।[17] ਪ੍ਰਿਥੀ ਚੰਦ ਤੇ ਮਹਾਂਦੇਵ (ਗੁਰੂ) ਅਰਜਨ ਦੇਵ ਜੀ ਦੇ ਦੋਵੇਂ ਵੱਡੇ ਭਰਾ ਸਨ। ਪ੍ਰਿਥੀ ਚੰਦ ਸਭ ਤੋਂ ਵੱਡਾ ਸੀ। ਉਹ ਆਪਣੇ ਈਰਖਾਲੂ, ਝਗੜਾਲੂ, ਲੋੜ ਤੋਂ ਵਧੇਰੇ ਚਲਾਕ, ਮਾਇਆਧਾਰੀ, ਲੋਭੀ, ਸਾਜਸ਼ੀ ਸੁਭਾ ਦੀ ਕਠੋਰਤਾ ਅਤੇ ਕ੍ਰੋਧ ਦਿਲੀ ਕਰਕੇ ਅਤੇ ਮਹਾਂਦੇਵ ਅਲਮਸਤ ਅਤੇ ਸਾਧੂ ਸੁਭਾਅ ਕਰਕੇ ਇਸ ਗੱਦੀ ਲਈ ਅਯੋਗ ਸਮਝੇ ਗਏ। ਮਹਾਂਦੇਵ ਦਾ ਝੁਕਾਅ ਉਦਾਸੀਆਂ ਵਲ ਸੀ। ਪ੍ਰਿਥੀ ਚੰਦ ਦਾ ਸੁਭਾਅ (ਗੁਰੂ) ਅਰਜਨ ਦੇਵ ਜੀ ਨਾਲੋਂ ਬਿਲਕੁਲ ਉਲਟ ਸੀ। ਉਹ ਆਪਣੇ ਆਪ ਨੂੰ ਗੁਰਗੱਦੀ ਦਾ ਹੱਕਦਾਰ ਸਮਝਦਾ ਸੀ ਤੇ ਕਈ ਵਾਰ ਗੁਰੂ ਪਿਤਾ ਪਾਸ ਇਹ ਮੰਗ ਦੁਹਰਾ ਵੀ ਚੁੱਕਾ ਸੀ। ਗੁਰੂ ਰਾਮਦਾਸ ਜੀ ਨੇ ਆਪਣੇ ਢੰਗ ਨਾਲ ਸਪੁੱਤਰਾਂ ਦੀ ਪ੍ਰੀਖਿਆ ਲਈ। ਇਕ ਪਰਿਵਾਰਕ ਸਮਾਗਮ ਸਮੇਂ ਜਦ ਪ੍ਰਿਥੀ ਚੰਦ ਅਤੇ ਮਹਾਂਦੇਵ ਨੇ ਜਾਣ ਤੋਂ ਇਨਕਾਰ ਕੀਤਾ ਤੇ (ਗੁਰੂ) ਅਰਜਨ ਦੇਵ ਜੀ ਨੇ ਸਤਿ ਬਚਨ ਕਹਿ ਕੇ ਜਾਣਾ ਕਬੂਲ ਕਰ ਲਿਆ।

ਲਾਹੌਰ ਵਿਚ ਕਾਫੀ ਸਮਾਂ ਗੁਜ਼ਾਰਨ ਤੋਂ ਬਾਅਦ ਤਾਂ ਗੁਰੂ ਅਰਜਨ ਦੇਵ ਪਿਤਾ ਗੁਰੂ ਰਾਮ ਦਾਸ ਦੇ ਦਰਸ਼ਨਾਂ ਲਈ ਬੇਹਾਲ ਹੋ ਗਏ। ਉਥੋਂ ਉਹਨਾਂ ਪ੍ਰੇਮ ਭਾਵ ਵਿਛੋੜੇ ਅਤੇ ਗੁਰੂ ਦਰਸ਼ਨਾਂ ਦੀ ਸਿਕ ਦੀਆਂ ਚਿੱਠੀਆਂ ਲਿਖੀਆਂ। ਗੁਰੂ ਰਾਮਦਾਸ ਪੁੱਤਰ ਦੀ ਵੈਰਾਗ ਭਰਪੂਰ ਚਿੱਠੀਆਂ ਪੜ੍ਹ ਕੇ

ਬਹੁਤ ਪ੍ਰਸੰਨ ਹੋਏ ਤੇ ਬਾਬਾ ਬੁੱਢਾ ਜੀ ਨੂੰ ਲੈਣ ਵਾਸਤੇ ਲਾਹੌਰ ਭੇਜ ਦਿੱਤਾ। ਸ੍ਰੀ ਗੁਰੂ ਰਾਮਦਾਸ ਜੀ ਦੀ ਪਾਰਖੂ ਅੱਖ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੀ ਕਸੌਟੀ ਤੋਂ ਖਰਾ ਸਮਝਿਆ ਅਤੇ ਉਹਨਾਂ ਨੇ ਗੁਰਗੱਦੀ ਬਖਸ਼ ਕੇ ਗੁਰਤਾ ਦੀ ਜ਼ਿੰਮੇਵਾਰੀ ਸੌਂਪਣ ਦਾ ਫੈਸਲਾ ਕੀਤਾ। ਡਾ. ਗੁਰਸ਼ਰਨ ਕੌਰ ਜੱਗੀ ਅਨੁਸਾਰ ਜਦੋਂ ਇਸ ਘੋਸ਼ਣਾ ਦਾ ਬੋਧ ਪ੍ਰਿਥੀ ਚੰਦ ਨੂੰ ਹੋਇਆ ਤਾਂ ਉਸਨੇ ਇਸ ਗੱਲ ਨੂੰ ਸਿਰੇ ਨਾ ਚੜ੍ਹਨ ਦੇਣ ਲਈ ਅਨੇਕ ਪ੍ਰਕਾਰ ਦੀਆਂ ਕਠਿਨਾਈਆਂ ਪੈਦਾ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਈ ਪ੍ਰਕਾਰ ਦੇ ਤਕਾਜ਼ੇ ਅਤੇ ਝਗੜੇ ਖੜ੍ਹੇ ਕਰਨ ਲੱਗਾ।[18]

ਭਾਈ ਰਣਧੀਰ ਸਿੰਘ ਅਨੁਸਾਰ ਗੁਰੂ ਰਾਮ ਦਾਸ ਜੀ ਨੇ ਪੋਥੀ, ਮਾਲਾ, ਝੋਲੀ ਪਾ ਕੇ ਪੰਜਵੇਂ ਜੋਤਿ ਜਾਮੇ ਦੇ ਚਰਨਾਂ ਵਿਚ ਪੰਜ ਪੈਸੇ ਤੇ ਨਾਰੀਅਲ ਰਖ ਕੇ ਸੀਸ ਨਿਵਾ ਦਿੱਤਾ।[19] ਇਹ ਘਟਨਾ ਭਾਦਰੋਂ ਸੁਦੀ 1, ਸੰਮਤ 1638 ਬਿਕਰਮੀ (ਸੰਨ 1581) ਦੀ ਹੈ। ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦਿੱਤੇ ਜਾਣ ਤੋਂ ਬਾਅਦ ਪ੍ਰਿਥੀ ਚੰਦ ਨੇ ਬਹੁਤ ਕਲੇਸ਼ ਕੀਤਾ। ਗੁਰੂ ਰਾਮਦਾਸ ਨੇ ਦੋਹਾਂ ਵੱਡੇ ਪੁੱਤਰਾਂ ਨੂੰ ਸਮਝਾਇਆ। ਪ੍ਰਿਥੀ ਚੰਦ ਨੇ ਭਾਵੇਂ ਉਸ ਵੇਲੇ ਪਿਤਾ ਗੁਰੂ ਦੀ ਗੱਲ ਮੰਨ ਲਈ, ਪਰ ਉਸਨੇ ਆਪਣੇ ਮਨ ਵਿਚ ਖੋਟ ਰੱਖਿਆ। ਗੁਰੂ ਰਾਮਦਾਸ ਉਥੋਂ ਤੁਰੰਤ ਗੋਇੰਦਵਾਲ ਆਏ ਅਤੇ ਸਰੀਰ ਤਿਆਗ ਦਿੱਤਾ। ਭਾਦਰੋਂ ਸੁਦੀ 3, ਸ਼ੁਕਰਵਾਰ ਸੰਮਤ 1638 ਬਿਕਰਮੀ (ਸੰਨ 1581) ਨੂੰ ਨਦੀ ਕੰਢੇ (ਬਿਆਸ) ਸੰਸਕਾਰ ਕੀਤਾ। ਉਸ ਸਮੇਂ ਵੱਡੇ ਹੋਣ ਦੇ ਨਾਤੇ ਬਾਬਾ ਸ੍ਰੀ ਚੰਦ ਨੇ ਦੋ ਪੱਗਾਂ ਭਿਜਵਾਈਆਂ। ਪਰਨੇ ਦੀ ਪੱਗ ਪ੍ਰਿਥੀ ਚੰਦ ਨੇ ਬੰਨ੍ਹੀ ਅਤੇ ਗੁਰਗੱਦੀ ਗੁਰੂ ਅਰਜਨ ਦੇਵ ਨੂੰ ਦਿੱਤੀ ਗਈ।[20] ਪ੍ਰਿਥੀ ਚੰਦ ਆਪਣੇ ਅੰਤ ਸਮੇਂ ਤੱਕ ਗੁਰੂ ਜੀ ਨਾਲ ਈਰਖਾ ਕਰਦਾ ਰਿਹਾ। ਗੁਰੂ ਸਾਹਿਬ ਪ੍ਰਥਮ ਗੁਰੂ ਸਨ ਜਿਨ੍ਹਾਂ ਨੂੰ ਗੁਰਗੱਦੀ ਆਪਣੇ ਪਿਤਾ ਜੀ ਪਾਸੋਂ ਪ੍ਰਾਪਤ ਹੋਈ। ਗੁਰਗੱਦੀ 'ਤੇ ਸੁਸ਼ੋਭਿਤ ਹੋਣ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ਤੋਂ ਵੀ ਜ਼ਿਆਦਾ ਲੋਕ ਭਲਾਈ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਹੁਕਮ ਅਨੁਸਾਰ, "ਅੰਮ੍ਰਿਤਸਰ" ਨੂੰ ਪੱਕਾ ਕਰਨਾ। ਇਹ ਗੁਰੂ ਰਾਮਦਾਸ ਜੀ ਦਾ ਹੁਕਮ ਸੀ ਤੇ ਮੇਰੀ ਇੱਛਾ ਹੈ। ਉਥੇ ਵਿਚਕਾਰ ਹਰਿਮੰਦਰ ਵੀ ਉਸਾਰਨਾ ਜੋ ਸੱਚਮੁੱਚ ਪ੍ਰਭ ਨੂੰ ਪਾਉਣ ਦਾ ਸਾਧਨ ਹੋਵੇ। ਹਰਿਮੰਦਰ ਬਿਲਕੁਲ ਇਸ ਤਰ੍ਹਾਂ ਸੁਸ਼ੋਭਿਤ ਹੋਵੇ ਕਿ ਦੇਖਣ ਵਾਲੇ ਨੂੰ ਮਹਿਸੂਸ ਹੋਵੇ ਕਿ ਮਾਨੋ ਪ੍ਰਭੂ ਦਾ ਬਿਬਾਨ ਅਸਮਾਨ ਵਿਚ ਟਿਕਿਆ ਹੈ।[21] ਇਸ ਤਰ੍ਹਾਂ ਗੁਰੂ ਅਰਜਨ ਸਾਹਿਬ ਨੇ ਸਾਂਝੀਵਾਲਤਾ, ਸਰਬ ਸਤਿਕਾਰ ਅਤੇ ਮਨੁੱਖੀ ਅੰਤਰ ਦੀ ਬਰਾਬਰੀ ਦਾ ਸੁਰ ਉਚੇਰਾ ਕਰਕੇ ਧਰਮ ਅਤੇ

ਸਿੱਖ ਇਤਿਹਾਸ ਵਿਚ ਵਡਮੁੱਲਾ ਯੋਗਦਾਨ ਪਾਇਆ। ਗੁਰੂ ਨਾਨਕ ਦੇਵ ਜੀ ਨੇ ਜਿਸ ਸੰਸਥਾ ਦੀ ਨੀਂਹ ਰੱਖੀ ਸੀ, ਪੰਚਮ ਗੁਰੂ ਸਾਹਿਬ ਨੇ ਉਸੇ ਨੂੰ ਸਥੂਲ ਪ੍ਰਮਾਣਿਕ ਰੂਪ ਦਿੱਤਾ ਅਤੇ ਇਹ ਸੰਸਥਾ ਵੱਧਦੀ ਵੱਧਦੀ ਧਰਮ ਦਾ ਰੂਪ ਧਾਰ ਗਈ।

**ਸ਼ਖ਼ਸ਼ੀਅਤ**

'ਮਨੁੱਖ ਇਸ ਕਾਇਨਾਤ ਦੀ ਉੱਤਮ ਰਚਨਾ ਹੈ। ਪਰਮਾਤਮਾ ਨੇ ਹਰ ਮਨੁੱਖ ਵਿਚ ਪ੍ਰਵਾਹਿਤ ਚੇਤਨਾ ਭਰ ਉਸ ਨੂੰ ਵਿਲੱਖਣ ਆਤਮਿਕ ਇਕਾਈ ਪ੍ਰਦਾਨ ਕੀਤੀ ਹੈ। ਇਸੇ ਚੇਤੰਨ ਇਕਾਈ ਦੀ ਵਿਵੇਕਸ਼ੀਲ ਗਤੀ ਤੋਂ ਸ਼ਖ਼ਸ਼ੀਅਤ ਵਿਗਸਦੀ ਹੈ। ਇਸ ਦਾ ਵਿਕਾਸ ਮਨੁੱਖ ਦੇ ਨਿੱਜੀ ਅਨੁਭਵ ਦੁਆਰਾ ਗ੍ਰਹਿਣ ਕੀਤੀ ਮਨੋਪ੍ਰਵਿਰਤੀ ਅਤੇ ਬਾਹਰੀ ਗੁਣਾਂ ਦੇ ਵੱਖੋ-ਵੱਖਰੇ ਪ੍ਰਗਟਾ ਢੰਗਾਂ ਰਾਹੀਂ ਹੁੰਦਾ ਹੈ, ਜੋ ਕਿ ਹਰ ਮਨੁੱਖ ਆਪਣੇ ਆਪ ਵਿਚ ਅਨੋਖੇ ਅਤੇ ਵੱਖਰੇ ਤੌਰ ਤੇ ਪੇਸ਼ ਕਰਦਾ ਹੈ।[22]

ਇਨਸਾਈਕਲੋਪੀਡੀਆ ਆਫ਼ ਬਿਰਟੈਨਿਕਾ ਅਨੁਸਾਰ:

ਸ਼ਖ਼ਸ਼ੀਅਤ ਦਾ ਅਧਿਐਨ ਸਥਿਰ ਮਨੁੱਖੀ ਮਨੋਵਿਗਿਆਨਕ ਵਿਸ਼ੇਸ਼ਤਾਈਆਂ ਦਾ ਵਰਣਨ ਤੇ ਵਰਗੀਕਰਣ ਦਰਸਾਉਂਦਾ ਹੈ।[23]

ਸ਼ਖ਼ਸ਼ੀਅਤ ਦੇ ਅਧਿਐਨ ਕਰਨ ਸਮੇਂ ਮੁੱਢਲੇ ਤੌਰ ਤੇ ਵਿਅਕਤੀਗਤ ਵਿਸ਼ੇਸ਼ਤਾਈਆਂ ਸੰਬੰਧਿਤ ਵਰਤਾਰੇ ਦੇ ਨਮੂਨੇ, ਮਨੁੱਖੀ ਚਾਲ-ਢਾਲ, ਬਾਣੀ ਬਚਨ ਤੇ ਜੀਵਨ ਸ਼ੈਲੀ ਦੇ ਪ੍ਰਗਟਾਅ ਢੰਗ ਦੇ ਵਖਰੇਵੇਂ ਲਏ ਜਾਂਦੇ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਸ਼ਖ਼ਸ਼ੀਅਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਮਨੁੱਖੀ ਜ਼ਿੰਦਗੀ ਦਾ ਸਹੀ ਅਤੇ ਸੁੱਚਾ ਸਿੱਕਾ ਸ਼ਖ਼ਸ਼ੀਅਤ ਹੈ। ਇਸ ਦੀ ਕੀਮਤ ਸਭ ਥਾਂ ਪੱਕੀ ਤੇ ਅਡੋਲ ਹੈ। ਇਹ ਚੰਗੇ ਅਸੂਲਾਂ ਉੱਤੇ ਕੀਤੇ ਚੰਗੇ ਅਮਲਾਂ ਦਾ ਫ਼ਲ ਹੁੰਦੀ ਹੈ। ਇਹ ਇਕ ਸ਼ਕਤੀ ਹੈ ਜਿਸ ਦਾ ਅਸਰ ਰੋਕਿਆ ਨਹੀਂ ਜਾ ਸਕਦਾ।[24]

ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਸ਼ਖ਼ਸ਼ੀਅਤ ਅਣਗਿਣਤ ਗੁਣਾਂ ਨਾਲ ਭਰਪੂਰ ਹੈ। ਉਹ ਇਕ ਅਜਿਹੇ ਅਮਰ ਅਨਭੂਤ ਸਖ਼ਸ਼ੀਅਤ ਸਨ, ਜੋ ਮਨੁੱਖੀ ਇਤਿਹਾਸ ਅਤੇ ਪਰੰਪਰਾ ਵਿਚ ਇਕ ਮਹੱਤਵਪੂਰਨ ਸਥਾਨ ਰੱਖਦੇ ਹਨ। ਗੁਰੂ ਸਾਹਿਬ ਇਕ ਰੱਬੀ ਗੁਣ ਭਰਪੂਰ ਰੂਹਾਨੀ ਸਖ਼ਸ਼ੀਅਤ ਸਨ। ਉਹਨਾਂ ਦਾ ਪੂਰਾ ਜੀਵਨ ਘਟਨਾਕ੍ਰਮ ਇਕ ਅਧਿਆਤਮਕ ਲਕਸ਼ ਵਲ ਵੱਧਦਾ ਦਿਖਾਈ ਦਿੰਦਾ ਹੈ, ਜਿਹਨਾਂ ਦੀ ਧੁਰ ਕੇਂਦਰਿਤ ਆਤਮਿਕਤਾ ਪਰਮਾਤਮ ਗੁਣਾਂ ਦਾ ਪਸਾਰਾ ਕਰਦੀ ਸੰਸਾਰ ਵਿਚ ਵਿਚਰ ਰਹੀ ਸੀ। ਡਾ. ਵਜ਼ੀਰ ਸਿੰਘ ਗੁਰੂ ਸਾਹਿਬ ਦੀ ਸਖ਼ਸ਼ੀਅਤ ਉੱਪਰ ਰੋਸ਼ਨੀ ਪਾਉਂਦੇ ਹੋਏ ਕਹਿੰਦੇ ਹਨ ਕਿ ਗੁਰੂ ਘਰ ਦੀ ਵਿਰਾਸਤ ਅਤੇ ਬਾਣੀ ਦੀ ਗੁੜ੍ਹਤੀ ਨੇ ਗੁਰੂ ਅਰਜਨ ਦੇ ਵਿਅਕਤਿੱਤਵ ਦੀ ਉਸਾਰੀ ਵਿਚ ਵਿਸ਼ੇਸ਼ ਹਿੱਸਾ ਪਾਇਆ। ਸੁਚੱਜੇ ਵਾਤਾਵਰਣ ਵਿਚੋਂ ਮਿਲੀਆਂ ਪ੍ਰੇਰਨਾਵਾਂ ਨੇ ਕਿਸ਼ੋਰ ਉਮਰੇ ਉਨ੍ਹਾਂ ਦੀ ਸਖ਼ਸ਼ੀਅਤ ਨੂੰ ਉਸਾਰੂ ਸੇਧਾਂ ਦਿੱਤੀਆਂ। ਪਰ ਵਿਅਕਤਿਤਵ ਦੇ ਅਦੁੱਤੀਪਣ ਦੇ ਪਿਛੋਕੜ ਕੇਵਲ ਬੈਰੂਨੀ ਵਾਤਾਵਰਣ ਦੀ ਦੇਣ ਹੀ ਕੰਮ ਨਹੀਂ ਸੀ ਕਰ ਰਹੀ। ਗੁਰੂ ਅਰਜਨ ਦੇਵ ਜੀ ਨਿਵੇਕਲੀ ਸਖ਼ਸ਼ੀਅਤ ਦਾ ਮੁੱਖ ਆਧਾਰ ਉਨ੍ਹਾਂ ਦੀ ਨਿੱਜੀ ਪ੍ਰਤਿਭਾ ਸੀ, ਜੋ ਅਨੁਕੂਲ ਵਾਤਾਵਰਣ ਦੇ ਪ੍ਰਭਾਵਾਂ ਹੇਠ ਮੌਲੀ ਤੇ ਵਿਗਸੀ, ਯੁਵਕ ਅਰਜਨ ਦੇ ਨਿੱਜਤਵ ਵਿਚ ਰਚੇ ਗੁਣਾਂ ਤੇ ਵਸਫ਼ਾਂ ਨੇ ਇਕ ਅਜਿਹੀ ਸਖ਼ਸ਼ੀਅਤ ਦਾ ਨਿਰਮਾਣ ਕੀਤਾ, ਜਿਸਦੀ ਪੱਧਰ ਨੂੰ ਨਾ ਪ੍ਰਿਥੀ ਚੰਦ, ਨਾ ਮਹਾਂਦੇਵ ਤੇ ਨਾ ਹੀ ਕੋਈ ਹੋਰ ਨਿਕਟ ਸੰਬੰਧੀ ਪਹੁੰਚ ਸਕਿਆ। ਚਾਹੇ ਦੋਹਾਂ ਭਰਾਵਾਂ ਨੂੰ ਵੀ ਗੁਰੂ ਘਰ ਦਾ ਉਹੀ ਵਾਤਾਵਰਣ ਪ੍ਰਾਪਤ ਹੋਇਆ ਸੀ।[25] ਗੁਰੂ ਸਾਹਿਬ ਦੀ ਸਖ਼ਸ਼ੀਅਤ ਅਧਿਆਤਮਵਾਦ, ਰਹੱਸਵਾਦ ਤੇ ਆਦਰਸ਼ਵਾਦ ਦੀ ਤ੍ਰਿਵੈਣੀ ਸੀ। ਗੁਰੂ ਅਰਜਨ ਦੇਵ ਜੀ ਦਾ ਜੀਵਨ ਪਿਤਾ ਗੁਰੂ ਰਾਮਦਾਸ ਜੀ ਵਲੋਂ ਪ੍ਰਭੂ-ਵਿਸ਼ਵਾਸ ਦੀ ਪਰਪੱਕਤਾ, ਮਾਤਾ ਭਾਨੀ ਜੀ ਵੱਲੋਂ ਆਚਰਣਕ ਸਵੱਛਤਾ ਅਤੇ ਨਾਨੇ ਗੁਰੂ ਅਮਰਦਾਸ ਜੀ ਵਲੋਂ ਪਰਉਪਕਾਰ ਤੇ ਨਿਸ਼ਕਾਮਤਾ ਦੀ ਤਿਕੋਣ ਵਿਚ ਉਸਰਿਆ ਤੇ ਨਿਸਰਿਆ ਸੀ। ਇਸ ਜੀਵਨ ਨੇ ਪੰਜਾਬ ਦੇ ਧਾਰਮਕ, ਸਭਿਆਚਾਰਕ, ਸਾਹਿਤਕ ਤੇ ਰਾਜਨੀਤਿਕ ਪੱਖਾਂ ਤੇ ਸਦੀਵੀ ਤੇ ਅਮਰ ਪ੍ਰਭਾਵ ਪਾਇਆ ਹੈ। ਡਾ. ਕਰਤਾਰ ਸਿੰਘ ਸੂਰੀ ਗੁਰੂ ਅਰਜਨ ਦੇਵ ਜੀ ਦੀ ਸਖ਼ਸ਼ੀਅਤ ਬਾਰੇ ਲਿਖਦੇ ਹਨ:

> ਗੁਰੂ ਅਰਜਨ ਦੇਵ ਵਰਗਾ ਸ਼ਕਤੀਸ਼ਾਲੀ ਤੇ ਬਹੁ-ਪੱਖੀ ਵਿਅਕਤਿੱਤ੍ਵ ਸੰਸਾਰ ਦੇ ਵਿਚ ਕਦੀ ਕਦੀ ਹੀ ਪ੍ਰਗਟ ਹੁੰਦਾ ਹੈ। ਗੁਰੂ ਅਰਜਨ ਦੇਵ ਜਿਥੇ ਪ੍ਰਭੂ ਦੇ ਸੱਚੇ ਭਗਤ ਤੇ ਸਾਧਕ ਸਨ, ਉਥੇ ਆਪ ਮਹਾਨ ਗੁਰੂ, ਅਮਰ ਕਵੀ, ਉੱਚਤਮ ਸੰਗੀਤਕਾਰ, ਅਦੁੱਤੀ ਸੰਪਾਦਕ ਅਤੇ ਅਨੁਪਮ

ਸ਼ਿਲਪਕਾਰ ਵੀ ਸਨ। ਆਪ ਮਨੁੱਖਤਾ ਦੇ ਸ਼ਾਹਨਸ਼ਾਹ ਸਨ। ਉਚ-ਨੀਚ ਦਾ ਭੇਦ ਮਿਟਾ ਕੇ ਸਾਂਝੀਵਾਲਤਾ ਤੇ ਭ੍ਰਾਤਰੀ ਭਾਵ ਪੈਦਾ ਕਰਨ ਵਾਲੇ ਨਿਰਵੈਰ ਸਮਾਜਕ ਨੇਤਾ ਸਨ। ਸੱਚੇ ਦੇਸ਼ ਭਗਤ ਸਨ ਜੋ ਦੇਸ਼ ਤੇ ਕੌਮ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਵੀ ਦੇ ਸਕਦੇ ਸਨ। ਜੇ ਪਰਿਵਾਰਿਕ ਪੱਖ ਤੋਂ ਵੇਖੀਏ ਤਾਂ ਵੀ ਆਪ ਦਾ ਜੀਵਨ ਸੰਸਾਰ ਲਈ ਇਕ ਆਦਰਸ਼ ਹੈ। ਆਪ ਦਾ ਜੀਵਨ ਸੰਸਾਰ ਲਈ ਇਕ ਆਦਰਸ਼ ਹੈ। ਆਪ ਇਕ ਆਗਿਆਕਾਰ ਤੇ ਹੋਣਹਾਰ ਸਪੁੱਤਰ ਸਨ, ਉਦਾਰ ਚਿੱਤ ਤੇ ਖਿਮਾਵਾਨ ਭਰਾ ਸਨ, ਇਕ ਪ੍ਰੇਮੀ ਪਤੀ ਸਨ ਤੇ ਇਕ ਪਿਆਰ ਰੱਤੇ ਪਿਤਾ ਸਨ। ਆਪ ਸਹਿਨਸ਼ੀਲਤਾ, ਖਿਮਾ, ਨਿਡਰਤਾ, ਸੁਹਿਰਦਤਾ ਤੇ ਕੋਮਲਤਾ ਦੀ ਸਾਕਾਰ ਮੂਰਤ ਸਨ।[26]

ਗੁਰੂ ਅਰਜਨ ਦੇਵ ਜੀ ਦੀ ਸਖ਼ਸ਼ੀਅਤ ਦਾ ਵਰਣਨ ਕਰਦੇ ਹੋਏ ਕਲ੍ਹ ਭੱਟ ਨੇ ਵੀ ਕਿਹਾ ਹੈ:

ਗੁਰ ਅਰਜੁਨ ਗੁਣ ਸਹਿਜ ਬਿਚਾਰੰ॥
ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ॥
ਸਗਲ ਮਨੋਰਥ ਪੂਰੀ ਆਸਾ॥
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ॥
ਕਲ੍ਹ ਜੋੜਿ ਕਰ ਸੁਜਸੁ ਵਖਾਣਿਓ॥
ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ॥
ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ॥
ਗੁਰੁ ਨਾਨਕ ਅੰਗਦ ਅਮਰ ਲਾਗਿ ਉਤਮੁ ਪਦੁ ਪਾਯਉ॥
ਗੁਰੁ ਅਰਜਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ॥[27]

ਡਾ. ਰਤਨ ਸਿੰਘ ਜੱਗੀ ਗੁਰੂ ਅਰਜਨ ਦੇਵ ਜੀ ਦੀ ਸਖ਼ਸ਼ੀਅਤ ਬਾਰੇ ਆਪਣੇ ਵਿਚਾਰ ਪ੍ਰੇਸ਼ ਕਰਦੇ ਹੋਏ ਆਖਦੇ ਹਨ ਕਿ ਗੁਰੂ ਸਾਹਿਬ ਇਕ ਵਿਦਵਾਨ ਹੀ ਨਹੀਂ, ਸ੍ਰੇਸ਼ਠ ਲੋਕ-ਨਾਇਕ ਵੀ ਸਨ। ਲੋਕ ਨਾਇਕ ਦੀ ਸਦਾ ਇਹ ਵਿਸ਼ੇਸ਼ਤਾ ਰਹਿੰਦੀ ਹੈ ਕਿ ਚਾਰਿਤ੍ਰਿਕ ਤੌਰ ਉਤੇ ਦ੍ਰਿੜ ਹੁੰਦਾ ਹੋਇਆ ਬੜੀ ਨਿਮਰਤਾ ਨਾਲ ਲੋਕ ਕਲਿਆਣ ਦੇ ਕਾਰਜਾਂ ਵਿਚ ਸਦਾ ਮਹਾਨ ਰਹਿੰਦਾ ਹੈ ਅਤੇ ਸਰਵ-ਸਾਂਝੀਵਾਲਤਾ ਦਾ ਉਪਦੇਸ਼ ਦੇ ਕੇ ਸਾਰੇ ਮਨੁੱਖਾਂ ਨੂੰ ਪ੍ਰੇਮ ਦੇ ਸੂਤਰ ਵਿਚ ਪਰੋਈ

ਰੱਖਦਾ ਹੈ। ਗੁਰੂ ਅਰਜਨ ਦੇਵ ਨੇ ਮਨੁੱਖਤਾ ਦੇ ਭਲੇ ਲਈ ਲੋਕਨਾਇਕ ਦੀ ਸੁੰਦਰ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਪਰਮਾਤਮਾ ਨੂੰ ਸਭ ਦਾ ਸਾਂਝਾ ਪਿਤਾ ਦੱਸ ਕੇ ਪ੍ਰਕਾਰਾਂਤਰ ਨਾਲ ਸਾਰੇ ਮਨੁੱਖਾਂ ਨੂੰ ਭ੍ਰਾਤ੍ਰੀ-ਭਾਵ ਦੇ ਕਲਾਵੇ ਵਿਚ ਲਿਆਉਂਦਿਆਂ ਕਿਹਾ ਹੈ:[28]

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਜਿਸੁ ਤੂ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ॥
ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥[29]

ਉਪਰੋਕਤ ਕਥਨਾਂ ਤੋਂ ਇਹ ਸੁੱਤੇ-ਸਿੱਧ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਅਰਜਨ ਪੰਜਵੇਂ ਗੁਰੂ, ਸਿੱਖ ਧਾਰਮਿਕ ਸਮਾਜ ਵਿਚ ਇਕ ਬਹੁਤ ਹੀ ਮਹੱਤਵਪਰਨ ਸਥਾਨ ਰੱਖਦੇ ਹਨ ਅਤੇ ਆਪਣੀ ਇਕ ਅਲੱਗ ਸਖ਼ਸ਼ੀਅਤ ਸਦਕਾ ਸੰਤਾਂ, ਮਹਾਂਪੁਰਸ਼ਾਂ ਅਤੇ ਭਗਤਾਂ ਦੀ ਅਕਾਸ਼ ਗੰਗਾ ਵਿਚ ਇਕ ਚਮਕਦੇ ਤਾਰੇ ਦੇ ਸਮਾਨ ਹਨ।[30]

ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਆਪਣੀ ਪਵਿੱਤਰ ਜਾਤ ਵਿਚ ਅੰਤਰਮੁਖੀ ਤੇ ਬਾਹਰਮੁਖੀ ਦੋਹਾਂ ਹੀ ਕਿਸਮ ਦੀਆਂ ਸਖ਼ਸ਼ੀਅਤਾਂ ਦਾ ਇਕ ਆਦਰਸ਼ਕ ਤੇ ਅਲੌਕਿਕ ਮੇਲ ਕਾਇਮ ਹੋਇਆ ਦਿਖਾਈ ਦਿੰਦਾ ਹੈ। ਜਿੱਥੇ ਇਕ ਪਾਸੇ ਆਪ ਦੇ ਆਤਮਿਕ ਪਾਵਰ ਹਾਊਸ ਤੋਂ ਬਾਣੀ ਦੇ ਰੂਪ ਵਿਚ ਜੀਵਤ ਬਿਜਲੀਆਂ ਦੇ ਅਸਗਾਹ ਦਰਿਆ ਵਹਿ ਨਿਕਲੇ, ਉਥੇ ਦੂਜੇ ਪਾਸੇ ਆਪ ਆਪਣੀ ਕੌਮ ਦੀ ਉਸਾਰੀ ਉਸਾਰਨ ਵਾਲੇ ਇਕ ਮਹਾਨ ਪ੍ਰਬੰਧ ਕਰਤਾ ਤੇ ਕੌਮੀ ਜਥੇਬੰਦੀ ਨੂੰ ਜਨਮ ਦੇਣ ਵਾਲੇ ਅਦੁੱਤੀ ਆਗੂ ਸਾਬਤ ਹੋਏ ਹਨ। ਆਪ ਦੇ ਜੀਵਨ ਕਾਲ ਵਿਚ ਬੜੀਆਂ ਸਕੀਮਾਂ ਨੂੰ ਪਹਿਲਾਂ ਆਪਣੀ ਕਲਪਨਾ ਵਿਚ ਜਨਮ ਦਿੱਤਾ ਤੇ ਫਿਰ ਪ੍ਰਤੱਖ ਤੌਰ ਤੇ ਮੂਰਤੀਮਾਨ ਕਰ ਵਿਖਾਇਆ।[31]

ਨਿਸ਼ਚਿਤ ਰੂਪ ਵਿਚ ਗੁਰੂ ਅਰਜਨ ਸਾਹਿਬ ਨੂੰ ਆਦਰਸ਼ ਸੰਤ ਸਖ਼ਸ਼ੀਅਤ ਕਿਹਾ ਜਾ ਸਕਦਾ ਹੈ ਜੋ ਕਿ ਸੰਸਾਰ ਭਰ ਵਿਚ ਬੇਮਿਸਾਲ ਹੈ। ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਗੁਰੂ ਅਰਜਨ ਦੇਵ ਜੀ ਨੇ ਆਪਣਾ ਸੰਸਾਰੀ ਜੀਵਨ ਕੇਵਲ 32 ਸਾਲ ਹੀ ਜੀਵਿਆ। ਬੇਸ਼ਕ ਗਿਣਤੀ ਪੱਖੋਂ ਇਹ ਸਾਲ ਘੱਟ

ਜਾਪਦੇ ਹਨ ਪਰ ਥੋੜੇ ਜਿਹੇ ਅਰਸੇ ਵਿਚ ਗੁਰੂ ਸਾਹਿਬ ਨੇ ਦੂਰਗਾਮੀ ਪ੍ਰਭਾਵਾਂ ਵਾਲੇ ਕਈ ਮਹੱਤਵਪੂਰਨ ਕੰਮਾਂ ਨੂੰ ਹੱਥ ਪਾਇਆ ਤੇ ਸੰਪੂਰਨ ਕੀਤਾ। ਗੁਰੂ ਜੀ ਦੀ ਸਖ਼ਸ਼ੀਅਤ ਵਿਚ ਆਗਿਆਕਰਤਾ, ਪਰਮਾਤਮਾ ਪ੍ਰਤੀ ਪੂਰਨ ਸਮਰਪਣ ਅਤੇ ਅਤਿ ਦੀ ਸਹਿਨਸ਼ੀਲਤਾ ਦੇ ਗੁਣਾਂ ਨੇ ਆਪ ਜੀ ਦੀਆਂ ਰਚਨਾਤਮਿਕ ਬਿਰਤੀਆਂ ਨੂੰ ਪੂਰਨ ਚੇਤੰਨ ਬਣਾਈ ਰੱਖਿਆ। "ਸੰਤ ਕਿਸੇ ਭੇਖ ਦਾ ਨਾਮ ਨਹੀਂ ਸਗੋਂ ਇਸ ਕਿਸਮ ਦੇ ਰੱਬੀ ਜੀਵਨ ਆਦਰਸ਼ ਰੱਖਣ ਵਾਲੇ ਮਹਾਂਪੁਰਖਾਂ ਲਈ ਸੰਤ ਸ਼ਬਦ ਅਸਲ ਅਰਥਾਂ ਵਿਚ ਵਰਤਿਆ ਜਾ ਸਕਦਾ ਹੈ। ਇਹ ਸਾਰੇ ਲੱਛਣ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਪਣੀ ਪਵਿੱਤਰ ਸਖ਼ਸ਼ੀਅਤ ਉੱਤੇ ਅੱਖਰ ਅੱਖਰ ਠੀਕ ਘਟਦੇ ਹਨ। ਮਹਾਰਾਜ ਦੀ ਆਪਣੀ ਨਿਰਵੈਰ, ਸਮਦ੍ਰਿਸ਼ਾ ਤੇ ਪਰਉਪਕਾਰੀ ਆਤਮਾ ਦਾ ਇਹ ਜੀਉਂਦਾ ਜਾਗਦਾ ਸਹੀ ਚਿੱਤਰ ਹੈ।"[32] ਡਾ. ਰਤਨ ਸਿੰਘ ਜੱਗੀ ਗੁਰੂ ਸਾਹਿਬ ਦੀ ਸਖ਼ਸ਼ੀਅਤ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕਰਦੇ ਹੋਏ ਆਖਦੇ ਹਨ:

> ਇਸ ਤਰ੍ਹਾਂ ਸੋਲ੍ਹਵੀਂ ਸਦੀ ਦੀ ਅੰਤਿਮ ਚੌਥਾਈ ਅਤੇ ਸਤਾਰਵੀਂ ਸਦੀ ਦੇ ਦਹਾਕੇ ਵਿਚ ਪੰਜਾਬ ਵਿਚ ਇਕ ਅਜਿਹੇ ਮਹਾਨ ਸਾਧਕ ਦਾ ਪ੍ਰਕਾਸ਼ ਹੋਇਆ ਜਿਸਨੇ ਮਨੁੱਖਤਾ ਲਈ ਸਰਵ-ਸਾਂਝੇ ਧਰਮ ਨੂੰ ਪੱਕੇ ਪੈਰਾਂ ਤੇ ਖੜ੍ਹਾ ਕੀਤਾ ਅਤੇ ਲੋਕਾਂ ਦੇ ਮਨ ਵਿਚ ਸਹਿਨਸ਼ੀਲਤਾ ਦੀ ਭਾਵਨਾ ਦਾ ਵਿਕਾਸ ਕਰਕੇ ਇਕ ਨਵੇਂ ਸਮਾਜ ਨੂੰ ਜਨਮ ਦਿੱਤਾ ਜਿਸਨੇ ਸਹਿਜੇ ਸਹਿਜੇ ਪੰਜਾਬ ਦੇ ਸਭਿਆਚਾਰ ਦਾ ਸੁਭਾ ਹੀ ਬਦਲ ਦਿੱਤਾ।[33]

### (ਅ) ਗੁਰੂ ਅਰਜਨ ਦੇਵ: ਰਚਨਾ ਸੰਸਾਰ

ਗੁਰੂ ਅਰਜਨ ਸਾਹਿਬ ਦੀ ਬਾਣੀ ਵਿਚ ਤੀਖਣ ਜਜ਼ਬਾ, ਵਲਵਲੇ ਦਾ ਅਮੁੱਲ ਪ੍ਰਵਾਹ ਅਤੇ ਦਰਿਆ ਵਰਗੀ ਕਹਿਰਾਂ ਦੀ ਰਵਾਨੀ ਹੈ। ਗੁਰੂ ਸਾਹਿਬ ਬੋਲੀ ਦੇ ਉਸਤਾਦ ਅਤੇ ਉੱਘੇ ਭਾਸ਼ਾ ਆਚਾਰੀਆ ਸਨ। ਉਨ੍ਹਾਂ ਦਾ ਸ਼ਬਦ ਕੋਸ਼ ਵਿਸ਼ਾਲ ਹੈ। ਡਾ. ਮਹਿੰਦਰ ਕੌਰ ਗਿੱਲ ਦੇ ਸ਼ਬਦਾਂ ਵਿਚ ਗੁਰੂ ਅਰਜਨ ਦੇਵ ਦੇ ਸਿਰਜਨ ਕ੍ਰਮ ਵਿਚ ਵਿਸ਼ਾਲ ਵੰਨ ਸੁਵੰਨਤਾ ਹੈ। ਵਿਸ਼ੇ ਅਤੇ ਰੂਪ ਪੱਖੋਂ ਵੀ। ਇਸ ਤਰ੍ਹਾਂ ਵੰਨ ਸੁਵੰਨਾ ਭਾਸ਼ਾ ਪ੍ਰਯੋਗ ਵੀ ਇਨ੍ਹਾਂ ਦੀ ਬਾਣੀ ਦਾ ਸ਼ਿੰਗਾਰ ਹੈ। ਬਹੁ-ਰੰਗ ਵੰਨ ਸੁਵੰਨਤਾ ਇਨ੍ਹਾਂ ਦੀ ਰਚਨਾ ਦੇ ਆਕਾਰ ਨੂੰ ਵਡੇਰਾ ਤਾਂ ਕਰਦੀ ਹੈ ਪਰ ਭਾਵ ਬਿਰਤੀ ਨੂੰ ਖੰਡਿਤ ਨਹੀਂ। ਗੁਰੂ ਅਰਜਨ ਬਾਣੀ ਵਿਚ ਬਿਰਧ ਬਜ਼ੁਰਗਾਂ ਵਾਲਾ ਦੁਹਰਾਉ, ਸਰਲਤਾ ਅਤੇ ਸੁਗਮਤਾ ਜਿਥੇ ਇਕ ਦੂਜੇ ਦੇ

ਹਾਣੀ ਬਣ ਕੇ ਤੁਰਦੇ ਹਨ, ਉਥੇ ਸੰਜਮ ਵੀ ਕਮਾਲ ਦਾ ਹੈ। ਮੱਧਕਾਲੀਨ ਭਾਰਤੀ ਕਾਵਿ ਪ੍ਰਣਾਲੀਆਂ ਅਨੁਸਾਰ ਪੰਚਮ ਗੁਰੂ ਦੀ ਬਾਣੀ ਉੱਦਾਤ-ਕਾਵਿ ਦੀ ਪਦਵੀ ਨੂੰ ਪ੍ਰਾਪਤ ਹੁੰਦੀ ਹੈ।"[34] ਗੁਰੂ ਸਾਹਿਬ ਦੀ ਬਾਣੀ ਪ੍ਰਮੁੱਖ ਤੌਰ 'ਤੇ ਅਧਿਆਤਮਕ ਰਚਨਾ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਪ੍ਰਮਾਤਮਾ, ਆਤਮਾ ਅਤੇ ਪ੍ਰਕਿਰਤੀ ਆਦਿ ਨਾਲ ਸੰਬੰਧਿਤ ਮਨੁੱਖ ਦੇ ਪ੍ਰਸ਼ਨਾਂ ਅਤੇ ਇਨ੍ਹਾਂ ਦੇ ਆਪਸੀ ਸੰਬੰਧਾਂ ਦੀ ਅਧਿਆਤਮਕ ਦ੍ਰਿਸ਼ਟੀ ਤੋਂ ਵਿਆਖਿਆ ਕੀਤੀ ਹੈ। ਇਸ ਦੇ ਨਾਲ ਹੀ ਗੁਰੂ ਸਾਹਿਬ ਦੀ ਬਾਣੀ ਜੀਵਨ ਤੇ ਮੌਤ, ਸੰਸਾਰ ਤੇ ਮਨੁੱਖ, ਗੁਰਮੁੱਖ ਤੇ ਮਨਮੁੱਖ, ਪਰਮਾਤਮਾ ਤੇ ਉਸਦੀ ਰਚਨਾ ਅਤੇ ਪੁਨਰ ਜਨਮ ਤੇ ਮੁਕਤੀ ਆਦਿ ਕਈ ਵਿਚਾਰਧਾਰਾਵਾਂ ਨੂੰ ਬਹੁਤ ਹੀ ਸੰਜਮਮਈ, ਸਪੱਸ਼ਟ, ਸਰਲ ਅਤੇ ਸੁਚੱਜੀ ਕਾਵਿਕ ਸ਼ੈਲੀ ਦੁਆਰਾ ਸੁਲਝਾਉਂਦੀ ਹੋਈ ਅਜਿਹੇ ਨਿੱਗਰ ਸਭਿਆਚਾਰਕ ਮੁੱਲਾਂ ਦਾ ਸੰਚਾਰ ਕਰਦੀ ਹੈ ਜਿਹੜੀ ਮਨੁੱਖ ਤੇ ਸਮਾਜ ਵਿਚ ਇਕਸੁਰਤਾ ਅਤੇ ਸੁਖਾਵਾਂਪਨ ਲਿਆਉਣ ਲਈ ਬਹੁਤ ਹੀ ਸਾਰਥਕ ਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਸਕਣ ਦੇ ਯੋਗ ਹੈ।

> ਡਾ. ਗੋਪਾਲ ਸਿੰਘ ਦਰਦੀ ਦਾ ਇਹ ਮਤ ਸਾਡੇ ਉਕਤ ਕਥਨ ਦੀ ਸਹੀ ਪ੍ਰੋੜਤਾ ਕਰਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਫਲਸਫ਼ਾ ਉਹੀ ਹੈ ਜੋ ਪਹਿਲੇ ਚਾਰ ਗੁਰੂ ਸਾਹਿਬਾਨ ਦਾ ਹੈ। ਗ੍ਰਹਿਸਥ ਵਿਚ ਉਦਾਸ ਦਾ, ਨਾਮ ਸਿਮਰਨ ਦਾ, ਰੱਬ ਦੇ ਭਉ ਭਾਉ ਤੇ ਮਿਹਰ ਦਾ, ਜੀਵੰਦਿਆਂ, ਖਿੜਿਆਂ, ਆਸ਼ਾ ਵਿਚ ਜਾਗਦਿਆਂ ਹੋਣ ਦਾ, ਸਹਿਜ ਦਾ, ਮਨੁੱਖ ਦਾ ਧਰਤੀ ਤੇ ਰਹਿ ਕੇ ਪਾਪ ਨਾਲ ਘੋਲ ਕਰਨ ਦਾ, ਪਰ ਜੀਵਨ ਤੇ ਜੀਵਨ ਦੀਆਂ ਲੋੜਾਂ, ਖੁਸ਼ੀਆਂ ਤੋਂ ਮੂੰਹ ਨਾ ਮੋੜਨ ਦਾ ਕਿਉਂ ਜੋ ਗੁਰੂ ਅਰਜਨ ਦੇ ਖਿਆਲ ਵਿਚ ਪਹਿਲੇ ਰੱਬ ਨੇ ਮਨੁੱਖ ਮਾਤਰ ਦੇ ਜੀਣ ਲਈ ਉਸਦੀ ਉਪਜੀਵਕਾ ਪੈਦਾ ਕੀਤੀ ਤੇ ਪਿੱਛੋਂ ਮਨੁੱਖ।[35]

ਗੁਰੂ ਅਰਜਨ ਦੇਵ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ ਬਹੁਤ ਮਹਾਨ ਹੈ। ਗੁਰੂ ਸਾਹਿਬ ਤੋਂ ਪਹਿਲਾਂ ਨਾਥ ਜੋਗੀਆਂ ਦਾ ਸਾਹਿਤ, ਬਾਬਾ ਫ਼ਰੀਦ, ਪਹਿਲੇ ਚਾਰ ਗੁਰੂ ਸਾਹਿਬਾਨਾਂ ਦੀ ਬਾਣੀ ਕਿੱਸਾ ਕਾਵਿ ਦੀਆਂ ਮੁੱਢਲੀਆਂ ਵੰਨਗੀਆਂ, ਲੌਕਿਕ ਸਾਹਿਤ ਤੇ ਕੁੱਲ ਵਾਰਤਕ ਵਿਧਾਵਾਂ ਹੋਂਦ ਵਿਚ ਆ ਚੁੱਕੀਆਂ ਸਨ। ਇਸੇ ਵਿਰਸੇ ਨੂੰ ਅੱਗੇ ਤੋਰਦਿਆਂ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਲਗਭਗ ਢਾਈ ਹਜ਼ਾਰ ਸ਼ਬਦਾਂ/ਸਲੋਕਾਂ ਦੀ ਰਚਨਾ ਕੀਤੀ। ਜਨ ਜੀਵਨ ਵਿਚੋਂ ਬਿੰਬ ਸਿਰਜਕੇ ਅਨੇਕਾਂ ਸੁੰਦਰ ਅਲੰਕਾਰਾਂ ਰਾਹੀਂ ਜਨ ਸਧਾਰਨ ਨੂੰ ਉਸ ਅਲੌਕਿਕ ਪਰਮ ਪਿਤਾ ਪ੍ਰਮਾਤਮਾ ਨਾਲ ਮੇਲਣ ਦਾ ਮਾਰਗ

ਦਿਖਾਇਆ ਹੈ। ਗੁਰੂ ਗ੍ਰੰਥ ਸਾਹਿਬ ਦੇ ਕੁੱਲ 1430 ਪੰਨਿਆਂ ਵਿਚੋਂ ਲਗਭਗ 650 ਪੰਨਿਆਂ ਵਿਚ ਪੰਜਵੇਂ ਪਾਤਸ਼ਾਹ ਦੀ ਬਾਣੀ ਸੁਸ਼ੋਭਿਤ ਹੈ। ਆਪ ਜੀ ਦੀ ਬਾਣੀ ਨਾ ਕੇਵਲ ਆਕਾਰ ਦੀ ਦ੍ਰਿਸ਼ਟੀ ਤੋਂ ਅਧਿਕ ਹੈ ਸਗੋਂ ਵਿਸ਼ੇ ਦੀ ਦ੍ਰਿਸ਼ਟੀ ਤੋਂ ਵੀ ਵਿਸ਼ਾਲ ਅਤੇ ਬਹੁ-ਦਿਸ਼ਾਵੀ ਹੈ। ਮਹਾਨ ਧਰਮ ਸਾਧਕ ਹੋਣ ਦੇ ਨਾਤੇ ਗੁਰੂ ਸਾਹਿਬ ਦੀ ਬਾਣੀ ਧਰਮ, ਅਧਿਆਤਮਿਕ ਅਤੇ ਮਨੁੱਖੀ ਜੀਵਨ ਨੂੰ ਬੜੇ ਯਥਾਰਥ ਅਤੇ ਵਿਸਤਾਰ ਨਾਲ ਸਪੱਸ਼ਟ ਕਰਦੀ ਹੈ। ਗੁਰੂ ਅਰਜਨ ਸਾਹਿਬ ਦੁਆਰਾ ਰਚੀ ਬਾਣੀ ਦਾ ਸੰਖਿਪਤ ਬਿਉਰਾ ਇਸ ਪ੍ਰਕਾਰ ਹੈ:

| | | |
|---|---|---|
| 1. | ਸਿਰੀ ਰਾਗ | ਚਉਪਦੇ-30, ਅਸਟਪਦੀਆਂ-3, ਪਹਰਾ-1, ਛੰਤ-2 ਸਲੋਕ -6 (ਇਕ ਵਾਰ ਮ. 4 ਵਿਚ ਅਤੇ ਪੰਜ ਛੰਤ ਅੰਕ 2 ਨਾਲ ਡਖਣਿਆਂ ਦੇ ਰੂਪ ਵਿਚ)= 42 |
| 2. | ਮਾਝ ਰਾਗ | ਚਉਪਦੇ-43, ਅਸਟਪਦੀਆਂ-5, ਪਦੇ-18 (ਬਾਰਹ ਮਾਹਾ-14 ਅਤੇ ਦਿਨ ਰੈਣਿ-4) = 66 |
| 3. | ਗਉੜੀ ਰਾਗ | ਚਉਪਦੇ-172, ਅਸਟਪਦੀਆਂ-39, (24 ਸੁਖਮਨੀ ਵਿਚੋਂ), ਛੰਤ-4, ਪਦੇ-72 (55 ਬਾਵਨ-ਅਖਰੀ, 17 ਥਿਤੀ ਵਿਚ), ਸਲੋਕ-148 (1 ਛੰਤ ਅੰਕ 3 ਨਾਲ, 56 ਬਾਵਨ ਅਖਰੀ, 24 ਸੁਖਮਨੀ ਵਿਚ, 17 ਥਿਤੀ ਵਿਚ, 8 ਵਾਰ ਮ. 4 ਵਿਚ, 42 ਵਾਰ ਮ. ਪ ਵਿਚ), ਪਉੜੀਆਂ-26 (5 ਵਾਰ ਮ. 4 ਵਿਚ ਅਤੇ 21 ਵਾਰ ਮ. ਪ ਵਿਚ) = 461 |
| 4. | ਆਸਾ ਰਾਗ | ਚਉਪਦੇ-164, (ਧੰਨੇ ਭਗਤ ਦੇ ਬਾਣੀ-ਪ੍ਰਕਰਣ ਵਿਚਲੇ ਇਕ ਸ਼ਬਦ ਸਮੇਤ), ਅਸਟਪਦੀਆਂ-5 (ਤਿੰਨ ਬਿਰਹੜਿਆਂ ਸਹਿਤ), ਛੰਤ-14, ਸਲੋਕ-5 (ਛੰਤ ਅੰਕ 4-7 ਅਤੇ 9 ਨਾਲ) = 188 |

| | | |
|---|---|---|
| 5. | ਗੂਜਰੀ ਰਾਗ | ਚਉਪਦੇ-32, ਅਸਟਪਦੀਆਂ-2, ਪਉੜੀਆਂ-21 ਅਤੇ ਸਲੋਕ-42 (ਵਾਰ-ਮ. ੫ ਵਿਚ) = 97 |
| 6. | ਦੇਵ ਗੰਧਾਰੀ ਰਾਗ | ਚਉਪਦੇ-38 = 38 |
| 7. | ਬਿਹਾਗੜਾ ਰਾਗ | ਚਉਪਦਾ-1, ਛੰਤ-9, ਸਲੋਕ-2 (ਵਾਰ ਮ. ੪ ਵਿਚ) = 12 |
| 8. | ਵਡਹੰਸ ਰਾਗ | ਚਉਪਦੇ-9, ਛੰਤ-3, ਸਲੋਕ -4 (ਛੰਤ ਅੰਕ 2 ਨਾਲ) = 16 |
| 9. | ਸੋਰਠ ਰਾਗ | ਚਉਪਦੇ-94, ਅਸਟਪਦੀਆਂ-3 = 97 |
| 10. | ਧਨਾਸਰੀ ਰਾਗ | ਚਉਪਦੇ-58, ਅਸਟਪਦੀ-1, ਛੰਤ-1 = 60 |
| 11. | ਜੈਤਸਰੀ ਰਾਗ | ਚਉਪਦੇ-13, ਛੰਤ-3, ਸਲੋਕ-45 (40 ਸਲੋਕ ਵਾਰ ਮ. ੫ ਵਿਚ, 5 ਸਲੋਕ ਛੰਤ ਅੰਕ 2 ਨਾਲ), ਪਉੜੀਆਂ-20 (ਵਾਰ ਮ. ੫ ਵਿਚ) = 81 |
| 12. | ਟੋਡੀ ਰਾਗ | ਚਉਪਦੇ-30 = 30 |
| 13. | ਬੈਰਾੜੀ ਰਾਗ | ਚਉਪਦਾ-1 = 1 |
| 14. | ਤਿਲੰਗ ਰਾਗ | ਚਉਪਦੇ-5 = 5 |
| 15. | ਸੂਹੀ ਰਾਗ | ਚਉਪਦੇ-59 (ਗੁਣਵੰਤੀ ਵਾਲੇ ਚਉਪਦੇ ਸਹਿਤ), ਅਸਟਪਦੀਆਂ-5, ਛੰਤ-11 = 75 |
| 16. | ਬਿਲਾਵਲ ਰਾਗ | ਚਉਪਦੇ-129, ਅਸਟਪਦੀਆਂ-2, ਛੰਤ-5, ਸਲੋਕ-1 (ਛੰਤ ਅੰਕ 4 ਨਾਲ) = 137 |
| 17. | ਗੋਂਡ ਰਾਗ | ਚਉਪਦੇ-22, ਅਸਟਪਦੀ-1 = 23 |

| | | |
|---|---|---|
| 18. | ਰਾਮਕਲੀ ਰਾਗ | ਚਉਪਦੇ-60, ਅਸਟਪਦੀਆਂ-8, ਛੰਤ-5 (ਰੁਣਝੁੰਨਝਣਾ ਸਹਿਤ), ਪਦੇ-8, (ਰੁਤੀ ਵਿਚ), ਸਲੋਕ-65 (44 ਸਲੋਕ ਵਾਰ ਮ. ਪ ਵਿਚ, 16 'ਰੁਤੀ' ਵਿਚ,1 ਅਸਟਪਦੀ ਅੰਕ 7 ਨਾਲ, 4 ਛੰਤ ਅੰਕ 4 ਨਾਲ), ਪਉੜੀਆਂ-22 (ਵਾਰ ਮ. ਪ ਵਿਚ)=168 |
| 19. | ਨਟਨਾਰਾਇਨ ਰਾਗ | ਚਉਪਦੇ-10 = 10 |
| 20. | ਮਾਲੀ ਗਉੜਾ ਰਾਗ | ਚਉਪਦੇ-8 = 8 |
| 21. | ਮਾਰੂ ਰਾਗ | ਚਉਪਦੇ-32 (ਦੋ ਮਾਰੂ ਅੰਜਲੀ ਵਾਲੇ), ਅਸਟਪਦੀਆਂ-9 (ਦੋ ਮਾਰੂ ਅੰਜੁਲੀਆਂ ਵਾਲੀਆਂ), ਸੋਲਹੇ-14, ਸਲੋਕ-71, (69 ਵਾਰ ਮ. ਪ ਵਿਚ ਅਤੇ 2 ਵਾਰ ਮ. ੩), ਪਉੜੀਆਂ-23 (ਵਾਰ ਮ. ਪ ਵਿਚ) = 148 |
| 22. | ਤੁਖਾਰੀ ਰਾਗ | ਛੰਤ-1 = 1 |
| 23. | ਕੇਦਾਰਾ ਰਾਗ | ਚਉਪਦੇ-15, ਛੰਤ -1 = 16 |
| 24. | ਭੈਰਉ ਰਾਗ | ਚਉਪਦੇ-58 (ਕਬੀਰ ਬਾਣੀ ਵਿਚਲੇ ਅੰਕ 12 ਵਾਲੇ ਸਹਿਤ), ਅਸਟਪਦੀਆਂ-3 = 61 |
| 25. | ਬਸੰਤ ਰਾਗ | ਚਉਪਦੇ-21, ਅਸਟਪਦੀਆਂ-2, ਪਉੜੀਆਂ-3 (ਵਾਰ ਮ. ਪ ਵਿਚ) = 26 |
| 26. | ਸਾਰੰਗ ਰਾਗ | ਚਉਪਦੇ-140 (ਇਕ ਸੂਰਦਾਸ ਪ੍ਰਕਰਣ ਵਾਲਾ), ਅਸਟਪਦੀਆਂ-2, ਛੰਤ-1, ਸਲੋਕ-3 ਅਤੇ ਪਉੜੀ-1 (ਵਾਰ ਮ. ੪ ਵਿਚ) 147 |

| | | |
|---|---|---|
| 27. | ਮਲਾਰ ਰਾਗ | ਚਉਪਦੇ-30, ਛੰਤ-1, ਪਉੜੀ-1, ਸਲੋਕ-2 (ਵਾਰ ਮ. ੧ ਨਾਲ) =34 |
| 28. | ਕਾਨੜਾ ਰਾਗ | ਚਉਪਦੇ-50, ਛੰਤ-1 = 51 |
| 29. | ਕਲਿਆਨ ਰਾਗ | ਚਉਪਦੇ-10 = 10 |
| 30. | ਪ੍ਰਭਾਤੀ ਰਾਗ | ਚਉਪਦੇ-15, ਅਸਟਪਦੀਆਂ-3 = 18 |
| | ਸਹਸਕ੍ਰਿਤੀ ਸਲੋਕ : | ਸਲੋਕ-67 = 67 |
| | ਗਾਥਾ : | ਸਲੋਕ-24 = 24 |
| | ਫੁਨਹੇ: | ਸਲੋਕ-23 = 23 |
| | ਚਉਬੋਲੇ : | ਸਲੋਕ-11=11 |
| | ਸਲੋਕ ਕਬੀਰ ਪ੍ਰਕਰਣ : | ਸਲੋਕ-2 =2 |
| | ਸਲੋਕ ਫ਼ਰੀਦ ਪ੍ਰਕਰਣ : | ਸਲੋਕ-6 = 6 |
| | ਸਵੱਯੇ ਸ੍ਰੀਮੁਖਵਾਕ : | ਸਵੱਯੇ-20 = 20 |
| | ਸਲੋਕ ਵਾਰਾਂ ਤੇ ਵਧੀਕ : | ਸਲੋਕ-22 = 22 |
| | ਮੁੰਦਾਵਣੀ : | ਸਲੋਕ-2 = 2 |
| | ਕੁੱਲ ਜੋੜ | = 2304 |
| | ਬਾਣੀਵਾਰ ਕੁੱਲ ਜੋੜ: | ਚਉਪਦੇ-1349, ਅਸਟਪਦੀਆਂ-92, ਪਹਰਾ-1, ਸੋਲਹੇ-14, ਛੰਤ-62, ਪਦੇ-98, ਸਲੋਕ-551, ਪਉੜੀਆਂ-117, ਸਵੱਯੇ-20 = 2304[36] |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ ਵਿਚ ਗੁਰੂ ਸਾਹਿਬਾਨਾਂ ਦੁਆਰਾ ਬਾਣੀ ਉਚਾਰੀ ਹੋਈ ਦਰਜ ਹੈ ਇਨ੍ਹਾਂ ਵਿਚੋਂ 30 ਰਾਗਾਂ, ਵਿਚ ਗੁਰੂ ਅਰਜਨ ਦੇਵ ਜੀ ਨੇ ਉਚਾਰੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 31ਵਾਂ ਰਾਗ, ਜੈਜਾਵੰਤੀ ਰਾਗ ਹੈ ਜੋ ਗੁਰੂ ਤੇਗ ਬਹਾਦਰ ਜੀ ਨੇ ਹੀ ਪਿੱਛੋਂ ਵਰਤਿਆ ਹੈ ਤੇ ਇਸ ਰਾਗ ਵਿਚ ਬਾਣੀ ਉਚਾਰੀ। ਗੁਰੂ ਅਰਜਨ ਦੇਵ ਜੀ ਨੇ ਇਹ ਰਾਗ ਨਹੀਂ ਵਰਤਿਆ। "ਗੁਰੂ ਸਾਹਿਬ ਜੀ ਦੀ ਜਿਹੜੀ ਬਾਣੀ ਰਾਗਾਂ ਤੋਂ ਬਾਹਰ ਹੈ ਉਸ ਵਿਚ ਗਾਥਾ ਦੇ 24 ਬੰਦ, ਫੁਨਹੇ ਦੇ 23 ਬੰਦ, ਚਉਬੋਲੇ ਦੇ 11 ਬੰਦ, ਸਵੱਈਏ 20, ਮੁੰਦਾਵਣੀ ਦੇ ਦੋ ਬੰਦ, ਸਲੋਕ ਸਹਸਕ੍ਰਿਤੀ 67, ਕਬੀਰ ਜੀ ਦੇ ਸਲੋਕਾਂ ਵਿਚ 4 ਸਲੋਕ, ਫ਼ਰੀਦ ਬਾਣੀ ਵਿਚ 5 ਸਲੋਕ ਤੇ ਸਲੋਕ ਵਾਰਾਂ ਤੇ ਵਧੀਕ ਦੇ ਸਿਰਲੇਖ ਹੇਠ 22 ਸ਼ਾਮਿਲ ਹਨ।[37]

ਸੁਖਮਨੀ, ਬਾਵਨ ਅਖਰੀ, ਬਾਰਹ ਮਾਹਾ, ਰੁਤੀ ਅਤੇ ਥਿਤੀ ਗੁਰੂ ਸਾਹਿਬ ਦੀਆਂ ਪ੍ਰਸਿੱਧ ਵੱਡ-ਅਕਾਰੀ ਅਥਵਾ ਲੰਬੀਆਂ ਰਚਨਾਵਾਂ ਹਨ। ਪਹਿਰੇ, ਦਿਨ-ਰੈਣਿ, ਬਿਰਹੜੇ, ਗੁਣਵੰਤੀ ਅਤੇ ਅੰਜੁਲੀਆਂ ਲਘੂ-ਅਕਾਰੀ ਰਚਨਾਵਾਂ ਹਨ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਛੇ ਵਾਰਾਂ ਦੀ ਰਚਨਾ ਕੀਤੀ ਜੋ ਕਿ ਅਲੱਗ ਅਲੱਗ ਰਾਗਾਂ ਵਿਚ ਰਚੀਆਂ ਗਈਆਂ। ਗੁਰੂ ਅਰਜਨ ਦੇਵ ਜੀ 1581 ਈ. ਤੋਂ 1604ਈ. ਤੱਕ ਨਿਰੰਤਰ 22 ਸਾਲ ਬਾਣੀ ਰਚਦੇ ਰਹੇ।

ਬ੍ਰਹਮ ਦਾ ਸਰੂਪ, ਸ੍ਰਿਸ਼ਟੀ ਦੀ ਰਚਨਾ, ਭਗਤੀ ਮਾਰਗ, ਮਨੁੱਖੀ ਆਚਰਣ ਆਦਿ ਸੰਬੰਧੀ ਗੁਰੂ ਅਰਜਨ ਦੇਵ ਜੀ ਦਾ ਅਧਿਆਤਮਿਕ ਚਿੰਤਨ ਗੁਰੂ ਨਾਨਕ ਚਿੰਤਨ ਦਾ ਹੀ ਇਕ ਵਿਕਸਿਤ ਅਤੇ ਵਿਸਤ੍ਰਿਤ ਰੂਪ ਹੈ। ਗੁਰੂ ਅਰਜਨ ਸਾਹਿਬ ਜੀ ਦੀ ਬਾਣੀ ਦਾ ਸਮੁੱਚਾ ਬਲ ਪ੍ਰਭੂ ਮਹਿਮਾ ਉਪਰ ਹੈ। ਉਹਨਾਂ ਦੀ ਬਾਣੀ ਮਨੁੱਖ ਨੂੰ ਸੰਸਾਰਕ ਪਦਾਰਥਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਨਕਾਰਦੀ ਹੋਈ ਮਨੁੱਖ ਨੂੰ ਗੁਰਮੁੱਖ ਬਣਨ ਲਈ ਪ੍ਰੇਰਿਤ ਕਰਦੀ ਹੈ। ਇਸ ਲਈ ਗੁਰੂ ਸਾਹਿਬ ਦੇ ਸਾਹਿਤ ਦੀ ਪ੍ਰਮੁੱਖ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ ਕਿ ਇਸ ਦਾ ਮੁੱਖ ਉਦੇਸ਼ ਮਾਨਵ ਕਲਿਆਣ ਅਤੇ ਮਾਨਵ ਉਥਾਨ ਹੀ ਹੈ।

ਮੱਧਕਾਲੀਨ ਪੰਜਾਬੀ ਸਾਹਿਤ ਵਿਚ ਗੁਰੂ ਅਰਜਨ ਦੇਵ ਜੀ ਦਾ ਯੋਗਦਾਨ ਕਿਸੇ ਵੀ ਹੋਰ ਸਾਹਿਤ-ਰਚੈਤਾ ਦੇ ਯੋਗਦਾਨ ਨਾਲੋਂ ਵਧੇਰੇ ਹੈ। ਆਪਣੇ ਜੀਵਨ ਤੇ ਬਾਣੀ ਦੁਆਰਾ ਉਨ੍ਹਾਂ ਨੇ

ਪੰਜਾਬੀਆਂ ਨੂੰ ਨਾ ਕੇਵਲ ਧਾਰਮਿਕ ਵਿਕਾਸ ਤੇ ਭਾਵੁਕ ਭਾਵਨਾਵਾਂ ਦਿੱਤੀਆਂ, ਸਗੋਂ ਉਨ੍ਹਾਂ ਨੂੰ ਇਕ ਸੁਚੇਤ ਤੇ ਸਬੱਲ ਰਾਸ਼ਟਰ ਦੇ ਰੂਪ ਵਿਚ ਵੀ ਚਿਤਵਿਆ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਸਾਹਿਤਕ ਦੇਣ ਅਮੁੱਲ ਤੇ ਵਡਮੁੱਲੀ ਹੈ। ਬਾਣੀ ਰਚਨਾ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਦੀ ਸਾਹਿਤ ਜਗਤ ਨੂੰ ਦੂਜੀ ਮਹੱਤਵਪੂਰਨ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਹੈ। ਗੁਰੂ ਸਾਹਿਬ ਜਿੱਥੇ ਅਲੌਕਿਕ ਪ੍ਰਤਿਭਾ ਦੇ ਮਾਲਕ ਸਨ ਉਥੇ ਦੂਰ ਅੰਦੇਸ਼ੀ ਆਗੂ ਵੀ ਸਨ। ਇਸ ਕਰਕੇ ਆਪ ਨੇ ਗੁਰੂ ਸਾਹਿਬ ਦੀ ਬਾਣੀ ਨੂੰ ਇਕ ਗ੍ਰੰਥ ਦੇ ਰੂਪ ਵਿਚ ਸੰਪਾਦਨ ਕਰਵਾ ਕੇ ਸਿੱਖ ਕੌਮ ਦੀ ਅਗਵਾਈ ਲਈ ਨਵੀਂ ਰੀਤ ਪਾਈ। ਗੁਰੂ ਸਾਹਿਬ ਨੇ ਅਧਿਆਤਮਿਕ ਤੇ ਦਾਰਸ਼ਨਿਕ ਸਾਹਿਤ ਦੀ ਰਚਨਾ ਦੈਵੀ ਆਵੇਸ਼ ਹਿੱਤ ਕੀਤੀ ਤੇ ਭਵਿੱਖ ਵਿਚ ਅਧਿਆਤਮਿਕ ਅਤੇ ਸਮਾਜਿਕ ਖੇਤਰ ਵਿਚ ਅਗਵਾਈ ਲਈ ਕਾਰਗਰ ਸਾਬਿਤ ਹੋਈ। ਅਧਿਐਨ ਪਰਖ ਤੋਂ ਅਨੁਭਵ ਦੇ ਨਾਲ ਨਾਲ ਇਕ ਹੋਰ ਗੁਣ ਜੋ ਗੁਰੂ ਸਾਹਿਬ ਦੀ ਸਖ਼ਸ਼ੀਅਤ ਵਿਚ ਉੱਭਰਿਆ ਉਹ ਸੀ ਵਿਉਂਤਕਾਰੀ ਦਾ ਗੁਣ। ਇਸ ਦੀ ਉੱਚਤਮ ਮਿਸਾਲ ਆਦਿ ਗ੍ਰੰਥ ਦੀ ਸੰਪਾਦਨਾ ਹੀ ਹੈ। ਆਦਿ ਗ੍ਰੰਥ ਦੀ ਪਹਿਲੀ ਬੀੜ ਜੋ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਹੋਈ, ਵਿਉਂਤਬੰਦੀ ਤੇ ਯੋਜਨਾਬੰਦੀ ਦਾ ਇਕ ਅਨੂਪਮ ਨਮੂਨਾ ਹੈ ਅਤੇ ਆਪਣੇ ਸੰਪਾਦਕ ਦੀ ਨਿਰਾਲੀ ਪ੍ਰਤਿਭਾ ਦੀ ਸਾਖੀ ਭਰਦਾ ਹੈ। ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰ ਸਦਾ ਸਦਾ ਲਈ "ਪੀਉ ਦਾਦੇ ਕਾ ਖੋਲਿ ਡਿਠਾ ਖਜਾਨਾ" (ਮਹਲਾ ਪ ਅੰਗ 186) ਇਹ ਸਾਹਿਤਕ, ਸਭਿਆਚਾਰਿਕ ਤੇ ਵਿਦਿਅਕ ਖਜਾਨਾ ਵਿਰਸੇ ਦੇ ਰੂਪ ਵਿਚ ਸਮਾਜ ਨੂੰ ਦੇਣਾ ਇਕ ਵਡਮੁੱਲੀ ਦਾਤ ਹੈ। ਇਹ ਸੰਪਾਦਨ ਕਾਰਜ ਭਾਰਤੀ ਸਾਹਿਤ ਦੇ ਇਤਿਹਾਸ ਦੀ ਇਕ ਵਿਲੱਖਣ ਤੇ ਮਹੱਤਵਪੂਰਨ ਘਟਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ, ਮਹੱਤਤਾ ਤੇ ਮਹਾਨਤਾ ਕੇਵਲ ਸਿੱਖ ਧਰਮ ਤੇ ਇਸ ਦੇ ਅਨੁਯਾਈਆਂ ਤੱਕ ਹੀ ਸਮੀਤ ਨਹੀਂ, ਸਗੋਂ ਇਹ ਤਾਂ ਠੀਕ ਅਰਥਾਂ ਵਿਚ ਸਮੂਹ ਸੰਸਾਰ ਅਤੇ ਸਮੁੱਚੀ ਮਾਨਵਤਾ ਤੋਂ ਸਰਬ-ਸਾਂਝੇ ਹਿੱਤ, ਲਾਭ, ਉੱਨਤੀ ਤੇ ਕਲਿਆਣ ਨਾਲ ਸੰਬੰਧ ਰੱਖਦੀ ਹੈ। "ਗੁਰੂ ਗ੍ਰੰਥ ਸਾਹਿਬ ਨਾ ਕੇਵਲ ਸਿੱਖਾਂ ਜਾਂ ਭਾਰਤ ਦਾ ਹੈ, ਸਗੋਂ ਇਹ ਤਾਂ ਸਮੁੱਚੇ ਮਨੁੱਖ ਮਾਤਰ ਦਾ ਅਮੁੱਲ ਅਧਿਆਤਮਕ ਵਿਰਸਾ ਹੈ। ਹਰ ਇਨਸਾਨ ਚਾਹੇ ਉਹ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਵਸਦਾ ਹੈ, ਕਿਸੇ ਵੀ ਮਜ਼ਹਬ ਲਈ ਪਿਆਰ, ਸਤਿਕਾਰ ਤੇ ਹਮਦਰਦੀ ਰੱਖਦਾ ਹੈ ਇਸ ਤੇ ਮਾਣ ਕਰ ਸਕਦਾ ਹੈ।"[38] ਡਾ. ਜੋਗਿੰਦਰ ਸਿੰਘ ਅਨੁਸਾਰ:

ਆਦਿ ਗ੍ਰੰਥ ਮੱਧਕਾਲ ਦੀ ਸਭ ਤੋਂ ਮਹਾਨ ਅਧਿਆਤਮਕ ਰਚਨਾ ਹੈ ਜਿਸਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਣਥੱਕ ਮਿਹਨਤ, ਲਗਨ ਅਤੇ ਕਠਿਨ ਸਾਧਨਾ ਦਾ ਸਿੱਟਾ ਹੈ। ਭਾਈ ਗੁਰਦਾਸ ਦੀ ਸਹਾਇਤਾ ਨਾਲ ਇਸ ਕੰਮ ਨੂੰ 1601 ਈਸਵੀ ਵਿਚ ਆਰੰਭ ਕਰਕੇ 1604 ਈਸਵੀ ਵਿਚ ਸੰਪੂਰਨ ਕੀਤਾ। ਬਾਣੀ ਸੰਕਲਤ ਕਰਨ ਦੇ ਦੋ ਮੁੱਖ ਪ੍ਰਯੋਜਨ ਸਨ - ਪਹਿਲਾ ਗੁਰੂਆਂ, ਭਗਤਾਂ ਆਦਿ ਦੀਆਂ ਰਚਨਾਵਾਂ ਨੂੰ ਇਕ ਥਾਂ ਇਕੱਤਰ ਕਰਕੇ ਸੰਭਾਲਣਾ ਸੀ ਕਿਉਂਕਿ ਮਿਹਰਵਾਨ (ਪ੍ਰਿਥੀ ਚੰਦ ਦੇ ਪੁੱਤਰ) ਨੇ ਕਈ ਪਦ ਆਪਣੇ ਬਣਾ ਕੇ ਨਾਨਕ ਨਾਮ ਨਾਲ ਲਿਖਣੇ ਸ਼ੁਰੂ ਕਰ ਦਿੱਤੇ ਸਨ ਅਤੇ ਗੁਰਬਾਣੀ ਵਿਚ ਮਿਲਾਵਟ ਕਰਨੀ ਸ਼ੁਰੂ ਕਰ ਦਿੱਤੀ ਸੀ। ਦੂਜਾ ਭਾਰਤੀ ਸੰਸਕ੍ਰਿਤੀ, ਸਾਹਿਤ, ਕਲਾ ਅਤੇ ਅਧਿਆਤਮਕਤਾ ਨੂੰ ਚਿਰ ਸਥਾਈ ਰੱਖਦਿਆਂ ਹੋਇਆਂ ਵੱਧ ਤੋਂ ਵੱਧ ਜਨ ਸਾਧਾਰਣ ਤੱਕ ਪਹੁੰਚਾਣਾ ਸੀ।[39]

ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ ਦੀ ਰਚਨਾ, ਤਰਤੀਬ ਸੰਕਲਨ ਤੇ ਸੰਪਾਦਨ ਲਈ ਤਾਂ ਕਰੜੀ ਮਿਹਨਤ ਕੀਤੀ ਹੀ ਸਗੋਂ ਮੁੱਢਲੇ ਤੌਰ 'ਤੇ ਖਰੜੇ ਇਕੱਠੇ ਤਿਆਰ ਕਰਨ ਲਈ ਆਪ ਨੇ ਕਈ ਉੱਦਮ ਯਤਨ ਕੀਤੇ। "ਪਹਿਲੇ ਗੁਰੂ ਸਾਹਿਬਾਂ ਦੀ ਬਾਣੀ ਤੇ ਭਗਤਾਂ ਦੀ ਇਕੱਤਰ ਰਚਨਾ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਪਾਸ ਪਈ ਸੀ। ਗੁਰੂ ਅਰਜਨ ਦੇਵ ਜੀ ਆਪ ਗੋਇੰਦਵਾਲ ਗਏ ਤੇ ਉਹਨਾਂ ਨੂੰ ਮੋਹਨ ਜੀ ਪਾਸੋਂ ਇਹ ਖਰੜੇ ਪ੍ਰਾਪਤ ਕਰਨ ਲਈ ਕਾਫੀ ਠਰੰਮੇ, ਨਿਮਰਤਾ ਤੇ ਪ੍ਰੇਰਨਾ ਤੋਂ ਕੰਮ ਲੈਣਾ ਪਿਆ।"[40] ਇਸ ਸਾਰੀ ਬਾਣੀ ਨੂੰ ਗੁਰੂ ਜੀ ਨੇ ਸ਼ਬਦਾਂ ਜੋੜਾਂ ਅਤੇ ਲਗਾ ਮਾਤਰਾਵਾਂ ਦੇ ਅਨੁਸਾਰ ਨਿਸ਼ਚਿਤ ਵਿਆਕਰਣ ਅਨੁਸਾਰ ਛਾਪਿਆ। ਸੋਧ ਕੀਤੀ ਬਾਣੀ ਨੂੰ ਅੰਤਿਮ ਰੂਪ ਵਿਚ ਲਿਖਣ ਦਾ ਗੌਰਵ ਭਾਈ ਗੁਰਦਾਸ ਜੀ ਨੂੰ ਬਖਸ਼ਿਆ। ਭਾਈ ਗੁਰਦਾਸ ਨੇ ਬੜੀ ਮਿਹਨਤ ਤੇ ਲਗਨ ਨਾਲ ਇਸ ਕੰਮ ਨੂੰ 1604 ਈ. ਵਿਚ ਮੁਕੰਮਲ ਕੀਤਾ। ਇਸ ਬੀੜ ਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਪੰਚਮ ਪਾਤਸ਼ਾਹ ਦੀ ਪੂਰਨ ਵਿਦਵਤਾ ਦਾ ਸਬੂਤ ਦਿੰਦੇ ਹਨ। ਗੁਰੂ ਸਾਹਿਬ ਨੇ ਸਮੁੱਚੀ ਬਾਣੀ ਨੂੰ ਵਿਗਿਆਨਕ ਸੋਝੀ ਨਾਲ ਵਿਉਂਤਬੱਧ ਕੀਤਾ। ਕੁਝ ਧਾਰਮਿਕ ਕੱਟੜ ਪੰਥੀਆਂ ਨੇ ਅਕਬਰ ਕੋਲ ਸ਼ਿਕਾਇਤ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਗੱਲਾਂ ਇਸਲਾਮ ਵਿਰੋਧੀ ਹਨ। ਜਦੋਂ ਅਕਬਰ ਨੇ ਇਸ ਗੱਲ ਦੀ ਤਸੱਲੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ

ਪੰਨਿਆਂ ਦਾ ਵਾਚਨ ਕਰਵਾ ਕੇ ਦੇਖਿਆ ਤਾਂ ਉਸ ਨੂੰ ਕੋਈ ਵੀ ਗੱਲ ਧਰਮ ਵਿਰੋਧੀ ਇਤਰਾਜ਼ ਯੋਗ ਗੱਲ ਨਾ ਲੱਭੀ। "ਦਾਰਸ਼ਨਿਕ ਪੱਧਰ 'ਤੇ ਗੁਰੂ ਨਾਨਕ ਦਰਸ਼ਨ ਪੂਰਬਕਾਲੀ ਦਾਰਸ਼ਨਿਕ ਪੱਧਤੀਆਂ ਨਾਲ ਕਿਤੇ ਕਿਤੇ ਮੇਲ ਖਾਂਦਾ ਹੋਇਆ ਵਿਆਪਕ ਰੂਪ ਵਿਚ ਉਨ੍ਹਾਂ ਨਾਲੋਂ ਇਕ ਫ਼ਾਸਲਾ ਅਤੇ ਨਿਖੇੜ ਅਖਤਿਆਰ ਕਰਦਾ ਹੈ। ਸਾਰੇ ਗੁਰੂ ਸਾਹਿਬਾਨ ਨੇ ਸਮਾਜ ਨੂੰ ਅਧਿਆਤਮਕ, ਭਾਈਚਾਰਕ, ਸਦਾਚਾਰਕ ਅਤੇ ਸਮਾਜਕ ਆਦਿ ਪੱਖ ਤੋਂ ਉੱਨਤ ਕਰਨ ਲਈ ਬਾਣੀ ਨੂੰ ਇਕ ਮਾਧਿਅਮ ਵਜੋਂ ਵਰਤਿਆ। ਸਾਹਿਤ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਬਾਣੀ ਵਿਚ ਉਹ ਕਾਵਿ-ਰੂੜ੍ਹੀਆਂ ਹਨ ਜੋ ਸਮੁੱਚੀ ਗੁਰਮਤਿ ਕਾਵਿ ਧਾਰਾ ਦੇ ਚਰਿੱਤ੍ਰ ਨੂੰ ਉਘਾੜਦੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀਆਂ ਇਨ੍ਹਾਂ ਬਹੁਪੱਖੀ ਵਿਸ਼ੇਸ਼ਤਾਈਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਪ੍ਰਮਾਣਿਕ 'ਗੁਰੂ ਗ੍ਰੰਥ ਸਾਹਿਬ' ਦੇ ਰੂਪ ਵਿਚ ਤਿਆਰ ਕੀਤਾ ਜਿਸ ਵਿਚ ਗੁਰੂ ਸਾਹਿਬਾਨ ਤੋਂ ਬਿਨਾਂ ਹੋਰਨਾਂ ਪੂਰਬਕਾਲੀ ਅਤੇ ਸਮਕਾਲੀ ਸੰਤਾਂ, ਭਗਤਾਂ ਅਤੇ ਸੂਫ਼ੀਆਂ ਦੀ ਰਚਨਾ ਨੂੰ ਸ਼ਾਮਿਲ ਕੀਤਾ ਗਿਆ ਹੈ।"[41]

ਆਦਿ ਗ੍ਰੰਥ ਸਾਹਿਬ ਵਿਚ ਕੁਲ ਛੇ ਗੁਰੂ ਸਾਹਿਬਾਨਾਂ, 15 ਭਗਤਾਂ, 11 ਭੱਟਾਂ, ਗੁਰੂ ਅਮਰਦਾਸ ਜੀ ਭਤੀਜੇ ਸੁੰਦਰ, ਸੱਤਾ ਤੇ ਬਲਵੰਡ ਅਤੇ ਗੁਰੂ ਨਾਨਕ ਦੇਵ ਜੀ ਦੇ ਨਿੱਜੀ ਸੇਵਕ ਮਰਦਾਨੇ ਆਦਿ ਸਭ ਦੀ ਬਾਣੀ ਦਰਜ ਹੈ। ਪ੍ਰੋ. ਪਿਆਰਾ ਸਿੰਘ ਪਦਮ ਦਾ ਮਤ ਹੈ:

> ਗੁਰੂ ਜੀ ਨੇ ਹਿੰਦੁਸਤਾਨ ਭਰ ਦੇ ਛੱਤੀ (36) ਮਹਾਂਪੁਰਖਾਂ ਦੇ ਸੰਤ ਸਾਹਿਤ ਵਿਚੋਂ ਬਗੈਰ ਕਿਸੇ ਭਿੰਨ ਭੇਦ ਦੇ ਇਸ ਰੂਹਾਨੀ ਮਹਿਕ ਨੂੰ ਲੈ ਕੇ ਸੰਗੀਤ ਦੇ ਸੁਨਹਿਰੀ ਪਾਤਰ ਵਿਚ ਸਜਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਗਾਂ ਅਨੁਸਾਰ ਤਰਤੀਬੀ ਗਈ ਹੈ। ਦਰਅਸਲ ਸਤਿਗੁਰੂ ਖਿੰਡੀ ਪੁੰਡੀ ਨਿਖੜੀ ਜ਼ਿੰਦਗੀ ਨੂੰ ਵਿਸਮਾਦ ਪੈਦਾ ਕਰਕੇ ਇਕਸੁਰ ਕਰਨ ਆਏ ਸਨ। ਇਸੇ ਲਈ ਉਹ ਆਪ ਗਾਉਂਦੇ ਤੇ ਗਾ ਕੇ ਹੀ ਬਾਣੀ ਉਚਾਰਦੇ ਸਨ। ਇਸਦਾ ਮਨੁੱਖੀ ਬਿਰਤੀਆਂ ਤੇ ਬੜਾ ਡੂੰਘਾ ਅਸਰ ਪੈਂਦਾ ਸੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ 31 ਰਾਗਾਂ ਵਿਚ ਉਚਾਰੀ ਗਈ ਹੈ। ਇਸ ਸੰਤ ਬਾਣੀ ਦੀ ਭਾਸ਼ਾਈ ਵਿਸ਼ੇਸ਼ਤਾ ਇਹ ਹੈ ਕਿ ਜਿਤਨੀ ਇਹ ਉਪਰੋਂ ਸਰਲ ਸਾਦੀ ਹੈ, ਉਤਨੀ ਹੀ ਇਹ ਭਾਵਪੂਰਤ ਤੇ ਜੀਵਨ ਦੀਆਂ ਗਹਿਰਾਈਆਂ ਨੂੰ ਛੂਹਣ ਵਾਲੀ ਹੈ। ਇਸ ਦੀ ਇਹ ਗਹਿਰਾਈ ਦਿਮਾਗੀ ਫਿਲਾਸਫਰਾਂ ਵਾਲੀ ਨਹੀਂ ਤੇ ਨਾ ਹੀ ਇਸ ਦੀ

ਸਾਦਗੀ ਕਿਸੇ ਗਰੀਬੀ ਦੀ ਨਿਸ਼ਾਨੀ ਹੈ ਸਗੋਂ ਇਹ ਸਾਹਿਤਕ ਸੁਹਜ ਸੁਆਦ ਨਾਲ ਲਬਾਲਬ ਭਰਪੂਰ ਹੈ। ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਪਹਿਲੂ ਬਹੁਤ ਲਾਸਾਨੀ ਹੈ। ਸੋ ਗੁਰਬਾਣੀ ਜ਼ਿੰਦਗੀ ਦਾ ਉਹ ਅੰਮ੍ਰਿਤ ਭੋਜਨ ਹੈ ਜਿਸ ਤੋਂ ਮਨੁੱਖਤਾ ਸਦੀਵੀ ਤ੍ਰਿਪਤੀ ਹਾਸਲ ਕਰ ਸਕਦੀ ਹੈ। ਜੋ ਸੱਚਾਈ ਦਾ ਤਾਂਘੀ ਇਸ ਨੂੰ ਭੁੰਚੇਗਾ ਉਹ ਆਤਮਕ ਸ਼ਾਂਤੀ ਹਾਸਲ ਕਰੇਗਾ ਤੇ ਇਸ ਹਨੇਰੇ ਸੰਸਾਰ ਵਿਚ ਨੂਰ ਪ੍ਰਾਪਤ ਕਰਕੇ ਉਸ ਮਹਾਨ ਸੱਚਾਈ ਦੀ ਵਿਆਪਕਤਾ ਨੂੰ ਅਨੁਭਵ ਕਰ ਲਵੇਗਾ ਤੇ ਸੱਚ ਦੀ ਪ੍ਰਾਪਤੀ ਕਰਕੇ ਸਚਿਆਰ ਹੋਣਾ ਹੀ ਸਾਡਾ ਜੀਵਨ ਮਨੋਰਥ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਸੇ ਵਿਸ਼ੇਸ਼ਤਾ ਨੂੰ ਪ੍ਰਗਟ ਕਰਦਿਆਂ ਅੰਤ ਵਿਚ ਫੁਰਮਾਇਆ ਹੈ।[42]

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥

ਅੰਮ੍ਰਿਤੁ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥

ਏਹ ਵਸਤੁ ਤਜੀ ਨਹਿ ਜਾਈ ਨਿਤ ਨਿਤ ਰਖੁ ਉਰਿ ਧਾਰੋ॥

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥[43]

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਆਦਿ ਗ੍ਰੰਥ ਵਰਗੇ ਮਹਾਨਤਮ ਗ੍ਰੰਥ ਦਾ ਸੁਚੱਜਾ ਸੰਪਾਦਨ ਕਰਨਾ ਗੁਰੂ ਸਾਹਿਬ ਵਰਗੀ ਮਹਾਨ ਪ੍ਰਤਿਭਾ ਦਾ ਹੀ ਕੰਮ ਸੀ। ਗੁਰੂ ਸਾਹਿਬ ਨੇ ਅਜਿਹੇ ਮਹਾਨ ਸਾਹਿਤਕ ਖਜਾਨੇ ਨੂੰ ਕੌਮ ਦੇ ਸਪੁਰਦ ਕੀਤਾ ਜੋ ਕਿ ਸਿੱਖ ਧਾਰਮਿਕ ਪਰੰਪਰਾ ਤੇ ਅਧਿਆਤਮਕਤਾ ਦੀ ਮਿਸਾਲ ਹੀ ਨਹੀਂ, ਸਗੋਂ ਸੰਪੂਰਨ ਮਾਨਵ ਜੀਵਨ ਜਾਚ ਹੈ, ਪਰਮ ਨਿਧਾਨ ਦੀ ਪ੍ਰਾਪਤੀ ਦਾ ਸੋਮਾ ਹੈ, ਜਿਸ ਵਿਚ ਜੇਕਰ ਆਦਰਸ਼ ਮਨੁੱਖ ਤੇ ਸਦਾਚਾਰਕ ਸਮਾਜ ਦੀ ਸੰਕਲਪਨਾ ਹੈ ਤਾਂ ਨਾਲ ਹੀ ਰਾਜਨੀਤਿਕ ਜਥੇਬੰਦੀ ਦੇ ਢਾਂਚੇ, ਮਨੁੱਖੀ ਆਰਥਿਕ ਵਿਕਾਸ ਦੇ ਮਾਰਗ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਤਿਹਾਸ, ਮਿਥਿਹਾਸ, ਸਾਹਿਤ, ਅਤਿ ਦੀ ਕਲਾਤਮਕਤਾ ਨੂੰ ਵੀ ਵਿਗਿਆਨਕ ਤੱਥਾਂ ਰਾਹੀਂ ਸ਼ਿੰਗਾਰਿਆ ਤੇ ਸੰਗੀਤਮਈ ਅਲੰਕਾਰਾਂ ਵਿਚ ਸਾਰੇ ਰਸ ਪਾ ਕੇ ਇਕ ਰਸ ਕਰ ਦਿੱਤਾ ਤੇ ਰੱਬੀ ਨੂਰ ਦੇ ਕੇ ਜਾਤ ਪਾਤ ਦੇ ਵਖਰੇਵਿਆਂ ਨੂੰ ਵੰਗਾਰ ਪਾ ਦਿੱਤੀ। ਏਕਤਾ ਤੇ

ਸਾਂਝੀਵਾਲਤਾ ਦਾ ਇਹ ਇਕ ਨਿੱਗਰ ਕਦਮ ਸੀ। ਰਾਸ਼ਟਰ ਏਕੀਕਰਣ ਦੀ ਭਾਵਨਾ ਹੋਰ ਵੀ ਵਿਕਸਿਤ ਹੋ ਗਈ। ਪੰਚਮ ਗੁਰੂ ਇਸ ਗੱਲੋਂ ਸੁਚੇਤ ਸਨ ਕਿ ਰਾਸ਼ਟਰ ਦੀ ਏਕਤਾ ਤਾਂ ਹੀ ਹੋ ਸਕਦੀ ਹੈ ਜੇਕਰ ਵੱਖੋਂ-ਵੱਖ ਸੰਪਰਦਾਵਾਂ ਅਤੇ ਮਜ਼ਹਬਾਂ ਤੋਂ ਉੱਪਰ ਉਠ ਕੇ ਆਪਣੇ ਆਪ ਨੂੰ ਅੰਤਿਮ ਤੱਤ ਨਾਲ ਕੇਂਦਰਿਤ ਕੀਤਾ ਜਾਵੇ। ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਸੰਪਾਦਨਾ ਕਰਕੇ ਗੁਰੂ ਸਾਹਿਬ ਨੇ ਸਿੱਖ ਸਮਾਜ ਨੂੰ ਇਕ ਐਸੀ ਦੇਣ ਦਿੱਤੀ ਜਿਸ ਨੇ ਇਸਦੀ ਵੱਖਰੀ ਅਤੇ ਵਿਸ਼ੇਸ਼ ਹੋਂਦ ਬਣਾ ਦਿੱਤੀ ਸੀ।

ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਵੱਧ ਆਕਾਰ ਵਾਲੀ ਬਾਣੀ ਦੀ ਸਿਰਜਣਾ ਕੀਤੀ ਤੇ ਨਾਲੋ ਨਾਲ ਅਨੇਕ ਤਰ੍ਹਾਂ ਦੀ ਇਮਾਰਤਸਾਜ਼ੀ ਕਰਵਾ ਕੇ ਉਸਦਾ ਸੰਕਲਨ ਵੀ ਕੀਤਾ। ਗੁਰੂ ਸਾਹਿਬ ਇਕ ਮਹਾਨ ਨਿਰਮਾਣ ਕਰਤਾ ਸਨ ਅਤੇ ਉਨ੍ਹਾਂ ਦਾ ਇਮਾਰਤ ਉਸਾਰੀ ਕਰਨ ਵਿਚ ਵੀ ਅਧਿਕ ਯੋਗਦਾਨ ਹੈ। ਇਹ ਉਸਾਰੀ ਗੁਰੂ ਸਾਹਿਬ ਨੇ ਕੇਵਲ ਦਿਖਾਵੇ ਜਾਂ ਆਪਣੇ ਨਿੱਜੀ ਹਿੱਤ ਲਈ ਨਹੀਂ ਕੀਤੀ, ਸਗੋਂ ਸਭ ਧਰਮਾਂ ਅਤੇ ਵਰਗਾਂ ਦੇ ਲੋਕਾਂ ਨੂੰ ਇਕ ਲੜੀ ਵਿਚ ਪਰੋਣ ਲਈ ਕੀਤੀ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਕਾਰ ਸੇਵਾ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਭਾਗ ਵਿਚ ਉਹ ਇਮਾਰਤ ਉਸਾਰੀ ਆਉਂਦੀ ਹੈ ਜੋ ਇਹਨਾਂ ਨੇ ਆਪਣੀ ਕਿਸ਼ੋਰ ਅਵਸਥਾ ਵਿਚ ਕਰਵਾਈ ਤੇ ਉਦੋਂ ਆਪ ਗੁਰਿਆਈ ਗੱਦੀ ਦੇ ਵਾਰਸ ਨਹੀਂ ਬਣੇ ਸਨ। ਦੂਜਾ ਭਾਗ ਉਸ ਉਸਾਰੀ ਦਾ ਹੈ, ਜਿਸਦਾ ਆਰੰਭ ਗੁਰੂ ਰਾਮਦਾਸ ਜੀ ਨੇ ਕੀਤਾ ਤੇ ਸੰਪੂਰਨ ਗੁਰੂ ਅਰਜਨ ਦੇਵ ਜੀ ਨੇ ਕੀਤਾ। ਤੀਜੇ ਭਾਗ ਵਿਚ ਉਸ ਉਸਾਰੀ ਨੂੰ ਸ਼ਾਮਲ ਕਰਦੇ ਹਾਂ ਜੋ ਪੰਚਮ ਗੁਰੂ ਨੇ ਆਪ ਹੀ ਆਰੰਭ ਕਰਵਾਈ ਤੇ ਆਪ ਹੀ ਸੰਪੂਰਨ ਕੀਤੀ।[44]

ਨਿਰਮਾਣ ਕਾਰ ਦੇ ਅਧੀਨ ਗੁਰੂ ਸਾਹਿਬ ਨੇ ਚਾਰ ਧਰਮ ਮੰਦਰ, ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ, ਤਰਨ ਤਾਰਨ ਸਾਹਿਬ, ਜਨਮ ਅਸਥਾਨ ਗੁਰੂ ਰਾਮਦਾਸ ਲਾਹੌਰ ਤੇ ਕਰਤਾਰਪੁਰ ਦੁਆਬਾ ਵਿਖੇ ਬਣਾਏ। ਚਾਰ ਹੀ ਸ਼ਹਿਰ ਆਪ ਨੇ ਵਸਾਏ ਜਿਹਨਾਂ ਦੇ ਨਾਮ ਹਨ ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ, ਕਰਤਾਰਪੁਰ ਤੇ ਹਰਗੋਬਿੰਦਪੁਰਾ। ਇਸੇ ਤਰ੍ਹਾਂ ਚਾਰ ਖੂਬਸਰਤ ਤਾਲ ਆਪ ਦੇ ਸਮੇਂ ਹੀ ਨਵੇਂ ਬਣੇ। ਇਹਨਾਂ ਵਿਚ ਸ੍ਰੀ ਅੰਮ੍ਰਿਤਸਰ ਦਾ ਪਵਿੱਤਰ ਸਰੋਵਰ, ਸੰਤੋਖਸਰ ਅੰਮ੍ਰਿਤਸਰ, ਰਾਮਸਰ ਅੰਮ੍ਰਿਤਸਰ ਤੇ ਤਰਨ ਤਾਰਨ ਸਾਹਿਬ ਵਾਲਾ ਸਰੋਵਰ ਸ਼ਾਮਲ ਹਨ। ਇਸ ਤੋਂ ਇਲਾਵਾ ਇਕ ਬਾਉਲੀ, ਪੰਜ ਖੂਹ, ਦੋ ਦੀਵਾਨ ਖਾਨੇ, ਦੋ ਥਾਂ ਰਿਹਾਇਸ਼ੀ ਮਕਾਨ, ਤਰਨਤਾਰਨ ਵਿਚ ਇਕ ਕੁਸ਼ਟੀ ਆਸ਼ਰਮ ਤੇ

ਅੰਮ੍ਰਿਤਸਰ ਵਿਚ ਇਕ ਗੁਰੂ ਦਾ ਬਾਗ ਵੀ ਗੁਰੂ ਅਰਜਨ ਦੇਵ ਜੀ ਨੇ ਹੀ ਬਣਾਇਆ। ਹੇਠਾਂ ਅਸੀਂ ਕੁਝ ਇਹੋ ਜਿਹੇ ਨਿਰਮਾਣ ਕਾਰਜ ਦਾ ਵਰਣਨ ਕਰਦੇ ਹਾਂ ਜਿਨ੍ਹਾਂ ਤੋਂ ਗੁਰੂ ਅਰਜਨ ਦੇਵ ਜੀ ਦੀ ਨਾ ਕੇਵਲ ਸ਼ਿਲਪ ਕਲਾ ਵੱਲ ਰੁਚੀ ਤੇ ਸੁਹਜ-ਸੁਆਦ ਦਾ ਹੀ ਪਤਾ ਲੱਗਦਾ ਹੈ ਸਗੋਂ ਆਪ ਦੀ ਸੇਵਾ-ਭਾਵ, ਅਣਥੱਕ ਮਿਹਨਤ ਤੇ ਅਮੁਕ ਲਗਨ ਦੀ ਵੀ ਝਲਕ ਮਿਲਦੀ ਹੈ।

**ਸੰਤੋਖਸਰ**

ਸੰਤੋਖਸਰ ਤਾਲ ਦੀ ਮੁੱਢਲੀ ਖੁਦਵਾਈ ਦਾ ਕਾਰਜ ਗੁਰੂ ਰਾਮ ਦਾਸ ਜੀ ਨੇ ਸੰਮਤ 1621 ਬਿਕਰਮੀ ਵਿਚ ਆਰੰਭਿਆ ਸੀ ਅਤੇ ਕੱਚਾ ਤਾਲ ਤਿਆਰ ਕਰਵਾਇਆ ਸੀ। ਗੁਰੂ ਰਾਮ ਦਾਸ ਦੇ ਗੁਰੂ ਕਾਲ ਵਿਚ ਇਹ ਕੰਮ ਮੁੜ ਆਰੰਭ ਨਾ ਕੀਤਾ ਜਾ ਸਕਿਆ। ਹੌਲੀ-ਹੌਲੀ ਇਹ ਤਾਲ ਫਿਰ ਪੂਰਿਆ ਗਿਆ। "ਇਕ ਪਿਸ਼ਾਵਰ ਨਿਵਾਸੀ ਗੁਰਸਿੱਖ ਭਾਈ ਸੰਤੋਖ ਸਿੰਘ ਜੀ ਦੇ ਧਨ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਾਲ ਨੂੰ ਸੰਮਤ 1645 ਵਿਚ ਪੱਕਾ ਕਰਵਾਇਆ।"[45]

**ਅੰਮ੍ਰਿਤਸਰ**

ਅੰਮ੍ਰਿਤਸਰ ਇਕ ਡੂੰਘੀਆਂ ਅਧਿਆਤਮਕ, ਸਾਹਿਤਕ, ਇਤਿਹਾਸਕ, ਸਭਿਆਚਾਰਕ ਅਤੇ ਵਪਾਰਕ ਕਦਰਾਂ-ਕੀਮਤਾਂ ਵਾਲਾ ਪ੍ਰਸਿੱਧ ਸ਼ਹਿਰ ਹੈ ਜਿਸਦਾ ਪਹਿਲਾ ਨਾਮ ਗੁਰੂ ਕਾ ਚੱਕ ਸੀ। ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਦੀ ਆਗਿਆ ਅਨੁਸਾਰ ਪਿੰਡ ਸੁਲਤਾਨ ਵਿੰਡ, ਗੁੰਮਟਾਲਾ ਅਤੇ ਤੁੰਗ ਆਦਿ ਦੇ ਕੋਲ ਕੁਝ ਜ਼ਮੀਨ ਮੁੱਲ ਖਰੀਦ ਕੇ ਪਿੰਡ ਵਸਾਇਆ।[46] ਜਿਸਦਾ ਨਾਮ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਰਾਮਦਾਸ ਪੁਰਾ ਰੱਖਿਆ। ਇਸੇ ਨੂੰ ਗੁਰੂ ਕਾ ਚੱਕ ਕਿਹਾ ਜਾਂਦਾ ਸੀ। ਇਥੇ ਹੀ ਰਹਿਣ ਲਈ ਕੁੱਝ ਮਕਾਨ ਬਣਵਾਏ ਗਏ ਜਿਨ੍ਹਾਂ ਨੂੰ ਗੁਰੂ ਕੇ ਮਹਲ ਕਿਹਾ ਜਾਂਦਾ ਸੀ।[47] ਗੁਰੂ ਦਾ ਚੱਕ ਦੀ ਨੀਂਹ ਬਿਕਰਮੀ ਸੰਮਤ 1631 ਨੂੰ ਅਤੇ ਸਰੋਵਰ ਦੀ ਨੀਂਹ 1634 ਬਿਕਰਮੀ ਸੰਮਤ ਵਿਚ ਗੁਰੂ ਰਾਮਦਾਸ ਜੀ ਨੇ ਰੱਖੀ ਸੀ।[48]

ਸੰਮਤ 1621 ਬਿਕਰਮੀ ਵਿਚ ਸ੍ਰੀ ਰਾਮਦਾਸ ਜੀ ਨੇ ਕੁੱਝ ਹੋਰ ਨਵੀਂ ਜ਼ਮੀਨ ਤੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਤੁੰਗ, ਗੁੰਮਟਾਲਾ, ਸੁਲਤਾਨ ਵਿੰਡ ਆਦਿ ਪਿੰਡਾਂ ਪਾਸ ਇਕ ਤਲਾਉ ਖੁਦਵਾਇਆ ਜੋ ਸੰਤੋਖਸਰ ਨਾਂ ਨਾਲ ਪ੍ਰਸਿੱਧ ਹੋਇਆ। ਇਸ ਪਿੱਛੋਂ ਹਾੜ੍ਹ ਸੁਦੀ 13 ਸੰਮਤ

1622 ਨੂੰ ਉਥੇ ਹੀ ਇਕ ਪਿੰਡ ਬੰਨ੍ਹਿਆ ਜਿਸ ਦਾ ਨਾਉਂ 'ਰਾਮਦਾਸ ਪੁਰ' ਰੱਖਿਆ। ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਨਾਲ ਸੰਮਤ 1630 ਬਿਕਰਮੀ ਵਿਚ ਸੰਤੋਖਸਰ ਦੇ ਨੇੜੇ ਇਕ ਹੋਰ ਤਲਾਉ ਸੁਧਾਸਰ (ਅੰਮ੍ਰਿਤ ਸਰੋਵਰ) ਨਾਂ ਦਾ ਖੁਦਵਾਇਆ ਜੋ ਉਸ ਸਮੇਂ ਅਧੂਰਾ ਹੀ ਰਿਹਾ। ਇਹ ਸਭ ਕੁੱਝ ਗੁਰੂ ਅਮਰਦਾਸ ਜੀ ਨੇ ਇਸ ਕਰਕੇ ਕੀਤਾ ਕਿ ਗੁਰੂ ਰਾਮਦਾਸ ਜੀ ਉਨ੍ਹਾਂ ਦੀ ਸੰਤਾਨ ਤੋਂ ਪਰੇ, ਨਿਵੇਕਲੇ ਰਹਿ ਕੇ ਗੁਰਸਿੱਖੀ ਦਾ ਪ੍ਰਚਾਰ ਕਰਨ ਤੇ ਉਸੇ ਤਰ੍ਹਾਂ ਸੁਤੰਤਰ ਰਹਿਣ ਜਿਵੇਂ ਗੁਰੂ ਨਾਨਕ ਨੇ ਗੁਰੂ ਅੰਗਦ ਜੀ ਨੂੰ ਗੱਦੀ ਦੇ ਕੇ ਖੰਡੂਰ ਤੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੱਦੀ ਦੇ ਕੇ ਗੋਇੰਦਵਾਲ ਭੇਜ ਦਿੱਤਾ ਸੀ। ਇਸੇ ਵਿਚਾਰ ਨੂੰ ਮੁੱਖ ਰੱਖ ਕੇ ਸ੍ਰੀ ਰਾਮਦਾਸ ਜੀ ਨੇ 'ਅੰਮ੍ਰਿਤ ਸਰੋਵਰ' ਦਾ ਪਹਿਲਾ ਨਾਉਂ ਅਮਰਸਰ ਰੱਖਿਆ ਜੋ ਪਿੱਛੋਂ ਹੌਲੀ-ਹੌਲੀ ਬਦਲ ਕੇ ਅੰਮ੍ਰਿਤਸਰ ਬਣ ਗਿਆ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਗੁਰੂ ਜੀ ਨੇ ਅੰਮ੍ਰਿਤਸਰ ਵਾਲੀ ਥਾਂ ਅਕਬਰ ਤੋਂ ਨਹੀਂ, ਸਗੋਂ ਇਥੋਂ ਦੇ ਜ਼ਿਮੀਂਦਾਰਾਂ ਪਾਸੋਂ ਕੀਮਤਨ ਖਰੀਦੀ ਤੇ ਸਰੋਵਰ ਦੀ ਖੁਦਾਈ ਸੰਮਤ 1633 ਵਿਚ ਕੀਤੀ ਸੀ। ਸ਼ਾਂਤ ਦੀ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਰਿਵਾਰ ਸਮੇਤ ਗੋਇੰਦਵਾਲ ਚੱਲ ਕੇ ਪਹਿਲਾਂ ਵਡਾਲੀ ਤੇ ਫੇਰ 'ਰਾਮਦਾਸਪੁਰ' ਜਾ ਰਹੇ। ਗੁਰੂ ਜੀ ਨੇ ਇਸ ਸਮੇਂ ਸਿੱਖ ਧਰਮ ਦਾ ਮੁੱਖ ਕੇਂਦਰ ਕਾਇਮ ਕਰਨ ਲਈ 'ਰਾਮਦਾਸਪੁਰ' ਰਹਿ ਕੇ ਸੰਮਤ 1642 ਤੋਂ 1645 ਤੱਕ ਅੰਮ੍ਰਿਤਸਰ ਸਰੋਵਰ ਤੇ ਸੰਤੋਖਸਰ ਦੀ ਕਾਰ ਸੇਵਾ ਕਰਵਾਈ ਤੇ ਸ੍ਰੀ 'ਰਾਮਦਾਸਪੁਰ' ਨਗਰ ਵਸਾਇਆ। ਇਹ ਵਸਤੀ ਪਹਿਲਾਂ ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, 'ਗੁਰੂ ਚੱਕ' ਸੀ ਫੇਰ ਗੁਰੂ ਰਾਮਦਾਸ ਦੇ ਨਾਂ ਰਾਮਦਾਸਪੁਰ ਬਣੀ ਤੇ ਪਿੱਛੋਂ 'ਅੰਮ੍ਰਿਤਸਰ' ਵਿਚ ਤਬਦੀਲ ਹੋ ਗਈ। ਇਸੇ ਤਰ੍ਹਾਂ ਅੰਮ੍ਰਿਤ ਸਰੋਵਰ ਦਾ ਨਾਂ ਵੀ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਂ ਤੇ ਨਿਰਾ 'ਅਮਰਸਰ' ਹੀ ਸੀ, ਪਰ ਫੇਰ ਅੰਮ੍ਰਿਤਸਰ ਬਦਲਕੇ ਇਸੇ ਨਾਂ ਤੇ ਸ਼ਹਿਰ ਦਾ ਨਾਮ ਵੀ 'ਅੰਮ੍ਰਿਤਸਰ' ਹੀ ਪ੍ਰਸਿੱਧ ਹੋ ਗਿਆ।[49]

ਗਿਆਨੀ ਲਾਲ ਸਿੰਘ ਲਿਖਦਾ ਹੈ ਕਿ ਪੰਜਾਬ ਦੇ ਇਤਿਹਾਸ, ਸਾਹਿਤ, ਬੋਲੀ ਤੇ ਸਭਿਆਚਾਰ ਉੱਤੇ ਗੁਰੂ ਅਰਜਨ ਦੇਵ ਜੀ ਦੀ ਅਮਿਟ ਛਾਪ ਲੱਗੀ ਹੋਈ ਹੈ। ਸ੍ਰੀ ਅੰਮ੍ਰਿਤਸਰ ਰਹਿੰਦਿਆਂ ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰ 22 ਸਾਲ ਬਾਣੀ ਦੀ ਨਿਰੰਤਰ ਰਚਨਾ ਕੀਤੀ ਤੇ ਤਿੰਨ ਸਾਲ ਦਾ ਸਮਾਂ ਲਾ ਕੇ ਆਦਿ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦਾ ਸੰਪਾਦਨ ਸੰਪੂਰਨ ਕੀਤਾ। ਇਸੇ ਕਰਕੇ ਅੰਮ੍ਰਿਤਸਰ ਇਕ ਸਾਹਿਤਕ ਕੇਂਦਰ ਦੇ ਰੂਪ ਵਿਚ ਉੱਘੜ ਪਿਆ। ਠੇਠ ਪੰਜਾਬੀ ਤੇ ਗੁਰਮੱਤ

ਸਾਹਿਤ ਦੀ ਟਕਸਾਲ ਬਣ ਗਿਆ।[50] ਗੁਰੂ ਸਾਹਿਬ ਨੇ ਅੰਮ੍ਰਿਤਸਰ ਨੂੰ ਸਿਰਫ਼ ਧਾਰਮਿਕ ਦ੍ਰਿਸ਼ਟੀ ਤੋਂ ਹੀ ਨਹੀਂ ਸਗੋਂ ਵਪਾਰਕ ਕੇਂਦਰ ਵਜੋਂ ਵੀ ਵਿਕਸਿਤ ਕੀਤਾ। ਮੁਹੰਮਦ ਲਤੀਫ਼ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੀ ਸਥਾਪਨਾ ਨਾਲ ਸਿੱਖ ਕੌਮ ਦੀ ਨੀਂਹ ਰੱਖ ਦਿੱਤੀ ਕਿਉਂਕਿ ਅੰਮ੍ਰਿਤਸਰ ਨੂੰ ਗੁਰੂ ਜੀ ਨੇ ਕੇਵਲ ਧਾਰਮਿਕ ਦ੍ਰਿਸ਼ਟੀ ਤੋਂ ਹੀ ਪ੍ਰਫੁਲਤ ਕਰਨ ਦੇ ਯਤਨ ਨਹੀਂ ਸਨ ਕੀਤੇ ਸਗੋਂ ਇਸ ਨੂੰ ਇਕ ਵਧੀਆ ਵਪਾਰਕ ਕੇਂਦਰ ਵਜੋਂ ਉਸਾਰਨ ਦਾ ਵੀ ਹਰ ਸੰਭਵ ਯਤਨ ਕੀਤਾ। ਗੁਰੂ ਜੀ ਨੇ ਬਵੰਜਾ ਪ੍ਰਕਾਰ ਦੇ ਕਿੱਤਾਕਾਰਾਂ ਨੂੰ ਉਚੇਚ ਨਾਲ ਇਥੇ ਲਿਆ ਕੇ ਵਸਾਇਆ ਅਤੇ ਹਰੇਕ ਕਿੱਤੇ ਦੇ ਕਰਨ ਵਾਲੇ ਲਈ ਲੋੜ ਅਨੁਸਾਰ ਸਹਾਇਤਾ ਵੀ ਦਿੱਤੀ। ਫਲਸਰੂਪ ਅੰਮ੍ਰਿਤਸਰ ਗੁਰੂ ਪਾਤਸ਼ਾਹ ਦੇ ਆਪਣੇ ਕਹੇ ਅਨੁਸਾਰ ਇਕ ਘੁੱਗ ਵਸਦਾ ਸ਼ਹਿਰ ਬਣ ਗਿਆ।[51]

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਨੂੰ ਪਕਿਆਂ ਕਰਨ ਦੀ ਕਾਰ ਸੇਵਾ ਵਿਚ ਹੱਥੀਂ ਭਾਗ ਲਿਆ ਅਤੇ ਸਿੱਖ ਸੰਗਤਾਂ ਨੇ ਵੀ ਦਿਨ ਰਾਤ ਸਰੋਵਰ ਨੂੰ ਮੁਕੰਮਲ ਕਰਨ ਵਿਚ ਲੱਗੀਆਂ ਰਹੀਆਂ। ਬਾਬਾ ਬੁੱਢਾ ਜੀ, ਭਾਈ ਭਗਤੂ ਅਤੇ ਭਾਈ ਬਹਿਲੋ ਨੇ ਅੰਮ੍ਰਿਤ ਸਰੋਵਰ ਦੀ ਸੇਵਾ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ।

**ਹਰਿਮੰਦਰ ਸਾਹਿਬ**

ਅੰਮ੍ਰਿਤ ਸਰੋਵਰ ਦੇ ਵਿਚਕਾਰ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ ਜਿਸਦੀ ਨੀਂਹ ਸੂਫ਼ੀ ਫ਼ਕੀਰ ਮੀਆਂ ਮੀਰ ਮੁਹੰਮਦ ਦੇ ਹੱਥੋਂ ਕੱਤਕ ਸੁਦੀ 5, ਸੰਮਤ 1645 ਨੂੰ ਰੱਖੀ ਸੀ। ਸਾਈ ਮੀਆਂ ਮੀਰ ਇਸਲਾਮ ਦੇ ਉਸ ਵਿਚਾਰ ਨਾਲ ਸੰਬੰਧਿਤ ਸਨ, ਜਿਹੜੇ ਮਨੁੱਖਤਾ ਨੂੰ ਬਿਨਾਂ ਕਿਸੇ ਧਾਰਮਿਕ ਭੇਦ-ਭਾਵ ਦੇ ਦੇਖਦੇ ਸਨ। ਗੁਰੂ ਰਾਮ ਦਾਸ ਜੀ ਤੋਂ ਹੀ ਸਾਈਂ ਜੀ ਦਾ ਗੁਰੂ ਘਰ ਨਾਲ ਮੇਲ-ਮਿਲਾਪ ਸੀ। ਗੁਰੂ ਅਰਜਨ ਸਾਹਿਬ ਨੇ ਸਾਈਂ ਜੀ ਦੇ ਪਵਿੱਤਰ ਕਰ-ਕਮਲਾਂ ਨਾਲ ਸਿੱਖ ਕੌਮ ਦੇ ਸਭ ਤੋਂ ਮਹਾਨ ਅਤੇ ਪਹਿਲੇ ਧਾਰਮਿਕ ਅਸਥਾਨ ਦੀ ਨੀਂਹ ਪੱਥਰ ਰਖਵਾ ਕੇ ਦਰਸਾ ਦਿੱਤਾ ਸੀ ਕਿ ਸਿੱਖ ਗੁਰੂ ਸਾਹਿਬਾਨ ਹਰ ਉਸ ਵਿਅਕਤੀ ਨੂੰ ਮਾਣ ਸਤਿਕਾਰ ਦੇਣ ਲਈ ਤਿਆਰ ਹਨ ਜੋ ਮਨੁੱਖਤਾ ਵਿਚ ਭਾਈਚਾਰਕ ਸਾਂਝ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਹਰਿਮੰਦਰ ਦੇ ਚਾਰ ਦਰਵਾਜ਼ੇ ਰੱਖੇ ਜੋ ਕਿ ਧਰਮ ਨਿਰਪੱਖਤਾ ਤੇ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੋਣ ਦਾ ਦਾਅਵਾ ਕਰਦੇ ਹਨ। ਚਾਰੇ ਪਾਸੇ ਨਿਰਮਲ ਤੇ ਬਲੌਰੀ ਪਾਣੀ ਅਤੇ ਵਿਚਕਾਰ ਇਹ ਸੌਂਦਰਯ

ਦਾ ਮਹਾਨ ਨਮੂਨਾ ਹਰਿਮੰਦਰ, ਜਿਸ ਵਿਚ ਰੱਬੀ ਪ੍ਰੇਮ ਦੀ ਸੁਰ ਵਿਚ ਭਿੱਜਾ, ਸ਼ਾਂਤੀ ਤੇ ਸੁੱਖ ਪ੍ਰਚਾਣ ਵਾਲਾ ਸ਼ਬਦ-ਕੀਰਤਨ ਸਦਾ ਸੰਗਤਾਂ ਨੂੰ ਆਨੰਦਤ ਕਰਦਾ ਹੈ। ਡਾ. ਰਾਜਿੰਦਰਜੀਤ ਕੌਰ ਢੀਂਡਸਾ ਅਨੁਸਾਰ ਸਚਮੁੱਚ ਹੀ ਇਹ ਮੰਦਰ ਲਾਸਾਨੀ ਹੈ । ਸਾਰੇ ਸ਼ਹਿਰ ਨਾਲੋਂ ਨੀਵੇਂ ਥਾਂ ਤੇ ਸਥਿਤ ਹੈ। ਇਸ ਦੇ ਚਾਰੇ ਪਾਸੇ ਦਰਵਾਜੇ ਰੱਖੇ ਗਏ ਹਨ ਜੋ ਸਾਰੇ ਧਰਮਾਂ ਲਈ ਖੁੱਲ੍ਹੇ ਹਨ। ਅਜਿਹੀ ਮਿਸਾਲ ਇਸ ਤੋਂ ਪਹਿਲਾਂ ਕਿਸੇ ਧਰਮ ਦੇ ਇਤਿਹਾਸ ਵਿਚ ਨਹੀਂ ਸੀ।[52] ਹਰਿਮੰਦਰ ਸਾਹਿਬ ਦੀ ਇਮਾਰਤ ਪੂਰੀ ਕਰਨ ਤੋਂ ਬਾਅਦ ਸੰਮਤ 1661 (1604 ਈ.) ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਇਸੇ ਅਸਥਾਨ 'ਤੇ ਕੀਤਾ ਗਿਆ ਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ। ਡਾ. ਗੁਰਸ਼ਰਨ ਕੌਰ ਜੱਗੀ ਇਸ ਸੰਦਰਭ ਵਿਚ ਲਿਖਦੇ ਹਨ:

> ਸਰੋਵਰ ਨੂੰ ਪੱਕਾ ਕਰਨ ਦੇ ਨਾਲ ਸ੍ਰੀ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਅਧਿਆਤਮਿਕ ਕੇਂਦਰ ਦੀ ਸਥਾਪਨਾ ਵੀ ਇਥੇ ਕਰਨੀ ਚਾਹੀ। ਵਿਸ਼ਾਲ ਅਤੇ ਪਵਿੱਤਰ ਸਰੋਵਰ ਵਿਚ ਹਰਿਮੰਦਰ ਦੀ ਸਥਾਪਨਾ ਦਾ ਗੁਰੂ ਜੀ ਦੇ ਮਨ ਵਿਚ ਫੁਰਨਾ ਫੁਰਿਆ। ਚੌਹਾਂ ਪਾਸਿਉਂ ਖੁੱਲੇ ਦਰ ਵਾਲਾ ਇਕ ਆਲੀਸ਼ਾਨ ਮੰਦਰ ਤਿਆਰ ਕਰਵਾਇਆ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ ਗਿਆ ਅਤੇ ਜਿੱਥੇ ਸਦਾ ਕੀਰਤਨ ਹੁੰਦਾ ਰਹਿੰਦਾ ਹੈ। ਇਸ ਨਾਲ ਸਿੱਖ ਧਰਮ ਦੇ ਅਨੁਯਾਈਆਂ ਨੂੰ ਕੇਂਦਰੀ ਧਾਮ ਪ੍ਰਾਪਤ ਹੋਇਆ। ਕਾਲਾਂਤਰ ਵਿਚ ਇਸ ਦਾ ਮਹੱਤਵ ਸਿੱਖਾਂ ਲਈ ਉਤਨਾ ਹੋ ਗਿਆ ਜਿਤਨਾ ਹਿੰਦੂਆਂ ਲਈ ਕਾਂਸ਼ੀ ਅਤੇ ਮੁਸਲਮਾਨਾਂ ਲਈ ਮੱਕੇ ਦਾ ਹੈ। ਇਸ ਤੋਂ ਬਾਅਦ ਸਹਿਜੇ ਸਹਿਜੇ ਲੋਕ ਹਰਿਮੰਦਰ ਸਾਹਿਬ ਦੇ ਨੇੜੇ-ਤੇੜੇ ਵਸਣ ਲੱਗੇ, ਇਕ ਨਵੇਂ ਦ੍ਰਿਸ਼ਟੀਕੋਣ ਵਾਲੇ ਧਰਮ ਦੀ ਨਵੀਂ ਬਸਤੀ ਤਿਆਰ ਹੋ ਗਈ। ਅੰਮ੍ਰਿਤਸਰ ਹਰਿਮੰਦਰ ਅਤੇ ਸਰੋਵਰ ਦੀ ਸਿਫ਼ਤ ਗੁਰੂ ਸਾਹਿਬ ਨੇ ਖ਼ੁਦ (ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ) ਅਤੇ ਹੋਰ ਅਨੇਕ ਕਵੀਆਂ ਨੇ ਕੀਤੀ ਹੈ।[53]

### ਤਰਨ ਤਾਰਨ

1590 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਨੇ ਮਾਝੇ ਦੇ ਉਪਜਾਊ ਮੈਦਾਨਾਂ ਦੀ ਯਾਤਰਾ ਕਰਦਿਆਂ ਅੰਮ੍ਰਿਤਸਰ ਤੋਂ 15 ਮੀਲ ਦੂਰ ਉਤਰ ਵਲ ਜਾਂਦੇ ਪਿੰਡ ਪਲਾਸੌਰ ਤੇ ਖਾਰਾਂ ਦੇ ਜ਼ਿਮੀਂਦਾਰਾਂ ਤੋਂ ਇਕ ਲੱਖ ਸਤਵੰਜਾ ਹਜ਼ਾਰ ਰੁਪਏ ਦੀ ਜ਼ਮੀਨ ਖਰੀਦ ਕੇ ਇਕ ਨਵਾਂ ਨਗਰ ਵਸਾ ਦਿੱਤਾ। ਇਥੇ

ਵੀ ਇਕ ਸਰੋਵਰ ਤਿਆਰ ਕਰਵਾਇਆ। ਇਸ ਸ਼ਹਿਰ ਦਾ ਨਾਮ ਤਰਨ ਤਾਰਨ ਰੱਖ ਦਿੱਤਾ। ਤਰਨ ਤਾਰਨ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੁਸ਼ਟੀਆਂ (ਕੋਹੜੀਆਂ) ਦੀ ਸਹਾਇਤਾ ਲਈ ਇਕ ਆਸ਼ਰਮ ਖੋਲਿਆ ਤੇ ਦੁਖ ਨਿਵਾਰਨ ਉਸਦਾ ਨਾਮ ਰੱਖਿਆ। ਇਥੇ ਗੁਰੂ ਜੀ ਨੇ ਨਿੱਜੀ ਤੌਰ ਤੇ ਸੇਵਾ ਦਾ ਆਦਰਸ਼ ਲੋਕਾਂ ਸਾਹਮਣੇ ਪੇਸ਼ ਕੀਤਾ। ਮਾਝੇ ਵਿਚ ਸਿੱਖੀ ਦਾ ਪ੍ਰਚਾਰ ਸਭ ਤੋਂ ਵੱਧ ਤਰਨ ਤਾਰਨ ਦੀ ਉਸਾਰੀ ਕਾਰਨ ਹੋਇਆ।[54]

### ਕਰਤਾਰਪੁਰ

ਸੰਨ 1594 ਈਸਵੀ ਵਿਚ ਗੁਰੂ ਅਰਜਨ ਦੇਵ ਜੀ ਨੇ ਜਲੰਧਰ ਦੇ ਨੇੜੇ ਕਰਤਾਰਪੁਰ ਨਾਮ ਦਾ ਇਕ ਸ਼ਹਿਰ ਵਸਾਇਆ ਜੋ ਸਿੱਖੀ ਦਾ ਇਕ ਵੱਡਾ ਕੇਂਦਰ ਬਣਿਆ। ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਹੁਣ ਤੱਕ ਧੀਰਮਲ ਦੀ ਸੰਤਾਨ ਪਾਸ ਇਥੇ ਹੀ ਹੈ।[55] ਇਸ ਨਗਰ ਵਿਚ ਗੁਰੂ ਜੀ ਨੇ ਗੁਰੂ ਕੇ ਮਹਿਲ, ਗੁਰਦਵਾਰਾ ਥੰਮ ਸਾਹਿਬ, ਦੀਵਾਨ ਖਾਨਾ ਤੇ ਗੰਗਸਰ ਖੂਹ ਬਣਵਾਇਆ।[56]

### ਸ੍ਰੀ ਹਰਿਗੋਬਿੰਦਪੁਰ

ਸਪੁੱਤਰ ਹਰਿਗੋਬਿੰਦ ਦੇ ਜਨਮ ਦੀ ਖੁਸ਼ੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤਰ ਦੇ ਨਾਂ ਉੱਪਰ ਹੀ ਬਿਆਸ ਦਰਿਆ ਦੇ ਇਕ ਕੰਢੇ ਉੱਪਰ ਜ਼ਿਲ੍ਹਾ ਗੁਰਦਾਸਪੁਰ ਦੀ ਬਟਾਲਾ ਤਹਿਸੀਲ ਵਿਚ ਇਕ ਨਗਰ ਸ੍ਰੀ ਹਰਿਗੋਬਿੰਦਪੁਰ ਵਸਾਇਆ।[57] ਇਥੇ ਗੁਰੂ ਸਾਹਿਬ ਨੇ ਜ਼ਮੀਨ ਦਾ ਇਕ ਪੂਰਾ ਮੁਰੱਬਾ ਖਰੀਦਿਆ ਸੀ। ਇਸ ਮੁਰੱਬੇ ਵਿਚ ਸਿੱਖ ਸਭਿਆਚਾਰ ਵਾਲਾ ਨਗਰ ਸਥਾਪਤ ਕੀਤਾ।[58]

### ਲਾਹੌਰ ਦਾ ਗੁਰਦੁਆਰਾ ਤੇ ਬਾਉਲੀ

ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਸਥਾਨ ਉੱਪਰ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਵੀ ਕਰਵਾਈ ਅਤੇ ਇਕ ਬਾਉਲੀ ਵੀ ਲਗਵਾਈ। ਬਾਉਲੀ ਪਾਣੀ ਦੀ ਸਹੂਲਤ ਲਈ ਸੀ। ਇਹ ਅਸਥਾਨ ਲਾਹੌਰ ਦੇ ਡੱਬੀ ਬਜ਼ਾਰ ਵਿਚ ਸਥਿਤ ਹੈ।

### ਛਿਹਰਟਾ ਸਾਹਿਬ

ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਜੀ ਦਾ ਜਨਮ ਵਡਾਲੀ ਵਿਖੇ ਹੋਇਆ। ਗੁਰੂ ਸਾਹਿਬ ਦੇ ਅਵਤਾਰ ਦੀ ਅਥਾਹ ਖੁਸ਼ੀ ਵਿਚ ਅਤੇ ਇਲਾਕੇ ਦੀ ਭੋਇੰ

ਸਿੰਚਾਈ ਅਤੇ ਪਾਣੀ ਦੀ ਦਿੱਕਤ ਦੂਰ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਇਕ ਖੂਹ ਛਿਹਰਟਾ ਬਣਾਇਆ ਅਤੇ ਗੁਰਦੁਆਰਾ ਕਾਇਮ ਕੀਤਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਛਿਹਰਟਾ ਖੂਹ' ਅੰਮ੍ਰਿਤਸਰ ਤੋਂ 4 ਮੀਲ ਦੂਰ ਗੁਰੂ ਦੀ ਵਡਾਲੀ ਪਿੰਡ ਵਿਚ 1654 ਬਿਕਰਮੀ ਵਿਚ ਬਣਾਇਆ ਗਿਆ। ਜਿਸ ਉੱਤੇ ਛੇ ਹਰਟ ਚੱਲ ਸਕਦੇ ਹਨ। ਇਸ ਖੂਹ ਨਾਲ 140 ਵਿਘੇ ਜ਼ਮੀਨ ਵੀ ਹੈ।[59]

### ਗੁਰੂ ਕਾ ਬਾਗ

ਗੁਰੂ ਅਰਜਨ ਦੇਵ ਜੀ ਨੇ ਮਾਝੇ ਦਾ ਦੌਰਾ ਕਰਦੇ ਸਮੇਂ ਸਹਿੰਸਰੇ ਦੇ ਕੋਲ 'ਗੁਰੂ ਕਾ ਬਾਗ' ਵੀ ਬਣਾਇਆ। ਅਕਾਲੀ ਲਹਿਰ ਦੇ ਸਮੇਂ ਸੰਨ 1922 ਵਿਚ ਏਥੇ ਬਹੁਤ ਵੱਡਾ ਮੋਰਚਾ ਵੀ ਲੱਗਾ ਅਤੇ ਅਕਾਲੀ ਸਤਿਆਗ੍ਰਹਿ ਹੋਇਆ।

ਉਪਰੋਕਤ ਨਿਰਮਾਣ ਕਾਰਜਾਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਦੇ ਕਈ ਖੂਹ ਵੀ ਲਗਵਾਏ ਸਨ ਜਿਹਨਾਂ ਵਿਚੋਂ ਤਰਨ ਤਾਰਨ ਵਿਖੇ ਬੀਬੀ ਭਾਨੀ ਵਾਲਾ ਖੂਹ ਤੇ ਗੁਰੂ ਕਾ ਖੂਹ, ਗੁਰੂ ਕੀ ਵਡਾਲੀ ਵਿਖੇ ਤਿੰਨ ਹਰਟਾ ਖੂਹ ਅਤੇ ਕਰਤਾਰਪੁਰ ਵਿਖੇ ਗੰਗਸਰ ਕੂਆਂ ਪ੍ਰਮੁੱਖ ਹਨ। ਗੁਰੂ ਸਾਹਿਬ ਨੇ ਕਈ ਦੀਵਾਨ ਖਾਨੇ ਵੀ ਬਣਾਏ ਤਾਂ ਕਿ ਲੋਕ ਇਕ ਥਾਂ ਇਕੱਠੇ ਹੋ ਕੇ ਆਪਣੇ ਦੁੱਖ-ਸੁੱਖ, ਸ਼ਿਕਵੇ, ਸ਼ਿਕਾਇਤਾਂ ਬਾਰੇ ਵਿਚਾਰ ਕਰਕੇ ਆਪਣੀਆਂ ਸਮੱਸਿਆਵਾਂ ਦਾ ਕੋਈ ਹੱਲ ਲੱਭ ਸਕਣ। ਲਾਹੌਰ ਚੂਨਾਂ ਮੰਡੀ ਅਤੇ ਕਰਤਾਰਪੁਰ ਵਿਚ ਬਣੇ ਦੀਵਾਨਖਾਨੇ ਗੁਰੂ ਸਾਹਿਬ ਦੀ ਦੂਰ ਅੰਦੇਸ਼ੀ ਅਤੇ ਡੂੰਘੀ ਸੋਚ ਦੀ ਭਰਪੂਰ ਗਵਾਹੀ ਭਰਦੇ ਹਨ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਇਕ ਮਹਾਨ ਨਗਰ ਉੱਸਰੀਏ ਦੇ ਤੌਰ 'ਤੇ ਸਾਹਮਣੇ ਆਉਂਦੇ ਹਨ। ਗੁਰੂ ਸਾਹਿਬ ਨੇ ਆਪਣੀ ਜਗਤ ਫੇਰੀ ਸਮੇਂ ਇਮਾਰਤਾਂ, ਧਰਮ ਮੰਦਰਾਂ, ਸਰੋਵਰਾਂ, ਸ਼ਹਿਰਾਂ, ਖੂਹਾਂ ਅਤੇ ਦੀਵਾਨ ਖਾਨਿਆਂ ਦੀ ਬੜੀ ਪ੍ਰਭਾਵਸ਼ਾਲੀ ਉਸਾਰੀ ਕਰਵਾਈ ਜੋ ਆਪ ਦੀ ਸ਼ਿਲਪ ਕਲਾ ਵਿਚ ਦਿਲਚਸਪੀ ਤੇ ਸੁਹਜ ਸਵਾਦ ਦਾ ਪ੍ਰਤੱਖ ਪ੍ਰਮਾਣ ਹਨ। ਪ੍ਰੋਫੈਸਰ ਜੋਗਿੰਦਰ ਸਿੰਘ ਨਾਲ ਸਾਡੀ ਪੂਰਨ ਸਹਿਮਤੀ ਹੈ ਜਦੋਂ ਉਹ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਗੁਰ ਸਿੰਘਾਸਣ ਉੱਤੇ ਬੈਠ ਕੇ ਗੁਰੂ-ਧਰਮ, ਗੁਰੂ ਸ਼ਕਤੀ, ਗੁਰੂ ਲਹਿਰ ਤੇ ਗੁਰੂ ਸੰਸਥਾ ਨੂੰ ਸਥਾਪਿਤ ਤੇ ਉਜਾਗਰ ਕਰਨ ਲਈ ਜੋ ਅਗਵਾਈ ਦਿੱਤੀ, ਜਿਹੜੀਆਂ ਯੋਜਨਾਵਾਂ ਬਣਾਈਆਂ, ਜਿਵੇਂ ਯੋਜਨਾਵਾਂ ਨੂੰ ਅਧਿਆਤਮਿਕ ਅਤੇ ਆਦਰਸ਼ਕ ਰੂਪ ਵਿਚ ਸਫ਼ਲ ਸਿਰਜਿਆ, ਉਸ ਦਾ ਕੇਵਲ, ਇਤਿਹਾਸਕ

ਗੌਰਵ ਹੀ ਨਹੀਂ ਸਗੋਂ ਅਧਿਆਤਮਕ ਜਗਤ ਵਿਚ ਸਿੱਖ ਧਰਮ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਦਾ ਪ੍ਰਗਟਾਵਾ ਵੀ ਹੋਇਆ ਹੈ। ਗੁਰੂ ਅਰਜਨ ਦੇਵ ਜੀ ਨੇ ਜੀਵਨ-ਉਸਾਰੀ ਤੇ ਕੌਮ-ਉਸਾਰੀ ਲਈ, ਇਕ ਸਿਰਜਣਹਾਰ ਦੇ ਰੂਪ ਵਿਚ, ਜੋ ਕੁਝ ਸਿਰਜਿਆ, ਉਸ ਵਿਚ ਦਿਸ਼ਾ ਤੇ ਦ੍ਰਿਸ਼ਟੀ, ਸੋਚ ਤੇ ਚਿੰਤਨ,ਵਿਧੀ ਤੇ ਵਿਧਾਨ ਉਹ ਸੀ, ਜਿਹੜਾ ਆਦਿ ਗੁਰੂ-ਜੋਤਿ ਨੇ ਨਿਸ਼ਚਿਤ ਕੀਤਾ ਸੀ। ਗੁਰੂ ਅਰਜਨ ਦੇਵ ਜੀ ਤੋਂ ਕੁਰਬਾਨ ਹੋਣ ਦੀ ਭਾਵਨਾ ਇਸ ਕਰਕੇ ਪ੍ਰਚੰਡ ਹੋਣ ਲੱਗ ਪਈ ਕਿ ਗੁਰੂ ਅਰਜਨ ਦੇਵ ਜੀ ਨੇ ਸਰਬੱਤ ਦੇ ਭਲੇ ਤੇ ਮਾਨਸ ਜਾਤਿ ਦੇ ਪ੍ਰਗਾਸ ਲਈ ਧਰਮ, ਸਾਹਿਤ, ਸਭਿਆਚਾਰ ਤੇ ਇਤਿਹਾਸ ਦੇ ਖੇਤਰ ਵਿਚ ਕੁਝ ਅਜਿਹੇ ਸਿਰਜਨਾਤਮਿਕ ਤੇ ਸਾਰਥਿਕ ਕਾਰਜ ਕਰ ਵਿਖਾਏ, ਜਿਨ੍ਹਾਂ ਦਾ ਪ੍ਰਭਾਵ ਤੇ ਪ੍ਰਸੰਗਿਕਤਾ ਸਦੀਵੀ ਵੀ ਹੈ ਅਤੇ ਸੱਚ ਵਾਂਗ ਸਦਾ ਨਵਾਂ ਤੇ ਆਧੁਨਿਕ ਵੀ।[60]

## (ੲ) ਗੁਰੂ ਅਰਜਨ ਦੇਵ: ਵਿਚਾਰਧਾਰਾ ਅਤੇ ਸ਼ਹਾਦਤ

ਗੁਰੂ ਅਰਜਨ ਦੇਵ ਜੀ ਦੀ ਵਿਚਾਰਧਾਰਾ ਇਕ ਹੀ ਪ੍ਰਮਾਤਮਾ ਦੇ ਉੱਪਰ ਪੂਰੀ ਤਰ੍ਹਾਂ ਨਿਰਭਰ ਕਰਦੀ ਹੈ, ਜੋ ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਵਿਚ ਹੈ। ਆਪ ਉਹ ਨਿਰਗੁਣ ਹੈ ਪਰ ਦੁਨੀਆਂ ਅਥਵਾ ਬ੍ਰਹਿਮੰਡ ਦੀ ਸਾਜਨਾ ਕਰਕੇ ਕਾਦਰ ਕੁਦਰਤ ਦੇ ਰੂਪ ਵਿਚ ਹਰ ਥਾਂ ਵਿਚਰ ਰਿਹਾ ਹੈ। ਉਸ ਦੇ ਹੁਕਮ ਤੋਂ ਬਿਨਾਂ ਨਾ ਕੁਝ ਹੋਇਆ ਤੇ ਨਾ ਹੀ ਹੋ ਸਕਦਾ ਹੈ। ਉਹ ਹਰ ਥਾਂ ਹੈ ਕਿਉਂਕਿ ਸਭ ਕੁਝ ਉਸੇ ਦਾ ਹੈ। ਗੁਰੂ ਸਾਹਿਬ ਜੀ ਦੀ ਬਾਣੀ ਦੀ ਵਿਚਾਰਧਾਰਾ ਆਸ਼ਾਵਾਦ ਨਾਲ ਭਰੀ ਹੋਈ ਹੈ। ਉਸ ਵਿਚ ਨਿਰਾਸਤਾ ਦਾ ਨਾਮ ਤੱਕ ਵੀ ਨਹੀਂ ਮਿਲਦਾ। ਉਸ ਵਿਚੋਂ ਜੀਵਨ ਵਿਚ ਵਿਜਈ ਮਨੁੱਖ ਦੀ ਸੰਤੁਸ਼ਟਤਾ ਪੂਰੀ ਤਰ੍ਹਾਂ ਪ੍ਰਗਟ ਹੁੰਦੀ ਹੈ। ਆਪ ਮਨੁੱਖਤਾ ਲਈ ਆਸ਼ਾ, ਖੁਸ਼ੀ ਤੇ ਸ਼ਾਂਤੀ ਦਾ ਸੰਦੇਸ਼ ਦਿੰਦੇ ਹਨ। ਡਾ. ਰੋਸ਼ਨ ਲਾਲ ਆਹੂਜਾ ਦੀ ਰਾਏ ਹੈ:

> ਗੁਰੂ ਅਰਜਨ ਦਾ ਜੀਵਨ ਅਨੁਭਵ ਕੇਵਲ ਆਤਮਕ ਨਹੀਂ, ਸਿਧਾਂਤਕ ਨਹੀਂ, ਸੰਸਾਰਕ ਵੀ ਹੈ, ਯਥਾਰਥਕ ਵੀ ਹੈ, ਪਦਾਰਥਕ ਵੀ ਹੈ, ਇਕ ਰੰਗ ਨਹੀਂ, ਬਹੁ-ਰੰਗਾਂ ਵੀ ਹੈ। ਪੰਚਮ ਗੁਰੂ ਦੀ ਜੀਵਨ ਫਿਲਾਸਫ਼ੀ ਕੇਵਲ ਵਿਅਕਤੀਗਤ ਨਹੀਂ ਸਰਬ-ਲੌਕਿਕ ਵੀ ਹੈ। ਮੈਂ ਉਨ੍ਹਾਂ ਦੀ ਜੀਵਨ ਫਿਲਾਸਫ਼ੀ ਨੂੰ ਸਾਤਵਿਕ ਫਿਲਾਸਫ਼ੀ ਆਖਾਂਗਾ, ਜੋ ਬੌਧਿਕ ਘੱਟ ਹੈ, ਪਦਾਰਥਕ ਅਧਿਕ, ਪਰ ਆਤਮਿਕ ਪਰਧਾਨ ਪੰਚਮ ਗੁਰੂ ਦੀ ਜੀਵਨ ਫਿਲਾਸਫ਼ੀ ਵਿਚ ਚਾਰ ਸਿਧਾਂਤ ਮੈਨੂੰ ਮੁੱਖ ਜਾਪਦੇ ਹਨ। ਆਪਣੇ ਕਰਤਾ ਵਿਚ ਅਟੱਲ ਨਿਸ਼ਚਾ, ਨਿਰਲੇਪਤਾ, ਲੋਕ ਸੇਵਾ ਤੇ ਅਹਿੰਸਾ।[61]

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਜ਼ਿਆਦਾ ਰਚਨਾ ਗੁਰੂ ਅਰਜਨ ਦੇਵ ਜੀ ਦੀ ਹੈ। ਮੂਲ ਰੂਪ ਵਿਚ ਪੰਚਮ ਪਾਤਸ਼ਾਹ ਨੇ ਉਨ੍ਹਾਂ ਸਿਧਾਂਤਾਂ ਨੂੰ ਹੀ ਸਪੱਸ਼ਟ ਕੀਤਾ ਹੈ ਜਿਨ੍ਹਾਂ ਦੀ ਸਿਰਜਣਾ ਗੁਰੂ ਨਾਨਕ ਪਾਤਸ਼ਾਹ ਨੇ ਕੀਤੀ ਸੀ। ਗੁਰੂ ਅਰਜਨ ਦੇਵ ਜੀ ਦਾ ਆਪਣਾ ਫਲਸਫ਼ਾ, ਹੋਰ ਗੁਰੂ ਸਾਹਿਬਾਨਾਂ ਵਾਂਗ ਵੱਖਰਾ ਕੋਈ ਨਹੀਂ ਸੀ। ਉਨ੍ਹਾਂ ਨੇ ਤਾਂ ਆਪਣੀਆਂ ਕ੍ਰਿਤਾਂ, ਆਪਣੇ ਜੀਵਨ ਅਤੇ ਆਪਣੀਆਂ ਘਾਲਨਾਵਾਂ ਨਾਲ ਉਸ ਫਲਸਫ਼ੇ ਨੂੰ ਪੱਕਾ ਤੇ ਹੋਰ ਸਪੱਸ਼ਟ ਕਰਕੇ ਦਰਸਾਇਆ ਹੈ। ਗੁਰੂ ਸਾਹਿਬ ਦੀਆਂ ਸਾਰੀਆਂ ਕ੍ਰਿਤਾਂ ਗੁਰੂ ਨਾਨਕ ਪਾਤਸ਼ਾਹ ਵਾਂਗ ਸੰਰਚਨਾ ਜੀਵਨ ਜਾਚ ਵਿਚ ਆਤਮਾ ਤੇ ਉਸਦੀ ਉੱਚਤਤਾ ਦੁਆਲੇ ਕੇਂਦ੍ਰਿਤ ਹਨ। ਡਾ. ਮਹਿੰਦਰ ਕੌਰ ਗਿੱਲ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਦੀ ਬਾਕੀ ਵਿਚਾਰਧਾਰਾ ਬਾਰੇ ਲਿਖਦੇ ਹਨ ਕਿ ਪੰਚਮ ਗੁਰੂ ਦੇ ਚਰਿੱਤਰ ਦੇ ਉੱਘੇ ਲੱਛਣ, ਪਰੰਪਰਾ-ਪਾਲਣ, ਸਥਾਪਤੀ ਪ੍ਰਤੀ ਰੁਚੀ, ਲੋਕ ਸੰਸਾਰੀ ਬਿਰਤੀ ਤੇ ਵੰਨ-ਸੁਵੰਨੇ ਉਸਾਰੀ ਆਦਿ ਗੁਣ ਇਨ੍ਹਾਂ ਦੀ ਬਾਣੀ ਵਿਚ ਭਲੀ-ਭਾਂਤ ਉਜਾਗਰ ਹੁੰਦੇ ਹਨ।[62] ਜੀਵਨ ਅਤੇ ਜਗਤ ਦੀਆਂ ਸੱਚਾਈਆਂ ਦੀ ਸਾਥੀ ਅਲੌਕਿਕ ਬਾਣੀ ਰਾਹੀਂ ਆਪ ਜੀ ਨੇ ਸਪੱਸ਼ਟ ਦਰਸਾਇਆ ਕਿ ਧਰਮ ਦਾ ਟੀਚਾ ਕਦਰਾਂ-ਕੀਮਤਾਂ ਦੀ ਸਥਾਪਤੀ, ਅਕਾਲ ਪੁਰਖ ਦੇ ਚਰਨਾਂ ਦੀ ਪ੍ਰੀਤ ਅਤੇ ਜੀਵਨ ਮੁਕਤੀ ਹੀ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪਾਏ ਜਾਂਦੇ ਗੁਰਮੱਤ ਰਹੱਸਵਾਦ ਦੇ ਤੱਤਾਂ ਬਾਰੇ ਡਾ. ਦੀਵਾਨ ਸਿੰਘ ਲਿਖਦੇ ਹਨ:

> ਗੁਰੂ ਅਰਜਨ ਸਾਹਿਬ ਦੇ ਅਪਣਾਏ ਗੁਰਮਤਿ ਰਹੱਸਵਾਦ ਦੇ ਵਿਸ਼ੇਸ਼ ਚਿੰਨ੍ਹ ਹਨ: ਪ੍ਰਭੂ ਪ੍ਰੇਮ, ਭਗਤੀ, ਕੀਰਤਨ, ਸਹਜ, ਭਾਣਾ, ਬਿਰਹਾ, ਆਪਾ ਵਾਰੂ ਸੇਵਾ ਤੇ ਨਾਮ ਸਿਮਰਨ। ਸੂਫ਼ੀਮਤ ਦੇ ਕਈ ਖਾਸ ਸਿਧਾਂਤ ਇਥੇ ਵੀ ਹਨ ਜਿਵੇਂ ਇਸ਼ਕ, ਰਜ਼ਾ, ਮੁਰਸ਼ਦ ਆਦਿ। ਜਿਥੇ ਗੁਰੂ ਸਾਹਿਬ ਦਾ ਰਹੱਸਵਾਦੀ ਅਨੁਭਵ ਵੇਦਾਂਤ ਦੇ ਦਰਸ਼ਨਵਾਦ ਤੋਂ ਅੱਡਰਾ ਹੈ, ਯੋਗ ਮਾਰਗ ਦੇ ਖੋਖਲੇ ਤੇ ਅਧੂਰੇ ਸੁੰਨਵਾਦ ਤੋਂ ਵੱਖ ਹੈ, ਉਥੇ ਈਸਾਈ ਤੇ ਇਸਲਾਮੀ ਮੱਤਾਂ ਦੇ ਰਹਬਾਨੀ ਤੇ ਰਿਆਜ਼ਤੀ (ਹੱਠ, ਕਰਮ, ਤਪਵਾਦ) ਤੋਂ ਵੀ ਭਿੰਨ ਹੈ। ਇਸ ਵਿਚ ਸੂਫ਼ੀਆਂ ਵਾਲੀ ਇਸ਼ਕ ਦੀ ਤੇਜ਼ ਅੱਗ ਤੇ ਗਰਮੀ ਵੀ ਨਹੀਂ ਜੋ ਆਪਣੇ ਆਪ ਨੂੰ ਸਾੜਦੀ ਤੇ ਫ਼ਨਾਂ ਫਿਲਾ ਵਲ ਪ੍ਰੇਰਦੀ ਹੈ।[63]

ਗੁਰੂ ਅਰਜਨ ਦੇਵ ਜੀ ਦਾ ਨਾਮ ਪੰਜਾਬੀ ਸਾਹਿਤ ਜਗਤ ਵਿਚ ਹੀ ਨਹੀਂ ਸਗੋਂ ਸਮੁੱਚੇ ਭਾਰਤੀ ਧਰਮ ਚਿੰਤਨ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਉਹ ਸਰਬ ਪੱਖੀ ਵਿਚਾਰਧਾਰਾ ਦੇ ਮਾਲਕ ਸਨ। ਉਹ ਇਕ ਮਹਾਨ ਕਵੀ, ਮਹਾਨ ਸੰਤ ਹੋਣ ਦੇ ਨਾਲ ਨਾਲ ਇਕ ਵਿਦਵਾਨ ਸੰਪਾਦਕ ਵੀ ਹੋਏ ਹਨ, ਜਿਨ੍ਹਾਂ ਨੇ ਬਾਰ੍ਹਵੀਂ ਸਦੀ ਤੋਂ ਲੈ ਕੇ ਸੋਲ੍ਹਵੀਂ ਸਦੀ ਤਕ ਭਾਰਤ ਵਿਚ ਪੈਦਾ ਹੋਏ ਦੈਵੀ-ਅਨੁਭਵ ਵਾਲੇ ਸੰਤਾਂ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਕਰਕੇ ਸਮੁੱਚੀ ਲੋਕਾਈ ਲਈ ਇਕ ਅਜਿਹਾ ਬੇੜਾ ਤਿਆਰ ਕੀਤਾ ਜਿਸ ਉੱਤੇ ਚੱਲ ਕੇ ਸਹਿਜੇ ਹੀ ਭਵਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ। ਮੁਸਲਮਾਨ ਇਤਿਹਾਸਕਾਰ ਲਤੀਫ ਦੇ ਸ਼ਬਦਾਂ ਵਿਚ:

> ਉਹ ਇਕ ਉੱਦਮੀ ਤੇ ਵੱਡੀ ਸੋਚ ਵਾਲੇ ਗੁਰੂ ਸਨ, ਉਹਨਾਂ ਦੇ ਉਦੇਸ਼ ਬਹੁਤ ਉੱਚੇ ਸਨ, ਉਹਨਾਂ ਨੇ ਸਿੱਖਾਂ ਨੂੰ ਇਕ ਸੰਪਰਦਾ ਵਿਚ ਸੰਗਠਿਤ ਕੀਤਾ ਅਤੇ ਆਪਣੀ ਅਧਿਆਤਮਿਕ ਸ਼ਕਤੀ ਦੇ ਵਿਸਥਾਰ ਲਈ ਕਈ ਉਪਰਾਲੇ ਕੀਤੇ।[64]

ਗੁਰੂ ਸਾਹਿਬ ਸਿਰਫ ਇਕਹਿਰੀ ਕਿਸਮ ਦੀ ਉਸਾਰੀ ਦੇ ਜੇਤੂ ਨਹੀਂ ਸਨ, ਸਗੋਂ ਗੁਰੂ ਘਰ ਵਲੋਂ ਆਰੰਭ ਕੀਤੀਆਂ ਮਹਾਨ ਉੱਚਾਈਆਂ ਤੇ ਵਿਚਾਰਾਂ ਦਾ ਚੋਟੀ ਦਰ ਚੋਟੀ ਇਕ ਸਿਲਸਿਲਾ ਬਣ ਕੇ ਸੰਸਾਰ ਦੇ ਇਤਿਹਾਸਕ ਦ੍ਰਿਸ਼ ਉੱਪਰ ਉੱਭਰੇ ਸਨ। ਗੁਰੂ ਅਰਜਨ ਦੇਵ ਜੀ ਦੀ ਕਾਵਿ ਫਿਲਾਸਫ਼ੀ ਬਾਰੇ ਗਿਆਨੀ ਲਾਲ ਸਿੰਘ ਲਿਖਦੇ ਹਨ:

> ਗੁਰੂ ਅਰਜਨ ਦੇਵ ਜੀ ਦੀ ਕਾਵਿ ਫਿਲਾਸਫ਼ੀ ਦਾ ਸੰਕੇਤਕ ਨਾਉਂ 'ਗੁਰਮਤ' ਹੈ। ਇਹ ਗੁਰੂ ਨਾਨਕ ਵਾਲੀ ਫਿਲਾਸਫ਼ੀ ਹੀ ਹੈ। ਇਹ ਦਿਮਾਗੀ ਚੁਸਤੀਆਂ ਨਹੀਂ ਸਿਖਾਉਂਦੀ ਸਗੋਂ ਅਮਲੀ ਜੀਵਨ ਦੀ ਜਾਚ ਦੱਸਦੀ ਹੈ। ਇਸਦਾ ਆਧਾਰ ਨਿਰੰਕਾਰ ਨੂੰ ਸਮਸਤ ਆਕਾਰ ਵਿਚ ਮਹਿਸੂਸਣਾ ਹੈ। ਇਹ ਜੀਵਨ ਨੂੰ ਅਖਾੜਾ ਅਤੇ ਮਨੁੱਖ ਨੂੰ ਗੁਸਾਈਂ ਦਾ ਪਹਿਲਵਾਨ ਅਨੁਭਵ ਕਰਾਉਂਦੀ ਹੈ ਅਤੇ ਇਸ ਤੋਂ ਵੀ ਅਗੇਰੇ ਹਰੇਕ ਘੋਲ ਵਿਚ ਖੇੜੇ ਤੇ ਸਹਿਜ ਨੂੰ ਕਾਇਮ ਰੱਖਦਿਆਂ ਜਿੱਤ ਪ੍ਰਾਪਤ ਕਰਨ ਦਾ ਅਸਲੀ ਵਿਸ਼ਵਾਸ ਦ੍ਰਿੜਾਉਂਦੀ ਹੈ।[65]

ਪਿਆਰਾ ਸਿੰਘ ਪਦਮ ਦਾ ਮਤ ਹੈ:

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਨਾ ਨਿਰੀ ਦਿਮਾਗੀ ਗਿਆਨ ਬਾਜ਼ੀ ਹੈ ਤੇ ਨਾ ਹੀ ਅੰਧ ਵਿਸ਼ਵਾਸੀ ਕਰਮਾਂ ਦੀ ਪ੍ਰੇਰਨਾ। ਨਾ ਜੋਗੀਆਂ ਵਾਂਗ ਸਿੱਖਿਆ ਨਿਰੀ ਅੰਤਰਮੁਖੀ ਹੈ ਤੇ ਨਾ ਹੀ ਪਦਾਰਥਵਾਦੀਆਂ ਵਾਂਗ ਬਾਹਰਮੁਖੀ। ਆਪ ਦੀ ਰਚਨਾ ਦਾ ਮਜ਼ਮੂਨ ਹੈ ਸੱਚ, ਸੱਚ ਦਾ ਸਹੀ ਰੂਪ। ਸੱਚ ਦੀ ਪ੍ਰਾਪਤੀ ਦੇ ਸਾਧਨ, ਜਿਨ੍ਹਾਂ ਪ੍ਰਾਪਤ ਕਰ ਲਿਆ ਤੇ ਜਿਨ੍ਹਾਂ ਨਹੀਂ ਪ੍ਰਾਪਤ ਕੀਤਾ, ਇਨ੍ਹਾਂ ਚਹੁੰਆਂ ਦੀ ਖੋਲ੍ਹ ਕੇ ਵਿਆਖਿਆ ਕੀਤੀ ਗਈ ਹੈ। ਗੁਰਮਤ ਫਿਲਾਸਫ਼ੀ ਜਿਸ ਨੂੰ ਸੱਚਾਈ ਕਹਿੰਦੀ ਹੈ, ਉਸ ਨੂੰ ਗੁਰੂ ਅਰਜਨ ਦੇਵ ਨਾਮ ਕਹਿੰਦੇ ਹਨ। ਨਾਮ ਸੱਚ ਦਾ ਹੀ ਵਿਸਮਾਦੀ ਰੂਪ ਹੈ। ਇਸ ਸੱਚਾਈ ਜਾਂ ਨਾਮ ਦੀ ਤਾਰੀਫ਼ ਹੈ ਕਿ ਉਹ ਹੈ, ਸਦਾ ਹੈ ਤੇ ਉਹੋ ਸਭ ਦਾ ਪਰਮ ਸੱਚ ਸਾਡੇ ਸਾਰੇ ਰੋਗਾਂ ਦਾ ਦਾਰੂ ਹੈ।[66]

ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਸਾਹਿਬ ਸਮਾਜਕ ਭਲਾਈ ਤੇ ਪਰਮਾਰਥਕ ਜੀਵਨ ਲਈ ਨਵੀਂ ਰੋਸ਼ਨੀ ਸਾਬਿਤ ਹੋਏ ਹਨ। ਉਹ ਇਕ ਅਜਿਹੇ ਮਹਾਨ ਕਵੀ ਸਨ ਜਿਨ੍ਹਾਂ ਦੀ ਕਾਵਿ ਗੰਗਾ ਨੇ ਭਾਰਤੀ ਸੰਤ ਕਾਵਿ ਧਾਰਾ ਵਿਚ ਇਕ ਵਿਲੀਨ ਸੁਹਿਰਦਤਾ ਤੇ ਸੁਹੱਪਣ ਲਿਆਂਦਾ। ਇਸ ਤਰ੍ਹਾਂ ਉਹਨਾਂ ਦੀ ਵਿਚਾਰਧਾਰਾ ਮਹਾਨ ਲੋਕ ਨਾਇਕ ਵਾਲੀ ਸੀ। ਇਸ ਮਹਾਨ ਸੰਪਾਦਕ ਨੇ ਆਦਿ ਗ੍ਰੰਥ ਦੇ ਰੂਪ ਵਿਚ ਬਾਰ੍ਹਵੀਂ ਸਦੀ ਤੋਂ ਲੈ ਕੇ ਸੋਲ੍ਹਵੀਂ ਸਦੀ ਤਕ ਦੇ ਪੰਜ ਸੌ ਵਰਸ਼ੀ ਸੰਤ ਸਾਹਿਤ ਨੂੰ ਸੰਪਾਦਿਤ ਕਰਦੇ ਭਾਰਤੀ ਸੰਸਕ੍ਰਿਤੀ ਤੇ ਮਹਾਨ ਉਪਕਾਰ ਕੀਤਾ। ਇਸ ਦੇ ਨਾਲ ਨਾਲ ਵਧੇਰੇ ਗੌਰਵਮਈ ਗੱਲ ਇਹ ਹੈ ਕਿ ਉਹਨਾਂ ਧਰਮ ਲਈ ਆਪਣਾ ਬਲੀਦਾਨ ਦੇ ਕੇ ਸੰਸਾਰ ਨੂੰ ਦੱਸ ਦਿੱਤਾ ਕਿ ਇਕ ਕੋਮਲ ਕਲਾਕਾਰ ਸਾਮਰਾਜ ਦੀ ਤਲਵਾਰ ਨਾਲ ਕਿਵੇਂ ਲੜ ਸਕਦਾ ਹੈ। ਅਹਿੰਸਾ, ਹਿੰਸਾ ਉਤੇ ਕਿਵੇਂ ਫਤਹਿ ਪ੍ਰਾਪਤ ਕਰਦੀ ਹੈ ਤੇ ਜ਼ਿੰਦਗੀ ਮੌਤ ਨੂੰ ਕਿਵੇਂ ਆਖਰ ਹਾਰ ਦਿੰਦੀ ਹੈ।

**ਸ਼ਹਾਦਤ**

ਗੁਰੂ ਸਾਹਿਬ ਨੇ ਸ਼ਹਾਦਤ ਦਾ ਬੀਜ ਅਜਿਹਾ ਬੀਜਿਆ ਕਿ ਸਿੱਖ ਕੌਮ ਦਾ ਇਤਿਹਾਸ ਹੀ ਸ਼ਹਾਦਤਾਂ ਨਾਲ ਭਰਪੂਰ ਹੁੰਦਾ ਗਿਆ। ਸਿੱਖੀ ਸ਼ਹਾਦਤ ਦੀ ਪ੍ਰਤੀਕ ਹੋ ਨਿਬੜੀ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਸ਼ਬਦ ਚਿੰਤਨ ਅਤੇ ਸ਼ਹਾਦਤ ਦੋਹਾਂ ਦੇ ਪ੍ਰਤੀਕ ਬਣੇ ਹਨ। “ਸ਼ਹੀਦ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜਿਹੜਾ ਸੱਚਾਈ ਅਤੇ ਧਰਮ ਦੇ ਰਾਹ ਤੇ ਚਲਦਿਆਂ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ।”[67] ਉਸ ਦੀ ਕੁਰਬਾਨੀ ਆਉਣ ਵਾਲੀਆਂ ਕੌਮਾਂ ਜਾਂ ਨਸਲਾਂ ਲਈ ਸਦਾ ਸਦਾ ਲਈ ਪ੍ਰੇਰਣਾ

ਸਰੋਤ ਬਣ ਜਾਂਦੀ ਹੈ। ਜਿਸ ਨੂੰ ਉਸ ਦੇ ਵਾਰਸ ਸ਼ਹਾਦਤ ਵਜੋਂ ਪ੍ਰਵਾਨ ਕਰਦੇ ਹੋਏ ਆਪਣੇ ਅਤੀਤ ਅਤੇ ਵਿਰਾਸਤ ਵਜੋਂ ਫਖ਼ਰ ਮਹਿਸੂਸ ਕਰਦੇ ਹਨ। ਇਸੇ ਤਰ੍ਹਾਂ ਸ਼ਹੀਦ ਆਪਣੀ ਸ਼ਹਾਦਤ ਦੇ ਕੇ ਆਪਣੇ ਅਕੀਦੇ ਦੀ ਗਵਾਹੀ ਪੇਸ਼ ਕਰਦਾ ਹੈ। ਸ਼ਹਾਦਤ ਕੋਈ ਅਣਚਾਹੀ ਮੌਤ ਮਰਨ ਦਾ ਨਾਮ ਨਹੀਂ ਹੈ, ਸਗੋਂ ਕਿਸੇ ਜ਼ੁਲਮ ਜਬਰ ਜਾਂ ਅਤਿਆਚਾਰ ਵਿਰੁੱਧ ਕੁਰਬਾਨੀ ਦੇ ਕੇ ਪੈਦਾ ਕੀਤਾ ਗਿਆ ਇਕ ਅਜਿਹਾ ਸਭਿਆਚਾਰ ਹੈ ਜਿਹੜਾ ਆਪਣਾ ਸਵੈ-ਪ੍ਰਸੰਗ ਖ਼ੁਦ ਸਥਾਪਤ ਕਰਦਾ ਹੈ।[68] ਸ਼ਹੀਦ ਅਰਬੀ ਭਾਸ਼ਾ ਦਾ ਸ਼ਬਦ ਹੈ। ਕੁਰਾਨ ਵਿਚ ਇਸ ਦੀ ਵਰਤੋਂ ਗਵਾਹ ਜਾਂ ਸਾਕਸੀ ਦੇ ਅਰਥਾਂ ਵਿਚ ਹੋਈ ਹੈ। ਭਾਰਤੀ ਸੰਸਕ੍ਰਿਤੀ ਵਿਚ ਇਸ ਸ਼ਬਦ ਦੇ ਸਮਾਨ ਕੋਈ ਸ਼ਬਦ ਨਹੀਂ ਆਇਆ ਹੈ। ਇਹ ਸ਼ਬਦ ਭਾਰਤੀ ਚਿੰਤਨ ਵਿਚ ਸਾਮੀ ਸੰਸਕ੍ਰਿਤੀ ਤੋਂ ਹੀ ਆਇਆ ਹੈ। ਸਾਮੀ ਪਰੰਪਰਾ ਵਿਚ ਸ਼ਹੀਦ ਸ਼ਬਦ ਸ਼ੋਹਦ (Shuhud) ਤੋਂ ਆਇਆ ਹੈ। ਜਿਸਦੇ ਸ਼ਬਦੀ ਅਰਥ 'ਗਵਾਹੀ' (present as a witness) ਦੇਣਾ ਹਨ।[69] ਸ਼ਹੀਦ ਅਸਲ ਵਿਚ ਸ਼ਹਾਦਤ ਦੇ ਮੁਕਾਮ ਨੂੰ ਉਸ ਸਮੇਂ ਹੀ ਹਾਸਲ ਕਰਦਾ ਹੈ ਜਦੋਂ ਉਹ ਦੇਹ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੀ ਚੇਤਨਾ ਨੂੰ ਰੱਬੀ ਸੁਹਜ ਨਾਲ ਇਕਸੁਰ ਕਰ ਲੈਂਦਾ ਹੈ। ਸਿੱਖ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਅਨੁਸਾਰ ਸ਼ਹਾਦਤ ਮਨੁੱਖੀ ਹਸਤੀ ਨੂੰ ਰੱਬੀ ਸੁਹਜ ਦੇ ਕੇਂਦਰ ਵਿਚ ਲਿਆਉਂਦੀ ਹੈ। ਇਵੇਂ ਮਨੁੱਖ ਦਾ ਰੂਹਾਨੀ ਸਫ਼ਰ ਅਜ਼ੀਮ ਸਾਬਤ ਹੋ ਜਾਂਦਾ ਹੈ ਅਤੇ ਉਸ ਨੂੰ ਹਾਸਲ ਕਰਦੇ ਹੋਏ ਰਹਿਮ ਵਿਚ ਅੰਤਮ ਨਾਂਹ ਨੂੰ ਆਪਣੇ ਵਿਚ ਸਮੋ ਲੈਣ ਦੀ ਤਾਕਤ ਆ ਜਾਂਦੀ ਹੈ।[70]

ਜਿਸ ਤਰ੍ਹਾਂ ਸ਼ਹਾਦਤ ਸ਼ਬਦ ਸਾਮੀ ਧਰਮਾਂ ਵਿਚ ਚਮਕਦਾ ਨਜ਼ਰ ਆਉਂਦਾ ਹੈ, ਉਸੇ ਤਰ੍ਹਾਂ ਦਾ ਕੋਈ ਵੀ ਸ਼ਬਦ ਭਾਰਤ ਦੀ ਪ੍ਰਵਾਨਤ ਧਾਰਮਿਕ ਭਾਸ਼ਾ ਸੰਸਕ੍ਰਿਤ ਵਿਚੋਂ ਬਿਲਕੁਲ ਗੁੰਮ ਹੈ। ਮੁਸਲਮਾਨਾਂ ਦੀ ਆਮਦ ਤੱਕ ਸ਼ਹੀਦ ਦੇ ਸੰਕਲਪ ਨੂੰ ਭਾਰਤੀ ਸਮਾਜ ਵਿਚ ਕੋਈ ਸਥਾਨ ਹੀ ਪ੍ਰਾਪਤ ਨਹੀਂ ਸੀ ਅਤੇ ਬਹੁਤ ਹੀ ਅਚੰਭੇ ਵਾਲੀ ਗੱਲ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਭਾਰਤੀ ਸਭਿਆਚਾਰ ਵਿਚ ਸ਼ਹਾਦਤ ਦਾ ਸੰਕਲਪ ਹੀ ਪ੍ਰਾਪਤ ਨਹੀਂ ਸੀ। ਪਹਿਲੀ ਵਾਰ ਗੁਰੂ ਅਰਜਨ ਦੇਵ ਪਾਤਸ਼ਾਹ ਲਈ ਸ਼ਹੀਦ ਸ਼ਬਦ ਵਰਤਿਆ ਗਿਆ।[71] ਵਕਤ ਦੀ ਹਕੂਮਤ ਅੱਗੇ ਨਾ ਝੁਕਣ ਦਾ ਜਜ਼ਬਾ ਜੋ ਗੁਰੂ ਨਾਨਕ ਸਾਹਿਬ ਨੇ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ', 'ਜੋਰੀ ਮੰਗੈ ਦਾਨ ਵੇ ਲਾਲੋ' ਅਤੇ 'ਰਾਜੇ ਸੀਂਹ ਮੁਕੱਦਮ ਕੁੱਤੇ' ਜਿਹੇ ਵਿਖਿਆਨਾਂ ਨਾਲ ਸ਼ੁਰੂ ਕਰ ਦਿੱਤਾ ਸੀ ਉਸਦਾ ਅਮਲੀ ਰੂਪ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਚੋਂ ਪ੍ਰਗਟ ਹੁੰਦਾ ਹੈ। ਹਰਿਮੰਦਰ ਸਾਹਿਬ ਜਿਹੇ ਅਦੁੱਤੀ

ਅਤੇ ਕੁਝ ਹੋਰ ਤੀਰਥ ਅਸਥਾਨਾਂ ਦੀ ਉਸਾਰੀ ਤੋਂ ਬਿਨਾਂ ਆਪਣੇ ਜੀਵਨ ਦੀਆਂ ਦੋ ਘਟਨਾਵਾਂ ਅਜਿਹੀਆਂ ਹਨ ਜਿਹੜੀਆਂ ਇਤਿਹਾਸ ਵਿਚ ਹਮੇਸ਼ਾਂ ਯਾਦ ਰਹਿਣਗੀਆਂ। ਪਹਿਲੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਦੂਜੀ ਉਨ੍ਹਾਂ ਦੀ ਅਦੁੱਤੀ ਸ਼ਹੀਦੀ।"[72] 'ਪਰਮਾਤਮਾ ਨਾਲ ਇਕਮਿਕ ਹੋਏ, ਰੱਬੀ ਰੰਗ ਵਿਚ ਅਭੇਦ, ਦੁਖੀਆਂ ਦੇ ਦਰਦੀ, ਮਹਾਨ ਤਪੱਸਵੀ, ਦੂਰ ਅੰਦੇਸ਼ੀ, ਕੌਮੀ ਉੱਸਰੀਏ, ਦਿੱਬ ਦ੍ਰਿਸ਼ਟੀ ਅਤੇ ਆਤਮ ਵਿਸ਼ੇ ਦੇ ਮਾਲਕ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿੱਖ ਇਤਿਹਾਸ ਵਿਚ 'ਸ਼ਹੀਦਾਂ ਦੇ ਸਿਰਤਾਜ' ਵਜੋਂ ਸਿਖਰ ਸਨਮਾਨ ਹਾਸਲ ਹੈ। ਇਹਨਾਂ ਦੀ ਸ਼ਹੀਦੀ ਸਿੱਖ ਇਤਿਹਾਸ ਤੇ ਗੁਰੂ ਇਤਿਹਾਸ ਵਿਚ ਵਿਲੱਖਣ ਸਥਾਨ ਰੱਖਦੀ ਹੈ। ਆਪ ਅਜਿਹੇ ਤਪੱਸਵੀ ਮਹਾਂਪੁਰਖ ਹੋਏ ਜਿਹਨਾਂ ਨੇ ਲੋਕ ਪੀੜਾ ਅਤੇ ਲੋਕਾਈ ਦੇ ਦਰਦ ਨੂੰ ਆਪਣੇ ਪਿੰਡੇ ਤੇ ਝਲਦਿਆਂ ਆਪਣਾ ਕੀਮਤੀ ਬਲੀਦਾਨ ਦਿੱਤਾ। ਇਸ ਬਲੀਦਾਨ ਦਾ ਸਿੱਖ ਲਹਿਰ ਅਤੇ ਪੰਜਾਬ ਦੇ ਇਤਿਹਾਸ ਵਿਚ ਦੂਰਗਾਮੀ ਅਸਰ ਹੋਇਆ। ਗੁਰੂ ਜੀ ਦੀ ਇਹ ਸ਼ਹਾਦਤ ਇੰਨੀ ਮਹਾਨ ਸੀ ਕਿ ਅੱਜ 400 ਸਾਲ ਬੀਤ ਜਾਣ ਤੇ ਵੀ ਇਹ ਵਿਸ਼ਵ ਭਰ ਵਿਚ ਸੂਰਜ ਵਾਂਗ ਚਮਕਦੀ ਹੋਈ ਸਿੱਖ ਕੌਮ ਅਤੇ ਸਮੁੱਚੀ ਮਾਨਵਤਾ ਲਈ ਪੱਥ-ਪ੍ਰਦਰਸ਼ਕ ਬਣੀ ਹੋਈ ਹੈ।[73]

ਡਾ. ਅਵਤਾਰ ਸਿੰਘ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੀ ਮਹੱਤਤਾ ਉਪਰ ਪ੍ਰਕਾਸ਼ ਪਾਉਂਦੇ ਹੋਏ ਲਿਖਦੇ ਹਨ ਕਿ "ਗੁਰੂ ਅਰਜਨ ਦੇਵ ਜੀ ਦੀ ਨੈਤਿਕ ਫਿਲਾਸਫ਼ੀ ਵਿਚ ਸੂਰਬੀਰਤਾ ਇਕ ਮਹੱਤਵਪੂਰਣ ਗੁਣ ਹੈ। ... ਅਜਿਹਾ ਪੁਰਸ਼ ਜਾਂ ਇਸਤਰੀ, ਜੋ ਪੂਰਨਤਾ ਨੂੰ ਪ੍ਰਾਪਤ ਕਰੇ ਤੇ ਫਿਰ ਕਿਸੇ ਨੈਤਿਕ ਕੀਮਤ ਜਾਂ ਸਿਧਾਂਤ ਵਾਸਤੇ ਕੁਰਬਾਨੀ ਦੇਵੇ, ਤਾਂ ਉਹ ਸਹੀ ਅਰਥਾਂ ਵਿਚ ਸਮਾਜ ਤੇ ਸਮੇਂ ਤੇ ਕੋਈ ਸਦੀਵੀ ਅਸਰ ਪਾ ਸਕਦਾ ਹੈ ਅਤੇ ਨਵੀਆਂ ਨੈਤਿਕ ਕੀਮਤਾਂ ਨੂੰ ਜਨਮ ਦੇ ਸਕਦਾ ਹੈ।"[74]

ਗੁਰੂ ਅਰਜਨ ਦੇਵ ਜੀ ਦੀ ਜਗਤ ਫੇਰੀ ਦੇ ਸਮੇਂ ਦੀ ਅਖੀਰਲੀ ਤੇ ਸਭ ਤੋਂ ਵੱਧ ਮਹੱਤਤਾ ਰੱਖਣ ਵਾਲੀ ਘਟਨਾ ਉਨ੍ਹਾਂ ਦੀ ਸ਼ਹੀਦੀ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸਗੋਂ ਗੁਰੂ ਘਰ ਦੇ ਮੁਗਲ ਰਾਜ ਵਿਚ ਆਰੰਭ ਸਮੇਂ ਤੋਂ ਹੀ ਚਲੀ ਆ ਰਹੀ ਟੱਕਰ ਵਿਚ ਇਕ ਸਿਖਰ ਸੀ। ਇਸ ਸ਼ਹੀਦੀ ਦੇ ਅਨੇਕਾਂ ਕਾਰਨ ਮੰਨੇ ਗਏ ਹਨ ਜੋ ਧਾਰਮਿਕ ਵੀ ਹਨ ਤੇ ਰਾਜਨੀਤਿਕ ਵੀ। ਇਸ ਸੰਬੰਧੀ ਪਹਿਲਾ ਪ੍ਰਮਾਣਿਕ ਮਤ ਕੇਸਰ ਸਿੰਘ ਛਿੱਬਰ ਦਾ ਹੈ ਜਿਸ ਅਨੁਸਾਰ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੂਲ ਕਾਰਣ ਘਰੋਗੀ ਫੁੱਟ ਹੀ ਸੀ। ਉਹ ਲਿਖਦਾ ਹੈ ਕਿ ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਨੂੰ ਗੁਰੂ ਗੱਦੀ ਦਾ ਯੋਗ

ਨਾ ਸਮਝ ਕੇ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਦੇ ਦਿੱਤੀ। ਪ੍ਰਿਥੀ ਚੰਦ ਵੱਡਾ ਹੋਣ ਕਰਕੇ ਗੁਰਗੱਦੀ ਉੱਪਰ ਆਪਣਾ ਹੱਕ ਸਮਝਦਾ ਸੀ ਤੇ ਪੰਚਮ ਗੁਰੂ ਜੀ ਨਾਲ ਵਿਰੋਧ ਕਰਨਾ ਆਰੰਭ ਕਰ ਦਿੱਤਾ। ਉਂਜ ਗੁਰੂ ਘਰ ਵਿਚ ਇਹ ਗੱਲ ਕੋਈ ਨਵੀਂ ਨਹੀਂ ਸੀ। ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਦੇ ਸਪੁੱਤਰਾਂ ਨੇ ਵੀ ਗੁਰਗੱਦੀ ਪ੍ਰਾਪਤ ਕਰਨ ਲਈ ਜਤਨ ਕੀਤੇ ਸਨ। ਜਦ ਉਹ ਗੁਰਗੱਦੀ ਨਾ ਪ੍ਰਾਪਤ ਕਰ ਸਕੇ ਤਾਂ ਉਹ ਗੱਦੀ ਉੱਪਰ ਬਿਰਾਜੇ ਗੁਰੂ ਨਾਲ ਥੋੜ੍ਹੀ ਦੇਰ ਵਿਰੋਧ ਕਰਨ ਉਪਰੰਤ ਸ਼ਾਂਤ ਹੋ ਗਏ ਸਨ। ਪਰ ਪ੍ਰਿਥੀ ਚੰਦ ਇਸ ਘਰੋਗੀ ਪ੍ਰਗਟਾਵੇ ਨੂੰ ਸਰਕਾਰੇ ਦਰਬਾਰੇ ਪੁਚਾ ਕੇ ਰਿਹਾ। ਗੁਰੂ ਅਰਜਨ ਦੇਵ ਦੀ ਸੰਤਾਨ ਨਹੀਂ ਸੀ। ਪ੍ਰਿਥੀ ਚੰਦ ਨੂੰ ਵਿਸ਼ਵਾਸ ਸੀ ਕਿ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਉਸਦਾ ਲੜਕਾ ਹੀ ਗੁਰ ਗੱਦੀ ਦਾ ਵਾਰਸ ਹੋਵੇਗਾ। ਪਰ ਗੁਰੂ ਹਰਿਗੋਬਿੰਦ ਦੇ ਜਨਮ ਨੇ ਪ੍ਰਿਥੀ ਚੰਦ ਦੀਆਂ ਆਸਾਂ ਉੱਤੇ ਪਾਣੀ ਫੇਰ ਦਿੱਤਾ। ਸਾੜੇ ਦੀ ਜਵਾਲਾ ਭੜਕ ਉੱਠੀ। ਉਸਨੇ ਇਕ ਦਾਈ ਦੇ ਥਣਾ ਉੱਤੇ ਜ਼ਹਿਰ ਲਗਵਾ ਕੇ ਭੇਜਿਆ ਪਰ ਉਲਟਾ ਦਾਈ ਮਰ ਗਈ। ਇਕ ਸਪੇਰਾ ਸੱਪ ਲੜਾਉਣ ਲਈ ਵਡਾਲੀ ਭੇਜਿਆ ਪਰ ਗੁਰੂ ਹਰਗੋਬਿੰਦ ਬਚ ਗਏ, ਇਕ ਪੰਡਿਤ ਦੇ ਹੱਥ ਦਹੀਂ ਵਿਚ ਜ਼ਹਿਰ ਮਿਲਾ ਕੇ ਭੇਜਿਆ ਪਰ ਉਹ ਆਪ ਹੀ ਸੂਲ ਨਾਲ ਮਰ ਗਿਆ।[75] ਦੂਸਰਾ ਪ੍ਰਮਾਣਿਕ ਮੱਤ ਸਰੂਪ ਦਾਸ ਭੱਲਾ ਅਤੇ ਭਾਈ ਸੰਤੋਖ ਸਿੰਘ ਦਾ ਹੈ। ਉਨ੍ਹਾਂ ਅਨੁਸਾਰ, "ਚੰਦੂ ਦੀ ਸਪੁਤਰੀ ਦੇ ਰਿਸ਼ਤੇ ਦੀ ਅਪ੍ਰਵਾਨਗੀ ਹੀ ਗੁਰੂ ਸਾਹਿਬ ਦੀ ਮੌਤ ਦਾ ਕਾਰਣ ਬਣੀ।"[76] ਲਾਹੌਰੀ ਭਗਤਾਂ ਕਾਨ੍ਹਾਂ, ਛੱਜੂ, ਸ਼ਾਹ ਹੁਸੈਨ ਅਤੇ ਪੀਲੂ ਦੀ ਬਾਣੀ ਦਾ ਅਪ੍ਰਵਾਨ ਹੋਣਾ ਵੀ ਇਕ ਕਾਰਨ ਮੰਨਿਆ ਗਿਆ ਹੈ। ਇਨ੍ਹਾਂ ਨੇ ਅਕਬਰ ਪਾਸੇ ਕਈ ਝੂਠੀਆਂ ਸ਼ਿਕਾਇਤਾਂ ਪਹੁੰਚਾਈਆਂ ਪਰ ਅਕਬਰ ਨੇ ਆਦਿ ਗ੍ਰੰਥ ਨੂੰ ਮਹਾਨ ਗ੍ਰੰਥ ਕਹਿ ਕੇ ਨਿਵਾਜਿਆ।

ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਵਿਚ ਕਈ ਮੀਲ ਪੱਥਰ ਸਥਾਪਿਤ ਕੀਤੇ। ਇਹ ਪ੍ਰਚਾਰ ਅਤੇ ਪਸਾਰ ਹਕੂਮਤ ਅਤੇ ਹੋਰ ਵਿਰੋਧੀਆਂ ਦੇ ਅੰਦਰ ਡਰ ਦੀ ਭਾਵਨਾ ਪੈਦਾ ਕਰ ਰਿਹਾ ਸੀ। ਇਹ ਡਰ ਉਨ੍ਹਾਂ ਨੂੰ ਸਿੱਖ ਧਰਮ ਵਿਰੁੱਧ ਲਾਮ ਬੰਦ ਕਰ ਰਿਹਾ ਸੀ ਅਤੇ ਇਸੇ ਲਾਮਬੰਦੀ ਵਿਚੋਂ ਹੀ ਉਹਨਾਂ ਦੀ ਸ਼ਹਾਦਤ ਦਾ ਇਕ ਹੋਰ ਕਾਰਨ ਸਾਹਮਣੇ ਆਇਆ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ:

ਗੁਰੂ ਅਰਜਨ ਦੇਵ ਦੀ ਉਸਾਰੂ ਕੰਮਾਂ ਨੇ ਬਹੁਤ ਲੋਕਾਂ ਦੇ ਮਨ ਵਿਚ ਈਰਖਾ ਪੈਦਾ ਕਰ ਦਿੱਤੀ, ਵਿਸ਼ੇਸ਼ ਕਰਕੇ ਉਨ੍ਹਾਂ ਲੋਕਾਂ ਦੇ ਮਨ ਵਿਚ ਜੋ ਜ਼ਾਤ ਅਭਿਮਾਨੀ ਸਨ, ਪ੍ਰਿਥੀ ਚੰਦ ਅਤੇ ਚੰਦੂ ਦੇ ਹਿਮਾਇਤੀ ਸਨ। ਇਹ ਲੋਕ ਅਚਾਨਕ ਮੌਕਾ ਮੇਲ ਨਾਲ ਇਕ ਲੜੀ ਵਿਚ ਪਰੁੱਚ ਗਏ ਸਨ ਅਤੇ ਸਾਰੇ ਦੇ ਸਾਰੇ ਪੰਚਮ ਗੁਰੂ ਦੇ ਵਿਰੋਧੀ ਬਣ ਗਏ ਸਨ। ਇਸ ਪ੍ਰਕਾਰ ਦੇ ਜਤਨ ਅਕਬਰ ਦੇ ਅਹਿਦ ਵਿਚ ਵੀ ਹੋਏ ਸਨ ਪਰ ਅਸਫਲ।[77]

ਗੁਰੂ ਸਾਹਿਬ ਨੇ ਗੁਰਗੱਦੀ ਤੇ ਬੈਠਦੇ ਹੀ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਨੂੰ ਨਾਨਕ ਸਿਧਾਂਤ ਅਨੁਸਾਰ ਅੱਗੇ ਚਲਾਇਆ। ਉਨ੍ਹਾਂ ਨੇ ਸਭ ਤੋਂ ਪਹਿਲਾਂ 1589 ਈ. ਨੂੰ ਗੁਰੂ ਪਿਤਾ ਰਾਮਦਾਸ ਜੀ ਵਲੋਂ ਤਿਆਰ ਕੀਤੇ ਅੰਮ੍ਰਿਤ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਦੀ ਸਥਾਪਨਾ ਕੀਤੀ ਅਤੇ ਪਵਿੱਤਰ ਹਰਿਮੰਦਰ ਵੀ ਨੀਂਹ ਸਾਈਂ ਮੀਆਂ ਮੀਰ ਕੋਲੋਂ ਰਖਵਾਈ। ਗੁਰੂ ਸਾਹਿਬ ਦਾ ਇਹ ਕਾਰਜ ਜਿਥੇ ਧਰਮ ਦੇ ਨਾਮ ’ਤੇ ਧਾਰਮਿਕ ਅਸਥਾਨਾਂ ਦੁਆਲੇ ਲਗਾਈਆਂ ਧਾਰਮਿਕ ਕੱਟੜਤਾ ਦੀਆਂ ਵਲਗਣਾਂ ਨੂੰ ਤੋੜਣ ਵਾਲਾ ਸੀ, ਉਥੇ ਸਦੀਆਂ ਤੋਂ ਹਿੰਦੂ ਧਰਮ ਦੇ ਵਰਣ-ਆਸ਼ਰਮ ਦੁਆਰਾ ਕੀਤੀ ਜਾਂਦੀ ਮਨੁੱਖਤਾ ਦੀ ਲੁੱਟ ਲਈ ਵੰਗਾਰ ਵੀ ਸੀ। ਇਸ ਨਾਲ ਸਿੱਖ ਧਰਮ ਦੇ ਅਨੁਯਾਈਆਂ ਨੂੰ ਇਕ ਕੇਂਦਰੀ ਧਰਮ ਧਾਮ ਪ੍ਰਾਪਤ ਹੋਇਆ। ਇਸ ਤੋਂ ਬਾਅਦ ਸਹਿਜੇ ਸਹਿਜੇ ਲੋਕ ਹਰਿਮੰਦਰ ਸਾਹਿਬ ਦੇ ਨੇੜੇ ਹੋ ਕੇ ਵਸਣ ਲੱਗੇ। ਇਕ ਨਵੇਂ ਦ੍ਰਿਸ਼ਟੀਕੋਣ ਵਾਲੇ ਧਰਮ ਦੀ ਨਵੀਂ ਬਸਤੀ ਤਿਆਰ ਹੋ ਗਈ। ਅੰਮ੍ਰਿਤਸਰ ਹਰਿਮੰਦਰ ਅਤੇ ਸਰੋਵਰ ਦੀ ਸਿਫ਼ਤ ਗੁਰੂ ਸਾਹਿਬ ਨੇ ਖ਼ੁਦ (ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ) ਅਤੇ ਹੋਰ ਅਨੇਕਾਂ ਕਵੀਆਂ ਨੇ ਕੀਤੀ ਹੈ। ਗੁਰੂ ਸਾਹਿਬ ਨੇ ਇਹ ਚੰਗੀ ਤਰ੍ਹਾਂ ਸਮਝ ਲਿਆ ਸੀ ਕਿ ਸਿੱਖੀ ਦੇ ਵਾਧੇ ਲਈ ਗੁਰੂ ਕੇ ਚੱਕ ਨੂੰ ਇਕ ਵੱਡਾ ਤਜ਼ਾਰਤੀ ਸ਼ਹਿਰ ਬਣਾਉਣਾ ਅਤਿ ਜ਼ਰੂਰੀ ਹੈ। ਸੋ ਗੁਰੂ ਸਾਹਿਬ ਨੇ ਅੰਮ੍ਰਿਤਸਰ ਨੂੰ ਵਪਾਰਕ ਨਗਰ ਬਣਾਉਣ ਦਾ ਵੀ ਵਿਸ਼ੇਸ਼ ਉੱਦਮ ਕੀਤਾ। ਗੁਰੂ ਸਾਹਿਬ ਦੀ ਪ੍ਰੇਰਣਾ ਦੇ ਫਲਸਰੂਪ ਅੰਮ੍ਰਿਤਸਰ ਨਗਰ ਬਹੁਤ ਜਲਦੀ ਵਿਕਸਿਤ ਹੋਇਆ ਅਤੇ ਇਕ ਗਹਿਮਾ ਗਹਿਮ ਬਸਤੀ ਬਣ ਗਿਆ। ਗੁਰੁ ਅਰਜਨ ਦੇਵ ਜੀ ਨੇ ਆਪ ਲਿਖਿਆ ਹੈ: ‘ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ’।[78]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਇਕ ਹੋਰ ਪ੍ਰਮੁੱਖ ਕਾਰਨ ਆਦਿ ਗ੍ਰੰਥ ਦੀ ਸੰਪਾਦਨਾ ਵੀ ਸੀ। ਸੰਪਾਦਨਾ ਨੇ ਉਸ ਵੇਲੇ ਦੇ ਨਸਲ ਭੇਦ ਵਿਚ ਉਲਝੇ ਸਮਾਜ ਲਈ ਜਿਥੇ ਇਕ ਚੁਣੌਤੀ ਖੜ੍ਹੀ

ਕਰ ਦਿੱਤੀ ਸੀ, ਉਥੇ ਸਰਬੱਤ ਦੇ ਭਲੇ ਦਾ ਅਨੋਖਾ ਅਤੇ ਨਿਵੇਕਲਾ ਅਧਿਆਤਮਿਕ ਮਾਡਲ ਵੀ ਸਾਹਮਣੇ ਲੈ ਆਉਂਦਾ ਸੀ। ਇਸ ਦੇ ਨਤੀਜੇ ਵਜੋਂ ਸਿੱਖ ਧਰਮ ਲੋਕ ਮਾਨਸਿਕਤਾ ਵਿਚ ਇਸ ਤਰ੍ਹਾਂ ਉਤਰਿਆ ਕਿ ਸਹਿਜੇ ਸਹਿਜੇ ਸਿੱਖ ਧਰਮ ਇਕ ਲੋਕ ਲਹਿਰ ਬਣ ਗਿਆ। ਲੋਕ ਲਹਿਰ ਹਮੇਸ਼ਾਂ ਹੀ ਸਮੇਂ ਦੀਆਂ ਹਕੂਮਤਾਂ ਦੀ ਨਜ਼ਰਾਂ ਵਿਚ ਰੜਕਣੀ ਸ਼ੁਰੂ ਹੋ ਜਾਂਦੀ ਹੈ ਅਤੇ ਲੋਕ ਲਹਿਰ ਦੇ ਨਾਇਕ ਬਾਗੀ ਰੂਪ ਵਜੋਂ ਮਾਨਤਾ ਵੀ ਪ੍ਰਾਪਤ ਕਰ ਲੈਂਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਇਕ ਹੋਰ ਕਾਰਣ ਆਦਿ ਗ੍ਰੰਥ ਦੀ ਬੀੜ ਦੀ ਰਚਨਾ ਸੀ। ਡਾ. ਜੋਗਿੰਦਰ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਮੁੱਖ ਕਾਰਨ ਆਦਿ ਗ੍ਰੰਥ ਦੀ ਬੀੜ ਦੀ ਰਚਨਾ ਸੀ ਜਿਸ ਕਰਕੇ ਬਾਦਸ਼ਾਹ ਜਹਾਂਗੀਰ ਸੜ ਗਿਆ ਅਤੇ ਉਹ ਗੁਰੂ ਘਰ ਤੋਂ ਬਦਲਾ ਲੈਣ ਦੇ ਮਨਸੂਬੇ ਬਣਾਉਣ ਲੱਗਾ। ਮੁਗਲ ਬਾਦਸ਼ਾਹ ਦੀ ਗੁਰੂ-ਘਰ ਨਾਲ ਟੱਕਰ ਲੈਣੀ ਵਕਤੀ ਨਹੀਂ ਪੁਸ਼ਤੀ ਹੈ। ਜਹਾਂਗੀਰ ਦੇ ਪੜਦਾਦੇ ਬਾਬਰ ਬਾਦਸ਼ਾਹ ਨੇ ਗੁਰੂ ਨਾਨਕ ਸਾਹਿਬ ਨੂੰ ਬੰਦੀ ਬਣਾਇਆ ਸੀ ਅਤੇ ਗਵਾਲੀਅਰ ਦੇ ਕਿਲੇ ਵਿਚ ਕੈਦ ਰੱਖਿਆ ਸੀ। ਅੱਗੋਂ ਬਾਬਰ ਦੇ ਪੋਤਰੇ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਸੀ ਅਤੇ ਇਸੇ ਤਰ੍ਹਾਂ ਜਹਾਂਗੀਰ ਦੇ ਪੋਤਰੇ ਔਰੰਗਜੇਬ ਨੇ ਗੁਰੂ ਅਰਜਨ ਦੇਵ ਜੀ ਦੇ ਪੋਤਰੇ ਗੁਰੂ ਤੇਗ ਬਹਾਦਰ ਨੂੰ ਪਿੰਜਰੇ ਵਿਚ ਬੰਦ ਕੀਤਾ ਤੇ ਫਿਰ ਸ਼ਹੀਦ ਕੀਤਾ ਸੀ। ਅਕਬਰ ਬੜਾ ਸੁਲਹਕੁਲ ਸੁਲਤਾਨ ਸੀ ਅਤੇ ਗੁਰੂ ਘਰ ਦਾ ਸ਼ਰਧਾਲੂ ਸੀ। ਉਹ 1581 ਈ. ਵਿਚ ਤਖਤ ਉੱਤੇ ਬੈਠਾ। 1604 ਵਿਚ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਸੰਪਾਦਨ 31 ਰਾਗਾਂ ਵਿਚ ਕੀਤਾ। ਸਭ ਤੋਂ ਪਹਿਲਾਂ ਵਿਰੋਧੀਆਂ ਨੇ ਇਸ ਗ੍ਰੰਥ ਦੀ ਰਚਨਾ ਸੰਬੰਧੀ ਅਕਬਰ ਕੋਲ ਹੀ ਸ਼ਿਕਾਇਤ ਕੀਤੀ ਸੀ। ਉਸਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਜਾਂਚ ਪੜਤਾਲ ਕਰਵਾਈ ਤਾਂ ਇਤਰਾਜ਼ਯੋਗ ਕੁਝ ਨਾ ਨਿਕਲਿਆ ਤਾਂ ਉਸਨੇ ਇਸ ਨੂੰ ਇਕ 'ਮਹਾਨ ਗ੍ਰੰਥ' ਕਹਿ ਕੇ ਸਿਰ ਨਿਵਾਇਆ। ਇਸ ਦੇ ਟਾਕਰੇ ਤੇ ਸਲੀਮ ਜੋ ਪਿੱਛੋਂ ਜਹਾਂਗੀਰ ਬਾਦਸ਼ਾਹ ਅਖਵਾਇਆ ਬੜਾ ਕੱਟੜ ਮੁਸਲਮਾਨ ਸੀ ਅਤੇ 1605 ਈ. ਵਿਚ ਜਦੋਂ ਗੱਦੀ ਤੇ ਬੈਠਾ, ਗੁਰੂ ਗ੍ਰੰਥ ਸਾਹਿਬ ਦੇ ਇਕ ਫੁਰਮਾਨ 'ਮਿੱਟੀ ਮੁਸਲਮਾਨ ਕੀ ਪੇੜੇ ਪਈ ਕੁਮਿਹਾਰ' ਬਾਰੇ ਚਰਚਾ ਸੁਣ ਕੇ ਆਪਣੀ ਸਵੈ-ਜੀਵਨੀ 'ਤੁਜ਼ਕਿ ਜਹਾਂਗੀਰ' ਵਿਚ ਗੁਰੂ ਘਰ ਨੂੰ ਝੂਠ ਦੀ ਦੁਕਾਨ ਕਹਿੰਦਾ ਹੈ ਤੇ ਲਿਖਦਾ ਹੈ ਕਿ ਚੁਨਾਂਚਿ ਵਿਚ ਬਹੁਤ ਸਾਰੇ ਭੋਲੇ ਹਿੰਦੂਆਂ ਬਲਕਿ ਮੂਰਖ ਤੇ ਕਮੀਨੇ ਮੁਸਲਮਾਨ ਨੂੰ ਵੀ ਉਸ (ਗੁਰੂ ਜੀ) ਨੇ ਆਪਣੀ

ਰਹੁ-ਰੀਤੀ ਦੇ ਅਨੁਸਾਰੀ ਬਣਾ ਕੇ ਪੀਰੀ ਤੇ ਵਲੀਪੁਣ ਦੀ ਡੌਂਡੀ ਪਿਟਾਈ ਹੋਈ ਸੀ। ਸਾਰੇ ਉਸ ਨੂੰ ਗੁਰੂ ਕਹਿੰਦੇ। ਲਾਂਭੇ ਚਾਂਭੇ ਤੋਂ ਗੰਵਾਰ ਤੇ ਗੰਵਾਰਾਂ ਦੇ ਪੁਜਾਰੀ ਲੋਕ ਉਸ ਪਾਸ ਆਉਂਦੇ ਅਤੇ ਪੂਰੀ ਸ਼ਰਧਾ ਪ੍ਰਗਟ ਕਰਦੇ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਜਾਰੀ ਸੀ। ਚਿਰਾਂ ਤੋਂ ਮੇਰਾ ਦਿਲ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਉਸ ਨੂੰ ਮੁਹੰਮਦੀ ਉਮਤਿ (ਇਸਲਾਮ) ਵਿਚ ਲੈ ਆਉਣਾ ਚਾਹੀਦਾ ਹੈ .... ਆਦਿ। ਉਸਨੇ ਫੈਸਲਾ ਕੀਤਾ ਕਿ "ਗੈਰ ਮੁਸਲਮਾਨਾਂ ਪ੍ਰਤੀ ਪਾਲਿਸੀ ਬਦਲਣੀ ਚਾਹੀਦੀ ਹੈ। ਇਸਲਾਮ ਨੂੰ ਅਕਬਰ ਦੀ ਪਾਲਿਸੀ ਨਾਲ ਧੱਕਾ ਲੱਗਾ ਹੈ। ਇਸ ਸੰਬੰਧੀ ਇਕ ਵਿਦੇਸ਼ੀ ਵਿਦਵਾਨ ਪ੍ਰਿੰਸਪ ਲਿਖਦਾ ਹੈ ਕਿ ਜਹਾਂਗੀਰ ਨੇ ਤਖਤ ਉੱਤੇ ਬੈਠਦੇ ਸਾਰ ਇਸਲਾਮ ਦੇ ਅਸੂਲਾਂ ਨੂੰ ਉਜਾਗਰ ਕੀਤਾ ਜਿਨ੍ਹਾਂ ਨੂੰ ਅਕਬਰ ਦੇ ਸਮੇਂ ਤਿਲਾਂਜਲੀ ਦਿੱਤੀ ਗਈ ਸੀ। ਨਾਲ ਹੀ ਗੈਰ-ਮੁਸਲਮਾਨਾਂ ਉੱਤੇ ਸਖਤੀ ਦਾ ਸਮਾਂ ਸ਼ੁਰੂ ਹੋਇਆ। ਮੁਸਲਮਾਨਾਂ ਦਾ ਧਰਮ ਬਦਲਣਾ ਉਸ ਨੂੰ ਚੁੱਭਦਾ ਸੀ। ਉਸਦਾ ਨਿਸ਼ਾਨਾ ਸਿੱਧਾ ਸਿੱਖ ਘਰ ਵਲ ਸੀ। ਸਿੱਖ ਧਰਮ ਗੁਰੂ ਸਾਹਿਬਾਨ ਦੇ ਪ੍ਰਚਾਰ ਨਾਲ ਇਕ ਤਕੜੀ ਤਾਕਤ ਬਣ ਗਿਆ ਸੀ। ਜਹਾਂਗੀਰ ਨੂੰ ਤਾਕਤ ਚੁੱਭਦੀ ਸੀ। ਕਨਿੰਘਮ ਅਨੁਸਾਰ ਜਿਥੇ ਗੁਰੂ ਨਾਨਕ ਦੇ ਉਪਦੇਸ਼ਾਂ ਨੇ ਜਨਤਾ ਨੂੰ ਹਲੂਣ ਦਿੱਤਾ, ਉਥੇ ਗੁਰੂ ਅਰਜਨ ਦੇਵ ਜੀ ਵੇਲੇ ਗੁਰੂ ਨਾਨਕ ਦੇ ਅਸੂਲਾਂ ਨੇ ਸਿੱਖਾਂ ਸੇਵਕਾਂ ਦੇ ਮਨਾਂ ਵਿਚ ਪੱਕੀ ਥਾਂ ਬਣਾ ਲਈ ਸੀ। ਸੋ ਸ਼ਹਾਦਤ ਦਾ ਸਭ ਤੋਂ ਵੱਡਾ ਤੇ ਮੂਲ ਕਾਰਨ ਗੁਰੂ ਨਾਨਕ ਦੇਵ ਜੀ ਦੇ ਨਿੱਤ ਦਿੱਤੇ ਤੇ ਦ੍ਰਿੜ੍ਹ ਕਰਵਾਏ ਜਾਂਦੇ ਆਜ਼ਾਦੀ ਦੇ ਉਪਦੇਸ਼ ਸਨ ਜੋ ਸਿੱਖਾਂ ਨੂੰ ਨਿਰਭਉ ਤੇ ਨਿਰਵੈਰ ਹੋਣ ਲਈ ਪ੍ਰੇਰਦੇ ਸਨ ਅਤੇ ਇਨ੍ਹਾਂ ਨੂੰ ਸਮੇਂ ਦੀ ਸਰਕਾਰ ਸਹਾਰ ਨਾ ਸਕੀ। ਮੁੱਖ ਕਾਰਨ ਇਹੋ ਸੀ, ਬਾਕੀ ਕਾਰਨ ਸਾਰੇ ਪੂਰਕ ਸਨ। ਉਹ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦੇ ਮਨਸੂਬੇ ਬਣਾਉਣ ਲੱਗਾ। ਸਿੱਖਾਂ ਦੀ ਵਧਦੀ ਮਜ਼ਬੂਤ ਜਥੇਬੰਦੀ ਉਸ ਨੂੰ ਚੁੱਭਦੀ ਸੀ। ਉਹ ਇਸ ਨੂੰ ਦਬਾਉਣ ਦੀਆਂ ਵਿਉਂਤਾਂ ਬਣਾਉਣ ਲੱਗਾ। ਦੂਜੀ ਵਿਉਂਤ ਉਸਨੇ ਇਹ ਬਣਾਈ ਕਿ ਗੁਰੂ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਖੁਸ਼ਾਮਦ ਦੇ ਸ਼ਬਦ ਪਾਉਣ ਅਤੇ ਗੁਰਬਾਣੀ ਨੂੰ ਬਦਲਣ ਲਈ ਮਜਬੂਰ ਕਰਨ ਲੱਗਾ, ਜੋ ਗੁਰੂ ਸਾਹਿਬ ਨੇ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਅਜਿਹਾ ਕੰਮ ਕਰਨ ਨਾਲੋਂ ਸ਼ਹਾਦਤ ਵਾਲੇ ਰਸਤੇ ਨੂੰ ਠੀਕ ਸਮਝ ਕੇ ਅਪਣਾਇਆ। ਅੰਤਲਾ ਕਾਰਨ ਖੁਸਰੋ ਦੀ ਬਗਾਵਤ ਸੀ। ਖੁਸਰੋ ਜਹਾਂਗੀਰ ਦਾ ਛੋਟਾ ਪੁੱਤਰ ਸੀ। ਉਹ ਕਿਹਾ ਕਰਦਾ ਸੀ ਕਿ ਗੁਰੂ ਅਰਜਨ ਦੇਵ ਜੀ ਮੇਰੇ ਮੁਰਸ਼ਦ ਹਨ। ਮੈਂ ਜਦ ਵੀ ਉਨ੍ਹਾਂ ਨੂੰ ਮਿਲਿਆ, ਰੂਹਾਨੀਅਤ ਦੇ ਦਰਵਾਜ਼ੇ ਮੇਰੇ ਲਈ ਖੁੱਲ੍ਹ

ਗਏ। ਉਨ੍ਹਾਂ ਦੇ ਲੰਗਰ ਵਿਚ ਬੈਠ ਕੇ ਜੋ ਖਾਣਾ ਖਾਧਾ, ਉਸ ਦੀ ਲਜ਼ਤ ਤੇ ਪਾਕੀਜ਼ਗੀ ਨੂੰ ਮੈਂ ਭੁੱਲ ਨਹੀਂ ਸਕਦਾ। ਉਨ੍ਹਾਂ ਦੀ ਸਖ਼ਸ਼ੀਅਤ ਵਿਚ ਮਿਕਨਾਤੀਸੀ ਖਿੱਚ ਹੈ। ਜਹਾਂਗੀਰ ਨੂੰ ਜਦ ਖੁਸਰੋ ਦੀ ਨੀਤ ਦਾ ਪਤਾ ਲੱਗਾ ਤਾਂ ਆਪ ਉਸਦਾ ਪਿੱਛਾ ਕੀਤਾ। ਖੁਸਰੋ ਘਬਰਾਇਆ ਹੋਇਆ ਪੰਜਾਬ ਪੁੱਜਾ। ਉਸ ਸੋਚਿਆ ਕਿ ਤਰਨਤਾਰਨ ਚਲਿਆ ਜਾਵੇ। ਉਸ ਨੂੰ ਕਿਸੇ ਸਹਾਰੇ ਦੀ ਲੋੜ ਸੀ ਅਤੇ ਕਈ ਵੇਰ ਖੁਸਰੋ ਆਪਣੇ ਦਾਦੇ ਅਕਬਰ ਨਾਲ ਗੁਰੂ-ਘਰ ਦੇ ਦਰਸ਼ਨ ਕਰ ਚੁੱਕਾ ਸੀ। ਉਸਨੇ ਇਹ ਸੁਣਿਆ ਹੋਇਆ ਸੀ ਕਿ ਗੁਰੂ ਘਰ ਵਿਚ ਸ਼ਰਨ ਆਏ ਦੀ ਲਾਜ ਰੱਖੀ ਜਾਂਦੀ ਸੀ। ਖੁਸਰੋ ਤਰਨਤਾਰਨ ਪੁੱਜਾ ਅਤੇ ਰਹੁ-ਰੀਤ ਅਨੁਸਾਰ ਗੁਰੂ ਸਾਹਿਬ ਨੇ ਮਾਣ ਕੀਤਾ ਤੇ ਲੋੜਵੰਦ ਸਮਝ ਕੇ ਸਹਾਇਤਾ ਵੀ ਦਿੱਤੀ, ਆਸ਼ੀਰਵਾਦ ਵੀ ਦਿੱਤਾ। ਖੁਸਰੋ ਦੀ ਬਗਾਵਤ ਨੇ ਜਹਾਂਗੀਰ ਨੂੰ ਮੌਕਾ ਦਿੱਤਾ ਕਿ ਉਹ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਸਕੇ। ਤੁਜ਼ਕਿ ਜਹਾਂਗੀਰੀ ਵਿਚ ਉਹ ਆਪ ਲਿਖਦਾ ਹੈ ਕਿ ਮੈਂ ਉਸਦੀਆਂ ਕਾਫ਼ਰਾਨਾ ਚਾਲਾਂ ਨੂੰ ਅੱਗੇ ਹੀ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਹੁਕਮ ਦਿੱਤਾ ਕਿ ਉਸ (ਗੁਰੂ ਜੀ) ਨੂੰ ਹਾਜ਼ਰ ਕੀਤਾ ਜਾਵੇ ਤੇ ਮੈਂ ਉਸਦੇ ਘਰ ਘਾਟ ਤੇ ਬੱਚੇ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿੱਤੇ ਅਤੇ ਉਸਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ ਤਸੀਹੇ ਦੇ ਕੇ ਕਤਲ ਕਰਨ।" ਇਥੋਂ ਪਤਾ ਲੱਗਦਾ ਹੈ ਕਿ ਜਹਾਂਗੀਰ ਚਿਰਾਂ ਤੋਂ ਕਿਸੇ ਬਹਾਨੇ ਦੀ ਭਾਲ ਵਿਚ ਸੀ ਤੇ ਖੁਸਰੋ ਦੀ ਬਗਾਵਤ ਨੇ ਉਸ ਨੂੰ ਚੰਗਾ ਮੌਕਾ ਦਿੱਤਾ ਅਤੇ ਉਸਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ। ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਦੋ ਰਸਤੇ ਸਨ, ਈਨ ਮੰਨਣੀ ਜਾਂ ਸ਼ਹੀਦ ਹੋਣਾ। ਗੁਰੂ ਜੀ ਨੇ ਹਰੇਕ ਦੋਰਾਹੇ ਉੱਤੇ ਕਠਿਨ ਰਸਤਾ ਹੀ ਚੁਣਿਆ। ਇਕ ਪਾਸੇ ਚੰਦੂ ਦੀ ਈਰਖਾ ਸੀ। ਦੂਜੇ ਪਾਸੇ ਸੰਗਤਾਂ ਦਾ ਹੁਕਮ ਸੀ। ਇਕ ਪਾਸੇ ਤੱਤੀਆਂ ਤਵੀਆਂ ਨਜ਼ਰ ਆਉਂਦੀਆਂ ਸਨ, ਦੂਜੇ ਪਾਸੇ ਸ਼ਰਨ ਆਏ ਦੀ ਲਾਜ ਸੀ। ਇਕ ਪਾਸੇ ਦੇਗਾਂ ਵਿਚ ਉਬਲਣਾ ਸੀ। ਦੂਜੇ ਪਾਸੇ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਸੀ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਵਾਲਾ ਰਸਤਾ ਹੀ ਯੋਗ ਸਮਝਿਆ। ਇਸ ਲਈ ਗੁਰੂ ਸਾਹਿਬ ਨੂੰ ਲਾਹੌਰ ਦੇ ਹਾਕਮ ਮੁਰਤਜ਼ਾ ਖਾਨ ਦੇ ਹਵਾਲੇ ਕੀਤਾ ਗਿਆ। ਜਹਾਂਗੀਰ ਦਾ ਉਸ ਨੂੰ ਹੁਕਮ ਸੀ ਕਿ ਇਸ ਤਰ੍ਹਾਂ ਤਸੀਹੇ ਦਿਉ ਕਿ ਖੂਨ ਦਾ ਇਕ ਕਤਰ ਨਾ ਡਿੱਗੇ। ਮੁਤਰਜ਼ਾ ਖਾਨ ਨੇ ਅਜਿਹੇ ਨਿਰਦਈ ਕੰਮ ਲਈ ਦੀਵਾਨ ਚੰਦ ਨੂੰ ਵੀ ਰਲਾਇਆ। ਤੱਤੀ ਤਵੀ ਉੱਤੇ ਬਿਠਾ ਕੇ, ਉੱਤੇ ਰੇਤ ਪਾਈ ਗਈ। ਫਿਰ ਉਬਲਦੇ ਪਾਣੀ ਵਿਚ ਉਬਾਲਿਆ ਗਿਆ। ਸਰੀਰ ਛਾਲੇ ਛਾਲੇ ਹੋ ਗਿਆ ਪਰ ਗੁਰੂ ਜੀ ਨੇ

'ਤੇਰੇ ਭਾਣੇ ਵਿਚ ਅੰਮ੍ਰਿਤ ਵਸੈ' ਦੀ ਧੁਨੀ ਜਾਰੀ ਰੱਖੀ। ਮੀਆਂ ਮੀਰ ਨੇ ਵਿਚ ਪੈ ਕੇ ਇਹ ਝਗੜਾ ਮੁਕਾਉਣ ਦੀ ਕੋਸ਼ਿਸ਼ ਕੀਤੀ ਪਰ ਉਸਦੀ ਕੋਈ ਵਾਹ ਨਾ ਚੱਲੀ। ਮੀਆਂ ਮੀਰ ਇਕ ਪਹੁੰਚਿਆ ਹੋਇਆ ਫ਼ਕੀਰ ਸੀ, ਜਿਸ ਦੀ ਅਜ਼ਮਤ ਤੋਂ ਜਹਾਂਗੀਰ ਉਸ ਵੇਲੇ ਤੱਕ ਜਾਣੂ ਨਹੀਂ ਸੀ। ਜਦੋਂ ਉਸਨੇ ਲਾਹੌਰ ਤੇ ਦਿੱਲੀ ਦੀ ਇੱਟ ਨਾਲ ਇੱਟ ਵਜਾਉਣ ਦੀ ਗੱਲ ਕੀਤੀ ਤਾਂ ਗੁਰੂ ਜੀ ਨੇ ਉਸ ਨੂੰ ਵਾਹਿਗੁਰੂ ਦੇ ਹੁਕਮ ਵਿਚ ਹੀ ਰਹਿਣ ਦਾ ਉਪਦੇਸ਼ ਦਿੱਤਾ ਅਤੇ ਫੁਰਮਾਇਆ:

ਮੈਂ ਸਭ ਦੁੱਖ ਉਨ੍ਹਾਂ ਲੋਕਾਂ ਲਈ ਸਹਿ ਰਿਹਾ ਹਾਂ ਜਿਹੜੇ ਨਾਮ ਦਾ ਪ੍ਰਚਾਰ ਕਰਦੇ ਹੋਏ ਨਿਰਭਉ ਰਹਿਣ ਅਤੇ ਇਹ ਧਾਰਨਾ ਕਾਇਮ ਰਹਿ ਸਕੇ ਕਿ ਜਦੋਂ ਉਨ੍ਹਾਂ ਉੱਤੇ ਮੁਸੀਬਤ ਆਵੇ, ਭੀੜ ਬਣੇ ਤਾਂ ਉਹ ਸਬਰ ਤੇ ਸ਼ਾਂਤੀ ਰੱਖਣ, ਅਡੋਲ ਰਹਿਣ ਅਤੇ ਵਾਹਿਗੁਰੂ ਤੇ ਭਰੋਸਾ ਰੱਖਣ ਕਿਉਂਕਿ ਮੁਸੀਬਤ ਦਾ ਸਮਾਂ ਹੀ ਈਮਾਨ ਦਾ ਅਸਲੀ ਇਮਤਿਹਾਨ ਹੈ।" ਅੰਤ ਵਿਚ ਜਲਾਦਾਂ ਨੇ ਵਿਚਾਰਿਆ ਕਿ ਜੇ ਸਰੀਰ ਉੱਤੇ ਠੰਢਾ ਪਾਣੀ ਪਾਇਆ ਜਾਏ ਤਾਂ ਹੋਰ ਤਕਲੀਫ ਹੋਵੇਗੀ। ਆਪਣੇ ਅਜਿਹੇ ਸ਼ੈਤਾਨੀ ਇਰਾਦਿਆਂ ਨੂੰ ਪੂਰਾ ਕਰਨ ਲਈ ਉਹ ਗੁਰੂ ਜੀ ਨੂੰ ਰਾਵੀ ਦਰਿਆ ਦੇ ਕਿਨਾਰੇ ਲੈ ਗਏ। ਗੁਰੂ ਜੀ ਨੇ ਇਸ਼ਨਾਨ ਕੀਤਾ। ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਜੇਠ ਸੁਦੀ ਚੌਥ 30 ਮਈ 1606 ਈਸਵੀ ਨੂੰ ਕੇਵਲ 43 ਸਾਲਾਂ ਦੀ ਆਯੂ ਵਿਚ ਜੋਤੀ ਜੋਤ ਸਮਾ ਗਏ।[79]

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਣ ਜਹਾਂਗੀਰ ਦਾ ਰਾਜਨੀਤਿਕ ਪ੍ਰਬੰਧ, ਤੰਗ ਦਿਲੀ, ਧਾਰਮਿਕ ਕੱਟੜਤਾ, ਪੱਖਪਾਤ, ਚੰਦੂ ਨਾਲ ਨਿੱਜੀ ਦੁਸ਼ਮਣੀ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਪਵਿੱਤਰਤਾ ਕਾਇਮ ਰੱਖਣਾ, ਖੁਸਰੋ ਦਾ ਸੁਭਾਵਿਕ ਆਦਰ ਕਰਨ, ਲਾਹੌਰੀ ਭਗਤਾਂ ਦੀ ਬਾਣੀ ਦਾ ਅਪ੍ਰਵਾਨ ਹੋਣਾ ਅਤੇ ਗੁਰੂ ਅਰਜਨ ਦੇਵ ਜੀ ਦੇ ਕੀਤੇ ਉਸਾਰੂ ਤੇ ਨਿੱਗਰ ਕੰਮਾਂ ਦੇ ਕਾਰਣ ਬਹੁਤੇ ਲੋਕਾਂ ਦੇ ਮਨ ਵਿਚ ਪੈਦਾ ਹੋਈ ਜ਼ਬਰ ਤੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਦੇ ਇਸ ਅਨੋਖੇ ਤਰੀਕੇ ਨੇ ਆਉਣ ਵਾਲੇ ਸਮੇਂ ਵਿਚ ਹਿੰਦੋਸਤਾਨ ਦੀ ਤਕਦੀਰ ਤੇ ਨਵੇਂ ਪੂਰਨੇ ਪਾ ਦਿੱਤੇ। ਡਾ. ਗੁਰਸ਼ਰਨ ਕੌਰ ਜੱਗੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਉਤੇ ਪ੍ਰਕਾਸ਼ ਪਾਉਂਦੇ ਲਿਖਦੇ ਹਨ ਕਿ ਨਿਮਰਤਾ ਤੋਂ ਇਲਾਵਾ ਗੁਰੂ ਜੀ ਅਤਿ ਨਿਰਵੈਰ ਅਤੇ ਨਿਡਰ ਸਨ। ਉਨ੍ਹਾਂ ਨੇ ਜੀਵਨ ਭਰ ਉਨ੍ਹਾਂ ਲੋਕਾਂ ਨਾਲ ਵੀ ਕਿਸੇ ਪ੍ਰਕਾਰ ਦਾ ਕੋਈ ਵੈਰ ਨਾ ਕਮਾਇਆ, ਜਿਨ੍ਹਾਂ ਨੇ ਉਨ੍ਹਾਂ ਦਾ ਜੀਉਣਾ ਦੁੱਭਰ ਕਰ ਰੱਖਿਆ ਸੀ ਅਤੇ ਉਹ ਜ਼ਾਲਮ ਬਾਦਸ਼ਾਹ ਜਹਾਂਗੀਰ ਤੋਂ ਵੀ ਨਾ ਡਰੇ ਸਗੋਂ ਹੱਸ ਹੱਸ ਕੇ

ਉਨਾਂ ਦੇ ਜ਼ੁਲਮ ਸਹਾਰਦੇ ਹੋਇਆਂ ਆਪਣਾ ਆਪ ਨਿਛਾਵਰ ਕਰ ਦਿੱਤਾ। ਅਸਲ ਵਿਚ ਉਹ ਸਾਰੀਆਂ ਸੰਸਾਰਕ ਸੀਮਾਵਾਂ ਤੋਂ ਉੱਚੇ ਉੱਠ ਚੁੱਕੇ ਮਹਾਂਪੁਰਸ਼ ਸਨ। ਉਨ੍ਹਾਂ ਲਈ ਸੱਜਨ ਅਤੇ ਦੁਰਜਨ ਸਭ ਸਮਾਨ ਸਨ। ਉਨ੍ਹਾਂ ਦੀ ਇਸ ਮਾਨਸਿਕਤਾ ਦੇ ਪ੍ਰਮਾਣ ਉਨ੍ਹਾਂ ਦੀ ਬਾਣੀ ਵਿਚ ਸਰਬਤ ਵੇਖੇ ਜਾ ਸਕਦੇ ਹਨ।[80] ਇਸ ਪ੍ਰਕਾਰ ਸਿੱਖ ਧਰਮ ਵਿਚ ਸ਼ਹਾਦਤ ਦਾ ਦੌਰ ਸ਼ੁਰੂ ਹੋ ਗਿਆ ਅਤੇ ਸਿੱਖਾਂ ਵਿਚ ਇਕ ਨਵੀਂ ਚੇਤਨਾ ਪੈਦਾ ਹੋ ਗਈ।

# ਹਵਾਲੇ ਅਤੇ ਟਿੱਪਣੀਆਂ

1. ਡਾ. ਯੋਗਰਾਜ, ***ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦਾ ਸੁਹਜ-ਸ਼ਾਸਤਰ***, ਪੰਨਾ 70
2. ਉਹੀ, ਪੰਨਾ 73-74
3. ਡਾ. ਦਰਸ਼ਨ ਕੌਰ, ***ਗੁਰੂ ਅਰਜਨ ਦੇਵ ਜੀ ਬਾਣੀ: ਸੰਸਕ੍ਰਿਤਕ ਅਧਿਐਨ***, ਪੰਨਾ 9
4. G.C. Narang, ***Transformation of Sikhism***, page 40
5. ਡਾ. ਅੰਮ੍ਰਿਤ ਲਾਲ ਪਾਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***, ਪੰਨਾ 1-2
6. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ***, ਪੰਨਾ 12-13
7. ਭਾਈ ਸੰਤੋਖ ਸਿੰਘ, ***ਸੂਰਜ ਪ੍ਰਕਾਸ਼***, ਪੰਨਾ
8. ਰਣਧੀਰ ਸਿੰਘ, ***ਗੁਰੂ ਅਰਜਨ: ਜੀਵਨ ਤੇ ਰਚਨਾ,*** ਪੰਨਾ 2-3
9. ਭਜਨ ਸਿੰਘ, ***ਬਾਵਨ ਅਖਰੀ***, ਪੰਨਾ 10-11
10. ਡਾ. ਕਰਤਾਰ ਸਿੰਘ ਸੂਰੀ, ***ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ***, ਪੰਨਾ 72-73
11. ਪ੍ਰਿੰ. ਸਤਿਬੀਰ ਸਿੰਘ, ***ਪਰਤਖੁ ਹਰਿ,*** ਪੰਨਾ 35
12. ਕਰਤਾਰ ਸਿੰਘ, ***ਸਿੱਖ ਇਤਿਹਾਸ,*** ਭਾਗ ਪਹਿਲਾ, ਪੰਨਾ 177
13. Hari Singh, ***The Divine Life: Guru Arjan Dev***, page 24
14. ਡਾ. ਅੰਮ੍ਰਿਤ ਲਾਲ ਪਾਲ, ***ਗੁਰੂ ਅਰਜਨ ਜੀਵਨ ਤੇ ਬਾਣੀ***, ਪੰਨਾ 9
15. ਡਾ. ਤਾਰਨ ਸਿੰਘ***, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,*** ਪੰਨਾ 381
16. ***ਗੁਰ ਬਿਲਾਸ ਪਾਤਸ਼ਾਹੀ ਛੇਵੀਂ***, ਪੰਨਾ 287
17. ਉਹੀ, ਪੰਨਾ 13

18. ਡਾ. ਗੁਰਸ਼ਰਨ ਕੌਰ ਜੱਗੀ, ***ਗੁਰੂ ਅਰਜਨ ਦੇਵ ਜੀਵਨ ਤੇ ਰਚਨਾ,*** ਪੰਨਾ 9

19. ***ਪੰਜਾਬੀ ਦੁਨੀਆਂ***, ਅਕਤੂਬਰ-ਨਵੰਬਰ 1962, ਪੰਨਾ 18 (ਲੇਖ-ਭਾਈ ਰਣਧੀਰ ਸਿੰਘ ਰੀਸਰਚ ਸਕਾਲਰ)

20. ਰਣਧੀਰ ਸਿੰਘ (ਸੰਪਾ.), ***ਗੁਰ ਪ੍ਰਣਾਲੀਆਂ***, ਪੰਨਾ 13

21. ਪ੍ਰਿੰ. ਸਤਿਬੀਰ ਸਿੰਘ, ਉਹੀ, ਪੰਨਾ 40

22. ***ਨਾਨਕ ਪ੍ਰਕਾਸ਼ ਪਤ੍ਰਿਕਾ***, ਜੂਨ 2006, ਅੰਕ-ਪਹਿਲਾ, ਪੰਨਾ 73

23. ***The New Encyclopaedia of Britannica, Encyclopaedia Britannica Inc***., 1994, page 503

24. ਗੁਰਬਖਸ਼ ਸਿੰਘ ਪ੍ਰੀਤਲੜੀ, ***ਸਖ਼ਸ਼ੀਅਤ***, ਪੰਨਾ 3-4

25. ਡਾ. ਵਜ਼ੀਰ ਸਿੰਘ, ***ਪੰਜਾਬੀ ਦੁਨੀਆਂ***, ਜੂਨ-ਜੁਲਾਈ 1955 ਅੰਕ

26. ਡਾ. ਕਰਤਾਰ ਸਿੰਘ ਸੂਰੀ, ***ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ***, ਪੰਨਾ 99

27. ***ਆਦਿ ਗ੍ਰੰਥ***, ਅੰਗ 1407

28. ਡਾ. ਰਤਨ ਸਿੰਘ ਜੱਗੀ, ***ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ,*** ਭਾਗ ਦੂਜਾ, ਪੰਨਾ 104-105

29. ***ਆਦਿ ਗ੍ਰੰਥ***, ਅੰਗ 97

30. "Guru Arjan, The fifth Guru, is the Central most figure of the Sikh theocracy and by virtue of his unique personality he is the most brilliant star in the galaxy of Seers Saints and Sages." O.P. Ralhan (Ed.), ***The Great Gurus of the Sikh Series Guru Arjan Dev***, page 2

31. ਪ੍ਰੋ. ਹਰੀ ਸਿੰਘ, ***ਦੈਵੀ ਜੀਵਨ ਗੁਰੂ ਅਰਜਨ ਦੇਵ ਜੀ***, ਪੰਨਾ 99

32. ਉਹੀ, ਪੰਨਾ 182

33. ਡਾ. ਰਤਨ ਸਿੰਘ ਜੱਗੀ, ***ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ,*** ਭਾਗ ਦੂਜਾ, ਪੰਨਾ 105-106

34. ਡਾ. ਮਹਿੰਦਰ ਕੌਰ ਗਿੱਲ, ***ਬਾਣੀ ਬੋਧ***, ਪੰਨਾ 76

35. ਡਾ. ਗੋਪਾਲ ਸਿੰਘ ਦਰਦੀ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਨਾ 256

36. ਡਾ. ਰਤਨ ਸਿੰਘ ਜੱਗੀ, ***ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ***, ਭਾਗ ਦੂਜਾ, ਪੰਨਾ 106-108

37. ਡਾ. ਤਾਰਨ ਸਿੰਘ, ***ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,*** ਪੰਨਾ 384-385

38. ਡਾ. ਰਾਜਿੰਦਰਜੀਤ ਕੌਰ ਢੀਂਡਸਾ, ***ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ***, ਪੰਨਾ 10

39. ਡਾ. ਜੋਗਿੰਦਰ ਸਿੰਘ, ***ਸੁਖਮਨੀ ਸਾਹਿਬ ਦਾ ਦਾਰਸ਼ਨਿਕ ਆਧਾਰ***, ਪੰਨਾ 17

40. ਕਪੂਰ ਤੇ ਜੋਗਿੰਦਰ ਸਿੰਘ, ***ਪੰਜਾਬ ਦਾ ਇਤਿਹਾਸ,*** ਪੰਨਾ 90-91

41. ਡਾ. ਧਰਮ ਸਿੰਘ ਅਤੇ ਹਿਰਦੇਜੀਤ ਸਿੰਘ ਭੋਗਲ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਨਾ 25

42. ਪਿਆਰਾ ਸਿੰਘ ਪਦਮ, ***ਸ੍ਰੀ ਗੁਰੂ ਗ੍ਰੰਥ ਸਾਹਿਬ***, ਪੰਨਾ 94-95

43. ***ਆਦਿ ਗ੍ਰੰਥ,*** ਅੰਗ 1429

44. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***, ਪੰਨਾ 19-20

45. ਪ੍ਰੋ. ਕਰਤਾਰ ਸਿੰਘ, ***ਸਿੱਖ ਇਤਿਹਾਸ,*** ਭਾਗ ਪਹਿਲਾ, ਪੰਨਾ 200

46. ਗਿਆਨੀ ਲਾਲ ਸਿੰਘ, ***ਗੁਰੂ ਖਾਲਸਾ ਤਵਾਰੀਖ***, ਪੰਨਾ 230

47. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਜੀਵਨ ਤੇ ਬਾਣੀ,*** ਪੰਨਾ 23

48. ਗਿਆਨੀ ਲਾਲ ਸਿੰਘ, ਉਹੀ, ਪੰਨਾ 230

49. ਸ਼ਮਸ਼ੇਰ ਸਿੰਘ ਅਸ਼ੋਕ, ***ਸੋਢੀ ਮਿਹਰਬਾਨ ਦਾ ਜੀਵਨ ਅਤੇ ਸਾਹਿਤ***, ਪੰਨਾ 30

50. ਗਿਆਨੀ ਲਾਲ ਸਿੰਘ, ***ਪੰਜਾਬੀ ਦੁਨੀਆਂ***, ਜੂਨ-ਜੁਲਾਈ 1953, ਪੰਨਾ 61

51. ਮੁਹੰਮਦ ਲਤੀਫ਼, ***ਹਿਸਟਰੀ ਆਫ਼ ਪੰਜਾਬ***, ਪੰਨਾ 23

52. ਡਾ. ਰਾਜਿੰਦਰਜੀਤ ਕੌਰ ਢੀਂਡਸਾ, ***ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ***, ਪੰਨਾ 10

53. ਡਾ. ਗੁਰਸ਼ਰਨ ਕੌਰ ਜੱਗੀ, ***ਗੁਰੂ ਅਰਜਨ ਦੇਵ ਜੀਵਨ ਤੇ ਰਚਨਾ***, ਪੰਨਾ 18-19

54. ਭਜਨ ਸਿੰਘ, ***ਬਾਵਨ ਅਖਰੀ***, ਪੰਨਾ 19

55. ਗਿਆਨੀ ਪ੍ਰਤਾਪ ਸਿੰਘ, ***ਗੁਰਮਤ ਲੈਕਚਰ***, ਪੰਨਾ 178

56. ਭਾਈ ਸੰਤੋਖ ਸਿੰਘ, ***ਗੁਰਪ੍ਰਤਾਪ ਸੂਰਜ***, ਪੰਨਾ 189

57. ਤੇਜਾ ਸਿੰਘ ਗੰਡਾ ਸਿੰਘ, ***ਸਿੱਖ ਇਤਿਹਾਸ 1469-1775***, ਪੰਨਾ 30

58. ਭਾਈ ਕਾਨ੍ਹ ਸਿੰਘ ਨਾਭਾ, ***ਗੁਰਸ਼ਬਦ ਰਤਨਾਕਰ ਮਹਾਨ ਕੋਸ਼***, ਪੰਨਾ 80

59. ਭਾਈ ਕਾਨ੍ਹ ਸਿੰਘ ਨਾਭਾ, ਉਹੀ, ਪੰਨਾ 367

60. ਪ੍ਰੋ. ਜੋਗਿੰਦਰ ਸਿੰਘ, ***ਗੁਰਮਤਿ ਪ੍ਰਕਾਸ਼***, ਅਗਸਤ 1998, ਪੰਨਾ 86

61. ਡਾ. ਰੋਸ਼ਨ ਲਾਲ ਆਹੂਜਾ, ***ਗੁਰੂ ਅਰਜਨ ਦੇਵ***, ਪੰਨਾ 53

62. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***, ਪੰਨਾ 99

63. ਡਾ. ਦੀਵਾਨ ਸਿੰਘ, ***ਪੰਜਾਬੀ ਦੁਨੀਆਂ***, ਜੂਨ-ਜੁਲਾਈ, 1953, ਗੁਰੂ ਅਰਜਨ ਅੰਕ

64. S.M. Latif, ***History of Punjab***, page 253

65. ਗਿਆਨੀ ਲਾਲ ਸਿੰਘ, ***ਪੰਜਾਬੀ ਦੁਨੀਆਂ***, ਜੂਨ-ਜੁਲਾਈ 1953, ਗੁਰੂ ਅਰਜਨ ਅੰਕ

66. ਪਿਆਰਾ ਸਿੰਘ ਪਦਮ, ***ਪੰਜਾਬੀ ਦੁਨੀਆਂ***, ਜੂਨ-ਜੁਲਾਈ 1953, ਗੁਰੂ ਅਰਜਨ ਅੰਕ

67. ***ਪੰਜਾਬੀ ਵਿਸ਼ਵ ਕੋਸ਼*** (ਜਿਲਦ ਤੀਜੀ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 336

68. ***ਨਾਨਕ ਪ੍ਰਕਾਸ਼ ਪਤ੍ਰਿਕਾ***, ਜੂਨ 2006, ਅੰਕ ਪਹਿਲਾ, ਪੰਨਾ 1

69. "The Arabic word for "martyr" in quaran and in muslim theology is 'Shahid' Pl. shuhud or Shahid P1.Shuhuda the literal meaning of which is present as a witness." – Thomas Patrick Hughes.

***Dictionary of Islam***, page 327

70. ਪ੍ਰੋ. ਹਰਿੰਦਰ ਸਿੰਘ ਮਹਿਬੂਬ, ***ਸਹਿਜੇ ਰਚਿਓ ਖਾਲਸਾ,*** ਪੰਨਾ 904

71. ਡਾ. ਦਰਸ਼ਨ ਸਿੰਘ, ***ਭਾਰਤੀ ਭਗਤੀ ਪਰੰਪਰਾ ਅਤੇ ਸਿੱਖ ਗੁਰੂ,*** ਪੰਨਾ 25

72. ਡਾ. ਭੁਪਿੰਦਰ ਕੌਰ, ***ਗੁਰਮਤਿ ਕਾਵਿ: ਸਿਧਾਂਤ ਤੇ ਇਤਿਹਾਸ,*** ਪੰਨਾ 83

73. ***ਨਾਨਕ ਪ੍ਰਕਾਸ਼ ਪਤ੍ਰਿਕਾ***, ਉਹੀ, ਪੰਨਾ 211

74. ਡਾ. ਅਵਤਾਰ ਸਿੰਘ, ***ਸਿੱਖ ਧਰਮ ਦਾ ਨੈਤਿਕ ਪ੍ਰਸੰਗ***, ਪੰਨਾ 20

75. ਕੇਸਰ ਸਿੰਘ ਛਿੱਬਰ, ***ਬੰਸਾਵਲੀਨਾਮਾ***, ਪੰਨਾ 49

76. ਭਾਈ ਸੰਤੋਖ ਸਿੰਘ, ***ਗੁਰ ਪ੍ਰਤਾਪ ਸੂਰਜ ਗ੍ਰੰਥ***, ਪੰਨਾ 1707-9

77. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***, ਪੰਨਾ 30

78. ***ਆਦਿ ਗ੍ਰੰਥ***, ਅੰਗ 1362

79. ਡਾ. ਜੋਗਿੰਦਰ ਸਿੰਘ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ***ਰੋਜ਼ਾਨਾ ਚੜ੍ਹਦੀ ਕਲਾ***, 29 ਮਈ 1996, ਪੰਨਾ 78

80. ਡਾ. ਗੁਰਸ਼ਰਨ ਕੌਰ ਜੱਗੀ, ***ਗੁਰੂ ਅਰਜਨ ਦੇਵ ਜੀਵਨ ਤੇ ਰਚਨਾ***, ਪੰਨਾ 24

ਅਧਿਆਇ ਦੂਜਾ

*

*

*

# ਸੁਹਜ-ਸ਼ਾਸਤਰ : ਸਿਧਾਂਤਕ ਪਰਿਪੇਖ

(ੳ) ਸੁਹਜ-ਸ਼ਾਸਤਰ : ਸੰਕਲਪ ਅਤੇ ਪਰਿਭਾਸ਼ਾ

(ਅ) ਸੁਹਜ-ਸ਼ਾਸਤਰ ਅਤੇ ਕਾਵਿ-ਸ਼ਾਸਤਰ

(ੲ) ਸੁਹਜ-ਸ਼ਾਸਤਰ ਅਤੇ ਸਾਹਿਤ

(ਸ) ਸੁਹਜ-ਸ਼ਾਸਤਰ ਅਤੇ ਮੱਧਕਾਲੀ ਸਾਹਿਤ

# ਸੁਹਜ-ਸ਼ਾਸਤਰ : ਸਿਧਾਂਤਕ ਪਰਿਪੇਖ

## (ੳ) ਸੁਹਜ-ਸ਼ਾਸਤਰ : ਸੰਕਲਪ ਅਤੇ ਪਰਿਭਾਸ਼ਾ

ਮਨੁੱਖ ਵਿਚ ਕਿਸੇ ਨਾ ਕਿਸੇ ਪ੍ਰਕਾਰ ਦੀ ਕੋਈ ਨਾ ਕੋਈ ਸੂਖ਼ਮ ਕਲਾ ਪ੍ਰਤੀ ਚੇਸ਼ਟਾ ਜ਼ਰੂਰ ਹੁੰਦੀ ਹੈ। ਇਸ ਲਈ ਸੁਹਜ ਵਿਚ ਰੁਚੀ ਲੈਣਾ ਸੁਭਾਵਿਕ ਹੀ ਮਨੁੱਖ ਦੇ ਮਨ ਦੀ ਅੰਦਰਲੀ ਜ਼ਰੂਰਤ ਬਣ ਜਾਂਦਾ ਹੈ। ਮਨੁੱਖ ਦੇ ਕੁਝ ਚੋਣਵੇਂ ਮਸਲੇ ਜਿਵੇਂ ਕਿ ਭੋਜਨ ਪ੍ਰਾਪਤੀ, ਜੀਵਨ ਸੁਰੱਖਿਆ ਅਤੇ ਨਸਲ-ਨਿਰੰਤਰਤਾ ਆਦਿ ਮਸਲਿਆਂ ਨਾਲ ਸੰਬੰਧਿਤ ਮਨੁੱਖੀ ਵਿਹਾਰ ਹੋਰ ਜੀਵ-ਜੰਤੂਆਂ ਦੇ ਇਨ੍ਹਾਂ ਸੰਬੰਧੀ ਵਿਹਾਰ ਨਾਲੋਂ ਬਹੁਤ ਵੱਖਰਾ ਨਹੀਂ ਹੁੰਦਾ ਪਰ ਜਦੋਂ ਮਨੁੱਖ ਨੂੰ ਆਪਣੇ ਆਲੇ-ਦੁਆਲੇ ਦੀਆਂ ਵਸਤੂਆਂ ਅਤੇ ਆਪਣੀਆਂ ਕਿਰਿਆਵਾਂ ਤੋਂ ਵਿਹਾਰਕ ਸੰਤੁਸ਼ਟੀ ਦੇ ਇਲਾਵਾ ਇਕ ਵੱਖਰੇ ਪ੍ਰਕਾਰ ਦੀ ਸੰਤੁਸ਼ਟੀ ਦਾ ਅਹਿਸਾਸ ਹੁੰਦਾ ਹੈ ਤਾਂ ਉਦੋਂ ਉਹ ਹੋਰ ਜੀਵਾਂ ਨਾਲੋਂ ਬਿਲਕੁਲ ਵੱਖਰਤਾ ਦਰਸਾ ਰਿਹਾ ਹੁੰਦਾ ਹੈ। ਮਿਸਾਲ ਵਜੋਂ ਮਨੁੱਖ ਦਾ ਪਹਿਰਾਵਾ ਭਾਵੇਂ ਸਧਾਰਣ ਹੋਵੇ ਪਰ ਉਹ ਉਸਦੀ ਤਨ ਢੱਕਣ ਦੀ ਸਮਰੱਥਾ ਜ਼ਰੂਰ ਰੱਖਦਾ ਹੈ। ਪਰ ਉਹ ਆਪਣੀ ਪੁਸ਼ਾਕ ਪਾਸੋਂ ਕੇਵਲ ਤਨ ਢੱਕਣ ਤੋਂ ਇਲਾਵਾ ਹੋਰ ਕਿਸੇ ਪ੍ਰਕਾਰ ਦੀ ਸੰਤੁਸ਼ਟੀ ਨੂੰ ਪ੍ਰਾਪਤ ਕਰਨ ਦਾ ਚਾਹਵਾਨ ਵੀ ਹੁੰਦਾ ਹੈ। ਜਦੋਂ ਉਹ ਵੰਨ-ਸੁਵੰਨੇ ਰੰਗ ਅਤੇ ਪ੍ਰਿੰਟ ਕੱਪੜੇ ਦੀ ਚੋਣ ਕਰਦਾ ਹੈ। ਉਸ ਵਿਚ ਭਾਂਤ-ਭਾਂਤ ਦੇ ਡਿਜ਼ਾਇਨਾਂ ਪ੍ਰਤੀ ਸੋਚਦਾ ਹੈ। ਇਹ ਪੱਖ ਮਨੁੱਖ ਦੀ ਸੁਹਜ-ਬਿਰਤੀ ਦਾ ਹੀ ਪ੍ਰਬਲ ਰੂਪ ਹੈ, ਜੋ ਵੱਖ-ਵੱਖ ਕਿਰਿਆਵਾਂ ਰਾਹੀਂ ਪ੍ਰਗਟ ਹੁੰਦਾ ਰਹਿੰਦਾ ਹੈ।

'ਸੁਹਜ' ਅੰਗਰੇਜ਼ੀ ਸ਼ਬਦ ਬਿਊਟੀ (Beauty) ਦਾ ਅਤੇ ਹਿੰਦੀ ਦੇ ਸ਼ਬਦ 'ਸੌਂਦਰਯ' ਦਾ ਸਮਾਨਾਰਥੀ ਮੰਨਿਆ ਜਾਂਦਾ ਹੈ। 'Beauty' ਸ਼ਬਦ Beau+ty ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਇਸ ਵਿਚ Beau ਦਾ ਅਰਥ ਹੈ ਪ੍ਰਿਯ ਅਥਵਾ ਰਸਿਕ ਅਤੇ ਟੀ (ty) ਭਾਵਾਚਕ ਦੇ ਰੂਪ ਵਿਚ ਹੈ। ਇਸ ਤਰ੍ਹਾਂ ਬਿਊਟੀ (Beauty) ਦਾ ਅਰਥ ਹੈ ਰਸਿਕ ਦਾ ਭਾਵ ਜਾਂ ਰਸਿਕਤਾ ਅਥਵਾ ਸ਼ਿੰਗਾਰੀ ਪੁਰਸ਼ ਦਾ ਗੁਣ।[1] ਸ਼ਬਦ ਬਿਊਟੀ ਦਾ ਕੋਸ਼ਗਤ ਅਰਥ ਹੈ ਉਹ ਗੁਣ ਜਾਂ ਗੁਣਾਂ ਦਾ ਸੰਸਲਿਸ਼ਟ ਰੂਪ ਜੋ ਇੰਦਰੀਆਂ ਨੂੰ ਤੀਬਰ ਆਨੰਦ ਪ੍ਰਦਾਨ ਕਰਦਾ ਹੈ।[2] ਜੋ ਪ੍ਰਮੁੱਖ ਰੂਪ ਵਿਚ ਇੰਦਰੀਆਂ, ਬੁੱਧੀ ਅਤੇ ਨੈਤਿਕ ਸ਼ਕਤੀਆਂ ਨੂੰ ਆਕਰਸ਼ਿਤ ਕਰਦਾ ਹੈ। ਬਿਊਟੀ (Beauty) ਦਾ ਅਰਥ ਸੁਹਜ-ਸ਼ਾਸਤਰੀ ਦ੍ਰਿਸ਼ਟੀ ਤੋਂ ਵਿਸਤ੍ਰਿਤ

ਰੂਪ ਵਿਚ ਇਸ ਤਰ੍ਹਾਂ ਵੀ ਕੀਤਾ ਗਿਆ ਹੈ ਕਿ ਐਂਦਰੀਯ ਅਤੇ ਅਧਿਆਤਮਕ ਕ੍ਰਮ ਵਿਚ ਉਹ ਪੂਰਨਤਾ ਜੋ ਖ਼ੁਦ ਆਪਣੇ ਲਈ, ਆਪਣੀ ਉਪਯੋਗਤਾ ਲਈ ਨਹੀਂ ਆਨੰਦ ਪ੍ਰਦਾਨ ਕਰਦੀ ਹੈ।

ਫਰਾਂਸੀਸੀ ਭਾਸ਼ਾ ਵਿਚ ਬਿਊਟੀ ਦਾ ਸਮਾਨਾਰਥੀ ਸ਼ਬਦ 'ਬੈਲ' ਹੈ। ਲਾਤੀਨੀ ਭਾਸ਼ਾ ਵਿਚ 'ਪੁਲਕਰੁਮ', ਯੂਨਾਨੀ ਭਾਸ਼ਾ ਵਿਚ 'ਕਲੋਸ' ਅਤੇ ਰੂਸੀ ਭਾਸ਼ਾ ਵਿਚ 'ਕ੍ਰਸੋਤਾ' ਆਦਿ ਸ਼ਬਦ 'ਬਿਊਟੀ' ਦੇ ਸਮਾਨਾਰਥੀ ਸ਼ਬਦ ਹਨ। ਇਸ ਪ੍ਰਕਾਰ ਸੁਹਜ ਸੰਬੰਧੀ ਇਹ ਵਿਭਿੰਨ ਸਮਾਨਾਰਥੀ ਸ਼ਬਦ ਵਿਭਿੰਨ ਭਾਸ਼ਾਵਾਂ ਵਿਚ ਪ੍ਰਚਲਤ ਹਨ। ਜੋ ਸੁਹਜ ਦੀਆਂ ਅੰਦਰੂਨੀ ਅਤੇ ਬਾਹਰੀ ਵਿਸ਼ੇਸ਼ਤਾਵਾਂ ਨੂੰ ਵਿਅਕਤ ਕਰਦੇ ਹਨ। ਜਿਸ ਤਰ੍ਹਾਂ ਸੁਹਜ ਸੰਬੰਧੀ ਵੱਖ-ਵੱਖ ਸ਼ਬਦ ਵੱਖ-ਵੱਖ ਭਾਸ਼ਾਵਾਂ ਵਿਚ ਪ੍ਰਚਲਿਤ ਹਨ। ਇਸੇ ਤਰ੍ਹਾਂ ਸੁਹਜ ਦੀ ਪਰਿਭਾਸ਼ਾ ਵੀ ਵੱਖ-ਵੱਖ ਭਾਸ਼ਾਵਾਂ ਦੇ ਚਿੰਤਕਾਂ ਅਤੇ ਵਿਦਵਾਨਾਂ ਵਲੋਂ ਵੱਖ-ਵੱਖ ਰੂਪਾਂ ਵਿਚ ਕੀਤੀ ਗਈ ਮਿਲਦੀ ਹੈ।

ਪੰਜਾਬੀ ਸ਼ਬਦ ਸਭਿਆਚਾਰ ਵਿਚ 'ਸੁਹਜ' ਸ਼ਬਦ ਨੂੰ English ਭਾਸ਼ਾ ਦੇ ਸ਼ਬਦ Aesthetic ਦੇ ਸਮਾਂਨਾਂਤਰ ਅਰਥਾਂ ਵਿਚ ਵਰਤਿਆ ਜਾਂਦਾ ਹੈ।[3] ਜਿਸ ਦਾ ਸੰਬੰਧ ਮਾਨਸਿਕ ਭਾਵਨਾਵਾਂ ਦੀ ਸਹਿਜ ਤ੍ਰਿਪਤੀ ਨਾਲ ਹੈ। ਇਹ ਸ਼ਬਦ ਕਿਸੇ ਸਮੂਰਤ ਵਸਤ ਦੀ ਦਿੱਖ ਤੋਂ ਪ੍ਰਾਪਤ ਪ੍ਰਭਾਵ ਦੇ ਆਨੰਦਮਈ ਨਿਰੂਪਣ ਵੱਲ ਇਸ਼ਾਰਾ ਕਰਦਾ ਹੈ। ਹਿੰਦੀ ਭਾਸ਼ਾ ਵਿਚ English ਭਾਸ਼ਾ ਦੇ ਸ਼ਬਦ Aesthetic ਸ਼ਬਦ ਦੇ ਲਈ 'ਸੌਂਦਰਯ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।[4] ਵਿਸ਼ਵਕੋਸ਼ਾਂ ਅਤੇ ਸ਼ਬਦ-ਕੋਸ਼ਾਂ ਵਿਚ ਸੁਹਜ ਦੀਆਂ ਕੁਝ ਵਿਆਖਿਆਵਾਂ ਇਸ ਪ੍ਰਕਾਰ ਹਨ:

ਮਨੁੱਖੀ ਚਿਹਰੇ ਜਾਂ ਹੋਰ ਵਸਤਾਂ ਵਿਚਲੀ ਆਕ੍ਰਿਤੀ, ਅਨੁਪਾਤ ਅਤੇ ਰੰਗ ਦਾ ਉਹ ਮੇਲ ਜਿਹੜਾ ਨਜ਼ਰ ਨੂੰ ਆਨੰਦਿਤ ਕਰੇ।[5] ਅਤਿਅੰਤ ਸਰੀਰਕ ਆਕਰਸ਼ਣ ਅਤੇ ਪ੍ਰਿਅਤਾ; ਦੇਖਣ ਵਿਚ ਸੁੱਖਦਾਈ ਵਿਸ਼ੇਸ਼ਤਾਵਾਂ ਦਾ ਪੂਰਨ ਸੁਮੇਲ; ਅਜਿਹੀ ਪੂਰਨਤਾ ਜਿਹੜੀ ਆਪਣੀ ਉਪਯੋਗਤਾ ਸਦਕਾ ਨਹੀਂ ਸਗੋਂ ਨਿਰੋਲ ਆਪਣੇ ਆਪ ਵਿਚ ਪ੍ਰਸੰਸਾ ਜਾਂ ਖੁਸ਼ੀ ਪੈਦਾ ਕਰੇ; ਕਿਸੇ ਵਸਤੂ ਵਿਚਲਾ ਉਹ ਗੁਣ ਜਿਹੜਾ ਅਣਵਿਚੋਲਿਤ ਅਤੇ ਨਿਰਲੇਪ ਆਨੰਦ ਜਾਗ੍ਰਿਤ ਕਰੇ; ਕੋਈ ਅਜਿਹੀ ਵਸਤ ਜਿਸ ਨੂੰ ਆਤਮ-ਨਿਸ਼ਠ ਬੋਧ/ਚੇਤਨਾ ਅਤੇ ਆਨੰਦਮਈ ਸੰਵੇਗਾਂ, ਨੈਤਿਕ ਉੱਚਤਾ ਆਦਿ ਪ੍ਰਤਿਕਰਮਾਂ ਦੁਆਰਾ ਸੁੰਦਰ ਨਿਰਧਾਰਿਤ/ਘੋਸ਼ਿਤ ਕੀਤਾ ਜਾਵੇ; ਕਿਸੇ ਸੁਹਜਮਈ ਵਸਤੂ ਦਾ ਉਹ ਵਿਸ਼ੇਸ਼ਤਾਗਤ ਮੁੱਲ ਜਿਹੜਾ ਉਸ ਦੁਆਰਾ ਉਤਪੰਨ ਕੀਤੇ ਜਾਣ ਵਾਲੇ ਕਿਸੇ ਵੀ ਪ੍ਰਭਾਵ ਤੋਂ ਵੱਖਰਾ ਹੈ; ਰੂਪ ਦੀ ਉਹ

ਪੂਰਨਤਾ ਜਿਹੜੀ ਕਲਾਕਾਰ ਦੀ ਸੰਕਲਪਨਾ ਦੇ ਪੂਰਨ ਇੰਦ੍ਰਿਆਵੀ ਨਿਰੂਪਣ ਦੁਆਰਾ ਜਾਂ ਸਿਰਜਣਾਤਮਕ ਕਲਪਨਾ ਸ਼ਕਤੀ ਦੀ ਸੁਤੰਤਰ, ਸ੍ਵੈ-ਆਸ਼ਰਿਤ ਉਪਜ ਦੁਆਰਾ ਪ੍ਰਾਪਤ ਹੁੰਦੀ ਹੈ; ਕਲਾ ਕਿਰਤਾਂ ਦੀ ਪੂਰਨਤਾ ਦੁਆਰਾ ਸੁਝਾਈ/ਨਿਰੂਪਿਤ ਕੀਤੀ ਜਾਣ ਵਾਲੀ ਆਦਰਸ਼ ਦੀ ਅੰਤਿਮ ਪੂਰਨਤਾ, ਕਿਸੇ ਸੁਹਜਮਈ ਵਸਤ ਦੇ ਮਾਧਿਅਮ ਦੁਆਰਾ ਗ੍ਰਹਿਣ ਕੀਤਾ ਜਾਣ ਵਾਲਾ ਆਦਰਸ਼।[6] ਇਹਨਾਂ ਵਿਆਖਿਆਵਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸੁਹਜ ਵਸਤ ਦਾ ਗੁਣ ਅਤੇ ਵਿਸ਼ੇਸ਼ਤਾ ਹੈ ਅਤੇ ਕਲਾਕਿਰਤ ਦੇ ਰੂਪ ਦੀ ਪੂਰਨਤਾ ਹੈ। ਇਸਦੇ ਨਾਲ ਹੀ ਸੁਹਜ ਸੁੱਖਦਾਈ ਤੇ ਆਕਰਸ਼ਕ ਹੈ ਅਤੇ ਦੇਖੇ ਜਾਣ ਤੇ ਆਨੰਦ ਵੀ ਪ੍ਰਦਾਨ ਕਰਦਾ ਹੈ।

ਪੱਛਮੀ ਚਿੰਤਨ ਵਿਚ ਸੁਹਜ ਸੰਬੰਧੀ ਵਿਚਾਰ ਚਰਚਾ ਦਾ ਕਾਲਕ ਪਾਸਾਰ ਪਲੈਟੋਂ (ਚੌਥੀ ਸਦੀ ਪੂਰਵ ਈਸਵੀ) ਤੋਂ ਲੈ ਕੇ ਸਮਕਾਲੀ ਸਾਹਿਤ ਚਿੰਤਕਾਂ ਤੱਕ ਫੈਲਿਆ ਹੋਇਆ ਹੈ। ਸੁਹਜ ਨੂੰ ਵਸਤੂ ਅਤੇ ਪ੍ਰੇਖਕ, ਦੋਹਾਂ ਤੋਂ ਬਾਹਰ ਇਕ ਪਰਮ ਆਦਰਸ਼ ਵਿਚ ਮੰਨਣ ਵਾਲੀ ਧਾਰਨਾ ਨੇ ਲੰਬੇ ਸਮੇਂ ਤੱਕ ਸੁਹਜ ਸੰਬੰਧੀ ਵਿਚਾਰ ਚਰਚਾ ਦਾ ਪਿੜ ਮੱਲੀ ਰੱਖਿਆ ਹੈ। ਅਜਿਹੀ ਧਾਰਣਾ ਪ੍ਰਸਤੁਤ ਕਰਨ ਵਾਲੇ ਚਿੰਤਕਾਂ ਵਿਚ ਪਲੈਟੋ ਦਾ ਨਾਂ ਸਰਵਪ੍ਰਥਮ ਆਉਂਦਾ ਹੈ। ਇਸ ਦ੍ਰਿਸ਼ਟੀ ਤੋਂ ਸੁਹਜ ਦਾ ਅਧਿਐਨ ਕਰਨ ਵਾਲੇ ਪ੍ਰਮੁੱਖ ਚਿੰਤਕਾਂ ਵਿਚ ਪਲੈਟੋ, ਪਲਾਟੀਨਸ, ਸ਼ੈਲਿੰਗ, ਬਰਕਲੇ, ਸੇਂਟ ਅਗਸਟਾਈਨ, ਸੇਂਟ ਅਕਵਿਨਸ, ਵਿੰਕਲਮੈਨ, ਬੇਕਨ, ਰਸਕਿਨ ਆਦਿ ਦਾ ਨਾਂ ਵਿਸ਼ੇਸ਼ ਤੌਰ ਤੇ ਲਿਆ ਜਾ ਸਕਦਾ ਹੈ। ਇਨ੍ਹਾਂ ਵਿਦਵਾਨ ਚਿੰਤਕਾਂ ਅਨੁਸਾਰ ਸਮੂਹ ਜਗਤ ਦੇ ਸੁਹਜ ਦਾ ਸਰੋਤ ਪਰਮਸੱਤਾ ਹੈ।[7] ਇਨ੍ਹਾਂ ਦਾ ਮਤ ਹੈ ਕਿ ਸੰਪੂਰਨ ਸੁਹਜ ਦੀ ਸਿਰਜਣਾ ਈਸ਼ਵਰੀ ਸੱਤਾ ਦੇ ਪ੍ਰਕਾਸ਼ ਦੇ ਕਾਰਨ ਹੀ ਹੁੰਦੀ ਹੈ। ਸੁਹਜ ਈਸ਼ਵਰੀ ਸੱਤਾ ਦਾ ਇਕ ਰੂਪ ਹੈ। ਪਲੈਟੋ ਸੁਹਜ ਨੂੰ ਪੂਰਨਤਾ ਦੀਆਂ ਹੋਰ ਵੰਨਗੀਆਂ ਵਰਗੀ ਇਕ ਵੰਨਗੀ ਮੰਨਦਾ ਹੋਇਆ ਇਸਦੀ ਸਤਿ ਤੇ ਸ਼ਿਵ ਨਾਲ ਇਕਰੂਪਤਾ ਸਥਾਪਿਤ ਕਰਦਾ ਹੈ। ਪਲੈਟੋ ਅਨੁਸਾਰ ਸੁਹਜ ਦੀ ਸੱਤਾ ਵਸਤੂ ਵਿਚ ਨਹੀਂ ਬਲਕਿ ਪਰਾਭੌਤਿਕ ਸੱਤਾ ਵਿਚ ਹੈ।[8] ਉਹ ਸੁਹਜ ਨੂੰ ਲਾਭਕਾਰੀ ਆਨੰਦ[9] (Beneficial joy) ਕਹਿੰਦਾ 'ਆਨੰਦ' ਤੇ 'ਉਪਯੋਗਤਾ' ਨੂੰ ਇਸਦੇ ਮਾਪਦੰਡਾਂ ਵਜੋਂ ਪੇਸ਼ ਕਰਦਾ ਹੈ। ਉਹ ਸੁਹਜ ਨੂੰ ਇੰਦ੍ਰਿਆਵੀ ਰੂਪ ਨਾਲ ਸੰਬੰਧਿਤ ਕਰਨ ਦੀ ਥਾਂ ਇਸ ਨੂੰ ਪਰਮ ਆਦਰਸ਼ ਨਾਲ ਸੰਬੰਧਿਤ ਕਰਦਾ ਹੈ। ਵਸਤੂਆਂ, ਵਿਚਾਰ ਬੁੱਧੀ, ਸਭ ਨੂੰ ਇਸ ਪਰਮ ਆਦਰਸ਼ ਤੋਂ ਹੀ ਸੁਹਜ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ। ਪਲਾਟੀਨਸ ਦੀ ਧਾਰਣਾ ਹੈ ਕਿ ਸੁੰਦਰ ਉਹ ਹੈ ਜੋ ਸਾਡੀ

ਪ੍ਰਕਿਰਤੀ ਨਾਲ ਅਨੁਕੂਲਤਾ ਰੱਖਦਾ ਹੈ।[10] ਅਜਿਹੀ ਅਨੁਕੂਲਤਾ ਦਾ ਆਧਾਰ ਵਸਤੂ ਦਾ ਕੋਈ ਗੁਣ ਨਹੀਂ; ਸਗੋਂ ਉਹ ਆਦਰਸ਼ ਹੈ ਜਿਹੜਾ ਸੁਹਜ ਅਤੇ ਸੁਹਜ ਪ੍ਰੇਖਕ ਦੀ ਪ੍ਰਕਿਰਤੀ, ਦੋਹਾਂ ਨੂੰ ਨਿਰਮਿਤ ਕਰਦਾ ਹੈ।[11] ਪਲਾਟੀਨਸ, ਪਲੈਟੋ ਦੀ ਧਾਰਨਾ ਨਾਲੋਂ ਭਿੰਨਤਾ ਰੱਖਦਾ ਹੈ ਕਿ ਕਲਾ ਤੇ ਕਲਾਕਾਰ ਦਾ ਸੁਹਜਾਤਮਕ ਚਿੰਤਨ ਨਾਲ ਕੋਈ ਸੰਬੰਧ ਨਹੀਂ ਬਲਕਿ ਉਹ ਇਸ ਮਤ ਦਾ ਧਾਰਨੀ ਹੈ ਕਿ ਕਲਾ ਮਾਨਵੀ ਸਿਰਜਣਾ ਹੋਣ ਕਰਕੇ, ਇਸ ਵਿਚਲਾ ਸੁਹਜ ਮਨ ਦੀ ਅਵਸਥਾ 'ਚੋਂ ਹੀ ਉਤਪੰਨ ਹੁੰਦਾ ਹੈ।

ਸੇਂਟ ਅਗਸਟਾਈਨ ਅਤੇ ਸੇਂਟ ਅਕਵਿਨਸ ਸੁਹਜ ਨੂੰ ਨਿਰੋਲ ਈਸ਼ਵਰੀ ਸੱਤਾ ਮੰਨਦੇ ਹੋਏ ਇਹ ਮਤ ਪੇਸ਼ ਕਰਦੇ ਹਨ ਕਿ ਵਿਸ਼ਵ ਸੁਹਜ ਉਸੇ ਈਸ਼ਵਰ ਦੇ ਸ਼ੁੱਧ ਅਤੇ ਚਰਮ ਸੁਹਜ ਦਾ ਆਭਾਸ ਹੈ। ਇਹ ਚਰਮ ਸੁਹਜ ਮੂਲ ਰੂਪ ਵਿਚ ਅਲੌਕਿਕ ਹੁੰਦਾ ਹੈ।[12] ਸ਼ਿਲਿੰਗ ਨੇ ਵੀ ਸ੍ਰਿਸ਼ਟੀ ਤੇ ਕਲਾਵਾਂ ਦੇ ਸੁਹਜ ਦਾ ਸੰਬੰਧ ਪਰਮ ਤੱਤ ਨਾਲ ਮੰਨਿਆ ਹੈ। ਏ. ਆਰ. ਮੈਂਗਸ ਦੀ ਧਾਰਣਾ ਦੇ ਅਨੁਸਾਰ ਸੁਹਜ ਪੂਰਨਤਾ ਵਿਚ ਹੈ ਅਤੇ ਕੇਵਲ ਪਰਮਾਤਮਾ ਹੀ ਪੂਰਨ ਹੈ; ਇਸ ਲਈ ਸੁਹਜ ਦੀ ਸੱਤਾ ਦੈਵੀ ਹੈ। ਇਸ ਪ੍ਰਕਾਰ ਇਹਨਾਂ ਚਿੰਤਕਾਂ ਦੇ ਮਤ ਅਨੁਸਾਰ ਸੁਹਜ ਐਂਦਰੀਯ ਜਗਤ ਦੇ ਮਾਧਿਅਮ ਰਾਹੀਂ ਪ੍ਰਕਾਸ਼ਿਤ ਹੋਣ ਵਾਲਾ ਪਰਮ ਤੱਤ ਹੈ। ਇਹਨਾਂ ਸਾਰੇ ਚਿੰਤਕਾਂ ਨੇ ਸੁਹਜ ਨੂੰ ਦੈਵੀ ਸਤਿ ਨਾਲ ਭਰਪੂਰ ਸਵੀਕਾਰ ਕੀਤਾ ਹੈ। ਇਹ ਸਾਰੀ ਚਰਚਾ ਤੋਂ ਬਾਅਦ ਇਹ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਚਿੰਤਕਾਂ ਨੇ ਸੁਹਜ ਨੂੰ ਈਸ਼ਵਰ ਦਾ ਹੀ ਪ੍ਰਤਿਬਿੰਬ ਮੰਨਦੇ ਹੋਇਆ ਉਸ ਦਾ ਮੂਲ ਸਰੋਤ ਦੈਵੀ ਸਵੀਕਾਰ ਕੀਤਾ ਹੈ।

2Si2.15

ਮਨੁੱਖੀ ਮਨ ਨੂੰ ਸੁਹਜ ਦੀ ਉਤਪਤੀ ਦਾ ਕਾਰਨ ਮੰਨਣ ਵਾਲੇ ਚਿੰਤਕ ਸੁਹਜ ਦੇ ਸਰੂਪ ਨੂੰ ਆਤਮਨਿਸ਼ਠ ਮੰਨਦੇ ਹਨ। ਇਹਨਾਂ ਚਿੰਤਕਾਂ ਦਾ ਬੁਨਿਆਦੀ ਨੁਕਤਾ ਇਹ ਹੈ ਕਿ ਸੁਹਜ ਮਨੁੱਖੀ ਮਨ ਦੀ ਇਕ ਅਵਸਥਾ ਹੈ ਜਿਹੜੀ ਵਸਤੂ ਦੇ ਵਿਚ ਪ੍ਰਵਿਸ਼ਟ ਹੋ ਕੇ ਵਸਤੂ ਦਾ ਗੁਣ ਪ੍ਰਤੀਤ ਹੋਣ ਲੱਗ ਪੈਂਦੀ ਹੈ। ਇਸ ਦ੍ਰਿਸ਼ਟੀ ਤੋਂ ਸੁਹਜ ਦੀ ਵਿਆਖਿਆ ਪ੍ਰੇਖਕ ਦੀ ਮਾਨਸਿਕਤਾ ਨਾਲ ਜੋੜ ਕੇ ਕੀਤੀ ਜਾਂਦੀ ਹੈ। ਜਾਰਜ ਸੰਤਾਇਨਾ, ਫਰਾਂਸਿਸ ਹਡਸਨ, ਡੇਵਿਡ ਹਿਊਮ, ਬਰਕ ਅਤੇ ਕਾਂਤ ਇਸੇ ਦ੍ਰਿਸ਼ਟੀ ਦੇ ਪ੍ਰਮੁੱਖ ਧਾਰਨੀ ਹਨ। ਸੰਤਾਇਨਾ ਦਾ ਮਤ ਹੈ ਕਿ ਵਾਸਤਵਿਕ ਸੁਹਜ ਆਤਮਾ ਨੂੰ ਆਨੰਦ ਪ੍ਰਦਾਨ ਕਰਨ ਵਾਲੇ ਭਾਵ ਤੋਂ ਸਿਵਾਇ ਕੁਝ ਨਹੀਂ। ਉਸ ਨੇ ਸੁਹਜ ਨੂੰ ਭਾਵਾਤਮਕ ਤੱਤ ਮੰਨਿਆ ਹੈ।[13]

693421

ਡੇਵਿਡ ਹਿਊਮ ਸੁਹਜ ਸੰਬੰਧੀ ਆਖਦਾ ਹੈ ਕਿ ਜਿਹੜੇ ਗੁਣ ਵਸਤੂਆਂ ਨੂੰ ਸੁਹਜਮੂਲਕ ਜਾਂ ਸੁਹਜ ਰਹਿਤ ਬਣਾਉਂਦੇ ਹਨ ਉਹ ਅਸਲ ਵਿਚ ਵਸਤੂਆਂ ਦੀ ਸੰਰਚਨਾ ਵਿਚ ਵਿਦਮਾਨ ਨਹੀਂ ਹੁੰਦੇ

ਬਲਕਿ ਉਹ ਪ੍ਰੇਰਕ ਦੇ ਮਨ ਦੀ ਸੰਰਚਨਾ ਉੱਤੇ ਆਧਾਰਿਤ ਹੁੰਦੇ ਹਨ। ਇਸ ਮਾਨਸਿਕ ਸੰਰਚਨਾ ਦੀ ਭਿੰਨਤਾ ਕਾਰਨ ਹੀ ਇਕੋ ਵਸਤੂ ਪ੍ਰਤਿ ਸੁਹਜ-ਭਾਵਨਾ ਵਿਚ ਭਿੰਨਤਾ ਆ ਜਾਂਦੀ ਹੈ।[14] ਕਾਂਤ ਸੁਹਜ ਨੂੰ ਭਾਵਾਤਮਕ ਆਨੰਦ ਮੰਨਦਿਆਂ ਹੋਇਆਂ ਦੱਸਦਾ ਹੈ ਕਿ ਇਹ ਸਾਡਾ ਆਪਣਾ ਇਕ ਆਨੰਦ ਹੈ ਜਿਸ ਨੂੰ ਅਸੀਂ ਵਸਤੂਆਂ ਦਾ ਗੁਣ ਸਮਝ ਲੈਂਦੇ ਹਾਂ। ਇਹ ਕਿਸੇ ਭੌਤਿਕ ਵਾਸਤਵਿਕਤਾ ਦੀ ਸਹਿਜ-ਅਨੁਭੂਤੀ ਨਹੀਂ, ਇਹ ਤਾਂ ਮਨੁੱਖੀ ਭਾਵਨਾ ਹੈ ਜਿਹੜੀ ਮਨੁੱਖ ਦੀ ਵਸਤੂਆਂ ਨਾਲ ਮੁੱਲ ਜੋੜਨ ਦੀ ਪ੍ਰਵਿਰਤੀ ਦੀ ਲਖਾਇਕ ਹੈ।[15] ਇਸ ਪ੍ਰਕਾਰ ਇਹ ਚਿੰਤਕ ਆਤਮਨਿਸ਼ਠ ਅਥਵਾ ਭਾਵਵਾਦੀ ਦ੍ਰਿਸ਼ਟੀਕੋਣ ਸੁਹਜ ਸੰਬੰਧੀ ਆਪਣਾ ਚਿੰਤਨ ਪੇਸ਼ ਕਰਦੇ ਹਨ। ਇਨ੍ਹਾਂ ਦੇ ਇਸ ਦ੍ਰਿਸ਼ਟੀਕੋਣ ਅਨੁਸਾਰ ਸੁਹਜ ਦੀ ਹੋਂਦ ਮਨੁੱਖੀ ਮਾਨਸਿਕਤਾ ਵਿਚ ਹੀ ਹੈ ਇਸ ਤੋਂ ਬਾਹਰ ਨਹੀਂ।

ਸੁਹਜ ਦੀ ਆਤਮਨਿਸ਼ਠ ਪਰਿਭਾਸ਼ਾ ਤੋਂ ਇਲਾਵਾ ਇਸਦੀ ਵਸਤੂਨਿਸ਼ਠ ਪਰਿਭਾਸ਼ਾ ਵੀ ਸੁਹਜ-ਚਿੰਤਕਾਂ ਨੇ ਦਿੱਤੀ ਹੈ। ਉਹਨਾਂ ਦੇ ਅਨੁਸਾਰ ਸੁਹਜ ਵਸਤੂ ਦਾ ਗੁਣ ਹੈ ਅਤੇ ਇਸ ਨੂੰ ਮਨ ਜਾਂ ਭਾਵਨਾ ਦਾ ਪ੍ਰਕਾਸ਼ ਮੰਨਣਾ ਕਦਾਚਿਤ ਸਹੀ ਨਹੀਂ ਕਿਉਂਕਿ ਇਸਦੀ ਵਾਸਤਵਿਕ ਸੱਤਾ ਭਾਵਨਾ ਜਾਂ ਚੇਤਨਾ ਵਿਚ ਨਹੀਂ, ਵਸਤੂ ਦੇ ਆਪਣੇ ਰੂਪ ਜਾਂ ਆਕ੍ਰਿਤੀ ਵਿਚ ਹੈ। ਇਸ ਦ੍ਰਿਸ਼ਟੀਕੋਣ ਤੋਂ ਜਿਨ੍ਹਾਂ ਚਿੰਤਕਾਂ ਨੇ ਸੁਹਜ ਦਾ ਅਧਿਐਨ ਪੇਸ਼ ਕੀਤਾ ਹੈ ਉਨ੍ਹਾਂ ਵਿਚ ਪ੍ਰਮੁੱਖ ਰੂਪ ਵਿਚ ਅਰਸਤੂ, ਸਿਸਰੋ, ਬਿਸ਼ਪ, ਬਰਕਲੇ, ਅਲਬਰਟੀ, ਸੇਂਟ ਅਕਵਿਨਸ ਅਤੇ ਸੇਂਟ ਅਗਸਟਾਈਨ ਆਦਿ ਦੇ ਨਾ ਵਰਣਨਯੋਗ ਹਨ। ਸੁਹਜ ਦੀ ਵਸਤੂ-ਨਿਸ਼ਠ ਵਿਆਖਿਆ ਦੀ ਪਰੰਪਰਾ ਦਾ ਮੁੱਢ ਬੰਨ੍ਹਣ ਵਾਲਾ ਪਹਿਲਾ ਚਿੰਤਕ ਅਰਸਤੂ (Aristotle) ਸੀ। ਉਸਨੇ ਆਪਣੇ ਤੋਂ ਪਹਿਲਾਂ ਚਲੀ ਆ ਰਹੀ ਸੁਹਜ ਦੇ ਦੈਵੀ ਸਰੋਤ ਵਾਲੀ ਵਿਆਖਿਆ ਦੀ ਪਰੰਪਰਾ ਤੋਂ ਅਲੱਗ ਹੋ ਕੇ ਯਥਾਰਥਕ ਜਗਤ ਦੀ ਇਕ ਪ੍ਰਮੁੱਖ ਇਕਾਈ ਵਜੋਂ ਇਸਦੀ ਹੋਂਦ ਸਥਾਪਿਤ ਕੀਤੀ। ਉਸਨੇ ਸੁਹਜ ਨੂੰ ਆਕਾਰ (Magnitude) ਅਤੇ ਤਰਤੀਬ (order) ਉੱਤੇ ਆਧਾਰਿਤ ਮੰਨਦਿਆਂ ਹੋਇਆਂ ਸੁਹਜਮਈ ਵਸਤੂ ਵਿਚ ਅੰਗਾਂ ਦੀ ਤਰਤੀਬਬੱਧ ਵਿਵਸਥਾ ਅਤੇ ਨਿਸ਼ਚਿਤ ਆਕਾਰ ਨੂੰ ਲਾਜ਼ਮੀ ਕਰਾਰ ਦਿੱਤਾ ਹੈ।[16] ਉਹ ਇਨ੍ਹਾਂ ਤੱਤਾਂ ਨੂੰ ਸੁਹਜਮਈ ਵਸਤੂ ਦੇ ਅਨਿਵਾਰੀ ਗੁਣ ਮੰਨਦਾ ਹੈ। ਸਿਸਰੋ ਦੇ ਕਥਨ ਅਨੁਸਾਰ ਸੁੰਦਰ ਵਸਤੂ ਦਾ ਸੁਹਜ ਉਸਦੇ ਅੰਗਾਂ ਦੇ ਸਮਾਨ ਅਨੁਪਾਤ ਵਿਚ ਹੈ। ਸੁਹਜ ਦੀ ਵਿਆਖਿਆ ਦੇ ਦੌਰਾਨ ਤਰਤੀਬ, ਅਨੁਪਾਤ, ਏਕਤਾ, ਸੁਮਾਪਤਾ, ਇਕਸੁਰਤਾ ਆਦਿ ਦੇ ਮਹੱਤਵ ਨੂੰ ਪਲਾਟੀਨਸ, ਅਕਵਿਨਸ, ਅਗਸਟਾਈਨ ਆਦਿ ਆਦਰਸ਼ਵਾਦੀਆਂ ਨੇ ਵੀ ਮਾਨਤਾ ਪ੍ਰਦਾਨ ਕੀਤੀ ਹੈ।[17]

ਉਨੀਂਵੀਂ ਸਦੀ ਵਿਚ ਪੱਛਮ ਵਿਚ ਉਪਯੋਗਤਾਵਾਦੀ ਦ੍ਰਿਸ਼ਟੀਕੋਣ ਸਾਹਮਣੇ ਆਇਆ ਜਿਸਦਾ ਸਮੱਰਥਨ ਮਾਰਕਸਵਾਦੀ ਚਿੰਤਕਾਂ ਨੇ ਕੀਤਾ। ਇਨ੍ਹਾਂ ਚਿੰਤਕਾਂ ਅਨੁਸਾਰ ਕਲਾ ਸਮਾਜਿਕ ਯਥਾਰਥ ਦਾ ਪ੍ਰਤੀਬਿੰਬਣ ਕਰਦੀ ਹੋਈ ਸਮਾਜਿਕ ਆਦਰਸ਼ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕਰਦੀ ਹੈ। ਉਨ੍ਹਾਂ ਅਨੁਸਾਰ ਸਮਾਜਿਕ/ਪ੍ਰਗਤੀਵਾਦੀ ਆਦਰਸ਼ ਹੀ ਸੁਹਜਾਤਮਕ ਆਦਰਸ਼ ਹੈ ਅਤੇ ਜਿਹੜੀ ਕਲਾ ਕਿਰਤ ਪ੍ਰਗਤੀਵਾਦੀ ਆਦਰਸ਼ ਤੋਂ ਰਹਿਤ ਹੁੰਦੀ ਹੈ, ਉਸ ਦਾ ਸੁਹਜਾਤਮਕ-ਆਦਰਸ਼ ਕੋਈ ਨਹੀਂ ਹੁੰਦਾ। ਇਹ ਚਿੰਤਕ ਉਸੇ ਵਸਤੂ ਕਲਾ ਕਿਰਤ ਨੂੰ ਸੁਹਜਮਈ ਮੰਨਦੇ ਹਨ, ਜਿਹੜੀ ਸਭ ਤੋਂ ਵੱਧ ਪ੍ਰਗਤੀਵਾਦੀ ਆਦਰਸ਼ ਦੀ ਅਭਿਵਿਅਕਤੀ ਕਰੇ।[18] ਪ੍ਰਾਚੀਨ ਅਤੇ ਆਧੁਨਿਕ ਯੁੱਗ ਦੇ ਵਿਭਿੰਨ ਚਿੰਤਕਾਂ ਵਲੋਂ ਸੁਹਜ ਦੀ ਵਿਆਖਿਆ ਪ੍ਰਯੋਜਨਮੁੱਖ ਅਥਵਾ ਉਪਯੋਗਤਾਵਾਦੀ ਦ੍ਰਿਸ਼ਟੀਕੋਣ ਤੋਂ ਕੀਤੀ ਹੈ। ਸੁਕਰਾਤ, ਪਲੈਟੋ, ਬਰਕ, ਵਿਕਟਰ ਕਰਜ਼ਨ ਅਤੇ ਜਾਫਰਾਏ ਪ੍ਰਾਚੀਨ ਚਿੰਤਕ ਸਨ। ਵੈਲਿੰਸਕੀ, ਕਾਡਵੈਲ, ਪਲੈਖਾਨੋਵ ਆਦਿ ਮਾਰਵਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦੇ ਚਿੰਤਕਾਂ ਨੇ ਸੁਹਜ ਨੂੰ ਸਮਾਜਿਕ ਜੀਵਨ ਨਾਲ ਸੰਬੰਧਿਤ ਕਰਕੇ ਇਸ ਦੀ ਵਿਆਖਿਆ ਪ੍ਰਸਤੁਤ ਕੀਤੀ ਹੈ। ਪ੍ਰਾਚੀਨ ਚਿੰਤਕਾਂ ਨੇ ਵਸਤੂ ਦੇ ਰੂਪਾਂਤਮਕ ਗੁਣਾਂ ਦੇ ਮੁਕਾਬਲੇ ਵਸਤੂ ਦੀ ਉਪਯੋਗਤਾ ਨੂੰ ਵਧੇਰੇ ਮਹੱਤਵ ਦਿੱਤਾ ਹੈ। ਇਸ ਦ੍ਰਿਸ਼ਟੀ ਦੇ ਆਧੁਨਿਕ ਚਿੰਤਕਾਂ ਅਨੁਸਾਰ ਸੁਹਜ ਰੂਪ ਦੀ ਕੋਮਲਤਾ ਜਾਂ ਆਦਰਸ਼ ਕਲਪਨਾ ਵਿਚ ਨਹੀਂ ਬਲਕਿ ਉਸਦੇ ਸਮਾਜਕ/ਪ੍ਰਗਤੀਵਾਦੀ ਆਦਰਸ਼ ਵਿਚ ਹੈ। ਉਹ ਸਮਾਜਕ/ਪ੍ਰਗਤੀਵਾਦੀ ਆਦਰਸ਼ ਨੂੰ ਹੀ ਸੁਹਜਾਤਮਕ ਆਦਰਸ਼ ਮੰਨਦੇ ਹਨ। ਇਸ ਤਰ੍ਹਾਂ ਇਹਨਾਂ ਚਿੰਤਕਾਂ ਅਨੁਸਾਰ ਜੋ ਕਲਾ-ਰੂਪ ਸਮਾਜਕ ਆਦਰਸ਼ ਦੀ ਅਭਿਵਿਅਕਤੀ ਕਰਦੇ ਹਨ, ਉਹ ਸੁਹਜਮਈ ਹੁੰਦੇ ਹਨ।[19]

ਉਪਰੋਕਤ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਸੁਹਜ ਨੂੰ ਵਿਭਿੰਨ ਪੱਛਮੀ ਚਿੰਤਕਾਂ ਵੱਲੋਂ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਪਰਿਭਾਸ਼ਿਤ ਕਰਨ ਦੇ ਯਤਨ ਹੋਏ ਹਨ। ਮੂਲ ਰੂਪ ਵਿਚ ਇਨ੍ਹਾਂ ਵੱਖ-ਵੱਖ ਧਾਰਨਾਵਾਂ ਦੇ ਆਧਾਰ ਤੇ ਸੁਹਜ ਦੀ ਵਿਆਖਿਆ ਦੇ ਵਿਭਿੰਨ ਦ੍ਰਿਸ਼ਟੀਕੋਣ ਜਿਵੇਂ ਅਧਿਆਤਮਵਾਦੀ/ਆਦਰਸ਼ਵਾਦੀ, ਵਸਤੂਨਿਸ਼ਠ, ਆਤਮਨਿਸ਼ਠ ਅਤੇ ਉਪਯੋਗਤਾਵਾਦੀ ਆਦਿ ਸਾਡੇ ਸਾਹਮਣੇ ਆਏ ਹਨ ਪਰ ਇਹਨਾਂ ਵਿਚੋਂ ਕਿਸੇ ਵੀ ਇਕ ਦ੍ਰਿਸ਼ਟੀਕੋਣ ਨੂੰ ਸੁਹਜ ਦੀ ਸੰਪੂਰਨ ਵਿਆਖਿਆ ਲਈ ਪਰਿਪੂਰਨ ਨਹੀਂ ਮੰਨਿਆ ਜਾ ਸਕਦਾ। ਸੋ ਉਪਰੋਕਤ ਦ੍ਰਿਸ਼ਟੀਕੋਣਾਂ ਤੋਂ ਇਹ ਸਪੱਸ਼ਟ ਹੋ ਸਕਦਾ ਹੈ ਕਿ ਸੁਹਜ-ਅਨੁਭੂਤੀ ਵਿਚ ਵਸਤੂ ਦਾ ਰੂਪ ਹੀ ਅਨੁਭੂਤੀ ਦਾ ਵਿਸ਼ਾ ਬਣਦਾ ਹੈ,

ਪਰ ਅਨੁਭੂਤੀ ਕਰਤਾ ਦੀਆਂ ਅਨੁਭੂਤੀਮੂਲਕ ਸ਼ਕਤੀਆਂ ਦੇ ਕਾਰਜਸ਼ੀਲ ਹੋਏ ਬਗੈਰ ਇਹ ਰੂਪ ਸੁਹਜ-ਅਨੁਭੂਤੀ ਦਾ ਵਿਸ਼ਾ ਨਹੀਂ ਬਣ ਸਕਦੀ ਅਤੇ ਵਸਤੂ ਦੇ ਸੁਹਜ ਦਾ ਪ੍ਰਕਾਸ਼ਿਤ ਹੋਣਾ ਉਦੋਂ ਹੀ ਸੰਭਵ ਹੁੰਦਾ ਹੈ। ਜਦੋਂ ਵਸਤੂ ਜਾਂ ਵਸਤੂ ਦਾ ਰੂਪ ਅਨੁਭੂਤੀਕਰਤਾ ਦੀਆਂ ਮਾਨਸਿਕ ਸ਼ਕਤੀਆਂ ਨਾਲ ਇਕਸੁਰ ਅੰਤਰ-ਕਿਰਿਆ ਵਿਚ ਰਤ ਹੁੰਦਾ ਹੈ। ਮਨੁੱਖੀ ਸੰਵੇਦਨਾ ਦਾ ਵਿਸ਼ਾ ਬਣਨ ਲਈ ਕਿਸੇ ਵਸਤੂ ਦਾ ਰੂਪਯੁਕਤ ਹੋਣਾ ਲਾਜ਼ਮੀ ਹੈ, ਕਿਉਂਕਿ ਰੂਪਯੁਕਤ ਹੋ ਕੇ ਹੀ ਉਹ ਇੰਦ੍ਰਿਆਵੀ ਤੌਰ ਤੇ ਸੰਵੇਦਨਯੋਗ ਬਣਦੀ ਹੈ। ਦੂਸਰੇ ਪਾਸੇ, ਵਸਤੂ ਦੇ ਰੂਪ ਦਾ ਬਿੰਬ ਅਨੁਭੂਤੀਕਰਤਾ ਦੀ ਸੰਵੇਦਨਾ ਦੇ ਮਾਧਿਅਮ ਰਾਹੀਂ ਉਸਦੀ ਚੇਤਨਾ ਵਿਚ ਉਜਾਗਰ ਤੇ ਸਥਾਪਿਤ ਹੁੰਦਾ ਹੈ। ਸਪੱਸ਼ਟ ਹੈ ਕਿ ਸੁਹਜ ਦਾ ਸ੍ਰੋਤ ਵਸਤੂਨਿਸ਼ਠ ਤੱਤ/ਗੁਣ ਹਨ, ਪਰ ਇਸਦਾ ਪ੍ਰਕਾਸ਼ਮਾਨ ਹੋਣਾ ਅਨੁਭੂਤੀਕਰਤਾ ਦੀ ਸੰਵੇਦਨਸ਼ੀਲਤਾ ਉੱਤੇ ਨਿਰਭਰ ਕਰਦਾ ਹੈ। ਇਸ ਲਈ ਸੁਹਜ ਵਸਤੂ ਦਾ ਉਹ ਗੁਣ ਹੈ ਜੋ ਅਨੁਭੂਤੀਕਰਤਾ ਦੇ ਸਾਪੇਖ ਹੈ।[20]

ਭਾਰਤੀ ਦ੍ਰਿਸ਼ਟੀਕੋਣ ਵਿਚ ਸੁਹਜ ਸ਼ਬਦ ਜ਼ਿਆਦਾ ਪੁਰਾਣਾ ਨਹੀਂ ਹੈ। ਭਾਰਤ ਵਿਚ ਸੁਹਜ-ਸ਼ਾਸਤਰ ਦੀ ਪਰੰਪਰਾ ਦਾ ਵਧੇਰੇ ਕੇਂਦਰਿਤ ਰੂਪ ਕਾਵਿ-ਸ਼ਾਸਤਰ ਵਿਚ ਹੀ ਮਿਲਦਾ ਹੈ। ਸਾਹਿਤ ਕਾਵਿ ਦੇ ਸੰਬੰਧੀ ਭਾਰਤੀ ਕਾਵਿ-ਸ਼ਾਸਤਰ ਦਾ ਉਭਰਵਾਂ ਮਤ 'ਸਤਯੰ, ਸ਼ਿਵੰ, ਸੁੰਦਰੰ' ਦੇ ਰੂਪ ਵਿਚ ਮਿਲਦਾ ਹੈ। ਭਾਰਤੀ ਅਚਾਰੀਆ ਪ੍ਰਮਾਤਮਾ ਨੂੰ ਹੀ ਅੰਤਿਮ ਸੁਹਜ ਮੰਨਦੇ ਹਨ। ਸੁਹਜ ਸਤਿ ਹੈ ਸਤਿ ਹੀ ਕਲਿਆਣਕਾਰੀ ਹੈ। ਸਤਿ ਕਰਤੱਵ ਨਾਲ ਜੁੜ ਕੇ ਸ਼ਿਵ ਬਣ ਜਾਂਦਾ ਹੈ। ਸੁਹਜ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਸੁੰਦਰ ਸਤਿ ਦਾ ਹੀ ਵਿਆਪਕ ਰੂਪ ਹੈ। ਇਸ ਲਈ 'ਸਤਯੰ, ਸ਼ਿਵੰ, ਸੁੰਦਰੰ' ਤਿੰਨਾਂ ਦਾ ਮੇਲ ਹੀ ਅੰਤਿਮ ਸੁਹਜ ਹੈ। ਇਸ ਤਰ੍ਹਾਂ ਭਾਰਤੀ ਚਿੰਤਨ ਵਿਚ ਸਤਯੰ, ਸ਼ਿਵੰ, ਸੁੰਦਰੰ ਨੂੰ ਵੱਖਰੇ-ਵੱਖਰੇ ਕਰਕੇ ਨਹੀਂ ਵਿਚਾਰਿਆ ਗਿਆ ਸਗੋਂ ਇਹਨਾਂ ਦੇ ਮੇਲ ਨਾਲ ਹੀ ਪਰਮ ਆਨੰਦ ਦੀ ਅਨੁਭੂਤੀ ਕਲਪੀ ਗਈ ਹੈ। ਗੁਰੂਦੇਵ ਰਵਿੰਦਰ ਨਾਥ ਟੈਗੋਰ ਅਨੁਸਾਰ ਸੌਂਦਰਯ ਉਥੇ ਦ੍ਰਿਸ਼ਟੀਮਾਨ ਹੁੰਦਾ ਹੈ, ਜਿਥੇ ਸਾਡੀ ਲੋੜ ਪੂਰੀ ਹੁੰਦੀ ਹੈ, ਲੋੜ ਪੂਰਤੀ ਦੇ ਨਾਲ-ਨਾਲ ਸਾਡੀ ਪ੍ਰਸੰਨਤਾ ਵੀ ਹੁੰਦੀ ਹੈ। ਜਿਥੇ ਲੋੜ ਪੂਰਤੀ ਤੋਂ ਬਾਅਦ ਕੇਵਲ ਆਨੰਦ ਦਾ ਅਹਿਸਾਸ ਹੁੰਦਾ ਹੈ ਉਹ ਸੁਹਜ ਹੈ।[21]

ਵੇਦਾਂ ਵਿਚ ਸੁਹਜ ਦੇ ਸਮਾਨਾਰਥੀ ਕਈ ਸ਼ਬਦ ਮਿਲਦੇ ਹਨ। "ਆਨੰਦ, ਨੰਦ, ਮੋਦ, ਅਮੋਦ, ਪ੍ਰਮੁੱਦ, ਪਿਰਯ ਆਦਿ ਸ਼ਬਦਾਂ ਦੁਆਰਾ ਜਿਸ ਅਨੁਭੂਤੀ ਵਲ ਸੰਕੇਤ ਕੀਤਾ ਗਿਆ ਹੈ ਉਸ ਦਾ ਸੰਬੰਧ

ਸੁਹਜ-ਅਨੁਭੂਤੀ ਨਾਲ ਹੈ।"[22] ਭਾਰਤੀ ਚਿੰਤਕਾਂ ਦੀਆਂ ਵਿਚਾਰਧਾਰਾਵਾਂ ਦੇ ਅਨੁਸਾਰ ਸੁਹਜ ਦੇ ਕਈ ਪੱਖ ਸਾਹਮਣੇ ਆਉਂਦੇ ਹਨ।

ਭਾਰਤੀ ਦ੍ਰਿਸ਼ਟੀਕੋਣ ਅਨੁਸਾਰ ਸੁਹਜ ਅਨੁਭੂਤੀ ਅਤੇ ਕਲਾ ਅਨੁਭੂਤੀ ਦੀ ਆਧਾਰ-ਸ਼ਿਲਾ ਮਾਨਵੀ ਭਾਵਨਾਵਾਂ ਹਨ ਜੋ ਆਪਣੇ ਆਪ ਵਿਚ ਸੁੱਖਦਾਇਕ ਤੇ ਆਨੰਦਮਈ ਹੁੰਦੀਆਂ ਹਨ। ਸੁਹਜ ਅਨੁਭੂਤੀ, ਆਤਮ ਉਪਲੱਬਧੀ ਦੀ ਸਥਿਤੀ ਹੈ। ਸੁਹਜ ਅਨੁਭੂਤੀ ਦੇ ਦੋ ਭੇਤ ਸਵੀਕਾਰ ਕੀਤੇ ਗਏ ਹਨ - ਪਹਿਲਾ, ਆਤਮ ਆਨੰਦ ਅਤੇ ਦੂਜਾ ਮਾਨਸਿਕ ਆਨੰਦ। ਜਗਤ ਦੇ ਦ੍ਰਿਸ਼ਟਮਾਨ ਦੀ ਇਕਸੁਰਤਾ ਉਪਰ ਜੇ ਨਜ਼ਰ ਟਿਕਾਈਏ ਤਾਂ ਸਾਡੀ ਦ੍ਰਿਸ਼ਟੀ ਉਸ ਪਰਮ ਸੱਤਾ ਉੱਤੇ ਜਾ ਕੇ ਟਿਕ ਜਾਂਦੀ ਹੈ ਜੋ ਸਾਰੇ ਜਗਤ ਦਾ ਪ੍ਰਮੁੱਖ ਮੂਲ ਹੈ। ਹਰ ਛੋਟੇ ਅਣੂ ਵਿਚ ਵੀ ਉਹ ਸੱਤਾ ਵਿਆਪਕ ਹੈ। ਜਦੋਂ ਮਾਨਵ ਜਗਤ ਦੇ ਸਿਰਜਣਹਾਰ ਦੀ ਇਕ-ਰਸ ਸਰਬ ਵਿਆਪੀ ਸੱਤਾ ਦੀ ਅਨੁਭੂਤੀ ਕਰਦਾ ਹੈ ਤਾਂ ਸਾਰੇ ਸੰਸਾਰ ਵਿਚ ਉਸਨੂੰ ਆਪਣਾ ਆਪ ਵਿਆਪਕ ਲਗਦਾ ਹੈ। ਇਹੋ ਅਨੁਭਵ ਉਸ ਨੂੰ ਆਤਮ ਆਨੰਦ ਪ੍ਰਦਾਨ ਕਰਦਾ ਹੈ ਅਤੇ ਇਸੇ ਆਤਮ ਆਨੰਦ ਦੇ ਮਾਧਿਅਮ ਰਾਹੀਂ ਉਹ ਪਰਮਾਨੰਦ ਨੂੰ ਪ੍ਰਾਪਤ ਹੋ ਜਾਂਦਾ ਹੈ।

ਉਪਰੋਕਤ ਚਰਚਾ ਤੋਂ ਇਹ ਸਿੱਟਾ ਪ੍ਰਮੁੱਖ ਰੂਪ ਵਿਚ ਸਾਹਮਣੇ ਆਉਂਦਾ ਹੈ ਕਿ ਸੁਹਜ ਦਾ ਸੰਬੰਧ ਸੁਹਜ ਸਿਰਜਣਾ ਦੀ ਥਾਂ ਬਹੁਤਾ ਸੁਹਜ ਪ੍ਰਤੱਖਣ ਨਾਲ ਹੈ। ਇਹ ਸ਼ਬਦ ਕਿਸੇ ਵਸਤੂ ਦੀ ਦਿੱਖ ਤੋਂ ਪ੍ਰਾਪਤ ਪ੍ਰਭਾਵ ਦੇ ਆਨੰਦਮਈ ਨਿਰੂਪਣ ਵਲ ਇਸ਼ਾਰਾ ਕਰਦਾ ਹੈ। ਇਹ ਇਕ ਤਰ੍ਹਾਂ ਸਮੂਰਤਨ ਤੋਂ ਅਮੂਰਤਨ ਦੀ ਪ੍ਰਕ੍ਰਿਆ ਹੈ ਜਿਸਦੇ ਧੁਰ ਤਹਿਤ ਵਿਚ ਆਨੰਦਦਾਇਕ ਵਸਤੂ ਸਮੱਗਰੀ ਦਾ ਸੰਬੰਧ ਜਗਤ ਦੇ ਕਿਸੇ ਵੀ ਵੇਰਵੇ ਜਾਂ ਪਾਸਾਰ ਨਾਲ ਹੋ ਸਕਦਾ ਹੈ। ਇਸ ਦਾ ਵਾਸਤਵਿਕ ਪਾਸਾਰ ਸੁੰਦਰਤਾ ਦੇ ਘੇਰੇ ਵਿਚ ਆਉਂਦਾ ਹੈ। ਜਦੋਂ ਕਿਸੇ ਆਨੰਦਦਾਇਕ ਵਸਤੂ ਸਮੱਗਰੀ ਦਾ ਅਨੁਭਵਾਤਮਕ ਰੂਪਾਂਤਰਣ ਕੀਤਾ ਜਾਂਦਾ ਹੈ ਤਾਂ ਇਸ ਦਾ ਜੋੜ ਸੁਹਜ ਨਾਲ ਜਾ ਜੁੜਦਾ ਹੈ। ਸੁਹਜ ਪ੍ਰਤੱਖ ਸਿਰਜਨਾ ਦੀ ਪੁਨਰ ਸਿਰਜਨਾ ਹੈ।[22]

ਸੁਹਜ ਨੂੰ ਮਾਣਨ ਦੀ ਰੁਚੀ ਮਨੁੱਖ ਜਿੰਨੀ ਹੀ ਪੁਰਾਣੀ ਹੈ। ਵਿਹਾਰਕ ਲੋੜਾਂ ਦੀ ਪੂਰਤੀ ਤੇ ਗਿਆਨ ਦੀ ਪ੍ਰਾਪਤੀ ਤੋਂ ਇਲਾਵਾ ਸੁਹਜ ਮਾਣਨ ਦੀ ਰੁਚੀ ਰਾਹੀਂ ਜੋ ਮਨੁੱਖੀ ਮਨ ਨੂੰ ਸ੍ਵੈ-ਸੰਤੁਸ਼ਟੀ ਦਾ ਅਹਿਸਾਸ ਹੁੰਦਾ ਹੈ, ਉਹ ਹੋਰ ਕਿਧਰੇ ਨਹੀਂ ਮਿਲਦਾ। ਕਲਾ ਦੀ ਉਸਾਰੀ ਮਨੁੱਖ ਦੇ ਸੁਹਜ ਪੱਖ ਦੀ ਵਧੀਆ ਮਿਸਾਲ ਕਹੀ ਜਾ ਸਕਦੀ ਹੈ। ਡਾ. ਰਵਿੰਦਰ ਰਵੀ ਅਨੁਸਾਰ:

ਸਮਾਜਕ ਪ੍ਰਸੰਗ ਵਿਚ ਮਨੁੱਖੀ ਚੇਤਨਾ ਨੇ ਆਪਣੇ ਵਿਕਾਸ ਦੇ ਸਿਖ਼ਰ ਉੱਤੇ ਜਿਹੜੇ ਵਿਲੱਖਣ ਅਤੇ ਸਦੀਵੀ ਗੁਣਾਂ ਨੂੰ ਗ੍ਰਹਿਣ ਕੀਤਾ ਹੈ, ਉਨ੍ਹਾਂ ਵਿਚੋਂ ਸੁਹਜ ਅਨੁਭਵ, ਸੁਹਜ ਚੇਤਨਾ ਅਤੇ ਸੁਹਜ-ਸੰਵੇਦਨਾ ਦਾ ਵਰਤਾਰਾ ਸਭ ਤੋਂ ਅਧਿਕ ਮੌਲਿਕ, ਸੂਖ਼ਮ ਅਤੇ ਜਟਿਲ ਸੁਭਾ ਦਾ ਧਾਰਨੀ ਹੈ। ਆਪਣੇ ਜੀਵਨ ਦੀਆਂ ਬੁਨਿਆਦੀ ਲੋੜਾਂ ਤੋਂ ਪਾਰ ਵਿਕਸਤ ਸੁਹਜ ਵਲ ਦਾ ਸਫ਼ਰ ਕੇਵਲ ਮਨੁੱਖ ਦੇ ਹਿੱਸੇ ਹੀ ਆਇਆ ਹੈ। ਮਨੁੱਖੀ ਸਮਾਜਕ ਚੇਤਨਾ ਅਤੇ ਸੁਹਜ ਭਾਵਨਾ ਦੋ ਵੱਖੋ-ਵੱਖਰੇ ਖੇਤਰ ਨਾ ਹੋ ਕੇ ਇਕ ਵਰਤਾਰੇ ਦੀ ਹੋਂਦ ਵਿਧੀ ਦੇ ਪੂਰਕ ਹਨ। ਸੁਹਜ ਚੇਤਨਾ ਸਮਾਜਕ ਚੇਤਨਾ ਦਾ ਹਿੱਸਾ ਹੋਣ ਕਾਰਨ ਹੀ ਸਮਾਜਕ ਸਿਰਜਣਾ ਹੈ।[23]

ਮਨੁੱਖ ਦੀ ਵਿਸ਼ੇਸ਼ ਚੇਤੰਨ ਹੋਂਦ ਅਤੇ ਸੁਹਜ ਸਿਰਜਣਾ ਦੀ ਸਮਰੱਥਾ ਬਾਰੇ ਕਾਰਲ ਮਾਰਕਸ ਨੇ ਕਿਹਾ ਕਿ ਵਸਤੂ-ਜਗਤ ਦੀ ਸਿਰਜਣਾ ਵਿਚ ਮਨੁੱਖ ਨੇ ਆਪਣੇ ਆਪ ਨੂੰ ਇਕ ਚੇਤੰਨ ਪ੍ਰਾਣੀ ਦੇ ਤੌਰ ਤੇ ਸਥਾਪਤ ਕੀਤਾ ਹੈ। ਇਸੇ ਕਾਰਨ ਮਨੁੱਖੀ ਸਿਰਜਣਾ ਬਹੁਤ-ਦਿਸ਼ਾਵੀ ਅਤੇ ਬਹੁ-ਪਰਤੀ ਹੈ ਭਾਵੇਂ ਕਿ ਜਾਨਵਰ ਵੀ ਸਿਰਜਣਾ ਕਰਦੇ ਹਨ ਪਰ ਉਹਨਾਂ ਦੀ ਸਿਰਜਣਾ ਇਕਹਿਰੀ, ਇਕਪਾਸੜ ਅਤੇ ਫੌਰੀ ਲੋੜਾਂ ਦੀ ਪੂਰਤੀ ਨਾਲ ਜੁੜੀ ਹੁੰਦੀ ਹੈ। ਮਨੁੱਖ ਉਦੋਂ ਵੀ ਸਿਰਜਣਾ ਕਰਦਾ ਹੈ ਜਦੋਂ ਉਹ ਸਰੀਰਕ ਲੋੜਾਂ ਤੋਂ ਸੁਤੰਤਰ ਹੁੰਦਾ ਹੈ। ਸਗੋਂ ਮਨੁੱਖ ਅਜਿਹੀਆਂ ਸਰੀਰਕ ਲੋੜਾਂ ਤੋਂ ਸੁਤੰਤਰ ਹੋ ਕੇ ਅਸਲ ਸਿਰਜਣਾ ਕਰਦਾ ਹੈ।[24] ਇਸ ਲਈ ਮਨੁੱਖ ਦੀ ਚੇਤੰਨ ਹੋਂਦ ਹੀ ਸੁਹਜਾਤਮਕ ਸਿਰਜਣਾ ਦਾ ਬੁਨਿਆਦੀ ਆਧਾਰ ਹੈ। ਡਾ. ਯੋਗਰਾਜ ਅਨੁਸਾਰ:

> ਸੁਹਜ ਸਿਰਜਣਾ ਦੇ ਆਧਾਰਾਂ ਅਤੇ ਨਿਯਮਾਂ ਦੇ ਸੰਗਠਿਤ ਅਧਿਐਨ ਨੂੰ ਸੁਹਜ-ਸ਼ਾਸਤਰ (Aesthetics) ਕਿਹਾ ਜਾਂਦਾ ਹੈ।[25]

ਸੁਹਜ-ਸ਼ਾਸਤਰ ਸੁਹਜ ਦੇ ਵਿਭਿੰਨ ਨਿਰੂਪਣਾਂ, ਵਿਸ਼ੇਸ਼ ਕਰਕੇ ਕਲਾਕਿਰਤਾਂ ਦੀ ਪ੍ਰਕਿਰਤੀਗਤ ਵਿਲੱਖਣਤਾ ਨੂੰ ਸਮਝਣ, ਵਿਸ਼ਲੇਸ਼ਿਤ ਤੇ ਮੁਲੰਕਿਤ ਕਰਨ ਵਿਚ ਮਾਰਗ ਦਰਸ਼ਨ ਕਰਨ ਵਾਲਾ ਗਿਆਨ ਸੰਜਮ ਹੈ। ਕਲਾ ਮਨੁੱਖ ਦੀ ਸਿਰਜਣ ਯੋਗਤਾ ਦਾ ਸੁਹਜਮਈ ਨਿਭਾਉ ਹੈ ਜੋ ਆਪਣੀਆਂ ਅਦੁੱਤੀ ਵਿਸ਼ੇਸ਼ਤਾਵਾਂ ਸਦਕਾ ਮਨੁੱਖੀ ਕ੍ਰਿਆਤਮਿਕਤਾ ਦੇ ਹੋਰ ਰੂਪਾਂ ਨਾਲੋਂ ਨਿੱਖੜਵਾਂ ਚਰਿੱਤਰ ਰੱਖਦੀ ਹੈ। ਇਸਦੀ ਵਿਲੱਖਣਤਾ ਦੀ ਪਹਿਚਾਣ ਦੇ ਬੁਨਿਆਦੀ ਨਿਯਮਾਂ ਦਾ ਬੋਧ ਕਰਾਉਣਾ ਅਤੇ ਉਨ੍ਹਾਂ ਦੇ ਆਧਾਰ 'ਤੇ ਇਸ ਦੇ ਉਚਿੱਤ ਮੁਲੰਕਣ ਦੇ ਪ੍ਰਤਿਮਾਨ ਨਿਸ਼ਚਿਤ ਕਰਨਾ ਹੀ

ਸੁਹਜ-ਸ਼ਾਸਤਰ ਦੇ ਕੇਂਦਰੀ ਸਰੋਕਾਰ ਹਨ। ਸੁਹਜ ਦੇ ਸਧਾਰਣ ਅਤੇ ਆਮ ਸੰਕਲਪ ਸੰਬੰਧੀ ਵਿਚਾਰ ਤਾਂ ਪੁਰਾਤਨ ਕਾਲ ਤੋਂ ਹੀ ਕੀਤੀ ਜਾਂਦੀ ਰਹੀ ਹੈ ਪਰ ਉਸਨੂੰ ਦਰਸ਼ਨ-ਸ਼ਾਸਤਰ ਦੇ ਵਿਸ਼ੇ ਖੇਤਰ ਦੇ ਅੰਤਰਗਤ ਰਖਿਆ ਜਾਂਦਾ ਸੀ। ਆਧੁਨਿਕ ਸਮੇਂ ਵਿਚ ਸੁਹਜ ਤੇ ਉਸ ਨਾਲ ਸੰਬੰਧਿਤ ਸਮੱਸਿਆਵਾਂ ਦੇ ਅਧਿਐਨ ਨੂੰ ਇਕ ਵੱਖਰੇ ਤੇ ਸੁਤੰਤਰ-ਸੰਜਮ ਦਾ ਦਰਜਾ ਪ੍ਰਾਪਤ ਹੈ।

ਪੰਜਾਬੀ ਭਾਸ਼ਾ ਅਤੇ ਸਾਹਿਤ ਸਭਿਆਚਾਰ ਦੇ ਅਧੀਨ ਸ਼ਬਦ 'ਸੁਹਜ-ਸ਼ਾਸਤਰ' ਨੂੰ ਅੰਗਰੇਜ਼ੀ ਭਾਸ਼ਾ ਦੇ ਸ਼ਬਦ Aesthetics ਦੇ ਰੂਪਾਂਤਰਣ ਸ਼ਬਦ ਵਜੋਂ ਲਿਆ ਜਾਂਦਾ ਹੈ। The New Encyclopaedia of Britannica, Vol. I. ਦੇ ਅਨੁਸਾਰ:

> Aesthetics ਨੂੰ Esthetics ਵੀ ਉਚਾਰਿਆ ਜਾਂਦਾ ਹੈ, ਦਰਸ਼ਨ-ਸ਼ਾਸਤਰ ਦੀ ਅਜਿਹੀ ਸ਼ਾਖਾ, ਜਿਸ ਵਿਚ ਸੁੰਦਰਤਾ ਅਤੇ ਸ਼ਬਦ ਦਾ ਵਿਚਾਰਧਾਰਾਈ ਅਧਿਐਨ ਸ਼ਾਮਿਲ ਹੈ।[26]

ਅਸਥੈਟਿਕਸ ਸ਼ਬਦ ਯੂਨਾਨੀ ਭਾਸ਼ਾ ਦਾ ਸ਼ਬਦ ਹੈ ਜੋ ਅਸਥੈਸਿਸ (Aesthesis) ਸ਼ਬਦ ਤੋਂ ਉਤਪੰਨ ਹੋਇਆ ਮੰਨਿਆ ਜਾਂਦਾ ਹੈ, ਜਿਸ ਦਾ ਅਰਥ ਹੈ - 'ਅੰਦਰਲੀ ਸੰਵੇਦਨਾ ਦਾ ਸ਼ਾਸਤਰ'। ਹਿੰਦੀ ਭਾਸ਼ਾ ਵਿਚ 'Aesthetics' ਸ਼ਬਦ ਲਈ 'ਸੌਂਦਰਯ-ਸ਼ਾਸਤਰ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਸੁਹਜ-ਸ਼ਾਸਤਰ ਬਾਰੇ ਵਿਚਾਰ ਚਰਚਾ ਦਾ ਇਤਿਹਾਸ ਕਾਫ਼ੀ ਪ੍ਰਾਚੀਨ ਹੈ। ਪਰ ਸੁਹਜ-ਸ਼ਾਸਤਰ ਦੀ ਇਕ ਗਿਆਨ ਅਨੁਸਾਸ਼ਨ ਵਜੋਂ ਸਥਾਪਨਾ 20ਵੀਂ ਸਦੀ ਵਿਚ ਹੀ ਹੋਈ। ਡਾ. ਰਵਿੰਦਰ ਰਵੀ ਅਨੁਸਾਰ:

> ਵੱਖ-ਵੱਖ ਗਿਆਨ ਖੇਤਰਾਂ ਵਿਚਲੀਆਂ ਪ੍ਰਾਪਤੀਆਂ ਅਤੇ ਪ੍ਰਭਾਵਾਂ ਨੇ ਸੂਖ਼ਮ ਕਲਾਵਾਂ ਦੀਆਂ ਅਧਿਐਨ ਵਿਧੀਆਂ ਵਿਚ ਬਹੁਤ ਸਾਰੇ ਨਵੇਂ ਦ੍ਰਿਸ਼ਟੀਕੋਣਾਂ ਅਤੇ ਪ੍ਰਣਾਲੀਆਂ ਨੂੰ ਜਨਮ ਦਿੱਤਾ ਹੈ। ਪਰੰਤੂ ਸੁਹਜ-ਵਿਗਿਆਨ ਨੂੰ ਗਿਆਨ ਦੇ ਇਕ ਸੁਤੰਤਰ ਅਨੁਸ਼ਾਸਨ ਵਜੋਂ ਵਿਕਸਿਤ ਅਤੇ ਸਥਾਪਿਤ ਕਰਨ ਲਈ ਬੜੇ ਸੀਮਿਤ ਅਤੇ ਆਂਸ਼ਕ ਯਤਨ ਹੀ ਹੋਏ ਹਨ। ਵਿਸ਼ਵ ਪੱਧਰ ਉੱਤੇ ਸੁਹਜ ਵਿਗਿਆਨ ਨੂੰ ਇਕ ਸੁਤੰਤਰ ਅਨੁਸ਼ਾਸਨ ਵਜੋਂ ਸਵੀਕਾਰ ਕੀਤੇ ਜਾਣ ਦੀ ਪਰੰਪਰਾ ਕੇਵਲ ਵੀਹਵੀਂ ਸਦੀ ਵਿਚ ਹੀ ਸੰਭਵ ਹੋਈ ਹੈ।[27]

ਆਧੁਨਿਕ ਸਮੇਂ ਵਿਚ ਵਿਸ਼ਵ ਪੱਧਰ ਉੱਤੇ ਸੁਹਜ-ਸ਼ਾਸਤਰ ਨੂੰ ਇਕ ਵਿਸ਼ੇਸ਼ ਗਿਆਨ ਅਨੁਸ਼ਾਸਨ ਵਜੋਂ ਸਮਝਣ ਦੀ ਪਰੰਪਰਾ ਦਾ ਆਰੰਭ ਜਰਮਨ ਫਿਲਾਸਫ਼ਰ ਅਲੈਂਗਜੈਂਡਰ ਬੌਮਗਾਰਟਨ

(Alaxender Boumgarton) (1714-1782) ਤੋਂ ਮੰਨਿਆ ਜਾਂਦਾ ਹੈ। ਉਸਨੇ ਸੰਵੇਦਨਸ਼ੀਲ ਇੰਦ੍ਰਿਆਵੀ ਬੋਧ ਸ਼ਾਸਤਰ ਦੇ ਅਰਥਾਂ ਹੇਠ ਇਸ ਨੂੰ ਪ੍ਰਚਲਿਤ ਕੀਤਾ ਅਤੇ ਹੋਰ ਗਿਆਨ ਸੰਜਮਾਂ ਨਾਲੋਂ ਨਿਖੇੜ ਕੇ ਇਕ ਸੁਤੰਤਰ ਸੱਤਾ ਪ੍ਰਦਾਨ ਕਰਨ ਦਾ ਮੁੱਢ ਬੰਨ੍ਹਿਆ। ਉਸਨੇ ਦੋ ਸੈਂਚੀਆਂ ਵਿਚ ਇਕ ਕਿਤਾਬ ਵੀ ਲਿਖੀ ਜਿਸਦਾ ਨਾਂ 'Aesthetica' ਸੀ। ਇਹ ਕਿਤਾਬ 1750 ਈਸਵੀ ਵਿਚ ਪ੍ਰਕਾਸ਼ਿਤ ਹੋਈ।[28] ਉਸ ਸਮੇਂ ਤੋਂ ਹੀ ਇਹ ਸ਼ਬਦ ਪ੍ਰਚਲਿਤ ਹੋਇਆ।

ਸੁਹਜ-ਸ਼ਾਸਤਰ ਨੂੰ ਇਕ ਸੁਤੰਤਰ ਅਨੁਸ਼ਾਸਨ ਦੇ ਤੌਰ ਤੇ ਨਿੱਖੜਵਾਂ ਚਰਿੱਤਰ ਪ੍ਰਦਾਨ ਕਰਨ ਵਾਲਾ ਸ਼ਬਦ 'ਅਸਥੈਟਿਕਸ' ਵੀ ਵਿਸ਼ੇਸ਼ ਤੌਰ ਤੇ ਕਲਾ ਤੋਂ ਪ੍ਰਾਪਤ ਹੋਣ ਵਾਲਾ ਇੰਦ੍ਰਿਆਵੀ ਗਿਆਨ ਦੀ ਬੌਧਿਕ/ਤਾਰਕਿਕ ਗਿਆਨ ਨਾਲੋਂ ਵੱਖਰਤਾ ਦੇ ਬੋਧ ਉੱਤੇ ਹੀ ਆਧਾਰਿਤ ਹੈ। ਇਸ ਸ਼ਬਦ ਦਾ ਪ੍ਰਯੋਗ ਇੰਦ੍ਰਿਆਵੀ ਤੇ ਰਲਗੱਡ ਕਿਸਮ ਦਾ ਗਿਆਨ ਦੇਣ ਵਾਲੇ ਪ੍ਰਤੱਖਣ ਦੇ ਅਧਿਐਨ ਲਈ ਕਰਨ ਵਾਲਾ ਸਭ ਤੋਂ ਪਹਿਲਾਂ ਚਿੰਤਕ ਬੌਮਗਾਰਟਨ ਹੀ ਸੀ, ਜਿਸਨੇ ਇਸਦੇ ਪ੍ਰਯੋਗ ਦੁਆਰਾ ਇਸ ਪ੍ਰਕਾਰ ਦੇ ਅਧਿਐਨ ਨੂੰ ਹੋਰ ਗਿਆਨ ਸੰਜਮਾਂ ਨਾਲੋਂ ਨਿਖੇੜਣ ਦਾ ਸਫਲ ਯਤਨ ਕੀਤਾ ਉਸ ਤੋਂ ਪਹਿਲਾਂ, ਬਹੁਤ ਪੁਰਾਣੇ ਸਮਿਆਂ ਤੋਂ ਸੁਹਜ ਦੇ ਸਮਾਨ ਸੰਕਲਪ, ਇਸਦੇ ਸਰੋਤ ਅਤੇ ਇਸਦੇ ਵਿਭਿੰਨ ਨਿਰੂਪਣਾਂ ਦੀਆਂ ਪ੍ਰਕਿਰਤੀਮੂਲਕ ਵਿਸ਼ੇਸ਼ਤਾਵਾਂ ਬਾਰੇ ਵਿਚਾਰ ਤਾਂ ਕੀਤੀ ਜਾਂਦੀ ਸੀ, ਪਰ ਇਸ ਪ੍ਰਕਾਰ ਦੇ ਚਿੰਤਨ ਨੂੰ ਫਿਲਾਸਫੀ ਦੀ ਇਕ ਸ਼ਾਖਾ ਦਾ ਹੀ ਦਰਜਾ ਪ੍ਰਾਪਤ ਸੀ। ਅਠਾਰ੍ਹਵੀਂ ਸਦੀ ਵਿਚ ਬੌਮਗਾਰਟਨ ਦੁਆਰਾ 'ਅਸਥੈਟਿਕਸ' ਸ਼ਬਦ ਦੇ ਪ੍ਰਯੋਗ ਨੇ ਸੁਹਜ ਸੰਬੰਧੀ ਚਿੰਤਨ ਨੂੰ ਇਕ ਸੁਤੰਤਰ ਸੱਤਾ ਪ੍ਰਦਾਨ ਕਰਨ ਦਾ ਮੁੱਢ ਬੰਨ੍ਹਿਆ।

ਬੌਮਗਾਰਟਨ ਦੁਆਰਾ ਪ੍ਰਯੁਕਤ ਸ਼ਬਦ 'ਅਸਥੈਟਿਕਸ' ਆਪਣੇ ਵਿਸ਼ਿਸ਼ਟ ਰੂਪ ਵਿਚ ਅੱਜ ਤੱਕ ਪ੍ਰਚਲਿਤ ਹੈ, ਭਾਵੇਂ ਕਿ ਇਸ ਦੀ ਵਿਆਖਿਆ ਅਤੇ ਵਿਸ਼ੇ-ਖੇਤਰ ਸੰਬੰਧੀ ਮਗਰਲੇ ਸੁਹਜ ਚਿੰਤਕਾਂ ਨੇ ਭਿੰਨ ਭਿੰਨ ਵਿਚਾਰ ਪੇਸ਼ ਕੀਤੇ ਹਨ। ਇਸ ਲਈ ਸੁਹਜ-ਸ਼ਾਸਤਰ ਸੰਬੰਧੀ ਪਰਿਭਾਸ਼ਾ ਅਤੇ ਵਿਸ਼ੇ ਖੇਤਰ ਇਤਿਹਾਸਕ ਸੰਦਰਭਾਂ ਦੇ ਅਨੁਕੂਲ ਬਦਲਦੇ ਰਹੇ ਹਨ। ਸੁਹਜ-ਸ਼ਾਸਤਰ ਦੇ ਅਜਿਹੇ ਇਤਿਹਾਸ ਸੰਬੰਧੀ ਯੂਰੀ ਬਾਰੇਵ (Yuri Barev) ਕਹਿੰਦਾ ਹੈ:

> ਆਪਣੇ ਵਿਕਾਸ ਦੌਰਾਨ ਕੇਵਲ ਸੁਹਜਾਤਮਕ ਵਿਚਾਰ ਹੀ ਨਹੀਂ ਬਦਲੇ ਸਗੋਂ ਸੁਹਜ-ਸ਼ਾਸਤਰ ਦੇ ਖੇਤਰ, ਵਿਸ਼ੇ, ਮੰਤਵ ਅਤੇ ਧਾਰਨਾਵਾਂ ਵੀ ਬਦਲਦੀਆਂ ਰਹੀਆਂ ਹਨ।[29]

ਸੁਹਜ-ਸ਼ਾਸਤਰ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਵੇਲੇ ਅਤੇ ਇਸ ਨੂੰ ਇਕ ਗਿਆਨ ਅਨੁਸ਼ਾਸਨ ਵਜੋਂ ਇਤਿਹਾਸਕ ਪਰਿਪੇਖ ਵਿਚ ਸਮਝਣ ਤੋਂ ਪਹਿਲਾਂ ਕੁਝ ਪ੍ਰਮੁੱਖ ਪੱਛਮੀ ਅਤੇ ਭਾਰਤੀ ਸੁਹਜ-ਚਿੰਤਕਾਂ ਵਲੋਂ ਇਸ ਦੀਆਂ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਨੂੰ ਦ੍ਰਿਸ਼ਟੀਗੋਚਰ ਕਰ ਲੈਣਾ ਬੜਾ ਅਨਿਵਾਰੀ ਹੈ।

Dictionary of Literary Terms ਅਨੁਸਾਰ:

> ਸੁਹਜ-ਸ਼ਾਸਤਰ ਨੂੰ ਸਾਹਿਤ ਵਿਚ ਸੁਹਜ-ਬੋਧ ਨਾਲ ਸੰਬੰਧਿਤ ਉਨ੍ਹਾਂ ਭਾਵਾਂ ਦਾ ਅਧਿਐਨ ਕਿਹਾ ਗਿਆ ਹੈ, ਜੋ ਨੈਤਿਕ, ਸਮਾਜਿਕ, ਰਾਜਨੀਤਿਕ, ਵਿਹਾਰਕ ਜਾਂ ਆਰਥਿਕ ਵਿਚਾਰਾਂ ਤੋਂ ਨਿੱਖੜਵੇਂ ਹਨ।[30]

ਚੈਂਬਰਸ ਸ਼ਬਦਕੋਸ਼ ਅਨੁਸਾਰ, "ਸੁਹਜ ਲਲਿਤ ਕਲਾਵਾਂ ਦਾ ਦਰਸ਼ਨ ਹੈ।"[31]

The New Encyclopaedia Britannica, Volume I. ਅਨੁਸਾਰ:

> ਸੁਹਜ-ਸ਼ਾਸਤਰ, ਸੁੰਦਰਤਾ ਨੂੰ ਸਮਝਣ ਨਾਲ ਸੰਬੰਧਿਤ ਹੈ। ਭਾਵੇਂ ਇਹ ਕਲਾ ਦੁਆਰਾ ਜਨਮ ਲੈਂਦਾ ਅਤੇ ਉਸ ਨਾਲ ਹੀ ਇਸਦੀ ਮਿਣਤੀ ਕੀਤੀ ਜਾਂਦੀ ਹੈ।[32]

The Encyclopaedia Americana ਅਨੁਸਾਰ :

> ਪਰੰਪਰਿਕ ਤੌਰ ਤੇ ਸੁਹਜ-ਸ਼ਾਸਤਰ ਨੂੰ ਦਰਸ਼ਨ-ਸ਼ਾਸਤਰ ਦੀ ਇਕ ਸ਼ਾਖਾ ਵਜੋਂ ਲਿਆ ਜਾਂਦਾ ਹੈ ਜੋ ਕਿ ਸੁੰਦਰ (Beauty) ਅਤੇ ਕੁਦਰਤ ਤੇ ਕਲਾ ਦੀ ਸੁੰਦਰਤਾ ਨਾਲ ਸੰਬੰਧਿਤ ਹੈ।[33]

The Oxford Handbook of Aesthetics ਵਿਚ ਸੁਹਜ-ਸ਼ਾਸਤਰ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ:

> ਸੁਹਜ-ਸ਼ਾਸਤਰ, ਦਰਸ਼ਨ-ਸ਼ਾਸਤਰ ਦੀ ਸ਼ਾਖਾ ਹੈ ਜੋ ਕਲਾ ਅਤੇ ਸੁਹਜ-ਸ਼ਾਸਤਰਿਕ ਅਨੁਭਵ ਦੀ ਸੰਕਲਪਿਤ ਅਤੇ ਕਲਪਿਤ ਪੁੱਛਗਿੱਛ ਨਾਲ ਸੰਬੰਧ ਰੱਖਦੀ ਹੈ।[34]

ਜੇਮਸ ਡਰੇਵਰ ਦਾ ਮਤ ਹੈ:

ਸੁੰਦਰ ਅਤੇ ਅਸੁੰਦਰ ਦਾ ਵਿਗਿਆਨਕ ਅਤੇ ਦਾਰਸ਼ਨਿਕ ਅਧਿਐਨ ਹੀ ਸੁਹਜ-ਸ਼ਾਸਤਰ ਹੈ।[35]

ਬੌਮਗਾਰਟਨ ਦਾ ਵਿਚਾਰ ਹੈ :

ਸੁਹਜ-ਸ਼ਾਸਤਰ ਐਂਦਰੀਯ ਬੋਧ ਦਾ ਗਿਆਨ ਹੈ ਜਿਸ ਦਾ ਸੰਬੰਧ ਅਸਪੱਸ਼ਟ ਗਿਆਨ ਨਾਲ ਹੈ ਅਤੇ ਅਸਪੱਸ਼ਟ ਗਿਆਨ ਉਹ ਹੈ ਜਿਹੜਾ ਸੰਵੇਦਨਾਵਾਂ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਇਸ ਨੂੰ ਸ਼ਬਦਾਂ ਦੇ ਮਾਧਿਅਮ ਰਾਹੀਂ ਨਿਰੂਪਿਤ ਨਹੀਂ ਕੀਤਾ ਜਾ ਸਕਦਾ ਹੈ।[36]

ਹੀਗਲ ਸੁਹਜ-ਸ਼ਾਸਤਰ ਨੂੰ ਲਲਿਤ ਕਲਾਵਾਂ ਦਾ ਦਰਸ਼ਨ ਮੰਨਦਾ ਹੋਇਆ ਕਹਿੰਦਾ ਹੈ:

ਇਹ ਇਕ ਅਜਿਹਾ ਵਿਸ਼ਾ ਹੈ ਜਿਸਦੇ ਅੰਤਰਗਤ ਸੁਹਜ ਦਾ ਸੰਪੂਰਨ ਖੇਤਰ ਆ ਜਾਂਦਾ ਹੈ, ਸਪੱਸ਼ਟ ਰੂਪ ਵਿਚ ਕਿਹਾ ਜਾਵੇ ਤਾਂ ਇਸ ਦਾ ਖੇਤਰ ਕਲਾ ਦਾ ਜਾਂ ਕਹਿਣਾ ਚਾਹੀਦਾ ਹੈ ਕਿ ਲਲਿਤ ਕਲਾ ਦਾ ਖੇਤਰ ਹੈ।[37]

ਕਰੋਚੇ ਸੁਹਜ-ਸ਼ਾਸਤਰ  ਨੂੰ ਅਭਿਵਿਅਕਤੀ ਦੀਆਂ ਕਿਰਿਆਵਾਂ ਦਾ ਵਿਗਿਆਨ ਕਹਿੰਦਾ ਹੈ।[38] ਬੋਸਾਂਕੇ ਦਾ ਮਤ ਹੈ ਕਿ ਸੁਹਜ-ਸ਼ਾਸਤਰ ਦਾ ਵਿਸ਼ਾ ਜੀਵਨ ਵਿਚਲੇ ਸੁਹਜ ਦੀ ਮੀਮਾਂਸਾ ਹੈ ਅਤੇ ਇਹ ਸੁਹਜ ਅਨੁਭਵ ਦੂਜੇ ਭੌਤਿਕ ਅਨੁਭਵਾਂ ਨਾਲੋਂ ਕਿੰਨਾ ਭਿੰਨ ਹੈ ਅਤੇ ਜੀਵਨ ਵਿਚ ਇਸ ਦਾ ਕੀ ਮੁੱਲ ਹੈ, ਇਸ ਦਾ ਮੁਲਾਂਕਣ ਅਤੇ ਵਿਆਖਿਆ ਕਰਦਾ ਹੈ।[39] ਯੂਰੀ ਬਾਰੇਵ ਅਨੁਸਾਰ ਸੁਹਜ-ਸ਼ਾਸਤਰ ਗਿਆਨ ਦੀ ਅਜਿਹੀ ਸ਼ਾਖਾ ਹੈ ਜੋ ਇਤਿਹਾਸਕ ਤੌਰ ਤੇ ਨਿਰਧਾਰਤ ਮਾਨਵੀ ਕਦਰਾਂ-ਕੀਮਤਾਂ ਦੇ ਸਾਰ-ਤੱਤ, ਉਨ੍ਹਾਂ ਦੀ ਸਿਰਜਣਾ, ਸੰਕਲਪ, ਪ੍ਰਸੰਸਾ ਅਤੇ ਸਮਾਹਿਤ ਕਰਨ ਦੀ ਪ੍ਰੀਕਿਰਿਆ ਨਾਲ ਸੰਬੰਧ ਰੱਖਦਾ ਹੈ।[40] ਸੂਸਨ ਕੇ. ਲੈਂਗਰ ਨੇ ਸੁਹਜ-ਸ਼ਾਸਤਰ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ:

ਸੁਹਜ-ਸ਼ਾਸਤਰ ਲਲਿਤ ਕਲਾਵਾਂ ਦੇ ਦਾਰਸ਼ਨਿਕ ਵਿਕਲਪਾਂ ਅਤੇ ਸਮੱਸਿਆਵਾਂ ਦਾ ਸਿਧਾਂਤਕ ਨਿਰੂਪਣ ਹੈ।[41]

ਸੁਹਜ-ਸ਼ਾਸਤਰ ਮਨੁੱਖ ਦੁਆਰਾ ਸੰਸਾਰ ਦੇ ਸੁਹਜਾਤਮਕ ਆਤਮਸਾਤਕਰਣ (Aesthetical Assimiliation) ਦੇ ਨਿਯਮਾਂ ਅਤੇ ਸੁਹਜ ਦੇ ਨਿਯਮਾਂ ਅਨੁਸਾਰ ਸਿਰਜਣਾਤਮਕ ਕਾਰਜ ਦੇ ਸਾਰ

ਅਤੇ ਰੂਪਾਂ ਦਾ ਸ਼ਾਸਤਰ ਹੈ।[42] ਸਪਾਰਸ਼ਾਟ ਅਨੁਸਾਰ ਸੁਹਜ-ਸ਼ਾਸਤਰ ਤੋਂ ਮੇਰਾ ਆਸ਼ਾ ਉਸ ਵਿਭਾਗ ਤੋਂ ਹੈ ਜੋ ਸੁੰਦਰ ਪਦਾਰਥਾਂ ਦੀ ਸੱਤਾ (ਹੋਂਦ) ਅਤੇ ਉਨ੍ਹਾਂ ਦੇ ਵਿਸ਼ੇ ਵਿਚ, ਮਾਨਵਜਾਤੀ ਪ੍ਰਤਿ ਸੰਵੇਦਨ, ਕਲਾਤਮਕ ਕਰਤੱਵ ਅਤੇ ਉਨ੍ਹਾਂ ਪ੍ਰਤਿ ਮਾਨਵ ਮਨ ਦੀ ਪ੍ਰਤਿਕਿਰਿਆ ਅਤੇ ਇਨ੍ਹਾਂ ਨਾਲ ਸੰਬੰਧਿਤ ਚਿੰਤਨ-ਮਨਨ ਆਦਿ ਤੋਂ ਉਤਪੰਨ ਸਮੱਸਿਆਵਾਂ ਉੱਤੇ ਵਿਚਾਰ ਕਰਦਾ ਹੈ।[43] ਪ੍ਰਸਿੱਧ ਦਾਰਸ਼ਨਿਕ ਕਾਂਤ (Immanuel Kant) ਨੇ ਬੌਮਗਾਰਟਨ ਦੁਆਰਾ ਪ੍ਰਯੁਕਤ ਸ਼ਬਦ 'ਅਸਥੈਟਿਕਸ' ਨੂੰ ਵਿਸ਼ਸ਼ਟ ਰੂਪ ਵਿਚ ਵਿਕਸਿਤ ਅਤੇ ਵਿਸਥਾਰਿਤ ਕਰਨ ਵਿਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਰੈਨੇ ਵੈਲੇਕ ਦੇ ਸ਼ਬਦਾਂ ਵਿਚ:

> ਕਾਂਤ ਨੂੰ ਪਹਿਲਾਂ ਅਜਿਹਾ ਦਾਰਸ਼ਨਿਕ ਮੰਨਣਾ ਚਾਹੀਦਾ ਹੈ ਕਿ ਜਿਸਨੇ ਸੁਹਜ-ਸ਼ਾਸਤਰ ਦੇ ਖੇਤਰ ਦੀ ਵਿਸ਼ਿਸ਼ਟਤਾ ਅਤੇ ਖ਼ੁਦਮੁਖਤਾਰੀ ਨੂੰ ਸਪੱਸ਼ਟ ਅਤੇ ਨਿਸ਼ਚਿਤ ਢੰਗ ਨਾਲ ਸਥਾਪਿਤ ਕੀਤਾ ਹੈ।[44]

ਕਾਂਤ ਨੇ ਸੁਹਜ-ਸ਼ਾਸਤਰੀ ਨਿਰਣੈ ਨੂੰ ਰੁਚੀ ਦਾ ਨਿਰਣੈ (Judgement of Taste) ਕਿਹਾ ਹੈ। ਜਿਹੜਾ ਉਸਦੇ ਖਿਆਲ ਵਿਚ ਲਿਪਤੀ (Interest) ਤੋਂ ਮੁਕਤ ਹੁੰਦਾ ਹੈ। ਜਿਹੜੀ ਵਸਤੂ ਰੁਚੀ ਜਾਂ ਲਿਪਤੀ ਰੂਪ ਤੋਂ ਅਲੱਗ ਸੰਤੁਸ਼ਟੀ ਦਿੰਦੀ ਹੈ, ਉਹ ਸੁੰਦਰ ਹੈ। ਉਸ ਅਨੁਸਾਰ ਸੁਹਜ ਦਾ ਨਿਰਣੈ ਰੂਪ ਉਤੇ ਹੀ ਆਧਾਰਿਤ ਹੁੰਦਾ ਹੈ ਸੰਕਲਪ ਉਤੇ ਨਹੀਂ।

ਪੱਛਮੀ ਵਿਦਵਾਨਾਂ ਵਾਂਗ ਹੀ ਭਾਰਤੀ ਪਰੰਪਰਾ ਦੇ ਅਨੇਕਾਂ ਵਿਦਵਾਨਾ ਵਲੋਂ ਵੀ ਸੁਹਜ-ਸ਼ਾਸਤਰ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਦੇ ਯਤਨਾਂ ਵਿਚ ਵੱਖ-ਵੱਖ ਵਿਚਾਰ ਪ੍ਰਗਟਾਏ ਗਏ ਹਨ। ਸ੍ਰੀ ਕੇ. ਐਸ. ਰਾਮਾਸਵਾਮੀ ਦੇ ਸ਼ਬਦਾਂ ਵਿਚ ਸੁਹਜ-ਸ਼ਾਸਤਰ ਕਲਾ ਵਿਚ ਵਿਅਕਤ ਸੁਹਜ ਦਾ ਵਿਗਿਆਨ ਹੈ।[45] ਡਾ. ਕੇ. ਸੀ. ਪਾਂਡੇ ਦਾ ਮਤ ਹੈ ਕਿ ਸੁਹਜ-ਸ਼ਾਸਤਰ ਲਲਿਤ ਕਲਾਵਾਂ ਦਾ ਵਿਗਿਆਨ ਅਤੇ ਦਰਸ਼ਨ ਹੈ।[46] ਡਾ. ਕੇ. ਸੀ. ਪਾਂਡੇ ਨੇ ਕਰੋਚੇ ਅਤੇ ਹੀਗਲ ਦੀਆਂ ਮਾਨਤਾਵਾਂ ਨੂੰ ਵਧੇਰੇ ਸਵੀਕਾਰਿਆ ਹੈ। ਡਾ.ਹਰਦਵਾਰੀ ਲਾਲ ਸ਼ਰਮਾ ਦਾ ਵਿਚਾਰ ਹੈ ਕਿ ਸੁਹਜ-ਸ਼ਾਸਤਰ ਸੁਹਜ ਦੀ ਸ਼ਾਸਤਰੀ ਵਿਵੇਚਨਾ ਹੈ। ਇਹ ਮਨੁੱਖੀ ਚੇਤਨਾ ਦੇ ਉਸ ਅੰਸ਼ ਦਾ ਵਿਧੀਵਤ ਅਧਿਐਨ ਕਰਦਾ ਹੈ। ਜਿਸ ਅੰਸ਼ ਨੂੰ ਅਸੀਂ ਆਨੰਦ ਦੀ ਅਨੁਭੂਤੀ ਕਹਿੰਦੇ ਹਾਂ ਅਤੇ ਜੋ ਵਸਤੂ ਦੇ ਸੁਹਜ ਤੋਂ ਉਤਪੰਨ ਹੁੰਦਾ ਹੈ।[47] ਡਾ. ਨਗੇਂਦਰ ਸੁਹਜ-ਸ਼ਾਸਤਰ ਨੂੰ ਪਰਿਭਾਸ਼ਿਤ ਕਰਦੇ ਹੋਏ ਆਖਦੇ ਹਨ ਕਿ ਸੁਹਜ-ਸ਼ਾਸਤਰ

ਲਲਿਤ ਕਲਾਵਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਮਾਨਵੀ ਵਿਵਹਾਰ ਅਤੇ ਅਨੁਭੂਤੀ ਦਾ ਸਿਧਾਂਤਕ ਅਧਿਐਨ ਹੈ।[48] ਹਿੰਦੀ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਰਮੇਸ਼ ਕੁੰਤਲ ਮੇਘ ਸੁਹਜ-ਸ਼ਾਸਤਰ ਦੀ ਪਰਿਭਾਸ਼ਾ ਕਰਦੇ ਹੋਏ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦੇ ਹਨ:

> ਕਲਾ, ਕਲਾ-ਰਚਨਾ ਅਤੇ ਕਲਾ ਕਿਰਤ ਦਾ ਦਰਸ਼ਨ, ਮੀਮਾਂਸਾ ਤੇ ਇਤਿਹਾਸ ਨੂੰ ਸੰਯੋਜਿਤ ਕਰਨ ਵਾਲੀ ਵਿਧਾ ਅਤੇ ਵਿਗਿਆਨ ਨੂੰ ਸੁਹਜ-ਸ਼ਾਸਤਰ (Aesthetics) ਕਿਹਾ ਜਾਂਦਾ ਹੈ।[49]

ਡਾ. ਕੁਮਾਰ ਵਿਮਲ ਦੇ ਮਤ ਅਨੁਸਾਰ:

> ਸੁਹਜ-ਸ਼ਾਸਤਰ ਦਾ ਮੁੱਖ ਪ੍ਰਯੋਜਨ ਲਲਿਤ ਕਲਾਵਾਂ ਦੇ ਤੱਤਾਂ ਦਾ ਸਿਧਾਂਤਕ ਨਿਰੂਪਣ ਅਤੇ ਉਸ ਦੇ ਆਧਾਰ ਉੱਤੋਂ ਕਲਾ-ਕਿਰਤਾਂ ਦਾ ਮੁਲਾਂਕਣ ਕਰਨਾ ਹੈ।[50]

ਡਾ. ਰੋਸ਼ਨ ਲਾਲ ਆਹੂਜਾ ਅਨੁਸਾਰ:

> ਸੁੰਦਰਤਾ ਦੇ ਯਥਾਪੱਧਤੀ ਗਿਆਨ ਨੂੰ ਸੌਂਦਰਯ ਸ਼ਾਸਤਰ ਜਾਂ ਸੁੰਦਰਤਾ ਸ਼ਾਸਤਰ ਜਾਂ ਸੁਹਜ-ਸ਼ਾਸਤਰ ਕਹਿੰਦੇ ਹਨ। ਪਰੰਪਰਾਗਤ ਸੁੰਦਰਤਾ ਸ਼ਾਸਤਰ ਆਦਰਸ਼ਵਾਦੀ ਤੇ ਆਤਮਨਿਸ਼ਠ ਸੀ, ਪਰ ਆਧੁਨਿਕ ਸੁਹਜ-ਸ਼ਾਸਤਰ ਯਥਾਰਥਵਾਦੀ ਵਸਤੂ ਨਿਸ਼ਠ ਅਤੇ ਵਿਗਿਆਨਿਕ ਹੈ।[51]

ਡਾ. ਬਲਜੀਤ ਕੌਰ ਦੇ ਸ਼ਬਦਾਂ ਵਿਚ:

> ਸੁਹਜ-ਸ਼ਾਸਤਰ ਸੁਹਜ ਦੇ ਵਿਭਿੰਨ ਨਿਰੂਪਣਾਂ, ਵਿਸ਼ੇਸ਼ ਕਰਕੇ ਕਲਾ ਕਿਰਤਾਂ ਦੀ ਪ੍ਰਕਿਰਤੀਗਤ ਵਿਲੱਖਣਤਾ ਨੂੰ ਸਮਝਣ, ਵਿਸ਼ਲੇਸ਼ਿਤ ਤੇ ਮੁਲੰਕਿਤ ਕਰਨ ਵਿਚ ਮਾਰਗ ਦਰਸ਼ਨ ਕਰਨ ਵਾਲਾ ਗਿਆਨ ਸੰਜਮ ਹੈ।[52]

ਪੱਛਮੀ ਅਤੇ ਭਾਰਤੀ ਵਿਦਵਾਨਾਂ ਨਾਲੋਂ ਵਿਭਿੰਨ ਪਰਿਭਾਸ਼ਾਵਾਂ ਦੇ ਆਧਾਰ ਤੇ ਸੁਹਜ-ਸ਼ਾਸਤਰ ਸੰਬੰਧੀ ਕਈ ਵਿਚਾਰ ਉੱਭਰ ਕੇ ਮੂਲ ਰੂਪ ਵਿਚ ਸਾਹਮਣੇ ਆਉਂਦੇ ਹਨ। ਮੂਲ ਰੂਪ ਵਿਚ ਸੁਹਜ-ਸ਼ਾਸਤਰ ਦਾ ਵਿਸ਼ਾ ਉਸ ਵਿਆਪਕ ਸੁਹਜ ਦੀ ਵਿਆਖਿਆ ਹੈ ਜੋ ਪ੍ਰਕਿਰਤੀ, ਮਾਨਵੀ

ਜੀਵਨ ਤੇ ਕਲਾ ਵਿਚ ਵਿਦਮਾਨ ਹੈ। ਸੁਹਜ-ਸ਼ਾਸਤਰ ਮੂਲ ਰੂਪ ਵਿਚ ਇਕ ਸੁਤੰਤਰ ਤੇ ਵੱਖਰਾ ਸ਼ਾਸਤਰ ਹੈ ਅਤੇ ਇਹ ਵਿਆਪਕ ਰੂਪ ਵਿਚ ਸੁਹਜ ਦਾ ਸ਼ਾਸਤਰ ਹੈ। ਇਸ ਪ੍ਰਕਾਰ ਸੁਹਜ-ਸ਼ਾਸਤਰ ਦਾ ਸੰਬੰਧ ਕਲਾਤਮਕ ਜਗਤ ਤੋਂ ਇਲਾਵਾ ਪ੍ਰਕ੍ਰਿਤਿਕ ਜਗਤ ਤੇ ਮਾਨਵੀ ਜੀਵਨ ਵਿਚਲੇ ਵਿਭਿੰਨ ਸੁਹਜ ਨਿਰੂਪਣਾਂ ਨਾਲ ਹੈ। ਜਿਸ ਕਰਕੇ ਇਹ ਇਕ ਵਿਸ਼ਾਲ ਤੇ ਵਿਵਿਧ ਪ੍ਰਕਿਰਤੀ ਵਾਲਾ ਅਨੁਸ਼ਾਸਨ ਹੋ ਨਿਬੜਦਾ ਹੈ। ਇਸਦੇ ਵਿਭਾਗਾਂ, ਉਪਵਿਭਾਗਾਂ ਵਿਚ ਕਲਾ ਦੇ ਸਿਧਾਂਤਕ ਅਧਿਐਨ ਦਾ ਵਿਭਾਗ ਵੀ ਸ਼ਾਮਿਲ ਹੈ, ਕਲਾ ਨਾਲ ਸੰਬੰਧਿਤ ਮਾਨਵ-ਵਿਉਹਾਰ ਦਾ ਵਿਭਾਗ ਵੀ। ਡਾ. ਯੋਗਰਾਜ ਅਨੁਸਾਰ:

> ਸੁਹਜ-ਸ਼ਾਸਤਰ ਅਜਿਹਾ ਵਿਗਿਆਨ ਹੈ ਜਿਹੜਾ ਸੁਹਜ ਦੇ ਸਿਰਜਣਾਤਮਕ ਆਧਾਰਾਂ ਅਤੇ ਸੁਹਜ ਦੇ ਵੱਖੋ-ਵੱਖਰੇ ਰੂਪਾਂ ਦਾ ਅਧਿਐਨ ਕਰਦਾ ਹੈ। ਸੁਹਜ ਦੇ ਇਹ ਵੱਖੋ-ਵੱਖਰੇ ਰੂਪ ਕੇਵਲ ਸਾਹਿਤ, ਸੰਗੀਤ, ਚਿੱਤਰਕਾਰੀ ਅਤੇ ਬੁੱਤ ਕਲਾ ਤਕ ਸੀਮਿਤ ਨਹੀਂ ਸਗੋਂ ਮਨੁੱਖ ਦੀ ਉਹ ਹਰ ਸਿਰਜਣਾ, ਸੁਹਜ ਦਾ ਹਿੱਸਾ ਹੈ ਜਿਹੜੀ ਮਨੁੱਖ ਨੂੰ ਸੁਹਜ ਪ੍ਰਦਾਨ ਕਰਦੀ ਹੈ।[53]

ਉਪਰੋਕਤ ਚਰਚਾ ਦੀ ਸਮਾਪਤੀ ਵੱਲ ਆਉਂਦਿਆਂ ਅਸੀਂ ਕਹਿ ਸਕਦੇ ਹਾਂ ਕਿ ਸੁਹਜ-ਸ਼ਾਸਤਰ ਇਕ ਕਲਾਤਮਕੀ ਮਾਨਵੀ ਸਿਰਜਣਾ ਹੋਣ ਦੇ ਨਾਲ ਨਾਲ ਇਕ ਜੀਵਨ ਦ੍ਰਿਸ਼ਟੀ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ, ਜੋ ਜੀਵਨ ਜਗਤ ਅਤੇ ਕਲਾ ਪ੍ਰਤੀ ਇਕ ਇਕਾਗਰ ਸੰਵੇਦਨ ਵਿਧੀ ਨੂੰ ਚਿਹਨਿਤ ਕਰਦੀ ਹੈ। ਸੁਹਜ-ਸ਼ਾਸਤਰ ਕਲਾ ਸੰਬੰਧੀ ਇਕ ਅਜਿਹੀ ਦ੍ਰਿਸ਼ਟੀ ਹੈ, ਜੋ ਕਲਾ ਦੀ ਵਾਸਤਵਿਕ ਪ੍ਰਕ੍ਰਿਤੀ ਦੀ ਪਛਾਣ ਕਾਇਮ ਕਰਨ ਦੀ ਲਗਨ ਨੂੰ ਸਮਰਪਿਤ ਹੈ। ਸੁਹਜ-ਸ਼ਾਸਤਰ ਸੰਬੰਧੀ ਪਰਿਭਾਸ਼ਾ ਅਤੇ ਵਿਚਾਰਧਾਰਾਵਾਂ ਇਤਿਹਾਸਕ ਸੰਦਰਭਾਂ ਦੇ ਅਨੁਕੂਲ ਬਦਲਦੇ ਰਹੇ ਹਨ। ਪਰ ਸਾਰੇ ਮਤਾਂ ਵਿਚ ਇਸ ਪੱਖ ਤੋਂ ਇਹ ਸਾਂਝ ਪਛਾਣੀ ਜਾ ਸਕਦੀ ਹੈ ਕਿ ਸੁਹਜ ਦਾ ਸੰਬੰਧ ਸਾਡੀਆਂ ਇੰਦਿਰਿਆਵੀ ਸੰਵੇਦਨਾਵਾਂ ਦੇ ਨਾਲ ਜੁੜਦਾ ਹੈ। ਸੁਹਜ-ਸ਼ਾਸਤਰ ਦਾ ਵਿਸ਼ਾ ਉਸ ਵਿਆਪਕ ਸੁਹਜ ਦੀ ਵਿਆਖਿਆ ਹੈ ਜੋ ਪ੍ਰਕਿਰਤੀ, ਮਾਨਵ-ਜੀਵਨ ਅਤੇ ਕਲਾ ਵਿਚ ਵਿਦਮਾਨ ਹੈ ਅਤੇ ਇਹ ਮੂਲ ਰੂਪ ਵਿਚ ਸੁਤੰਤਰ ਅਤੇ ਵੱਖਰਾ ਸ਼ਾਸਤਰ ਹੈ। ਆਧੁਨਿਕ ਸਮੇਂ ਵਿਚ ਸੁਹਜ-ਸ਼ਾਸਤਰ ਦਾ ਖੇਤਰ ਵਧੇਰੇ ਵਿਸ਼ਾਲ ਹੁੰਦਾ ਜਾ ਰਿਹਾ ਹੈ ਜਿਹੜਾ ਕਿ ਸੰਸਕ੍ਰਿਤਿਕ ਵਿਕਾਸ ਦਾ ਸਿੱਟਾ ਹੈ। ਗਿਆਨ-ਵਿਗਿਆਨ ਦੇ ਵਿਭਿੰਨ ਅਨੁਸ਼ਾਸਨਾਂ ਵਿਚ ਅਜੋਕੇ ਵਿਕਾਸ ਨੇ ਚਿੰਤਨ ਦੇ ਹਰ ਖੇਤਰ ਵਿਚ ਬੁਨਿਆਦੀ ਪਰਿਵਰਤਨ ਲਿਆਂਦੇ ਹਨ। ਵੱਖ-ਵੱਖ ਗਿਆਨ ਖੇਤਰਾਂ ਵਿਚਲੀਆਂ ਪ੍ਰਾਪਤੀਆਂ ਦੇ ਪ੍ਰਭਾਵਾਂ ਨੇ ਸੂਖਮ ਕਲਾਵਾਂ ਦੀਆਂ ਅਧਿਐਨ ਵਿਧੀਆਂ ਵਿਚ ਬਹੁਤ ਸਾਰੇ ਨਵੇਂ ਦ੍ਰਿਸ਼ਟੀਕੋਣਾਂ ਅਤੇ ਪ੍ਰਣਾਲੀਆਂ ਨੂੰ ਜਨਮ ਦਿੱਤਾ ਹੈ।[54]

## (ਅ) ਸੁਹਜ-ਸ਼ਾਸਤਰ ਅਤੇ ਕਾਵਿ-ਸ਼ਾਸਤਰ

ਸਾਹਿਤ ਅਧਿਐਨ ਦੇ ਪਰਿਪੇਖ ਵਿਚ ਕਾਵਿ-ਸ਼ਾਸਤਰ ਦੀ ਪਰੰਪਰਾ ਬਹੁਤ ਪੁਰਾਣੀ ਹੈ। ਇਹ ਮੂਲ ਰੂਪ ਵਿਚ ਕਾਵਿ ਸੰਬੰਧੀ ਸਿਧਾਂਤ ਚਿੰਤਨ ਦੇ ਸਿੱਟੇ ਵਜੋਂ ਹੋਂਦ ਵਿਚ ਆਇਆ ਅਨੁਸ਼ਾਸਨ ਹੈ। ਪਰੰਪਰਕ ਤੌਰ 'ਤੇ ਇਹ ਕਾਵਿ-ਕਲਾ ਜਾਂ ਸਾਹਿਤ ਦੀ ਸਮਾਨ ਪ੍ਰਕਿਰਤੀ, ਉਸਦੀ ਸਿਰਜਣ ਪ੍ਰਕਿਰਿਆ ਅਤੇ ਰਚਨਾ ਸੰਰਚਨਾ ਦਾ ਸਿਧਾਂਤ ਵਿਵੇਚਨ ਕਰਨ ਵਾਲਾ ਗਿਆਨ ਅਨੁਸ਼ਾਸਨ ਹੈ।[55] ਇਸਦੇ ਨਾਲ ਹੀ ਇਹ ਸਾਹਿਤ ਦੀਆਂ ਵਿਭਿੰਨ ਪ੍ਰਵਿਰਤੀਆਂ ਅਤੇ ਵਿਧਾਵਾਂ ਦੇ ਸਿਧਾਂਤੀਕਰਣ ਨਾਲ ਵੀ ਸੰਬੰਧਿਤ ਰਿਹਾ ਹੈ। ਪਰ ਵਿਸ਼ਵ ਚਿੰਤਨ ਦੇ ਵਰਤਮਾਨ ਪ੍ਰਸੰਗ ਵਿਚ ਕਾਵਿ-ਸ਼ਾਸਤਰ ਦਾ ਇਹ ਸੰਕਲਪ ਵਿਆਪਕ ਅਰਥ ਗ੍ਰਹਿਣ ਕਰ ਗਿਆ ਹੈ। ਇਹ ਸਾਹਿਤਕ ਰਚਨਾਵਾਂ ਦੇ ਨਾਲ ਨਾਲ ਸਭਿਆਚਾਰਕ ਸਿਰਜਣਾਵਾਂ ਦੇ ਅੰਤਰੀਵ ਸੰਗਠਨ ਵਿਚ ਕਾਰਜਸ਼ੀਲ ਨੇਮ-ਪ੍ਰਬੰਧਾਂ ਦੀ ਤਲਾਸ਼ ਨਾਲ ਵੀ ਸੰਬੰਧਿਤ ਹੋ ਗਿਆ ਹੈ। ਇਸ ਕਾਰਨ ਹੀ ਅੱਜ ਮਾਨਵ-ਸਿਰਜਿਤ ਵਰਤਾਰੇ ਜਾਂ ਵਿਹਾਰ ਦੇ ਸੰਗਠਨਕਾਰੀ ਨੇਮਾਂ ਦੀ ਤਲਾਸ਼ ਨੂੰ ਉਸਦਾ ਕਾਵਿ-ਸ਼ਾਸਤਰ ਆਖ ਲਿਆ ਜਾਂਦਾ ਹੈ। ਪ੍ਰੋ. ਤਰਲੋਕ ਸਿੰਘ ਕੰਵਰ ਕਾਵਿ-ਸ਼ਾਸਤਰ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਵਿਅਕਤ ਕਰਦੇ ਹਨ:

> ਕਾਵਿ-ਸ਼ਾਸਤਰ ਕਾਵਿ ਤਥਾ ਸਾਹਿਤ ਦਾ ਅਧਿਐਨ ਕਰਦਾ ਹੈ ਅਤੇ ਇਸ ਅਧਿਐਨ ਦੇ ਆਧਾਰ ਤੇ ਸਾਹਿਤ ਨੂੰ ਪੜ੍ਹਨ ਦੇ ਨੇਮ ਸਿਧਾਂਤ ਬਣਾਉਂਦਾ ਹੈ। ਇਸ ਤੋਂ ਇਹ ਗੱਲ ਨਿੱਡਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਦਾ ਸੰਬੰਧ ਕਾਵਿ ਜਾਂ ਸਾਹਿਤ ਦੀ ਪ੍ਰਕ੍ਰਿਤੀ ਨਾਲ ਨਹੀਂ ਸਗੋਂ ਕਾਵਿ ਜਾਂ ਸਾਹਿਤ ਦੀ ਪ੍ਰਕ੍ਰਿਤੀ ਨੂੰ ਸਮਝਣ ਨਾਲ ਹੈ। ਕਾਵਿ ਨੂੰ ਸਮਝਣ ਸਮਝਾਉਣ ਵਾਲੀ ਅਧਿਐਨ ਪ੍ਰਕਿਰਿਆ ਬਹੁਤ ਪੁਰਾਣੀ ਹੈ। ਇਸ ਦਾ ਜਨਮ ਉਦੋਂ ਹੀ ਸ਼ੁਰੂ ਹੋ ਜਾਂਦਾ ਹੈ ਜਦੋਂ ਕਾਵਿ ਇਕ ਪਛਾਣਨਯੋਗ ਪਰੰਪਰਾ ਦਾ ਰੂਪ ਧਾਰ ਲੈਂਦਾ ਹੈ।[56]

ਡਾ. ਸੁਖਦੇਵ ਸਿੰਘ ਅਨੁਸਾਰ:

> ਹਰ ਯੁੱਗ ਦਾ ਕਾਵਿ-ਸ਼ਾਸਤਰੀ ਚਿੰਤਨ ਉਸ ਇਤਿਹਾਸਕ ਪ੍ਰਸੰਗ ਵਿਚ ਵਿਦਮਾਨ ਵਿਚਾਰਧਾਰਕ ਦਵੰਦ ਨੂੰ ਅਤਿ ਸੂਖਮ ਰੂਪ ਵਿਚ ਪ੍ਰਗਟ ਕਰਦਾ ਹੈ। ਸਮਾਜ ਦੇ ਪੈਦਾਵਾਰੀ ਰਿਸ਼ਤਿਆਂ ਅਤੇ ਉਹਨਾਂ ਦੇ ਫਲਸਰੂਪ ਜੀਵਨ ਕੀਮਤਾਂ ਵਿਚ ਵਾਪਰਦੇ ਪਰਿਵਰਤਨਾਂ ਦੇ ਨਾਲ ਨਾਲ ਕਾਵਿ-ਸ਼ਾਸਤਰੀ ਚਿੰਤਨ ਦੇ ਮਾਪਦੰਡ ਵੀ ਨਿਰੰਤਰ ਬਦਲਦੇ ਰਹੇ ਹਨ।[57]

ਰੂਸੀ ਭਾਸ਼ਾ-ਵਿਗਿਆਨੀ ਜ਼ਿਰਮੁਸੰਕੀ ਦੇ ਸ਼ਬਦਾਂ ਵਿਚ:

> ਕਾਵਿ-ਸ਼ਾਸਤਰ ਇਕ ਵਿਗਿਆਨ ਹੈ ਜਿਹੜਾ ਕਵਿਤਾ ਨੂੰ ਕਲਾ ਵਜੋਂ ਘੋਖਦਾ ਹੈ। ਜੇਕਰ ਕੋਈ ਇਸ ਵਿਹਾਰ ਨੂੰ ਮੰਨ ਲੈਂਦਾ ਹੈ, ਲੰਬੀ ਰਵਾਇਤ ਦੁਆਰਾ ਸ਼ੁੱਧ ਹੋਇਆ ਹੁੰਦਾ ਹੈ। ਕੋਈ ਦਾਅਵਾ ਕਰ ਸਕਦਾ ਹੈ ਕਿ ਮੌਜੂਦਾ ਸਾਲਾਂ ਵਿਚ ਸਾਹਿਤ ਦਾ ਵਿਗਿਆਨ ਕਾਵਿ-ਸ਼ਾਸਤਰ ਦੀ ਵਿਚਾਰਧਾਰਾ ਅਧੀਨ ਹੀ ਵਿਕਸਿਤ ਹੋ ਚੁੱਕਾ ਹੈ।[58]

ਕਾਵਿ-ਸ਼ਾਸਤਰੀ ਅਧਿਐਨ ਦਾ ਕੇਂਦਰੀ ਨੁਕਤਾ ਸਾਹਿਤ ਦੀ ਹੋਂਦ-ਵਿਧੀ ਦੀ ਵਿਲੱਖਣਤਾ ਦੀ ਨਿਸ਼ਾਨਦੇਹੀ ਕਰਨਾ ਹੈ। ਕਾਵਿ-ਸ਼ਾਸਤਰ ਸਾਹਿਤ ਦੇ ਸਮਾਨਯ (General) ਨੇਮਾਂ, ਭਾਸ਼ਾਈ ਤੇ ਰੂਪਕ ਜੁਗਤਾਂ ਦੇ ਵਿਸ਼ਲੇਸ਼ਣ ਦੁਆਰਾ ਸਾਹਿਤ ਦੀ ਸਾਹਿਤਕਤਾ ਦਾ ਨਿਖੇੜਾ ਕਰਦਾ ਹੈ। ਸਾਹਿਤ ਦੂਜੇ ਭਾਸ਼ਾਈ ਪ੍ਰਵਚਨਾਂ ਨਾਲੋਂ ਕਿਸ ਗੱਲੋ ਵੱਖਰਾ ਹੈ? ਇਹ ਪ੍ਰਸ਼ਨ ਕਾਵਿ-ਸ਼ਾਸਤਰ ਦਾ ਕੇਂਦਰੀ ਸੂਤਰ ਹੈ। ਪਰੰਪਰਕ ਅਰਥਾਂ ਵਿਚ ਕਾਵਿ-ਸ਼ਾਸਤਰ, ਕਾਵਿ ਦਾ ਇਕ ਸੁਨਿਯਮਤ ਸਿਧਾਂਤ ਹੈ। ਇਹ ਕਾਵਿ, ਉਸਦੀਆਂ ਵਿਭਿੰਨ ਸ਼ਾਖਾਵਾਂ, ਉਪ-ਸ਼ਾਖਾਵਾਂ, ਕਾਵਿ ਰੂਪਾਂ ਅਤੇ ਤਕਨੀਕੀ ਜੁਗਤਾਂ ਨੂੰ ਪਰਿਭਾਸ਼ਿਤ ਕਰਦਾ ਹੈ ਅਤੇ ਉਹਨਾਂ ਮੂਲ ਸਿਧਾਂਤਾਂ ਦੀ ਵਿਆਖਿਆ ਕਰਦਾ ਹੈ, ਜੋ ਕਾਵਿ ਦੀ 'ਕਾਵਿਕਤਾ' ਨੂੰ ਨਿਰਧਾਰਤ ਕਰਦੇ ਹੋਏ ਇਸ ਨੂੰ ਦੂਜੀਆਂ ਰਚਨਾਤਮਕ ਕਿਰਿਆਵਾਂ ਤੋਂ ਨਿਖੇੜਦੇ ਹਨ।[59]

ਪ੍ਰਾਚੀਨ ਭਾਰਤੀ ਅਤੇ ਯੂਨਾਨੀ ਦਾਰਸ਼ਨਿਕਾਂ ਤੋਂ ਲੈ ਕੇ ਅਜੋਕੇ ਦੌਰ ਦੇ ਆਧੁਨਿਕ/ਉੱਤਰ ਆਧੁਨਿਕ ਸਾਹਿਤ ਚਿੰਤਕਾਂ ਨੇ ਆਪੋ-ਆਪਣੇ ਕਾਵਿਕ ਪ੍ਰਵਚਨ ਦੀ ਰਚਨਾ-ਸੰਰਚਨਾ, ਪ੍ਰਕਿਰਤੀ ਅਤੇ ਪ੍ਰਕਾਰਜ ਬਾਰੇ ਭਰਪੂਰ ਸਿਧਾਂਤ ਚਿੰਤਨ ਕੀਤਾ ਹੈ। ਜਿਸਦੇ ਸਿੱਟੇ ਵਜੋਂ ਕਾਵਿ-ਸ਼ਾਸਤਰ ਦਾ ਸੰਕਲਪ ਅਤੇ ਸਰੂਪ ਵੀ ਨਿਰੰਤਰ ਪਰਿਭਾਸ਼ਿਤ ਅਤੇ ਪੁਨਰ ਪਰਿਭਾਸ਼ਿਤ ਹੁੰਦਾ ਰਿਹਾ ਹੈ। ਕਾਵਿ-ਸ਼ਾਸਤਰੀ ਚਿੰਤਨ ਦੇ ਇਸ ਬਦਲਦੇ ਪਰਿਪੇਖ ਵਿਚ ਕਾਵਿ ਰਚਨਾ ਦੇ ਅਧਿਐਨ ਸਰੋਕਾਰ ਵੀ ਤਬਦੀਲ ਹੁੰਦੇ ਰਹੇ ਹਨ ਅਤੇ ਸਮੀਖਿਆ ਵਿਧੀ ਵਿਚ ਵੀ ਪਰਿਵਰਤਨ ਵਾਪਰਦਾ ਰਿਹਾ ਹੈ।

ਕਾਵਿ ਅਤੇ ਸ਼ਾਸਤਰ ਦੋ ਅਲੱਗ ਅਲੱਗ ਸੰਕਲਪ ਹਨ, ਜੋ ਆਪਣੇ-ਆਪਣੇ ਸੁਤੰਤਰ ਅਰਥ ਵੀ ਰੱਖਦੇ ਹਨ ਅਤੇ ਇਕ ਜੁੱਟ ਵਜੋਂ ਸਾਹਿਤ ਦੀ ਸਿਰਜਣਾ ਦੇ ਨੇਮ ਪ੍ਰਬੰਧ ਨੂੰ ਸਮਝਣ ਸਮਝਾਉਣ ਲਈ ਵੀ ਵਰਤੇ ਜਾਂਦੇ ਹਨ। ਕਾਵਿ ਦਾ ਸਿੱਧਾ ਸੰਬੰਧ ਸਿਰਜਨਾਤਮਕ ਸਾਹਿਤ ਨਾਲ ਹੈ ਅਤੇ ਸ਼ਾਸਤਰ ਦਾ ਸਾਹਿਤ ਦੇ ਸੰਗਠਨਕਾਰੀ ਨੇਮਾਂ ਨਾਲ। ਰਚਨਾ ਦੇ ਸਮੂਰਤ ਪੱਖ ਤੋਂ ਅਮੂਰਤ ਪੱਖ ਤੱਕ ਪਹੁੰਚਣਾ,

ਰੂਪਾਕਾਰ ਦੀ ਹੋਂਦ ਵਿਧੀ ਦੇ ਅਧਾਰ ਨਿਸ਼ਚਿਤ ਕਰਕੇ ਕਾਵਿ ਦੇ ਪ੍ਰਯੋਜਨ ਨੂੰ ਤਲਾਸ਼ਣਾ ਅਤੇ ਸਿਰਜਣ ਪ੍ਰਕਿਰਿਆ ਦੇ ਗੂੜ੍ਹ, ਰਹੱਸਾਂ ਦੀ ਨਿਸ਼ਾਨਦੇਹੀ ਕਰਨਾ ਹੀ ਸਾਹਿਤ ਦਾ ਕਾਵਿ-ਸ਼ਾਸਤਰੀ ਪਰਿਪੇਖ ਅਖਵਾਉਂਦਾ ਹੈ। ਕਾਵਿ-ਸ਼ਾਸਤਰੀ ਅਧਿਐਨ ਦਾ ਕੇਂਦਰੀ ਨੁਕਤਾ ਸਾਹਿਤ ਦੀ ਹੋਂਦ ਵਿਧੀ ਦੀ ਵਿਲੱਖਣਤਾ ਦੀ ਨਿਸ਼ਾਨਦੇਹੀ ਕਰਨਾ ਹੈ। ਕਾਵਿ-ਸ਼ਾਸਤਰ, ਸਾਹਿਤ ਦੇ ਸਧਾਰਨ ਨੇਮਾਂ, ਭਾਸ਼ਾਈ ਤੇ ਰੂਪਕ ਜੁਗਤਾਂ ਦੇ ਵਿਸ਼ਲੇਸ਼ਣ ਦੁਆਰਾ ਸਾਹਿਤ ਦੀ ਸਾਹਿਤਕਤਾ ਦਾ ਨਿਖੇੜਾ ਕਰਦਾ ਹੈ। ਹਰ ਯੁੱਗ ਦਾ ਕਾਵਿ-ਸ਼ਾਸਤਰੀ ਤੇ ਸੁਹਜ-ਸ਼ਾਸਤਰੀ ਚਿੰਤਨ ਉਸ ਯੁੱਗ ਦੇ ਇਤਿਹਾਸਕ, ਸਮਾਜਿਕ ਅਨੁਭਵ ਸਾਰ ਅਤੇ ਉਸ ਦੀਆਂ ਦਾਰਸ਼ਨਿਕ ਪਰੰਪਰਾਵਾਂ ਉੱਪਰ ਕੇਵਲ ਨਿਰਭਰ ਹੀ ਨਹੀਂ ਕਰਦਾ ਸਗੋਂ ਉਨ੍ਹਾਂ ਨੂੰ ਮੋੜਵੇਂ ਰੂਪ ਵਿਚ ਪ੍ਰਭਾਵਿਤ ਵੀ ਕਰਦਾ ਹੈ। ਮਨੁੱਖੀ ਸਮਾਜ ਦੀਆਂ ਸਮਾਜਕ ਪ੍ਰਸਥਿਤੀਆਂ ਅਤੇ ਪੈਦਾਵਾਰੀ ਰਿਸ਼ਤਿਆਂ ਵਿਚ ਪਰਿਵਰਤਨ ਨਾਲ ਜਿਵੇਂ ਜਿਵੇਂ ਜੀਵਨ ਕੀਮਤਾਂ ਵਿਚ ਤਬਦੀਲੀ ਆਉਂਦੀ ਰਹੀ ਹੈ, ਉਸੇ ਤਰ੍ਹਾਂ ਕਾਵਿ-ਸ਼ਾਸਤਰੀ ਚਿੰਤਨ ਵਿਚ ਵੀ ਪਰਿਵਰਤਨ ਆਉਂਦੇ ਰਹੇ ਹਨ।

ਸੁਹਜ, ਸੁਹਜ-ਸ਼ਾਸਤਰ ਤੇ ਕਾਵਿ-ਸ਼ਾਸਤਰ ਬਾਰੇ ਵੱਖ-ਵੱਖ ਵਿਦਵਾਨਾਂ ਨੇ ਵਿਭਿੰਨ ਪ੍ਰਣਾਲੀਆਂ ਰਾਹੀਂ ਵੱਖ-ਵੱਖ ਕਾਵਿ-ਸ਼ਾਸਤਰੀ ਪਹਿਲੂਆਂ ਨੂੰ ਪੇਸ਼ ਕੀਤਾ ਹੈ, ਜਿਨ੍ਹਾਂ ਵਿਚ ਭਾਰਤੀ ਕਾਵਿ-ਸ਼ਾਸਤਰ ਅਤੇ ਪੱਛਮੀ ਕਾਵਿ-ਸ਼ਾਸਤਰ ਦੇ ਸੰਕਲਪ ਪ੍ਰਮੁੱਖ ਹਨ। ਕਾਵਿ-ਸ਼ਾਸਤਰ ਦੇ ਅੰਤਰਗਤ ਯੂਨਾਨੀ ਅਤੇ ਭਾਰਤੀ ਚਿੰਤਕਾਂ ਨੇ ਸੁਹਜ-ਸ਼ਾਸਤਰ ਸੰਬੰਧੀ ਵਿਸਥਾਰ ਸਹਿਤ ਚਰਚਾ ਕੀਤੀ।

ਭਾਰਤੀ ਅਤੇ ਪੱਛਮੀ ਕਾਵਿ-ਸ਼ਾਸਤਰ ਦੀ ਇਕ ਲੰਬੀ ਅਮੀਰ ਅਤੇ ਪ੍ਰਭਾਵਸ਼ਾਲੀ ਪਰੰਪਰਾ ਹੈ। ਅਜੋਕਾ ਪੱਛਮੀ ਸਾਹਿਤ ਅਤੇ ਕਾਵਿ-ਸ਼ਾਸਤਰੀ ਚਿੰਤਨ ਯੂਨਾਨੀ ਚਿੰਤਨ ਪਰੰਪਰਾ ਦਾ ਹੀ ਵਿਸਤਾਰ ਹੈ। ਪੱਛਮੀ ਕਾਵਿ-ਸ਼ਾਸਤਰ ਨੇ 'ਦੈਵੀ ਸੰਵੇਦਨਾ' ਸ਼ਾਸਤਰ ਤੋਂ ਲੈ ਕੇ 'ਵਿਰਚਨਾ' ਸਿਧਾਂਤ ਤੱਕ ਦਾ ਲੰਮਾ ਸਫ਼ਰ ਤਹਿ ਕੀਤਾ ਹੈ। ਪੱਛਮੀ ਕਾਵਿ-ਸ਼ਾਸਤਰ ਵਿਚ ਸ਼ੁਰੂ ਤੋਂ ਹੀ ਕਾਵਿ ਦੀ ਹੋਂਦ ਬਾਰੇ ਦੋ ਤਰ੍ਹਾਂ ਦੀਆਂ ਧਾਰਨਾਵਾਂ ਪ੍ਰਚਲਤ ਰਹੀਆਂ ਹਨ। ਇਕ ਵਿਚਾਰ ਕਾਵਿ ਜਾਂ ਸਾਹਿਤ ਦੀ ਹੋਂਦ ਨੂੰ ਦੈਵੀ ਪ੍ਰੇਰਣਾ ਨਾਲ ਜੋੜਦਾ ਰਿਹਾ ਹੈ ਅਤੇ ਦੂਜਾ ਸਾਹਿਤ ਦੀ ਸਮਾਜਿਕ ਸਾਂਸਕ੍ਰਿਤਕ ਹੋਂਦ ਉੱਪਰ ਬਲ ਦਿੰਦਾ ਹੈ।

ਪੱਛਮ ਦੇ ਸਨਾਤਨੀ ਚਿੰਤਕਾਂ ਵਿਚ ਪਲੈਟੋ, ਅਰਸਤੂ, ਹੋਰੇਜ, ਲੋਨਜਾਈਨਸ, ਪਲਾਟੀਨਸ, ਸੇਂਟ ਅਗਸਟਾਈਨ, ਸੇਂਟ ਅਕਵਿਨਸ, ਸਿਸਰੋ, ਦੇਮੇਤਰੀਅਨ, ਦਿਉਨੀਸੀਅਸ ਅਤੇ ਕਵਿੰਟੀਲੀਅਨ ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਹਨਾਂ ਚਿੰਤਕਾਂ ਵਿਚੋਂ ਪਲੈਟੋ, ਅਰਸਤੂ ਅਤੇ ਲੋਨਜਾਈਨਸ ਮੌਲਿਕ ਚਿੰਤਨ ਦੇ ਹਾਮੀ ਹਨ। ਕਲਾ ਸੰਬੰਧੀ ਪੱਛਮ ਦੀ ਪ੍ਰਾਚੀਨ ਚਿੰਤਨ ਪਰੰਪਰਾ ਵਿਚ ਅਰਸਤੂ ਦਾ ਨਾਂ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ ਅਰਥਾਤ ਅਰਸਤੂ ਪੱਛਮੀ ਕਾਵਿ-ਸ਼ਾਸਤਰ ਅਥਵਾ ਸੁਹਜ-ਸ਼ਾਸਤਰ ਦਾ ਗੌਰਵਸ਼ਾਲੀ ਚਿੰਤਕ ਹੈ। ਅਰਸਤੂ ਨੇ ਆਪਣੇ ਗ੍ਰੰਥ ਕਾਵਿ-ਸ਼ਾਸਤਰ ਵਿਚ ਅਨੁਕਰਣ (Imitation) ਅਤੇ ਵਿਰੇਚਨ (catharsis) ਦੇ ਸਿਧਾਂਤ ਰਾਹੀਂ ਸੁਹਜ ਦੇ ਸਿਰਜਣਾਤਮਕ ਆਧਾਰਾਂ ਵੱਲ ਸੰਕੇਤ ਕੀਤਾ। ਉਸਨੇ ਪਹਿਲੀ ਪੱਧਰ ਉੱਤੇ ਪਲੈਟੋ ਦੁਆਰਾ ਕਲਾ ਉੱਤੇ ਲਾਏ ਗਏ ਦੋਸ਼ਾਂ ਦਾ ਨਕਾਰਣ ਕੀਤਾ। ਪਲੈਟੋ ਨੇ ਕਲਾ ਨੂੰ ਪ੍ਰਕਿਰਤੀ ਦੀ ਨਕਲ ਕਿਹਾ ਸੀ। ਅਰਸਤੂ ਨੇ ਇਸ ਮਤ ਦੇ ਪ੍ਰਤੀਕਰਮ ਵਿਚ ਆਪਣਾ ਮਤ ਪੇਸ਼ ਕਰਦੇ ਹੋਏ ਕਿਹਾ ਕਿ ਕਲਾ ਪ੍ਰਕਿਰਤੀ ਦੀ ਪ੍ਰਤਿਕ੍ਰਿਤੀ ਨਹੀਂ ਬਲਕਿ ਪ੍ਰਕਿਰਤੀ ਦੀ ਅਨੁਕ੍ਰਿਤੀ ਹੈ। ਉਸਨੇ ਕਿਹਾ ਕਿ ਕਲਾ ਸਾਡੇ ਮਨ ਅੰਦਰ ਅਸ਼ੁੱਧ ਭਾਵਨਾਵਾਂ ਨੂੰ ਪੈਦਾ ਨਹੀਂ ਕਰਦੀ ਸਗੋਂ ਉਨ੍ਹਾਂ ਦਾ ਵਿਰੇਚਨ (ਕਥਾਰਸਿਸ) ਕਰਦੀ ਹੈ। ਉਸਨੇ ਸੁਹਜ ਦੀ ਤੁਲਨਾ ਸ਼ਿਵ ਨਾਲ ਕੀਤੀ ਜੋ ਸਾਨੂੰ ਮਾਨਸਿਕ ਆਨੰਦ ਤੇ ਆਤਮਕ ਪੱਧਰ ਉੱਤੇ ਆਨੰਦਿਤ ਕਰਦਾ ਹੈ।[60] ਅਰਸਤੂ ਦੇ ਅਨੁਕਰਣ ਅਤੇ ਵਿਰੇਚਨ ਸਿਧਾਂਤਾਂ ਨੇ ਦੂਸਰੇ ਚਿੰਤਕਾਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਪੱਛਮੀ ਕਾਵਿ-ਸ਼ਾਸਤਰ ਤੇ ਸੁਹਜ-ਸ਼ਾਸਤਰ ਦੀਆਂ ਵੱਖ-ਵੱਖ ਚਿੰਤਨ ਧਾਰਨਾਵਾਂ ਨਾਲ ਸੰਬੰਧਿਤ ਚਿੰਤਕਾਂ ਤੇ ਦਾਰਸ਼ਨਿਕਾਂ ਨੇ ਜਿੰਨਾਂ ਪ੍ਰਭਾਵ ਅਰਸਤੂ ਤੋਂ ਗ੍ਰਹਿਣ ਕੀਤਾ ਸ਼ਾਇਦ ਹੀ ਓਨਾਂ ਕਿਸੇ ਹੋਰ ਤੋਂ ਕੀਤਾ ਹੋਵੇਗਾ।

ਭਾਰਤੀ ਕਾਵਿ-ਸ਼ਾਸਤਰ ਵਿਚ ਵੀ ਪੱਛਮੀ ਕਾਵਿ-ਸ਼ਾਸਤਰ ਦੀ ਯੋਗਤਾ ਉੱਭਰਦੀ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਭਰਤਮੁਨੀ ਤੋਂ ਲੈ ਕੇ ਆਚਾਰੀਆ ਜਗਨ ਨਾਥ ਤੱਕ ਛੇ ਸੰਪਰਦਾਵਾਂ ਦੇ ਅੰਤਰਗਤ ਕਾਵਿ ਦੀ ਹੋਂਦ ਵਿਧੀ, ਕਾਵਿ ਹੇਤੂ, ਕਾਵਿ ਪ੍ਰਯੋਜਨ, ਕਾਵਿ ਪ੍ਰਕਾਰਜ, ਕਾਵਿ ਦੀ ਸਿਰਜਣ ਪ੍ਰਕਿਰਿਆ ਅਤੇ ਕਾਵਿ ਦੇ ਵਿਭਿੰਨ ਰੂਪਾਕਾਰਾਂ, ਕਾਵਿ ਭੇਦਾਂ, ਅੰਗਾਂ/ਉਪ-ਅੰਗਾਂ ਬਾਰੇ ਬੜੀ ਵਿਸਤ੍ਰਿਤ ਅਤੇ ਗੰਭੀਰ ਚਰਚਾ ਹੋਈ ਹੈ।

ਇਹਨਾਂ ਸੰਪਰਦਾਵਾਂ ਵਿਚ ਕਾਵਿ ਦੇ ਰੂਪ ਉੱਪਰ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਭਾਰਤੀ ਚਿੰਤਨ ਵਿਚ ਰੂਪ ਨੂੰ ਹੀ ਕਾਵਿ ਦੀ ਆਤਮਾ ਸਵੀਕਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਾਵਿ

ਨੂੰ ਦੈਵੀ ਸਿਰਜਣਾ ਅਤੇ ਸ਼ਿਲਪਗਤ ਘਾੜਤ ਵਜੋਂ ਸਵੀਕਾਰ ਕੀਤਾ ਗਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ ਭਾਰਤੀ ਆਲੋਚਨਾ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਆਲੋਚਨਾ ਕਾਫੀ ਹੱਦ ਤੱਕ ਵਿਗਿਆਨਕ ਹੈ ਅਤੇ ਇਸਦੀਆਂ ਬੁਨਿਆਦਾਂ ਕਾਵਿ ਕਲਾ ਦੇ ਉਨ੍ਹਾਂ ਮੌਲਿਕ ਤੱਤਾਂ ਜਾਂ ਅੰਗਾਂ ਉੱਤੇ ਖੜੀਆਂ ਹਨ, ਜਿਹੜੇ ਹਰ ਯੁੱਗਾਂ ਦੀ ਕਾਵਿ-ਕਲਾ ਦੇ ਅਨਿੱਖੜ ਹਿੱਸੇ ਚਲੇ ਆ ਰਹੇ ਹਨ।[61] ਭਾਰਤੀ ਕਾਵਿ-ਸ਼ਾਸਤਰ ਦਾ ਮੂਲ ਨੁਕਤਾ ਉਹੀ ਹੈ, ਜੋ ਸਮੁੱਚਾ ਪੱਛਮੀ ਭਾਸ਼ਾ ਦਰਸ਼ਨ ਹਲ ਕਰਨ ਵਿਚ ਜੁਟਿਆ ਹੋਇਆ ਹੈ ਸ਼ਬਦ ਅਤੇ ਅਰਥ ਦਾ ਪਰਸਪਰ ਰਿਸ਼ਤਾ। ਭਾਰਤੀ ਕਾਵਿ-ਸ਼ਾਸਤਰ ਦੀ ਵੱਡੀ ਸਥਾਪਨਾ ਸਿਰਜਕ ਅਤੇ ਸੁਹਿਰਦ (ਪਾਠਕ, ਸਰੋਤੇ, ਦਰਸ਼ਕ) ਵਿਚਕਾਰ ਭਾਵਾਤਮਕ ਸੰਚਾਰ ਦੇ ਸੰਬੰਧ ਦੀ ਹੈ। ਸਾਹਿਤਕ ਕਿਰਤ ਦਾ ਸੰਬੰਧ ਚਾਰ ਧਿਰਾਂ ਨਾਲ ਹੁੰਦਾ ਹੈ - ਸਿਰਜਕ, ਪਾਠਕ, ਆਲੋਚਕ ਅਤੇ ਸਾਹਿਤਕ ਪਰੰਪਰਾ। ਸਾਹਿਤ ਸਿਰਜਣਾ ਅਤੇ ਸਾਹਿਤ ਸ਼ਾਸਤਰੀ ਚਿੰਤਨ ਦਾ ਆਰੰਭ ਨਾਲੋਂ ਨਾਲ ਹੁੰਦਾ ਹੈ। ਰਚਨਾ ਲਿਖਣ ਤੋਂ ਪਹਿਲਾਂ ਲੇਖਕ ਦੇ ਸਾਹਮਣੇ ਕੋਈ ਨਾ ਕੋਈ ਸਾਹਿਤਕ ਮਾਡਲ ਹੁੰਦਾ ਹੈ, ਜਿਸ ਨੂੰ ਉਹ ਚੇਤ ਜਾਂ ਅਚੇਤ ਅਪਣਾਉਂਦਾ ਹੈ। ਇਸ ਤਰ੍ਹਾਂ ਕਾਵਿ ਸਿਰਜਣਾ ਦੇ ਨਾਲ ਹੀ ਕਾਵਿ-ਸ਼ਾਸਤਰ ਬਣਨਾ ਸ਼ੁਰੂ ਹੋ ਜਾਂਦਾ ਹੈ।

ਸੁਹਜ-ਸ਼ਾਸਤਰ ਦੇ ਸਰੂਪ ਨੂੰ ਹੋਰ ਵੀ ਵਧੇਰੇ ਸਪੱਸ਼ਟ ਰੂਪ ਵਿਚ ਸਮਝਣ ਲਈ ਸੁਹਜ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਵਿਚਲੇ ਸੰਬੰਧਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਕਾਵਿ-ਸ਼ਾਸਤਰ ਦਾ ਦਾਰਸ਼ਨਿਕ ਪੱਖ ਸੁਹਜ ਨੂੰ ਅਧਿਆਤਮਕ ਅਤੇ ਮਾਨਵੀ ਚਿੰਤਨ ਦੇ ਆਧਾਰ 'ਤੇ ਕਾਵਿ ਦੇ ਸਰੂਪ ਅਤੇ ਉਸਦੇ ਵਿਕਲਪਾਂ ਦੀ ਵਿਆਖਿਆ ਕਰਦਾ ਹੈ। ਸਮੇਂ ਅਤੇ ਸਥਾਨ ਅਨੁਸਾਰ ਕਾਵਿ-ਅਭਿਵਿਅਕਤੀ ਅਧੀਨ ਕੁਝ ਨਾ ਕੁਝ ਬਦਲਾਵ ਆਉਂਦਾ ਰਹਿੰਦਾ ਹੈ। ਪ੍ਰਮੁੱਖ ਤੌਰ ਤੇ ਸੁਹਜ-ਚਿੰਤਨ ਦੇ ਦੋ ਭੇਦ ਸਵੀਕਾਰੇ ਗਏ ਹਨ ਪਹਿਲਾ ਸੁਹਜ ਦੀ ਸਦੀਵਤਾ ਅਤੇ ਸੁਹਜ ਦੀ ਪਰਿਵਰਤਨਸ਼ੀਲਤਾ। ਜੀਵਨ ਦਾ ਸੱਚ ਕਿੱਥੇ ਤੱਕ ਸਦੀਵੀ ਹੈ ਤੇ ਕਿਹੜਾ ਪਰਿਵਰਤਨਸ਼ੀਲ? ਸੁਹਜ ਦੇ ਕਾਵਿ-ਸ਼ਾਸਤਰ ਨੇ ਇਹ ਸਭ ਕੁਝ ਦੇਖਣਾ ਅਤੇ ਨਿਰਧਾਰਤ ਕਰਨਾ ਹੁੰਦਾ ਹੈ।

ਕਾਵਿ-ਸ਼ਾਸਤਰ ਦਾ ਸੁਹਜ-ਸ਼ਾਸਤਰੀ ਪੱਖ ਵੀ ਨਿਸ਼ਚਿਤ ਕੀਤਾ ਗਿਆ ਹੈ, ਜੋ ਜੀਵਨ ਦੇ ਨਾਲ ਨਾਲ ਸੁੰਦਰਤਾ ਅਤੇ ਸੁਹਜ ਦੇ ਮਹੱਤਵ ਨੂੰ ਪੇਸ਼ ਕਰਦਾ ਹੈ। ਸੁਹਜ-ਜੀਵਨ, ਸਾਹਿਤ/ਕਾਵਿ ਅਤੇ ਕਲਾ ਅੰਦਰ ਖਿੱਚ ਦਾ ਕੇਂਦਰ ਹੈ। ਸੁਹਜ ਕਾਲ, ਸਥਾਨ ਅਤੇ ਵਿਅਕਤੀ ਉੱਪਰ ਨਿਰਭਰ ਕਰਦਾ ਹੈ। ਇਹਨਾਂ ਤਿੰਨਾਂ ਨੂੰ ਸੁਹਜ ਦਾ ਪ੍ਰਮੁੱਖ ਅੰਗ ਮੰਨਿਆ ਗਿਆ ਹੈ ਅਤੇ ਇਹਨਾਂ ਵਿਚ ਕਿਰਿਆਵਾਂ

ਕਰਕੇ ਬਦਲਾਅ ਵੀ ਸੰਭਵ ਹੈ। ਪਰ ਜ਼ਿੰਦਗੀ ਦੇ ਸੱਚ ਵਾਂਗ ਸੁਹਜ ਦਾ ਵੀ ਇਕ ਸਰਵਵਿਆਪੀ ਅਤੇ ਸਰਵਕਾਲੀਨ ਪ੍ਰਤੀਮਾਨ ਹੈ, ਜਿਸ ਦੇ ਆਧਾਰ 'ਤੇ ਸੁਹਜ ਦੀਆਂ ਰੁਚੀਆਂ, ਸਮੇਂ, ਸਥਾਨ ਅਤੇ ਵਿਅਕਤੀ ਤੋਂ ਪਾਰ ਚਲੀਆਂ ਜਾਂਦੀਆਂ ਹਨ। ਇਸ ਤਰ੍ਹਾਂ ਕਾਵਿ ਦਾ ਸੁਹਜ-ਸ਼ਾਸਤਰੀ ਕਾਵਿ-ਸ਼ਾਸਤਰ ਕਿਸੇ ਰਚਨਾ ਵਿਚਲੇ ਉਹਨਾਂ ਮੁੱਲਾਂ ਤੇ ਪ੍ਰਤੀਮਾਨਾਂ ਨੂੰ ਲੱਭਣ ਦਾ ਯਤਨ ਕਰਦਾ ਹੈ, ਜਿਹੜੇ ਮਨੁੱਖ ਦੀ ਸੁਹਜ ਸੰਵੇਦਨਾ ਵਿਚ ਪਏ ਹੁੰਦੇ ਹਨ ਅਤੇ ਇਹ ਸੰਵੇਦਨਾ ਹੀ ਕਾਵਿ-ਸਿਰਜਣਾ ਨੂੰ ਸੁਹਜ ਜੁਗਤਾਂ ਰਾਹੀਂ ਸਦੀਵਤਾ ਨਾਲ ਜੋੜਦੀ ਹੈ। ਸੁਹਜ-ਸ਼ਾਸਤਰੀ ਕਾਵਿ-ਸ਼ਾਸਤਰ ਰਚਨਾ ਵਿਚਲੀ ਸੱਚਾਈ ਅਤੇ ਸੁੰਦਰਤਾ ਦੀਆਂ ਧਾਰਨਾਵਾਂ ਨੂੰ ਪਕੜਦਾ ਹੈ। ਸੁਹਜ ਦਾ ਮਨੋਵਿਗਿਆਨਕ ਕਾਵਿ-ਸ਼ਾਸਤਰ ਮਨੁੱਖੀ ਮਾਨਸਿਕਤਾ ਅੰਦਰ ਸੁਹਜ ਦੀਆਂ ਯਥਾਰਥਕ ਰੁਚੀਆਂ ਅਤੇ ਪਸੰਦਾਂ ਦੀਆਂ ਮਾਨਵੀ ਪ੍ਰਕਿਰਤੀ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਇਲਾਵਾ ਸੁਹਜ ਦਾ ਸਮਾਜਿਕ ਕਾਵਿ-ਸ਼ਾਸਤਰ ਜੀਵਨ ਦੇ ਬਾਹਰਮੁਖੀ ਯਥਾਰਥ ਨੂੰ ਮਨੁੱਖ ਦੇ ਸਮਾਜਿਕ ਸੰਸਕਾਰਾਂ ਅਨੁਸਾਰ ਸਮਝਣ ਦਾ ਯਤਨ ਕਰਦਾ ਹੈ ਅਤੇ ਵਿਅਕਤੀ ਦੀਆਂ ਸਮਾਜਿਕ ਅਤੇ ਪਦਾਰਥਕ ਰੁਚੀਆਂ ਨੂੰ ਮਨੁੱਖੀ ਪ੍ਰਬੰਧਾਂ ਦੇ ਅਧੀਨ ਪਰਖਣ ਦੀ ਕੋਸ਼ਿਸ਼ ਕਰਦਾ ਹੈ। ਕਾਵਿ-ਸ਼ਾਸਤਰ ਦਾ ਪ੍ਰਮੁੱਖ ਪ੍ਰਕਾਰਜ ਕਾਵਿ ਸਿਰਜਣਾ ਦੀ ਸੁਹਜਮਈ ਪ੍ਰਤਿਭਾ ਦਾ ਮੁਲਾਂਕਣ ਕਰਨਾ ਹੈ।

ਸੁਹਜ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਵਿਚਲੀ ਭਿੰਨਤਾ ਵੱਲ ਸੰਕੇਤ ਕਰਦਿਆਂ ਜਾਰਜ ਸੰਤਾਇਨਾ (George Santayana) ਦਾ ਮਤ ਹੈ ਕਿ ਕਾਵਿ-ਸ਼ਾਸਤਰੀ ਅਧਿਐਨ ਵਿਚ ਨਿਰਣੈ ਦੀ ਪ੍ਰਧਾਨਤਾ ਹੁੰਦੀ ਹੈ ਜਦੋਂ ਕਿ ਸੁਹਜ-ਸ਼ਾਸਤਰੀ ਅਧਿਐਨ ਪ੍ਰਤੱਖਣ (perception) ਉੱਪਰ ਜ਼ੋਰ ਦਿੰਦਾ ਹੈ।[62] ਸੈਂਟਸਬਰੀ ਨੇ ਵੀ ਕੁਝ ਇਸ ਤਰ੍ਹਾਂ ਦਾ ਮਿਲਦਾ ਜੁਲਦਾ ਮਤ ਪੇਸ਼ ਕੀਤਾ ਹੈ।

ਸੁਹਜ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਵਿਚ ਪਰਸਪਰ ਭਿੰਨਤਾ ਨੂੰ ਸਪੱਸ਼ਟ ਕਰਨ ਲਈ ਕਾਵਿ-ਸ਼ਾਸਤਰ ਦੇ ਖੇਤਰ ਅਤੇ ਸੀਮਾ ਨੂੰ ਸਮਝਣਾ ਜ਼ਰੂਰੀ ਹੈ। ਪੰਜਾਬੀ ਵਿਚ ਜਿਸ ਨੂੰ ਅਸੀਂ ਕਾਵਿ-ਸ਼ਾਸਤਰ ਕਹਿੰਦੇ ਹਾਂ, ਅੰਗਰੇਜ਼ੀ ਵਿਚ ਇਹ Poetics ਦੇ ਨਾਮ ਤੋਂ ਜਾਣਿਆ ਜਾਂਦਾ ਹੈ। Poetics ਦਾ ਕੋਸ਼ਗਤ ਅਰਥ ਨਿਰਣੈ ਕਰਨ ਦੀ ਕਿਰਿਆ, ਗੁਣਾਂ ਦਾ ਵਿਸ਼ਲੇਸ਼ਣ ਅਤੇ ਤੁਲਨਾਤਮਕ ਮਹੱਤਵ ਦਾ ਮੁਲਅੰਕਣ ਸਾਹਿਤਕ ਅਤੇ ਕਲਾਤਮਕ ਰਚਨਾ ਦੀ ਪਰਿਭਾਸ਼ਾ ਅਤੇ ਨਿਰਣੈ ਹੈ। ਕਾਵਿ-ਸ਼ਾਸਤਰ ਆਲੋਚਨਾ ਸ਼ਾਸਤਰ ਦੀ ਇਕ ਅਜਿਹੀ ਸ਼ਾਖਾ ਹੈ ਜਿਹੜੀ ਕਾਵਿ ਦੀ ਪ੍ਰਕਿਰਤੀ ਅਤੇ

ਵਿਧਾਨਾਂ ਨੂੰ ਵਰਣਿਤ ਕਰਦੀ ਹੈ। ਇਹ ਕਲਾ ਕ੍ਰਿਤੀ ਦੇ ਸਪੱਸ਼ਟੀਕਰਨ, ਮੁਲਅੰਕਣ ਅਤੇ ਉਸਦੇ ਪ੍ਰਤੀ ਅਪਣੀ ਪ੍ਰਤਿਕਿਰਿਆਵਾਂ ਨੂੰ ਵੀ ਪ੍ਰਗਟ ਕਰਦੀ ਹੈ। ਸੁਹਜ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਦੇ ਸਰੂਪ ਵਿਚਲੀ ਭਿੰਨਤਾ ਨੂੰ ਸਪੱਸ਼ਟ ਕਰਨ ਦੀ ਦ੍ਰਿਸ਼ਟੀ ਤੋਂ ਭਾਰਤੀ ਆਲੋਚਕਾਂ ਦੀਆਂ ਪ੍ਰਮੁੱਖ ਰੂਪ ਵਿਚ ਦੋ ਸ਼੍ਰੇਣੀਆਂ ਸਾਡੇ ਸਾਹਮਣੇ ਆਉਂਦੀਆਂ ਹਨ। ਇਕ ਸ਼੍ਰੇਣੀ ਉਹ ਹੈ ਜੋ ਸੁਹਜ-ਸ਼ਾਸਤਰ ਨੂੰ ਪੱਛਮੀ ਪਰੰਪਰਾ ਦੀ ਦੇਣ ਨਾ ਮੰਨਦੀ ਹੋਈ ਇਸ ਨੂੰ ਕੋਈ ਨਵੀਂ ਚੀਜ਼ ਨਹੀਂ ਮੰਨਦੀ ਸਗੋਂ ਕਾਵਿ-ਸ਼ਾਸਤਰ ਦੇ ਸਮਾਨਾਰਥਕ ਅਰਥਾਂ ਵਿਚ ਹੀ ਗ੍ਰਹਿਣ ਕਰਦੀ ਹੈ ਪਰ ਕੇ. ਐਸ. ਰਾਮਾਸਵਾਮੀ ਇਸ ਸੰਬੰਧੀ ਆਪਣਾ ਮਤ ਪੇਸ਼ ਕਰਦੇ ਆਪਣੀ ਪੁਸਤਕ ਇੰਡੀਅਨ ਅਸਥੈਟਿਕਸ (Indian Aesthetics) ਵਿਚ ਕਹਿੰਦੇ ਹਨ ਸੁਹਜ-ਸ਼ਾਸਤਰ ਦਾ ਵਿਕਾਸ ਸਿਰਫ਼ ਪੱਛਮੀ ਦੇਸ਼ਾਂ ਵਿਚ ਹੀ ਨਹੀਂ ਹੋਇਆ ਬਲਕਿ ਭਾਰਤ ਵਿਚ ਇਸਦੀ ਪਰੰਪਰਾ ਇਸ ਤੋਂ ਵੀ ਪ੍ਰਾਚੀਨ ਹੈ।[63]

ਆਧੁਨਿਕ ਭਾਰਤੀ ਆਲੋਚਕ ਡਾ. ਨਗੇਂਦਰ ਦਾ ਮਤ ਹੈ ਕਿ ਭਾਰਤੀ ਸੁਹਜ-ਸ਼ਾਸਤਰ ਦਾ ਮੂਲ ਆਧਾਰ ਕਾਵਿ-ਸ਼ਾਸਤਰ ਹੀ ਹੈ।[64] ਡਾ. ਫਤਹਿ ਸਿੰਘ ਸੁਹਜ-ਸ਼ਾਸਤਰ ਦਾ ਆਰੰਭ ਵੇਦਾਂ ਤੋਂ ਸਵੀਕਾਰ ਕਰਦਾ ਹੈ।[65] ਇਸ ਪ੍ਰਕਾਰ ਪਹਿਲੀ ਸ਼੍ਰੇਣੀ ਦੇ ਵਿਦਵਾਨ ਸੁਹਜ-ਸ਼ਾਸਤਰ ਨੂੰ ਕਾਵਿ-ਸ਼ਾਸਤਰ, ਅਲੰਕਾਰ-ਸ਼ਾਸਤਰ ਅਤੇ ਸਾਹਿਤ-ਸ਼ਾਸਤਰ ਆਦਿ ਦਾ ਸਮਾਨਾਰਥੀ ਹੀ ਮੰਨਦੇ ਹਨ। ਇਸ ਤੋਂ ਇਲਾਵਾ ਦੂਸਰੀ ਸ਼੍ਰੇਣੀ ਦੇ ਵਿਦਵਾਨ ਕਾਵਿ-ਸ਼ਾਸਤਰ ਨੂੰ ਸਿਰਫ਼ ਕਾਵਿ ਦੇ ਅਧਿਐਨ ਤਕ ਹੀ ਸੀਮਿਤ ਰਖਦੇ ਹਨ ਅਤੇ ਸੁਹਜ-ਸ਼ਾਸਤਰ ਨੂੰ ਸਾਰੀਆਂ ਲਲਿਤ ਕਲਾਵਾਂ ਦਾ ਸ਼ਾਸਤਰ ਮੰਨਦੇ ਹਨ। ਇਸੇ ਸੰਬੰਧੀ ਭਾਰਤੀ ਵਿਦਵਾਨ ਬਲਦੇਵ ਉਪਾਧਿਆਇ ਦਾ ਮਤ ਹੈ ਕਿ ਸੁਹਜ-ਸ਼ਾਸਤਰ ਦਾ ਸਰੂਪ ਕਾਵਿ-ਸ਼ਾਸਤਰ ਨਾਲੋਂ ਬਿਲਕੁਲ ਭਿੰਨ ਹੈ। ਜਿਥੇ ਕਾਵਿ-ਸ਼ਾਸਤਰ ਸਿਰਫ਼ ਸ਼ਬਦਾਂ ਦੁਆਰਾ ਨਿਰਮਿਤ ਕਾਵਿ ਦਾ ਅਧਿਐਨ ਕਰਦਾ ਹੈ, ਉਥੇ ਸੁਹਜ-ਸ਼ਾਸਤਰ ਲਲਿਤ ਕਲਾਵਾਂ ਜਿਵੇਂ ਸੰਗੀਤ ਕਲਾ, ਚਿੱਤਰ ਕਲਾ, ਮੂਰਤੀ ਕਲਾ ਆਦਿ ਦਾ ਵਿਸਤ੍ਰਿਤ ਅਧਿਐਨ ਕਰਦਾ ਹੈ। ਇਸ ਲਈ ਦੋਵਾਂ ਦੀ ਭਿੰਨਤਾ ਮੰਨਣਯੋਗ ਹੈ।[66] ਸੁਹਜ-ਸ਼ਾਸਤਰ ਕਾਵਿ-ਸ਼ਾਸਤਰ ਦੀ ਤੁਲਨਾ ਵਿਚ ਜ਼ਿਆਦਾ ਵਿਆਪਕ ਹੈ। ਉਸ ਵਿਚ ਸਾਰੀਆਂ ਕਲਾਵਾਂ ਦੇ ਸੂਖਮ ਵਿਵੇਚਨ ਦੀ ਪ੍ਰਧਾਨਤਾ ਰਹਿੰਦੀ ਹੈ ਜਦ ਕਿ ਕਾਵਿ-ਸ਼ਾਸਤਰ ਦਾ ਵਿਵੇਚਨ ਕਾਵਿ ਤੱਕ ਹੀ ਸੀਮਿਤ ਰਹਿੰਦਾ ਹੈ। ਡਾ. ਐਸ. ਕੇ. ਡੇ. ਨੇ ਜੇਕਰ ਕਾਵਿ-ਸ਼ਾਸਤਰ ਨੂੰ ਸੁਹਜ-ਸ਼ਾਸਤਰ ਦੇ ਨੇੜੇ ਮੰਨਿਆ ਹੈ, ਪਰ ਉਹ ਵੀ ਦੋਨਾਂ ਨੂੰ ਇਕ ਸਮਾਨ ਮੰਨਣ

ਲਈ ਤਿਆਰ ਨਹੀਂ ਹਨ ਉਹਨਾਂ ਦੀ ਦ੍ਰਿਸ਼ਟੀ ਵਿਚ ਸੁਹਜ-ਸ਼ਾਸਤਰ ਵਿਚ ਦਾਰਸ਼ਨਿਕ ਨਿਰੂਪਣ ਦੀ ਪ੍ਰਧਾਨਤਾ ਰਹਿੰਦੀ ਹੈ ਪਰ ਕਾਵਿ-ਸ਼ਾਸਤਰ ਵਿਚ ਅਜਿਹਾ ਨਹੀਂ ਹੈ। ਇਸ ਦੇ ਨਾਲ ਉਹ ਇਹ ਵੀ ਮੰਨਦੇ ਹਨ ਕਿ ਕਾਵਿ-ਸ਼ਾਸਤਰ ਦਾ ਡੂੰਘਾ ਸੰਬੰਧ ਵਿਆਕਰਣ ਨਾਲ ਹੈ। ਪਰ ਸੁਹਜ-ਸ਼ਾਸਤਰ ਦਾ ਵਿਆਕਰਣ ਨਾਲ ਕੋਈ ਸੰਬੰਧ ਨਹੀਂ ਹੈ।[67]

ਭਾਰਤੀ ਸੁਹਜ-ਸ਼ਾਸਤਰ ਦੀ ਵਿਕਾਸ ਰੇਖਾ ਸਪੱਸ਼ਟ ਕਰਦੇ ਸਮੇਂ ਇਹ ਕਿਹਾ ਜਾ ਸਕਦਾ ਹੈ ਕਿ ਇਥੇ ਸਭ ਤੋਂ ਪਹਿਲਾਂ ਨਾਟ-ਸ਼ਾਸਤਰ ਦਾ ਵਿਕਾਸ ਹੋਇਆ ਅਤੇ ਬਾਅਦ ਵਿਚ ਕਾਵਿ-ਸ਼ਾਸਤਰ ਦਾ ਅਤੇ ਇਹਨਾਂ ਦੋਹਾਂ ਦੇ ਸੰਯੋਗਵਸ ਸੁਹਜ-ਸ਼ਾਸਤਰ ਦਾ। ਕਾਵਿ-ਸ਼ਾਸਤਰੀ ਅਧਿਐਨ ਵਿਚ ਰਸ, ਸ਼ਬਦ ਸ਼ਕਤੀ ਆਦਿ ਦੀ ਦ੍ਰਿਸ਼ਟੀ ਤੋਂ ਕਾਵਿ ਦੀ ਆਲੋਚਨਾ ਕੀਤੀ ਜਾਂਦੀ ਹੈ ਜਦੋਂ ਕਿ ਸੁਹਜ-ਸ਼ਾਸਤਰ ਦੇ ਅੰਤਰਗਤ ਸੁਹਜ-ਅਨੁਭੂਤੀ, ਕਲਪਨਾ, ਬਿੰਬ ਵਿਧਾਨ, ਪ੍ਰਤੀਕ ਵਿਧਾਨ ਦੀ ਦ੍ਰਿਸ਼ਟੀ ਤੋਂ ਕਾਵਿ ਦਾ ਮੁਲਾਂਕਣ ਕੀਤਾ ਜਾਂਦਾ ਹੈ। ਲਲਿਤ ਕਲਾਵਾਂ ਦੀ ਵਿਆਪਕ ਪਿੱਠਭੂਮੀ ਦੇ ਅੰਤਰਗਤ ਕਾਵਿ ਦਾ ਅਧਿਐਨ ਜ਼ਰੂਰੀ ਅਤੇ ਉਪਯੋਗੀ ਹੈ।[68]

ਉਪਰੋਕਤ ਤੋਂ ਸਪੱਸ਼ਟ ਹੈ ਕਿ ਕਾਵਿ-ਸ਼ਾਸਤਰ ਅਤੇ ਸੁਹਜ-ਸ਼ਾਸਤਰ ਦੋਵੇਂ ਹੀ ਅਲੱਗ ਅਲੱਗ ਵਿਸ਼ੇ ਹਨ। ਭਾਰਤੀ ਕਾਵਿ-ਸ਼ਾਸਤਰ ਦੀ ਪਰੰਪਰਾ ਵਿਚ ਰਸ ਅਤੇ ਧੁਨੀ ਆਦਿ ਨੂੰ ਹੀ ਕਾਵਿ ਦੇ ਮਹੱਤਵਪੂਰਨ ਅੰਦਰੂਨੀ ਤੱਤ ਸਮਝ ਕੇ ਇਨ੍ਹਾਂ ਦਾ ਅਧਿਐਨ ਕੀਤਾ ਜਾਂਦਾ ਹੈ ਜਦੋਂ ਕਿ ਪੱਛਮੀ ਸੁਹਜ-ਸ਼ਾਸਤਰ ਵਿਚ ਸੁਹਜ ਦੇ ਸੰਵੇਦਾਤਮਕ ਪੱਖ ਦੇ ਮੁਲਾਂਕਣ ਨੂੰ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ। ਕਾਵਿ-ਸ਼ਾਸਤਰ ਕਾਵਿ ਰਚਿਤ ਕਾਵਿ ਵਸਤੂ ਅਤੇ ਮਨੁੱਖ ਦੇ ਅਨੁਭਵ (ਅੰਤਰ ਬੋਧ) ਤਿੰਨਾਂ ਦਾ ਸਿਧਾਂਤਕ ਨਿਰਣਾ ਕਰਨ ਦਾ ਯਤਨ ਕਰਦਾ ਹੈ। ਕਲਾਕ੍ਰਿਤੀ ਦਾ ਸਪੱਸ਼ਟੀਕਰਨ, ਮੁਲਾਂਕਣ ਅਤੇ ਉਸਦੇ ਪ੍ਰਤੀ ਆਪਣੀ ਪ੍ਰਤਿਕਿਰਿਆਵਾਂ ਦੇਣਾ ਆਦਿ ਕਾਵਿ-ਸ਼ਾਸਤਰ ਦੇ ਪ੍ਰਮੁੱਖ ਵਿਸ਼ੇ ਹਨ। ਸੁਹਜ-ਸ਼ਾਸਤਰ ਦੇ ਅਧਿਐਨ ਦਾ ਮੁੱਖ ਆਧਾਰ ਸਾਰਿਆਂ ਮਾਧਿਅਮਾਂ ਦੁਆਰਾ ਕਲਾਕ੍ਰਿਤੀਆਂ ਨੂੰ ਜੋੜਨਾ, ਵਿਸ਼ਲੇਸ਼ਿਤ ਕਰਨਾ ਅਤੇ ਤੁਲਨਾ ਕਰਨਾ ਹੈ। ਸੁਹਜ-ਸ਼ਾਸਤਰ ਦੀ ਵਿਆਖਿਆ ਨਿਰੋਲ ਕਲਾ ਦੇ ਪ੍ਰਸੰਗ ਵਿਚ ਕਰਨੀ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਕਲਾ ਦੀ ਸੁਹਜਾਤਮਿਕਤਾ ਨੂੰ ਨਿਰੋਲ ਉਸਦੀ ਖ਼ਾਤਿਰ ਮੁੱਲਵਾਨ ਸਮਝਣ ਵਾਲੀ ਦ੍ਰਿਸ਼ਟੀ ਹੈ। ਇਸ ਦ੍ਰਿਸ਼ਟੀ ਦੇ ਆਧਾਰ ਕਲਾ ਨੂੰ ਆਪਣੇ ਆਪ ਵਿਚ ਸਾਧਯ, ਸ੍ਵੈ-ਸੰਪੂਰਨ ਤੇ ਖ਼ੁਦਮੁਖ਼ਤਾਰ ਮੰਨਿਆ ਜਾਂਦਾ ਹੈ।

ਅੱਜ ਕਾਵਿ-ਸ਼ਾਸਤਰ ਅਤੇ ਸੁਹਜ-ਸ਼ਾਸਤਰ ਸੁਤੰਤਰ ਗਿਆਨ ਅਨੁਸ਼ਾਸਨ ਸਵੀਕਾਰ ਕੀਤੇ ਜਾ ਚੁੱਕੇ ਹਨ। ਕਾਵਿ-ਸ਼ਾਸਤਰ ਦੇ ਅੰਤਰਗਤ ਸਾਹਿਤਕ ਰੂਪਾਂ ਦੇ ਸੁਤੰਤਰ ਸੱਤਾ ਦੇ ਨਿਯਮਾਂ ਅਤੇ ਕਿਸੇ ਸਾਹਿਤਕਾਰ ਦੀ ਸਾਹਿਤਕਤਾ ਦੀ ਪਛਾਣ ਕੀਤੀ ਜਾਂਦੀ ਹੈ। ਕਾਵਿ-ਸ਼ਾਸਤਰ ਦਾ ਵਿਸ਼ਾ ਖੇਤਰ ਸਾਹਿਤ ਤੱਕ ਸੀਮਤ ਹੈ। ਸਾਹਿਤ ਬਾਰੇ ਵੀ ਕਾਵਿ-ਸ਼ਾਸਤਰ ਦੇ ਅੰਤਰਗਤ ਸਾਹਿਤ ਦੇ ਸਮਾਜ ਸ਼ਾਸਤਰੀ ਅਤੇ ਇਤਿਹਾਸਕ ਪ੍ਰਸੰਗਾਂ ਬਾਰੇ ਚਰਚਾ ਨਹੀਂ ਹੁੰਦੀ। ਕਾਵਿ-ਸ਼ਾਸਤਰ ਇਕ ਸੁਤੰਤਰ ਗਿਆਨ-ਅਨੁਸ਼ਾਸਨ ਹੋਣ ਦੇ ਬਾਵਜੂਦ ਵੀ ਸੁਹਜ-ਸ਼ਾਸਤਰ ਦਾ ਹਿੱਸਾ ਹੀ ਬਣਦਾ ਹੈ। ਸੁਹਜ-ਸ਼ਾਸਤਰ ਇਕ ਸੰਕਲਪ ਦੇ ਤੌਰ ’ਤੇ ਆਧੁਨਿਕ ਸਮੇਂ ਦੀ ਪੈਦਾਵਾਰ ਹੈ ਪਰ ਸੁਹਜ ਸੰਬੰਧੀ ਮੁੱਢਲੀਆਂ ਧਾਰਨਾਵਾਂ ਵੱਖ-ਵੱਖ ਗਿਆਨ ਅਨੁਸ਼ਾਸਨਾਂ ਵਿਚ ਪ੍ਰਗਟ ਹੁੰਦੀਆਂ ਰਹੀਆਂ ਹਨ। ਇਨ੍ਹਾਂ ਗਿਆਨ ਅਨੁਸ਼ਾਸ਼ਨਾਂ ਵਿਚੋਂ ਕਾਵਿ-ਸ਼ਾਸਤਰ ਵਿਚ ਸੁਹਜ ਸੰਬੰਧੀ ਵਧੇਰੇ ਵਿਚਾਰ ਚਰਚਾ ਹੋਈ ਮਿਲਦੀ ਹੈ।[69]

## (ੲ) ਸੁਹਜ-ਸ਼ਾਸਤਰ ਅਤੇ ਸਾਹਿਤ

ਮਨੁੱਖ ਸਭ ਜੀਵਾਂ ਤੋਂ ਚੇਤੰਨ ਸਮਾਜਕ ਪ੍ਰਾਣੀ ਹੈ। ਕਿਸੇ ਮਨੁੱਖੀ ਸਮੂਹ ਦੀ ਜੀਵਨ ਜਾਚ ਦੇ ਅਨੁਸਾਰ ਸਮਾਜ ਦੇ ਸਭਿਆਚਾਰਕ ਵਰਤਾਰਿਆਂ ਨੂੰ ਆਮ ਮਨੁੱਖ ਸਹਿਜ ਸਧਾਰਨ ਦ੍ਰਿਸ਼ਟੀ ਨਾਲ ਵੇਖਦਾ ਹੈ, ਪਰ ਸਾਹਿਤਕਾਰ ਅਜਿਹਾ ਮਨੁੱਖ ਹੁੰਦਾ ਹੈ ਜੋ ਯਥਾਰਥ ਪ੍ਰਤੀ ਘੋਖ ਦ੍ਰਿਸ਼ਟੀ ਰੱਖਣ ਵਾਲਾ ਸੰਵੇਦਨਸ਼ੀਲ ਪ੍ਰਾਣੀ ਹੈ। ਸਾਹਿਤਕਾਰ ਯਥਾਰਥਕ ਵਰਤਾਰਿਆਂ ਨੂੰ ਗਹਿਨ ਅਤੇ ਸੂਖਮ ਨਜ਼ਰੀਏ ਤੋਂ ਪਰਖਦਾ ਹੈ। ਸਾਹਿਤਕਾਰ ਇਹਨਾਂ ਵਰਤਾਰਿਆਂ ਦੇ ਸੁਖਾਵੇਂ, ਅਣਸੁਖਾਵੇਂ ਅਸਰਾਂ ਤੋਂ ਪ੍ਰਭਾਵਿਤ ਹੋ ਕੇ ਸਾਹਿਤ ਦੀ ਸਿਰਜਣਾ ਕਰਦੇ ਹਨ। ਉਹ ਯਥਾਰਥ ਨੂੰ ਸਮਝਣ ਅਤੇ ਮੁੜ ਸਿਰਜਣ ਜਾਂ ਬਦਲਣ ਦੀ ਦੂਹਰੀ ਭੂਮਿਕਾ ਨਿਭਾਉਂਦੇ ਹਨ। ਇਸ ਲਈ ਸਾਹਿਤ ਸਿਰਜਣਾ ਯਥਾਰਥ ਨੂੰ ਨਵੀਂ ਸੇਧ ਦੇਣ ਦਾ ਰਚਨਾਤਮਕ ਕਾਰਜ ਹੈ, ਜਿਸਦੀ ਚੇਤਨਾ ਉਹ ਆਪਣੇ ਅਨੁਭਵ, ਚਿੰਤਨ ਅਤੇ ਸਾਹਿਤਕ ਪਰੰਪਰਾ ਤੋਂ ਗ੍ਰਹਿਣ ਕਰਦਾ ਹੈ। ਇਸ ਲਈ ਸਾਹਿਤਕਾਰ ਸਾਹਮਣੇ ਸਵਾਲ ਦੁਨੀਆਂ ਨੂੰ ਸਮਝਣ ਦਾ ਨਹੀਂ ... ਉਸ ਨੂੰ ਬਦਲਣ ਦਾ ਵੀ ਹੈ। ਆਪਣੀ ਜ਼ਿੰਦਗੀ ਦੀ ਰਾਖੀ ਅਤੇ ਉੱਨਤੀ ਵਾਸਤੇ ਮਨੁੱਖ ਦੇ ਹੱਥ ਵਿਚ ਸਾਇੰਸ ਅਤੇ ਕਲਾ ਦੋ ਹਥਿਆਰ ਹਨ। ... ਸਾਇੰਸਦਾਨ ਵਾਂਗ ਸਾਹਿਤਕਾਰ ਦਾ ਫਰਜ਼ ਹੈ ਕਿ ਸਾਹਿਤਕ ਰਚਨਾ ਰਾਹੀਂ ਮਨੁੱਖ ਨੂੰ ਆਪਣੇ ਆਪ ਅਤੇ ਸਮਾਜ ਬਾਬਤ ਸੂਝ ਵਧਾ ਕੇ ਜ਼ਿੰਦਗੀ ’ਤੇ ਕਾਬੂ ਪਾਉਣ ਦਾ ਵਸੀਲਾ ਬਣੇ। ਮਨੁੱਖ ਨੂੰ ਜੀਵਨ ਜਾਚ ਸਿਖਾਏ।[70]

ਸਾਹਿਤਕਾਰ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਲਈ ਯਥਾਰਥ ਚੋਂ ਵਿਸ਼ੇ ਚੁਣਦਾ ਹੈ। ਉਹ ਆਪਣੇ ਸਮਕਾਲੀ ਯਥਾਰਥ ਦੇ ਅਣਸੁਖਾਵੇਂ ਅਤੇ ਸੁਖਾਵੇਂ ਵਰਤਾਰਿਆਂ ਨੂੰ ਆਪਣੀ ਸਿਰਜਣਾ ਦਾ ਆਧਾਰ ਬਣਾਉਂਦਾ ਹੈ। ਉਹ ਸਥਾਪਤ ਮਨੁੱਖੀ ਵਿਵਸਥਾ ਨੂੰ ਗੰਭੀਰਤਾ ਨਾਲ ਵਾਚਦਾ ਹੈ। ਜਿਸ ਕਰਕੇ ਉਸਦਾ ਸਾਹਿਤ ਸਮਕਾਲੀ ਪ੍ਰਸਥਿਤੀਆਂ ਤੋਂ ਪ੍ਰਭਾਵਿਤ ਹੀ ਨਹੀਂ ਹੁੰਦਾ ਸਗੋਂ ਉਨ੍ਹਾਂ ਦੇ ਵਿਭਿੰਨ ਪੱਖਾਂ ਦਾ ਵਿਸ਼ਲੇਸ਼ਣ ਕਰਦਾ ਹੋਇਆ ਉਨ੍ਹਾਂ ਅਮਾਨਵੀ ਪ੍ਰਸਥਿਤੀਆਂ ਨੂੰ ਬਦਲਣ ਦਾ ਸੁਪਨਾ ਵੀ ਸਿਰਜਦਾ ਹੈ। ਉਸਦੀ ਸਿਰਜਣਾ ਵਿਚ ਸਮਾਜਕ, ਧਾਰਮਕ, ਰਾਜਨੀਤਕ, ਆਰਥਿਕ, ਸਾਂਸਕ੍ਰਿਤਕ ਮਸਲਿਆਂ ਪ੍ਰਤੀ ਚੇਤਨਾ ਵੀ ਹੁੰਦੀ ਹੈ ਅਤੇ ਗੰਭੀਰ ਚਿੰਤਨ ਵੀ। ਉਸ ਦੇ ਸਿਰਜਣਾ ਰੂਪੀ ਸਾਹਿਤ ਵਿਚ ਸਮਾਜਿਕ ਸਰੋਕਾਰਾਂ ਦੀ ਚਿੰਤਾ ਚੇਤਨਾ ਸਿਰਜਣਾ ਦੇ ਮੂਲ ਸਰੋਤ ਵਜੋਂ ਪੇਸ਼ ਹੁੰਦੀ ਹੈ। ਸਾਹਿਤਕਾਰ ਯਥਾਰਥ ਵਿਚੋਂ ਵਿਸ਼ੇ ਵਸਤੂ ਦੀ ਚੋਣ ਕਰਕੇ ਸ਼ੋਸ਼ਕ ਅਤੇ ਸ਼ੋਸ਼ਤ ਦੇ ਸੰਦਰਭ ਵਿਚੋਂ ਸ਼ੋਸ਼ਤ ਦੇ ਹੱਕ ਵਿਚ ਆਵਾਜ਼ ਉਠਾਉਂਦਾ ਹੈ।

ਸਾਹਿਤਕਾਰ ਆਪਣੇ ਕਲਾਤਮਕ ਵਿਵੇਕ ਰਾਹੀਂ ਆਦਰਸ਼ਕ ਯਥਾਰਥ ਦੀ ਸਿਰਜਣਾ ਕਰਦਾ ਹੈ ਭਾਵ ਉਸਦਾ ਇਛੁੱਕ ਯਥਾਰਥ ਵੱਲ ਰੁੱਖ ਅਣਸੁੱਖਾਵੇਂ ਯਥਾਰਥਕ ਵਰਤਾਰਿਆਂ ਦੀ ਸੋਝੀ ਅਤੇ ਉਸਨੂੰ ਮੁੱਢੋਂ ਬਦਲਣ ਦੀ ਮਾਨਵੀ ਚੇਸ਼ਟਾ ਤੋਂ ਹੁੰਦਾ ਹੈ। ਸਾਹਿਤਕਾਰ ਵਸਤੂ ਜਗਤ ਦੇ ਆਧਾਰ ਤੇ ਆਪਣੇ ਸਾਹਿਤ ਜਗਤ ਦੀ ਸਿਰਜਣਾ ਕਰਦਾ ਹੈ ਜੋ ਇਕ ਪਦਾਰਥਕ ਤੇ ਤੱਥਾਤਮਕ ਹੋਂਦ ਨਾ ਹੋ ਕੇ ਇਕ ਸਿਰਜਣਾਮੂਲਕ ਤੇ ਸੁਹਜਮਈ ਹੋਂਦ ਹੁੰਦਾ ਹੈ। ਇਹ ਵਾਸਤਵਿਕਤਾ ਦੇ ਬੋਧ ਅਤੇ ਕਲਾ ਤੇ ਵਿਵੇਕ ਦੇ ਸੁਮੇਲ ਰਾਹੀਂ ਸਿਰਜਿਆ ਜਾਂਦਾ ਹੈ। ਅਜਿਹੇ ਸੁਮੇਲ ਦੀ ਸਥਾਪਨਾ ਵਿਚ ਸਾਹਿਤਕਾਰ ਦੀ ਸੁਹਜ-ਦ੍ਰਿਸ਼ਟੀ ਦੀ ਬੁਨਿਆਦੀ ਭੂਮਿਕਾ ਹੈ ਕਿਉਂਕਿ ਇਹ ਵਸਤੂਆਂ ਦੇ ਪ੍ਰਭਾਵ ਗ੍ਰਹਿਣ ਕਰਨ ਤੇ ਉਹਨਾਂ ਦੇ ਕਲਾਤਮਕ ਰੂਪਾਂਤਰਣ ਨੂੰ ਨਿਯੰਤ੍ਰਿਤ ਕਰਨ ਵਾਲੀ ਮੁੱਖ ਸ਼ਕਤੀ ਹੈ। ਸਮਾਜ ਵਿਚ ਜਦੋਂ ਸਾਹਿਤਕਾਰ ਦੀ ਸਿਰਜਣਾ ਸਾਹਮਣੇ ਆਉਂਦੀ ਹੈ ਤਾਂ ਇਸ ਦੇ ਅਨੇਕਾਂ ਪ੍ਰਤੀਕਰਮ ਹੁੰਦੇ ਹਨ। ਕਈ ਵਾਰ ਇਹ ਕਿਸੇ ਵਿਸ਼ੇਸ਼ ਲਹਿਰ ਜਾਂ ਮਨੋਰਥ ਦੀ ਉਪਜ ਹੁੰਦੀ ਹੈ ਤੇ ਇਸ ਤਰ੍ਹਾਂ ਇਸ ਦਾ ਰਿਸ਼ਤਾ ਉਸ ਲਹਿਰ ਨਾਲ ਜੁੜ ਜਾਂਦਾ ਹੈ ਜਦੋਂ ਕਿਸੇ ਸਿਰਜਣਾ ਵਿਚ ਪ੍ਰਗਟਾਈ ਗਈ ਜੀਵਨ ਕੀਮਤ ਜਾਂ ਵਿਚਾਰ ਸਮੂਹਿਕ ਰੂਪ ਵਿਚ ਪ੍ਰਵਾਨ ਹੋ ਜਾਵੇ ਤਾਂ ਉਸ ਸਮੇਂ ਦੀ ਪ੍ਰਵਿਰਤੀ ਦਾ ਰੂਪ ਧਾਰਨ ਕਰਕੇ ਇਕ ਪਰੰਪਰਾ ਵਿਚ ਵਿਕਸਿਤ ਹੋ ਜਾਂਦੀ ਹੈ। ਸਾਹਿਤ ਚਲ ਅਤੇ ਗਤੀਸ਼ੀਲ ਵਰਤਾਰਾ ਹੈ। ਸਾਹਿਤ ਜ਼ਿੰਦਗੀ ਦੇ ਯਥਾਰਥ ਦਾ ਪ੍ਰਤੀਬਿੰਬ ਹੁੰਦਾ ਹੈ। ਸਾਹਿਤ ਜ਼ਿੰਦਗੀ ਵਿਚਲੇ ਸੱਚ ਦਾ ਦੂਸਰਾ ਰੂਪ ਹੁੰਦਾ ਹੈ। ਜਿਸਦਾ

ਦਿਸਦੇ ਜਗਤ ਨਾਲ ਪਛਾਣਨਯੋਗ ਸੰਬੰਧ ਤਾਂ ਹੁੰਦਾ ਹੈ ਪਰ ਇਹ ਜੀਵਨ ਦੀ ਹੂ-ਬ-ਹੂ ਨਕਲ ਨਹੀਂ ਹੁੰਦਾ। ਹਰ ਸਾਹਿਤਕਾਰ ਆਪਣੀ ਰਚਨਾ ਵਿਚ ਜ਼ਿੰਦਗੀ ਦੇ ਸੱਚ ਨੂੰ ਪੇਸ਼ ਕਰਦਾ ਹੋਇਆ ਕਿਸੇ ਖਾਸ ਵੇਰਵੇ ਜਾਂ ਨੁਕਤੇ ਉੱਤੇ ਪਾਠਕ ਦਾ ਧਿਆਨ ਵਧੇਰੇ ਕੇਂਦਰਿਤ ਕਰਦਾ ਹੈ। ਸਾਹਿਤ ਦਾ ਵਿਆਪਕ ਅਤੇ ਨਵਾਂਪਨ ਇਸ ਰੂਪ ਵਿਚ ਵੀ ਹੈ ਕਿ ਸਾਹਿਤਕਾਰ ਆਪਣੀ ਸਿਰਜਣਾਤਮਕ ਯੋਗਤਾ ਦੁਆਰਾ ਸਾਹਿਤ ਦੇ ਕਈ ਨਵੇਂ ਰੂਪਾਂ ਦੀ ਸਿਰਜਣਾ ਕਰਦਾ ਹੈ।

ਅੱਜ ਸਾਹਿਤ ਦਾ ਘੇਰਾ ਕਾਫੀ ਵਿਸ਼ਾਲ ਹੋ ਚੁੱਕਾ ਹੈ। ਸਾਹਿਤ ਅਜਿਹੀ ਕਲਾ ਹੈ ਜਿਸ ਦਾ ਸੰਬੰਧ ਕੁਦਰਤੀ, ਸਮਾਜਿਕ, ਨਾਟਕੀ, ਅਧਿਆਤਮਕਤਾ, ਵਿਅਕਤੀ ਤੇ ਉਸਦੀਆਂ ਨਿੱਜੀ ਭਾਵਨਾਵਾਂ ਆਦਿ ਸਭ ਵਰਤਾਰਿਆਂ ਨਾਲ ਹੈ। ਇਹਨਾਂ ਸਾਰੇ ਵਰਤਾਰਿਆਂ ਨੂੰ ਸਾਹਿਤ ਸੱਚਾਈ ਨਾਲ ਪੇਸ਼ ਕਰਦਾ ਹੈ। ਸਾਹਿਤ ਸੁਹਜ-ਸ਼ਾਸਤਰੀ ਤੌਰ ਤੇ ਭਾਸ਼ਾ ਦੀ ਕਲਾਕਾਰੀ ਵਰਤੋਂ ਕਾਰਨ ਦੁਨੀਆਂ ਦਾ ਮਾਲਕ ਹੈ।[71] ਮੁਨਸ਼ੀ ਪ੍ਰੇਮ ਚੰਦ ਸਾਹਿਤ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ ਕਿ ਸਾਹਿਤ ਜੀਵਨ ਦੀ ਆਲੋਚਨਾ ਹੈ ਭਾਵੇਂ ਉਹ ਕਵਿਤਾ ਨਿਬੰਧ, ਕਹਾਣੀ ਦੇ ਰੂਪ ਵਿਚ ਹੋਵੇ ਉਸ ਨੂੰ ਸਾਡੇ ਜੀਵਨ ਦੀ ਆਲੋਚਨਾ ਅਤੇ ਵਿਆਖਿਆ ਕਰਨੀ ਚਾਹੀਦੀ ਹੈ।[72] ਪ੍ਰਾਚੀਨ ਕਾਲ ਵਿਚ ਸਾਹਿਤ ਲਈ ਕਾਵਿ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਸੀ। ਅੱਜ ਵਿਸ਼ਾਲ ਅਰਥਾਂ ਵਿਚ ਸਾਹਿਤ ਸ਼ਬਦ ਦਾ ਪ੍ਰਯੋਗ ਹੁੰਦਾ ਹੈ ਅਤੇ ਕਾਵਿ ਸ਼ਬਦ ਦਾ ਸੀਮਿਤ ਪ੍ਰਯੋਗ ਕਵਿਤਾ ਲਈ ਹੋਣ ਲੱਗਾ। ਸਾਹਿਤ ਵਿਚ ਨਾਵਲ, ਕਹਾਣੀ, ਕਵਿਤਾ, ਨਾਟਕ, ਨਿਬੰਧ, ਜੀਵਨੀ, ਸਫ਼ਰਨਾਮਾ, ਸਵੈ-ਜੀਵਨੀ ਆਦਿ ਅਨੇਕ ਰੂਪਾਂ ਦਾ ਸਮਾਵੇਸ਼ ਹੋਣ ਲੱਗਿਆ ਹੈ। ਇਸ ਤਰ੍ਹਾਂ ਇਤਿਹਾਸਕ ਤੌਰ ਤੇ ਸਾਹਿਤ ਬਦਲਦਾ ਰਹਿੰਦਾ ਹੈ।

ਸਾਹਿਤ ਅਤੇ ਸਮਾਜ ਦੋਵੇਂ ਹੀ ਇਕ ਦੂਜੇ ਨੂੰ ਪ੍ਰਭਾਵਿਤ ਹੀ ਨਹੀਂ ਕਰਦੇ ਸਗੋਂ ਇਕ ਦੂਜੇ ਦੇ ਪੂਰਕ ਵੀ ਹਨ। ਸਮਾਜ ਦੇ ਸਭਿਆਚਾਰ, ਆਚਾਰ-ਵਿਹਾਰ ਅਤੇ ਪਰੰਪਰਾ ਆਦਿ ਦਾ ਨਿਰਦੇਸ਼ਨ ਵੀ ਸਾਹਿਤ ਕਰਦਾ ਹੈ। ਇਸ ਲਈ ਸਮਾਜ ਅਤੇ ਸਾਹਿਤ ਦਾ ਪਰਸਪਰ ਅਦਾਨ-ਪ੍ਰਦਾਨ ਨਿਰੰਤਰ ਚਲਦਾ ਰਹਿੰਦਾ ਹੈ। ਸਾਹਿਤ ਆਪਣੇ ਸਾਰੇ ਵਿਸ਼ੇ ਸਮਾਜ ਵਿਚੋਂ ਹੀ ਲੈਂਦਾ ਹੈ। ਇਸ ਲਈ ਸਮਾਜ ਦੀਆਂ ਜਿਹੋ ਜਿਹੀਆਂ ਭਾਵਨਾਵਾਂ ਤੇ ਵਿਚਾਰ ਹੋਣਗੇ, ਸਾਹਿਤ ਵੀ ਉਸੇ ਤਰ੍ਹਾਂ ਦਾ ਹੋਵੇਗਾ। ਅਸੀਂ ਆਪਣੇ ਸਾਰੇ ਯੁੱਗਾਂ ਦੇ ਇਤਿਹਾਸ ਤੋਂ ਇਸ ਗੱਲ ਦੀ ਪੁਸ਼ਟੀ ਕਰ ਸਕਦੇ ਹਾਂ। ਸਾਹਿਤ ਸਮਾਜ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਵਿਚ ਹਮੇਸ਼ਾਂ ਸਫ਼ਲ ਰਿਹਾ ਹੈ। ਇਸ ਤਰ੍ਹਾਂ ਸਾਹਿਤ ਦਾ ਰਚੈਤਾ ਸਾਹਿਤਕਾਰ ਸਮਾਜ ਦਾ ਸੰਜੀਦਾ ਵਿਸ਼ਲੇਸ਼ਕ ਹੈ।

ਆਪਣੀ ਚੇਤਨਾ ਦੇ ਇਕ ਸਦੀਵੀ ਅਤੇ ਅਨਿੱਖੜ ਤੱਤ ਵਜੋਂ ਮਨੁੱਖ ਸੁਹਜ ਦਾ ਪ੍ਰਤੱਖਣ, ਇਸ ਨੂੰ ਮਾਣਨ ਅਤੇ ਇਸ ਦੀ ਸਿਰਜਣਾ ਵੱਲ ਆਪਣੇ ਵਿਕਾਸ ਦੇ ਮੁੱਢਲੇ ਪੜਾਵਾਂ ਤੋਂ ਹੀ ਨਿਰੰਤਰ ਰੁਚਿਤ ਅਤੇ ਸੰਘਰਸ਼ਸ਼ੀਲ ਰਿਹਾ ਹੈ। ਸੁਹਜ ਪ੍ਰਤੱਖਣ, ਸੁਹਜ ਮਾਣਨ ਅਤੇ ਸੁਹਜ ਸਿਰਜਣ ਦੇ ਨਾਲ ਨਾਲ ਹੀ ਇਸ ਸੂਖਮ ਅਤੇ ਜਟਿਲ ਵਰਤਾਰੇ ਪਿੱਛੇ ਕੰਮ ਕਰ ਰਹੇ ਨਿਯਮ ਜਾਂ ਇਸ ਦਾ ਵਿਗਿਆਨ ਵੀ ਆਦਿ ਕਾਲ ਤੋਂ ਹੀ ਮਨੁੱਖੀ ਸੋਚ ਅਤੇ ਚਿੰਤਨ ਦਾ ਗੰਭੀਰ ਵਿਸ਼ਾ ਰਿਹਾ ਹੈ।[73] ਸੁਹਜ ਮਨੁੱਖੀ ਜੀਵਨ ਦਾ ਮੁੱਖ ਆਧਾਰ ਹੈ। ਇਸ ਵਿਚ ਰੁਚੀ ਲੈਣਾ ਮਨੁੱਖ ਦੀ ਸੁਭਾਵਿਕ ਵਿਸ਼ੇਸ਼ਤਾ ਹੈ। ਇਸ ਲਈ ਸਾਹਿਤ ਦਾ 'ਜੋ ਆਪਣੀ ਪ੍ਰੇਰਣਾ ਜੀਵਨ ਤੋਂ ਲੈਂਦਾ ਹੈ' ਮੁੱਖ ਵਿਸ਼ਾ ਰਿਹਾ ਹੈ। ਇਕ ਚੇਤੰਨ ਤੇ ਜਗਿਆਸੂ ਪ੍ਰਾਣੀ ਹੋਣ ਕਰਕੇ ਮਨੁੱਖ ਸੁਭਾਵਿਕ ਤੌਰ ਤੇ ਹੀ ਆਪਣੇ ਆਲੇ-ਦੁਆਲੇ ਦੇ ਦਿਸਦੇ/ਅਣਦਿਸਦੇ ਯਥਾਰਥ ਨੂੰ ਸਮਝਣ ਤੇ ਜਾਣਨ ਦੇ ਉੱਦਮ ਵਿਚ ਰੁੱਝਿਆ ਰਹਿੰਦਾ ਹੈ। ਹੋਰ ਜੀਵਾਂ ਨਾਲੋਂ ਵਧੇਰੇ ਸੰਵੇਦਨਸ਼ੀਲ ਹੋਣ ਕਰਕੇ ਉਹ ਆਪਣੇ ਸੰਪਰਕ ਵਿਚ ਆਉਣ ਵਾਲੀਆਂ ਵਸਤੂਆਂ ਦਾ ਪ੍ਰਭਾਵ ਗ੍ਰਹਿਣ ਕਰਦਾ ਹੈ, ਜਿਸ ਦੇ ਨਤੀਜੇ ਵਜੋਂ ਉਸਦੇ ਮਨ ਵਿਚ ਸੰਵੇਗ ਪੈਦਾ ਹੁੰਦੇ ਹਨ। ਸੁਹਜ ਸੁਆਦ ਦੀ ਤ੍ਰਿਪਤੀ ਮਨੁੱਖੀ ਮਨ ਦੀ ਬੁਨਿਆਦੀ ਲੋੜ ਆਪਣੇ ਆਪ ਬਣਦੀ ਜਾਂਦੀ ਹੈ, ਜਿਸ ਕਰਕੇ ਸਾਹਿਤਕਾਰ ਲਈ ਜੀਵਨ ਵਿਚ ਸੁਹਜ ਇਕ ਤਕੜੀ ਪ੍ਰੇਰਣਾ ਦਾ ਕੰਮ ਦਿੰਦਾ ਹੈ। ਸੁਹਜ-ਸ਼ਾਸਤਰ ਜੋ ਅੰਗਰੇਜ਼ੀ ਸ਼ਬਦ Aesthetics ਦਾ ਸਮਾਨਾਰਥੀ ਹੈ, ਆਪਣੇ ਸਮਾਨ ਅਰਥਾਂ ਵਿਚ ਸੁਹਜ/ਸੌਂਦਰਯ ਦਾ ਅਧਿਐਨ ਹੈ ਅਤੇ ਇਸ ਦਾ ਖੇਤਰ ਸੁਹਜ ਦੇ ਵਿਭਿੰਨ ਨਿਰੂਪਣਾਂ ਅਤੇ ਉਸਦੇ ਸਿਰਜਣ ਦੀਆਂ ਸਮੱਸਿਆਵਾਂ ਦਾ ਵਿਸਥਾਰ ਹੈ। ਸੁਹਜ ਦੇ ਸਾਧਾਰਣ ਤੇ ਆਮ ਸੰਕਲਪ ਸੰਬੰਧੀ ਵਿਚਾਰ ਤਾਂ ਪੁਰਾਤਨ ਕਾਲ ਤੋਂ ਹੀ ਕੀਤੀ ਜਾਂਦੀ ਰਹੀ ਹੈ ਪਰ ਉਸ ਨੂੰ ਦਰਸ਼ਨ-ਸ਼ਾਸਤਰ ਦੇ ਵਿਸ਼ੇ ਖੇਤਰ ਦੇ ਅੰਤਰਗਤ ਰਖਿਆ ਜਾਂਦਾ ਸੀ। ਆਧੁਨਿਕ ਸਮੇਂ ਵਿਚ ਸੁਹਜ ਤੇ ਉਸ ਨਾਲ ਸੰਬੰਧਤ ਸਮੱਸਿਆਵਾਂ ਦੇ ਅਧਿਐਨ ਨੂੰ ਇਕ ਵੱਖਰੇ ਤੇ ਸੁਤੰਤਰ ਸੰਜਮ ਦਾ ਦਰਜਾ ਪ੍ਰਾਪਤ ਹੈ।[74] ਇਸ ਲਈ ਅਜੋਕੇ ਦੌਰ ਵਿਚ ਸੁਹਜ ਤੇ ਉਸ ਨਾਲ ਸੰਬੰਧਿਤ ਸਮੱਸਿਆਵਾਂ ਦੇ ਅਧਿਐਨ ਨੂੰ ਇਕ ਵੱਖਰੇ ਵਿਸ਼ੇ ਦੇ ਰੂਪ ਵਿਚ ਵਿਚਾਰਿਆ ਜਾਂਦਾ ਹੈ। ਇਹ ਸਾਹਿਤ ਦਾ ਇਕ ਰੌਚਕ ਅਤੇ ਜ਼ਰੂਰੀ ਹਿੱਸਾ ਕਬੂਲਿਆ ਗਿਆ ਹੈ।

ਸਾਹਿਤ ਦੇ ਵਿਭਿੰਨ ਰੂਪਾਂ ਵਿਚੋਂ ਕਵਿਤਾ ਵਿਸ਼ੇਸ਼ ਤੌਰ 'ਤੇ ਮਨੁੱਖ ਦੀ ਸੁਹਜ-ਰੁਚੀ ਦੀ ਸੰਤੁਸ਼ਟੀ ਕਰਨ ਦੀ ਸਮਰੱਥਾ ਰੱਖਦੀ ਹੈ। ਇਹ 'ਸਤਿ' ਤੇ 'ਸ਼ਿਵ' ਦੇ ਮੁੱਲਾਂ ਦਾ ਸੰਚਾਰ ਵੀ ਕਰਦੀ ਹੈ

ਤਾਂ ਵੀ ਅੰਤਿਮ ਪ੍ਰਭਾਵ ਸੁਹਜ ਦਾ ਹੀ ਪੈਂਦਾ ਹੈ। ਸੁਹਜਾਤਮਕਤਾ ਇਸ ਦਾ ਨਿਵੇਕਲਾ ਗੁਣ ਹੈ ਅਤੇ ਇਸ ਨੂੰ ਕਵਿਤਾ ਦੇ ਮੁਲਾਂਕਣ ਦਾ ਆਧਾਰ ਬਣਾਇਆ ਜਾਣਾ ਉਚਿਤ ਹੈ। ਕਵਿਤਾ ਵਿਚ ਹੋਰ ਮੁੱਲਾਂ ਦੀ ਤੁਲਨਾ ਵਿਚ ਸੁਹਜ ਮੁੱਲ ਨੂੰ ਪ੍ਰਮੁੱਖਤਾ ਪ੍ਰਦਾਨ ਕਰਨ ਦੀ ਪ੍ਰਵਿਰਤੀ ਨੂੰ ਹੀ ਅਸੀਂ ਸੁਹਜਵਾਦੀ ਪ੍ਰਵਿਰਤੀ ਕਹਾਂਗੇ।[75] ਕਲਾ ਅਤੇ ਸਾਹਿਤ ਸੰਬੰਧੀ ਚਿੰਤਨ ਦਾ ਵਿਕਾਸ ਵਿਭਿੰਨ ਯੁੱਗਾਂ ਵਿਚ ਅਲੱਗ ਅਲੱਗ ਤਰ੍ਹਾਂ ਨਾਲ ਹੁੰਦਾ ਰਿਹਾ ਹੈ। ਅਨੇਕਾਂ ਪ੍ਰਕਾਰ ਦੇ ਵਾਦ ਸਮਾਜ ਦੀਆਂ ਪ੍ਰਸਥਿਤੀਆਂ ਦੇ ਅਨੁਸਾਰ ਹੋਂਦ ਵਿਚ ਆਏ। ਇਹ ਵਾਦ ਵੱਖ ਵੱਖ ਸਮਿਆਂ ਵਿਚ ਕਿਸੇ ਪੂਰਬਲੀ ਚਿੰਤਨ ਪੱਧਤੀ ਦੇ ਪ੍ਰਤੀਕਰਮ ਜਾਂ ਵਿਰੋਧ ਵਿਚ ਵੀ ਉੱਘੜਦੇ ਰਹੇ ਹਨ ਅਤੇ ਸਮੇਂ ਸਮੇਂ ਤੇ ਇਹ ਵਾਦ ਇਕ ਸੁਗਠਿਤ ਲਹਿਰ ਵਜੋਂ ਵੀ ਵਿਕਸਿਤ ਹੁੰਦੇ ਰਹੇ ਹਨ ਅਤੇ ਕਲਾ ਦੀ ਰਚਨਾ ਅਤੇ ਉਸ ਸੰਬੰਧੀ ਚਿੰਤਨ ਨੂੰ ਪ੍ਰਭਾਵਿਤ ਕਰਦੇ ਰਹੇ ਹਨ। ਪਰ ਇਕ ਲਹਿਰ ਵਜੋਂ ਇਹਨਾਂ ਦਾ ਜ਼ੋਰ ਕੁਝ ਅਰਸੇ ਬਾਅਦ ਹੀ ਕੁਦਰਤੀ ਤੌਰ ਤੇ ਕਮਜ਼ੋਰ ਹੋ ਜਾਂਦਾ ਰਿਹਾ ਕਿਉਂਕਿ ਇਨ੍ਹਾਂ ਦੇ ਵਿਰੋਧ/ਪ੍ਰਤੀਕਰਮ ਵਿਚ ਕੋਈ ਹੋਰ ਵਾਦ ਜ਼ੋਰ ਫੜ ਲੈਂਦਾ ਰਿਹਾ ਹੈ। ਫਿਰ ਵੀ, ਇਨ੍ਹਾਂ ਦੇ ਪ੍ਰਭਾਵਾਂ ਦੀ ਸੁਰ ਲੰਬੇ ਸਮੇਂ ਤੱਕ ਸੁਣਾਈ ਦਿੰਦੀ ਰਹਿੰਦੀ ਹੈ। ਇਹ ਵਾਦ ਪ੍ਰਮੁੱਖ ਤੌਰ ਤੇ ਕਿਸੇ ਨਿਸ਼ਚਿਤ ਵਿਚਾਰਧਾਰਾ ਉੱਤੇ ਨਹੀਂ ਸਗੋਂ ਇਕ ਜੀਵਨ-ਦ੍ਰਿਸ਼ਟੀ ਉੱਤੇ ਆਧਾਰਿਤ ਹਨ ਸਗੋਂ ਉਨ੍ਹਾਂ ਦੀ ਹੋਂਦ ਸਾਹਿਤ ਚਿੰਤਨ ਦੇ ਹਰੇਕ ਕਾਲ ਵਿਚ ਕਾਇਮ ਰਹਿੰਦੀ ਹੈ।

ਸੁਹਜਵਾਦ ਅਜਿਹਾ ਹੀ ਇਕ ਵਾਦ ਹੈ ਜਿਸਦੀ ਕਲਾ-ਸਿਰਜਣਾ ਅਤੇ ਮੁਲਾਂਕਣ ਦੀ ਦ੍ਰਿਸ਼ਟੀ ਵਜੋਂ ਹੋਂਦ ਬਹੁਤ ਪੁਰਾਤਨ ਹੈ। ਸੁਹਜਵਾਦ ਕਿਸੇ ਸੁਨਿਸ਼ਚਿਤ ਅਤੇ ਸੁਗਠਿਤ ਵਿਚਾਰਧਾਰਾ ਉੱਤੇ ਉਸਰਿਆ ਹੋਇਆ ਵਾਦ ਨਹੀਂ ਹੈ। ਇਸ ਕਰਕੇ ਇਸ ਦਾ ਖੇਤਰ ਬਹੁਤ ਵਿਸ਼ਾਲ ਹੈ। ਵਿਸ਼ਾਲ ਰੂਪ ਵਿਚ ਇਹ ਵਸਤੂਆਂ ਦੇ ਪ੍ਰਤੱਖਣ ਅਤੇ ਉਨ੍ਹਾਂ ਸੰਬੰਧੀ ਮਹਿਸੂਸ ਕਰਨ ਦੀ ਇਕ ਵਿਸ਼ੇਸ਼ ਵਿਧੀ ਹੈ, ਜੋ ਇਸ ਨਿਸ਼ਠਾ ਉੱਤੇ ਆਧਾਰਿਤ ਹੈ ਕਿ ਸੁਹਜ ਹੀ ਇਕੋ ਇਕ ਪਰਮ ਮੁੱਲ (Absolute value) ਹੈ। ਇਸ ਨਿਸ਼ਠਾ ਅਨੁਸਾਰ, ਬਾਕੀ ਸਭ ਜੀਵਨ ਮੁੱਲ ਆਪਣੇ ਅੰਤਿਮ ਰੂਪ ਵਿਚ ਸੁਹਜ ਮੁੱਲ ਦਾ ਹੀ ਰੂਪ ਹਨ। ਇਨ੍ਹਾਂ ਅਰਥਾਂ ਵਿਚ ਸੁਹਜਵਾਦ ਜੀਵਨ ਦਾ ਅਰਥ ਤੇ ਮੁੱਲ ਸੁਹਜ ਦੇ ਨਿਰਉਦੇਸ਼ ਆਸਵਾਦਨ ਵਿਚ ਖੋਜਣ ਵਾਲੀ ਦ੍ਰਿਸ਼ਟੀ ਹੈ।[76] ਆਰ. ਵੀ. ਜਾਨਸਨ ਇਸ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ ਸੁਹਜ ਦੀ, ਵਿਸ਼ੇਸ਼ ਕਰਕੇ, ਕਲਾ ਕਿਰਤਾਂ ਵਿਚ ਉਪਲੱਬਧ ਸੁਹਜ ਦੀ ਅਤੇ ਸਾਡੇ ਆਲੇ-ਦੁਆਲੇ ਦੇ ਜਗਤ ਵਿਚ ਜੋ ਕੁਝ ਆਕਰਸ਼ਕ ਹੈ, ਉਸ ਦੀ ਉਪਾਸਨਾ ਹੈ।[77] ਉਪਰੋਕਤ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਸੁਹਜ-ਸ਼ਾਸਤਰ ਇਕ ਕਲਾਤਮਕ ਪਰਪੰਚ ਹੋਣ ਦੇ ਨਾਲ ਨਾਲ ਇਕ ਜੀਵਨ ਦ੍ਰਿਸ਼ਟੀ ਵਜੋਂ

ਉੱਭਰ ਕੇ ਸਾਹਮਣੇ ਆਉਂਦਾ ਹੈ। ਜੋ ਜੀਵਨ ਜਗਤ ਅਤੇ ਕਲਾ ਪ੍ਰਤੀ ਇਕ ਇਕਾਗਰ ਸੰਵੇਦਨ ਵਿਧੀ ਨੂੰ ਚਿਹਨਿਤ ਕਰਦੀ ਹੈ। ਸੁਹਜ-ਸ਼ਾਸਤਰ ਕਲਾ ਸੰਬੰਧੀ ਇਕ ਅਜਿਹੀ ਦ੍ਰਿਸ਼ਟੀ ਹੈ, ਜੋ ਕਲਾ ਦੀ ਵਾਸਤਵਿਕ ਪ੍ਰਕ੍ਰਿਤੀ ਦੀ ਪਛਾਣ ਕਾਇਮ ਕਰਨ ਦੀ ਲਗਨ ਨੂੰ ਸਮਰਪਿਤ ਹੈ। ਇਸਦੇ ਮੁਤਾਬਿਕ ਹੀ ਕਲਾ ਨੂੰ ਆਪਣੇ ਆਪ ਵਿਚ ਸ੍ਵੈ-ਸੰਪੂਰਨ ਅਤੇ ਖ਼ੁਦਮੁਖਤਾਰ ਮੰਨਿਆ ਜਾਂਦਾ ਹੈ।

ਮਨੁੱਖੀ ਚੇਤਨਾ ਨੇ ਆਪਣੇ ਸਮਾਜਿਕ ਅਤੇ ਸਭਿਆਚਾਰਕ ਵਿਕਾਸ ਦੌਰਾਨ ਜਿਹੜੇ ਸਰਵਵਿਆਪਕ ਅਤੇ ਸਦੀਵੀ ਗੁਣਾਂ ਨੂੰ ਗ੍ਰਹਿਣ ਕੀਤਾ ਹੈ, ਉਹਨਾਂ ਵਿਚੋਂ ਸੁਹਜ ਅਨੁਭਵ, ਸੁਹਜ ਚੇਤਨਾ ਅਤੇ ਸੁਹਜ ਸੰਵੇਦਨਾ ਦਾ ਅਨੁਭਵ ਪ੍ਰਮੁੱਖ ਹੈ। ਉਪਰੋਕਤ ਚਰਚਾ ਅਨੁਸਾਰ ਸੁਹਜ-ਸ਼ਾਸਤਰ ਦਾ ਉਦੇਸ਼ ਸੁਹਜ ਅਤੇ ਉਸਦੀਆਂ ਭਾਵਨਾਵਾਂ ਨਾਲ ਜੁੜੀਆਂ ਹੋਈਆਂ ਸਮੂਹ ਪਰਤਾਂ ਦੀ ਵਿਆਖਿਆ ਕਰਨਾ ਹੈ। ਇਸ ਲਈ ਸੁਹਜ-ਸ਼ਾਸਤਰੀ ਜਿਸ ਸੁਹਜ ਨੂੰ ਵਰਣਿਤ ਕਰਦੇ ਹਨ ਉਹ ਸਾਹਿਤ ਅਤੇ ਹਰ ਲਲਿਤ ਕਲਾਵਾਂ ਦਾ ਹੀ ਸੁਹਜ ਹੁੰਦਾ ਹੈ। ਸਾਹਿਤ ਵਿਚ 'ਸ਼ਬਦ' ਦੇ ਮਾਧਿਅਮ ਰਾਹੀਂ ਵਿਸ਼ਵ, ਕੁਦਰਤ ਅਤੇ ਜੀਵਨ ਦੇ ਵਿਭਿੰਨ ਰੂਪਾਂ ਦੀ ਬਣਤਰਾਂ ਦਾ ਚਿਤਰਣ ਹੁੰਦਾ ਹੈ। ਸ਼ਬਦ ਸਾਹਿਤ ਅਤੇ ਕਲਾ ਲਈ ਇਕ ਮਾਧਿਅਮ ਹੈ ਅਤੇ ਇਹ ਮਾਧਿਅਮ ਰਾਹੀਂ ਹੀ ਸਾਹਿਤ ਅਤੇ ਕਲਾ ਆਪਸ ਵਿਚ ਜੁੜਦੇ ਹਨ।

ਕਲਾ ਦੇ ਖੇਤਰ ਵਿਚ ਸ਼ਬਦ ਨੂੰ ਸਭ ਤੋਂ ਸੂਖ਼ਮ ਅਤੇ ਸ਼ਕਤੀਸ਼ਾਲੀ ਮੰਨਿਆ ਗਿਆ ਹੈ।[78] ਹਰੇਕ ਮਨੁੱਖ ਕਿਸੇ ਨਾ ਕਿਸੇ ਪ੍ਰਕਾਰ ਦੀ ਕਲਾ/ਸਾਹਿਤ ਨਾਲ ਜੁੜਿਆ ਹੁੰਦਾ ਹੈ। ਕਲਾ/ਸਾਹਿਤ ਦੀ ਸਿਰਜਣਾ ਦਾ ਆਧਾਰ ਮਨੁੱਖੀ ਸੁਹਜ ਚੇਤਨਾ ਹੈ ਅਤੇ ਇਹ ਸੁਹਜ ਚੇਤਨਾ ਸੁਹਜ ਦੇ ਵਿਭਿੰਨ ਰੂਪਾਂ ਵਿਚ ਵੱਖ ਵੱਖ ਢੰਗ ਨਾਲ ਅਤੇ ਵੱਖੋ-ਵੱਖਰੇ ਮਾਧਿਅਮਾਂ ਰਾਹੀਂ ਪ੍ਰਗਟ ਹੁੰਦੀ ਹੈ। ਕਲਾ/ਸਾਹਿਤ ਸਿਰਜਣਾ ਲਈ ਸੁਹਜ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਸੁਹਜ ਦੁਆਰਾ ਸਾਹਿਤ ਦਾ ਨਿਰਮਾਣ ਹੁੰਦਾ ਹੈ ਅਤੇ ਸਾਹਿਤ ਦੁਆਰਾ ਸੁਹਜ ਦੀ ਸ੍ਰਿਸ਼ਟੀ।[79] ਇਸ ਤਰ੍ਹਾਂ ਸਾਹਿਤ/ਕਲਾ ਸਿਰਜਣਾ ਅਤੇ ਸੁਹਜ ਇਕ ਦੂਜੇ ਦੇ ਪੂਰਕ ਬਣ ਜਾਂਦੇ ਹਨ। ਸਾਹਿਤਕਾਰ ਆਪਣੇ ਰਚਨਾਤਮਕ ਕ੍ਰਮ ਹੇਠ ਮਨੁੱਖ ਦੀਆਂ ਸੁੰਦਰ ਅਤੇ ਸਦੀਵੀ ਭਾਵਨਾਵਾਂ ਨੂੰ ਸਾਹਿਤ ਵਿਚ ਭਰਨ ਦੀ ਕੋਸ਼ਿਸ਼ ਹਮੇਸ਼ਾਂ ਕਰਦਾ ਹੈ। ਇਸਦੇ ਨਾਲ ਹੀ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਸਾਹਿਤ ਨਾਲ ਸੰਬੰਧਿਤ ਸਿਰਜਣਾਵਾਂ ਕੇਵਲ ਯਥਾਰਥ ਦਾ ਪ੍ਰਤੀਬਿੰਬ ਹੀ ਨਹੀਂ ਹੁੰਦੀਆਂ, ਸਗੋਂ ਇਹਨਾਂ ਵਿਚ ਸਾਹਿਤਕਾਰ ਦੀ ਵਿਚਾਰਧਾਰਾ ਦਾ ਵੀ ਪੂਰਾ ਯੋਗਦਾਨ ਸ਼ਾਮਿਲ ਹੁੰਦਾ ਹੈ।

## (ਸ) ਸੁਹਜ-ਸ਼ਾਸਤਰ ਅਤੇ ਮੱਧਕਾਲੀ ਸਾਹਿਤ

ਮੱਧਕਾਲੀ ਸਾਹਿਤਕ ਵਿਰਸੇ ਨਾਲ ਗਿਆਨ ਮੂਲਕ ਅਤੇ ਸੁਹਜ ਮੂਲਕ ਸਰੋਕਾਰ ਜੋੜਨ ਲਈ ਮੱਧਕਾਲੀਨਤਾ ਦੇ ਸੰਕਲਪ ਦੀ ਵਿਆਖਿਆ ਕਰਨੀ ਅਤਿ ਜ਼ਰੂਰੀ ਹੈ। ਸਾਹਿਤ ਇਤਿਹਾਸ ਦੇ ਖੇਤਰ ਵਿਚ 'ਮੱਧਕਾਲ' ਸ਼ਬਦ ਦੀ ਵਰਤੋਂ 'ਆਧੁਨਿਕ ਕਾਲ' ਦੇ ਨਿਖੇੜੇ ਅਤੇ ਵਿਰੋਧ ਦੇ ਪ੍ਰਸੰਗ ਵਿਚ ਕੀਤੀ ਜਾਂਦੀ ਹੈ ਭਾਵੇਂ ਮੂਲ ਰੂਪ ਵਿਚ ਇਹ ਦੋਵੇਂ ਸ਼ਬਦ ਕਾਲ ਤੇ ਆਧਾਰਿਤ ਹਨ ਪਰ ਵਿਹਾਰਕ ਵਰਤੋਂ ਵਿਚ ਇਹ ਵਿਸ਼ੇਸ਼ ਪ੍ਰਕਾਰ ਦਾ ਸੰਕਲਪੀ ਅਰਥ ਗ੍ਰਹਿਣ ਕਰ ਗਏ ਹਨ। ਇਨ੍ਹਾਂ ਸ਼ਬਦਾਂ ਦਾ ਵਾਸਤਵਿਕ ਪ੍ਰਯੋਗ ਮਨੁੱਖੀ ਚੇਤਨਾ ਅਤੇ ਸੰਵੇਦਨਾ ਦਾ ਇਤਿਹਾਸਕ ਪਰਿਪੇਖ ਉਸਾਰਨ ਲਈ ਕੀਤਾ ਜਾਂਦਾ ਹੈ। ਸਾਹਿਤ ਦੇ ਸਿਰਜਤ ਸੰਸਾਰ ਦਾ ਇਤਿਹਾਸ ਮੂਲਕ ਲੇਖਾ ਜੋਖਾ ਕਰਨ ਲਈ ਇਹ ਸੰਕਲਪੀ ਜੁੱਟ ਇਕ ਵਿਆਪਕ ਕਿਸਮ ਦੀ ਕਾਲ ਵੰਡ ਦਾ ਆਧਾਰ ਪ੍ਰਸਤੁਤ ਕਰਦਾ ਹੈ। ਇਹਨਾਂ ਦੇ ਅੰਤਰਗਤ ਹੀ ਸਾਹਿਤ ਇਤਿਹਾਸ ਦੀ ਕਾਲ-ਵੰਡ ਮਨੁੱਖੀ ਚੇਤਨਾ ਅਤੇ ਸੰਵੇਦਨਾ ਦੇ ਮੌਲਿਕ ਪਰਿਵਰਤਨ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਸਾਹਿਤ ਇਤਿਹਾਸ ਦੀ ਇਹ ਕਾਲਵੰਡ ਤਰਕਸ਼ੀਲ ਅਤੇ ਪ੍ਰਮਾਣਿਕ ਹੈ ਕਿਉਂਕਿ ਇਸ ਵਿਚ ਸਾਹਿਤ ਦੇ ਸਿਰਜਿਤ ਸੰਸਾਰ ਨੇ ਮਨੁੱਖੀ ਚੇਤਨਾ ਅਤੇ ਸੰਵੇਦਨਾ ਦੇ ਹਰ ਕਿਸੇ ਮੌਲਿਕ ਪਰਿਵਰਤਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਤੀਬਿੰਬਤ ਕੀਤਾ ਹੈ। ਸਾਹਿਤ ਦੇ ਮਾਧਿਅਮ ਰਾਹੀਂ ਹੀ ਪੇਸ਼ ਹੋ ਰਿਹਾ ਗਲਪੀ ਸੰਸਾਰ ਪ੍ਰਤੱਖ ਰੂਪ ਵਿਚ ਸਮਕਾਲੀ ਯਥਾਰਥ ਤੋਂ ਹੀ ਪ੍ਰਭਾਵਿਤ ਹੁੰਦਾ ਹੈ। ਮਨੁੱਖ ਦਾ ਇਹ ਯਥਾਰਥ ਬੋਧ ਉਸ ਦੀ ਚੇਤਨਾ ਅਤੇ ਸੰਵੇਦਨਾ ਦੀ ਹੀ ਉਪਜ ਹੁੰਦੀ ਹੈ ਜੋ ਆਪਣੇ ਯੁੱਗ ਦੀ ਪ੍ਰਤੀਨਿਧ ਵਿਚਾਰਧਾਰਾ ਜਾਂ ਵਿਸ਼ਵ ਦ੍ਰਿਸ਼ਟੀ ਦੇ ਰੰਗ ਵਿਚ ਰੰਗੀ ਹੁੰਦੀ ਹੈ।

ਟੈਰੀ ਈਗਲਟਨ ਦੇ ਸ਼ਬਦਾਂ ਵਿਚ ਸਾਹਿਤ ਵਿਚਾਰਧਾਰਾ ਦੀ ਉਪਜ ਹੁੰਦੀ ਹੈ ਪਰ ਖੁਦ ਵਿਚਾਰਧਾਰਾ ਆਪਣੀ ਸਮਕਾਲੀ ਇਤਿਹਾਸਕ ਸਥਿਤੀ ਦੀ ਉਪਜ ਹੁੰਦੀ ਹੈ। ਇਸ ਲਈ ਇਤਿਹਾਸਕ ਸਥਿਤੀ ਵਿਚ ਵਾਪਰਿਆ ਕੋਈ ਵੀ ਮੂਲ ਪਰਿਵਰਤਨ, ਵਿਚਾਰਧਾਰਕ ਪਰਿਵਰਤਨ ਦਾ ਰੂਪ ਧਾਰ ਕੇ ਸਾਹਿਤਕ ਪਰਿਵਰਤਨ ਦਾ ਕਾਰਨ ਬਣ ਜਾਂਦਾ ਹੈ। ਪੰਜਾਬੀ ਸਾਹਿਤ ਦਾ ਮੱਧਕਾਲੀ ਸਾਹਿਤ ਦਾ ਸੰਕਲਪ ਵੀ ਇਸੇ ਕਿਸਮ ਦੇ ਇਤਿਹਾਸਕ ਅਤੇ ਵਿਚਾਰਧਾਰਕ ਪਰਿਵਰਤਨ ਵੱਲ ਸੰਕੇਤ ਕਰਦਾ ਹੈ। ਡਾ. ਯੋਗਰਾਜ ਮੱਧਕਾਲੀ ਸਾਹਿਤ ਬਾਰੇ ਵਿਚਾਰ ਪੇਸ਼ ਕਰਦੇ ਹੋਏ ਆਖਦੇ ਹਨ:

ਇਕ ਪਾਸੇ ਤਾਂ ਇਹ ਸਮੁੱਚਾ ਕਾਵਿ ਅਧਿਆਤਮਕ ਸੁਹਜ ਚੇਤਨਾ ਰਾਹੀਂ ਪਰਮ ਮਨੁੱਖ ਆਦਰਸ਼ ਸਿਰਜਣ ਵੱਲ ਕਾਰਜਸ਼ੀਲ ਹੈ ਦੂਜੇ ਆਪਣੀਆਂ ਸਮਕਾਲੀਨ ਮਨੁੱਖੀ ਵਿਰੋਧੀ ਸੰਸਕ੍ਰਿਤਕ ਪ੍ਰਸਥਿਤੀਆਂ ਦਾ ਵਿਸਫੋਟ ਕਰਦਾ ਹੈ। ਆਪਣੀਆਂ ਸਮਕਾਲੀਨ ਪ੍ਰਸਥਿਤੀਆਂ ਦੇ ਮਨੁੱਖ ਵਿਰੋਧੀ ਸਰੂਪ ਦਾ ਵਿਸਫੋਟ, ਮੱਧਕਾਲੀ ਕਾਵਿ ਆਪਣੀ ਇਤਿਹਾਸਕ ਸੀਮਾ ਵਿਚ ਕਰਦਾ ਹੈ ਜਿਸਦਾ ਕਾਰਣ ਉਸ ਸਮੇਂ ਦੀ ਸੁਹਜ ਚੇਤਨਾ ਦੇ ਸੁਭਾਅ ਦਾ ਅਧਿਆਤਮਿਕ ਮੁਖੀ ਹੋਣਾ ਹੈ।[80]

ਮੱਧਕਾਲੀਨ ਸਾਹਿਤ ਅਤੇ ਸੰਵੇਦਨਾ ਦਾ ਮੁੱਖ ਲੱਛਣ ਧਾਰਮਿਕਤਾ ਹੀ ਹੈ ਅਰਥਾਤ ਇਸ ਸਾਹਿਤ ਵਿਚ ਜੀਵਨ ਅਤੇ ਜਗਤ ਦੀ ਵਿਆਖਿਆ ਰੱਬ ਜਾਂ ਬ੍ਰਹਮ ਦੇ ਪਾਰਗਾਮੀ ਨੁਕਤੇ ਤੋਂ ਪੇਸ਼ ਕੀਤੀ ਗਈ ਹੈ ਅਤੇ ਯਥਾਰਥ ਨੂੰ ਵੀ ਪਰਮਾਰਥ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਇਸ ਕਾਰਨ ਕਰਕੇ ਹੀ ਇਸ ਕਾਲ ਦੀਆਂ ਸਮੂਹ ਸਾਹਿਤਕ ਸਿਰਜਣਾਵਾਂ ਮਨੁੱਖੀ ਜੀਵਨ ਦੇ ਪਰਮਾਰਥੀ ਸਰੋਕਾਰਾਂ ਨਾਲ ਸੰਬੰਧਿਤ ਹੋਣ ਦੀ ਪ੍ਰਵਿਰਤੀ ਦਰਸਾਉਂਦੀਆਂ ਹਨ। ਨਾਥ ਕਾਵਿ, ਭਗਤ ਕਾਵਿ, ਗੁਰਮਤਿ ਕਾਵਿ, ਸੂਫ਼ੀ ਕਾਵਿ, ਕਿੱਸਾ ਕਾਵਿ, ਵੀਰ ਕਾਵਿ, ਲੋਕ ਸਾਹਿਤ ਅਤੇ ਵਾਰਤਕ ਸਾਹਿਤ ਆਦਿ ਮੱਧਕਾਲੀ ਸਾਹਿਤ ਦੀਆਂ ਪ੍ਰਮੁੱਖ ਵੰਨਗੀਆਂ ਹਨ।

ਮੱਧਕਾਲੀ ਸਾਹਿਤ ਵਿਚ ਨਾਥ ਕਾਵਿ, ਭਗਤ ਕਾਵਿ, ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ ਵਿਚ ਇਹ ਧਾਰਮਿਕ ਸੰਵੇਦਨਾ ਸਿੱਧੇ ਤੌਰ ਤੇ ਕਾਰਜਸ਼ੀਲ ਹੈ ਪਰ ਕਿੱਸਾ ਕਾਵਿ, ਵਾਰਾਂ, ਜੰਗਨਾਮੇ ਅਤੇ ਵਾਰਤਕ ਸਾਹਿਤ ਵਿਚ ਵੀ ਅਸਿੱਧੇ ਤੌਰ ਤੇ ਇਸ ਸੰਵੇਦਨਾ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਇਸ ਪ੍ਰਕਾਰ ਮੱਧਕਾਲੀ ਸਾਹਿਤ ਧਾਰਮਿਕ ਚੇਤਨਾ ਅਤੇ ਸੰਵੇਦਨਾ ਦੀ ਭਰਪੂਰ ਵਿਆਖਿਆ ਨਾਲ ਸੰਬੰਧਿਤ ਹੈ। ਅਸਲ ਵਿਚ ਇਹ ਸੰਵੇਦਨਾ ਮੱਧਕਾਲੀ ਇਤਿਹਾਸਿਕ ਸਥਿਤੀ ਦੀ ਉਪਜ ਹੈ। ਮੱਧਕਾਲੀ ਸਾਹਿਤ ਦੀਆਂ ਪ੍ਰਮੁੱਖ ਵੰਨਗੀਆਂ ਵਿਚ ਸੁਹਜ-ਸ਼ਾਸਤਰੀ ਨੇਮਾਂ ਦੀ ਤਲਾਸ਼ ਕਰਨਾ ਸਾਡਾ ਪ੍ਰਮੁੱਖ ਕਾਰਜ ਹੈ। ਅਧਿਐਨ ਅਤੇ ਅਧਿਆਪਨ ਦੀ ਸੌਖ ਲਈ ਇਨ੍ਹਾਂ ਸਾਹਿਤਕ ਪ੍ਰਵਿਰਤੀਆਂ/ਵੰਨਗੀਆਂ ਨੂੰ ਚਾਰ ਪ੍ਰਮੁੱਖ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ, ਜਿਸ ਨਾਲ ਇਨ੍ਹਾਂ ਦਾ ਸੁਹਜ-ਸ਼ਾਸਤਰੀ ਅਧਿਐਨ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਜਾ ਸਕਦਾ ਹੈ।

ਮੱਧਕਾਲੀ ਸਾਹਿਤ ਦੀ ਪਹਿਲੀ ਪ੍ਰਵਿਰਤੀ ਧਾਰਮਿਕ ਸਾਹਿਤ ਦੀ ਮੰਨੀ ਗਈ ਹੈ ਜਿਸ ਵਿਚ ਨਾਥ ਕਾਵਿ, ਭਗਤ ਕਾਵਿ, ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ ਸ਼ਾਮਿਲ ਹਨ। ਇਸ ਕਾਵਿ-ਪ੍ਰਵਿਰਤੀ ਦੇ ਅਧੀਨ ਮਿਲਦੀ ਰਚਨਾ ਦੀ ਵਿਲੱਖਣਤਾ ਦਾ ਆਧਾਰ ਧਰਮ ਅਤੇ ਕਾਵਿ ਦਾ ਸੰਜੋਗੀ ਰਿਸ਼ਤਾ ਹੈ। ਧਰਮ ਅਤੇ ਕਾਵਿ ਮਨੁੱਖੀ ਅਨੁਭਵ ਅਤੇ ਦ੍ਰਿਸ਼ਟੀ ਦੇ ਦੋ ਵਿਭਿੰਨ ਰੂਪ ਹਨ। ਜੇਕਰ ਧਰਮ ਦਾ ਮੁੱਖ ਪ੍ਰਯੋਜਨ ਮਨੁੱਖੀ ਜੀਵਨ ਦੇ ਪਰਮਾਰਥ ਸਰੋਕਾਰਾਂ ਨਾਲ ਸੰਬੰਧਿਤ ਹੈ ਤਾਂ ਕਾਵਿ ਦਾ ਪ੍ਰਯੋਜਨ ਯਥਾਰਥ ਦੇ ਸੁਹਜ ਅਨੁਭਵ ਨੂੰ ਸਾਹਮਣੇ ਲਿਆਉਣ ਨਾਲ ਸੰਬੰਧਿਤ ਹੈ। ਪੰਜਾਬੀ ਸਾਹਿਤ ਦਾ ਮੁੱਢ 8ਵੀਂ 9ਵੀਂ ਸਦੀ ਵਿਚ ਬੱਝਦਾ ਹੈ। ਇਹਨਾਂ ਇਤਿਹਾਸਕ ਪੜਾਵਾਂ ਉੱਤੇ ਸਾਨੂੰ ਨਾਥ ਜੋਗੀਆਂ ਦੁਆਰਾ ਰਚਿਆ ਗਿਆ ਸਾਹਿਤ ਮਿਲਦਾ ਹੈ। ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ ਦਾ ਮਤ ਹੈ:

> ਇਹ ਕੰਨ ਪਾਟੇ ਜੋਗੀ ਤੇ ਨਾਥ 8ਵੀਂ 9ਵੀਂ ਸਦੀ ਤੇ 10ਵੀਂ ਸਦੀ ਵਿਚ ਉੱਤਰ ਪੱਛਮੀ ਭਾਰਤ ਵਿਚ ਵਿਚਰਦੇ ਰਹੇ। ਪੰਜਾਬ ਤੇ ਰਾਜਸਥਾਨ ਨੂੰ ਇਹਨਾਂ ਦਾ ਮੂਲ ਕੇਂਦਰ ਮੰਨਿਆ ਗਿਆ ਹੈ ਭਾਵੇਂ ਜੋਗ ਮੱਤ ਦਾ ਜਨਮ ਇਸ ਸਮੇਂ ਤੋਂ ਢੇਰ ਸਮੇਂ ਪਹਿਲਾਂ ਉਪਨਿਸ਼ਦਾਂ ਦੇ ਸਮੇਂ ਤੋਂ ਹੋ ਚੁੱਕਿਆ ਸੀ ਅਤੇ ਉਪਨਿਸ਼ਦਾਂ, ਗੀਤਾ ਅਤੇ ਹੋਰ ਪੁਰਾਤਨ ਗ੍ਰੰਥਾਂ ਵਿਚ ਜੋਗ ਬਾਰੇ ਭਿੰਨ ਭਿੰਨ ਪ੍ਰਕਾਰ ਦਾ ਵਰਣਨ ਆਉਂਦਾ ਹੈ।[81]

ਜੋਗ ਮੱਤ ਦੇ ਅਰਥ ਹਨ 'ਜੁੜਨਾ' ਭਾਵ ਮਨ ਦੀ ਸਾਧਨਾ ਦੁਆਰਾ ਆਤਮਾ ਨੂੰ ਪ੍ਰਮਾਤਮਾ ਨਾਲ ਜੋੜਨਾ। ਇਹ ਮੱਤ ਅਜਿਹੇ ਸੰਜਮ ਵੱਲ ਇਸ਼ਾਰਾ ਕਰਦਾ ਹੈ ਜਿਸ ਨੂੰ ਪ੍ਰਾਪਤ ਕਰਕੇ ਮਨ ਦੀਆਂ ਸਾਰੀਆਂ ਕਿਰਿਆਵਾਂ ਉੱਤੇ ਕਾਬੂ ਪਾਇਆ ਜਾ ਸਕਦਾ ਹੈ। ਜੋਗ ਮੱਤ ਅਭਿਆਸ ਉਸ ਆਤਮਕ ਅਨੁਭਵ ਨੂੰ ਪਹੁੰਚਣ ਲਈ ਸੰਜਮ ਸਾਧਨਾ ਦੀ ਇਕ ਵਿਧੀ ਹੈ। ਜੋਗ ਮੱਤ ਨੇ ਪੰਜਾਬ ਦੇ ਸਮਾਜਿਕ ਸਭਿਆਚਾਰਕ ਜੀਵਨ ਤੇ ਡੂੰਘਾ ਅਤੇ ਚਿਰ ਸਥਾਈ ਪ੍ਰਭਾਵ ਛੱਡਿਆ ਹੈ। ਭਾਵੇਂ ਜੋਗ ਮੱਤ ਆਤਮਕ ਸਾਧਨਾ ਦਾ ਮੱਤ ਸੀ ਪਰੰਤੂ ਫਿਰ ਵੀ ਇਸਨੇ ਸਮਾਜਿਕ ਖੇਤਰ ਵਿਚ ਬਹੁਤ ਕੰਮ ਕੀਤਾ। ਲੋਕਾਂ ਵਿਚੋਂ ਅਯਾਸ਼ੀ ਦੂਰ ਕਰਨ ਦਾ ਯਤਨ ਕੀਤਾ। ਰਾਜਿਆਂ ਨੂੰ ਸ਼ਿਸ਼ ਬਣਾ ਕੇ ਸੁਧਾਰਿਆ। ਵਰਣ ਭੇਦ ਮਿਟਾਇਆ। ਭੰਡਾਰੇ ਤੇ ਲੰਗਰ ਦਾ ਰਿਵਾਜ ਚਲਾਇਆ। ਮੇਲਿਆਂ ਦਾ ਰਿਵਾਜ ਪਾਇਆ। ਜੋਗ ਸਾਧਨਾ ਦੇ ਨਾਲ ਆਪਣੇ ਆਪ ਨੂੰ ਸਮਾਜ ਸੇਵਕ ਵੀ ਬਣਾਇਆ ਅਤੇ ਆਪਣੇ ਰਚੇ ਸਾਹਿਤ ਦੁਆਰਾ ਲੋਕਾਂ ਨੂੰ ਸਿੱਖਿਆ ਵੀ ਦਿੱਤੀ।[82] ਸੁਹਜ ਦੇ ਪੱਖ ਤੋਂ ਨਾਥ ਜੋਗੀਆਂ ਦੀ ਰਚਨਾ ਵਿਚ ਇਕ ਪਾਸੇ

ਉਪਦੇਸ਼ ਦਾ ਅੰਸ਼ ਪ੍ਰਧਾਨ ਹੈ ਅਤੇ ਦੂਜੇ ਪਾਸੇ ਇਹਨਾਂ ਦਾ ਸਾਰਾ ਸਾਹਿਤ ਰਾਗ ਅਤੇ ਰਾਗਨੀਆਂ ਵਿਚ ਬੱਧ ਹੈ। ਇਸ ਤੋਂ ਇਲਾਵਾ ਇਸ ਵਿਚ ਗ੍ਰਹਿਸਥੀ ਜੀਵਨ ਲਈ ਨਕਾਰਾਤਮਕ ਨਜ਼ਰੀਆ, ਇਸਤਰੀ ਤੋਂ ਪ੍ਰਹੇਜ਼, ਭੇਖੀ ਸਾਧਾਂ ਤੋਂ ਬਚਾਓ ਅਤੇ ਅਸਲੀ ਤਿਆਗ ਦੀ ਪਾਲਣਾ ਆਦਿ ਕਈ ਹੋਰ ਪੱਖ ਵੀ ਸ਼ਾਮਿਲ ਸਨ। ਔਰਤ ਦਾ ਵਿਰੋਧ ਕਰਨ ਵਿਚ ਗੋਰਖ ਨਾਥ ਦੀ ਸੁਰ ਵਧੇਰੇ ਤਿੱਖੀ ਹੈ।

ਦਾਮ ਕਾਢਿ ਬਾਘਨ ਲੈ ਆਇਆ। ਮਾਊ ਕਹੈ ਮੇਰਾ ਪੂਤ ਬਿਆਹਿਆ।
ਗੀਲੀ ਲੱਕੜੀ ਕੋ ਘੁਣ ਲਾਇਆ। ਤਿੰਨ ਡਾਲ ਮੂੰਡ ਸਣ ਖਾਇਆ।
ਬਾਘਨ ਜਿੰਦ ਲੈ ਬਾਘਨ ਬਿੰਦ ਲੈ। ਬਾਘਨ ਹਮਰੀ ਕਾਇਆ।[83]

ਜੋਗ ਮੱਤ ਵਿਚ ਆਈ ਗਿਰਾਵਟ ਕਾਰਨ ਬਹੁਤ ਸਾਰੇ ਜੋਗੀ ਕੇਵਲ ਭੇਖ ਦੇ ਜੋਗੀ ਹੀ ਰਹਿ ਗਏ ਸਨ। ਗੋਰਖ ਨਾਥ ਅਤੇ ਚਰਪਟ ਨਾਥ ਨੇ ਅਜਿਹੇ ਜੋਗੀਆਂ ਉਤੇ ਬੜੇ ਕਰੜੇ ਵਾਰ ਕੀਤੇ ਹਨ। ਉਹਨਾਂ ਨੇ ਆਪਣੀ ਵਿਅੰਗਮਈ ਸ਼ੈਲੀ ਰਾਹੀਂ ਜੋਗ ਮੱਤ ਦੀ ਗਿਰਾਵਟ ਨੂੰ ਸਾਹਮਣੇ ਲਿਆਉਂਦਾ।

ਜੋ ਘਰ ਤਿਆਗ ਕਹਾਵੈ ਜੋਗੀ। ਘਰ ਵਾਸੀ ਕੋ ਕਹੈ ਜੋ ਭੋਗੀ।
ਅੰਤਰ ਭਾਵਨਾ ਪਰਖੈ ਜੋਈ। ਗੋਰਖ ਬੋਲੇ ਮੂਰਖ ਸੋਈ।
ਪੜ੍ਹ ਗ੍ਰੰਥਹਿ ਜੋ ਗਿਆਨ ਬਖਾਨੈ। ਪਵਨ ਸਾਧ ਪਰਮਾਰਥ ਮਾਨੈ।
ਪਰਮ ਤੱਤ ਕੋ ਹੋਇ ਨ ਗਰਮੀ। ਕਹੈ ਗੋਰਖ ਜੋ ਮਹਾਂ ਅਧਰਮੀ।[84]

ਜੋਗ ਮੱਤ ਨੂੰ ਸੀਮਤ ਅਰਥਾਂ ਵਿਚ ਗ੍ਰਹਿਣ ਕਰਨ ਵਾਲੇ ਅਗਿਆਨੀਆਂ ਲਈ ਗੋਰਖ ਦਾ ਸਿੱਧਾ ਉੱਤਰ ਸੀ। ਨਾਥ ਜੋਗੀਆਂ ਦੇ ਅਜਿਹੇ ਹੀ ਦੋਹਰੇ ਕਿਰਦਾਰ ਉਤੇ ਸਭ ਤੋਂ ਭਰਵਾਂ ਵਾਰ ਚਰਪਟ ਨਾਥ ਨੇ ਕੀਤਾ। ਉਸਦੀ ਬੇਬਾਕ, ਨਿਧੜਕ ਤੇ ਚੌਂਕਣੀ ਭਾਸ਼ਾ ਸ਼ੈਲੀ ਕਾਰਨ ਹੀ ਡਾ. ਮੋਹਨ ਸਿੰਘ ਨੇ ਉਸ ਨੂੰ ਪਹਿਲਾਂ ਮੱਧਕਾਲੀ ਦੰਭ-ਬਿਦਾਰੂ ਕਿਹਾ ਹੈ। ਜੋਗ ਮੱਤ ਨੇ ਪੰਜਾਬ ਅਤੇ ਪੰਜਾਬੀ ਜੀਵਨ ਉੱਤੇ ਆਪਣੀਆਂ ਧਾਰਨਾਵਾਂ ਦੇ ਕਾਰਨ ਅਮਿੱਟ ਛਾਪ ਛੱਡੀ।

ਸੂਫ਼ੀ ਸਾਹਿਤ ਮੱਧਕਾਲੀ ਸਾਹਿਤ ਦਾ ਪ੍ਰਮੁੱਖ ਅੰਗ ਹੈ। ਇਸਦਾ ਵਿਸਤਾਰ ਆਦਿ ਕਾਲ ਤੋਂ ਆਧੁਨਿਕ ਕਾਲ ਤੱਕ ਹੈ। ਇਤਿਹਾਸਕ ਕਾਲ ਕ੍ਰਮ ਵਿਚ ਇਸਦਾ ਸਮਾਂ ਗੁਰਮਤਿ ਸਾਹਿਤ ਤੋਂ ਵੀ ਪਹਿਲਾਂ ਆਉਂਦਾ ਹੈ। ਸੂਫ਼ੀ ਮੱਤ ਠੀਕ ਉਸ ਤਰ੍ਹਾਂ ਇਸਲਾਮ ਧਰਮ ਦੀ ਕੱਟੜਤਾ ਦੇ ਵਿਰੋਧ ਵਿਚੋਂ ਉਭਰਿਆ ਜਿਵੇਂ ਹਿੰਦੂ ਮੱਤ ਦੀ ਕੱਟੜਤਾ ਦੇ ਵਿਰੋਧ ਵਿਚ ਭਗਤੀ ਲਹਿਰ ਅਤੇ ਗੁਰਮਤਿ ਲਹਿਰ

ਹੋਂਦ ਵਿਚ ਆਈ ਸੀ। 'ਇਸ਼ਕ ਹਕੀਕੀ' ਦੀ ਗੱਲ ਕਰਦਾ ਹੋਇਆ ਇਹ ਸਾਹਿਤ 'ਸ਼ਰਾ' ਦੇ ਭੇਖਮਈ ਰੂਪ ਦੀ ਭੰਡੀ ਵੀ ਕਰਦਾ ਹੈ। ਇਹ ਰੱਬੀ ਹੋਂਦ ਦੀ ਏਕਤਾ ਦੀ ਗੱਲ ਕਰਦਾ ਹੈ। ਮਨੁੱਖ ਦੀ ਅਧਿਆਤਮਕ ਯਾਤਰਾ ਨੂੰ ਇਸ ਨੇ ਸ਼ਰੀਅਤ, ਤਰੀਕਤ, ਹਕੀਕਤ ਅਤੇ ਮਾਰਫ਼ਤ ਆਦਿ ਦੀਆਂ ਅਵਸਥਾਵਾਂ ਰਾਹੀਂ ਬਿਆਨ ਕੀਤਾ ਹੈ। ਰੱਬ ਦੀ ਰਜ਼ਾ, ਪਵਿੱਤਰਤਾ, ਤਿਆਗ ਅਤੇ ਮਨ ਦੇ ਕਾਬੂ ਉੱਤੇ ਜ਼ੋਰ ਆਦਿ ਇਸਦੇ ਪ੍ਰਮੁੱਖ ਵਿਚਾਰ ਹਨ। ਸਾਰਾ ਪੰਜਾਬੀ ਸੂਫ਼ੀ ਕਾਵਿ ਆਤਮਾ ਦੇ ਉਸ ਪਰਮ ਤੱਤ ਨਾਲ ਮਿਲਾਪ ਦੀ ਸਥਾਪਤੀ ਲਈ ਬਿਹਬਿਲਤਾ ਦਾ ਪ੍ਰਮਾਣ ਹੈ। ਇਸ ਵਿਚਲੀ ਬਿਹਬਿਲਤਾ ਰਹੱਸਵਾਦੀ ਕਵਿਤਾ ਵਰਗੀ ਨਹੀਂ ਸਗੋਂ ਅਤਿ ਤੀਬਰ ਹੈ। ਇਸ਼ਕ, ਬਿਰਹਾ ਅਤੇ ਨੈਤਿਕਤਾ ਇਸ ਸਾਹਿਤ ਦੀਆਂ ਪ੍ਰਮੁੱਖ ਥੀਮਕ ਇਕਾਈਆਂ ਹਨ। ਇਸ ਵਿਚ ਲੋਕ ਵਿਰਸੇ ਦੀਆਂ ਰੂੜ੍ਹੀਆਂ ਰਮੀਆਂ ਹੋਈਆਂ ਹਨ। ਸੁਹਜ ਸਿਰਜਣਾ ਸਮੇਂ ਸਾਰੇ ਸੂਫ਼ੀ ਕਵੀਆਂ ਨੇ ਪਤੀ ਪਤਨੀ ਦੇ ਆਪਸੀ ਸੰਬੰਧਾਂ ਦੇ ਪ੍ਰਤੀਕਾਂ ਨਾਲ ਪੰਜਾਬ ਵਿਚ ਪ੍ਰਚਲਿਤ ਪ੍ਰਤੀਕ ਕਥਾਵਾਂ ਦੇ ਨਾਇਕ-ਨਾਇਕਾਵਾਂ ਨੂੰ ਵੀ ਆਪਣੇ ਵਿਚਾਰ ਪ੍ਰਗਟਾਵੇ ਦਾ ਆਧਾਰ ਬਣਾਇਆ ਹੈ।

(ੳ) ਰਾਂਝਾ ਰਾਂਝਾ ਕਰਦੀ ਨੀ ਮੈਂ, ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।[85]

(ਅ) ਨੀ ਮਾਏਂ, ਮੈਂਡੀ ਖੇੜਿਆਂ ਦੀ,
ਗਲਿ ਨਾ ਆਖ,
ਰਾਂਝਣ ਮੈਂਹਡਾ ਮੈਂ ਰਾਂਝਣੇ ਦੀ, ਖੇੜਿਆਂ ਨੂੰ ਕੂੜੀ ਝਾਕ।[86]

ਸੂਫ਼ੀ ਸਾਹਿਤ ਵਿਚ ਪ੍ਰਗਟਾਏ ਗਏ ਪ੍ਰੇਮ ਸੰਬੰਧ ਅਨੁਭਵ ਦੀ ਪੱਧਰ ਉੱਤੇ ਹੀ ਕਾਇਮ ਰਹਿੰਦੇ ਹਨ। ਇਹਨਾਂ ਦਾ ਪੱਧਰ ਕੇਵਲ ਸਰੀਰ ਨਹੀਂ ਮੰਨਿਆ ਜਾ ਸਕਦਾ ਹੈ। ਇਸ ਸਾਹਿਤ ਵਿਚ ਉਸ ਪਰਮਾਤਮਾ ਨਾਲ ਪਿਆਰ ਦੀ ਪ੍ਰਤੀਕਾਤਮਕ ਪੇਸ਼ਕਾਰੀ ਬੜੇ ਸਪੱਸ਼ਟ ਸ਼ਬਦਾਂ ਵਿਚ ਹੋਈ ਹੈ। ਇਸ ਲਈ ਇਹ ਸਪੱਸ਼ਟ ਹੋ ਗਿਆ ਹੈ ਕਿ ਇਸ ਸਾਹਿਤ ਦਾ ਸੁਹਜ ਦਾ ਸਰੂਪ ਸਮਾਜਿਕ ਖੇਤਰ ਦੀ ਚੀਜ਼ ਨਾ ਹੋ ਕੇ ਅਧਿਆਤਮਿਕ ਖੇਤਰ ਦੀ ਵਸਤੂ ਹੀ ਸਾਬਤ ਹੋਇਆ ਹੈ। ਮੱਧਕਾਲੀਨ ਪੰਜਾਬੀ ਸਾਹਿਤ ਵਿਚ ਸੂਫ਼ੀ ਸਾਹਿਤ ਦਾਰਸ਼ਨਿਕ ਪਿਛੋਕੜ ਵਿਚ ਇਸਲਾਮਿਕ ਸੰਸਕ੍ਰਿਤੀ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਇਸਲਾਮਕ ਕੱਟੜਤਾ ਦਾ ਵਿਰੋਧ ਕਰਦਾ ਹੈ। ਬਾਬਾ ਫ਼ਰੀਦ ਤੋਂ ਲੈ ਕੇ ਬੁੱਲ੍ਹੇ ਸ਼ਾਹ ਤੱਕ

ਸੂਫ਼ੀ ਸਾਹਿਤ ਨਿਰੰਤਰ ਪ੍ਰਵਾਹਮਾਨ ਰਹਿੰਦਾ ਹੈ। ਬਾਬਾ ਫ਼ਰੀਦ ਪੰਜਾਬੀ ਸੂਫ਼ੀ ਸਾਹਿਤ ਦੇ ਮੋਢੀ ਕਵੀ ਹਨ। ਪੰਜਾਬੀ ਭਾਸ਼ਾ ਨੂੰ ਸਾਹਿਤਕ ਮੂੰਹ ਮੱਥਾ ਪ੍ਰਦਾਨ ਕਰਨ ਵਾਲਾ ਪਹਿਲਾ ਕਵੀ ਬਾਬਾ ਫ਼ਰੀਦ ਇਕ ਸੂਫ਼ੀ ਸਾਧਕ ਸੀ ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਪ੍ਰਵਾਨ ਚੜ੍ਹੀ ਹੈ। ਡਾ. ਯੋਗਰਾਜ ਅਨੁਸਾਰ ਆਪਣੇ ਅਧਿਆਤਮਿਕ ਰਹੱਸਵਾਦ ਅਨੁਸਾਰ ਫ਼ਰੀਦ ਕਾਵਿ ਵਿਚ ਸੰਕਲਪਿਆ ਗਿਆ ਰੱਬ, ਪ੍ਰਭੂ, ਅੱਲਾਹ, ਇਕ ਅਜਿਹੇ ਲੌਕਿਕ ਰੱਬ ਦੇ ਰੂਪ ਵਿਚ ਹੋਂਦਸ਼ੀਲ ਹੁੰਦਾ ਹੈ ਜਿਹੜੀ ਕਿਸੇ ਧਰਮ, ਫਿਰਕੇ, ਜਾਤ ਜਾਂ ਨਸਲ ਦਾ ਰੱਬ ਨਹੀਂ ਸਗੋਂ ਉਸ ਮਨੁੱਖਤਾ ਦਾ ਰੱਬ ਹੈ ਜਿਹੜੀ 'ਚੰਗੇ ਅਮਲਾਂ ਦੀ' ਕਿਰਤ ਕਮਾਈ ਵਿਚ ਲੱਗੀ ਹੋਈ ਹੈ। ਪ੍ਰਭੂ ਦੀ ਪ੍ਰਾਪਤੀ ਸੂਫ਼ੀ ਸਾਹਿਤ ਦਾ ਕਾਵਿ ਆਦਰਸ਼ ਬਣ ਕੇ ਪੇਸ਼ ਹੋਇਆ ਹੈ ਅਤੇ ਇਸ ਦੀ ਪ੍ਰਾਪਤੀ ਦਾ ਆਧਾਰ ਬਾਬਾ ਫ਼ਰੀਦ ਨੇ ਆਤਮਿਕ ਸੁੱਚਤਾ ਅਤੇ ਅਮਲਾਂ ਨੂੰ ਮੰਨਿਆ ਹੈ।[87]

ਫਰੀਦਾ ਜਿਨੀ ਕੰਮੀ ਨਾਹਿ ਗੁਣਿ ਤੇ ਕੰਮੜੇ ਵਿਸਾਰਿ॥
ਮਤ ਸਰਮਿੰਦਾ ਥੀਵਹੀ ਸਾਈਂ ਦੇ ਦਰਬਾਰਿ॥[88]

ਬਾਬਾ ਫ਼ਰੀਦ ਜੀ ਨੇ ਮੌਤ ਅਤੇ ਸੰਸਾਰਕ ਨਾਸ਼ਮਾਨਤਾ ਦਾ ਭੈਅ ਸਿਰਜ ਕੇ ਰੱਬੀ ਹਕੀਕਤ ਦੇ ਮਹੱਤਵ ਨੂੰ ਪ੍ਰਗਟ ਕੀਤਾ ਹੈ। ਉਹਨਾਂ ਦਾ ਕਾਵਿ ਆਦਰਸ਼ ਮਨੁੱਖ ਨੂੰ ਰੱਬ ਦੀ ਹਕੀਕਤ ਅਤੇ ਪ੍ਰਾਣੀ ਦੀ ਮੰਜ਼ਿਲ ਤੋਂ ਸੁਚੇਤ ਕਰਵਾਉਣਾ ਹੀ ਕਿਹਾ ਜਾ ਸਕਦਾ ਹੈ। ਬਾਬਾ ਫ਼ਰੀਦ ਅਜਿਹੇ ਸੂਫ਼ੀ ਕਵੀ ਸਨ ਜਿਹਨਾਂ ਨੇ ਸੰਜਮ ਭਰਪੂਰ, ਸਦਾਚਾਰਕ ਜੀਵਨ ਜੀਉਣ ਦੀ ਪ੍ਰੇਰਣਾ ਦੇ ਕੇ ਮਨੁੱਖ ਨੂੰ ਆਪਣੇ ਪਿਆਰੇ ਪ੍ਰਭੂ ਦੇ ਲੜ ਲਗਣ ਦਾ ਕਾਵਿ ਮਨੋਰਥ ਪੇਸ਼ ਕੀਤਾ। ਬਾਬਾ ਫ਼ਰੀਦ ਤੋਂ ਬਾਅਦ ਦਾ ਪੰਜਾਬੀ ਸਾਹਿਤ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਸੁਲਤਾਨ ਬਾਹੂ ਰਾਹੀਂ ਜਿਸ ਅਧਿਆਤਮਕ ਰਹੱਸ ਨੂੰ ਪ੍ਰਗਟ ਕਰਦਾ ਹੈ, ਉਸਦਾ ਸੁਭਾਅ ਲੋਕ ਮੁੱਖੀ ਮੰਨਿਆ ਗਿਆ ਹੈ। ਇਹਨਾਂ ਦੇ ਸਾਹਿਤ ਵਿਚ ਪ੍ਰਭੂ ਇਸ਼ਕ ਦਾ ਸੰਕਲਪ ਲੋਕ ਕਹਾਣੀਆਂ ਦੇ ਚਿਹਨਾਂ ਰਾਹੀਂ ਪ੍ਰਗਟ ਹੁੰਦਾ ਹੈ ਅਤੇ ਸਾਹਿਤ ਵਿਚਲਾ ਦਰਦ ਬਿਰਹਾ ਅਤੇ ਸੁਹਜ ਲੋਕ ਮੁੱਖੀ ਸੁਭਾਅ ਦੇ ਨੇੜੇ ਹੈ।

ਰਾਂਝਾ ਜੋਗੀ, ਮੈਂ ਜੋਗਿਆਣੀ, ਕਮਲੀ ਕਰ ਕਰ ਛੱਡੀ ਆਂ।
ਕਹੈ ਹੁਸੈਨ ਫਕੀਰ ਸਾਈਂ ਦਾ, ਦਾਮਨ ਤੇਰੇ ਲੱਗੀ ਆਂ।[89]

ਉਪਰੋਕਤ ਤੋਂ ਸਪੱਸ਼ਟ ਹੈ ਕਿ ਪੰਜਾਬੀ ਸੂਫ਼ੀ ਸਾਹਿਤ ਵਿਚਾਰਧਾਰਾ ਪੱਖੋਂ ਗਤੀਸ਼ੀਲ ਰਿਹਾ ਹੈ ਅਤੇ ਸੂਫ਼ੀਆਂ ਨੇ ਆਪਣੀ ਬੋਲੀ ਨੂੰ ਬਹੁਤ ਹੀ ਸਰਲ ਰੱਖਿਆ ਹੈ ਅਤੇ ਸ਼ਬਦ ਜੜ੍ਹਤ ਬਹੁਤ ਹੀ ਰੌਚਕ

ਢੰਗ ਨਾਲ ਹੁੰਦੀ ਹੈ। ਜਿਸ ਨਾਲ ਸੁਹਜ ਅਨੁਭਵ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। ਆਨੰਦ ਦੀ ਅਨੁਭੂਤੀ ਹਾਸਲ ਹੁੰਦੀ ਹੈ। ਇਸ਼ਕ ਅਤੇ ਸਦਾਚਾਰੀ ਨੈਤਿਕਤਾ ਇਸ ਕਾਵਿ ਦੇ ਉਹ ਪ੍ਰਬਲ ਤੱਤ ਹਨ ਜਿਨ੍ਹਾਂ ਦਾ ਹਰ ਯੁੱਗ ਵਿਚ ਮਹੱਤਵ ਹੈ। ਇਨ੍ਹਾਂ ਕਰਕੇ ਹੀ ਸੂਫ਼ੀ ਕਾਵਿ ਦੀ ਆਧੁਨਿਕ ਯੁੱਗ ਵਿਚ ਵਿਸ਼ੇਸ਼ ਪ੍ਰਸੰਗਿਕਤਾ ਹੈ।

ਗੁਰਮਤਿ ਸਾਹਿਤ ਪਰੰਪਰਾ ਮੱਧਕਾਲੀਨ ਪੰਜਾਬੀ ਸਾਹਿਤ ਦੀ ਮਹੱਤਵਪੂਰਨ ਅਤੇ ਪ੍ਰਤੀਨਿਧ ਸਾਹਿਤਕ ਪ੍ਰਾਪਤੀ ਹੈ। ਇਹ ਸਾਹਿਤਕ ਪਰੰਪਰਾ ਮੁਗਲ ਸਾਮਰਾਜ ਦੇ ਅਤਿਆਚਾਰੀ ਸਰੂਪ ਅਤੇ ਬ੍ਰਾਹਮਣਵਾਦੀ ਕਰਮ ਕਾਂਡਾਂ, ਜਾਤਪਾਤੀ ਵਰਣ ਵਿਵਸਥਾ ਦਾ ਨਕਾਰਣ ਕਰਕੇ ਆਦਰਸ਼ਕ ਮਨੁੱਖ ਦਾ ਸੰਕਲਪ ਸਾਡੇ ਸਾਹਮਣੇ ਪੇਸ਼ ਕਰਦੀ ਹੈ। ਡਾ. ਕਵਲਜੀਤ ਗਰੋਵਰ ਦਾ ਮਤ ਹੈ:

> ਮੱਧਕਾਲੀ ਪੰਜਾਬੀ ਕਾਵਿ ਵਿਚ ਗੁਰਮਤਿ ਕਾਵਿ ਧਾਰਾ ਦਾ ਸ੍ਰੇਸ਼ਠ ਸਥਾਨ ਹੈ। ਮੱਧਕਾਲੀ ਪੰਜਾਬੀ ਕਾਵਿ ਦੀਆਂ ਹੋਰ ਧਾਰਾਵਾਂ ਹਨ: ਸੂਫ਼ੀ ਕਾਵਿ, ਕਿੱਸਾ ਕਾਵਿ, ਬੀਰ ਕਾਵਿ ਆਦਿ। ਇਨ੍ਹਾਂ ਸਾਰੀਆਂ ਵਿਚ ਗੁਰਮਤਿ ਕਾਵਿ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਸ ਵਿਚ ਅਧਿਆਤਮਕ ਚਿੰਤਨ ਅਤੇ ਕਲਾਤਮਕ ਉੱਚਤਾ ਦੀ ਸ੍ਰੇਸ਼ਟ ਪ੍ਰਾਪਤੀ ਦਿਖਾਈ ਦਿੰਦੀ ਹੈ। ਇਸ ਤੋਂ ਇਲਾਵਾ ਸਾਰੇ ਮੱਧਕਾਲੀ ਸਾਹਿਤ ਉੱਪਰ ਗੁਰਮਤਿ ਕਾਵਿ ਧਾਰਾ ਦੇ ਸਾਹਿਤ ਦੀ ਅਮਿੱਟ ਛਾਪ ਮੌਜੂਦ ਹੈ। ਗੁਰਮਤਿ ਕਾਵਿ ਧਾਰਾ ਵਿਚ ਜਿਥੇ ਅਧਿਆਤਮਕ ਪੱਖਾਂ ਉਤੇ ਬਲ ਹੈ ਉਥੇ ਨਾਲ ਹੀ ਸਮਾਜਕ, ਰਾਜਨੀਤਕ, ਆਰਥਿਕ, ਨੈਤਿਕ ਆਦਿ ਪੱਖਾਂ ਬਾਰੇ ਵੀ ਸ੍ਰੇਸ਼ਟ ਚਿੰਤਨ ਮੌਜੂਦ ਹੈ। ਇਸ ਵਿਚ ਕਲਾ, ਰਾਗ, ਕਾਵਿ ਰੂਪ, ਛੰਦ, ਭਾਸ਼ਾ ਆਦਿ ਦੀ ਦ੍ਰਿਸ਼ਟੀ ਤੋਂ ਵੀ ਭਰਪੂਰ ਅਮੀਰੀ ਦਿਖਾਈ ਦਿੰਦੀ ਹੈ।[90]

ਸਮਸਤ ਗੁਰਮਤਿ ਸਾਹਿਤ ਰਾਗ ਅਤੇ ਸੰਗੀਤ ਬੱਧ ਹੋਣ ਕਾਰਣ ਉਤਕ੍ਰਿਸ਼ਟ ਸ਼੍ਰੇਣੀ ਦਾ ਸੁਹਜਵਾਦੀ ਸਾਹਿਤ ਹੈ। ਇਹ ਸਾਹਿਤਕ ਪਰੰਪਰਾ ਮੱਧ ਕਾਲੀਨ ਭਗਤੀ ਅੰਦੋਲਨ ਦੀ ਹੀ ਉਪਜ ਸੀ ਅਤੇ ਭਗਤੀ ਅੰਦੋਲਨ ਇਕ ਜਨਤਕ ਅੰਦੋਲਨ ਦਾ ਰੂਪ ਧਾਰਣ ਕਰ ਚੁੱਕਾ ਸੀ। ਇਸੇ ਲਈ ਗੁਰਮਤਿ ਸਾਹਿਤ ਦੇ ਰਚਣਹਾਰਿਆਂ ਨੇ ਆਪਣੇ ਸਾਹਿਤ ਦੀ ਸਿਰਜਣਾ ਜਨਤਾ ਅਥਵਾ ਲੋਕਾਂ ਲਈ ਕੀਤੀ ਅਤੇ ਵਿਸ਼ੇਸ਼ ਤੌਰ ਤੇ ਆਮ ਲੋਕਾਂ ਲਈ, ਕਿਸੇ ਖਾਸ ਵਰਗ ਜਾਂ ਜਾਤੀ ਲਈ ਨਹੀਂ - ਸਭ ਸੁਣਿਅਹੁ ਲੋਕ ਸਬਾਇਆ (ਗੁਰੂ ਨਾਨਕ ਸਾਹਿਬ)। "ਭਗਤੀ ਕਾਵਿ ਤੋਂ ਬਾਅਦ ਪੰਜਾਬੀ ਕਾਵਿ ਵਿਚ ਇਕ

ਸਰਬ-ਸਾਂਝੇ ਰੱਬ ਦਾ ਸੰਕਲਪ ਗੁਰਮਤਿ ਕਾਵਿ ਰਾਹੀਂ ਪ੍ਰਗਟ ਹੁੰਦਾ ਹੈ। ਸਰਬ- ਸਾਂਝੇ ਰੱਬ ਦਾ ਇਹ ਸੰਕਲਪ ਸਮਾਜਕ ਕੇਂਦਰ ਵਿਚ ਬ੍ਰਾਹਮਿਣੀ ਸੰਸਕ੍ਰਿਤੀ ਦੀ ਵਰਣ-ਵਿਵਸਥਾ ਅਤੇ ਸਮਾਜਕ ਅਸਮਾਨਤਾ ਦੇ ਵਿਰੋਧ ਵਿਚ ਸਮਾਜਕ ਸਮਾਨਤਾ ਦਾ ਸੰਕਲਪ ਪੇਸ਼ ਕਰਦਾ ਹੈ। ਸਾਰੇ ਪ੍ਰਾਣੀਆਂ ਵਿਚ ਇਕੋ ਸਰਬ ਸਾਂਝੇ ਰੱਬ ਦੇ ਪ੍ਰਕਾਸ਼ ਦੇ ਵਿਚਾਰ ਰਾਹੀਂ ਇਹ ਕਾਵਿ ਧਾਰਾ ਲੋਕਮੁੱਖਤਾ ਨਾਲ ਆਪਣਾ ਸੰਬੰਧ ਜੋੜਦੀ ਹੈ।"[91] ਇਤਿਹਾਸਕ ਦ੍ਰਿਸ਼ਟੀ ਤੋਂ ਇਹ ਸਾਹਿਤਕ ਪਰੰਪਰਾ ਮੱਧਕਾਲੀਨ ਭਾਰਤ ਦੇ ਦੌਰ ਦੀ ਪ੍ਰਤੀਨਿਧਤਾ ਕਰਦੀ ਹੈ ਜਿਸ ਨੂੰ ਸਭਿਆਚਾਰਕ ਨਵ-ਜਾਗ੍ਰਿਤੀ ਦਾ ਦੌਰ ਕਿਹਾ ਜਾਂਦਾ ਹੈ। ਅਸਲ ਵਿਚ ਇਹ ਸਾਹਿਤ ਭਗਤੀ ਲਹਿਰ ਦੀ ਕ੍ਰਾਂਤੀਕਾਰੀ ਚੇਤਨਾ ਦਾ ਸਿਖ਼ਰ ਸੀ। ਗੁਰਮਤਿ ਸਾਹਿਤ ਆਪਣੀਆਂ ਪੂਰਬਲੀਆਂ ਤੇ ਸਮਕਾਲੀ ਕਾਵਿ ਧਾਰਾਵਾਂ ਨਾਲ ਸੰਵਾਦ ਰਚਾ ਕੇ ਆਪਣੇ ਵਿਲੱਖਣ ਸਾਧਨਾ ਪੱਧਤੀ ਦੇ ਵਿਕਾਸ ਵੱਲ ਰੁਚਿਤ ਹੁੰਦਾ ਹੈ ਅਤੇ ਗੁਰੂ ਸਾਹਿਬਾਨ ਆਪਣੇ ਸਮਕਾਲੀ ਇਤਿਹਾਸ ਦੀਆਂ ਵੰਗਾਰਾਂ ਦੇ ਰੂ-ਬ-ਰੂ ਹੋ ਕੇ ਆਪਣੇ ਚਿੰਤਨ ਨੂੰ ਮੌਲਿਕ ਰੂਪ ਪ੍ਰਦਾਨ ਕਰਦੇ ਹੋਏ ਵਿਲੱਖਣ ਭਾਂਤ ਦੀ ਜੀਵਨ ਜੁਗਤ ਦਾ ਸੰਕਲਪ ਵੀ ਸਥਾਪਿਤ ਕਰਦੇ ਹਨ। 15ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤੱਕ ਗੁਰਮਤਿ ਸਾਹਿਤ ਮਨੁੱਖ ਵਿਰੋਧੀ ਕੀਮਤ-ਪ੍ਰਬੰਧ ਨੂੰ ਨਕਾਰਦੀ ਹੋਈ ਆਪਣਾ ਕਾਵਿ ਆਦਰਸ਼ ਪ੍ਰਗਟ ਕਰਦੀ ਹੈ। "ਇਸ ਕਾਲ ਦੀ ਸਾਹਿਤ ਦ੍ਰਿਸ਼ਟੀ ਦੀ ਉੱਚਤਾ, ਭਾਵਪੂਰਤਾ, ਅਨੇਕਤਾ ਤੇ ਵਿਸ਼ਾਲਤਾ, ਗੁਰੂ ਨਾਨਕ, ਗੁਰੂ ਅਰਜਨ, ਗੁਰੂ ਗੋਬਿੰਦ ਸਿੰਘ ਅਤੇ ਭਾਈ ਗੁਰਦਾਸ ਜਿਹੇ ਉੱਤਮ ਮਹਾਂਪੁਰਖਾਂ ਦੀਆਂ ਅਦੁੱਤੀ ਰਚਨਾਵਾਂ, ਇਨ੍ਹਾਂ ਕਿਰਤਾਂ ਦੀ ਸਿਧਾਂਤਕ ਤੇ ਰੂਪਕ ਪਕਿਆਈ ਤੇ ਨਿਪੁੰਨਤਾ, ਸਾਹਿਤਕ ਜਾਗ੍ਰਿਤੀ ਅਤੇ ਸੰਭਾਲ ਦਾ ਅੰਦੋਲਨ, ਕੁਝ ਕੁ ਉਹ ਗੱਲਾਂ ਹਨ ਜਿਨ੍ਹਾਂ ਦੇ ਆਧਾਰ ਤੇ ਅਸੀਂ ਇਸ ਸਮੇਂ ਨੂੰ ਬਾਕੀ ਸਭਨਾਂ ਕਾਲਾਂ ਨਾਲੋਂ ਅੱਡ ਕਰ ਸਕਦੇ ਹਾਂ। ਪਹਿਲੀ ਵਾਰ ਸਾਹਿਤ, ਸਮਾਜ ਤੇ ਧਰਮ ਚੇਤੰਨ ਤੌਰ ਤੇ ਇਕ ਦੂਜੇ ਦੇ ਸਹਾਇਕ ਬਣਦੇ ਹਨ।"[92]

ਗੁਰਮਤਿ ਸਾਹਿਤ ਉੱਪਰ ਦ੍ਰਿਸ਼ਟੀ ਕੇਂਦਰਿਤ ਕਰਦਿਆਂ ਇਸਦੇ ਮੌਲਿਕ ਧਾਰਮਿਕ ਸੁਭਾਅ/ਚਰਿੱਤਰ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਪਰ ਇਸਦਾ ਅਰਥ ਇਹ ਨਹੀਂ ਕਿ ਇਹ ਸਾਹਿਤਕ ਪਰੰਪਰਾ ਨਿਰੋਲ ਅਧਿਆਤਮਕ ਰਹੱਸਾਤਮਕ ਖੇਤਰ ਨਾਲ ਸੰਬੰਧ ਰੱਖਦੀ ਹੈ ਅਤੇ ਸਮਾਜ ਪੱਖੋਂ ਨਿਰਲੇਪ ਸੁਭਾਅ ਦੀ ਧਾਰਨੀ ਹੈ ਸਗੋਂ ਇਸ ਵਿਚ ਮਿਲਣ ਵਾਲੇ ਇਤਿਹਾਸਕ ਸਮਾਜਿਕ ਅੰਸ਼ ਸਮਕਾਲੀ ਸਥਿਤੀ ਦੀ ਆਲੋਚਨਾ, ਨਵੇਂ ਸਿਆਸੀ ਪ੍ਰਬੰਧ ਦੀ ਪ੍ਰੇਰਣਾ ਆਦਿ ਅਜਿਹੇ ਤੱਥ ਹਨ ਜੋ ਇਸਦਾ ਸੰਬੰਧ ਭੌਤਿਕ ਜਗਤ ਨਾਲ ਜੋੜਦੇ ਹਨ। ਇਹ ਇਸਦੀ ਵਿਸ਼ੇਸ਼ਤਾ ਹੈ ਕਿ ਇਸ ਸਾਹਿਤ ਦੇ

ਅਧਿਆਤਮਿਕ ਪਰਿਪੇਖ ਨੂੰ ਸਮਕਾਲੀ ਧਰਾਤਲ ਵਿਚੋਂ ਹੀ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ 16ਵੀਂ ਸਦੀ ਤੱਕ ਇਹ ਸਾਹਿਤਕ ਪਰੰਪਰਾ ਇਕ ਸੰਗਠਿਤ ਵਿਚਾਰਧਾਰਕ ਚਿੰਤਨ ਦੇ ਤੌਰ 'ਤੇ ਪ੍ਰਵਾਹਮਾਨ ਹੁੰਦੀ ਹੋਈ ਆਪਣੀਆਂ ਸਮਕਾਲੀਨ ਪ੍ਰਸਥਿਤੀਆਂ ਦੇ ਅਤਿਆਚਾਰੀ ਸਰੂਪ ਦਾ ਵਿਸਫੋਟ ਵੀ ਕਰਦੀ ਹੈ। ਡਾ. ਕਰਨੈਲ ਸਿੰਘ ਥਿੰਦ ਮੱਧਕਾਲ ਦੇ ਇਸ ਸੁਨਹਿਰੀ ਯੁੱਗ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ ਕਿ ਸਾਹਿਤਕ ਦ੍ਰਿਸ਼ਟੀਕੋਣ ਤੋਂ 'ਗੁਰੂ ਨਾਨਕ ਕਾਲ' ਪੰਜਾਬੀ ਸਾਹਿਤ ਦਾ ਸੁਨਹਿਰੀ ਯੁਗ ਮੰਨਿਆ ਜਾਂਦਾ ਹੈ। ਗੁਰੂ ਨਾਨਕ ਅਤੇ ਉਨ੍ਹਾਂ ਦੇ ਅਨੁਆਈ ਭਾਰਤ ਵਿਚ ਚਲੇ ਆ ਰਹੇ ਭਗਤੀ ਅੰਦੋਲਨ ਨੂੰ ਇਕ ਨਵਾਂ ਰੂਪ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਤੱਕ ਪੁੱਜ ਕੇ ਇਹ ਲਹਿਰ ਇਨਕਲਾਬੀ ਰੂਪ ਧਾਰਣ ਕਰ ਲੈਂਦੀ ਹੈ। ਗੁਰਬਾਣੀ ਵਿਚ ਨਿਮਰਤਾ ਤੇ ਧੀਰਜ, ਕੀਰਤਨ ਤੇ ਸਿਮਰਨ, ਬੇਮਿਸਾਲ ਸਹਿਣਸ਼ੀਲਤਾ, ਸੋਭਵੀਂ, ਕਹਿਣੀ ਤੇ ਕਰਨੀ ਦੀ ਇਕਸਾਰਤਾ, ਇਕ ਪ੍ਰਭੂ ਵਿਚ ਯਕੀਨ ਤੇ ਸ਼ੁੱਭ ਅਮਲਾਂ ਦੀ ਮਹਾਨਤਾ ਤੇ ਜ਼ੋਰ ਦਿੱਤਾ ਗਿਆ ਹੈ।[93] ਮੱਧਕਾਲ ਵਿਚ ਔਰਤ ਦੀ ਦਸ਼ਾ ਬੜੀ ਮਾੜੀ ਸੀ। ਸਮਾਜ ਵਿਚ ਮਰਦ ਜਾਤ ਦੀ ਪ੍ਰਧਾਨਗੀ ਔਰਤ ਜਾਤ ਨੂੰ ਨਪੀੜ ਰਹੀ ਸੀ। ਸਮਾਜ ਵਿਚ ਲਾਗੂ ਰੀਤੀ ਰਿਵਾਜ, ਕਦਰਾਂ-ਕੀਮਤਾਂ, ਰਵਾਇਤਾਂ, ਕਾਨੂੰਨ, ਭਾਸ਼ਾ, ਸਿੱਖਿਆ, ਕਿਰਤਾਂ ਦੀ ਵੰਡ, ਆਰਥਿਕਤਾ ਤੇ ਨੈਤਿਕਤਾ ਕੁਝ ਅਜਿਹੇ ਤੱਥ ਸਨ ਜਿਨ੍ਹਾਂ ਨਾਲ ਔਰਤ ਦੀ ਗੁਲਾਮੀ ਕੁਦਰਤੀ ਸੱਚ ਤੇ ਸਹਿਜ ਵਰਤਾਰਾ ਜਾਪਣ ਲੱਗ ਪਈ ਸੀ ਤਾਂ ਉਸ ਸਮੇਂ ਗੁਰਮਤਿ ਸਾਹਿਤਕ ਪਰੰਪਰਾ ਔਰਤ ਜਾਤੀ ਪ੍ਰਤੀ ਨਿਵੇਕਲਾ ਪੈਂਤੜਾ ਅਪਣਾਉਂਦੀ ਸਮਾਜ ਵਿਚ ਇਸ ਨੂੰ ਸਤਿਕਾਰਿਤ ਦਰਜਾ ਦਿੰਦੀ ਹੈ।

ਭੰਡਿ ਜੰਮੀਐ ਭੰਡਿ ਨਿੰਮੀਐ॥
ਭੰਡਿ ਮੰਗਣ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[94]

ਰੂਹਾਨੀ ਜੀਵਨ ਵਿਚ ਸਦਾਚਾਰਕ ਸਿੱਖਿਆ ਰਾਹੀਂ ਆਦਰਸ਼ਕ ਮਨੁੱਖ ਦੀ ਸਿਰਜਣਾ ਕਰਦੀ ਹੋਈ ਗੁਰਮਤਿ ਸਾਹਿਤਕ ਪਰੰਪਰਾ ਜੀਵਨ ਦੇ ਅਮਲੀ ਘੋਲ ਲਈ ਵੀ ਮਨੁੱਖ ਨੂੰ ਪ੍ਰੇਰਦੀ ਹੈ। ਰੂਹਾਨੀ

ਜੀਵਨ ਵਿਚੋਂ ਪੈਦਾ ਹੋਈ ਇਸ ਪਰੰਪਰਾ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਜੀਵਨ ਦੇ ਅਮਲੀ ਘੋਲ ਵਿਚ ਮਹੱਤਵਪੂਰਨ ਇਤਿਹਾਸਕ ਰੋਲ ਅਦਾ ਕੀਤਾ।

ਦੇਹਿ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਦੇ ਕਬਹੂੰ ਨ ਟਰੋਂ
ਨਾ ਡਰੋਂ ਅਰਿ ਸੋਂ, ਜਬ ਜਾਏ ਲਰੋ
ਨਿਸਚੇ ਕਰਿ ਆਪਣੀ ਜੀਤ ਕਰੋ।।[95]

ਇਸ ਤਰ੍ਹਾਂ ਗੁਰਮਤਿ ਸਾਹਿਤ ਦੀ ਇਹ ਸੱਚੀ ਕਰਮਸ਼ੀਲਤਾ ਹੀ ਮੁਗਲ ਸਾਮਰਾਜ ਦੇ ਅਤਿਆਚਾਰੀ ਪ੍ਰਬੰਧ ਦੇ ਖਿਲਾਫ਼ ਪ੍ਰੇਰਣਾ ਸਰੋਤ ਬਣ ਜਾਂਦੀ ਹੈ। ਇਸ ਪ੍ਰਕਾਰ ਇਸ ਸਾਹਿਤਕ ਪਰੰਪਰਾ ਦਾ ਸੰਬੰਧ ਉਸ ਅਧਿਆਤਮਕ ਸਭਿਆਚਾਰ ਨਾਲ ਜੁੜਦਾ ਹੈ ਜਿਹੜਾ ਸਾਮੰਤਵਾਦੀ ਢਾਂਚੇ ਦੇ ਮਨੁੱਖ ਵਿਰੋਧੀ ਸਰੂਪ ਨੂੰ ਨਕਾਰ ਕੇ ਲੋਕ ਮੁੱਖੀ ਅਧਿਆਤਮਕ ਸਭਿਆਚਾਰ ਦੀ ਸਿਰਜਣਾ ਕਰਦਾ ਹੈ।

ਮੱਧਕਾਲ ਦੇ ਪੰਜਾਬੀ ਸਾਹਿਤ ਦੀ ਦੂਸਰੀ ਕਾਵਿ ਪ੍ਰਵਿਰਤੀ ਲੌਕਿਕ ਸਾਹਿਤ ਦੀ ਹੈ। ਇਸ ਸਾਹਿਤ ਦੇ ਅੰਤਰਗਤ ਕਿੱਸਾ ਕਾਵਿ ਅਤੇ ਵਾਰ ਕਾਵਿ ਆਦਿ ਕਾਵਿ ਰੂਪ ਆ ਜਾਂਦੇ ਹਨ। ਇਸ ਪ੍ਰਾਪਤ ਲੌਕਿਕ ਸਾਹਿਤ ਨੂੰ ਨਿਰੋਲ ਅਤੇ ਸ਼ੁੱਧ ਸਾਹਿਤ ਦੀ ਵੰਨਗੀ ਆਖਿਆ ਜਾ ਸਕਦਾ ਹੈ ਕਿਉਂਕਿ ਇਸ ਦਾ ਮੂਲ ਪ੍ਰਯੋਜਨ ਸ਼ੁੱਧ ਸਾਹਿਤਕ ਹੀ ਹੈ। ਇਸ ਸਾਹਿਤ ਵਿਚ ਸਾਹਿਤ ਬਾਹਰਲੇ ਸੰਦਰਭ ਦੀ ਪ੍ਰਧਾਨਤਾ ਨਜ਼ਰ ਨਹੀਂ ਆਉਂਦੀ। ਇਸ ਪ੍ਰਕਾਰ ਇਨ੍ਹਾਂ ਕਾਵਿ-ਰੂਪਾਂ ਵਿਚ ਜੇ ਧਰਮ ਦਾ ਤੱਤ ਹੈ ਵੀ, ਤਾਂ ਉਹ ਇਨ੍ਹਾਂ ਦੇ ਸਿਰਜਤ ਸੰਸਾਰ ਦੀ ਵਿਸ਼ਵ-ਦ੍ਰਿਸ਼ਟੀ ਦਾ ਅੰਗ ਬਣ ਕੇ ਪੇਸ਼ ਹੁੰਦਾ ਹੈ, ਪ੍ਰਧਾਨ ਪ੍ਰਯੋਜਕ ਬਣ ਕੇ ਪ੍ਰਸਤੁਤ ਨਹੀਂ ਹੁੰਦਾ। ਇਨ੍ਹਾਂ ਦੇ ਰਚਨਹਾਰਿਆਂ ਦਾ ਮੁੱਖ ਪ੍ਰਯੋਜਨ ਲੌਕਿਕ ਜੀਵਨ ਦੇ ਸਮਾਜਕ ਯਥਾਰਥ ਦਾ ਗਲਪੀ ਬਿੰਬ ਉਸਾਰਨਾ ਹੀ ਹੈ, ਜਿਸ ਨੂੰ ਮਨੁੱਖੀ ਪਾਤਰਾਂ ਦੇ ਕਾਰਜਾਂ ਅਤੇ ਸਥਿਤੀਆਂ ਦੇ ਪ੍ਰਗਟਾਵੇ ਰਾਹੀਂ ਹੀ ਸਿਰਜਿਆ ਜਾਂਦਾ ਹੈ।

ਕਿੱਸਾ ਕਾਵਿ ਧਾਰਾ ਮੱਧਕਾਲੀ ਸਾਹਿਤ ਦੀ ਨਿਵੇਕਲੀ, ਮਹੱਤਵਪੂਰਣ ਅਤੇ ਗੌਰਵਸ਼ਾਲੀ ਕਾਵਿ ਧਾਰਾ ਹੈ। ਇਹ ਕਾਵਿ ਧਾਰਾ ਪਰਾਲੌਕਿਕ ਜਗਤ ਤੋਂ ਇਸ ਲੌਕਿਕ ਜਗਤ ਵਲ ਆਉਣ ਦੀ ਪਹਿਲੀ ਕੋਸ਼ਿਸ਼ ਸੀ। ਮੱਧਕਾਲ ਦੀ ਭਾਰੂ ਅਧਿਆਤਮਕ ਯੁਗ ਸੰਵੇਦਨਾ ਤੋਂ ਬਿਲਕੁਲ ਉਲਟ ਸੰਸਾਰਿਕ ਵਿਸ਼ਿਆਂ ਵੱਲ ਧਿਆਨ ਦਿੰਦੀ ਹੋਈ ਇਸ ਕਾਵਿ ਧਾਰਾ ਨੇ ਪੰਜਾਬੀ ਲੋਕ ਮਾਨਸਿਕਤਾ ਉੱਤੇ ਡੂੰਘੀ ਛਾਪ ਛੱਡੀ ਹੈ। ਇਸ ਲਈ ਇਹ ਕਾਵਿਧਾਰਾ ਮੱਧਕਾਲੀ ਸਾਮੰਤਵਾਦੀ ਪ੍ਰਬੰਧ ਦੇ ਜਰਜਰੇ

ਹੋ ਚੁੱਕੇ ਜੀਵਨ ਮੁੱਲਾਂ ਨੂੰ ਤਿਆਗ ਕੇ ਜੀਵਨ ਦੇ ਨਵੇਂ ਮੁੱਲਾਂ ਦੀ ਸਥਾਪਨਾ ਲਈ ਜੂਝਦੇ ਹੋਏ ਲੋਕ ਮਨ ਦੇ ਪ੍ਰਗਟਾਵੇ ਦਾ ਸਾਧਨ ਬਣਦੀ ਹੈ।

ਡਾ. ਰਵਿੰਦਰ ਸਿੰਘ ਰਵੀ ਕਿੱਸਾ ਕਾਵਿ ਦੀ ਅਜਿਹੀ ਸਮਰੱਥਾ ਬਾਰੇ ਕਹਿੰਦੇ ਹਨ ਕਿ ਕਿੱਸਾ ਕਾਵਿ ਦਾ ਮਹੱਤਵਪੂਰਣ ਪਹਿਲੂ ਸਮਕਾਲੀ ਸਮਾਜਕ ਇਤਿਹਾਸਕ ਯਥਾਰਥ ਨੂੰ ਆਪਣੇ ਅਨੁਭਵਸਾਰ ਦਾ ਮੂਲ ਆਧਾਰ ਬਣਾ ਸਕਣ ਦੀ ਸਮਰੱਥਾ ਹੈ। ਸ਼ੋਸ਼ਤ ਨਿਮਨ ਵਰਗ ਦੇ ਜਮਾਤੀ ਨਜ਼ਰੀਏ ਤੋਂ ਸਮਕਾਲੀ ਯਥਾਰਥ ਦੇ ਮੂਲ ਵਿਰੋਧਾਂ ਨੂੰ ਜੀਵਨ ਦੇ ਸਾਧਾਰਣ ਰੂਪਾਂ ਦੀ ਤਿੱਖੀ ਟੱਕਰ ਰਾਹੀਂ ਸਾਹਿਤਕ ਚਿੱਤਰ ਦਾ ਆਧਾਰ ਬਣਾਉਣਾ ਪੰਜਾਬੀ ਕਿੱਸਾ-ਕਾਵਿ ਦੀ ਇਕ ਵਿਧਾਗਤ ਵਿਸ਼ੇਸ਼ਤਾ ਹੈ।[96]

ਇਸ ਪ੍ਰਕਾਰ ਕਿੱਸਾ ਕਾਵਿ ਧਾਰਾ ਦੇ ਵਿਚ ਸ਼ਾਮਿਲ ਕਿੱਸਿਆਂ ਵਿਚ ਦੁਨਿਆਵੀ ਇਸ਼ਕ ਨਾਲ ਸੰਬੰਧਿਤ ਕਥਾ ਕਹਾਣੀਆਂ ਰਾਹੀਂ ਅਸੀਂ ਮੱਧਕਾਲੀਨ ਸਮੇਂ ਦਾ ਸਮਕਾਲੀ ਸਮਾਜਕ ਤਾਣਾ ਬਾਣਾ ਦੇਖ ਸਕਦੇ ਹਾਂ। "ਸਾਡੀ ਲੋਕ ਪਰੰਪਰਾ ਵਿਚ ਪ੍ਰਵਾਹਮਾਨ ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ-ਪੁੱਨੂੰ, ਮਿਰਜ਼ਾ-ਸਾਹਿਬਾਂ ਦੀ ਕਥਾ ਕਹਾਣੀ ਨੂੰ ਜਦੋਂ ਮੱਧਕਾਲੀਨ ਕਿੱਸਾਕਾਰਾਂ ਨੇ ਆਪਣੀ ਸੁਹਜ ਚੇਤਨਾ ਦੇ ਪ੍ਰਗਟਾ ਦਾ ਅੰਗ ਬਣਾਇਆ ਤਾਂ ਇਹ ਕਿੱਸੇ ਮੱਧਕਾਲੀਨ ਸੁਹਜ ਚੇਤਨਾ ਦੇ ਅਧਿਆਤਮਕ ਸੁਭਾਅ ਨੂੰ ਅਗਲੇਰਾ ਲੋਕਧਾਰਕ ਆਧਾਰ ਪ੍ਰਦਾਨ ਕਰਨ ਵਿਚ ਇਤਿਹਾਸਕ ਭੂਮਿਕਾ ਨਿਭਾਉਂਦੇ ਹਨ।"[97] ਇਸ ਕਾਵਿ ਧਾਰਾ ਦਾ ਨਾਇਕ ਆਪਣੀਆਂ ਅੰਦਰਲੀਆਂ ਅਕਾਂਖਿਆਵਾਂ ਨੂੰ ਪੂਰਨ ਸੱਚ ਸਵੀਕਾਰ ਕਰਕੇ ਸਮਾਜ ਦੇ ਉਪਚਾਰ ਕਰਤਾ ਦੀ ਉਲੰਘਣਾ ਕਰਦਾ ਹੈ, ਦੂਸਰੇ ਪਾਸੇ ਸਮਾਜ ਦੇ ਮੂਲ ਵਿਧਾਨ ਨਿਸ਼ਚਿਤ ਹਨ ਜਿਸ ਦੇ ਸਿੱਟੇ ਵਜੋਂ ਦੋਵੇਂ ਧਿਰਾਂ ਆਪਸ ਵਿਚ ਟਕਰਾਉਂਦੀਆਂ ਹਨ। ਇਸ ਪ੍ਰਕਾਰ ਕਿੱਸਿਆਂ ਵਿਚ ਅਸੀਂ ਮੱਧਕਾਲੀਨ ਸਮੇਂ ਦੀਆਂ ਧਾਰਮਿਕ ਅਤੇ ਸਮਾਜਕ ਕਦਰਾਂ-ਕੀਮਤਾਂ ਨੂੰ ਕਿੱਸੇ ਵਿਚਲੇ ਨਾਇਕ ਦੇ ਵਿਰੁੱਧ ਖੜ੍ਹੀਆਂ ਦੇਖਦੇ ਹਾਂ। ਕਿੱਸਾ ਹੀਰ ਵਾਰਿਸ ਵਿਚ ਸਮਾਜ, ਧਰਮ, ਧਰਮ ਦੇ ਪੈਰੋਕਾਰ, ਧਾਰਮਿਕ ਕੀਮਤਾਂ ਅਤੇ ਸਥਾਪਿਤ ਸਦਾਚਾਰਕ ਕੀਮਤਾਂ ਅਜਿਹੇ ਵਿਰੋਧੀ ਚਿਹਨਾਂ ਦੇ ਰੂਪ ਵਿਚ ਪ੍ਰਗਟ ਹੋਈਆਂ ਹਨ ਜਿਨ੍ਹਾਂ ਦਾ ਵਿਰੋਧ ਨਾਇਕ ਦੇ ਵਿਰੋਧ ਰਾਹੀਂ ਸਮੁੱਚੀ ਮਨੁੱਖੀ ਜਾਤੀ ਦਾ ਵਿਰੋਧ ਬਣ ਜਾਂਦਾ ਹੈ। ਹੀਰ ਵਾਰਿਸ ਦੀ ਨਾਇਕ 'ਹੀਰ' ਪਰਿਵਾਰ ਤੇ ਸਮਾਜ ਵਲੋਂ ਉਸ ਉੱਤੇ ਧੱਕੇ ਨਾਲ ਠੋਸੇ ਜਾ ਰਹੇ ਨਿਕਾਹ ਦਾ ਵਿਰੋਧ ਕਰਦੀ ਆਪਣੇ ਵਿਅਕਤੀਗਤ ਸੱਚ ਉੱਤੇ ਨਿਡਰਤਾ ਸਹਿਤ ਪਹਿਰਾ ਦਿੰਦੀ ਹੈ।

ਲੈ! ਜਾਹਿ ਮੈਨੂੰ ਭਾਈਆਂ ਪਿੱਟਦੀ ਨੂੰ, ਜਿਥੇ ਸੱਬ ਦਾ ਸੂਲ ਤੇ ਤਾਪ ਆਵੇ।

ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇਂ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।[98]

ਕਿੱਸਾ ਕਾਵਿ ਨੇ ਸ਼ਰ੍ਹਾ ਤੇ ਧਾਰਮਿਕ ਸਮਾਜਿਕ ਸੰਸਥਾ ਵਲੋਂ ਨਜ਼ਾਇਜ ਕਰਾਰ ਦਿੱਤੇ ਜਾਣ ਵਾਲੇ ਇਸ਼ਕ ਦੇ ਸੰਕਲਪ ਨੂੰ ਫਕੀਰੀ ਦੇ ਆਦਰਸ਼ ਵਿਚ ਮਿਲਾ ਕੇ ਪ੍ਰਵਾਨ ਜੀਵਨ ਮੁੱਲ ਬਣਾਉਣ ਦੀ ਚੇਸ਼ਟਾ ਕੀਤੀ ਹੈ ਅਤੇ ਧਰਮ ਅਤੇ ਸਮਾਜ ਦੇ ਸੰਸਥਾਈ ਅਤੇ ਰੂੜ੍ਹ ਹੋ ਚੁੱਕੇ ਰੂਪ ਵੀ ਸਵੀਕਾਰ ਨਹੀਂ ਕੀਤੇ। ਡਾ. ਕਰਨੈਲ ਸਿੰਘ ਥਿੰਦ ਅਨੁਸਾਰ:

> ਇਸ ਕਾਵਿ ਧਾਰਾ ਵਿਚ ਕਥਾ ਪ੍ਰਬੰਧ, ਤੋਲ ਤੁਕਾਂਤ, ਛੰਦ, ਲੈਅ ਅਤੇ ਰਾਗ ਵਿਸ਼ੇਸ਼ ਮਹੱਤਵ ਰਖਦੇ ਹਨ। ਕਥਾ-ਪ੍ਰਬੰਧ ਦਾ ਮੂਲ ਆਧਾਰ ਇਨ੍ਹਾਂ ਵਿਚ ਇਸ਼ਕ ਹੀ ਰਿਹਾ ਹੈ। ਇਸ਼ਕ ਤੋਂ ਇਲਾਵਾ ਰੁਮਾਂਸ, ਦੈਵੀ ਸ਼ਕਤੀਆਂ ਦੀ ਹੋਂਦ ਅਤੇ ਹੋਣੀ ਦੀ ਦਖਲ ਅੰਦਾਜ਼ੀ ਆਦਿ ਇਨ੍ਹਾਂ ਦੇ ਪਛਾਣਨਯੋਗ ਤੱਤ ਰਹੇ ਹਨ। ਸਮਕਾਲੀ ਸਭਿਆਚਾਰਕ ਸਥਿਤੀ ਨੂੰ ਇਨ੍ਹਾਂ ਕਿੱਸਾਕਾਰਾਂ ਨੇ ਰੀਝਾਂ ਨਾਲ ਚਿਤਰਿਆ ਹੈ। ਇਹ ਕਵੀ ਜਾਗੀਰਦਾਰੀ ਨਿਜ਼ਾਮ ਵਿਚ ਮਰਦ ਪ੍ਰਧਾਨ ਜੀਵਨ ਮੁੱਲਾਂ ਅਤੇ ਪਦਾਰਥਕ ਕੀਮਤਾਂ ਦੇ ਮੁਕਾਬਲੇ ਵਿਚ ਮਾਨਵੀ ਮੁੱਲਾਂ ਵਿਚ ਆਈ ਗਿਰਾਵਟ ਨੂੰ ਬਿਆਨ ਕਰਦੇ ਹਨ।[99]

ਇਸ ਪ੍ਰਕਾਰ ਮੱਧਕਾਲੀਨ ਚੇਤਨਾ ਦੇ ਅਧਿਆਤਮਿਕ ਅਤੇ ਆਦਰਸ਼ਵਾਦੀ ਸੁਭਾਅ ਦੀ ਸੀਮਾ ਵਿਚ ਕਿੱਸਾ-ਕਾਵਿ ਲੋਕ ਮਾਨਸ ਦੀ ਚੇਤਨਾ ਨਾਲ ਜੁੜ ਜਾਂਦਾ ਹੈ ਜਿਸ ਨੂੰ ਧਰਮ ਅਤੇ ਸਮਾਜ ਦੇ ਸੰਸਥਾਈ ਅਤੇ ਰੂੜ੍ਹ ਹੋ ਚੁੱਕੇ ਰੂਪ ਸਵੀਕਾਰ ਨਹੀਂ।

ਮੱਧਕਾਲੀ ਸਾਹਿਤ ਦੀ ਇਕ ਹੋਰ ਵੰਨਗੀ ਵੀਰ ਕਾਵਿ ਧਾਰਾ ਹੈ। ਪੰਜਾਬੀ ਦਾ ਸਮੁੱਚਾ ਵੀਰ ਕਾਵਿ ਇਥੋਂ ਦੇ ਭੂਗੋਲਿਕ ਸਮਾਜਿਕ ਤੇ ਰਾਜਨੀਤਕ ਖੇਤਰ ਦੇ ਹਾਲਾਤ ਦੀ ਦੇਣ ਮੰਨੀ ਗਈ ਹੈ। ਇਸ ਕਾਵਿ ਧਾਰਾ ਦੇ ਸੰਬੰਧੀ ਇਕ ਗੱਲ ਸਪੱਸ਼ਟ ਹੈ ਕਿ ਇਹ ਇਕ ਵਿਸ਼ੇਸ਼ ਮਨੋਰਥ ਹਿੱਤ ਰਚਿਆ ਗਿਆ ਕਾਵਿ ਸੀ ਜਿਸਦਾ ਪਹਿਲਾ ਉਦੇਸ਼ ਜਨਤਾ/ਸੂਰਮਿਆਂ ਵਿਚ ਲੜਨ ਦਾ ਭਾਵ ਪੈਦਾ ਕਰਨਾ ਸੀ।

ਮੱਧਕਾਲ ਦੇ ਸਾਹਿਤ ਵਿਚ ਬੀਰ ਰਸ ਤੇ ਯੁੱਧਾਂ ਦਾ ਬਿਆਨ ਦੋ ਤਿੰਨ ਕਾਵਿ ਰੂਪਾਂ ਰਾਹੀਂ ਪ੍ਰਗਟਾਇਆ ਗਿਆ ਹੈ, ਜਿਨ੍ਹਾਂ ਵਿਚੋਂ ਵਾਰ, ਜੰਗਨਾਮਾ ਤੇ ਫੁਟਕਲ ਟੋਟਕੇ ਜਾਂ ਕਵਿਤਾਵਾਂ ਆਉਂਦੀਆਂ ਹਨ, ਪਰ ਇਸ ਕਾਲ ਦੇ ਪੰਜਾਬੀ ਸਾਹਿਤ ਦਾ ਸਭ ਤੋਂ ਸ਼੍ਰੋਮਣੀ ਤੇ ਪ੍ਰਸਿੱਧ ਰੂਪ ਵਾਰ ਹੀ

ਹੈ। ਪੰਡਤ ਤਾਰਾ ਸਿੰਘ ਨਰੋਤਮ ਨੇ ਸਭ ਤੋਂ ਪਹਿਲਾਂ ਆਪਣੀ ਪੁਸਤਕ 'ਗੁਰਮਤਿ ਨਿਰਣਯ ਸਾਗਰ' ਵਿਚ ਉਨ੍ਹਾਂ ਵਾਰਾਂ ਦੇ ਨਮੂਨੇ ਦਰਜ ਕੀਤੇ, ਜਿਹੜੀਆਂ ਇਸ ਕਾਲ ਵਿਚ ਰਚੀਆਂ ਗਈਆਂ। ਮੱਧਕਾਲ ਦੇ ਜੰਗ ਦਾ ਮੂਲ ਕਾਰਨ 'ਜ਼ਰ ਜੋਰੂ ਤੇ ਜ਼ਮੀਨ' ਇਨ੍ਹਾਂ ਵਾਰਾਂ ਦੇ ਵਸਤੂ ਬਣੇ ਹਨ। ਸੰਤ ਸਿੰਘ ਸੇਖੋਂ ਦੇ ਕਥਨ ਅਨੁਸਾਰ ਇਨ੍ਹਾਂ ਵਾਰਾਂ ਤੋਂ ਹੋਰ ਕੁਝ ਭਾਵੇਂ ਸਿੱਧ ਹੋਵੇ ਜਾਂ ਨਾ ਹੋਵੇ, ਇਕ ਗੱਲ ਜ਼ਰੂਰ ਸਿੱਧ ਹੁੰਦੀ ਹੈ ਕਿ ਇਨ੍ਹਾਂ ਦੇ ਸਮੇਂ ਪੰਜਾਬੀ ਜੀਵਨ ਉੱਤੇ ਮੁਸਲਮਾਨ ਰਾਜਾ ਵਰਗ ਦੀ ਛਾਪ ਚੰਗੀ ਡੂੰਘੀ ਲੱਗ ਗਈ ਹੋਈ ਸੀ ਅਤੇ ਨਿੱਕੇ ਵੱਡੇ ਸਰਦਾਰ, ਮੁਸਲਮਾਨ, ਰਾਜਪੂਤ, ਪੰਜਾਬੀ ਜਨਤਾ ਦੇ ਸੁਭਾਵਕ ਆਗੂ ਬਣ ਚੁੱਕੇ ਸਨ। ਵੀਰ ਕਾਵਿ ਕਿਸੇ ਇਤਿਹਾਸਕ ਪੜਾਅ ਉੱਤੇ ਨਿਰਾਸ਼ਾ ਦੇ ਵਹਿਣਾਂ ਵਿਚ ਵਹਿੰਦੀਆਂ ਕੌਮਾਂ ਨੂੰ ਮੁੜ ਤੋਂ ਆਪਣੇ ਪੈਰੀਂ ਮਜਬੂਤ ਖੜਾ ਕਰਕੇ ਉਹਨਾਂ ਸੁੱਤੀਆਂ ਕਲਾਵਾਂ ਨੂੰ ਟੁੰਬ ਕੇ ਜਗਾ ਦਿੰਦਾ ਹੈ।

ਮੱਧਕਾਲੀ ਪੰਜਾਬੀ ਕਾਵਿ ਦੇ ਸਰੋਕਾਰ ਜਿਥੇ ਵਿਚਾਰਧਾਰਕ ਤੌਰ ਤੇ ਸਮਾਜਿਕ ਜ਼ੁਲਮ ਦੇ ਖਿਲਾਫ ਹਨ ਉਥੇ ਵਾਰ ਕਾਵਿ ਯੋਧਿਆਂ ਨੂੰ ਵਿਹਾਰਕ ਰੂਪ ਵਿਚ ਨਿਰਭੈ ਤੇ ਨਿਧੜਕ ਹੋ ਕੇ ਜ਼ੁਲਮ ਦੇ ਵਿਰੁੱਧ ਡੱਟਣ ਲਈ ਪ੍ਰੇਰਦਾ ਹੈ। ਇਸ ਲਈ ਵੀਰ ਕਾਵਿ ਦਾ ਸਿੱਧਾ ਸਰੋਕਾਰ ਸਰੀਰਕ ਬਲ ਨਾਲ ਹੀ ਨਹੀਂ, ਸਗੋਂ ਮਾਨਸਿਕ ਬਿਰਤੀ ਨਾਲ ਵੀ ਹੈ। ਮੱਧਕਾਲ ਵਿਚ ਸਮਾਜਿਕ ਜ਼ਿੰਮੇਵਾਰੀ ਤੋਂ ਅਵੇਸਲੀ ਹੋ ਚੁੱਕੀ ਜਨਤਾ ਨੂੰ ਵੀਰ ਕਾਵਿ ਆਪਣੇ ਹੀ ਢੰਗ ਨਾਲ ਤਾਹਣੇ-ਮਿਹਣੇ ਤੇ ਲਾਹਣਤਾਂ ਪਾ ਕੇ ਹਲੂਣਦਾ ਅਤੇ ਜਨਤਾ ਨੂੰ ਜ਼ੁਲਮ ਦੇ ਵਿਰੁੱਧ ਲਾਮਬੰਦ ਕਰਕੇ ਆਪਣਾ ਸਿਰਜਣਾਤਮਕ ਅਤੇ ਸੁਹਜਾਤਮਕ ਫਰਜ਼ ਵੀ ਪੂਰੀ ਤਰ੍ਹਾਂ ਨਿਭਾਉਂਦਾ ਹੈ।

ਭਾਰਤੀ ਸਾਹਿਤ ਵਿਚ ਕਾਵਿ ਸ਼ਬਦ ਦੇ ਅਰਥ ਬਹੁਤ ਵਿਆਪਕ ਹਨ। ਇਹ ਸ਼ਬਦ ਵਰਤਮਾਨ ਕਾਲ ਦੇ ਸਾਹਿਤ ਸ਼ਬਦ ਦਾ ਸਮਾਨਾਰਥਕ ਹੈ, ਇਸ ਲਈ ਇਸ ਵਿਚ ਪਦ (ਕਵਿਤਾ) ਤੇ ਗਦ (ਵਾਰਤਕ) ਦੋਵੇਂ ਰੂਪ ਹੀ ਆ ਜਾਂਦੇ ਹਨ। ਪੰਜਾਬੀ ਸਾਹਿਤ ਵਿਚ ਕਾਵਿ ਸ਼ਬਦ ਦੇ ਅਰਥ ਕਵਿਤਾ ਦੇ ਹੀ ਲਏ ਜਾਂਦੇ ਹਨ, ਸੋ ਲੋਕ ਕਾਵਿ ਤੋਂ ਸਾਡਾ ਮਨੋਰਥ ਉਸ ਕਵਿਤਾ ਅਤੇ ਲੋਕ ਗੀਤਾਂ ਦੇ ਉਨ੍ਹਾਂ ਰੂਪਾਂ ਤੋਂ ਹੈ, ਜੋ ਕਈ ਸਦੀਆਂ ਤੋਂ ਪੀੜ੍ਹੀ ਦਰ ਪੀੜ੍ਹੀ ਲੋਕਾਂ ਦੀਆਂ ਜ਼ੁਬਾਨਾਂ ਤੇ ਚੜ੍ਹ ਕੇ ਸੀਨਾ ਬਸੀਨਾ ਸਾਡੇ ਲੋਕ ਸਾਹਿਤ ਦਾ ਅੰਗ ਬਣੇ ਰਹੇ ਹਨ।[100] ਸਾਹਿਤ ਜਾਂ ਕਵਿਤਾ ਦਾ ਪਹਿਲਾ ਤੇ ਲੋਕ ਜੀਵਨ ਨਾਲ ਘਨੇਰੀ ਜਾਂ ਡੂੰਘੀ ਤਰ੍ਹਾਂ ਸੰਬੰਧਿਤ ਰੂਪ, ਲੋਕ ਸਾਹਿਤ ਦਾ ਹੀ ਹੈ। ਲੋਕ ਸਾਹਿਤ ਕਿਸੇ ਸਭਿਆਚਾਰਕ ਸਮੂਹ ਦੇ ਵਿਰਸੇ ਵਿਚ ਮੌਖਿਕ ਪਰੰਪਰਾ ਬਣ ਕੇ ਉਪਜਦਾ ਵਿਗਸਦਾ ਹੈ। ਇਸ ਦਾ

ਸਿਰਜਣਹਾਰ ਕੋਈ ਵਿਸ਼ੇਸ਼ ਵਿਅਕਤੀ ਨਹੀਂ, ਸਗੋਂ ਲੋਕਮਨ ਜਾਂ ਸਮੂਹਿਕ ਮਾਨਸਿਕਤਾ ਹੁੰਦੀ ਹੈ। ਲੋਕ ਕਾਵਿ ਧਾਰਾ ਸਾਹਿਤਕ ਕਾਵਿ ਧਾਰਾ ਦੀ ਜਣਨੀ ਹੈ। ਲੋਕ ਕਾਵਿ ਧਾਰਾ ਦੇ ਕਈ ਰੂਪ ਹਨ, ਜਿਵੇਂ ਕਿ ਲੋਕ ਗੀਤ, ਲੋਕ ਕਹਾਣੀਆਂ, ਲੋਕ ਮੁਹਾਵਰੇ, ਅਖੌਤਾਂ ਤੇ ਲੋਕ ਬੁਝਾਰਤਾਂ ਜਾਂ ਕਹਿ-ਮੁਕਰਨੀਆਂ ਆਦਿ। ਇਹਨਾਂ ਰੂਪਾਂ ਦੇ ਰਾਹੀਂ ਅਸੀਂ ਪੰਜਾਬੀ ਲੋਕ ਸਾਹਿਤ ਦੀ ਨਾ ਕੇਵਲ ਸਾਹਿਤਕਤਾ ਨੂੰ ਪਰਿਭਾਸ਼ਿਤ ਕਰ ਸਕਦੇ ਹਾਂ, ਸਗੋਂ ਇਹਨਾਂ ਨੂੰ ਅਧਾਰ ਬਣਾ ਕੇ ਪੰਜਾਬੀ ਸਭਿਆਚਾਰ ਦੇ ਮੂਲ ਸਰੋਕਾਰਾਂ ਅਤੇ ਪੰਜਾਬੀ ਲੋਕਮਨ ਦੀ ਮਾਨਸਿਕਤਾ ਦੇ ਡੂੰਘੇ ਸ੍ਰੋਤਾਂ ਦੀ ਭਰਪੂਰ ਵਾਕਫ਼ੀ ਵੀ ਹਾਸਿਲ ਕਰ ਸਕਦੇ ਹਾਂ।

ਮੱਧਕਾਲ ਦੇ ਪੰਜਾਬੀ ਸਾਹਿਤ ਦੀ ਚੌਥੀ ਸਾਹਿਤਕ ਪ੍ਰਵਿਰਤੀ ਇਸ ਕਾਲ ਦਾ ਵਾਰਤਕ ਸਾਹਿਤ ਹੈ ਜੋ ਸਾਨੂੰ ਜਨਮ ਸਾਖੀਆਂ, ਟੀਕਿਆਂ, ਪਰਮਾਰਥਾਂ ਅਤੇ ਹੋਰ ਫੁੱਟਕਲ ਰਚਨਾਵਾਂ ਦੇ ਰੂਪ ਵਿਚ ਪ੍ਰਾਪਤ ਹੈ। ਵਾਰਤਕ ਸਾਹਿਤ ਦੀ ਸ਼ਬਦਾਵਲੀ ਉਸ ਵੇਲੇ ਦੀ ਪ੍ਰਚਲਿਤ ਲੋਕ ਭਾਸ਼ਾ ਵਿਚੋਂ ਲਈ ਗਈ ਹੈ। ਵਿਆਕਰਣਕ ਬਣਤਰ ਤੇ ਵਾਕ ਰਚਨਾ ਆਦਿ ਉੱਤੇ ਪਹਿਲੇ ਕਾਲ ਵਿਚ ਫ਼ਾਰਸੀ ਦਾ ਤੇ ਪਿੱਛੋਂ ਬ੍ਰਿਜ-ਭਾਸ਼ਾ ਦੀ ਸ਼ੈਲੀ ਦਾ ਪ੍ਰਭਾਵ ਵਧੇਰੇ ਹੈ।

ਸਮੁੱਚੇ ਰੂਪ ਵਿਚ ਮੱਧਕਾਲੀਨ ਪੰਜਾਬੀ ਕਾਵਿ ਆਪਣੇ ਅਧਿਆਤਮਕ ਅਤੇ ਆਦਰਸ਼ਵਾਦੀ ਸੁਭਾਅ ਦੇ ਬਾਵਜੂਦ ਪਰੰਪਰਕ ਰੂੜ੍ਹੀਗਤ ਅਤੇ ਧਰਮ ਦੇ ਸੰਸਥਾਈ ਰੂਪ ਦੇ ਸਮਾਨਾਂਤਰ ਇਕ ਅਜਿਹੇ ਜੀਵਨ ਪ੍ਰਬੰਧ ਦੇ ਆਦਰਸ਼ ਨੂੰ ਪ੍ਰਗਟਾਉਂਦਾ ਹੈ ਜਿਹੜਾ ਉਸ ਸਮੇਂ ਦੀ ਯੁੱਗ ਚੇਤਨਾ ਦੇ ਲੋਕਮੁੱਖੀ ਸੁਭਾਅ ਦੀ ਉਪਜ ਹੈ।[101] ਅਸਲ ਵਿਚ ਪੰਜਾਬੀ ਦਾ ਮੱਧਕਾਲੀ ਸਾਹਿਤ ਸੰਸਾਰ ਸੰਸਕ੍ਰਿਤ ਦੀ ਕਲਾਸੀਕਲ ਸਾਹਿਤ-ਪਰੰਪਰਾ ਦਾ ਅਨੁਸਾਰੀ ਨਾ ਹੋ ਕੇ ਲੋਕ ਪਰੰਪਰਾ ਤੋਂ ਸ਼ਕਤੀ ਹਾਸਿਲ ਕਰਦਾ ਨਜ਼ਰ ਆਉਂਦਾ ਹੈ।

# ਹਵਾਲੇ ਅਤੇ ਟਿੱਪਣੀਆਂ


1. ਡਾ. ਨਗੇਂਦਰ, ***ਭਾਰਤੀਯ ਸੌਂਦਰਯ ਸ਼ਾਸਤਰ ਦੀ ਭੂਮਿਕਾ***, ਪੰਨਾ 20
2. ***The Concise Oxford Dictionary***, page 84
3. ਡਾ. ਰਤਨ ਸਿੰਘ ਜੱਗੀ, ***ਪੰਜਾਬੀ ਸਾਹਿਤ ਕੋਸ਼***, ਭਾਗ ਪਹਿਲਾ, ਪੰਨਾ 175
4. ਚੰਦਰ ਕਲਾ, ***ਸੌਂਦਰਯ ਸ਼ਾਸਤਰ: ਸਵਰੂਪ ਏਵਮ ਵਿਕਾਸ,*** ਪੰਨਾ 9
5. ***Consise Oxford Dictionary***, page 104
6. ***Webster's Third New International Dictionary***, page 194
7. K.C. Panday, ***Western Aesthetics***, page 13
8. E.F. Carrit, ***Philosophies of Beauty***, page 6
9. Quoted in '***Plato Dictionary***', ***Morris Stock-hammer*** (ed.), page 19
10. K.C. Panday, ***Western Aesthetics,*** page 13
11. ਡਾ. ਬਲਜੀਤ ਕੌਰ, ***ਸੁਹਜ-ਸ਼ਾਸਤਰ ਦੀ ਰੂਪ ਰੇਖਾ,*** ਪੰਨਾ 39
12. ਡਾ. ਰਾਜਿੰਦਰ ਸਿੰਘ ਭੱਟੀ, ***ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ-ਸ਼ਾਸਤਰੀ ਪਰਿਪੇਖ,*** ਪੰਨਾ 62
13. K.C. Panday, ***Western Aesthetics***, page 258
14. Ibid, page 238
15. ਡਾ. ਬਲਜੀਤ ਕੌਰ, ਉਹੀ, ਪੰਨਾ 54
16. Rader, Melvin (ed.), ***A Modern Book of Esthetics***, page 56
17. ਡਾ. ਬਲਜੀਤ ਕੌਰ, ਉਹੀ, ਪੰਨਾ 46
18. Yuri, Barbrash, ***Aesthetics and Poetics***, page 108

19. Ibid, page 108

20. ਡਾ. ਬਲਜੀਤ ਕੌਰ, ਉਹੀ, ਪੰਨਾ 52

21. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਭਾਰਤੀ ਕਾਵਿ-ਸ਼ਾਸਤਰ***, ਪੰਨਾ 44

22. ਡਾ. ਮਹਿੰਦਰ ਕੌਰ ਗਿੱਲ, ***ਸੁਹਜਵਾਦੀ ਅਧਿਐਨ ਵਿਧੀ - ਸਾਹਿਤ ਅਧਿਐਨ ਵਿਧੀਆਂ*** (ਸੰਪਾ. ਰਤਨ ਸਿੰਘ ਜੱਗੀ), ਪੰਨਾ 81

23. ਡਾ. ਰਵਿੰਦਰ ਰਵੀ, ***ਵਿਰਸਾ ਅਤੇ ਵਰਤਮਾਨ***, ਪੰਨਾ 76-77

24. Karl Marx, ***Economic and Philosphical Manuscripts of 1844***, page 68

25. ਡਾ. ਯੋਗਰਾਜ, ***ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦਾ ਸੁਹਜ-ਸ਼ਾਸਤਰ***, ਪੰਨਾ 19

26. "Aesthetics, also spelled esthetics, theoretical study of beauty and taste constituting a branch of Philosophy." ***The New Eycyclopaedia of Britannica***, Vol. I, page 123

27. ਡਾ. ਰਵਿੰਦਰ ਰਵੀ, ਉਹੀ, ਪੰਨਾ 77

28. Avner Zis, ***Foundation of Marxist Aesthetics***, page 7

29. Yuri Barev, ***Aesthetics***, page 12

30. Harry Shaw, ***Dictionary of Literary Terms***, page 8

31. ***Chambers Dictionary***, page 16

32. "Aesthetics is concerned with understanding beauty, particularly as it is manifested in art, and with it is evaluation." ***The New Encyclopaedia Britannica***,Vol. I, page 123

33. "Aesthetics has traditionally been conceived of as the branch of philosophy concerned with beauty and the beautiful in nature and art." ***The Encyclopaedia Americana***, page 234

34. "Aesthetics is the branch of philosophy devoted to conceptual and theoretical inquiry into art and aesthetic experience." ***The Oxford Handbook of Aesthetics***, Oxford University Press, page 3

35. ***A Dictionary of Psychology***, page 10

36. K.C. Pandey, ***Western Aesthetics,*** page 1

37. Hegal, ***The Philosophy of Fine Art (1920),*** page 1-2

38. Benedetto Croce, ***Aesthetics***, page 155

39. Bernard Bosanquet, ***A History of Aesthetics***, page 1

40. Yuri Borev, ***Aesthetics***, page 13

41. Susan K. Langer, ***Feeling and Form***, page 12

42. I, Frolov (Edit), ***Dictionary of Philosophy***, page 10

43. Sparshott, ***The Structure of Aesthetics,*** page 3-4

44. Charles Handel (Ed.), ***Aesthetics and Criticism, The Philosophy of Kant and our Modern World***, page 67

45. K.C. Pandey, ***Indian Aesthetics,*** page 1

46. Ibid, ***Comparative Aesthetics***, Vol. I, page 15

47. ਡਾ. ਹਰਦਵਾਰੀ ਲਾਲ ਸ਼ਰਮਾ, ***ਸੌਂਦਰਯ ਸ਼ਾਸਤਰ***, ਪੰਨਾ 10

48. ਡਾ. ਨਗੇਂਦਰ,***ਭਾਰਤੀਯ ਸੌਂਦਰਯ ਸ਼ਾਸਤਰ ਕੀ ਭੂਮਿਕਾ***, ਪੰਨਾ 2

49. ਡਾ. ਰਮੇਸ਼ ਕੁੰਤਲ ਮੇਘ, ***ਸੌਂਦਰਯ ਜਿਗਿਆਸਾ***, ਪੰਨਾ 48

50. ਕੁਮਾਰ ਵਿਮਲ, ***ਸੌਂਦਰਯ ਸ਼ਾਸਤਰ ਕੇ ਤੱਤਵ***, ਪੰਨਾ 3

51. ਡਾ. ਰੋਸ਼ਨ ਲਾਲ ਆਹੂਜਾ, ***ਆਧੁਨਿਕ ਸੁਹਜ-ਸ਼ਾਸਤਰ***, ਪੰਨਾ 9

52. ਡਾ. ਬਲਜੀਤ ਕੌਰ, ਉਹੀ, ਪੰਨਾ 3

53. ਡਾ. ਯੋਗਰਾਜ, ਉਹੀ, ਪੰਨਾ 21

54. ਡਾ. ਰਵਿੰਦਰ ਰਵੀ, ਉਹੀ, ਪੰਨਾ 77

55. ਡਾ. ਜਗਬੀਰ ਸਿੰਘ, ***ਗੁਰਮਤਿ ਕਾਵਿ ਦਾ ਇਤਿਹਾਸ,*** ਪੰਨਾ 38

56. ਡਾ. ਹਰਚਰਨ ਕੌਰ (ਸੰਪਾ.), ***ਮੱਧਕਾਲੀਨ ਪੰਜਾਬੀ ਸਾਹਿਤ: ਪੁਨਰ ਵਿਚਾਰ***, ਪੰਨਾ 17

57. ਡਾ. ਸੁਖਦੇਵ ਸਿੰਘ,***ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ***, ਪੰਨਾ 21

58. "Poetics is a science studying poetry as art of one accepts this usage. Sanctified by a long tradition, one contend that in the recent years the science of literature has developed under the motto of poetics." – Y.M. Zhairmunsky, ***Selected Writings: Linguistics Poetics***, page 261

59. ***Encyclopaedia of Poetry and Poetics,*** page 636

60. Bernard Bosanquet, ***History of Aesthetics,*** page 63

61. ਡਾ. ਪ੍ਰੇਮ ਪ੍ਰਕਾਸ਼ ਸਿੰਘ, ਉਹੀ, ਪੰਨਾ 23

62. George Santayana, ***The Sense of Beauty***, page 16

63. K.S. Ramaswami, ***Indian Aesthetics***, page 1

64. ਡਾ. ਨਗੇਂਦਰ, ***ਰਸ ਸਿਧਾਂਤ***, ਪੰਨਾ 3

65. ਡਾ. ਫਤਹਿ ਸਿੰਘ, ***ਕਲਾ-ਵਿਵੇਚਨ***, ਪੰਨਾ 140

66. ਬਲਦੇਵ ਉਪਾਧਿਆਇ, ***ਭਾਰਤੀਯ ਸਾਹਿਤ ਸ਼ਾਸਤਰ***, ਭਾਗ ਪਹਿਲਾ, ਪੰਨਾ 2

67. Dr. S.K. Dey, ***Some Problems of Sanskrit Poetics***, page 2

68. ਸੁਰੇਸ਼ ਚੰਦਰ ਤਿਆਗੀ, ***ਛਾਇਆਵਾਦੀ ਕਵਿਤਾ ਮੇਂ ਸੌਂਦਰਯ ਦਰਸ਼ਨ,*** ਪੰਨਾ 16

69. ਡਾ. ਯੋਗਰਾਜ, ਉਹੀ, ਪੰਨਾ 23

70. ਪ੍ਰੋ. ਕਿਸ਼ਨ ਸਿੰਘ, ***ਯਥਾਰਥਵਾਦ***, ਪੰਨਾ 1

71. ਡਾ. ਰਵਿੰਦਰ ਰਵੀ, ਉਹੀ, ਪੰਨਾ 77

72. ਡਾ. ਨਗੇਂਦਰ, ***ਭਾਰਤੀਯ ਸੌਂਦਰਯ ਸ਼ਾਸਤਰ ਦੀ ਭੂਮਿਕਾ***, ਪੰਨਾ 4

73. Yuri Borev, ***Aesthetics***, page 15

74. ਡਾ. ਬਲਜੀਤ ਕੌਰ, ਉਹੀ, ਪੰਨਾ 11

75. ***ਖੋਜ ਪਤ੍ਰਿਕਾ,*** ਆਧੁਨਿਕ ਕਾਵਿ ਅੰਕ-22, ਪੰਨਾ 136

76. ***ਖੋਜ ਪਤ੍ਰਿਕਾ***, ਸਾਹਿਤਕਵਾਦ ਅੰਕ 32, ਪੰਨਾ 74

77. R.V. Johnson, ***Aesthetics***, page 1

78. ਕਿਸ਼ਵਰ ਸੁਲਤਾਨਾ, ***ਪੰਤ ਕਾਵਯ ਮੇਂ ਸੌਂਦਰਯ ਕਲਾ ਔਰ ਸ਼ਿਲਪ***, ਪੰਨਾ 1

79. ਉਹੀ, ਪੰਨਾ 20

80. ਡਾ. ਯੋਗਰਾਜ, ਉਹੀ, ਪੰਨਾ 70

81. ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ, ਗੋਬਿੰਦ ਸਿੰਘ ਲਾਂਬਾ, ***ਪੰਜਾਬੀ ਸਾਹਿੱਤ ਦਾ ਇਤਿਹਾਸ,*** ਪੰਨਾ 15

82. ਉਹੀ, ਪੰਨਾ 15

83. ***ਗੋਰਖ ਬਾਣੀ***, ਪੰਨਾ 83

84. ਉਹੀ, ਪੰਨਾ 69

85. ***ਬੁਲ੍ਹੇ ਸ਼ਾਹ***, ਪੰਨਾ 86

86. ਸ਼ਾਹ ਹੁਸੈਨ, ***ਕਾਫ਼ੀ***, ਪੰਨਾ 74

87. ਡਾ. ਯੋਗਰਾਜ, ਉਹੀ, ਪੰਨਾ 76

88. (ਉਧਰਿਤ) ਡਾ. ਦਵਿੰਦਰ ਸਿੰਘ, ***ਪੰਜਾਬੀ ਸੂਫ਼ੀ ਸਾਹਿਤ ਅਧਿਐਨ***, ਪੰਨਾ 83

89. (ਉਧਰਿਤ) ਪਰਮਿੰਦਰ ਸਿੰਘ ਤੇ ਹੋਰ, ***ਪੰਜਾਬੀ ਸਾਹਿੱਤ ਦੀ ਉਤਪਤੀ ਤੇ ਵਿਕਾਸ,*** ਪੰਨਾ 152

90. ***ਖੋਜ ਦਰਪਣ***, ਗੁਰਮਤਿ ਕਾਵਿ ਵਿਸ਼ੇਸ਼ ਅੰਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 2000, ਪੰਨਾ 66

91. ਡਾ. ਯੋਗਰਾਜ, ਉਹੀ, ਪੰਨਾ 70

92. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ***ਪੰਜਾਬੀ ਸਾਹਿੱਤ ਦੀ ਉਤਪਤੀ ਤੇ ਵਿਕਾਸ,*** ਪੰਨਾ 196

93. ਡਾ. ਹਰਚਰਨ ਕੌਰ (ਸੰਪਾ.), ਉਹੀ, ਪੰਨਾ 25-26

94. ਆਦਿ ਗ੍ਰੰਥ, ਅੰਗ 473

95. (ਉਧਰਿਤ) ਡਾ. ਯੋਗਰਾਜ, ਉਹੀ, ਪੰਨਾ 74

96. ਡਾ. ਰਵਿੰਦਰ ਸਿੰਘ ਰਵੀ, ਰਵੀ ਚੇਤਨਾ, ਪੰਨਾ 87

97. ਡਾ. ਯੋਗਰਾਜ, ਉਹੀ, ਪੰਨਾ 79

98. ***ਹੀਰ ਵਾਰਿਸ,*** ਪੰਨਾ 97

99. ਡਾ. ਹਰਚਰਨ ਕੌਰ, ਉਹੀ, ਪੰਨਾ 29-30

100. ਡਾ. ਪਰਮਿੰਦਰ ਸਿੰਘ ਤੇ ਹੋਰ, ***ਪੰਜਾਬੀ ਸਾਹਿੱਤ ਦੀ ਉਤਪਤੀ ਤੇ ਵਿਕਾਸ,*** ਪੰਨਾ 59

101. ਡਾ. ਯੋਗਰਾਜ, ਉਹੀ, ਪੰਨਾ 80

ਅਧਿਆਇ ਤੀਜਾ

*

*

*

# ਗੁਰੂ ਅਰਜਨ ਦੇਵ ਰਚਿਤ ਬਾਣੀ ਬਾਰਹ ਮਾਹਾ ਦਾ

# ਸੁਹਜ-ਸ਼ਾਸਤਰੀ ਅਧਿਐਨ

(ੳ) ਬਾਣੀ ਬਾਰਹ ਮਾਹਾ : ਸਿਧਾਂਤਕ ਪਰਿਪੇਖ

(ਅ) ਬਾਣੀ ਬਾਰਹ ਮਾਹਾ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

(1) ਬਿੰਬ ਸਿਰਜਣਾ

(2) ਪ੍ਰਤੀਕ ਵਿਧਾਨ

(3) ਅਲੰਕਾਰਾਂ ਦਾ ਪ੍ਰਯੋਗ

(4) ਸੰਗੀਤ ਅਤੇ ਲੈਅ

# ਗੁਰੂ ਅਰਜਨ ਦੇਵ ਰਚਿਤ ਬਾਣੀ ਬਾਰਹ ਮਾਹਾ ਦਾ

# ਸੁਹਜ-ਸ਼ਾਸਤਰੀ ਅਧਿਐਨ

## (ੳ) ਬਾਣੀ ਬਾਰਹ ਮਾਹਾ: ਸਿਧਾਂਤਕ ਪਰਿਪੇਖ

ਗੁਰੂ ਅਰਜਨ ਦੇਵ ਰਚਿਤ ਬਾਰਹ ਮਾਹਾ ਦੇ ਸੁਹਜ-ਸ਼ਾਸਤਰੀ ਅਧਿਐਨ ਤੇ ਚਰਚਾ ਕਰਨ ਤੋਂ ਪਹਿਲਾਂ ਬਾਰਹਮਾਹਾ ਕਾਵਿ ਰੂਪ ਬਾਰੇ ਬਿਆਨ ਕੀਤਾ ਜਾਵੇਗਾ। ਬਾਰਹਮਾਹਾ ਦਾ ਸ਼ਬਦੀ ਅਰਥ ਬਿਕਰਮੀ ਸੰਮਤ ਅਨੁਸਾਰ ਬਾਰਾਂ ਮਹੀਨੇ- ਚੇਤ, ਵਿਸਾਖ, ਜੇਠ, ਹਾੜ, ਸਾਵਣ, ਭਾਦੋਂ, ਕੱਤਕ, ਮੱਘਰ, ਪੋਹ, ਮਾਘ ਅਤੇ ਫੱਗਣ ਹਨ। ਬਾਰਹਮਾਹਾ ਬਾਰਾਂ ਮਹੀਨਿਆਂ ਦੇ ਸੰਦਰਭ ਵਿਚ ਲਿਖੀ ਲੋਕ ਕਾਵਿ ਰਚਨਾ ਹੈ। ਮਹਾਨ ਕੋਸ਼ ਅਨੁਸਾਰ:

> ਬਾਰਹਮਾਹਾ ਤੋਂ ਭਾਵ ਬਾਰਾਂ ਮਹੀਨਿਆਂ ਵਿਚ ਹੋਣ ਵਾਲਾ। ਉਹ ਕਾਵਯ, ਜਿਸ ਵਿਚ ਬਾਰਾਂ ਮਹੀਨਿਆਂ ਦਾ ਵਰਨਣ ਹੋਵੇ।[1]

ਇਹ ਇਕ ਅਜਿਹੀ ਕਾਵਿ ਰਚਨਾ ਹੈ ਜਿਸ ਵਿਚ ਕਵੀ ਇਕ ਬਿਰਹਨ ਦੀ ਤਰ੍ਹਾਂ ਬਾਰਾਂ ਮਹੀਨਿਆਂ ਵਿਚ ਬਦਲਦੇ ਮੌਸਮ ਰੁੱਤਾਂ ਤੇ ਸਮੇਂ ਅਨੁਸਾਰ ਬਦਲਦੇ ਮਨ ਦੇ ਉਦਗਾਰਾਂ, ਹਾਵਾਂ, ਭਾਵਾਂ ਤੇ ਜਜ਼ਬਿਆਂ ਨੂੰ ਇੰਨ ਬਿੰਨ ਪ੍ਰਗਟਾਂਦਾ ਹੈ। ਰੁੱਤਾਂ ਅਨੁਸਾਰ ਕੁਦਰਤ ਵਰਣਨ ਵੀ ਦਿੰਦਾ ਹੈ। ਕੁਦਰਤ ਵਰਣਨ ਮਨ ਦੇ ਭਾਵਾਂ ਦੀ ਅਭਿਵਿਅਕਤੀ ਦੇ ਪਿਛੋਕੜ ਨੂੰ ਉਘਾੜਦਾ, ਨਿਖਾਰਦਾ ਤੇ ਪ੍ਰਭਾਵਾਂ ਨੂੰ ਗਾੜ੍ਹਾ ਕਰਦਾ ਹੈ। ਬਿਰਹਾ ਬਾਰਹਮਾਹਾ ਦਾ ਮੂਲ ਆਧਾਰ ਹੈ। ਪਹਿਲਾਂ ਵਿਯੋਗ ਭਾਵਾਂ ਨੂੰ ਚਿਤਰਿਆ ਜਾਂਦਾ ਹੈ ਅਤੇ ਅੰਤਲੇ ਮਹੀਨੇ ਸੰਯੋਗ ਨੂੰ ਗਾਵਿਆ ਜਾਂਦਾ ਹੈ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ:

> ਕਾਵਿ ਰੂੜੀ ਅਨੁਸਾਰ, ਬਾਰਹਮਾਹਾ ਵਿਚ ਵਿਯੋਗ ਦੀ ਸਥਿਤੀ ਉਤਪੰਨ ਕਰਨ ਲਈ ਨਾਇਕ ਨੂੰ ਪਰਦੇਸ ਭੇਜਿਆ ਜਾਂਦਾ ਹੈ ਅਤੇ ਨਾਇਕਾ ਨੂੰ ਬਿਰਹਾ ਅਗਨੀ ਵਿਚ ਗਧ ਕਰਕੇ ਉਸਦੀ ਮਾਨਸਿਕ ਦਸ਼ਾ ਨੂੰ ਪ੍ਰਕਿਰਤੀ ਦੇ ਪ੍ਰਕਰਣ ਵਿਚ ਪੇਸ਼ ਕੀਤਾ ਜਾਂਦਾ ਹੈ।[2]

ਬਾਰਹਮਾਹਾ ਦੇ ਸੰਬੰਧ ਵਿਚ ਪ੍ਰੋ. ਸਾਹਿਬ ਸਿੰਘ ਲਿਖਦੇ ਹਨ:

ਬਾਰਹਮਾਹ ਲੋਕ ਕਾਵਿ ਦਾ ਇਕ ਰੂਪ ਹੈ। ਇਸ ਲੋਕ-ਕਾਵਿ ਵਿਚ ਦੇਸੀ ਬਾਰ੍ਹਾਂ ਮਹੀਨਿਆਂ ਦੇ ਬਦਲਦੇ ਕੁਦਰਤੀ ਵਾਤਾਵਰਨ ਨੂੰ ਪਿਛੋਕੜ ਵਿਚ ਰੱਖ ਕੇ, ਪ੍ਰੀਤਮ ਤੋਂ ਵਿਛੜੀ ਬਿਰਹਨੀ ਦੀਆਂ ਪ੍ਰੇਮ ਪੀੜਾਂ ਨੂੰ ਪੇਸ਼ ਕੀਤਾ ਹੁੰਦਾ ਹੈ, ਜਿਨ੍ਹਾਂ ਦਾ ਦ੍ਰਿਸ਼ ਬਹੁਤ ਪ੍ਰਭਾਵਤ ਤੇ ਹਿਰਦੇ-ਵੇਧਕ ਹੁੰਦਾ ਹੈ। ਬਾਰ੍ਹਾਂ ਮਹੀਨਿਆਂ ਵਿਚ ਵਿਜੋਗ ਦੀ ਦਸ਼ਾ ਦਾ ਚਿਤਰਨ ਹੁੰਦਾ ਹੈ ਅਤੇ ਬਾਰ੍ਹਵੇਂ ਮਹੀਨੇ ਵਿਚ ਭਾਰਤੀ ਸੁਖਾਂਤਿਕ ਪਰੰਪਰਾ ਅਨੁਸਾਰ ਸੰਜੋਗ ਦੀ ਸਥਿਤੀ ਪੈਦਾ ਕੀਤੀ ਹੁੰਦੀ ਹੈ, ਸੁਖ ਅਤੇ ਅਨੰਦ ਦੀ ਪ੍ਰਾਪਤੀ ਦੱਸੀ ਹੁੰਦੀ ਹੈ।[3]

ਇਸ ਪ੍ਰਕਾਰ ਬਾਰਹਮਾਹਾ ਵਿਚ ਬਿਰਹਣੀ ਦੇ ਵਿਛੋੜੇ ਦੇ ਦਰਦ ਨੂੰ ਕੁਦਰਤੀ ਵਾਤਾਵਰਨ ਦੇ ਪਿਛੋਕੜ ਵਿਚ ਬਾਰ੍ਹਾਂ ਮਹੀਨਿਆਂ ਦੇ ਸੰਦਰਭ ਵਿਚ ਰੂਪਮਾਨ ਕੀਤਾ ਜਾਂਦਾ ਹੈ। 'ਉਹ ਗੀਤ ਜਾਂ ਗਦ ਜਿਸ ਵਿਚ ਬਾਰ੍ਹਾਂ ਮਹੀਨਿਆਂ ਦਾ ਬਿਰਹੋਂ ਦਾ ਵਰਣਨ ਹੁੰਦਾ ਹੈ।'[4] (ਬਾਰਹਮਾਹ) ਉਹ ਪਦ ਜਾਂ ਗੀਤ ਹੈ ਜਿਸ ਵਿਚ ਬਾਰ੍ਹਾਂ ਮਹੀਨਿਆਂ ਦੀਆਂ ਪ੍ਰਕਿਰਤਕ ਵਿਸ਼ੇਸ਼ਤਾਵਾਂ ਦਾ ਵਰਣਨ ਕਿਸੇ ਬਿਰਹੀ ਜਾਂ ਬਿਰਹਣੀ ਦੇ ਮੂੰਹੋਂ ਕਰਵਾਇਆ ਗਿਆ ਸੋਗ ਹੋਵੇ।[5] 'ਬਾਰਹਮਾਹ ਲੋਕ ਗੀਤਾਂ ਦੀ ਉਹ ਕਿਸਮ ਹੈ ਜਿਸ ਵਿਚ ਕਿਸੇ ਬਿਰਹਣੀ ਇਸਤਰੀ ਦੇ ਸਾਲ ਦੇ ਹਰ ਮਹੀਨੇ ਵਿਚ ਅਨੁਭਵ ਕੀਤੇ ਦੁੱਖਾਂ ਤੇ ਹਿਰਦੇ ਦੀਆਂ ਵੇਦਨਾਵਾਂ ਦਾ ਬਿਆਨ ਕੀਤਾ ਹੁੰਦਾ ਹੈ ਕਿਉਂਕਿ ਇਹਨਾਂ ਗੀਤਾਂ ਵਿਚ ਸਾਲ ਦੇ ਬਾਰਾਂ ਮਹੀਨਿਆਂ ਦੇ ਦੁੱਖਾਂ ਦਾ ਵਰਣਨ ਹੁੰਦਾ ਹੈ, ਇਸ ਲਈ ਇਸ ਨੂੰ ਬਾਰਹਮਾਹ ਨਾਮ ਦਿੱਤਾ ਗਿਆ ਹੈ।'[6] 'ਬਾਰਹਮਾਹ ਲੋਕ ਗੀਤਾਂ ਦੀ ਇਕ ਕਿਸਮ ਹੈ। ਇਸ ਵਿਚ ਕਿਸੇ ਵਿਯੋਗਣ ਇਸਤਰੀ ਦੇ ਹਰ ਮਹੀਨੇ ਵਿਚ ਮਹਿਸੂਸ ਕੀਤੇ ਮਾਨਸਿਕ ਦੁੱਖਾਂ ਤੇ ਮਨੋਵੇਦਨਾਵਾਂ ਦਾ ਜ਼ਿਕਰ ਹੁੰਦਾ ਹੈ।'[7]

ਉਪਰੋਕਤ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਬਾਰਹਮਾਹਾ ਸਾਲ ਦੇ ਬਾਰ੍ਹਾਂ ਮਹੀਨਿਆਂ ਦੌਰਾਨ ਬਦਲਦੇ ਹੋਏ ਮੌਸਮ ਨੂੰ ਕਾਵਿ-ਸਿਰਜਣ ਦਾ ਆਧਾਰ ਬਣਾਉਣ ਵਾਲਾ ਕਾਵਿ-ਰੂਪ ਹੈ ਅਤੇ ਇਸ ਵਿਚ ਵਿਜੋਗਣ ਦੇ ਵਿਜੋਗ ਨੂੰ ਬਾਰਾਂ ਮਹੀਨਿਆਂ ਦੇ ਕ੍ਰਮ ਅਨੁਸਾਰ ਲਿਖਿਆ ਜਾਂਦਾ ਹੈ। ਪ੍ਰਕਿਰਤੀ ਵਿਚਲੇ ਪਰਿਵਰਤਨ ਦਰਸਾਉਂਦਿਆਂ ਵਿਯੋਗਣ ਦੀ ਮਨੋਦਸ਼ਾ ਦਾ ਚਿਤਰ ਖਿਚਦਿਆਂ ਆਖਰ ਸੰਜੋਗ ਨਾਲ ਖਤਮ ਹੁੰਦਾ ਹੈ।

ਬਾਰਹਮਾਹਾ ਦੀ ਪਰੰਪਰਾ ਪ੍ਰਕਿਰਤੀ ਅਤੇ ਮਨੁੱਖ ਦੀ ਸਾਂਝ ਜਿੰਨੀ ਪੁਰਾਣੀ ਹੈ। ਆਦਿ ਮਨੁੱਖ ਦੀ ਸਾਂਝ ਜ਼ਿਆਦਾਤਾਰ ਪ੍ਰਕਿਰਤੀ ਨਾਲ ਹੀ ਰਹੀ ਹੈ, ਜੋ ਉਸ ਦੇ ਸੁੱਖ ਦੁੱਖ ਦੀ ਦਾਤੀ ਵੀ। ਉਹ

ਪ੍ਰਕਿਰਤੀ ਦੀ ਬਦਲਦੀ ਨੁਹਾਰ ਨੂੰ ਦੇਖਦਾ ਰਹਿੰਦਾ ਹੈ, ਜੋ ਉਸ ਦੇ ਅੰਗ ਅੰਗ ਵਿਚ, ਕਲਪਨਾ ਵਿਚ ਵੱਸੀ ਰਹਿੰਦੀ ਹੈ, ਉਸ ਦੇ ਹਿਰਦੇ ਨੂੰ ਟੁੰਬਦੀ ਤੇ ਉਹ ਆਪ ਮੁਹਾਰਾ ਗੁਣਗੁਣਾ ਉੱਠਦਾ। ਪ੍ਰਕਿਰਤੀ ਉਸ ਦੇ ਦਿਲ ਵਿਚੋਂ ਨਿਕਲੇ ਸ਼ਬਦਾਂ ਰਾਹੀਂ ਦ੍ਰਿਸ਼ਟਮਾਨ ਹੁੰਦੀ ਸੀ। ਆਰੰਭਿਕ ਸਭਿਆਚਾਰ ਪ੍ਰਕਿਰਤੀ ਦਾ ਸਭਿਆਚਾਰ ਹੀ ਹੈ। ਇਸ ਸਭਿਆਚਾਰ ਨੂੰ ਆਜੜੀ ਸਭਿਆਚਾਰ ਵੀ ਕਿਹਾ ਗਿਆ ਹੈ। ਇਸ ਕਰਕੇ ਵਿਦਵਾਨਾਂ ਨੇ ਬਾਰਹਮਾਹਾ ਦਾ ਮੁੱਢ ਆਜੜੀ ਸਭਿਆਚਾਰ ਵਿਚੋਂ ਲੱਭਣ ਦਾ ਯਤਨ ਕੀਤਾ ਹੈ। ਆਜੜੀ ਲੋਕ ਚਰਗਾਹਾਂ ਵਿਚ ਆਪਣੇ ਪਸ਼ੂ ਚਾਰਦੇ ਹੋਏ ਕੁਦਰਤ ਦੇ ਨੇੜੇ ਰਹਿੰਦੇ ਸਨ। ਕੁਦਰਤ ਦੀਆਂ ਵੱਖ ਵੱਖ ਰੁੱਤ ਤਬਦੀਲੀਆਂ ਨੂੰ ਉਹ ਵੇਖਿਆਂ ਅਤੇ ਮਹਿਸੂਸ ਕਰਿਆ ਕਰਦੇ ਸਨ, ਜਿਨ੍ਹਾਂ ਨੂੰ ਉਹ ਸਭਾਵਕ ਅਭਿਵਿਅਕਤ ਕਰਦੇ ਸਨ। ਬਦਲਦੀ ਰੁੱਤ ਨਾਲ ਮਨੋਸਥਿਤੀ ਨੂੰ ਉਹ ਸਰੀਰ ਦੇ ਅੰਗਾਂ ਦੇ ਕਾਰਜ ਰਾਹੀਂ ਅਤੇ ਬੋਲਾਂ ਰਾਹੀਂ ਵੀ ਪ੍ਰਗਟਾਇਆ ਕਰਦੇ ਸਨ।[8]

ਬਾਰਹਮਾਹਾ ਕਾਵਿ ਰੂਪ ਦੀਆਂ ਜੜ੍ਹਾਂ 'ਖੱਟ ਰਿਤੂ ਵਰਣਨ' ਵਿਚੋਂ ਨਿਕਲਦੀਆਂ ਹਨ। ਖੱਟ ਰਿਤੂ ਵਰਣਨ ਦਾ ਅਰਥ ਹੈ: ਛੇ ਰੁੱਤਾਂ ਦਾ ਵਰਣਨ। 'ਪਹਿਲਾਂ ਪਹਿਲ ਸਾਲ ਦੀਆਂ ਛੇ ਰੁੱਤਾਂ, ਬਸੰਤ (ਚੇਤ, ਵਿਸਾਖ), ਗ੍ਰੀਸ਼ਮ (ਜੇਠ, ਹਾੜ੍ਹ), ਵਰਸ਼ਾ (ਸੌਣ, ਭਾਦੋਂ), ਸਰਦ (ਅਸੂ, ਕੱਤਕ), ਹੇਮੰਤ (ਮੱਘਰ, ਪੋਹ) ਤੇ ਸ਼ਿਸ਼ਰ (ਮਾਘ, ਫੱਗਣ) ਅਨੁਸਾਰੀ ਮਨੁੱਖੀ ਜੀਵਨ ਦੇ ਸੁੱਖਾਂ, ਦੁੱਖਾਂ ਨੂੰ ਗਾਇਆ ਜਾਂਦਾ ਰਿਹਾ ਹੈ। ਬਾਅਦ ਵਿਚ ਇਹ ਵਰਣਨ ਸਾਲ ਦੀਆਂ ਛੇ ਰੁੱਤਾਂ ਦੀ ਥਾਂ ਬਾਰ੍ਹਾਂ ਮਹੀਨਿਆਂ ਦੇ ਹਿੱਸਿਆਂ ਵਿਚ ਵੰਡ ਕੇ ਕੀਤਾ ਜਾਣ ਲੱਗਾ। ਵੈਸੇ ਅੰਤਰਗਤੀ ਵਸਤੂ ਦਾ ਕੋਈ ਭਿੰਨ ਭੇਦ ਨਹੀਂ ਸੀ ਕੇਵਲ ਬਾਹਰਲੇ ਰੂਪ ਨੇ ਜ਼ਰਾ ਵਿਸਤ੍ਰਿਤ ਰੂਪ ਧਾਰਨ ਕਰ ਲਿਆ ਸੀ। ਆਮ ਤੌਰ ਤੇ ਕਵੀ ਜਨ ਖੁਸ਼ੀ, ਮੰਗਲ ਦੇ ਪ੍ਰਗਟਾਉ ਸਮੇਂ 'ਖੱਟ ਰਿਤੂ ਵਰਣਨ' ਕਰਦੇ ਸਨ ਤੇ ਬਿਰਹੁ ਵਿਯੋਗ ਦੇ ਵਰਣਨ ਲਈ 'ਬਾਰਾਂਮਾਸੇ' ਜਾਂ 'ਬਾਰਾਂਮਾਹ' ਦਾ ਆਸਰਾ ਲਿਆ ਕਰਦੇ ਸਨ।'[9]

ਬਾਰਹਮਾਹਾ ਲੋਕ ਕਾਵਿ ਰੂਪ ਹੈ। ਇਸ ਕਰਕੇ ਇਸਦੀ ਬੋਲੀ ਲੋਕ ਭਾਸ਼ਾ ਦੇ ਨੇੜੇ ਦੀ ਹੀ ਹੁੰਦੀ ਹੈ। ਬਾਰਹਮਾਹਾ ਦੁਆਰਾ ਅਧਿਆਤਮਵਾਦੀ, ਰਹੱਸਵਾਦੀ ਅਤੇ ਸਮਾਜਵਾਦੀ ਵਿਚਾਰ ਪ੍ਰਗਟਾਏ ਜਾਂਦੇ ਹਨ। ਇਸ ਕਾਵਿ-ਰੂਪ ਦਾ ਆਰੰਭ ਵਿਦਵਾਨਾਂ ਨੇ ਖੱਟ ਰਿਤੂ ਤੋਂ ਮੰਨਿਆ ਹੈ। ਖੱਟ ਰਿਤੂ ਦਾ ਬਾਰਹਮਾਹ ਨਾਲੋਂ ਅੰਤਰ ਇਹ ਹੈ ਕਿ ਇਸ ਵਿਚ ਛੇ ਰੁੱਤਾਂ ਦਾ ਵਰਨਣ ਹੁੰਦਾ ਹੈ ਅਤੇ ਬਾਰਹਮਾਹਾ ਵਿਚ ਬਾਰਾਂ ਮਹੀਨਿਆਂ ਦਾ। ਸੰਸਕ੍ਰਿਤ ਸਾਹਿਤ ਵਿਚ ਖੱਟ ਰਿਤੂ ਵਰਣਨ ਸਭ ਤੋਂ ਪਹਿਲਾਂ ਕਵੀ

ਕਾਲੀ ਦਾਸ ਦਾ ਰਚਿਆ 'ਰਿਤੂ ਸੰਹਾਰ' ਹੈ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਸਭ ਤੋਂ ਪੁਰਾਣਾ ਬਾਰਹਮਾਹਾ ਹਿੰਦੀ ਵਿਚ ਜਾਇਸੀ ਦੇ ਪਦਮਾਵਤਿ ਵਿਚ ਹੈ। ਉਸ ਅਨੁਸਾਰ ਸੁਤੰਤਰ ਰੂਪ ਵਿਚ ਸ਼ਾਇਦ ਅਕਬਰ ਦੇ ਦਰਬਾਰੀ ਕਵੀ ਗੰਗਾ ਭੱਟ ਨੇ ਸਭ ਤੋਂ ਪਹਿਲਾਂ ਬਾਰਹਮਾਹਾ ਲਿਖਿਆ ਸੀ। ਬਾਦ ਵਿਚ ਇਹ ਲੋਕ ਕਾਵਿ ਰੂਪ ਕਾਫ਼ੀ ਪ੍ਰਚਲਿਤ ਹੋਇਆ ਅਤੇ ਉੱਤਰੀ ਭਾਰਤ ਦੀਆਂ ਸਭ ਬੋਲੀਆਂ ਵਿਚ ਲਿਖਿਆ ਜਾਣ ਲੱਗ ਪਿਆ। ਪੰਜਾਬੀ, ਹਿੰਦੀ, ਰਾਜਸਥਾਨੀ, ਗੁਜਰਾਤੀ, ਮਰਾਠੀ ਅਤੇ ਬੰਗਾਲੀ ਵਿਚ ਵੀ ਬਾਰਹਮਾਹਾ ਦੀਆਂ ਸ੍ਰੇਸ਼ਟ ਰਚਨਾਵਾਂ ਹੋਂਦ ਵਿਚ ਆਈਆਂ।

ਪੰਜਾਬੀ ਸਾਹਿਤ ਵਿਚ ਇਸ ਕਾਵਿ ਰੂਪ ਦੀ ਭਰਪੂਰ ਵਰਤੋਂ ਹੋਈ ਹੈ। ਲੋਕ ਕਾਵਿ ਵਿਚ ਵੀ ਅਤੇ ਵਿਸ਼ਿਸ਼ਟ ਸਾਹਿਤ ਵਿਚ ਵੀ। ਸਾਡਾ ਸਰੋਕਾਰ ਇਥੇ ਗੁਰਮਤਿ ਕਾਵਿ ਦੇ ਅੰਤਰਗਤ ਆਉਣ ਵਾਲੇ ਬਾਰਹ ਮਾਹਿਆਂ ਨਾਲ ਹੈ ਅਤੇ ਦੇਖਣਾ ਇਹ ਹੈ ਕਿ ਬਾਣੀਕਾਰਾਂ ਨੇ ਇਸ ਕਾਵਿ ਰੂਪ ਵਿਚ ਸੁਹਜਾਤਮਕ ਪ੍ਰਬੰਧ ਕਿਸ ਤਰ੍ਹਾਂ ਵਿਕਸਿਤ ਕੀਤਾ ਹੈ। ਗੁਰਮਤਿ ਸਾਹਿਤ ਦੇ ਪ੍ਰਸੰਗ ਵਿਚ ਬਾਰਹ ਮਾਹਾ ਲਿਖਣ ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਬਾਰਹ ਮਾਹਾ ਦਰਜ ਹਨ। ਇਕ ਬਾਰਹ ਮਾਹਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ ਜੋ ਰਾਗ ਤੁਖਾਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 1107 ਤੋਂ 1110 ਉੱਤੇ ਅੰਕਿਤ ਹੈ ਤੇ ਦੂਸਰਾ ਬਾਰਹ ਮਾਹਾ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਮਾਂਝ ਰਾਗ ਵਿਚ ਰਚਿਆ ਗਿਆ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 133 ਤੋਂ 136 ਉੱਤੇ ਅੰਕਿਤ ਹੈ। ਬਾਅਦ ਵਿਚ ਇਸ ਕਾਵਿ ਰੂਪ ਨੇ ਸਾਹਿਤ ਵਿਚ ਬਹੁਤ ਵਿਕਾਸ ਕੀਤਾ। ਬਾਰਹ ਮਾਹਾ ਲਿਖਣ ਦੀ ਇਕ ਲੰਮੀ ਪਰੰਪਰਾ ਚਲ ਪਈ। ਵੱਖ-ਵੱਖ ਰੂਪਾਂ, ਵੱਖ-ਵੱਖ ਵਿਸ਼ਿਆਂ ਉੱਪਰ ਬਾਰਹ ਮਾਹਾ ਲਿਖੇ ਜਾਣ ਲੱਗ ਪਏ। ਪ੍ਰਿੰ. ਪ੍ਰੀਤਮ ਸਿੰਘ ਅਨੁਸਾਰ ਬਿਰਹੋਂ ਤਾਂ ਭਲਾ ਹੋਣਾ ਹੀ ਸੀ, ਪਤਨੀ ਦਾ ਪਤੀ ਲਈ, ਪਰ ਸਾਡੇ ਕਵੀਆਂ ਨੇ ਤਾਂ ਭਗਤੀ, ਯੋਗ, ਵੇਦਾਂਤ, ਰਹੱਸ, ਅਧਿਆਤਮਵਾਦ ਅਤੇ ਸੂਰਬੀਰਤਾ ਆਦਿ ਨੂੰ ਵੀ ਬਾਰਹ ਮਾਹਿਆ ਵਿਚ ਨਿਭਾ ਮਾਰਿਆ ਹੈ ਬਲਕਿ ਭਗਤਾਂ ਅਤੇ ਪ੍ਰੇਮੀਆਂ ਦੇ ਸੰਪੂਰਨ ਕਿੱਸੇ ਇਸੇ ਰੂਪ ਵਿਚ ਲਿਖੇ ਹਨ।

ਸਿੱਖ ਸਤਿਗੁਰਾਂ ਨੇ ਬਾਰਹ ਮਾਹਾ ਦੇ ਮਰਿਆਦਾਗਤ ਵਿਧਾਨ ਨੂੰ ਨਵੇਂ ਆਯਾਮ ਦਿੱਤੇ ਹਨ। ਮੂਲ ਰੂਪ ਵਿਚ ਬਾਰਹ ਮਾਹਾ ਇਕ ਸ਼ਿੰਗਾਰ-ਰਸੀ ਰਚਨਾ ਹੁੰਦੀ ਹੈ ਜਿਸ ਵਿਚ ਨਾਇਕਾ ਪ੍ਰਦੇਸ ਗਏ ਪ੍ਰੀਤਮ ਦੇ ਵਿਯੋਗ ਵਿਚ ਤੜਪਦੀ, ਕੀਰਨੇ ਪਾਉਂਦੀ ਹੈ। ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ

ਨੇ ਇਸ ਕਾਵਿ ਰੂਪ ਨੂੰ ਪਹਿਲੀ ਵਾਰ ਅਧਿਆਤਮਕ ਉਦੇਸ਼ ਲਈ ਵਰਤਿਆ। ਪੁਰਾਤਨ ਜਨਮਸਾਖੀ ਅਨੁਸਾਰ ਬਾਰਹ ਮਾਹਾ ਤੁਖਾਰੀ, ਗੁਰੂ ਨਾਨਕ ਦੇਵ ਜੀ ਦੇ ਅੰਤਮ ਸਮੇਂ ਦੀ ਰਚਨਾ ਹੈ। ਕਰਤਾਰਪੁਰ ਵਿਖੇ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਸਮੇਂ ਇਸ ਰਚਨਾ ਦਾ ਉਚਾਰਨ ਹੋਇਆ ਦੱਸਿਆ ਹੈ:

ਤਬ ਸੰਗਤਿ ਲਗੀ ਸਬਦੁ ਗਾਵਣਿ ਅਲਾਹੁਣੀਆ॥
ਤਬ ਬਾਬਾ ਬਿਸਮਾਦ ਦੇ ਘਰ ਆਇਆ॥
ਤਿਤੁ ਮਹਲਿ ਹੁਕਮੁ ਹੋਇਆ ਰਾਗੁ ਤੁਖਾਰੀ ਕੀਤਾ,
ਬਾਬਾ ਬੋਲਿਆ ਬਾਰਹ ਮਾਹ ਗਤਿ ਅੰਮ੍ਰਿਤ ਵੇਲਾ॥
ਹੋਆ ਚਲਾਣੈ ਕੇ ਵਖਤਿ॥[10]

ਗੁਰੂ ਨਾਨਕ ਦੇਵ ਜੀ ਦਾ ਬਾਰਹ ਮਾਹਾ ਤੁਖਾਰੀ ਪੰਜਾਬੀ ਸਾਹਿਤ ਵਿਚ ਬਾਰਹ ਮਾਹਾ ਦੇ ਕਾਵਿ ਰੂਪ ਦੀ ਪਹਿਲੀ ਰਚਨਾ ਹੈ। 'ਰਾਗ ਤੁਖਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਮੌਲਿਕ ਰਾਗ ਹੈ।'[11]ਜਿਸ ਦਾ ਗਾਇਨ ਦਿਨ ਦੇ ਅੰਤਿਮ ਪਹਿਰ ਸਮੇਂ ਕੀਤਾ ਜਾਂਦਾ ਹੈ। ਇਸ ਦੀ ਸੁਰਾਤਮਕ ਅਤੇ ਰਾਗਾਤਮਕ ਪ੍ਰਕਿਰਤੀ ਨੂੰ ਜੇਕਰ ਸ਼ਾਬਦਿਕ ਰੂਪ ਦੇਣਾ ਹੋਵੇ ਤਾਂ ਇਸ ਨੂੰ ਸ਼ਾਂਤ, ਸ਼ੀਤ, ਬਿਰਹਾ, ਵਿਛੋੜੇ, ਲੰਮੀ ਉਦਾਸੀ ਅਤੇ ਖ਼ਾਮੋਸ਼ੀ ਦੇ ਭਾਵਾਂ ਨੂੰ ਉਜਾਗਰ ਕਰਨ ਵਾਲੀ ਪ੍ਰਕਿਰਤੀ ਦਾ ਰਾਗ ਆਖਾਂਗੇ ਜਿਸ ਦਾ ਰੂਪ ਖ਼ਾਮੋਸ਼ ਚੁੱਪ ਬੈਠੇ ਜੋਗੀ ਵਾਂਗ ਹੈ ਅਤੇ ਉਸਦੇ ਸੁਭਾਅ ਵਿਚ ਵਿਛੋੜੇ ਦਾ ਕਸਕ ਹੈ।[12]

ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ਦੇ ਸਿਰਲੇਖ ਤੋਂ ਪ੍ਰਤੱਖ ਹੈ ਕਿ ਇਹ ਬਾਣੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਆਰਾ ਰਚਿਤ ਰਾਗ ਤੁਖਾਰੀ ਦੇ ਅੰਤਰਗਤ ਛੰਤਾਂ ਵਿਚ ਲੋਕ ਕਾਵਿ ਰੂਪ ਬਾਰਹਮਾਹਾ 'ਤੇ ਆਧਾਰਿਤ ਇਕ ਸੰਰਚਨਾ ਹੈ। 'ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ 'ਛੰਤ' ਤੇ 'ਬਾਰਹ ਮਾਹਾ' ਨੂੰ ਇਕੱਠਾ ਕੀਤਾ ਹੈ। ਸੁਤੰਤਰ ਛੰਤ ਕਾਵਿ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਵਰਤਿਆ ਹੋਇਆ ਹੈ। ਪਰ ਬਾਰਹ ਮਾਹਾ ਤੁਖਾਰੀ ਵਿਚ ਗੁਰੂ ਸਾਹਿਬ ਨੇ ਦੋਹਾਂ ਕਾਵਿ 'ਛੰਤ' ਅਤੇ 'ਬਾਰਹ ਮਾਹਾ' ਨੂੰ ਮਿਲਾ ਦਿੱਤਾ ਹੈ। 'ਛੰਤ' ਕਾਵਿ ਰੂਪ ਵਿਚ ਮਿਲਾਪ ਦਾ ਚਿੱਤਰ ਹੁੰਦਾ ਹੈ ਤੇ 'ਬਾਰਹ ਮਾਹਾ' ਵਿਯੋਗ-ਸ਼ਿੰਗਾਰ ਦੀ ਕਵਿਤਾ ਹੁੰਦੀ ਹੈ। 'ਛੰਤ' ਵੀ ਸ਼ਿੰਗਾਰ-ਕਾਵਿ ਦਾ ਰੂਪ ਹੈ। ਬੜੀ ਸਫ਼ਲਤਾ ਨਾਲ ਇਸ ਰਚਨਾ ਵਿਚ ਦੋਵੇਂ ਕਾਵਿ ਰੂਪ ਮਿਲਾਏ ਹਨ। ਜਿਥੇ ਸ਼ਿੰਗਾਰ ਵੀ ਹੈ, ਵਿਯੋਗ ਵੀ ਹੈ, ਸੰਯੋਗ ਦਾ

ਸੁੱਖ ਵੀ ਹੈ ਤੇ 'ਛੰਤ' ਕਾਵਿ ਰੂਪ ਅਨੁਸਾਰ ਤੁਕਾਂ ਦਾ ਦੁਹਰਾ ਵੀ ਹੈ ਤੇ ਲੋਕ ਕਾਵਿ ਰੂਪ ਦੀ ਭਾਵੁਕਤਾ ਤੇ ਰੋਜ਼ਾਨਾ ਜੀਵਨ ਦਾ ਵਰਨਣ ਵੀ ਹੈ।'[13] ਪੰਜਾਬੀ ਸਾਹਿਤ ਵਿਚ ਕੁਦਰਤ ਦੇ ਦ੍ਰਿਸ਼ ਚਿੱਤਰ ਦੇਣ ਵਿਚ ਇਸ ਰਚਨਾ ਨਾਲ ਕੋਈ ਹੋਰ ਰਚਨਾ ਤੁਲਨਾ ਨਹੀਂ ਕਰ ਸਕਦੀ। ਇਸ ਦੇ 17 ਬੰਦ ਹਨ ਤੇ ਇੰਨੇ ਹੀ ਪੂਰਨ ਚਿਤਰ ਇਸ ਰਚਨਾ ਵਿਚ ਦੇਖੇ ਜਾ ਸਕਦੇ ਹਨ। ਕੁਦਰਤ ਚਿੱਤਰਣ ਦੀ ਇਹ ਪੰਜਾਬੀ ਸਾਹਿਤ 'ਚੋਂ ਸਭ ਤੋਂ ਮਹਾਨ ਰਚਨਾ ਹੈ।[14]

ਬਾਰਹ ਮਾਹਾ ਤੁਖਾਰੀ ਇਕ ਅਧਿਆਤਮਿਕ ਬ੍ਰਿਹੋਂ ਕਾਵਿ ਹੈ ਜਿਸ ਵਿਚ ਗੁਰੂ ਨਾਨਕ ਸਾਹਿਬ ਨੇ ਧਨ-ਧਿਰ ਦਾ ਅਧਿਆਤਮੀਕਰਣ ਕਰਕੇ ਬ੍ਰਹਮ ਜੀਵ ਦੇ ਅਨੂਠੇ ਰਿਸ਼ਤਿਆਂ ਦਾ ਸੁਹਜਾਤਮਕ ਬਿਆਨ ਕੀਤਾ ਹੈ। ਗੁਰੂ ਸਾਹਿਬ ਨੇ ਇਸ ਕਾਵਿ ਰੂਪ ਦੀ ਵਰਤੋਂ ਬੜੇ ਕਲਾਤਮਕ ਢੰਗ ਨਾਲ ਕੀਤੀ ਹੈ। ਇਹ ਸ਼ਿੰਗਾਰ ਰਸ ਪ੍ਰਧਾਨ ਰਚਨਾ ਹੈ ਅਤੇ ਗੁਰੂ ਸਾਹਿਬ ਦੀ ਕਾਵਿ ਕਲਾ ਦਾ ਸ੍ਰੇਸ਼ਟ ਨਮੂਨਾ ਵੀ ਹੈ।

ਗੁਰੂ ਸਾਹਿਬ ਨੇ ਮਨੁੱਖੀ ਹਿਰਦੇ ਦੀ ਕੋਮਲਤਾ ਅਤੇ ਇਸਤਰੀ ਮਨ ਦੇ ਭਾਵਾਂ ਦੀ ਬੜੇ ਸੁਹਜਮਈ ਢੰਗ ਨਾਲ ਤਰਜਮਾਨੀ ਕੀਤੀ ਹੈ। ਆਪ ਨੇ ਅਧਿਆਤਮਕ ਵਿਚਾਰ ਦੇ ਪ੍ਰਗਟਾਵੇ ਲਈ ਸੁੰਦਰ ਢੰਗ ਅਪਣਾਇਆ ਹੈ। ਹਰ ਮਹੀਨੇ ਦੀ ਵੱਖ-ਵੱਖ ਦਸ਼ਾ ਦਾ ਬਿਆਨ, ਮਨੁੱਖੀ ਮਨ ਦੀ ਅੰਤਰੀਵ ਭਾਵਾਤਮਕ ਸਥਿਤੀ ਦਾ ਬੋਧ ਕਰਵਾਉਂਦਾ ਹੈ। ਮਹੀਨੇ ਦਾ ਵਾਤਾਵਰਣ ਬਦਲਣ ਨਾਲ ਅੰਤਰੀਵ ਹਿਰਦੇ ਦਾ ਭਾਵੁਕ ਚਿੱਤਰ ਵੀ ਬਦਲ ਜਾਂਦਾ ਹੈ। ਬਾਰਹ ਮਾਹਾ ਤੁਖਾਰੀ ਵਿਚ ਬੁੱਧੀ ਤੱਤ ਨਾਲੋਂ ਭਾਵਾਂ ਦੀ ਬਹੁਤਾਤ ਹੈ ਅਤੇ ਸੁਹਜ ਸ਼ਿੰਗਾਰ ਦਾ ਵੀ ਕੋਈ ਅੰਤ ਨਹੀਂ। ਸੋ ਅਸੀਂ ਇਸ ਬਾਰਹ ਮਾਹਾ ਦੀ ਸ਼ੈਲੀ ਨੂੰ ਭਾਵਾਤਮਕ ਅਤੇ ਸੁਹਜਾਤਮਕ ਸ਼ੈਲੀ ਦਾ ਸੁਮੇਲ ਕਹਿ ਸਕਦੇ ਹਾਂ। ਇਸ ਰਚਨਾ ਵਿਚ ਗੁਰੂ ਨਾਨਕ ਦੇਵ ਜੀ ਦਾ ਆਪਣਾ ਆਪ ਹੈ। ਅਖ਼ੀਰਲੇ ਸਮੇਂ ਦੀ ਰਚਨਾ ਹੋਣ ਕਾਰਨ ਸਰੋਦੀ ਅੰਸ਼ ਹੈ, ਦਰਸ਼ਨ ਨਾਲੋਂ ਭਾਵਕਤਾ ਅਤੇ ਜਜ਼ਬੇ ਦੀ ਪ੍ਰਬਲਤਾ ਹੈ।[15]

ਪੰਜਾਬੀ ਬਾਰਾਂ ਮਾਹਿਆ ਦੇ ਇਤਿਹਾਸ ਵਿਚ ਇਹ ਰਚਨਾ ਆਪਣੇ ਚਿੰਤਨ ਅਤੇ ਸੁਹਜ ਭਰਪੂਰ ਪ੍ਰਗਟਾਵੇ ਕਾਰਨ ਹਮੇਸ਼ਾਂ ਸਤਿਕਾਰੀ ਅਤੇ ਪਿਆਰੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਬਿਰਤਾਂਤਕ-ਕਾਵਿ ਰੂਪ ਨੂੰ ਅਪਣਾ ਕੇ ਇਸ ਨੂੰ ਸੁਰੱਖਿਅਤ ਹੀ ਨਹੀਂ ਰਖਿਆ ਸਗੋਂ ਇਸ ਸਾਹਿਤਕ ਰੂਪ ਨੂੰ ਅਪਣਾਉਣ ਨਾਲ ਇਹ ਬਾਅਦ ਦੇ ਕਵੀਆਂ ਲਈ ਪ੍ਰੇਰਣਾ-ਸ੍ਰੋਤ ਵੀ ਬਣਿਆ। ਗੁਰੂ ਸਾਹਿਬ ਨੇ ਇਸ ਲੋਕ-ਕਾਵਿ ਮਾਧਿਅਮ ਰਾਹੀਂ ਆਪਣੀ ਅਧਿਆਤਮਕ ਅਨੁਭੂਤੀ ਨੂੰ ਸੰਪੂਰਨ ਰੂਪ ਵਿਚ

ਪ੍ਰਗਟਾਇਆ ਹੈ। 'ਗੁਰੂ ਨਾਨਕ ਦੇਵ ਜੀ ਦੀਆਂ ਸਾਹਿਤਕ ਲੀਹਾਂ ਉੱਪਰ ਚਲਦਿਆਂ ਗੁਰੂ ਅਰਜਨ ਦੇਵ ਜੀ ਨੇ ਵੀ ਲੋਕ ਕਾਵਿ ਰੂਪਾਂ ਨੂੰ ਵਰੋਸਾਇਆ ਹੈ। ਬਾਰਹ ਮਾਹਾ ਮਾਂਝ ਵੀ ਤੁਖਾਰੀ ਦੇ ਬਾਰਹ ਮਾਹਾ ਵਾਂਗ ਮਨੁੱਖੀ ਬਿਹਬਲਤਾ ਦੇ ਅਧਿਆਤਮਕ ਪਦ ਦੀ ਪ੍ਰਾਪਤੀ ਲਈ ਲੋਚਦੀ ਆਤਮਾ ਦਾ ਗਾਇਆ ਪ੍ਰੀਤ ਗੀਤ ਹੈ। ਬਾਰ੍ਹਾਂ ਮਹੀਨਿਆਂ ਵਿਚ ਪ੍ਰਭੂ-ਮਿਲਾਪ ਦੀ ਤਾਂਘ ਨੂੰ ਬਿਆਨ ਕਰਕੇ ਅੰਤ ਬਿਰਹੋਂ-ਕੁਠੀ ਆਤਮਾ ਦਾ ਮਿਲਾਪ ਦਰਸਾਇਆ ਹੈ।'[16]

ਲੋਕ ਕਾਵਿ ਪਰੰਪਰਾ ਵਿਚੋਂ ਪ੍ਰਾਪਤ ਰੂਪਾਕਾਰ 'ਬਾਰਹ ਮਾਹਾ' ਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਜੀਵਾਤਮਾ ਦੀ ਅਧਿਆਤਮਕ ਵੇਦਨਾ ਨੂੰ ਰੂਪਮਾਨ ਕਰਨ ਲਈ ਵਰਤਿਆ ਹੈ। ਗੁਰੂ ਅਰਜਨ ਰਚਿਤ ਬਾਰਹ ਮਾਹਾ ਮਾਂਝ ਬੁਨਿਆਦੀ ਤੌਰ ਤੇ ਉਤਕ੍ਰਿਸ਼ਟ ਅਧਿਆਤਮਿਕ ਰਚਨਾ ਹੈ। ਇਸ ਵਿਚ ਪਰਮਾਤਮਾ, ਪ੍ਰਕਿਰਤੀ ਅਤੇ ਮਨੁੱਖ ਦੇ ਆਪਸੀ ਸੰਬੰਧਾਂ ਦੀ ਅਧਿਆਤਮਿਕ ਦ੍ਰਿਸ਼ਟੀ ਤੋਂ ਵਿਆਖਿਆ ਕੀਤੀ ਗਈ ਹੈ। ਗੁਰੂ ਸਾਹਿਬ ਦੀ ਇਹ ਮਹਾਨ ਕਿਰਤ ਬਾਰਹ ਮਾਹਾ ਸ਼ੁੱਭ ਕਰਮ ਤੇ ਸ਼ੁੱਭ ਆਚਾਰ ਨੂੰ ਪ੍ਰਭੂ ਭਗਤੀ ਦਾ ਆਧਾਰ ਬਣਾਉਂਦੀ ਹੋਈ ਜੀਵ ਨੂੰ ਸਹੀ ਜੀਵਨ ਦੀ ਜਾਚ ਸਿਖਾਉਂਦੀ ਹੈ।

ਬਾਰਹ ਮਾਹਾ ਮਾਂਝ ਉਪਦੇਸ਼ਾਤਮਕ ਰਚਨਾ ਹੈ ਜਿਸ ਵਿਚ ਉਪਦੇਸ਼ ਨੂੰ ਮਹਾਨਤਾ ਦਿੱਤੀ ਗਈ ਹੈ ਅਤੇ ਜਿਗਿਆਸੂਆਂ ਨੂੰ ਫੋਕੇ ਵਹਿਮਾਂ ਭਰਮਾਂ ਅਤੇ ਵਾਧੂ ਕਰਮ ਕਾਂਡਾਂ ਵਿਚ ਕੱਢ ਕੇ ਸੱਚ ਦੇ ਮਾਰਗ ਦਾ ਰਾਹਗੀਰ ਬਣਾਇਆ ਗਿਆ ਹੈ। ਗੁਰੂ ਅਰਜਨ ਦੇਵ ਜੀ ਦੀ ਇਸ ਕਾਵਿ ਕਿਰਤ ਵਿਚ ਵੀ ਬਾਰਾਂ ਮਹੀਨਿਆਂ ਦੇ ਵਰਣਨ ਦੁਆਰਾ ਮਨੁੱਖੀ ਮਨ ਦੇ ਪਰਮਾਤਮਾ ਵਿਛੋੜੇ ਨੂੰ ਰੂਪਮਾਨ ਕੀਤਾ ਗਿਆ ਹੈ। ਇਸ ਵਿਚ ਪ੍ਰਾਣ-ਪ੍ਰਿਯ ਦੇ ਵਿਛੋੜੇ ਤੋਂ ਸਿਖਰ ਦਾ ਦੁੱਖ ਦੱਸ ਕੇ ਉਸ ਦੇ ਮੇਲ ਲਈ ਪਿਆਰ ਕੁਠੀ ਬਿਰਹਨ ਵਾਲਾ ਤਰਲਾ ਹੈ।[17] ਕੁਲ 14 ਪਦਿਆਂ ਦੀ ਇਸ ਰਚਨਾ ਵਿਚ ਗੁਰੂ ਸਾਹਿਬ ਨੇ ਬਾਰ੍ਹਾਂ ਮਹੀਨਿਆਂ ਦੇ ਸੰਦਰਭ ਵਿਚ ਕਿਰਤ ਕਰਮਾਂ ਕਰਕੇ ਪਰਮਾਤਮਾ ਤੋਂ ਵਿਛੜੇ ਹੋਏ ਪ੍ਰਾਣੀ ਦੀ ਅਵਸਥਾ ਦੱਸੀ ਹੈ ਅਤੇ ਅੰਤਿਮ ਮਹੀਨੇ ਵਿਚ ਸੰਯੋਗ ਸੁੱਖ ਦੀ ਅਵਸਥਾ ਵਲ ਸੰਕੇਤ ਕੀਤਾ ਹੈ। ਪਹਿਲੀ ਪਉੜੀ ਵਿਚ ਭੂਮਿਕਾ ਦੇ ਤੌਰ ਤੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ ਹੈ। ਅਗਲੀਆਂ ਬਾਰਾਂ ਪਉੜੀਆਂ ਵਿਚ ਹਰ ਮਹੀਨੇ ਦਾ ਤਰਤੀਬਵਾਰ ਵਰਣਨ ਹੈ। ਅਖੀਰਲੀ ਪਉੜੀ ਵਿਚ ਰਚਨਾ ਦਾ ਸਮੁੱਚਾ ਭਾਵ ਦਰਸਾਇਆ ਹੈ। ਪਰਮਾਤਮਾ ਅਤੇ ਜੀਵਾਤਮਾ ਦਾ ਸੰਬੰਧ ਅਨਾਦਿ ਹੈ, ਪਰ ਕਰਮਾਂ ਕਰਕੇ ਵਿਯੋਗ

ਸਹਿਣਾ ਪੈਂਦਾ ਹੈ। ਮਾਇਆ ਦੇ ਮਾੜੇ ਪ੍ਰਭਾਵ ਵਿਚ ਆ ਕੇ ਜੀਵਾਤਮਾ ਆਪਣੀ ਵੱਖਰੀ ਹੋਂਦ ਦਾ ਅਹਿਸਾਸ ਕਰਨ ਲੱਗ ਜਾਂਦੀ ਹੈ। ਇਹੀ ਪ੍ਰਮੁੱਖ ਦ੍ਵੈਤ ਭਾਵ ਹੈ। ਫਿਰ ਭਟਕਣ ਆਰੰਭ ਹੋ ਜਾਂਦੀ ਹੈ, ਕਿਤੇ ਟਿਕਾਣਾ ਨਹੀਂ ਮਿਲਦਾ। ਸਾਰੀ ਸਮੱਸਿਆ ਦਾ ਨਿਪਟਾਰਾ ਉਦੋਂ ਸੰਭਵ ਹੈ ਜਦੋਂ ਪਰਮਾਤਮਾ ਨਾਲ ਫਿਰ ਮਿਲਾਪ ਹੋ ਜਾਂਦਾ ਹੈ। ਪਰਮਾਤਮਾ ਨੂੰ ਭੁਲਾ ਦੇਣ 'ਤੇ ਹੀ ਹਰ ਪ੍ਰਕਾਰ ਦੇ ਰੋਗ ਵਿਆਪਦੇ ਹਨ:

ਕਿਰਤ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮਿ॥
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥
ਜਿਤ ਘਰਿ ਹਰਿ ਕੰਤ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥[18]

ਪ੍ਰਭੂ ਤੋਂ ਦੂਰ ਜਾ ਕੇ ਜੀਵ 'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ' ਵਾਲੀ ਦਸ਼ਾ ਵਿਚ ਵਿਚਰ ਰਿਹਾ ਹੈ। ਅੰਤ ਨਾਮ, ਸਤਿਸੰਗ ਅਤੇ ਸਾਧੂ ਜਨਾਂ ਦੀ ਸ਼ਰਨ ਰਾਹੀਂ ਉਹ 'ਜਹ ਤੇ ਉਪਜੀ ਤਹ ਮਿਲੀ' ਵਾਲੀ ਅਵਸਥਾ ਦੀ ਪ੍ਰਾਪਤੀ ਕਰ ਲੈਂਦਾ ਹੈ ਅਤੇ ਇਸ ਤਰ੍ਹਾਂ ਉਹ ਜੀਵਨ ਦੀ ਆਖਰੀ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ। ਗੁਰੂ ਸਾਹਿਬ ਨੇ ਕੁਦਰਤ-ਵਰਣਨ ਨੂੰ ਪਿੱਠ ਭੂਮੀ ਵਿਚ ਸਿਰਜ ਕੇ ਨਾਮ ਦੀ ਮਹਿਮਾ, ਬ੍ਰਹਮ ਦੀ ਸਰਬਵਿਆਪਕਤਾ ਅਤੇ ਚੰਗੇ ਆਚਾਰਾਂ ਦੀ ਸ੍ਰੇਸ਼ਟਤਾ ਦ੍ਰਿੜ ਕਰਵਾਈ ਹੈ। ਇਸ ਬਾਰਹ ਮਾਹਾ ਵਿਚ ਜਜ਼ਬੇ ਨਾਲੋਂ ਫਲਸਫ਼ੇ ਦੀ ਵਿਆਪਕਤਾ ਤੀਬਰ ਹੈ।

ਆਦਿ ਗ੍ਰੰਥ ਦੇ ਮਾਂਝ ਰਾਗ ਵਿਚ ਸੰਕਲਿਤ ਅਤੇ ਅੰਗ 133 ਤੋਂ 136 ਤੱਕ ਬਾਰਹ ਮਾਹਾ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਇਕ ਪ੍ਰਸਿੱਧ, ਪ੍ਰਤਿਨਿਧ ਅਤੇ ਪ੍ਰਮਾਣਿਕ ਕਾਵਿ ਸੁਕ੍ਰਿਤੀ ਹੈ। ਇਸ ਵਿਚ ਉਨ੍ਹਾਂ ਨੇ, ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਾਂਗ ਹੀ, ਆਪਣੇ ਅਧਿਆਤਮਕ ਅਨੁਭਵ ਦੇ ਰਹੱਸ ਨੂੰ ਪ੍ਰਸਤੁਤ ਕੀਤਾ ਹੈ। ਇਸ ਬਾਣੀ ਦਾ ਪਾਠ ਇਕ ਅਨੂਠਾ ਅਨੁਭਵ ਹੈ ਜੋ ਸਤਿ-ਸਾਧਕ ਦੇ ਹਿਰਦੇ ਵਿਚ ਖੇਮ, ਕੁਸ਼ਲ, ਸਹਿਜ ਤੇ ਆਨੰਦ ਦੀ ਉਜਮਈ ਅਸਵਥਾ ਤਾਰੀ ਕਰਕੇ ਉਸਦੀ ਸੁਰਤ-ਮਤਿ ਮਨ-ਬੁਧਿ ਵਿਚ ਰੰਗਾਂ-ਸੁਗੰਧਾਂ ਦੀ ਇਕ ਅਦਭੁਤ ਛਹਿਬਰ ਲਾ ਦਿੰਦਾ ਹੈ।[19]

ਬਾਰਹ ਮਾਹਾ ਬਾਣੀ ਦੇ ਚੌਦਾਂ ਪਦਿਆ ਵਿਚੋਂ ਪਹਿਲੇ ਵਿਚ ਵਿਯੋਗ ਅਵਸਥਾ ਦਾ ਕਾਰਨ ਦੱਸਿਆ ਗਿਆ ਹੈ। ਇਸ ਉਪਰੰਤ ਚੇਤਰ ਦੇ ਮਹੀਨੇ ਤੋਂ ਲੈ ਕੇ ਮਾਘ ਦੇ ਮਹੀਨੇ ਤੱਕ ਸਾਧਕ ਦੀ ਵਿਯੋਗ ਅਵਸਥਾ ਦਾ ਜ਼ਿਕਰ ਹੈ। ਫੱਗਣ ਦੇ ਮਹੀਨੇ ਵਿਚ ਸੰਯੋਗ ਅਵਸਥਾ ਦੀ ਪ੍ਰਾਪਤੀ ਦਾ ਉਲੇਖ ਹੈ। ਅੰਤਿਮ ਪਦੇ ਵਿਚ ਮਨੁੱਖ ਦੇ ਹਰਿ ਭਗਤੀ ਵੱਲ ਮੁੜਦੇ ਹੋਇਆ ਵਿਸ਼ਵਾਸ ਦਿਖਾਇਆ ਗਿਆ ਹੈ:

> ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥
> ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥
> ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥
> ਪ੍ਰੇਮ ਭਗਤਿ ਤਿਨ ਪਾਈਐ ਬਿਖਿਆ ਨਾਹਿ ਜਰੇ॥
> ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥
> ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥
> ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ॥
> ਨਾਨਕ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥[20]

ਇਸ ਵਿਚ ਗੁਰੂ ਜੀ ਨੇ ਪ੍ਰਭੂ ਨਾਲੋਂ ਵਿਛੜੀ ਜੀਵਾਤਮਾ ਨੂੰ ਮੁੜ ਉਸ ਨਾਲ ਮਿਲਣ ਲਈ ਸਾਧਨਾ ਕਰਨ ਦੀ ਪ੍ਰੇਰਨਾ ਦਿੱਤੀ ਹੈ। ਅਸਲੀ ਸੁੱਖ ਤਾਂ ਪ੍ਰਭੂ ਦਾ ਮਿਲਾਪ ਹੈ। ਗੁਰੂ ਅਰਜਨ ਸਾਹਿਬ ਨੇ ਬਾਰਹ ਮਾਹਾ ਦੇ ਇਸ ਲੋਕ ਕਾਵਿ-ਰੂਪ ਨੂੰ ਗੁਰਮਤਿ ਦੀ ਵਿਸ਼ਵ ਦ੍ਰਿਸ਼ਟੀ ਦੇ ਅਨੁਰੂਪ ਰੂਪਾਂਤਰਿਤ ਕਰ ਦਿੱਤਾ ਹੈ। ਗੁਰੂ ਸਾਹਿਬ ਦੀ ਇਸ ਬਾਣੀ ਵਿਚ 'ਗੁਰੂ ਸਾਹਿਬ ਦਾ ਕਾਵਿ-ਕੌਸ਼ਲ ਇਸ ਤਰ੍ਹਾਂ ਵਿਆਪਕ ਹੈ ਕਿ ਉਨ੍ਹਾਂ ਨੇ ਸਤਿ ਤੇ ਸੁਹਜ ਦੇ ਸੰਜੋਗ ਦੁਆਰਾ ਇਕ ਅਜਿਹਾ ਸਹਿਜ-ਭਾਵ ਉਤਪੰਨ ਕੀਤਾ ਹੈ ਜਿਸ ਨਾਲ ਇਹ ਰਚਨਾ ਇਕੋ ਸਮੇਂ ਗੂੜ੍ਹ ਚਿੰਤਨ ਦੀ ਬਣ ਗਈ ਹੈ ਤੇ ਲਲਿਤ ਕਲਾ ਵੀ, ਜੀਵਨ ਬੋਧ ਵੀ ਤੇ ਜੀਵਨ ਸੰਗੀਤ ਵੀ।'[21] ਗੁਰੂ ਸਾਹਿਬ ਨੇ ਪ੍ਰਭੂ ਦੇ ਨਿਰਗੁਣ ਸਰੂਪ ਨੂੰ ਮੁੱਖ ਰੱਖ ਕੇ ਉਸ ਵਿਚ ਸਰਗੁਣਤਾ ਨੂੰ ਭਰਿਆ ਹੈ।

ਗੁਰੂ ਅਰਜਨ ਸਾਹਿਬ ਨੇ ਇਸ ਦੇ ਨਾਲ ਹੀ ਇਸ ਦਿੱਸਦੇ ਸੰਸਾਰ ਨੂੰ ਨਾਸ਼ਮਾਨ ਦੱਸ ਕੇ ਭਟਕੇ ਹੋਏ ਮਨੁੱਖ ਨੂੰ ਸਿੱਧੇ ਰਾਹ ਪਾਉਣ ਲਈ ਪ੍ਰੇਰਨਾ ਵੀ ਦਿੱਤੀ ਹੈ। ਚੰਗੇ ਕਰਮਾਂ ਲਈ ਪ੍ਰੇਰਣਾ ਦੇਣਾ ਇਸ

ਬਾਣੀ ਦਾ ਮੂਲ ਆਸ਼ਾ ਹੈ। ਗੁਰੂ ਅਰਜਨ ਦੇਵ ਜੀ ਦੀ ਇਹ ਬਾਣੀ ਸਾਨੂੰ ਸਰਵੱਗ ਪ੍ਰਭੂ ਲਈ ਪ੍ਰੇਮ ਤੇ ਸ਼ਰਧਾ ਅਥਵਾ ਸਿਮਰਨ, ਸਾਧਨਾ ਤੇ ਸਿਦਕ ਦੀ ਪ੍ਰੇਰਣਾ ਵੀ ਦਿੰਦੀ ਹੈ। ਉਨ੍ਹਾਂ ਦੇ ਜੀਵਨ ਵਾਂਗ ਹੀ ਉਨ੍ਹਾਂ ਦੁਆਰਾ ਸਿਰਜਿਤ ਸਾਹਿਤ ਦਾ ਵੀ ਸਭ ਤੋਂ ਗੌਰਵਸ਼ੀਲ ਸੰਦੇਸ਼ ਰੱਬੀ ਰਜ਼ਾ ਨੂੰ ਸਵੀਕਾਰਨਾ, ਹਰ ਪਲ ਪਰਮਾਤਮਾ ਨੂੰ ਸਿਮਰਨਾ ਅਤੇ ਸਤਿਨਾਮ ਨੂੰ ਹਿਰਦੇ ਵਿਚ ਵਸਾਣਾ ਹੈ:

> ਆਸਾ ਘਰੁ ੭ ਮਹਲਾ ੫
>
> ਹਰਿ ਕਾ ਨਾਮੁ ਰਿਦੈ ਨਿਤ ਧਿਆਈ॥
>
> ਸੰਗੀ ਸਾਥੀ ਸਗਲ ਤਰਾਂਈ॥
>
> ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥ ਰਹਾਉ॥
>
> ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥ ਨਾਨਕ ਮਾਂਗੈ॥[22]

ਇੰਞ ਬਾਰਹ ਮਾਹਾ ਮਾਂਝ ਦਾ ਮੁੱਖ ਵਿਸ਼ਾ ਅਧਿਆਤਮਿਕ ਹੈ ਅਤੇ ਇਸ ਵਿਚ ਜਗਿਆਸੂ ਜੀਵ ਇਸਤਰੀ ਦੀ ਪ੍ਰਭੂ-ਮਿਲਾਪ ਲਈ ਤੜਪ ਤੇ ਤਾਂਘ ਨੂੰ ਅੰਕਿਤ ਕੀਤਾ ਗਿਆ ਹੈ ਤਾਂ ਕਿ ਦੁਨਿਆਵੀ ਮੋਹ ਮਾਇਆ ਵਿਚ ਫਸੇ ਜੀਵ ਆਪਣੇ ਮਨੋਰਥ ਨੂੰ ਸਮਝਣ ਤੇ ਪਰਮਾਤਮਾ ਵਿਚ ਅਭੇਦ ਹੋਣ ਲਈ ਯਤਨਸ਼ੀਲ ਹੋਣ। 'ਇਸ ਬਾਰਹ ਮਾਹਾ ਵਿਚ ਉਨ੍ਹਾਂ ਨੇ ਸਮਾਜਕ ਆਸ਼ੇ ਵਾਲੇ ਕਾਵਿ ਰੂਪ ਬਾਰਹਮਾਹਾ ਨੂੰ ਰਹੱਸਵਾਦੀ ਅਤੇ ਅਧਿਆਤਮਕ ਰੰਗ ਵਿਚ ਰੰਗ ਦਿੱਤਾ ਹੈ। ਆਪ ਦੀ ਸ਼ੈਲੀ ਵਿਚ ਸਹਿਜ ਤੇ ਸੰਜਮ ਹੈ; ਠਰ੍ਹਮਾ ਤੇ ਡੂੰਘਾਈ ਹੈ। ਏਥੇ ਇਸ ਬਾਰਹ ਮਾਹਾ ਵਿਚ ਬੁੱਧੀ, ਭਾਵ ਅਤੇ ਸੁਹਜ ਦਾ ਸੰਤੁਲਨ ਮਿਲਦਾ ਹੈ। ਸਾਰੀ ਬਾਣੀ ਵਿਚ ਸੰਗੀਤਮਈ ਪ੍ਰਭਾਵ ਦ੍ਰਿਸ਼ਟਮਾਨ ਹੈ। ਅਧਿਆਤਮਿਕ ਵਿਚਾਰ ਨੂੰ ਸੁਚੱਜੀ ਸ਼ੈਲੀ ਰਾਹੀਂ ਨਿਰੂਪਣ ਕੀਤਾ ਹੈ। ਭਾਵਕਤਾ ਦੀ ਥਾਂ ਬੜੇ ਸੋਚੇ ਸਮਝੇ ਢੰਗ ਨਾਲ ਰਹੱਸਮਈ ਵਿਚਾਰ ਨੂੰ ਪ੍ਰਗਟਾਇਆ ਹੈ।'[23] ਗੁਰੂ ਸਾਹਿਬ ਦੀ ਕਲਾ ਵਿਚ ਸੰਗੀਤ ਤੇ ਭਾਵਾਂ ਦਾ ਸੁਮੇਲ ਹੈ। ਕਿਸੇ ਉਚੇਰੇ ਅਨੁਭਵ ਦੇ ਬਿਆਨ ਸਮੇਂ, ਉਹ ਕਲਾ ਪੱਖ ਨੂੰ ਅੱਖੋਂ ਓਹਲੇ ਨਹੀਂ ਹੋਣ ਦਿੰਦੇ ਹਨ। ਇਸ ਬਾਰਹ ਮਾਹਾ ਵਿਚ ਗੁਰੂ ਸਾਹਿਬ ਨੇ ਅਜਿਹੀ ਮਿਸਾਲ ਪੇਸ਼ ਕੀਤੀ ਹੈ ਜਿਸ ਦੇ ਫਲਸਰੂਪ ਇਸ ਬਾਣੀ ਦਾ ਗਾਇਨ ਹਰ ਦੇਸੀ ਮਹੀਨੇ ਦੇ ਸ਼ੁਰੂ ਵਿਚ ਬੜੇ ਸਤਿਕਾਰ ਨਾਲ ਕੀਤਾ ਜਾਂਦਾ ਹੈ। ਗੁਰੂ ਸਾਹਿਬ ਹਰ ਮਹੀਨੇ ਦੀ ਰੁੱਤ ਦਾ ਵਰਣਨ ਪਹਿਲੀ ਸਤਰ ਵਿਚ ਹੀ ਕਰ ਦਿੰਦੇ ਹਨ ਅਤੇ ਬਾਕੀ ਸਤਰਾਂ ਵਿਚ ਅਧਿਆਤਮਿਕ ਵਿਸ਼ੇ ਦਾ ਵਰਨਣ ਕਰਦੇ ਹਨ। ਇਸ ਪ੍ਰਕਾਰ ਗੁਰੂ ਸਾਹਿਬ ਨੇ ਬਾਰਹ ਮਾਹਾ ਮਾਂਝ ਵਿਚ ਜੀਵਾਤਮਾ ਦੀ ਪਰਮਾਤਮਾ ਪ੍ਰਤੀ ਵਿਯੋਗ ਤੋਂ ਸੰਯੋਗ ਦੀ ਯਾਤਰਾ ਦਾ ਸਫਲ ਚਿੱਤਰਨ ਕੀਤਾ

ਹੈ। ਡਾ. ਦੀਵਾਨ ਸਿੰਘ ਅਨੁਸਾਰ, "ਇਹ ਇਕ ਯਤਨ ਹੈ ਮਨੁੱਖੀ ਆਤਮਾ ਵੱਲੋਂ ਆਪਣੇ ਮੂਲ, ਆਪਣੇ ਸੋਮੇ, ਪਰਮਾਤਮਾ ਨੂੰ ਸਮਝਣ ਦਾ, ਉਸ ਨੂੰ ਪਿਆਰਨ ਦਾ, ਉਸ ਨਾਲ ਅਭੇਦ ਹੋਣ ਦਾ, ਸੀਮਤ ਤੋਂ ਛਿੰਨ ਭੰਗਰ ਅਤੇ ਛਿੰਨ ਭੰਗਰ ਤੋਂ ਅਨੰਤ ਹੋਣ ਦਾ।"[24] ਸਮੁੱਚੀ ਬਾਣੀ ਵਿਚੋਂ ਇਹ ਸੰਦੇਸ਼ ਭਲੀ ਭਾਂਤ ਸੰਚਾਰਿਤ ਹੁੰਦਾ ਹੈ ਕਿ ਸ਼ੁੱਭ ਕਰਮਾਂ ਸਦਕਾ ਹੀ ਜੀਵ ਨੂੰ ਸ਼ਾਂਤੀ ਮਿਲ ਸਕਦੀ ਹੈ ਅਤੇ ਸ਼ੁੱਭ ਕਰਮ ਕਰਨ ਦੀ ਪ੍ਰੇਰਣਾ ਸਾਧ ਸੰਗਤ ਤੋਂ ਹੀ ਮਿਲ ਸਕਦੀ ਹੈ।

### (ਅ) ਬਾਣੀ ਬਾਰਹ ਮਾਹਾ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

#### (1) ਬਿੰਬ ਸਿਰਜਣਾ

ਬਿੰਬ ਸ਼ਬਦ ਅੰਗਰੇਜ਼ੀ ਦੇ ਇਮੇਜ (Image) ਦਾ ਸਮਾਨਾਰਥਕ ਮੰਨਿਆ ਜਾਂਦਾ ਹੈ। ਮਨੋਵਿਗਿਆਨ ਅਨੁਸਾਰ ਜਦੋਂ ਮਨੁੱਖ ਬਾਹਰੀ ਜਗਤ ਦੀ ਅਨੁਭੂਤੀ ਪ੍ਰਾਪਤ ਕਰਦਾ ਹੈ ਤਾਂ ਉਸਦੇ ਅਚੇਤ ਮਨ ਵਿਚ ਉਸ ਸੰਬੰਧੀ ਕਈ ਪ੍ਰਭਾਵ ਅੰਕਿਤ ਹੋ ਜਾਂਦੇ ਹਨ। ਜਦੋਂ ਉਹ ਉਹਨਾਂ ਬਾਹਰੀ ਜਗਤ ਦੇ ਪਦਾਰਥਾਂ ਦੀ ਅਣਹੋਂਦ ਵਿਚ ਉਹਨਾਂ ਦਾ ਧਿਆਨ ਕਰਦਾ ਹੈ ਤਾਂ ਉਸ ਸਮੇਂ ਉਹ ਮੂਰਤ ਰੂਪ ਵਿਚ ਉਸਦੇ ਧਿਆਨ ਦੇ ਕੇਂਦਰ ਵਿਚ ਅਚੇਤ ਅਵਸਥਾ ਤੋਂ ਚੇਤਨ ਪੱਧਰ ਉੱਤੇ ਆ ਖਲੋਂਦੇ ਹਨ, ਅਨੁਭੂਤੀ ਦੁਆਰਾ ਸੰਚਿਤ ਹੋਏ ਅਜਿਹੇ ਚਿੱਤਰ ਹੀ ਬਿੰਬ ਅਖਵਾਂਦੇ ਹਨ।'[25] ਬਿੰਬਾਂ ਦਾ ਪ੍ਰਯੋਗ ਸੂਖਮ ਅਤੇ ਅਦ੍ਰਿਸ਼ਟ ਭਾਵਾਂ ਨੂੰ ਪ੍ਰਤੱਖ ਅਤੇ ਦ੍ਰਿਸ਼ਟੀਗੋਚਰ ਕਰਨ ਲਈ ਕੀਤਾ ਜਾਂਦਾ ਹੈ। ਭਾਵਾਂ ਅਤੇ ਵਿਚਾਰਾਂ ਦਾ ਜਿੰਨਾ ਸਫਲ ਅਤੇ ਸੁਹਜ ਪ੍ਰਕਾਸ਼ਨ ਬਿੰਬਾਂ ਦੁਆਰਾ ਹੋ ਸਕਦਾ ਹੈ ਉਤਨਾ ਕਿਸੇ ਹੋਰ ਸਾਹਿਤਕ ਵਿਧੀ ਨਾਲ ਨਹੀਂ। 'ਕਲਾ ਦੀ ਸਫਲਤਾ ਬਿੰਬਾਂ ਦੀ ਸੁਹਜ ਉਸਾਰੀ ਉੱਤੇ ਨਿਰਭਰ ਹੈ। ਅਸਲ ਵਿਚ ਹਰ ਰਚਨਾ ਦੀ ਆਤਮਾ ਉਸ ਦੇ ਬਿੰਬ ਵਿਚੋਂ ਝਲਕਦੀ ਹੈ। ਇਹ ਬਾਰਹ ਮਾਹਾ ਵੀ ਇਕ ਆਪਣੇ ਆਪ ਵਿਚ ਬਿੰਬ ਹੈ ਜਿਸ ਵਿਚ ਪ੍ਰੀਤਮ ਤੇ ਪ੍ਰੀਤਮਾ ਦਾ ਸ਼ਿੰਗਾਰ ਰਸੀ ਚਿੱਤਰਣ ਅੰਕਿਤ ਹੈ। ਬੁਰਸ਼ ਦੀ ਬੋਲੀ ਵਿਚ ਜਿਹੜਾ ਚਿੱਤਰ ਹੈ ਕਾਵਿ ਦੀ ਬੋਲੀ ਵਿਚ ਉਹ ਬਿੰਬ ਹੈ। ਇਸ ਲਈ ਕਵੀ ਦੇ ਕਾਵਿ ਸ਼ਬਦਾਂ ਰਾਹੀਂ ਉੱਘੜਦੀ ਮਨੋ ਤਸਵੀਰ ਬਿੰਬਾਂ ਨਾਲ ਸਾਕਾਰ ਹੁੰਦੀ ਹੈ।'[26] ਬਾਰਹ ਮਾਹਾ ਮਾਂਝ ਦੀ ਕਲਾ ਵਿਸ਼ੇਸ਼ਤਾ ਬਿੰਬਾਂ ਦੇ ਵਿਧਾਨ ਵਿਚ ਹੀ ਮਿਲਦੀ ਹੈ। ਇਸ ਰਚਨਾ ਵਿਚ ਗੁਰੂ ਅਰਜਨ ਦੇਵ ਜੀ ਨੇ ਬਹੁਤ ਸਾਰੇ ਬਿੰਬਾਂ ਦੀ ਸਿਰਜਣਾ ਕੀਤੀ ਹੈ। ਭਾਵਾਂ ਦੇ ਸਹੀ ਪ੍ਰਗਟਾਅ ਲਈ ਮਨੁੱਖੀ ਮਨ ਦੀ ਭਾਵਕ ਸਥਿਤੀ ਨੂੰ ਪੂਰੀ ਤਰ੍ਹਾਂ ਬਿੰਬਤ ਕੀਤਾ ਹੈ। ਇਹਨਾਂ ਦੇ ਪ੍ਰਯੋਗ ਨਾਲ ਹੀ ਕਵੀ ਦੇ ਵਿਚਾਰਾਂ ਵਿਚ

ਸਪੱਸ਼ਟਤਾ ਆਉਂਦੀ ਹੈ ਜੋ ਕਿ ਇਕ ਕਲਾਕਾਰ ਦੀ ਕਾਬਲੀਅਤ ਦੀ ਨਿਸ਼ਾਨੀ ਹੈ। ਸੋ ਗੁਰੂ ਅਰਜਨ ਦੇਵ ਜੀ ਨੇ ਕਾਮਯਾਬੀ ਨਾਲ ਇਹ ਸਫਲਤਾ ਹਾਸਲ ਕੀਤੀ ਹੈ ਕਿਉਂਕਿ ਗੁਰੂ ਸਾਹਿਬ ਦੀ ਬਿੰਬਾਵਲੀ ਬੜੀ ਕੋਮਲ, ਕਾਵਿਕ ਅਤੇ ਕਲਾਮਈ ਹੈ। ਗੁਰੂ ਸਾਹਿਬ ਦੀ ਸੁਹਜਮਈ ਬਿੰਬਾਵਲੀ ਸੰਬੰਧੀ ਡਾ. ਗੁਰਸ਼ਰਨ ਕੌਰ ਜੱਗੀ ਦਾ ਵਿਚਾਰ ਹੈ ਕਿ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਬਿੰਬ-ਸਿਰਜਣਾ ਬੜੀ ਸਫਲਤਾ ਨਾਲ ਹੋਈ ਹੈ। ਇਸ ਨਾਲ ਅਨੇਕ ਅਧਿਆਤਮਿਕ ਰਹੱਸਾਂ ਦੀ ਤਹਿ ਤਕ ਪਹੁੰਚਿਆ ਜਾ ਸਕਿਆ ਹੈ। ਸੱਚ ਤਾਂ ਇਹ ਹੈ ਕਿ ਗੁਰੂ ਜੀ ਦੀ ਕਲਪਨਾ ਦੀ ਉੱਚੀ ਉਡਾਰੀ ਅਤੇ ਉਨ੍ਹਾਂ ਦੀ ਰਹੱਸ ਅਨੁਭੂਤੀ ਦਾ ਠੀਕ ਰਸਾਸਵਾਦਨ ਉਨ੍ਹਾਂ ਦੇ ਬਿੰਬਾਂ ਦੇ ਮਾਧਿਅਮ ਰਾਹੀਂ ਹੀ ਕੀਤਾ ਜਾ ਸਕਦਾ ਹੈ।[27]

ਪ੍ਰਕਿਰਤੀ ਬਿੰਬਾਂ ਦਾ ਵਿਸ਼ਾਲ ਭੰਡਾਰ ਹੋਣ ਦੇ ਕਾਰਨ ਕਵੀ ਆਪਣੇ ਭਾਵਾਂ ਦੇ ਪ੍ਰਗਟਾਵਾ ਹਿੱਤ ਪ੍ਰਕਿਰਤੀ ਵਿਚੋਂ ਬਿੰਬਾਂ ਦੀ ਚੋਣ ਕਰਦਾ ਹੈ। 'ਰਹੱਸਵਾਦੀ ਕਵੀ ਪ੍ਰਕਿਰਤੀ ਨੂੰ ਆਪਣੇ ਬਹੁਤ ਨੇੜੇ ਮਹਿਸੂਸ ਕਰਦਾ ਹੋਇਆ ਇਸ ਨਾਲ ਆਪਣਾ ਆਤਮਕ ਪਰਿਚੈ ਅਨੁਭਵ ਕਰਦਾ ਹੈ। ਆਦਿ ਕਾਲ ਤੋਂ ਹੀ ਮਨੁੱਖ ਦਾ ਪ੍ਰਕਿਰਤੀ ਨਾਲ ਅਤਿ ਨੇੜੇ ਦਾ ਸੰਬੰਧ ਹੋਣ ਕਰਕੇ ਪ੍ਰਕਿਰਤੀ ਦਾ ਵੰਨ-ਸੁਵੰਨਾ ਰੂਪ ਮਨੁੱਖੀ ਮਨ ਨੂੰ ਆਦਰਸ਼ਿਤ ਕਰਨ ਉਪਰੰਤ ਨਿਤ ਨਵੇਂ ਭਾਵਾਂ ਨੂੰ ਜਨਮ ਦਿੰਦਾ ਹੈ। ਕਾਵਿ ਬਾਰੇ ਪ੍ਰਕਿਰਤੀ ਦੀ ਅਟੁੱਟ ਸਾਂਝ ਹੈ।'[28] ਡਾ. ਦਲੀਪ ਸਿੰਘ ਦੀਪ ਅਨੁਸਾਰ:

> ਪ੍ਰਕਿਰਤੀ ਕਵੀ ਦੇ ਭਾਵਾਂ ਨਾਲ ਸਾਂਝ ਰੱਖਦੀ ਹੋਈ ਉਨ੍ਹਾਂ ਨੂੰ ਮੂਰਤੀਮਾਨ ਕਰਨ ਲਈ ਸਹਾਈ ਹੁੰਦੀ ਹੈ। ਕੋਈ ਵੀ ਕਵੀ ਭਾਵ-ਵਿਅੰਜਨਾ ਲਈ ਸ੍ਰਿਜੇ ਬਿੰਬਾਂ ਵਾਸਤੇ ਸਾਮਗ੍ਰੀ ਆਵੱਸ਼ ਹੀ ਪ੍ਰਕ੍ਰਿਤੀ ਤੋਂ ਲੈਂਦਾ ਹੈ। ਕਿਸੇ ਕਵੀ ਦੀ ਕਵਿਤਾ ਵਿਚ ਪ੍ਰਾਕ੍ਰਿਤਕ ਬਿੰਬ ਅਧਿਕ ਹੁੰਦੇ ਹਨ ਅਤੇ ਕਿਸੇ ਵਿਚ ਘੱਟ ਪਰ ਇਨ੍ਹਾਂ ਤੋਂ ਕੋਈ ਸੱਖਣਾ ਨਹੀਂ ਹੁੰਦਾ।[29]

ਗੁਰੂ ਅਰਜਨ ਦੇਵ ਜੀ ਨੇ ਜੀਵਨ ਦੇ ਵੱਖ-ਵੱਖ ਖੇਤਰਾਂ ਤੋਂ ਬਿੰਬ ਲਏ ਹਨ ਪਰ ਗੁਰੂ ਸਾਹਿਬ ਦੇ ਬਿੰਬਾਂ ਦਾ ਵਿਸ਼ੇਸ਼ ਅਤੇ ਦਿਲ ਖਿੱਚਵਾਂ ਖੇਤਰ ਪ੍ਰਕ੍ਰਿਤੀ ਹੀ ਰਿਹਾ ਹੈ। ਸਾਲ ਦੇ ਹਰ ਮੌਸਮ ਵਿਚ ਪ੍ਰਕਿਰਤੀ ਦੇ ਜਿਹੜੇ ਵੱਖਰੇ-ਵੱਖਰੇ ਦ੍ਰਿਸ਼ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਨੇ ਆਪਣੀਆਂ ਸ਼ਬਦ ਛੁਹਾਂ ਨਾਲ ਬਿੰਬਤ ਕੀਤਾ ਹੈ। ਇਨ੍ਹਾਂ ਬਿੰਬਾਂ ਰਾਹੀਂ ਗੁਰੂ ਸਾਹਿਬ ਦੇ ਜੀਵਨ ਵਿਚ ਪ੍ਰਕ੍ਰਿਤੀ ਦਾ ਮਹੱਤਵ, ਨਿਕਟਤਾ ਅਤੇ ਉਸ ਪ੍ਰਤਿ ਪ੍ਰੇਮ ਦੀ ਭਾਵਨਾ ਦ੍ਰਿਸ਼ਟੀਗੋਚਰ ਹੁੰਦੀ ਹੈ। ਬਾਰਹ ਮਾਹਾ ਮਾਂਝ ਸਮੁੱਚੀ ਰਚਨਾ ਵੱਖ-ਵੱਖ ਮਹੀਨਿਆਂ ਵਿਚ ਰੁੱਤਾਂ, ਸੂਰਜ, ਬੱਦਲਾਂ, ਵਰਖਾ ਆਦਿ ਕੁਦਰਤੀ ਚੀਜ਼ਾਂ

ਦੇ ਆਲੇ-ਦੁਆਲੇ ਘੁੰਮਦੀ ਹੈ। ਇਸ ਕਰਕੇ ਇਸ ਰਚਨਾ ਵਿਚ ਗੁਰੂ ਸਾਹਿਬ ਪ੍ਰਕਿਰਤੀ ਵਿਚੋਂ ਬਿੰਬ ਚੁਣਨ ਵਿਚ ਕਾਫੀ ਸਫ਼ਲ ਹੋਏ ਹਨ। ਜਿਵੇਂ:

(ੳ) ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥[30]

(ਅ) ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥[31]

(ੲ) ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥[32]

(ਸ) ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥[33]

(ਹ) ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥[34]

ਉਪਰੋਕਤ ਤੁਕਾਂ ਵਿਚ ਅਲੱਗ ਅਲੱਗ ਮਹੀਨਿਆਂ ਦੇ ਪ੍ਰਾਕ੍ਰਿਤਕ ਦ੍ਰਿਸ਼ ਗੁਰੂ ਜੀ ਦੀ ਭਾਵ ਅਭਿਵਿਅਕਤੀ ਵਿਚ ਕਾਫੀ ਸਹਾਇਕ ਹੋਏ ਹਨ। ਵੱਖੋ-ਵੱਖਰੇ ਮਹੀਨੇ ਦੇ ਬਿੰਬਾਂ ਰਾਹੀਂ ਗੁਰੂ ਸਾਹਿਬ ਨੇ ਆਤਮਾ (ਪ੍ਰੇਮਿਕਾ) ਦਾ ਪਰਮਾਤਮਾ (ਪ੍ਰੇਮੀ) ਤੋਂ ਵਿਛੁੜੀ ਹੋਈ ਦੱਸਿਆ ਹੈ। ਗੁਰੂ ਸਾਹਿਬ ਅਜਿਹੇ ਸ਼ਕਤੀਸ਼ਾਲੀ ਬਿੰਬ ਵਰਤਦੇ ਦਿਖਾਈ ਦਿੰਦੇ ਹਨ ਜਿਨ੍ਹਾਂ ਵਿਚ ਨਾਮ ਦੀ ਮਹੱਤਤਾ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਮਨੁੱਖੀ ਹਸਤੀ ਨੂੰ ਨਾਮ ਸਿਮਰਨ ਬਿਨ੍ਹਾਂ ਨਗੁਣਾਂ ਵੀ ਕਰਾਰ ਦਿੱਤਾ ਗਿਆ ਹੈ। ਸਾਰੇ ਪ੍ਰਮਾਤਮਾ ਨਾਲ ਪ੍ਰੇਮ ਜਾਂ ਉਨ੍ਹਾਂ ਨਾਲ ਮਿਲਣ ਦੀ ਤਾਂਘ ਨੂੰ ਪ੍ਰਗਟ ਕਰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਬਿੰਬਾਂ ਦੇ ਨਾਲ ਨਾਲ ਉਪਰੋਕਤ ਉਦਾਹਰਣਾਂ ਵਿਚ ਦ੍ਰਿਸ਼ ਚਿੱਤਰ ਅਤੇ ਸ਼ਬਦ ਚਿੱਤਰ ਅਜਿਹੇ ਖਿੱਚੇ ਹਨ ਕਿ ਸਾਰੇ ਦਾ ਸਾਰਾ ਨਜ਼ਾਰਾ ਇਕ ਦਮ ਅੱਖਾਂ ਸਾਹਮਣੇ ਪ੍ਰਤੱਖ ਰੂਪ ਵਿਚ ਆ ਜਾਂਦਾ ਹੈ। ਡਾ. ਕਰਤਾਰ ਸਿੰਘ ਸੂਰੀ ਅਨੁਸਾਰ ਰਾਗ ਮਾਂਝ ਦੇ ਬਾਰਹ ਮਾਹਾ ਵਿਚ ਗੁਰੂ ਅਰਜਨ ਨੇ ਵੱਖ-ਵੱਖ ਰੁੱਤਾਂ ਦੇ ਵਿਭਿੰਨ ਬਿੰਬਾਂ ਦੁਆਰਾ ਸੁੰਦਰ ਤੇ ਸਜੀਵ ਚਿੱਤਰ ਖਿੱਚੇ ਹਨ ਜਿਨ੍ਹਾਂ ਰਾਹੀਂ ਆਤਮਾ ਤੇ ਪ੍ਰਮਾਤਮਾ ਦੇ ਵਿਛੋੜੇ ਤੇ ਮਿਲਾਪ ਦਾ ਵਰਣਨ ਕੀਤਾ ਹੈ। ਇਹਨਾਂ ਚਿੱਤਰਾਂ ਵਿਚ ਇਕ ਅਨੋਖੀ ਰੰਗੀਨੀ ਹੈ, ਇਕ ਅਦਭੁਤ ਆਕਰਸ਼ਣ ਹੈ, ਇਕ ਅਨੁਪਮ ਸੁਹਜ ਹੈ ਅਤੇ ਮਨੋਵਿਗਿਆਨਕ ਸੱਚਾਈ ਹੈ।[35]

ਗੁਰੂ ਸਾਹਿਬ ਨੇ ਕੁਦਰਤ ਨੂੰ ਪਰਮਾਤਮਾ ਦਾ ਰੂਪ ਸਮਝਿਆ ਹੈ ਜਿਸ ਵਿਚੋਂ ਉਸ ਕਾਦਰ ਦੇ ਦਰਸ਼ਨ ਹੁੰਦੇ ਦਸਿਆ ਗਿਆ ਹੈ। ਜਿਸਦਾ ਚਿੱਤਰਣ ਇਸ ਰਚਨਾ ਵਿਚ ਸੋਹਣਾ ਨਿਭਾਇਆ ਗਿਆ ਹੈ। ਬਦਲਦੀਆਂ ਰੁੱਤਾਂ ਦੇ ਨਾਲ ਨਾਲ ਪਿਆਰ ਦੀ ਮਹਾਨਤਾ ਵੀ ਦੱਸੀ ਹੈ।

ਚੇਤਿ ਮਿਲਾਏ ਸੋ ਪ੍ਰਭੂ ਤਿਸਕੈ ਪਾਇ ਲਗਾ।।[36]

ਗੁਰੂ ਸਾਹਿਬ ਨੇ ਬਾਰਹ ਮਾਹਾ ਮਾਂਝ ਵਿਚ ਬਨਸਪਤੀ ਨਾਲ ਸੰਬੰਧਿਤ ਬਿੰਬਾਂ ਦੀ ਵਰਤੋਂ ਵੀ ਕੀਤੀ ਹੈ। ਇਸ ਰਚਨਾ ਵਿਚ ਰਾਗ, ਤੁਕਾਂਤ ਦੀ ਮਿੱਠੀ ਆਵਾਜ਼, ਵੈਰਾਗ, ਵਲਵਲੇ ਤੇ ਮਿਲਾਪ ਦੀ ਸਿਕ ਬਲ ਪਈ ਉੱਠਦੀ ਹੈ। ਉਪਮਾਵਾਂ ਕਿੰਨੀਆਂ ਘਰੋਗੀ ਪਰ ਢੁਕਵੀਆਂ ਹਨ। 'ਜਲ ਬਿਨ ਸਾਖ ਕੁਮਲਾਵਤੀ' ਵਿਛੋੜੇ ਵਿਚ ਆਈ ਕੁਮਲਾਹਟ ਨੂੰ ਦਰਸਾਉਣ ਲਈ ਕਿੰਨੀ ਸੁਚੱਜੀ ਤਸਵੀਰ ਹੈ। ਇਸੇ ਤਰ੍ਹਾਂ 'ਹਥ ਮਰੋੜੈ ਤਨੁ ਕਪੈ', 'ਜੇਹਾ ਬੀਜੈ ਸੋ ਲੁਣੈ', 'ਤਨ ਮਨ ਮੌਲਿਆ ਰਾਮ ਸਿਉ', 'ਸੇਜ ਸੁਹਾਵੀ ਸਰਬ ਸੁਖ' ਵਿਚ ਵਿਛੋੜੇ ਤੇ ਮਿਲਾਪ ਨੂੰ ਦਰਸਾਉਣ ਲਈ ਢੁਕਵੇਂ ਨਕਸ਼ੇ ਖਿੱਚੇ ਹਨ।[37]

(ੳ) ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ।।[38]

(ਅ) ਧੁਨੇ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ।।
ਜਲ ਬਿਨੁ ਸਾਖੁ ਕੁਮਲਾਵਤੀ ਉਪਜਹਿ ਨਾਹੀ ਦਾਮ।।[39]

(ੲ) ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।।[40]

(ਸ) ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚ ਵਣਾ।।[41]

ਗੁਰੂ ਸਾਹਿਬ ਦੁਆਰਾ ਪ੍ਰਕਿਰਤੀ ਵਿਚੋਂ ਪ੍ਰਯੋਗ ਕੀਤੇ ਬਿੰਬਾਂ ਦਾ ਮਨੋਰਥ ਆਰੰਭਿਕ ਮਨੋਬਿਰਤੀਆਂ ਨੂੰ ਬਿੰਬਾਂ ਰਾਹੀਂ ਸਾਕਾਰ ਕਰਨਾ ਸੀ। ਪ੍ਰਕਿਰਤੀ ਤੋਂ ਪ੍ਰਭਾਵਿਤ ਹੋ ਕੇ ਬਹੁਤ ਹੀ ਸੁੰਦਰ ਬਨਸਪਤੀ ਬਿੰਬਾਂ ਦੀ ਸਿਰਜਣਾ ਕੀਤੀ ਹੈ। ਬਾਰਹ ਮਾਹਾ ਮਾਂਝ ਗੁਰੂ ਜੀ ਦਾ ਇਕ ਸ਼ਾਹਕਾਰ ਹੈ, ਜਿਸ ਵਿਚੋਂ ਪ੍ਰਕ੍ਰਿਤੀ ਦੇ ਚਿੱਤ੍ਰ ਬਹੁਤ ਹੀ ਸੁੰਦਰ ਢੰਗ ਨਾਲ ਉੱਭਰੇ ਹਨ। ਗੁਰੂ ਸਾਹਿਬ ਦਾ ਕਾਵਿ ਮਈ ਪੱਖ ਉਸ ਸਮੇਂ ਅਧਿਕ ਸਿਖਰ ਤੇ ਹੁੰਦਾ ਹੈ ਜਦੋਂ ਉਹ ਨਿਰੋਲ ਪ੍ਰਕ੍ਰਿਤੀ ਜਾਂ ਪ੍ਰਕ੍ਰਿਤਕ ਵਸਤਾਂ ਨੂੰ (ਪਸ਼ੂ ਪੰਛੀਆਂ, ਫਸਲਾਂ, ਜੰਗਲਾਂ ਆਦਿ) ਬਿੰਬਮਈ ਪਰਿਸਥਿਤੀ ਵਿਚ ਚਿਤਵ ਰਹੇ ਹੋਣ।

ਗੁਰੂ ਅਰਜਨ ਦੇਵ ਜੀ ਨੇ ਬਾਰਹ ਮਾਹਾ ਮਾਂਝ ਵਿਚ ਆਤਮਾ-ਪਰਮਾਤਮਾ ਦੇ ਸੰਯੋਗ ਅਤੇ ਵਿਯੋਗ ਦੀਆਂ ਬੇਨਜ਼ੀਰ ਤਸਵੀਰਾਂ ਬਾਣੀ ਵਿਚ ਖਿੱਚੀਆਂ ਹਨ। ਗੁਰੂ ਅਰਜਨ ਦੇਵ ਜੀ ਇਕ

ਸ਼ਿੰਗਾਰੀ ਔਰਤ ਦੇ ਰੂਪਕ ਵਿਚ ਜਗਿਆਸੂ ਨੂੰ ਦੇਖ ਕੇ ਆਪਣਾ ਭਾਵ ਇਸ ਪ੍ਰਕਾਰ ਸਪੱਸ਼ਟ ਤੇ ਮੂਰਤੀਮਾਨ ਕਰਦੇ ਹਨ ਕਿ ਜੇਕਰ ਜੀਵਾਤਮਾ ਤੂੰ ਆਪਣੇ ਪ੍ਰੀਤਮ ਤੋਂ ਦੂਰ ਹੈ ਉਸ ਦਾ ਪਿਆਰ ਨਹੀਂ ਪਾ ਸਕੀ ਤਾਂ ਪ੍ਰੀਤਮ ਤੋਂ ਬਗੈਰ ਤੇਰੇ ਸਾਰੇ ਹਾਰ-ਸ਼ਿੰਗਾਰ ਨਿਰਾਰਥਕ ਹਨ। ਸਿਰਫ ਉਹ ਜੀਵ ਇਸਤਰੀਆਂ ਸੋਹਣੀਆਂ ਲੱਗਦੀਆਂ ਹਨ, ਜੋ ਉਸ ਹਰੀ-ਪਤੀ ਦੇ ਨਾਲ ਬੈਠੀਆਂ ਹੁੰਦੀਆਂ ਹਨ ਅਰਥਾਤ ਜਿਹਨਾਂ ਨੂੰ ਉਸ ਮਾਲਕ ਪ੍ਰਭੂ ਦਾ ਸਾਥ ਪ੍ਰਾਪਤ ਹੁੰਦਾ ਹੈ।

**ਸੰਯੋਗ ਬਿੰਬ**

(ੳ) ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥[42]

(ਅ) ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥[43]

(ੲ) ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥[44]

**ਵਿਯੋਗ ਬਿੰਬ**

(ੳ) ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥
ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥[45]

(ਅ) ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥[46]

ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵਾਂ ਨੂੰ ਸਦਾਚਾਰਕ ਸਿੱਖਿਆ ਦੇ ਰੂਪ ਵਿਚ ਘੜਿਆ ਹੈ ਅਤੇ ਸਦਾਚਾਰ ਨੂੰ ਉੱਚਾ ਉਠਾਉਣ ਲਈ ਸੁਹਜ ਮਈ ਰੰਗੀਨ ਤਸਵੀਰਾਂ ਖਿੱਚੀਆਂ ਹਨ। ਗੁਰੂ ਸਾਹਿਬ ਦੀ ਇਹ ਸਿੱਖਿਆ ਮੁੱਢਲੇ ਰੂਪ ਵਿਚ ਮਨੁੱਖ ਨੂੰ ਮਨੁੱਖ ਬਣਨ ਦੀ ਪ੍ਰੇਰਣਾ ਦਿੰਦੀ ਹੈ ਅਤੇ ਪਰਮਾਤਮਾ ਦੇ ਨਾਮ ਨੂੰ ਮਾਣਕ ਮੋਤੀ ਵਰਗਾ ਕੀਮਤੀ ਧਨ ਕਿਹਾ ਗਿਆ ਹੈ ਜੋ ਚੁਰਾਇਆ ਨਹੀਂ ਜਾ ਸਕਦਾ ਹੈ।

ਹੇਠ ਲਿਖੀ ਗੁਰੂ ਅਰਜਨ ਦੇਵ ਜੀ ਦੀ ਬਿੰਬਾਵਲੀ ਆਪਣੀ ਜ਼ਬਾਨੀ ਸਦਾਚਾਰ ਦੀ ਤਸਵੀਰ ਇਸ ਪ੍ਰਕਾਰ ਪੇਸ਼ ਕਰ ਰਹੀ ਹੈ:

(ੳ) ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ।।[47]

(ਅ) ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨ।।
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ।।
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।।
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ।।[48]

ਇਹ ਸਰੀਰ ਨਾਸ਼ਵਾਨ ਹੈ, ਇਸ ਵਿਚ ਜੋ ਉਸ ਪ੍ਰਮਾਤਮਾ ਦੀ ਜੋਤ ਚਲ ਰਹੀ ਹੈ, ਕੇਵਲ ਉਹੋ ਸੱਚੀ ਹੈ, ਇਹ ਸੰਸਾਰ ਸਥਿਰ ਨਹੀਂ, ਇਸ ਲਈ ਇਸਦੀ ਚਿੰਤਾ ਕਰਨਾ ਬੇਕਾਰ ਹੈ। ਇਸ ਵਿਚਲਾ ਕੋਈ ਜੀਵ ਜੰਤੂ, ਜੜ੍ਹ ਚੇਤਨ ਦੋਸਤੀ ਦੇ ਲਾਇਕ ਨਹੀਂ। ਇਸ ਸੰਸਾਰ ਦਾ ਚੱਕਰ ਜੀਵਾਂ ਦੇ ਮੇਲ ਵਿਛੋੜੇ ਅਤੇ ਸੰਯੋਗ ਵਿਯੋਗ ਦੇ ਨਿਯਮ ਅਨੁਸਾਰ ਚਲ ਰਿਹਾ ਹੈ। ਇਸ ਭਾਵ ਦੀਆਂ ਬਿੰਬਾਤਮਕ ਤਸਵੀਰਾਂ ਸਤਿਗੁਰੂ ਨੇ ਇਸ ਪ੍ਰਕਾਰ ਖਿੱਚੀਆਂ ਹਨ:

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।।
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ।।
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ।।
ਹਥ ਮਰੋੜੈ ਤਨੁ ਕਪੈ ਸਿਆਹਹੁ ਹੋਆ ਸੇਤੁ।।[49]

ਗੁਰੂ ਅਰਜਨ ਦੇਵ ਜੀ ਨੇ ਬੜੀ ਡੂੰਘਾਈ ਨਾਲ ਸਮਾਜਿਕ ਜੀਵਨ ਨੂੰ ਵੇਖਿਆ ਅਤੇ ਉਸ ਨੂੰ ਆਪਣੇ ਅੰਤਰ ਵਿਚ ਵਸਾਇਆ। ਉਨ੍ਹਾਂ ਦਾ ਇਹ ਅਨੁਭਵ ਸਮੇਂ ਸਮੇਂ ਦੀ ਰਚਨਾ ਪ੍ਰਕ੍ਰਿਆ ਵੇਲੇ ਬਿੰਬਾਂ ਰਾਹੀਂ ਰੂਪਮਾਨ ਹੁੰਦਾ ਰਿਹਾ ਹੈ। ਆਪਣੀ ਪ੍ਰਭੂ ਪ੍ਰੇਮ ਭਾਵਨਾ ਦੇ ਪ੍ਰਸੰਗ ਵਿਚ ਉਨ੍ਹਾਂ ਨੇ ਅਧਿਕਤਰ ਘਰੋਗੀ ਜੀਵਨ ਅਤੇ ਖਾਸ ਕਰਕੇ ਪਤੀ ਪਤਨੀ ਦੇ ਰਿਸ਼ਤੇ ਨਾਲ ਸੰਬੰਧਿਤ ਬਿੰਬਾਂ ਦੀ ਸਿਰਜਣਾ ਕੀਤੀ ਹੈ। ਪਰਮਾਤਮਾ ਦੇ ਸੰਯੋਗ ਸੁੱਖ ਦੀ ਪ੍ਰਾਪਤੀ ਲਈ ਜੀਵਾਤਮਾ ਨੂੰ ਕਿਹੜੇ ਗੁਣਾਂ ਨੂੰ ਪਰਾਜਿਤ ਕਰਕੇ ਆਪਣੇ ਸਰੂਪ ਨੂੰ ਸੰਵਾਰਨ ਦੀ ਲੋੜ ਹੈ। ਇਸ ਤੱਥ ਨੂੰ ਸਮਝਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਪਰਿਵਾਰਿਕ ਜੀਵਨ ਨਾਲ ਸੰਬੰਧਿਤ ਵਿਆਹ ਦਾ ਬੜਾ ਸੁੰਦਰ ਬਿੰਬ ਪੇਸ਼ ਕੀਤਾ ਹੈ:

ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ।।

ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ।।

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ।।[50]

ਗੁਰੂ ਅਰਜਨ ਦੇਵ ਜੀ ਦੁਆਰਾ ਬਾਰਹ ਮਾਹਾ ਮਾਂਝ ਵਿਚ ਚਿੱਤਰੀ ਇਤਨੀ ਵਿਸ਼ਾਲ ਬਿੰਬਾਵਲੀ ਨੂੰ ਸਥੂਲ ਤੌਰ ਤੇ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਉਹ ਬਿੰਬ ਜਿਨ੍ਹਾਂ ਦੀ ਅਨੁਭੂਤੀ ਕਿਸੇ ਇੰਦਰੀ ਦੇ ਮਾਧਿਅਮ ਰਾਹੀਂ ਸੰਭਵ ਹੁੰਦੀ ਹੈ ਅਤੇ ਦੂਜੇ ਉਹ ਬਿੰਬ ਜੋ ਅਭਿਵਿਅਕਤੀ ਦੀ ਵਿਧੀ ਨਾਲ ਚਿੱਤਰੇ ਜਾਂਦੇ ਹਨ। ਅੱਖ, ਕੰਨ, ਨੱਕ, ਜੀਭ ਅਤੇ ਤੁੱਚਾ ਇਹ ਕੁਲ ਪੰਜ ਗਿਆਨ ਇੰਦਰੀਆਂ ਹਨ ਅਤੇ ਇਨ੍ਹਾਂ ਅਨੁਸਾਰ ਬਿੰਬ ਕ੍ਰਮਵਾਰ ਰੂਪ (ਦ੍ਰਿਸ਼), ਸ਼ਬਦ, ਗੰਧ, ਰਸ ਅਤੇ ਸਪਰਸ਼ ਪੰਜ ਪ੍ਰਕਾਰ ਦੇ ਹਨ। ਇਹ ਸਾਰੇ ਬਿੰਬ ਗੁਰੂ ਜੀ ਦੀ ਕਲਪਨਾ ਨੂੰ ਸਾਕਾਰ ਕਰਨ ਵਿਚ ਬਹੁਤ ਸਫਲ ਹੋਏ ਹਨ। ਇਨ੍ਹਾਂ ਦੇ ਕੁਝ ਉਦਾਹਰਣ ਇਸ ਪ੍ਰਕਾਰ ਹਨ:

1. **ਰੂਪ ਬਿੰਬ:** ਵਣੁ ਤ੍ਰਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਿਥੁ ਪੁਰਖ ਅਪਾਰੁ।।[51]

2. **ਸ਼ਬਦ ਬਿੰਬ** : ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ।।[52]

3. **ਰਸ ਬਿੰਬ:** (ੳ) ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ।।[53]

   (ਅ) ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ।।[54]

4. **ਸਪਰਸ਼ ਬਿੰਬ** : ਪਕੜਿ ਚਲਾਇਨਿ ਦੂਤ ਜਮ ਦਿਸੈ ਨ ਦੇਨੀ ਭੇਤੁ।।[55]

ਗੁਰੂ ਸਾਹਿਬ ਨੇ ਇਸ ਤਰ੍ਹਾਂ ਸ਼ਬਦ, ਰੂਪ, ਰਸ ਅਤੇ ਸਪਰਸ਼ ਦੇ ਸਜੀਵ ਬਿੰਬ ਆਪਣੀ ਇਸ ਬਾਣੀ ਵਿਚ ਰੇਖਾਂਕਿਤ ਕੀਤੇ ਹਨ। ਪ੍ਰੋ. ਸਾਹਿਬ ਸਿੰਘ ਗੁਰੂ ਸਾਹਿਬ ਦੀ ਉੱਚਤਮ ਬਿੰਬਾਵਲੀ ਬਾਰੇ ਆਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿਚ ਕਾਵਿ ਸੁਹਜ ਦੇ ਪ੍ਰਕਾਸ਼ ਲਈ ਵੱਖ-ਵੱਖ ਤਰ੍ਹਾਂ ਦੇ ਬਿੰਬਾਂ ਦੀ ਉਸਾਰੀ ਕੀਤੀ ਹੈ ਅਤੇ ਭਾਵਾਂ ਦੇ ਪ੍ਰਗਟਾਅ ਲਈ ਜੀਵਨ ਦੇ ਬਹੁ ਪੱਖਾਂ ਤੋਂ ਬਿੰਬ ਉਸਾਰੇ ਹਨ। ਉਨ੍ਹਾਂ ਨੇ ਸੁਹਜ ਉਸਾਰੀ ਲਈ ਰੂਪ, ਰਸ ਤੇ ਸ਼ਬਦ ਬਿੰਬ ਵਰਤੇ ਹਨ ਅਤੇ ਮਨੁੱਖੀ ਮਨ ਦੀ ਭਾਵਕ ਸਥਿਤੀ ਨੂੰ ਪੂਰੀ ਤਰ੍ਹਾਂ ਬਿੰਬਤ ਕੀਤਾ ਹੈ। ਬਾਰਹ ਮਾਹਾ ਦੇ ਹਰ ਮਹੀਨੇ ਦਾ ਬਿੰਬ ਥੋੜ੍ਹੇ ਤੇ ਸੰਖੇਪ ਸ਼ਬਦਾਂ ਵਿਚ ਭਾਵ ਪੂਰਤ ਢੰਗ ਨਾਲ ਉਸਰਿਆ ਹੋਇਆ ਦਿਸ ਆਉਂਦਾ ਹੈ।

ਇਸਤ੍ਰੀ ਸੰਜੋਗ ਤੇ ਵਿਯੋਗ ਬਿੰਬ, ਵਿਆਹ ਸ਼ਾਦੀ ਅਤੇ ਸਦਾਚਾਰਕ ਜੀਵਨ ਨਾਲ ਸੰਬੰਧਿਤ ਬਿੰਬ ਗੁਰੂ ਸਾਹਿਬ ਦੀ ਮੌਲਿਕਤਾ ਦੇ ਪ੍ਰਮਾਣ ਹਨ।[56]

ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਬਾਰਹ ਮਾਹਾ ਮਾਂਝ ਵਿਚ ਸਭਿਆਚਾਰ ਦੇ ਲੋੜੀਂਦੇ ਅੰਗ ਰਿਸ਼ਤਾ ਨਾਤਾ ਪ੍ਰਣਾਲੀ ਦਾ ਬਿੰਬ ਵੀ ਉਘਾੜਿਆ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨਃ

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ।।[57]

ਉਪਰੋਕਤ ਪਦੇ ਅਨੁਸਾਰ ਨਾ ਪੁੱਤਰ, ਨਾ ਇਸਤਰੀ, ਨਾ ਧਨ, ਕੋਈ ਵੀ ਮਨੁੱਖ ਦੇ ਨਾਲ ਨਹੀਂ ਨਿਭਦਾ, ਇਕ ਅਬਿਨਾਸ਼ੀ ਪਰਮਾਤਮਾ ਹੀ ਅਸਲ ਸਾਥੀ ਹੈ। ਗੁਰੂ ਸਾਹਿਬ ਨੇ ਆਪਣੀ ਇਸ ਰਚਨਾ ਵਿਚ ਇਹ ਗੱਲ ਦ੍ਰਿੜ ਕਰਵਾਈ ਹੈ ਕਿ ਦੁਨੀਆਂ ਵਿਚ ਕੇਵਲ ਇਕ ਹੀ ਰਿਸ਼ਤਾ ਸੱਚਾ, ਪਵਿੱਤਰ, ਸਦੀਵੀ, ਅਬਿਨਾਸ਼ੀ ਤੇ ਅਮਿੱਟ ਹੈ, ਉਹ ਹੈ ਆਤਮਾ ਤੇ ਪ੍ਰਮਾਤਮਾ ਦਾ ਰਿਸ਼ਤਾ ਜੋ ਸਦਾ ਸਥਿਰ ਤੇ ਅਡੋਲ ਰਹਿੰਦਾ ਹੈ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਬਿੰਬਾਂ ਨਾਲ ਭਰਪੂਰ ਹੈ। ਉਨ੍ਹਾਂ ਨੇ ਬੜੇ ਸੁਚੱਜ ਨਾਲ ਬਾਣੀ ਨੂੰ ਚਿੱਤਰਾਤਮਕਤਾ ਪ੍ਰਦਾਨ ਕੀਤੀ ਹੈ। ਸਿਰਜੇ ਗਏ ਬਿੰਬ ਬੜੇ ਤਾਜ਼ਾ, ਗੰਭੀਰ ਅਤੇ ਪ੍ਰਬੋਧਕ ਹਨ। ਗੁਰੂ ਸਾਹਿਬ ਨੇ ਬਿੰਬਾਂ ਦੀ ਸਿਰਜਣਾ ਕਰਕੇ ਇਸ ਖੇਤਰ ਵਿਚ ਨਿਗਰ ਵਾਧਾ ਤੇ ਵਿਸਥਾਰ ਕੀਤਾ ਹੈ। ਉਨ੍ਹਾਂ ਦੇ ਬਿੰਬਾਂ ਰਾਹੀਂ ਉਨ੍ਹਾਂ ਦੀ ਪ੍ਰੇਮ ਸਾਧਨਾ ਦਾ ਸਰੂਪ ਅਤੇ ਹੋਰ ਅਧਿਆਤਮਿਕ ਸਿਧਾਂਤ ਬੜੀ ਸਫਲਤਾ ਨਾਲ ਸਾਹਮਣੇ ਆਏ ਹਨ ਜੋ ਉਨ੍ਹਾਂ ਦੇ ਚਿੰਤਨ ਦੀ ਜਾਣਕਾਰੀ ਪ੍ਰਾਪਤ ਕਰਨ ਵਿਚ ਸਹਾਇਕ ਹੋਏ ਹਨ। ਸੋ ਉਪਰੋਕਤ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਬਾਰਹ ਮਾਹਾ ਮਾਂਝ ਵਿਚ ਬਿੰਬ ਸਿਰਜਣਾ ਬੜੀ ਕਲਾਤਮਕ ਹੈ।

### (2) ਪ੍ਰਤੀਕ ਵਿਧਾਨ

'ਸਾਡੇ ਜੀਵਨ ਵਿਚ ਪ੍ਰਤੀਕ ਦਾ ਉੱਨਾ ਹੀ ਮਹੱਤਵ ਹੈ ਜਿੰਨਾ ਕਿ ਸਾਹਿਤ ਵਿਚ, ਕਿਉਂਕਿ ਮਨੁੱਖੀ ਵਿਉਹਾਰ ਵਿਚ ਪ੍ਰਤੀਕ ਆਮ ਵਰਤੇ ਜਾਂਦੇ ਹਨ। ਮਨੁੱਖ ਦੀ ਤਾਂ ਸਹਿਜ ਸੁਭਾ ਰੁਚੀ ਹੀ ਪ੍ਰਤੀਕੀਕਰਣ ਦੀ ਹੈ। ਪ੍ਰਤੀਕ ਦੀ ਵਰਤੋਂ ਤਰਕ-ਸ਼ਾਸਤ੍ਰ, ਗਣਿਤ, ਸੰਗੀਤ, ਚਿੰਤਨ ਵਿਗਿਆਨ, ਧਰਮ, ਕਲਾ, ਵਿਗਿਆਨ, ਭਾਸ਼ਾ ਤੇ ਕਵਿਤਾ ਆਦਿ ਬਹੁਤ ਖੇਤਰਾਂ ਵਿਚ ਲੰਬੇ ਅਰਸੇ ਤੋਂ ਕੀਤੀ ਜਾ

ਰਹੀ ਹੈ। ਇਨ੍ਹਾਂ ਵਿਚ ਇਸਦਾ ਮੂਲ ਭਾਵ ਇਹੀ ਹੈ ਕਿ ਕੋਈ ਇਕ ਚੀਜ਼ ਕਿਸੇ ਹੋਰ ਚੀਜ਼ ਦੀ ਥਾਂ ਵਰਤ ਲਈ ਜਾਂਦੀ ਹੈ ਜਾਂ ਉਸਦਾ ਨਿਰੂਪਣ ਕਰਦੀ ਹੈ। ਪਰ ਕਵਿਤਾ ਵਿਚ ਪ੍ਰਤੀਕ ਵਰਤੋਂ ਦਾ ਖਾਸ ਤਰ੍ਹਾਂ ਦਾ ਯੋਗਦਾਨ ਹੈ। ਕਵਿਤਾ ਦੀ ਸੂਖਮਵਾਦੀ ਬਿਰਤੀ ਵਿਚ ਪ੍ਰਤੀਕਾਂ ਦੀ ਬੁਨਿਆਦੀ ਜ਼ਰੂਰਤ ਰਹਿੰਦੀ ਹੈ। ਕਵਿਤਾ ਦੀ ਪ੍ਰਗਟਾ ਪ੍ਰਣਾਲੀ ਵਿਚ ਪ੍ਰਤੀਕ ਵਰਤੋਂ ਇਸਦਾ ਇਕ ਲਾਜ਼ਮੀ ਸਾਧਨ ਹੈ।'[58]

ਇਸ ਨੂੰ ਬੜੇ ਸਰਲ ਢੰਗ ਨਾਲ ਸਮਝਾਉਂਦੇ ਹੋਏ ਡਾ. ਦੀਵਾਨ ਸਿੰਘ ਨੇ ਕਿਹਾ ਹੈ ਕਿ ਪ੍ਰਤੀਕ ਕਿਸੇ ਸੂਖਮ ਵਸਤੂ ਨੂੰ ਪ੍ਰਗਟਾਉਣ ਵਾਲੀ ਸਥੂਲ ਵਸਤੂ ਹੈ। ਸੂਖਮ ਵਸਤੂ ਕੇਵਲ ਮਨੁੱਖੀ ਅਨੁਭਵ ਵਿਚ ਹੀ ਵਿਦਮਾਨ ਹੈ, ਇਸ ਲਈ ਮਨੁੱਖੀ ਅਨੁਭਵ ਦੀ ਸੂਖਮਤਾ ਨੂੰ ਵਿਅਕਤ ਕਰਨ ਦੀ ਸਮੱਸਿਆ ਕਲਾ ਦੀ ਮੁੱਢਲੀ ਸਮੱਸਿਆ ਹੈ। ਅਨੁਭਵ ਦੀ ਸਿੱਧੀ ਅਭਿਵਿਅਕਤੀ ਜਾਂ ਪ੍ਰਸਾਰਨ ਸੰਭਵ ਨਹੀਂ, ਇਸ ਲਈ ਠੋਸ, ਸਰਲ ਪ੍ਰਤੀਕ ਰਾਹੀਂ ਪ੍ਰਗਟਾਵੇ ਦਾ ਢੰਗ ਲੱਭਣਾ ਆਵੱਸ਼ਕ ਹੈ। ਇਸ ਤਰ੍ਹਾਂ ਪ੍ਰਤੀਕ ਦੀ ਵਰਤੋਂ ਕਵਿਤਾ ਲਈ ਅਨਿਵਾਰਯ ਹੈ। ਖਾਸ ਕਰਕੇ ਸੂਖਮ ਅਨੁਭਵ ਲਈ।[59] ਕੋਈ ਵੀ ਕਵਿਤਾ ਪ੍ਰਤੀਕਾਂ ਤੋਂ ਬਿਨਾਂ ਨਹੀਂ ਹੋ ਸਕਦੀ। ਪ੍ਰਤੀਕ ਕਵਿਤਾ ਦਾ ਸੁਭਾ ਹਨ।

ਪ੍ਰਤੀਕ ਸ਼ਬਦ ਦੀ ਪਰਿਭਾਸ਼ਾ ਵਿਦਵਾਨਾਂ ਨੇ ਵੱਖ-ਵੱਖ ਢੰਗਾਂ ਨਾਲ ਕੀਤੀ ਹੈ। 'ਪ੍ਰਤੀਕ' ਸ਼ਬਦ ਅੰਗਰੇਜ਼ੀ ਦੇ ਸ਼ਬਦ symbol ਦਾ ਸਮਾਨਾਰਥਕ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਕਾਫੀ ਵਿਸਤ੍ਰਿਤ ਵਿਚਾਰ ਕਰਨ ਉਪਰੰਤ ਪ੍ਰਤੀਕ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ:

> ਪ੍ਰਤੀਕ ਅਗੋਚਰ (ਗੈਰਹਾਜ਼ਰ, ਅਣਸਿਦਾ) ਪਦਾਰਥ ਜਾਂ ਭਾਵ ਦੀ ਪ੍ਰਤਿਨਿਧ ਉਹ ਸਗੋਚਰ ਤੇ ਚਿਰ ਪਛਾਣੀ ਵਸਤੂ ਹੈ ਜਿਹੜੀ ਸਾਡੇ ਮਨ ਵਿਚ ਉਸ ਪਦਾਰਥ ਦੀ ਸੁਹਜ ਸੂਰਤ ਤੁਰਤ ਫੁਰਤ ਲਕੀਰ ਜਾਂਦੀ ਹੈ।[60]

Encyclopaedia Britannica ਵਿਚ ਪ੍ਰਤੀਕ ਦੀ ਇਹ ਪਰਿਭਾਸ਼ਾ ਅੰਕਿਤ ਹੈ:

> ਪ੍ਰਤੀਕ (ਚਿੰਨ੍ਹ) ਇਕ ਵੇਖਣਗੋਚਰੀ ਵਸਤੂ ਜਿਹੜੀ ਕਿਸੇ ਤਰ੍ਹਾਂ ਦੇ ਸੰਪਰਕ ਦੇ ਕਾਰਣ, ਅੰਤਰ ਮਨ ਦੇ ਸਨਮੁਖ ਉਸ ਪਦਾਰਥ ਦੀ ਸਮਾਨਤਾ (ਸਮਰੂਪਤਾ) ਪੇਸ਼ ਕਰਦੀ ਹੈ ਜਿਹੜਾ ਵਿਆਖਿਆ ਤੇ ਪ੍ਰਤੱਖ ਨਹੀਂ ਕੀਤਾ ਗਿਆ। ਇਹ ਸਮਾਨਤਾ ਉਸ ਖਿਆਲ ਰਾਹੀਂ ਦਰਸਾਈ ਜਾਂਦੀ ਹੈ ਜਿਹੜਾ ਉਸ ਪ੍ਰਤੀਕ ਨਾਲ ਆਮ ਤੌਰ ਤੇ ਜੁੜਿਆ ਆ ਰਿਹਾ ਹੈ ਜਿਵੇਂ ਖੰਜੂਰ ਜਿੱਤ ਦਾ ਅਤੇ ਲੰਗਰ ਆਸ ਦਾ ਪ੍ਰਤੀਕ ਹੈ।[61]

ਮਹਾਨ ਕੋਸ਼ ਵਿਚ ਪ੍ਰਤੀਕ ਸ਼ਬਦ ਦੇ ਅਰਥ ਪਤਾ, ਨਿਸ਼ਾਨ, ਅੰਗ, ਮੁਖ, ਰੂਪ, ਸੂਰਤ, ਪ੍ਰਤਿਮਾ, ਮੂਰਤ ਆਦਿ ਕੀਤੇ ਗਏ ਹਨ।[62] ਸੋ ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਪ੍ਰਤੀਕ ਸ਼ਬਦ ਦਾ ਪ੍ਰਯੋਗ ਉਸ ਦ੍ਰਿਸ਼ਟ ਵਸਤੂ ਦੇ ਲਈ ਹੁੰਦਾ ਹੈ ਜੋ ਦਿਮਾਗ ਦੇ ਸਨਮੁੱਖ ਕਿਸੇ ਅਪ੍ਰਸਤੁਤ ਵਸਤੂ ਦੀ ਦ੍ਰਿਸ਼ਟ ਮਾਨਤਾ ਨੂੰ ਆਪਣੇ ਸੰਬੰਧ ਸੂਤਰਾਂ ਦੁਆਰਾ ਪ੍ਰਸਤੁਤ ਕਰਦੀ ਹੈ। ਪ੍ਰਤੀਕ ਕਿਸੇ ਅਵਿਅਕਤ ਸੱਤਾ ਦਾ ਦ੍ਰਿਸ਼ਟ ਅਤੇ ਵਿਅਕਤ ਰੂਪ ਹਨ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਅਮਰ ਕਿਰਤ ਬਾਰਹ ਮਾਹਾ ਮਾਂਝ ਵਿਚ ਬਿੰਬ ਸਿਰਜਣਾ ਦੇ ਨਾਲ ਨਾਲ ਆਪਣੇ ਮਨੋ ਭਾਵਾਂ ਨੂੰ ਅਭਿਵਿਅਕਤ ਕਰਨ ਲਈ ਭਾਵਾਂ ਵਿਚਲੀ ਸਮਾਨਤਾ ਦੇ ਅਨੁਸਾਰ ਅਤੇ ਅਮੂਰਤ ਤੇ ਅਦ੍ਰਿਸ਼ਟ ਭਾਵਾਂ ਨੂੰ ਪ੍ਰਤੀਕਾਂ ਦੀ ਸਹਾਇਤਾ ਨਾਲ ਪ੍ਰਗਟਾਇਆ ਹੈ ਕਿਉਂਕਿ ਪ੍ਰਤੀਕਾਂ ਦਾ ਕੰਮ ਕਵਿਤਾ ਵਿਚ ਹਾਵਾਂ ਭਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨਾ ਹੈ ਅਤੇ ਇਸੇ ਤਰ੍ਹਾਂ ਪ੍ਰਤੀਕ ਸਾਹਿਤ ਦੇ ਸੁਹਜ ਦਾ ਆਵੱਸ਼ਕ ਅੰਗ ਵੀ ਬਣਦੇ ਹਨ। ਅਧਿਆਤਮਕ ਜਗਤ ਵਿਚ ਤਾਂ ਪ੍ਰਤੀਕ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। 'ਅਧਿਆਤਮਿਕਤਾ ਇਕ ਪਰਾਸਰੀਰਕ ਵਸਤੂ ਹੈ ਇਸ ਨੂੰ ਗਿਆਨ ਇੰਦਰੀਆਂ ਰਾਹੀਂ ਦੇਖਿਆ, ਚੱਖਿਆ, ਸੁਣਿਆ, ਸੁੰਘਿਆ ਤੇ ਛੋਹਿਆ ਨਹੀਂ ਜਾ ਸਕਦਾ ਹੈ। ਇਸ ਗੱਲ ਨੂੰ ਆਸਤਕ ਤੇ ਨਾਸਤਕ ਦੋਵੇਂ ਸਵੀਕਾਰ ਕਰਦੇ ਹਨ। ਫਿਰ ਅਧਿਆਤਮਕ ਰਸ ਨੂੰ ਬੋਲੀ ਰਾਹੀਂ ਕਿਵੇਂ ਬਿਆਨ ਕੀਤਾ ਜਾਵੇ। ਇਸ ਮਸਲੇ ਦਾ ਹਲ ਅਧਿਆਤਮਕ ਕਵੀਆਂ ਇਹ ਲੱਭਿਆ ਕਿ ਇਸ ਪਰਾਸਰੀਰਕ ਰਸ ਨੂੰ ਸਰੀਰਕ ਰਸ ਦੇ ਰੂਪਕਾਂ ਜਾਂ ਚਿੰਨ੍ਹਾਂ ਰਾਹੀਂ ਵਰਣਨ ਕੀਤਾ ਜਾਵੇ।'[63]

ਗੁਰੂ ਅਰਜਨ ਦੇਵ ਜੀ ਨੇ ਬਾਰਹ ਮਾਹਾ ਮਾਂਝ ਵਿਚ ਕਈ ਤਰ੍ਹਾਂ ਦੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਗੁਰੂ ਸਾਹਿਬ ਨੇ ਅਧਿਕਤਰ ਪਰਮਾਤਮਾ, ਜੀਵਾਤਮਾ, ਮਾਇਆ, ਮਨ, ਸਰੀਰ ਆਦਿ ਨੂੰ ਲੈ ਕੇ ਵੱਖ-ਵੱਖ ਰੂਪਾਂ ਵਿਚ ਪ੍ਰਤੀਕ ਯੋਜਨਾ ਕੀਤੀ ਹੈ। ਇਹ ਪ੍ਰਤੀਕ ਪਰੰਪਰਾਗਤ ਵੀ ਹਨ ਅਤੇ ਕੁਝ ਗੁਰੂ ਸਾਹਿਬ ਜੀ ਦੀ ਭਾਵਾਤਮਕ ਦ੍ਰਿਸ਼ਟੀ ਦੇ ਅਨੁਸਾਰ ਹਨ। ਜਿਵੇਂ ਪਰਮਾਤਮਾ ਲਈ ਕੰਤ, ਪਿਰ, ਪ੍ਰੀਤਮ, ਸਾਜਨ, ਸਜਣ, ਖਸਮ ਅਤੇ ਸਾਹਿਬ ਆਦਿ। ਉਦਾਹਰਣ ਵਜੋਂ :

(ੳ) ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ।।[64]

(ਅ) ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ।।[65]

(ੲ) ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ।।[66]

(ਸ) ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬ ਮੇਲੜੀਆਹ।।[67]

(ਹ) ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬਿ ਬੰਦੀ ਮੋਚ।।[68]

ਉਪਰੋਕਤ ਤੁਕਾਂ ਵਿਚ ਗੁਰੂ ਸਾਹਿਬ ਪਰਮਸਤ ਨੂੰ ਪ੍ਰਤੀਕ ਵਿਧਾਨ ਦੁਆਰਾ ਨਿਰੂਪਤ ਕਰਦੇ ਹਨ ਜੋ ਕਾਵਿ ਦੇ ਪੱਖ ਤੋਂ ਅਤਿਅੰਤ ਸੁਹਜਾਤਮਕ ਹੈ। ਇਥੇ ਸਜਣ, ਸਾਜਨ, ਪ੍ਰੀਤਮ, ਸਾਹਿਬ, ਪ੍ਰਤੀਕ ਵਿਚ ਕਿੰਨੀ ਮੋਹਕਤਾ ਤੇ ਪਵਿੱਤਰਤਾ ਹੈ। ਇਸਦੇ ਨਾਲ ਹੀ ਗੁਰੂ ਸਾਹਿਬ ਨੇ ਪਰਮਾਤਮਾ ਨਾਲ ਜੀਵਾਤਮਾ ਦੇ ਸੰਬੰਧ ਨੂੰ ਰੂਪਮਾਨ ਕਰਨ ਲਈ ਪਤੀ-ਪਤਨੀ ਸੰਬੰਧ ਵਾਲੇ ਦੰਪਤਿਕ ਪ੍ਰਤੀਕਾਂ ਨੂੰ ਅਧਿਕ ਵਰਤਿਆ ਹੈ। ਇਨ੍ਹਾਂ ਦੇ ਪ੍ਰਯੋਗ ਨਾਲ ਉਨ੍ਹਾਂ ਦੀ ਪ੍ਰੇਮਾ ਭਗਤੀ ਦਾ ਸੁਹਜਾਤਮਕ ਰੂਪ ਨਿਖਰ ਕੇ ਸਾਹਮਣੇ ਆਇਆ ਹੈ। ਇਹਨਾਂ ਪ੍ਰਤੀਕਾਂ ਵਿਚ ਗੁਰੂ ਸਾਹਿਬ ਆਪਣੇ ਆਪ ਨੂੰ ਪਤਨੀ ਅਤੇ ਪਰਮਾਤਮਾ ਨੂੰ ਪਤੀ ਰੂਪ ਵਿਚ ਚਿੱਤਰਦੇ ਹਨ। ਇਨ੍ਹਾਂ ਪ੍ਰਸੰਗਾਂ ਵਿਚ ਗੁਰੂ ਸਾਹਿਬ ਨੇ ਬਿਰਹਾ ਤੇ ਮਿਲਣ ਦੇ ਅਨੇਕਾਂ ਚਿੱਤਰ ਪੇਸ਼ ਕੀਤੇ ਹਨ। ਗੁਰੂ ਸਾਹਿਬ ਦੁਆਰਾ ਵਰਤੇ ਇਹਨਾਂ ਪਤੀ-ਪਤਨੀ ਸੰਬੰਧ ਵਾਲੇ ਪ੍ਰਤੀਕਾਂ ਦੁਆਰਾ ਬੜੀ ਪਵਿੱਤਰ, ਸਾਤਵਿਕ ਅਤੇ ਵਾਸਨਾ ਰਹਿਤ ਪ੍ਰੇਮ ਭਾਵਨਾ ਦੀ ਅਭਿਵਿਅਕਤੀ ਹੋਈ ਹੈ। ਇਸ ਸੰਬੰਧ ਵਿਚ ਕੁਝ ਉਦਾਹਰਣਾਂ ਵੇਖੋ:

(ੳ) ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।।
ਜਿਤ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ।।[69]

(ਅ) ਮੰਘਰਿ ਮਾਹਿ ਸੁਹੰਦੀਆਂ ਹਰਿ ਪਿਰ ਸੰਗਿ ਬੈਠੜੀਆਹ।।[70]

(ੲ) ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।।
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ।।[71]

(ਸ) ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ।।
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰੁ।।[72]

ਜੀਵਾਤਮਾ ਪਰਮਾਤਮਾ ਦਾ ਅੰਗ ਹੈ। ਗੁਰੂ ਸਾਹਿਬ ਨੇ ਇਸ ਸੰਬੰਧੀ ਉੱਚਤਮ ਦਰਜੇ ਦੇ ਪ੍ਰਤੀਕ ਚੁਣ ਕੇ ਆਪਣੇ ਭਾਵਾਂ ਨੂੰ ਪ੍ਰਗਟਾਇਆ ਹੈ। ਇਹਨਾਂ ਪ੍ਰਤੀਕਾਂ ਰਾਹੀਂ ਗੁਰੂ ਸਾਹਿਬ ਨੇ ਬੜੇ ਸੰਖੇਪ ਵਿਚ ਆਪਣੀਆਂ ਅਨੇਕ ਅਧਿਆਤਮਿਕ ਭਾਵਨਾਵਾਂ ਨੂੰ ਸਪੱਸ਼ਟ ਕੀਤਾ ਹੈ। ਉਹਨਾਂ ਨੇ ਅਧਿਆਤਮਿਕ ਜਿਗਿਆਸੂਆਂ ਨੂੰ ਪਰਮਾਤਮਾ ਨਾਲ ਪਿਆਰ ਪਾਉਣ ਅਤੇ ਉਸ ਤੋਂ ਦੂਰ ਨ ਰਹਿਣ

ਦੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ ਹੈ ਕਿਉਂਕਿ ਸੱਜਣ ਖਸਮ-ਪ੍ਰਭੂ ਨੂੰ ਮਿਲਣ ਤੋਂ ਬਿਨਾਂ ਕਿਸੇ ਹੋਰ ਥਾਂ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਦੰਪਤਿਕ ਪ੍ਰਤੀਕਾਂ ਤੋਂ ਇਲਾਵਾ ਗੁਰੂ ਸਾਹਿਬ ਨੇ ਸੁਆਮੀ ਅਤੇ ਸੇਵਕ ਦੇ ਪ੍ਰਤੀਕ ਰਾਹੀਂ ਵੀ ਆਪਣੀ ਭਾਵਨਾ ਨੂੰ ਜ਼ੁਬਾਨ ਦਿੱਤੀ ਹੈ ਜਿਵੇਂ:

ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥[73]

ਬਾਰਹ ਮਾਹਾ ਮਾਂਝ ਵਿਚ ਧਾਰਮਿਕ ਅਤੇ ਮਿਥਿਹਾਸਕ ਖੇਤਰ ਨਾਲ ਸੰਬੰਧਿਤ ਪ੍ਰਤੀਕ ਵੀ ਸ਼ਾਮਿਲ ਹਨ। ਜਿਵੇਂ ਰਾਮ, ਗੋਬਿੰਦ, ਗੋਪਾਲ, ਨਾਰਾਇਣ, ਪ੍ਰਭੂ, ਹਰੀ ਅਤੇ ਹਰਿ ਆਦਿ। ਪਰ ਇਨ੍ਹਾਂ ਸ਼ਬਦਾਂ ਰਾਹੀਂ ਗੁਰੂ ਸਾਹਿਬ ਨੇ ਨਿਰਗੁਣ ਬ੍ਰਹਮ ਦਾ ਹੀ ਬੋਧ ਕਰਵਾਇਆ ਹੈ। ਉਦਾਹਰਣ ਵਜੋਂ :

(ੳ) ਹਰਿ ਦਰਸਨ ਕਉ ਮਨੁ ਲੋਚਦਾ ਨਾਨਕ ਪਿਆਸ ਮਨਾ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥[74]

(ਅ) ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥[75]

(ੲ) ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥[76]

(ਸ) ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥[77]

ਕੁਝ ਹੋਰ ਮਿਥਿਹਾਸਕ ਪ੍ਰਤੀਕ (ਜਮ, ਅੰਮ੍ਰਿਤ, ਪ੍ਰੇਤ, ਨਰਕ, ਪਰਲੋਕ ਆਦਿ) ਇਸ ਪ੍ਰਕਾਰ ਵਰਤੇ ਗਏ ਹਨ:

(ੳ) ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥[78]

(ਅ) ਸੇ ਭਾਦੁਇ ਨਰਕ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥[79]

(ੲ) ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥[80]

(ਸ) ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥[81]

ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿਚ ਘਰੋਗੀ ਪ੍ਰਤੀਕ ਚੁਣੇ ਹਨ, ਜਿਹੜੇ ਮਨੁੱਖ ਦੇ ਮਨ ਉੱਪਰ ਸਿੱਧਾ ਪ੍ਰਭਾਵ ਪਾ ਸਕਦੇ ਹਨ ਅਤੇ ਆਮ ਪੱਧਰ ਦਾ ਮਨੁੱਖ ਵੀ ਉਨ੍ਹਾਂ ਪ੍ਰਤੀਕਾਂ ਰਾਹੀਂ ਗੁਰੂ

ਸਾਹਿਬ ਦੇ ਭਾਵਾਂ ਨੂੰ ਸਮਝ ਸਕਦਾ ਹੈ। ਜੀਵਾਤਮਾ ਨੂੰ ਗੁਰੂ ਸਾਹਿਬ ਨੇ ਪਤਨੀ ਪ੍ਰਗਟ ਕਰਨ ਲਈ ਵਡਭਾਗਣੀ ਪ੍ਰਤੀਕ ਬਾਰਹ ਮਾਹਾ ਮਾਂਝ ਵਿਚ ਵਰਤਿਆ ਹੈ। ਆਤਮਾ ਅਤੇ ਜੀਵਾਤਮਾ ਦੇ ਆਪਸੀ ਮਿਲਾਪ ਰਾਹੀਂ ਪ੍ਰਭੂ ਪ੍ਰੇਮ ਅਤੇ ਭਗਤੀ ਦੇ ਭਾਵਾਂ ਨੂੰ ਪ੍ਰਗਟ ਕੀਤਾ ਹੈ ਅਤੇ ਇਸਦੇ ਨਾਲ ਗੁਰੂ ਸਾਹਿਬ ਪ੍ਰਤੀਕਾਤਮਕ ਸ਼ੈਲੀ ਵਿਚ ਇਹ ਵੀ ਜ਼ੋਰ ਦੇ ਕੇ ਆਖਦੇ ਹਨ ਕਿ ਜੇਕਰ ਜੀਵ ਦੀ ਜਵਾਨੀ ਭਾਵ ਜ਼ਿੰਦਗੀ ਬਿਨਾਂ ਸਿਮਰਨ ਤੋਂ ਲੰਘ ਜਾਵੇ ਤਾਂ ਉਸ ਨੂੰ ਪਛਤਾਵਾ ਹੁੰਦਾ ਹੈ ਅਤੇ ਉਹ ਫਿਰ ਨਿਰਾਸ਼ ਹੋ ਕੇ ਜਗਤ ਤੋਂ ਚਲਾ ਜਾਂਦਾ ਹੈ ਭਾਵ ਉਸਦਾ ਜੀਵਨ ਬਿਰਥਾ ਹੀ ਲੰਘ ਜਾਂਦਾ ਹੈ। ਬਾਰਹ ਮਾਹਾ ਵਿਚੋਂ ਉਪਰੋਕਤ ਵਿਚਾਰਾਂ ਸੰਬੰਧੀ ਕੁਝ ਉਦਾਹਰਣਾ ਦੇਖੋ:

(ੳ) ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ।।[82]

(ਅ) ਇਛ ਪੁੰਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ।।[83]

(ੲ) ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ।।[84]

ਬਾਰਹ ਮਾਹਾ ਜਿਥੇ ਅਧਿਆਤਮਵਾਦ, ਰਹੱਸਵਾਦ, ਸਦਾਚਾਰ, ਨੈਤਿਕਤਾ, ਕੁਦਰਤੀ ਚਿਤਰਨ ਤੇ ਸੰਸਾਰਿਕ ਵਿਸ਼ਿਆਂ ਦੀ ਗੱਲ ਕਰਦਾ ਹੈ ਉਥੇ ਗੁਰੂ ਸਾਹਿਬ ਨੇ ਪੰਜਾਬੀ ਸਭਿਆਚਾਰ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ। ਭਾਵੇਂ ਗੁਰੂ ਸਾਹਿਬ ਦੀ ਰਚਨਾ ਅਧਿਆਤਮਿਕ ਮੰਡਲਾਂ ਦੀ ਵਾਸੀ ਹੈ ਪਰ ਗੁਰੂ ਜੀ ਨੇ ਪੰਜਾਬੀ ਸਭਿਅਚਾਰ ਨੂੰ ਪ੍ਰਤੀਕਾਤਮਕ ਸ਼ੈਲੀ ਵਿਚ ਢਾਲ ਕੇ ਬਾਰਹ ਮਾਹਾ ਮਾਂਝ ਸੰਦੇਸ਼ ਨੂੰ ਹੋਰ ਸਧਾਰਨ ਮਨੁੱਖ ਤੱਕ ਪਹੁੰਚਾ ਦਿੱਤਾ। ਇਹ ਗੁਰੂ ਸਾਹਿਬ ਦਾ ਅਨੋਖਾ ਤਰੀਕਾ ਸੀ। ਇਹ ਰਚਨਾ ਗੁਰਮੁੱਖੀ ਅੱਖਰਾਂ ਵਿਚ ਤੇ ਵਧੇਰੇ ਕਰਕੇ ਪੰਜਾਬ ਦੇ ਇਲਾਕੇ ਵਿਚ ਰਚੀ ਗਈ ਹੋਣ ਕਰਕੇ ਉਸਦੇ ਸਭਿਆਚਾਰ ਨਾਲ ਸੰਬੰਧਿਤ ਰਸਮਾਂ ਰਿਵਾਜ਼ਾਂ ਨੂੰ ਆਧਾਰ ਬਣਾਉਂਦੀ ਹੈ। ਗੁਰੂ ਸਾਹਿਬ ਦੇ ਕਈ ਪਦਿਆਂ ਵਿਚ ਪੰਜਾਬੀ ਸਭਿਆਚਾਰ ਦੀ ਝਲਕ ਦਿਖਾਈ ਦਿੰਦੀ ਹੈ।[85]

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਸੰਸਾਰ ਜਗਤ ਨੂੰ ਭਉਜਲੁ ਅਤੇ ਖੇਤ ਪ੍ਰਤੀਕ ਰਾਹੀਂ ਸਪੱਸ਼ਟ ਕਰਕੇ ਆਪਣੇ ਭਾਵ ਵਿਅਕਤ ਕੀਤੇ ਹਨ ਕਿ ਜੀਵ ਲਈ ਸਾਰੇ ਸੁੱਖਾਂ ਦਾ ਖਜ਼ਾਨਾ ਉਸ ਪਰਮਾਤਮਾ ਦੇ ਚਰਨ ਕਮਲ ਹਨ। ਜਿਹਨਾਂ ਦੇ ਆਸਰੇ ਉਹ ਸੰਸਾਰ ਰੂਪੀ ਭਵਸਾਗਰ ਵਿਚੋਂ ਸੁਖ ਸਾਂਦ ਨਾਲ ਪਾਰ ਹੋ ਸਕਦਾ ਹੈ। ਜਿਵੇਂ:

(ੳ) ਸਰਬ ਸੁਖਾ ਨਿਧਿ ਚਰਣ ਹਰਿ ਭਵਜਲੁ ਬਿਖਮੁ ਤਰੇ।।[86]

(ਅ) ਸੰਸਾਰ ਸਾਗਰ ਤੇ ਰਖਿਆਨੁ ਬਹੁੜਿ ਨ ਜਨਮੈ ਧਾਇ।।[87]

(ੲ) ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।।[88]

ਉਪਰੋਕਤ ਵਰਣਿਤ ਤੀਸਰੇ ਪਦੇ ਵਿਚ ਗੁਰੂ ਸਾਹਿਬ ਨੇ ਫਸਲ ਰੂਪੀ ਖੇਤੀ ਦੀ ਤੁਲਨਾ ਜੀਵਨ ਰੂਪੀ ਪੈਲੀ ਨਾਲ ਕੀਤੀ ਹੈ ਕਿ ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੀ ਫਸਲ ਵੱਢਦਾ ਹੈ, ਜਿਸ ਤਰ੍ਹਾਂ ਦੇ ਕਰਮ ਕਰਦਾ ਹੈ ਉਸੇ ਤਰ੍ਹਾਂ ਦੇ ਫਲ ਦੀ ਪ੍ਰਾਪਤੀ ਕਰਦਾ ਹੈ। ਜਿਵੇਂ:

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥[89]

ਉਪਰੋਕਤ ਪਦੇ ਵਿਚ ਗੁਰੂ ਸਾਹਿਬ ਸਭਿਆਚਾਰਕ ਪੱਖ ਪੇਸ਼ ਕਰਦੇ ਹੋਏ ਆਖਦੇ ਹਨ ਕਿ ਜਿਸ ਤਰ੍ਹਾਂ ਪਾਣੀ ਤੋਂ ਬਿਨਾਂ ਕਿਸਾਨ ਦੀ ਖੇਤੀ ਸੁੱਕ ਜਾਂਦੀ ਹੈ, ਧਨ ਦੀ ਕੋਈ ਕਮਾਈ ਨਹੀਂ ਹੁੰਦੀ। ਇਸੇ ਤਰ੍ਹਾਂ ਉਸ ਪ੍ਰਭੂ ਦੇ ਨਾਮ ਤੋਂ ਬਿਨਾਂ ਸਾਡਾ ਜੀਵਨ ਵਿਅਰਥ ਚਲਾ ਜਾਂਦਾ ਹੈ ਕਿਉਂਕਿ ਖੇਤੀ ਦਾ ਮੂਲ ਸੋਮਾ ਜਲ ਹੈ ਤੇ ਜੀਵਾਤਮਾ ਦਾ ਮੂਲ ਸੋਮਾ ਪਰਮਾਤਮਾ ਹੈ। ਜੇਕਰ ਉਹ ਪਰਮਾਤਮਾ ਦੇ ਸਿਮਰਨ ਰੂਪੀ ਜਲ ਵਿਚ ਰਹੇਗੀ ਤਾਂ ਹੀ ਵਿਕਾਸ ਕਰੇਗੀ ਨਹੀਂ ਤਾਂ ਵਿਛੋੜੇ ਦੀ ਅਗਨੀ ਉਸਦੇ ਜੀਵਨ ਰੂਪੀ ਖੇਤ ਨੂੰ ਤਬਾਹ ਕਰ ਦੇਵੇਗੀ। ਬਾਰਹ ਮਾਹਾ ਮਾਂਝ ਦਾ ਇਹ ਪਦਾ ਕਿਸਾਨੀ ਜੀਵਨ ਨੂੰ ਪ੍ਰਤੀਕ ਬਣਾਉਂਦਾ ਹੈ। ਇਸਦੇ ਨਾਲ ਹੀ ਗੁਰੂ ਸਾਹਿਬ ਇਕ ਹੋਰ ਸਭਿਆਚਾਰਕ ਅੰਗ ਭੱਠੇ ਨੂੰ ਵੀ ਪ੍ਰਤੀਕ ਵਜੋਂ ਵਰਤਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ:

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥[90]

ਇਸ ਪਦੇ ਵਿਚ ਗੁਰੂ ਸਾਹਿਬ ਨੇ ਜੀਵ ਇਸਤਰੀ ਦੇ ਮਨ ਦੀ ਅਗਨੀ ਨੂੰ ਭੱਠੇ ਦੀ ਅੱਗ ਨਾਲ ਤੁਲਨਾਇਆ ਹੈ। ਗੁਰੂ ਸਾਹਿਬ ਭੱਠੇ ਨੂੰ ਪ੍ਰਤੀਕ ਰੂਪ ਵਿਚ ਪੇਸ਼ ਕਰਦੇ ਹੋਏ ਆਖਦੇ ਹਨ ਕਿ ਜਿਸ ਤਰ੍ਹਾਂ ਭੱਠੇ ਦੀ ਅੱਗ ਮਿੱਟੀ ਨੂੰ ਭੁੰਨਦੀ ਹੈ ਉਸੇ ਤਰ੍ਹਾਂ ਵਿਛੋੜੇ ਦੀ ਅਗਨੀ ਜੀਵ ਆਤਮਾ ਦੇ ਹਿਰਦੇ ਨੂੰ ਸਾੜਦੀ ਹੈ। ਉਸ ਜੀਵਾਤਮਾ ਲਈ ਵਸਦੇ ਪਿੰਡ ਤੇ ਸ਼ਹਿਰ ਤਪਦੀ ਭੱਠੀ ਵਰਗੇ ਹੁੰਦੇ ਹਨ। ਜੀਵਾਤਮਾ ਨੂੰ ਸਿਰਫ ਤੇ ਸਿਰਫ ਉਸ ਪ੍ਰਭੂ ਪਤੀ ਦੇ ਚਰਨਾਂ ਵਿਚ ਹੀ ਸੰਸਾਰ ਦੇ ਸਾਰੇ ਸੁੱਖ ਅਤੇ ਸ਼ਾਂਤੀ ਦੀ ਪ੍ਰਾਪਤੀ ਹੋ ਸਕਦੀ ਹੈ।

ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਸੰਖਿਆ-ਮੂਲਕ ਪ੍ਰਤੀਕ ਵੀ ਵਰਤਦੇ ਹਨ ਜਿਵੇਂ ਚਾਰ ਕੁੰਟ ਤੋਂ ਭਾਵ ਚਾਰ (ਤਰਫ) ਪਾਸੇ ਅਤੇ ਦਹਦਿਸ ਤੋਂ ਭਾਵ ਦਸ ਪਾਸੇ। ਉਦਾਹਰਣ ਵਜੋਂ:

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥

ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਦੀ ਸਾਮ॥[91]

ਡਾ. ਵਣਜਾਰਾ ਬੇਦੀ ਗੁਰੂ ਅਰਜਨ ਦੇਵ ਜੀ ਦੇ ਪ੍ਰਤੀਰੂਪ (ਪ੍ਰਤੀਕ) ਵਿਧਾਨ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਆਖਦੇ ਹਨ ਕਿ ਗੁਰੂ ਅਰਜਨ ਦੇਵ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਨ ਸਧਾਰਨ ਪ੍ਰਤੀਰੂਪ ਦੇ ਸੰਕਲਪ ਰਾਹੀਂ ਹੀ ਅਧਿਆਤਮਕ ਤੱਥਾਂ ਨੂੰ ਸਮਝ ਸਕਦਾ ਹੈ, ਇਸ ਪ੍ਰਤੀਰੂਪ ਰਾਹੀਂ ਅਮੂਰਤ ਗੱਲਾਂ ਦਾ ਮੂਰਤੀਮਾਨ ਸਹਿਜੇ ਕੀਤਾ ਜਾ ਸਕਦਾ ਹੈ ਤੇ ਸੂਖਮ ਭਾਵਾਂ ਨੂੰ ਸਥੂਲ ਰੂਪ ਵੀ ਦਿੱਤਾ ਜਾ ਸਕਦਾ ਹੈ। ਇਸ ਲਈ ਗੁਰੂ ਜੀ ਦੀ ਬਾਣੀ ਵਿਚ ਪ੍ਰਤੀਰੂਪ ਵਿਧਾਨ ਅਪਨਾਇਆ ਅਤੇ ਬਿੰਬਾਂ ਦੇ ਆਸਰੇ ਨਵੇਂ ਪ੍ਰਤੀਰੂਪ ਵੀ ਸਾਜੇ ਜੋ ਲੋਕਾਂ ਵਿਚ ਪ੍ਰਚਲਿਤ ਪ੍ਰਤੀਰੂਪਾਂ ਨਾਲੋਂ ਵਧੇਰੇ ਸਾਰਥਕ, ਸੁਭਾਵਿਕ ਤੇ ਉਤੇਜਨਾ ਭਰਪੂਰ ਸਨ ਤੇ ਨਵੀਂ ਵਿਚਾਰਧਾਰਾ ਦੇ ਅਨੁਕੂਲ ਵੀ ਸਨ।[92]

ਉਪਰਕੋਤ ਵਿਸ਼ਲੇਸ਼ਣ ਤੋਂ ਬਾਅਦ ਭਲੀ ਭਾਂਤ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਬਾਰਹ ਮਾਹਾ ਮਾਂਝ ਵਿਚ ਸਾਰੀ ਸਿਰਜਣਾ ਪ੍ਰਤੀਕਾਤਮਕ ਸ਼ੈਲੀ ਵਿਚ ਸਿਰਜੀ ਹੈ। ਗੁਰੂ ਸਾਹਿਬ ਦਾ ਭਾਵ ਜਗਤ ਵਿਆਪਕ ਅਤੇ ਉਹਨਾਂ ਦੀ ਅਨੁਭੂਤੀ ਅਤਿ ਗੰਭੀਰ ਹੈ। ਰੱਬ ਤੇ ਜੀਵ ਜਾਂ ਬ੍ਰਹਮ ਤੇ ਆਤਮਾ ਦੇ ਸੰਬੰਧਾਂ ਨੂੰ ਕੰਤ ਅਤੇ ਖਸਮ, ਪਿਰ ਅਤੇ ਧਨ ਦੇ ਪ੍ਰਤੀਕਾਂ ਰਾਹੀਂ ਰੂਪਮਾਨ ਕੀਤਾ ਗਿਆ ਹੈ। ਉਨ੍ਹਾਂ ਨੂੰ ਗੈਰ ਦੁਨਿਆਵੀ ਜਾਮਾ ਪਹਿਨਾ ਕੇ ਗੁਰੂ ਸਾਹਿਬ ਨੇ ਬ੍ਰਹਮ ਜੀਵ ਦੇ ਅਗਿਆਤ ਪ੍ਰੀਤ ਸਨੇਹ ਨੂੰ ਬੜੇ ਸੁਹਜਾਤਮਕ ਢੰਗ ਨਾਲ ਪ੍ਰਤੀਕਿਆ ਹੈ।

ਇਸਦੇ ਨਾਲ ਹੀ ਇਹ ਸਪੱਸ਼ਟ ਹੁੰਦਾ ਹੈ ਕਿ ਉਪਰੋਕਤ ਵਰਣਿਤ ਪ੍ਰਤੀਕਾਂ ਨੇ ਪਰਮ ਪਿਤਾ ਪਰਮਾਤਮਾ ਦੇ ਮੁੱਖ ਪ੍ਰਤੀਕ ਨੂੰ ਹੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪ੍ਰਗਟਾਇਆ ਹੈ। ਗੁਰੂ ਸਾਹਿਬ ਨੇ ਅਜਿਹੇ ਸਰਲ, ਸਰਸ ਅਤੇ ਪ੍ਰਭਾਵ ਉੱਤਪਾਦਕ ਪ੍ਰਤੀਕ ਚੁਣੇ ਹਨ ਜਿਨ੍ਹਾਂ ਦੁਆਰਾ ਅਸੀਂ ਗੁਰੂ ਸਾਹਿਬ ਦੀ ਸਿੱਖਿਆ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ। ਇਹ ਰਚਨਾ ਆਪਣੇ ਆਪ ਵਿਚ ਇਕ ਰੂਪਕ ਹੈ, ਇਸਦੀ ਸੰਪੂਰਣਤਾ ਧਨ, ਪਿਰ, ਕੰਤ, ਖਸਮ, ਸੇਜ, ਭਵਜਲੁ ਆਦਿ ਸ਼ਿੰਗਾਰ ਰਸ ਦੇ ਅਨੇਕਾਂ ਚਿੰਨ੍ਹਾਂ ਦੁਆਰਾ ਸੰਪੰਨ ਹੋਈ ਹੈ। ਇਸ ਦੀ ਨਾਲ ਨਾਲ ਹੀ ਕਲਾ ਪੱਖੋਂ ਗੁਰੂ ਅਰਜਨ ਦੇਵ ਜੀ ਦੇ ਇਸ ਕਾਵਿ ਵਿਚ ਇਨ੍ਹਾਂ ਉਪਰੋਕਤ ਵਰਣਿਤ ਸਾਰੇ ਪ੍ਰਤੀਕਾਂ ਨੇ ਉੱਚਤਮ ਦਰਜੇ ਦਾ ਕਾਵਿ-ਸੁਹਜ ਉਤਪੰਨ ਕਰਕੇ ਪਾਠਕ/ਸਰੋਤੇ ਦੇ ਉੱਪਰ ਉੱਚਤਮ ਦਰਜੇ ਦਾ ਪ੍ਰਭਾਵ ਪਾਇਆ ਹੈ।

(3) **ਅਲੰਕਾਰਾਂ ਦਾ ਪ੍ਰਯੋਗ**

'ਅਲੰਕਾਰ' ਸ਼ਬਦ 'ਅਲਮ' ਅਤੇ 'ਕਾਰ' ਤੋਂ ਬਣਿਆ ਹੈ। ਅਲਮ ਦਾ ਅਰਥ ਹੈ ਸ਼ੋਭਾ (ਸਜਾਵਟ) ਅਤੇ ਪੂਰਣਤਾ। ਇਸ ਤਰ੍ਹਾਂ ਅਲੰਕਾਰ ਦਾ ਅਰਥ ਹੋਇਆ ਸ਼ੋਭਾ (ਸਜਾਵਟ) ਕਰਨ ਵਾਲਾ ਅਤੇ ਪੂਰਣਤਾ ਪ੍ਰਦਾਨ ਕਰਨ ਵਾਲਾ ਧਰਮ।[93] ਅਲੰਕਾਰ ਕਾਵਿ ਦਾ ਮਹੱਤਵਪੂਰਨ ਤੱਤ ਹੈ। ਇਸ ਕਰਕੇ ਕਾਵਿ ਦੇ ਸੰਚਾਰ ਤੇ ਪ੍ਰਭਾਵ ਪੱਖ ਵਿਚ ਅਲੰਕਾਰਾਂ ਦਾ ਆਪਣਾ ਹੀ ਮਹੱਤਵ ਹੈ। ਆਚਾਰਯ ਰਾਮਚੰਦ੍ਰ ਸ਼ੁਕਲ ਅਲੰਕਾਰਾਂ ਦੀ ਕਾਵਿ ਵਿਚ ਵਿਆਖਿਆ ਅਤੇ ਮਹੱਤਤਾ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਕਵਿਤਾ ਵਿਚ ਭਾਸ਼ਾ ਦੀਆਂ ਸਾਰੀਆਂ ਸ਼ਕਤੀਆਂ ਤੋਂ ਕੰਮ ਲੈਣਾ ਪੈਂਦਾ ਹੈ। ਵਸਤੂ ਜਾਂ ਵਪਾਰ ਦੀ ਭਾਵਨਾ ਚਟਕੀਲੀ ਕਰਨ ਅਤੇ ਭਾਵ ਨੂੰ ਜ਼ਿਆਦਾ ਉਤਕਰਸ਼ ਉੱਪਰ ਪਹੁੰਚਾਉਣ ਲਈ ਕਿਸੇ ਵਸਤੂ ਦਾ ਆਕਾਰ ਜਾਂ ਗੁਣ ਦੀ ਭਾਵਨਾ ਨੂੰ ਉਸੇ ਤਰ੍ਹਾਂ ਦੇ ਹੋਰ ਰੂਪ ਰੰਗ ਮਿਲਾ ਕੇ ਤੀਬਰ ਕਰਨ ਲਈ ਸਮਾਨ ਰੂਪ ਅਤੇ ਧਰਮ ਵਾਲੀਆਂ ਕਈ ਹੋਰ ਵਸਤਾਂ ਨੂੰ ਸਾਹਮਣੇ ਲਿਆਉਣਾ ਪੈਂਦਾ ਹੈ। ਕਦੇ ਕਦੇ ਗੱਲ ਨੂੰ ਵੀ ਘੁਮਾ ਫਿਰਾ ਕੇ ਕਹਿਣਾ ਪੈਂਦਾ ਹੈ। ਇਸ ਤਰ੍ਹਾਂ ਭਿੰਨ ਭਿੰਨ ਵਿਧਾਨ ਅਤੇ ਕਥਨ ਢੰਗ ਨੂੰ ਅਲੰਕਾਰ ਆਖਦੇ ਹਨ। ਇਨ੍ਹਾਂ ਦੀ ਸਹਾਇਤਾ ਨਾਲ ਕਵਿਤਾ ਆਪਣਾ ਪ੍ਰਭਾਵ ਬਹੁਤ ਵਧਾ ਲੈਂਦੀ ਹੈ। ਕਿਤੇ ਕਿਤੇ ਤਾਂ ਇਨ੍ਹਾਂ ਤੋਂ ਬਿਨਾਂ ਕੰਮ ਹੀ ਨਹੀਂ ਚਲ ਸਕਦਾ।[94]

ਇਸ ਲਈ ਕਾਵਿ ਵਿਚਲੀ ਸਜਾਵਟ ਅਲੰਕਾਰ ਹਨ। ਕਵੀ ਲਈ ਅਲੰਕਾਰਾਂ ਦੀ ਵਰਤੋਂ ਸੁਭਾਵਕ ਹੈ ਕਿਉਂਕਿ ਅਲੰਕਾਰ ਕਾਵਿ ਦੇ ਮਨੋਰਥ ਵਿਚ ਸਪੱਸ਼ਟਤਾ ਲਿਆਉਂਦੇ ਹਨ ਅਤੇ ਸੁਹਜ ਵਿਚ ਵਾਧਾ ਕਰਦੇ ਹਨ। ਪੰਡਤ ਰਾਮ ਦਿਹਨ ਮਿਸ਼ਰ ਦੇ ਸ਼ਬਦਾਂ ਵਿਚ:

> ਅਲੰਕਾਰ ਦਾ ਉਪਯੋਗ ਕਾਵਿ ਦੇ ਸੌਂਦਰਯ ਨੂੰ ਵਧਾਉਣਾ ਹੁੰਦਾ ਹੈ। ਇਹ ਸੌਂਦਰਯ ਕਾਵਿ ਦੇ ਭਾਵ ਪੱਖ ਦਾ ਹੋਵੇ ਜਾਂ ਅਭਿਵਿਅਕਤੀ ਪੱਖ ਦਾ। ਭਾਵਾਂ ਨੂੰ ਸਜਾਉਣਾ, ਉਹਨਾਂ ਨੂੰ ਰਮਣੀਕ ਬਣਾਉਣਾ ਅਲੰਕਾਰਾਂ ਦਾ ਕੰਮ ਹੈ ਅਤੇ ਉਹਨਾਂ ਦਾ ਦੂਜਾ ਕੰਮ ਭਾਵਾਂ ਦੀ ਅਭਿਵਿਅਕਤੀ ਕਲਾ ਨੂੰ ਸੁੰਦਰ ਅਤੇ ਪ੍ਰਭਾਵਸ਼ਾਲੀ ਬਣਾਉਣਾ ਹੈ।[95]

ਸੋ ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਅਲੰਕਾਰ ਸੁੰਦਰ ਅਭਿਵਿਅਕਤੀ ਦਾ ਆਪ ਮੁਹਾਰਾ ਪ੍ਰਗਟਾ ਹੈ। ਇਹ ਕੇਵਲ ਬਾਣੀ ਦੀ ਸਜਾਵਟ ਦੇ ਲਈ ਨਹੀਂ, ਭਾਵ ਦੀ ਅਭਿਵਿਅਕਤੀ ਦੇ ਵਿਸ਼ੇਸ਼ ਦੁਆਰ ਵੀ ਹਨ। ਇਸ ਕਰਕੇ ਅਲੰਕਾਰ ਕਵਿਤਾ ਦੇ ਭਾਵ ਤੇ ਅਭਿਵਿਅਕਤੀ ਨੂੰ ਸੁਹਜਮਈ

ਬਣਾਉਣ, ਭਾਸ਼ਾ ਦੀ ਪੁਸ਼ਟੀ ਦੇ ਲਈ ਅਤੇ ਰਾਗ ਦੀ ਪਰਿਪੂਰਣਤਾ ਲਈ ਆਵਸ਼ਕ ਸਾਧਨ ਸਿੱਧ ਹੁੰਦੇ ਹਨ। ਅਲੰਕਾਰ ਦੇ ਤਿੰਨ ਵਰਗ ਸ਼ਬਦ, ਅਰਥ ਅਤੇ ਸ਼ਬਦਾਰਥ ਅਲੰਕਾਰ ਹਨ ਜੋ ਵਿਦਵਾਨਾਂ ਦੁਆਰਾ ਵੱਧ ਸਵੀਕ੍ਰਿਤ ਹੋਏ ਹਨ। ਸ਼ਬਦ ਅਲੰਕਾਰ ਸ਼ਬਦਾਂ ਉੱਪਰ, ਅਰਥ ਅਲੰਕਾਰ ਅਰਥਾਂ ਉੱਪਰ ਅਤੇ ਸ਼ਬਦਾਰਥ ਅਲੰਕਾਰ ਸ਼ਬਦ ਅਤੇ ਅਰਥ ਕ੍ਰਮਵਾਰ ਦੋਹਾਂ ਉੱਪਰ ਨਿਰਭਰ ਕਰਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਬਾਰਹ ਮਾਹਾ ਮਾਂਝ ਦੇ ਸ਼ਿੰਗਾਰ ਤੇ ਸਜਾਵਟ ਲਈ ਢੁੱਕਵੇਂ ਬਹੁਪੱਖੀ ਘਰੇਲੂ ਅਲੰਕਾਰਾਂ ਦੀ ਵਰਤੋਂ ਕੀਤੀ ਹੈ ਪਰ ਗੁਰੂ ਸਾਹਿਬ ਦੀ ਇਸ ਬਾਣੀ ਵਿਚ ਅਲੰਕਾਰ ਉਥੇ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਥੇ ਇਹ ਕਾਵਿ ਕਰਮ ਦਾ ਇਕ ਸਹਿਜ ਸੁਭਾਵਕ ਅੰਗ ਬਣ ਕੇ ਪ੍ਰਸਤੁਤ ਹੁੰਦੇ ਹੋਣ। ਅਲੰਕਾਰਾਂ ਨੂੰ ਉਚੇਚੇ ਯਤਨ ਨਾਲ ਨਹੀਂ ਵਰਤਿਆ ਗਿਆ ਕਿਉਂਕਿ ਗੁਰੂ ਸਾਹਿਬ ਦਾ ਪ੍ਰਯੋਜਨ ਸਿਰਫ ਜਨ ਸਧਾਰਨ ਨੂੰ ਆਪਣੇ ਦੈਵੀ ਅਨੁਭਵ ਬਾਰੇ ਗਿਆਨ ਦੇਣ ਲਈ ਡੂੰਘੇ ਭਾਵਾਂ ਨੂੰ ਸੁੰਦਰ ਅਲੰਕਾਰ ਵਿਚ ਜੜ ਕੇ ਸੂਖਮਤਾਈ, ਸਪੱਸ਼ਟਤਾ ਅਤੇ ਸਰਲਤਾ ਨਾਲ ਪੇਸ਼ ਕਰਨਾ ਸੀ। ਡਾ. ਕਰਤਾਰ ਸਿੰਘ ਸੂਰੀ ਅਨੁਸਾਰ ਗੁਰੂ ਅਰਜਨ ਦੇਵ ਜੀ ਮੁੱਖ ਰੂਪ ਵਿਚ ਸੰਤ ਅਤੇ ਸਾਧਕ ਸਨ। ਆਪ ਨੇ ਕਵਿਤਾ ਕਲਾ ਕੌਸ਼ਲ ਦੀ ਪ੍ਰਦਰਸ਼ਨੀ ਲਈ ਨਹੀਂ ਰਚੀ ਜਿਸ ਵਿਚ ਕਿਸੇ ਵਿਸ਼ੇਸ਼ ਯੋਜਨਾ ਅਨੁਸਾਰ ਬਿੰਬਾਂ ਅਤੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੋਵੇ। ਸੰਤ ਕਵੀਆਂ ਨੇ ਤਾਂ ਲਾਕਸ਼ਨਿਕ ਭਾਸ਼ਾ ਦਾ ਪ੍ਰਯੋਗ ਕੇਵਲ ਉਸ ਅਵਸਥਾ ਵਿਚ ਕੀਤਾ ਹੈ ਜਦ ਕਿ ਭਾਸ਼ਾ ਦੀ ਅਭਿਧਾ ਸ਼ਕਤੀ ਇਹਨਾਂ ਦੇ ਉਚੇਰੇ ਅਧਿਆਤਮਕ ਅਨੁਭੂਤੀ ਨੂੰ ਵਿਅਕਤ ਕਰਨ ਲਈ ਇਹਨਾਂ ਨੇ ਲੌਕਿਕ ਪੱਧਰ ਦੇ ਅਜਿਹੇ ਬਿੰਬਾਂ ਅਤੇ ਅਲੰਕਾਰਾਂ ਦਾ ਸਹਾਰਾ ਲਿਆ ਜਿਨ੍ਹਾਂ ਤੋਂ ਸਾਧਾਰਣ ਪਾਠਕ ਪਰੀਚਿਤ ਸੀ।[96]

ਬਾਰਹ ਮਾਹਾ ਮਾਂਝ ਵਿਚ ਅਲੰਕਾਰਾਂ ਦਾ ਅਧਿਕਤਰ ਸੰਬੰਧ ਪਰਮਾਤਮਾ ਦੇ ਸਰੂਪ, ਆਤਮਾ ਤੇ ਪਰਮਾਤਮਾ ਦੇ ਸੰਬੰਧ, ਮਹਾਂਮਿਲਣ ਅਤੇ ਬਿਰਹਾ, ਨਾਮ ਤੇ ਗੁਰੂ ਦੀ ਮਹਿਮਾ ਅਤੇ ਸੰਸਾਰਿਕ ਨਾਸ਼ਮਾਨਤਾ ਆਦਿ ਵਿਸ਼ਿਆਂ ਨਾਲ ਹੈ। ਇਹ ਸਾਰੇ ਵਿਸ਼ੇ ਗੁਰੂ ਸਾਹਿਬ ਦੀ ਪ੍ਰੇਮਾ ਭਗਤੀ ਦੇ ਕਿਸੇ ਨ ਕਿਸੇ ਪੱਖ ਉੱਤੇ ਪ੍ਰਕਾਸ਼ ਪਾਉਂਦੇ ਹਨ।

ਇਸ ਅਨੁਭਵ ਦੇ ਪ੍ਰਗਟਾਵੇ ਲਈ ਢੁਕਵੇਂ ਅਲੰਕਾਰਾਂ ਦੀ ਵਿਸ਼ੇਸ਼ ਵਰਤੋਂ ਆਪ ਦੇ ਇਸ ਬਾਰਹ ਮਾਹਾ ਵਿਚੋਂ ਵੇਖੀ ਜਾ ਸਕਦੀ ਹੈ। ਅਲੰਕਾਰਾਂ ਦੀਆਂ ਕੁਝ ਵੰਨਗੀਆਂ ਇਸ ਪ੍ਰਕਾਰ ਹਨ:

**ਅਨੁਪ੍ਰਾਸ ਅਲੰਕਾਰ**

ਜਿਥੇ ਸੁਰਾਂ ਦੀ ਆਸਮਾਨਤਾ ਹੁੰਦੇ ਹੋਏ ਵੀ ਵਿਅੰਜਨਾਂ ਦੀ ਸਮਾਨਤਾ ਹੋਵੇ ਉਥੇ ਅਨੁਪ੍ਰਾਸ ਅਲੰਕਾਰ ਹੁੰਦਾ ਹੈ।[97]

ਅਨੁਪ੍ਰਾਸ ਅਲੰਕਾਰ ਸ਼ਬਦ ਅਲੰਕਾਰ ਦੀ ਇਕ ਪ੍ਰਮੁੱਖ ਕਿਸਮ ਹੈ। ਬਾਰਹ ਮਾਹਾ ਮਾਂਝ ਵਿਚ ਇਸ ਅਲੰਕਾਰ ਦਾ ਕਾਫੀ ਪ੍ਰਯੋਗ ਕੀਤਾ ਗਿਆ ਹੈ। ਅਨੁਪ੍ਰਾਸਮਈ ਸ਼ਬਦਾਵਲੀ ਬ੍ਰਿਹੋਂ ਵਸਤੂ ਨੂੰ ਪ੍ਰਚੰਡ ਕਰਦੀ ਹੈ। ਬਾਰਹ ਮਾਹਾ ਮਾਂਝ ਬਾਣੀ ਵਿਚੋਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ:

(ੳ) ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥[98]

(ਅ) ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥[99]

(ੲ) ਹਰਿ ਜੇਠ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥[100]

(ਸ) ਭਾਦੁਇ ਭਰਮ ਭੁਲਾਣੀਐ ਦੂਜੈ ਲਗਾ ਹੇਤੁ॥[101]

(ਹ) ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥[102]

(ਕ) ਕਤਿਕਿ ਕਰਮ ਕਮਾਵਣੇ ਦੋਸ ਨ ਕਾਹੂ ਜੋਗੁ॥[103]

(ਖ) ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ।[104]

(ਗ) ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥[105]

(ਘ) ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥[106]

(ਙ) ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥[107]

(ਚ) ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥[108]

(ਛ) ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥[109]

ਇਹਨਾਂ ਤੋਂ ਇਲਾਵਾ ਬਾਰਹ ਮਾਹਾ ਮਾਂਝ ਵਿਚ ਅਨੁਪ੍ਰਾਸ ਅਲੰਕਾਰ ਦੀਆਂ ਦੋ ਹੋਰ ਕਿਸਮਾਂ ਸ਼ੁਤਯਨਪ੍ਰਾਸ ਅਤੇ ਅੰਤਯਾਨੁਪ੍ਰਾਸ ਦੀ ਵੀ ਵਰਤੋਂ ਕੀਤੀ ਗਈ ਹੈ। 'ਜਿਥੇ ਕੰਠ, ਤਾਲ, ਹੋਂਠ ਆਦਿ ਕਿਸੇ ਇਕ ਹੀ ਥਾਂ ਤੋਂ ਉਚਾਰੇ ਜਾਣ ਵਾਲੇ ਵਰਣਾਂ ਦੀ ਸਮਾਨਤ ਹੋਵੇ, ਸ਼ੁਤਯਨੁਪ੍ਰਾਸ ਅਲੰਕਾਰ ਹੁੰਦਾ ਹੈ।'[111] ਜਿਵੇਂ:

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥[112]

ਸਾਰੇ ਬਾਰਹ ਮਾਹਾ ਮਾਂਝ ਵਿਚ ਅੰਤ-ਅਨੁਪ੍ਰਾਸ ਅਲੰਕਾਰ ਗੁਰੂ ਸਾਹਿਬ ਨੇ ਪਰਤੱਖ ਰੂਪ ਵਿਚ ਵਰਤਿਆ ਹੈ। ਜਿਥੇ ਛੰਦ ਦੀਆਂ ਤੁਕਾਂ ਦੇ ਅੰਤਿਮ ਅੱਖਰਾਂ ਦੀ ਸਮਤਾ ਹੋਵੇ, ਉਥੇ ਅੰਤਯਾਨੁਪ੍ਰਾਸ ਹੁੰਦਾ ਹੈ। ਤੁਕਾਂਤ ਦਾ ਮੇਲ ਹਰ ਛੰਦ-ਬੱਧ ਕਵਿਤਾ ਵਿਚ ਮਿਲ ਜਾਣ ਕਰਕੇ ਇਹ ਕਵਿਤਾ ਦਾ ਸਹਿਜ ਸ਼ਬਦ ਅਲੰਕਾਰ ਹੈ।[113] ਉਦਾਹਰਣ ਵਜੋਂ:

ਸਰਬ ਸੁਖਾ ਨਿਧਿ ਚਰਣ ਹਰਿ ਭਉਜਲ ਬਿਖਮੁ ਤਰੇ॥
ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥[114]

**ਪੁਨ ਉਕਤੀ ਅਲੰਕਾਰ**

ਜਿਥੇ ਭਾਵ ਦੀ ਸੁੰਦਰਤਾ ਲਈ ਕਿਸੇ ਸ਼ਬਦ ਨੂੰ ਦੁਹਰਾਇਆ ਜਾਵੇ ਉਥੇ ਪੁਨ ਉਕਤੀ ਅਲੰਕਾਰ ਹੁੰਦਾ ਹੈ।[115] ਬਾਰਹ ਮਾਹਾ ਮਾਂਝ ਵਿਚੋਂ ਉਦਾਹਰਣ ਦੇਖੋ:

(ੳ) ਪਲਚਿ ਪਲਚਿ ਸਗਲੀ ਮੁਈ ਝੂਟੈ ਧੰਧੈ ਮੋਹੁ॥[116]

(ਅ) ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥[117]

**ਉਪਮਾ ਅਲੰਕਾਰ**

ਸਦ੍ਰਿਸ਼ਤਾ ਮੂਲਕ ਅਰਥ ਅਲੰਕਾਰ, ਜਿਸ ਵਿਚ ਕਿਸੇ ਵਸਤੂ ਜਾਂ ਪਦਾਰਥ ਦੀ ਰੂਪ, ਗੁਣ ਆਦਿ ਨਾਲ ਸੰਬੰਧਿਤ ਵਿਸ਼ੇਸ਼ਤਾ ਪ੍ਰਗਟ ਕਰਨ ਲਈ ਕਿਸੇ ਜ਼ਿਆਦਾ ਚੰਗੀ ਵਸਤੂ ਜਾਂ ਪਦਾਰਥ ਨਾਲ ਸਮਾਨਤਾ (ਸਪਰਮਤਾ) ਦੱਸੀ ਜਾਏ। ਉਪਮਾ ਦਾ ਸ਼ਾਬਦਿਕ ਅਰਥ ਹੈ - ਨੇੜੇ ਰੱਖ ਕੇ ਤੋਲਣਾ, ਅਰਥਾਤ ਦੋ ਪਦਾਰਥਾਂ ਨੂੰ ਨੇੜੇ ਰੱਖ ਕੇ ਇਕ ਦੂਜੇ ਨਾਲ ਸਮਾਨਤਾ ਸਥਾਪਿਤ ਕਰਨਾ। 'ਸਮਾਨਤਾ' ਹੀ ਉਪਮਾ ਦਾ ਪ੍ਰਾਣ ਹੈ।[118] ਬਾਰਹ ਮਾਹਾ ਮਾਂਝ ਬਾਣੀ ਵਿਚ ਉਪਮਾ ਅਲੰਕਾਰ ਇਸ ਪ੍ਰਕਾਰ ਵਰਤਿਆ ਗਿਆ ਹੈ:

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥[119]

ਉਪਰੋਕਤ ਪਦੇ ਵਿਚ ਜੀਵ ਦੇ ਪ੍ਰਮਾਤਮਾ ਨਾਲ ਵਿਛੋੜੇ ਦਾ ਵਰਣਨ ਕੀਤਾ ਹੈ। ਉਸਦੇ ਹਿਰਦੇ ਨੂੰ ਤਪਦੇ ਭੱਠ ਨਾਲ ਤੁਲਨਾ ਦਿੱਤੀ ਹੈ।

**ਰੂਪਕ ਅਲੰਕਾਰ**

ਰੂਪਕ ਅਲੰਕਾਰ ਵਿਚ ਉਪਮੇਯ ਤੇ ਉਪਮਾਨ ਵਿਚ ਇਕ ਸਾਂਝ ਹੁੰਦੀ ਹੈ ਪਰ ਇਥੇ ਵਾਚਕ ਸ਼ਬਦ ਲੋਪ ਰਹਿੰਦਾ ਹੈ। ਉਪਮੇਯ ਤੇ ਉਪਮਾਨ ਦੋਵੇਂ ਇਕ ਰੂਪ ਦਿਖਾਏ ਜਾਂਦੇ ਹਨ। ਬਾਰਹ ਮਾਹਾ ਮਾਂਝ ਵਿਚ ਇਸਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ:

(ੳ) ਪ੍ਰੀਤਮ ਚਰਣੀ ਜੋ ਲਗੈ ਤਿਨ ਕੀ ਨਿਰਮਲ ਸੋਇ॥[120]

(ਅ) ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥[121]

(ੲ) ਸਾਵਣਿ ਸਰਸੀ ਕਾਮਣੀ ਚਰਮ ਕਮਲ ਸਿਉ ਪਿਆਰ॥[122]

(ਸ) ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰ॥[123]

(ਹ) ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮ ਉਰਿ ਹਾਰੁ॥[124]

(ਕ) ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥[125]

(ਖ) ਜੋ ਹਰਿ ਕੰਤ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥[126]

(ਗ) ਮੰਘਿਰਿ ਮਾਹਿ ਸੁਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥[127]

(ਘ) ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥[128]

(ਙ) ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥[129]

(ਚ) ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥[130]

(ਛ) ਸਰਬ ਸੁਖਾ ਨਿਧਿ ਚਰਣ ਹਰਿ ਭਉਜਲ ਬਿਖਮੁ ਤਰੇ॥[131]

(ਜ) ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥[132]

(ਝ) ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥[133]

ਰੂਪਕ ਅਲੰਕਾਰਾਂ ਦੀ ਯੋਗ ਵਰਤੋਂ ਕਰ ਕੇ ਗੁਰੂ ਸਾਹਿਬ ਨੇ ਆਪਣੀ ਰਚਨਾ ਨੂੰ ਸੁਹਜ ਦਾ ਭੰਡਾਰ ਬਣਾ ਦਿੱਤਾ ਹੈ। ਰੂਪਕਾਂ ਦੀ ਚੋਣ ਵਿਚ ਗੁਰੂ ਸਾਹਿਬ ਦਾ ਖੇਤਰ ਬਹੁਤ ਵਿਸ਼ਾਲ ਸਿੱਧ ਹੁੰਦਾ ਹੈ।

ਉਪਰੋਕਤ ਤੁਕਾਂ ਵਿਚ ਕੰਤ, ਪਿਰ, ਸਾਹਿਬ, ਪ੍ਰੀਤਮ, ਸੁਆਮੀ ਆਦਿ ਸਭ ਉਪਮਾਨ ਹੈ ਅਤੇ ਪਰਮਾਤਮਾ ਉਪਮੇਯ ਹੈ। ਇਹਨਾਂ ਉਪਮਾਨਾਂ ਰਾਹੀਂ ਗੁਰੂ ਸਾਹਿਬ ਨੇ ਪਰਮਸਤ ਨਾਲ ਜੋੜਿਆ ਹੈ।

'ਸੰਸਾਰ' ਉਪਮੇਯ ਨੂੰ ਸਾਗਰ ਦੀ ਵਿਸ਼ਾਲਤਾ ਨੂੰ ਮੁੱਖ ਰੱਖ ਕੇ 'ਸਾਗਰ', 'ਭਉਜਲ' ਸ਼ਬਦਾਂ ਨੂੰ ਉਪਮਾਨ ਦੇ ਰੂਪ ਵਿਚ ਵਰਤਿਆ ਹੈ। ਬਾਰਹ ਮਾਹਾ ਮਾਂਝ ਵਿਚ ਰੂਪਕ ਅਲੰਕਾਰ ਨਾਲ ਸੂਖ਼ਮ ਅਨੁਭੂਤੀ ਦਾ ਸਥੂਲ ਜਾਂ ਮੂਰਤ ਪਦਾਰਥਾਂ ਰਾਹੀਂ ਸੁੰਦਰ ਪ੍ਰਗਟਾਵਾ ਹੋਇਆ ਹੈ। ਜਿਸ ਨਾਲ ਅਧਿਆਤਮਕ ਖੇਤਰ ਦੇ ਗੂੜ੍ਹ ਤੋਂ ਗੂੜ੍ਹ ਰਹੱਸਮੁਕਤ ਵਿਚਾਰਾਂ ਨੂੰ ਸਰਲ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਆਤਮਾ ਪ੍ਰਮਾਤਮਾ ਦੇ ਸੰਬੰਧ ਨੂੰ ਦ੍ਰਿਸ਼ਟਮਾਨ ਕਰਨ ਲਈ ਦੰਪਤਿਕ ਰੂਪਕ ਦੀ ਵਰਤੋਂ ਆਮ ਕੀਤੀ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਨਾਮ ਤੇ ਗੁਰੂ ਦੀ ਮਹਿਮਾ, ਸੰਸਾਰਕ ਨਾਸ਼ਮਾਨਤਾ ਅਤੇ ਸੰਸਾਰ ਸਾਗਰ ਨੂੰ ਪਾਰ ਕਰਨ ਸੰਬੰਧੀ ਰੂਪਕਾਂ ਦੀ ਰਚਨਾ ਕਰ ਕੇ ਆਪਣੇ ਅਧਿਆਤਮਿਕ ਚਿੰਤਨ ਨੂੰ ਲੋਕ ਬੁੱਧੀ ਦੇ ਅਨੁਕੂਲ ਬਣਾਇਆ ਹੈ ਅਤੇ ਸਥੂਲ ਉਪਮਾਨਾਂ ਰਾਹੀਂ ਸੂਖਮ ਭਾਵਾਂ ਨੂੰ ਸਾਕਾਰ ਕੀਤਾ ਹੈ। ਡਾ. ਕਰਤਾਰ ਸਿੰਘ ਸੂਰੀ ਅਨੁਸਾਰ :

> ਸੰਤਾਂ ਦੀਆਂ ਰਚਨਾਵਾਂ ਵਿਚ ਰੂਪਕ ਅਲੰਕਾਰ ਦੀ ਪ੍ਰਧਾਨਤਾ ਮਿਲਦੀ ਹੈ। ਸ਼ਾਇਦ ਇਸ ਲਈ ਕਿ ਇਸ ਵਿਚ ਰਹੱਸਮਈ ਭਾਵਨਾ ਨੂੰ ਵਧੇਰੇ ਸਪੱਸ਼ਟਤਾ ਨਾਲ ਪ੍ਰਸਤੁਤ ਕਰ ਸਕਣ ਦੀ ਸਮਰੱਥਾ ਹੈ।[134]
>
> ਵਾਸਤਵ ਵਿਚ ਰੂਪਕ ਅਲੰਕਾਰਾਂ ਦਾ ਸਮਰਾਟ ਹੈ।

**ਦ੍ਰਿਸ਼ਟਾਂਤ ਅਲੰਕਾਰ**

ਇਹ ਅਰਥ ਅਲੰਕਾਰ ਹੈ ਅਤੇ ਸਦ੍ਰਿਸ਼ਤਾ (Similarity) ਉਤੇ ਆਧਾਰਿਤ ਹੈ ਜਿਥੇ ਦੋ ਵਾਕਾਂ ਜਾਂ ਫਿਰਕਿਆਂ ਵਿਚ ਵਰਣਿਤ ਉਪਮੇਯ ਅਤੇ ਉਪਮਾਨ ਦੇ ਗੁਣਾਂ ਦਾ ਬਿੰਬ ਪ੍ਰਤਿ-ਬਿੰਬ ਭਾਵ ਹੁੰਦਾ ਹੈ ਉਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। ਅੰਗਰੇਜ਼ੀ ਵਿਚ ਇਸ ਨੂੰ Examplification ਕਿਹਾ ਜਾਵੇਗਾ।[135] ਬਾਰਹ ਮਾਹਾ ਮਾਂਝ ਬਾਣੀ ਵਿਚ ਇਸਦੀ ਵਰਤੋਂ ਇੰਝ ਕੀਤੀ ਗਈ ਹੈ। ਉਦਾਹਰਣ ਵਜੋਂ:

> ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥
> ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥
> ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥
> ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥[136]

ਇਸ ਅਲੰਕਾਰ ਵਿਚ ਜੀਵ ਦੀ ਵਿਛੋੜੇ ਵਾਲੀ ਅਵਸਥਾ (ਉਪਮੇਯ) ਨੂੰ ਨਿਸਫ਼ਲ ਬਣਾਉਣ ਲਈ ਦੁੱਧੋਂ ਭੱਜੀ ਗਊ ਅਤੇ ਪਾਣੀ ਦੀ ਅਣਹੋਂਦ ਕਾਰਨ ਸੜੀ ਸੁੱਕੀ ਫ਼ਸਲ (ਉਪਮਾਨ) ਨਾਲ ਤੁਲਨਾ ਦਿੱਤੀ ਹੈ ਜਿਵੇਂ ਇਨ੍ਹਾਂ ਤੋਂ ਕਿਸੇ ਤਰ੍ਹਾਂ ਦੀ ਪ੍ਰਾਪਤੀ ਦੀ ਆਸ ਰੱਖਣੀ ਫ਼ਜ਼ੂਲ ਹੈ ਤਿਵੇਂ ਹੀ ਪਰਮਾਤਮਾ ਤੋਂ ਵਿਛੜੇ ਜੀਵ ਤੋਂ ਕਿਸੇ ਉੱਚ-ਆਦਰਸ਼ ਦੀ ਆਸ ਰੱਖਣੀ ਬੇਫ਼ਾਇਦਾ ਹੈ।[137]

### ਲੋਕੋਕਤੀ ਅਲੰਕਾਰ

ਜਿਥੇ ਕਾਵਿ ਵਿਚ ਕਿਸੇ ਅਖਾਣ ਜਾਂ ਮੁਹਾਵਰੇ ਨੂੰ ਵਰਤਿਆ ਗਿਆ ਹੋਵੇ ਉਥੇ ਲੋਕੋਕਤੀ ਅਲੰਕਾਰ ਹੁੰਦਾ ਹੈ। ਬਾਰਹ ਮਾਹਾ ਮਾਂਝ ਵਿਚੋਂ ਉਦਾਹਰਣ ਦੇਖੋ:

(ੳ) ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥[138]

(ਅ) ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥[139]

(ੲ) ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥[140]

(ਸ) ਸਚੈ ਮਾਰਗ ਚਲਦਿਆ ਉਸਤਤਿ ਕਰੇ ਜਹਾਨੁ।[141]

(ਹ) ਪੁਤ੍ਰਿ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥[142]

"ਮੁਹਾਵਰੇ ਅਤੇ ਅਖਾਣ ਕਿਸੇ ਕਵੀ/ਲੇਖਕ ਦੀ ਭਾਸ਼ਾ ਦੇ ਬੜੇ ਬਲਵਾਨ ਤੱਤ ਹਨ। ਇਹ ਲੋਕ ਜੀਵਨ ਦੀ ਪਰੰਪਰਾਗਤ ਸੰਪਤੀ ਹਨ ਅਤੇ ਲੋਕ ਭਾਸ਼ਾ ਤੋਂ ਸਾਹਿਤ ਭਾਸ਼ਾ ਵਲ ਯਾਤਰਾ ਕਰਦੇ ਹਨ। ਸਮਾਜ ਦਾ ਸੰਮਿਲਿਤ ਅਨੁਭਵ ਸੰਕੇਤਿਕ ਅਰਥਾਂ ਵਿਚ ਰੂੜ੍ਹ ਹੋ ਕੇ ਮੁਹਾਵਰਿਆਂ ਅਤੇ ਅਖਾਣਾਂ ਦੇ ਰੂਪ ਵਿਚ ਅਭਿਵਿਅਕਤੀ ਤਾ ਪ੍ਰਮੁੱਖ ਸਾਧਨ ਬਣ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਨੇਕ ਤੁਕਾਂ ਵਿਚ ਮੁਹਾਵਰੇ ਅਤੇ ਅਖਾਣ ਵਰਤੇ ਮਿਲ ਜਾਂਦੇ ਹਨ ਪਰ ਇਨ੍ਹਾਂ ਨਾਲੋਂ ਉਨ੍ਹਾਂ ਦੀ ਬਾਣੀ ਵਿਚ ਸਤਿ ਕਥਨਾਂ ਦੀ ਭਰਮਾਰ ਹੈ, ਜੋ ਉਨ੍ਹਾਂ ਦੀ ਪ੍ਰਤਿਭਾ ਦੇ ਸੂਚਕ ਹਨ।"[143]

### ਵਿਅਤੀਰੇਕ ਅਲੰਕਾਰ

ਸਦ੍ਰਿਸ਼ਤਾ ਮੂਲਕ ਅਰਥ ਅਲੰਕਾਰ, ਜਿਸ ਵਿਚ ਉਪਮਾਨ ਦੀ ਥਾਂ ਉਪਮੇਯ ਵਿਚ ਕਿਸੇ ਵਿਸ਼ੇਸ਼ ਗੁਣ ਦੀ ਸ਼੍ਰੇਸ਼ਠਤਾ ਦਾ ਕਥਨ ਹੋਵੇ। ਇਸ ਦਾ ਸ਼ਾਬਦਿਕ ਅਰਥ ਹੈ ਵਿਸ਼ੇਸ਼ ਤਰ੍ਹਾਂ ਦੀ ਅਧਿਕਤਾ।[144] ਜਿਵੇਂ :

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥[145]

ਉਪਰੋਕਤ ਅਲੰਕਾਰ ਰਾਹੀਂ ਗੁਰੂ ਸਾਹਿਬ ਨੇ ਪਰਮਾਤਮਾ ਨੂੰ ਸ੍ਰੇਸ਼ਟ ਅਤੇ ਸਭ ਜੀਵਾਂ ਤੋਂ ਉੱਚਾ ਦੱਸਿਆ ਹੈ ਕਿ ਕੋਈ ਵੀ ਜੀਵ ਉਸ ਪ੍ਰਭੂ ਦੇ ਬਰਾਬਰ ਨਹੀਂ ਹੋ ਸਕਦਾ।

**ਅਤਿਕਥਨੀ ਅਲੰਕਾਰ**

ਇਹ ਵੀ ਅਰਥ ਅਲੰਕਾਰ ਹੈ, ਅੰਗਰੇਜ਼ੀ ਵਿਚ ਇਸਦਾ ਪ੍ਰਤਿਰੂਪ Hyperbole ਹੈ। ਲੋਕ ਮਰਯਾਦਾ ਦੀ ਉਲੰਘਣਾ ਕਰਕੇ ਕਿਸੇ ਵਸਤੂ ਜਾਂ ਗੱਲ ਦਾ ਵਧਾ ਚੜ੍ਹਾ ਕੇ ਵਰਣਨ ਕਰਨ ਦੀ ਅਲੰਕਾਰਿਕ ਤੇ ਚਮਤਕਾਰੀ ਸ਼ੈਲੀ ਨੂੰ 'ਅਤਿਕਥਨੀ' ਅਲੰਕਾਰ ਸੱਦਦੇ ਹਨ। ਸੰਸਕ੍ਰਿਤ ਵਿਚ ਇਸ ਦਾ ਨਾ 'ਅਤਿਸ਼ਯੋਕਤਿ' ਹੈ।[146] ਬਾਰਹ ਮਾਹਾ ਮਾਂਝ ਵਿਚੋਂ ਇਸਦੀ ਉਦਾਹਰਣ ਵੇਖੋ:

ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥[147]

**ਅਰਥਾਂਤਰ-ਨਿਆਸ ਅਲੰਕਾਰ**

ਅਜਿਹੇ ਅਲੰਕਾਰ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਨਿਰ-ਆਕਾਰ ਸਰਬ ਵਿਆਪਕ (ਪਰਮਾਤਮਾ) ਦੀ ਸ਼ਕਤੀ ਦੀ ਉਸਤਤੀ ਕੀਤੀ ਹੈ ਤੇ ਇਸ (ਪਰਮਾਤਮਾ) ਦੇ ਸਦੀਵੀ ਸਹਾਰੇ ਨੂੰ ਤਿਆਗ ਕੇ ਜਿਹੜੇ ਮਨੁੱਖ ਦੁਨਿਆਵੀ ਸਹਾਰੇ ਨੂੰ ਅਪਣਾਉਂਦੇ ਹਨ। ਅਜਿਹੇ ਮਨੁੱਖਾਂ ਦੀ ਭਟਕੀਲੀ ਹਾਲਤ ਨੂੰ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਹੈ।

(ੳ) ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥[148]

(ਅ) ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

ਵੇਮੁਖ ਹੋਇ ਰਾਮ ਤੇ ਲਗਨਿ ਜਨਮ ਵਿਜੋਗ॥[149]

**ਵਕ੍ਰੋਕਤੀ ਅਲੰਕਾਰ**

ਵਕ੍ਰੋਕਤੀ ਵਿਚ ਦੋ ਸ਼ਬਦ ਹਨ 'ਵਕ੍ਰ' ਅਤੇ 'ਉਕਤੀ' । ਵਕ੍ਰ ਦਾ ਮਤਲਬ, ਵਿੰਗਾ, ਟੇਢਾ, ਘੁਮਾ ਫਿਰਾ ਕੇ, ਅਸਿੱਧੇ ਤੌਰ ਤੇ ਵਿਅੰਗ ਆਦਿਕ ਅਤੇ ਉਕਤੀ ਦਾ ਅਰਥ ਹੈ ਵਚਨ ਕਥਨ,

ਬਿਆਨ, ਵਰਣਨ ਆਦਿ। ਸੋ ਵਿਅੰਗ ਵਾਲੀ ਉਕਤੀ ਵਕ੍ਰੋਕਤੀ ਹੈ।[150] ਕਵੀ ਜਦੋਂ ਕਾਵਿ ਕਥਨ ਨੂੰ ਚਮਤਕਾਰਮਈ ਬਣਾਉਣ ਲਈ ਸਿੱਧਾ ਕਹਿਣ ਦੀ ਬਜਾਏ ਨਾਜੁਕਤਾ ਨਾਲ ਬਿਆਨ ਕਰੇ ਤਾਂ ਉਥੇ ਵਕ੍ਰੋਕਤੀ ਅਲੰਕਾਰ ਹੁੰਦਾ ਹੈ। ਉਦਾਹਰਣ ਵਜੋਂ :

(ੳ) ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ।।
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ।।[151]

(ਅ) ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।।
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ।।[152]

**ਉਤਪ੍ਰੇਕਸ਼ਾ (ਉਤਪ੍ਰੇਖਿਆ) ਅਲੰਕਾਰ**

ਸਦ੍ਰਿਸ਼ਤਾ-ਮੂਲਕ ਅਰਥ ਅਲੰਕਾਰ, ਜਿਸ ਵਿਚ ਉਪਮੇਯ ਦੀ ਉਪਮਾਨ ਰੂਪ ਵਿਚ ਸੰਭਾਵਨਾ ਕੀਤੀ ਜਾਵੇ। 'ਉਤਪ੍ਰੇਕਸ਼ਾ' ਦਾ ਅਰਥ ਹੈ ਸ੍ਰੇਸ਼ਠ ਪਦਾਰਥ ਦੀ ਸੰਭਾਵਨਾ ਜਾਂ ਬਲ ਪੂਰਬ ਵੇਖਣਾ ਭਾਵ ਇਹ ਕਿ ਉਪਮਾਨ ਤੋਂ ਭਿੰਨ ਮੰਨਦੇ ਹੋਇਆਂ ਵੀ ਉਪਮੇਯ ਦੀ ਉਪਮਾਨ ਰੂਪ ਵਿਚ ਸੰਭਾਵਨਾ ਪ੍ਰਗਟ ਕੀਤੀ ਜਾਵੇ।[153] ਬਾਰਹ ਮਾਹਾ ਮਾਂਝ ਬਾਣੀ ਵਿਚ ਇਸ ਦੀ ਇਕ ਵੰਨਗੀ ਦੇਖਦੇ ਹਾਂ:

ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ।।
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ।।[154]

ਉਪਰੋਕਤ ਵਰਣਿਤ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸਹਿਜ ਸੁਭਾ ਅਲੰਕਾਰਾਂ ਦਾ ਪ੍ਰਯੋਗ ਕਰਕੇ ਕਾਵਿ ਸੁਹਜ ਪੈਦਾ ਕੀਤਾ ਹੈ ਤੇ ਪਾਠਕ/ਸਰੋਤਾ ਇਹਨਾਂ ਦਾ ਆਨੰਦ ਵੀ ਸਹਿਜੇ ਹੀ ਮਾਣ ਸਕਦਾ ਹੈ ਕਿਉਂਕਿ ਅਲੰਕਾਰ ਵਿਧਾਨ ਸਹਿਜ ਪ੍ਰਵਿਰਤੀ ਦੀ ਉਪਜ ਹੈ ਕੋਈ ਉਚੇਚੇ ਯਤਨ ਦੀ ਨਹੀਂ। ਇਸ ਲਈ ਬਾਰਹ ਮਾਹਾ ਮਾਂਝ ਦੇ ਅਲੰਕਾਰ ਵਿਧਾਨ ਵਿਚ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਹ ਉੱਤਕ੍ਰਿਸ਼ਟ, ਉੱਚ ਕੋਟੀ ਦਾ ਤੇ ਮਨੁੱਖੀ ਅਨੁਭਵ ਦੀ ਵਲਗਣ ਵਿਚ ਆ ਸਕਣ ਵਾਲਾ ਹੈ। ਗੁਰੂ ਸਾਹਿਬ ਜਿਹੋ ਜਿਹਾ ਪ੍ਰਭਾਵ, ਵਾਤਾਵਰਣ ਤੇ ਰੂਪ ਰੰਗ ਸਾਕਾਰ ਕਰਨਾ ਚਾਹੁੰਦੇ ਸਨ, ਉਨ੍ਹਾਂ ਦੀ ਸਫਲ ਅਭਿਵਿਅਕਤੀ ਵਿਚ ਉਨ੍ਹਾਂ ਦੇ ਵਰਤੇ ਅਲੰਕਾਰ ਪੂਰਨ ਤੌਰ ਤੇ ਸਹਾਈ ਹੋਏ ਹਨ। ਇਸ ਤੋਂ ਇਲਾਵਾ ਰਸ ਲੈਅ ਅਤੇ ਸੰਗੀਤ ਦੇ ਚਮਤਕਾਰੀ ਅੰਸ਼ ਭਰਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਦੀ ਇਹ ਰੂਹਾਨੀ ਬਾਣੀ ਮਨੁੱਖੀ ਮਨਾਂ ਵਿਚ ਧੂਹ ਤੇ ਖਿੱਚ ਉਤਪੰਨ ਕਰਕੇ ਪਾਠਕ

ਤੇ ਸਰੋਤੇ ਨੂੰ ਆਪਣੀਆਂ ਅੰਦਰਲੀਆਂ ਰਮਜ਼ਾਂ ਨਾਲ ਇਕ ਸੁਰ ਕਰਦੀ ਮਿੱਠੇ ਮਿੱਠੇ ਇਲਾਹੀ ਰਸ ਵਿਚ ਲੀਨ ਕਰ ਲੈਂਦੀ ਹੈ।

(4) **ਸੰਗੀਤ ਅਤੇ ਲੈਅ**

ਸੰਗੀਤ ਮਨ ਦੇ ਭਾਵਾਂ ਅਤੇ ਵਿਚਾਰਾਂ ਨੂੰ ਤਰਲਤਾ ਪ੍ਰਦਾਨ ਕਰਦਾ ਹੈ। ਇਹ ਮੰਨਿਆ ਗਿਆ ਹੈ ਕਿ ਵਿਚਾਰ ਸੰਗੀਤ ਨਾਲ ਮਿਲ ਕੇ ਕਵਿਤਾ ਦੀ ਉਤਪਤੀ ਕਰਦੇ ਹਨ। ਸੰਗੀਤ ਦੇ ਵਿਚ ਕੇਵਲ ਮਨੁੱਖ ਨੂੰ ਹੀ ਨਹੀਂ ਸਗੋਂ ਪਸ਼ੂ ਪੰਛੀਆਂ ਨੂੰ ਵੀ ਖਿੱਚ ਪਾਉਣ ਦੀ ਪੂਰੀ ਸਮਰੱਥਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ:

> ਸੰਗੀਤ ਇਕ ਕਲਾ ਹੈ। ਜ਼ਿੰਦਗੀ ਦੇ ਹਰ ਪਹਿਲੂ ਵਿਚ ਸੰਗੀਤ ਦਾ ਆਪਣਾ ਥਾਂ ਹੈ। ਖੁਸ਼ੀ ਹੋਵੇ ਜਾਂ ਗਮੀ, ਪਰਨਾ ਹੋਵੇ ਜਾਂ ਮਰਨਾ ਹਰ ਮੌਕੇ ਤੇ ਸੰਗੀਤ ਦਾ ਸਹਾਰਾ ਲਿਆ ਜਾਂਦਾ ਹੈ। ਹਰਖ ਤੇ ਸੋਗ ਇਕ ਜਜ਼ਬੇ ਦੇ ਦੋ ਰੁਖ ਹਨ। ਇਹ ਹਰ ਇਨਸਾਨ ਦੀ ਜ਼ਿੰਦਗੀ ਵਿਚ ਵਾਪਰਦੇ ਹਨ। ਇਨ੍ਹਾਂ ਸਦੀਵੀ ਜਜ਼ਬਿਆਂ ਨੂੰ ਹੌਲਾ ਕਰਨ ਲਈ ਮਨੁੱਖ ਕੋਈ ਲੈ ਕੱਢਦਾ ਹੈ ਸੁਰਾਂ ਵਿਚ ਜਾਂ ਬੋਲਾਂ ਵਿਚ, ਉਥੋਂ ਸੰਗੀਤ ਦਾ ਮੁੱਢ ਬੱਝਦਾ ਹੈ। ਚੂੰਕਿ ਸੰਗੀਤ ਦਾ ਸਿੱਧਾ ਸੰਬੰਧ ਜਜ਼ਬਿਆਂ ਨਾਲ ਹੈ, ਹੌਲੇ ਫੁਲ ਮਨੋਭਾਵਾਂ ਨਾਲ ਹੈ ਇਸ ਪੈਂਤੜੇ ਤੋਂ ਸੰਗੀਤ ਕਵਿਤਾ ਦੀ ਕਲਾ ਵਿਚ ਦਾਖਲ ਹੁੰਦਾ ਹੈ ਦੂਜੇ ਪਾਸੇ ਕਵਿਤਾ spontaneous overflow of powerful feelings ਹੈ। ਇਸ ਲਈ ਕਵਿਤਾ ਦਾ ਕਲਾ ਪੱਖ ਕਿਸੇ ਲੈ ਵਲ, ਕਿਸੇ ਸੁਰ ਸੰਗਮ ਵਲ ਝੁਕਦਾ ਹੈ। ਸੰਗੀਤ ਅਤੇ ਕਾਵਿ ਕਲਾ ਦੀ ਸਾਂਝ ਦਾ ਇਹੋ starting point ਹੈ। ਤਰਲ ਭਾਵ ਹੀ ਕਾਵਿ ਅਤੇ ਸੰਗੀਤ ਦੇ ਵਿਸ਼ੈ ਹਨ ਜਿਹੜੇ ਕਲਾ ਕੌਸ਼ਲ ਦੇ ਰਾਹੀਂ ਪ੍ਰਗਟ ਹੋ ਕੇ ਹੁਸੀਨ ਨਗਮੇ ਬਣ ਗੂੰਜਦੇ ਹਨ।[155]

ਕਵਿਤਾ ਅਤੇ ਸੰਗੀਤ ਦਾ ਬਹੁਤ ਡੂੰਘਾ ਸੰਬੰਧ ਹੈ। ਜਿਸ ਨੂੰ ਪੱਛਮੀ ਤੇ ਭਾਰਤੀ ਵਿਦਵਾਨਾਂ ਨੇ ਪੂਰੀ ਮਹੱਤਤਾ ਦਿੰਦੇ ਹੋਏ ਸਵੀਕਾਰ ਕੀਤਾ ਹੈ। ਐਜਰ ਐਲਨ ਪੋ ਦਾ ਵਿਚਾਰ ਹੈ ਕਿ ਸੰਗੀਤ ਜਦੋਂ ਕਿਸੇ ਖੁਸ਼ਗਵਾਰ ਵਿਚਾਰ ਨਾਲ ਸੰਯੁਕਤ ਹੋ ਜਾਏ ਤਾਂ ਕਵਿਤਾ ਦਾ ਜਨਮ ਹੁੰਦਾ ਹੈ। ਵਿਚਾਰ ਰਹਿਤ ਸੰਗੀਤ ਕੇਵਲ ਸੰਗੀਤ ਹੈ ਅਤੇ ਸੰਗੀਤ ਰਹਿਤ ਵਿਚਾਰ ਨਿਰੀ ਵਾਰਤਕ ਹੁੰਦੀ ਹੈ।[156]

ਸੰਗੀਤਮਈ ਕਾਵਿ ਹਿਰਦੇ ਤੇ ਮਨ ਨੂੰ ਟੁੰਬਦਾ ਤੇ ਸਿੱਧਾ ਆਪਣੇ ਪ੍ਰਭਾਵ ਵਿਚ ਲੈ ਲੈਂਦਾ ਹੈ। ਸਾਰੇ ਸਾਹਿਤ ਰੂਪਾਂ ਵਿਚੋਂ ਕਵਿਤਾ ਹੀ ਅਜੇਹਾ ਰੂਪ ਹੈ ਜਿਸ ਵਿਚ ਭਾਸ਼ਾ ਦੀਆਂ ਸੰਗੀਤਕ ਸੰਭਾਵਨਾਵਾਂ ਨੂੰ ਸਭ ਤੋਂ ਵੱਧ ਵਰਤਿਆ ਜਾਂਦਾ ਹੈ। ਸੰਗੀਤ ਦਾ ਸੰਬੰਧ ਸਾਡੇ ਹਿਰਦੇ ਨਾਲ ਹੈ, ਇਸ ਲਈ ਕਾਵਿ-ਸੰਗੀਤ ਪਾਠਕ ਦੇ ਮਨ ਵਿਚ ਖ਼ਾਸ ਖਿੱਚ ਪੈਦਾ ਕਰਦਾ ਹੈ। ਸੰਗੀਤ ਦਾ ਗੁਣ ਬੌਧਿਕਤਾ ਨਾਲੋਂ ਰਸਾਤਮਕ ਵਧੇਰੇ ਹੈ। ਕਵਿਤਾ ਹਮੇਸ਼ਾਂ, ਸੰਗੀਤ ਤੱਤ ਉਪਰ ਨਿਰਭਰ ਰਹੀ ਹੈ। ਛੰਦ; ਲੈਅ, ਰਿਦਮ, ਤੁਕਾਂਤ, ਅਨੁਪ੍ਰਾਸ ਆਦਿ ਜੁਗਤਾਂ ਕਵਿਤਾ ਵਿਚ ਸੰਗੀਤ ਦੇ ਗੁਣ ਭਰ ਦੇਂਦੀਆਂ ਹਨ। ਇਸ ਨਾਲ ਕਵਿਤਾ ਤੇ ਸੁਹਜ ਵਿਚ ਭਰਵਾਂ ਵਾਧਾ ਹੋ ਜਾਂਦਾ ਹੈ। ਕਵਿਤਾ ਦੇ ਕਲਾ ਤੱਤਾਂ ਵਿਚ ਸੰਗੀਤ ਪ੍ਰਭਾਵਸ਼ਾਲੀ ਹੋਂਦ ਰੱਖਦਾ ਹੈ।[157]

ਉਪਰੋਕਤ ਵਿਚਾਰਾਂ ਤੋਂ ਸਾਫ ਸਪੱਸ਼ਟ ਹੁੰਦਾ ਹੈ ਕਿ ਸੰਗੀਤ ਕਵਿਤਾ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਰਹਿੰਦਾ ਹੈ। ਇਸ ਕਰਕੇ ਇਹ ਕਵਿਤਾ ਦੀ ਸਿਰਜਣਾਤਮਕ ਪ੍ਰਕਿਰਿਆ ਦਾ ਇਕ ਮਹੱਤਵਪੂਰਨ ਹਿੱਸਾ ਵੀ ਬਣ ਜਾਂਦਾ ਹੈ। ਪੁਰਾਤਨ ਸਮੇਂ ਤੋਂ ਹੀ ਸੰਗੀਤ, ਕਵਿਤਾ ਅਤੇ ਜੀਵਨ ਦਾ ਭਾਗ ਬਣਿਆ ਹੋਇਆ ਹੈ। ਸ਼ਾਸਤ੍ਰੀ ਦ੍ਰਿਸ਼ਟੀ ਤੋਂ ਅਹਿਲਾਦਨ ਨਾਦ-ਵਿਸ਼ੇਸ਼ ਦਾ ਨਾਮ ਸੰਗੀਤ ਹੈ। ਇਸਦੇ ਅੰਤਰਗਤ ਪਦ, ਗਦ ਅਤੇ ਨ੍ਰਿਤ ਤਿੰਨੇ ਲਲਿਤ ਕਲਾ ਆ ਜਾਂਦੀਆਂ ਹਨ। ਇਸ ਪ੍ਰਸੰਗ ਵਿਚ ਸਾਡਾ ਸੰਬੰਧ ਕੇਵਲ ਗੀਤ-ਸੰਗੀਤ ਨਾਲ ਹੈ। ਇਸੇ ਦਾ ਸੰਬੰਧ ਛੰਦ ਨਾਲ ਹੈ। ਸੰਗੀਤ ਦਾ ਆਧਾਰਭੂਤ ਤੱਤ ਨਾਦ ਹੈ ਜੋ ਵਰਣ-ਉਚਾਰ ਦਾ ਮੂਲ ਕਾਰਣ ਹੈ। ਵਰਣ-ਉਚਾਰ ਦਾ ਵਿਸ਼ੇਸ਼ ਕ੍ਰਮ ਹੀ ਸਭ ਪਾਸਿਆਂ ਤੋਂ ਛੰਦ ਦਾ ਨਿਯਮਕ ਕਾਰਣ ਹੈ। ਤਾਤਵਿਕ ਦ੍ਰਿਸ਼ਟੀ ਤੋਂ ਛੰਦ ਅਤੇ ਸੰਗੀਤ ਦੋਵੇਂ ਇਕ ਦੂਜੇ ਤੋਂ ਭਿੰਨ ਨਹੀਂ। ਇਨ੍ਹਾਂ ਦੋਹਾਂ ਦਾ ਪ੍ਰਭਾਵ ਵੀ ਆਨੰਦਾਤਮਕ ਹੈ। ਆਨੰਦਾਤਮਕ ਦੇ ਅਭਾਵ ਵਿਚ ਸੰਗੀਤ ਸੰਗੀਤ ਨਹੀਂ ਜਦ ਕਿ ਛੰਦ ਦਾ ਪ੍ਰਭਾਵ ਵੀ ਮੂਲ ਰੂਪ ਵਿਚ ਆਨੰਦਰੂਪਤਾ ਹੀ ਪ੍ਰਵਾਨ ਕੀਤਾ ਗਿਆ ਹੈ। ਸੰਖੇਪ ਵਿਚ ਪਦ-ਕਾਵਿ ਵਿਚ ਛੰਦ ਅਤੇ ਸੰਗੀਤ ਦਾ ਪਰਸਪਰ ਸੰਬੰਧ ਕ੍ਰਮਵਾਰ ਕਾਰਣ ਅਤੇ ਕਾਰਜ ਦਾ ਹੈ। ਛੰਦ ਸੰਗੀਤ ਦੇ ਉਤਪਾਦਕ ਕਾਰਣਾਂ ਵਿਚੋਂ ਮਹੱਤਵਪੂਰਣ ਹੈ।

ਸੰਗੀਤ ਸ਼ਾਸਤਰ ਵਿਚ ਗਾਣ ਦੀਆਂ ਦੋ ਵਿਧੀਆਂ ਹਨ। ਪਹਿਲੀ ਲਯਾਤਮਕ ਹੈ ਦੂਸਰੀ ਸੁਰਾਤਮਕ ਹੈ। ਪਹਿਲੀ ਸ਼੍ਰੇਣੀ ਵਿਚ ਤਾਲ ਹਨ ਦੂਜੀ ਵਿਚ ਰਾਗ। ਤਾਲ ਦਾ ਆਧਾਰ ਲਯਾਤਮਕਤਾ ਹੈ ਤੇ ਇਸਦਾ ਛੰਦ ਨਾਲ ਸਿੱਧਾ ਸੰਬੰਧ ਹੈ। ਰਾਗ ਵਿਚ ਸੁਰ ਸਮੂਹ ਦਾ ਯੋਗ ਹੁੰਦਾ ਹੈ ਜਿਸ ਦਾ ਆਧਾਰ

ਲਯ ਹੈ। ਪ੍ਰਤੇਕ ਰਾਗ ਵਿਚ ਤਾਲ ਦਾ ਆਧਾਰ ਜ਼ਰੂਰੀ ਹੈ ਪਰ ਰਾਗ ਦੇ ਭੇਦ ਅਤੇ ਤਾਲ ਦਾ ਨਿਸਚਿਤ ਸੰਬੰਧ ਨਹੀਂ ਹੁੰਦਾ। ਇਕ ਰਾਗ ਵਿਚ ਕਈ ਤਰ੍ਹਾਂ ਦੀ ਟੇਕ ਲਈ ਜਾ ਸਕਦੀ ਹੈ ਅਤੇ ਇਕ ਹੀ ਤਾਲ ਕਈ ਰਾਗਾਂ ਵਿਚ ਗਾਇਆ ਜਾ ਸਕਦਾ ਹੈ। ਇਥੇ ਲਯ ਸ਼ਬਦ ਦਾ ਪ੍ਰਯੋਗ ਛੰਦ ਸ਼ਾਸਤ੍ਰੀ ਅਰਥ (ਜਿਸ ਨੂੰ ਉਰਦੂ ਵਿਚ ਬਹਿਰ ਵੀ ਕਿਹਾ ਜਾਂਦਾ ਹੈ) ਵਿਚ ਹੋਇਆ ਹੈ। ਸੰਗੀਤ ਸ਼ਾਸਤ੍ਰੀ ਵਿਲੰਬਤ, ਮਧ ਅਤੇ ਚਰੁਤ ਦੇ ਅਰਥਾਂ ਵਿਚ ਨਹੀਂ। ਛੰਦ ਦੀ ਲਯ ਅਤੇ ਸੰਗੀਤ ਦੇ ਤਾਲ ਦਾ ਸਿੱਧਾ ਸੰਬੰਧ ਹੈ।[158]

ਸੂਫ਼ੀ ਕਾਵਿ, ਬੀਰ ਕਾਵਿ, ਕਿੱਸਾ ਕਾਵਿ ਆਦਿ ਸਾਰੀ ਰਚਨਾ ਸੰਗੀਤ-ਬੱਧ ਹੈ। ਸਮਸਤ ਗੁਰਮਤਿ ਕਾਵਿ ਵੀ ਸੰਗੀਤ ਬੱਧ ਹੈ। ਗੁਰਮਤਿ ਕਾਵਿ ਦੇ ਰਚਨਹਾਰਿਆਂ ਨੇ ਆਪਣੇ ਕਾਵਿ ਨੂੰ ਸੰਗੀਤ ਬੱਧ ਕਰਕੇ ਸਾਹਿਤ ਅਤੇ ਸੰਗੀਤ ਨੂੰ ਹੋਰ ਵੀ ਡੂੰਘੇਰਾ ਅਤੇ ਪਕੇਰਾ ਕੀਤਾ।

ਸੰਗੀਤ, ਰੱਬੀ ਸੰਦੇਸ਼ ਨੂੰ ਲੋਕ ਮਨਾਂ ਤੱਕ ਪਹੁੰਚਾਉਣ ਦਾ ਇਕ ਸਫਲ ਸਾਧਨ ਬਣਿਆ। ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਜਣਾ ਦਾ ਮੁਖ ਉਦੇਸ਼ ਵੀ ਮਾਨਵ ਜੀਵਨ ਵਿਚ ਅਧਿਆਤਮਕ ਭਾਵਨਾ ਨੂੰ ਪ੍ਰਬਲ ਕਰਨਾ ਸੀ। ਇਸ ਲਈ ਬਾਣੀ ਰਾਗਾਂ ਵਿਚ ਉਚਾਰੀ ਗਈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਰਾਗਾਂ ਅਨੁਸਾਰ ਹੀ ਤਰਤੀਬੀ ਗਈ। ਸੋਹਿੰਦਰ ਸਿੰਘ ਬੇਦੀ ਗੁਰੂ ਸਾਹਿਬ ਦੀ ਸੰਗੀਤ ਨਿਪੁੰਨਤਾ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ।

> ਗੁਰੂ ਅਰਜਨ ਦੇਵ ਜੀ ਨੂੰ ਦੇਸੀ, ਕਲਾਸਕੀ ਤੇ ਲੌਕਿਕ, ਸਭ ਤਰ੍ਹਾਂ ਦੇ ਸੰਗੀਤ ਵਿਚ ਨਿਪੁੰਨਤਾ ਪ੍ਰਾਪਤ ਸੀ। ਉਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਦਾ ਰਾਗ ਅਨੁਸਾਰ ਕੀਤਾ ਸੰਪਾਦਨ ਹੀ ਇਸ ਗੱਲ ਦਾ ਵੱਡਾ ਪ੍ਰਮਾਣ ਹੈ ਕਿ ਸੰਗੀਤ ਨੂੰ ਉਨ੍ਹਾਂ ਦੀ ਕਾਵਿ ਭੂਮੀ ਵਿਚ ਪ੍ਰਮੁੱਖ ਸਥਾਨ ਪ੍ਰਾਪਤ ਸੀ। ਗੁਰੂ ਅਰਜਨ ਦੇਵ ਵੱਲੋਂ ਕੁੱਝ ਵਾਰਾਂ ਉੱਤੇ ਧੁਨੀਆਂ ਦਾ ਚਾੜ੍ਹਿਆ ਜਾਣਾ, ਉਨ੍ਹਾਂ ਦਾ ਲੋਕ-ਧਾਰਨਾ ਨਾਲ ਨਿੱਘਾ ਸੰਬੰਧ ਸਥਾਪਿਤ ਕਰਦਾ ਹੈ। ਗੁਰਮਤਿ ਸੰਗੀਤ ਦਾ ਸ਼ਾਸਤ੍ਰੀ ਤੇ ਦੇਸੀ ਸੰਗੀਤ ਨਾਲ ਸੁਮੇਲ ਹੈ ਅਤੇ ਇਸਦਾ ਮੂੰਹ ਲੋਕ ਧਾਰਨਾ ਵੱਲ ਹੈ।[159]

ਮੂਲ ਰੂਪ ਵਿਚ ਗੁਰੂ ਅਰਜਨ ਬਾਣੀ ਰਾਗਾਤਮਕ ਹੈ। ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੇ ਕੁਲ 31 ਰਾਗਾਂ ਵਿਚੋਂ 30 ਰਾਗਾਂ ਵਿਚ ਬਾਣੀ ਉਚਾਰੀ ਹੈ। ਇਹਨਾਂ ਰਾਗਾਂ ਦਾ ਮੂਲ ਆਧਾਰ ਲੋਕ ਸੰਗੀਤ ਹੀ ਹੈ।

ਬਾਰਹ ਮਾਹਾ ਮਾਂਝ ਵਿਚਲੇ ਛੰਦ ਪ੍ਰਬੰਧ ਦੇ ਵਿਸ਼ਲੇਸ਼ਣ ਤੋਂ ਗੁਰੂ ਸਾਹਿਬ ਜੀ ਦੀ ਰਾਗ ਵਿਚ ਪ੍ਰਬੀਨਤਾ ਤੇ ਸੰਗੀਤ ਵਿਚ ਸੁਘੜਤਾ ਦਾ ਸਬੂਤ ਮਿਲਦਾ ਹੈ। 'ਅਸਲ ਵਿਚ ਛੰਦ ਨਾਲ ਕਵਿਤਾ ਵਿਚ ਭਾਵ ਨੂੰ ਇਕ ਵਿਸ਼ੇਸ਼ ਅਨੁਸ਼ਾਸਨ ਅਧੀਨ ਪ੍ਰਗਟ ਕੀਤਾ ਜਾ ਸਕਦਾ ਹੈ, ਜਿਸ ਨਾਲ ਕਥਨ ਵਿਚ ਪ੍ਰਭਾਵਸ਼ਾਲਤਾ ਵਧਦੀ ਹੈ ਅਤੇ ਸੰਗੀਤਾਮਕਤਾ ਦਾ ਸੰਚਾਰ ਹੁੰਦਾ ਹੈ। ਸੁਚੱਜੀ ਅਤੇ ਢੁੱਕਵੀਂ ਸ਼ਬਦ ਚੋਣ ਨਾਲ ਸਾਗਰ ਨੂੰ ਗਾਗਰ ਵਿਚ ਭਰਿਆ ਜਾ ਸਕਦਾ ਹੈ। ਇਸ ਨਾਲ ਕਾਵਿ ਅਜਰ ਅਤੇ ਅਮਰ ਹੋ ਜਾਂਦਾ ਹੈ।'[160] ਇਸ ਲਈ ਛੰਦ ਨੂੰ ਕਵਿਤਾ ਦਾ ਜੀਵਨ ਦਾਤਾ ਆਖਿਆ ਜਾਂਦਾ ਹੈ। ਜਿਸ ਰਚਨਾ ਵਿਚ ਮਾਤ੍ਰਾਵਾਂ ਅਤੇ ਵਰਣਾਂ ਦੀ ਖਾਸ ਵਿਵਸਥਾ ਅਤੇ ਗਿਣਤੀ ਹੁੰਦੀ ਹੈ ਅਤੇ ਸੰਗੀਤ ਸੰਬੰਧੀ ਲੈ ਅਤੇ ਸੁਰ ਅਤੇ ਗਤੀ ਦੀ ਯੋਜਨਾ ਬਣੀ ਰਹਿੰਦੀ ਹੈ, ਉਸ ਨੂੰ ਛੰਦ ਕਹਿੰਦੇ ਹਨ। ਛੰਦ ਦਾ ਸ਼ਬਦਾਰਥ 'ਬੰਧਨ' ਹੈ। ਕਵਿਤਾ ਵਿਚ ਛੰਦ ਦਾ ਸਦਾ ਆਪਸ ਵਿਚ ਮੇਲ ਤੇ ਸੰਬੰਧ ਬਣਿਆ ਰਿਹਾ ਹੈ। ਛੰਦ ਦਾ ਪ੍ਰਾਰੰਭਕ ਸਰੂਪ 'ਰਿਗਵੇਦ' ਵਿਚ ਮਿਲਦਾ ਹੈ। ਛੰਦ ਸ਼ਾਸਤ੍ਰ ਦੇ ਪਹਿਲੇ ਵਿਦਵਾਨ ਅਚਾਰੀਆ ਪਿੰਗਲ ਸਨ ਜਿਨ੍ਹਾਂ ਦੇ ਨਾਂ ਉੱਪਰ ਛੰਦ-ਸ਼ਾਸਤ੍ਰ ਨੂੰ 'ਪਿੰਗਲ' ਵੀ ਕਿਹਾ ਜਾਂਦਾ ਹੈ।[161]

ਭਾਰਤੀ ਕਾਵਿ ਸਾਧਨਾ ਵਿਚ ਦੋ ਛੰਦ ਪ੍ਰਣਾਲੀਆਂ ਵਰਣਿਕ ਅਤੇ ਮਾਤ੍ਰਿਕ ਮਿਲਦੀਆਂ ਹਨ। ਵਰਣਿਕ ਜਿਸ ਦਾ ਆਧਾਰ ਵਰਣਾਂ ਦੀ ਗਿਣਤੀ ਹੈ ਅਤੇ ਦੂਸਰਾ ਮਾਤ੍ਰਿਕ, ਜਿਸ ਦਾ ਆਧਾਰ ਸੰਖਿਆ ਹੈ। ਗੁਰਬਾਣੀ ਵਿਚ ਭਾਵਾਂ ਤੇ ਵਿਚਾਰਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਕਲਾ ਪੱਖ ਨੂੰ ਦੂਸਰੇ ਦਰਜੇ ਤੇ ਰੱਖਿਆ ਜਾਂਦਾ ਹੈ। ਜਿਥੋਂ ਤੱਕ ਕਿ ਗੁਰੂ ਅਰਜਨ ਦੇਵ ਜੀ ਦੀ ਇਸ ਰਚਨਾ ਬਾਰਹ ਮਾਹਾ ਮਾਂਝ ਵਿਚ ਵਰਤੇ ਗਏ ਛੰਦ ਦਾ ਸੰਬੰਧ ਹੈ ਉਹ ਇਕ ਕਿਸਮ ਦਾ 'ਦੋਹਰੇ' ਦਾ ਰੂਪ ਹੈ। ਦੋਹਰਾ ਦੋ ਤੁਕਾਂ ਦਾ ਮਾਤ੍ਰਿਕ ਛੰਦ ਹੈ। ਇਸ ਵਿਚ 24 ਮਾਤ੍ਰਾਵਾਂ ਹੁੰਦੀਆਂ ਹਨ। ਪਹਿਲਾ ਵਿਸ਼ਰਾਮ 13 ਮਾਤਰਾ ਅਤੇ ਦੂਸਰਾ ਵਿਸ਼ਰਾਮ 11 ਮਾਤਰਾ ਤੇ ਹੁੰਦਾ ਹੈ। ਪ੍ਰੋ. ਜੋਗਿੰਦਰ ਸਿੰਘ ਅਨੁਸਾਰ, 'ਪੰਕਤੀ ਦੋ ਚਰਣਾਂ ਤੇ ਛੇ ਪਦਾਂ ਦੀ ਹੁੰਦੀ ਹੈ ਜਿਵੇਂ 6+4+3, 6+4+1 = 24'[162] ਬਾਰਹ ਮਾਹਾ ਮਾਂਝ ਵਿਚ ਦੋਹਰੇ ਦਾ ਰੂਪ 13+ 11 = 24 ਹੈ ਜਿਵੇਂ:

| | |
|---|---|
| ਇਕ ਖਿਨੁ ਤਿਸੁ ਬਿਨੁ ਜੀਵਣਾ | 13 ਮਾਤਰਾ |
| ਬਿ੍ਰਥਾ ਜਨਮੁ ਜਣਾ | 11 ਮਾਤਰਾ |
| ਜਿਨੀ ਰਾਵਿਆ ਸੋ ਪ੍ਰਭੂ | 14 ਮਾਤਰਾ |
| ਤਿੰਨਾ ਭਾਗੁ ਮਣਾ [163] | 10 ਮਾਤਰਾ |

ਬਾਰਹ ਮਾਹਾ ਮਾਂਝ ਵਿਚ ਵਰਤਿਆ ਗਿਆ ਛੰਦ ਰੂਪ, ਮਾਤ੍ਰਾਵਾਂ ਦੀ ਗਿਣਤੀ ਤੋਂ ਹਰ ਪਦੇ ਵਿਚ ਥੋੜ੍ਹਾ ਬਹੁਤ ਬਦਲਦਾ ਰਿਹਾ ਹੈ ਕਿਉਂਕਿ ਇਸ ਦੇ ਨਾਲ ਹੀ ਇਥੇ ਗੁਰੂ ਸਾਹਿਬ ਨੇ ਕਾਵਿਕ ਖੁੱਲ੍ਹ ਵਰਤੀ ਹੈ ਅਤੇ ਜਿਥੇ ਵੀ ਇਕ ਦੋ ਮਾਤਰਾ ਦਾ ਵਾਧਾ ਕੀਤਾ ਹੈ, ਉਸ ਨੂੰ ਬੜੇ ਸੁੰਦਰ ਢੰਗ ਨਾਲ ਨਿਭਾਇਆ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਛੰਦ ਯੋਜਨਾ ਵੇਲੇ ਇੰਨ ਬਿੰਨ ਮਾਤ੍ਰਿਕ (ਦੋਹਰਾ ਛੰਦ) ਯੋਜਨਾ ਨੂੰ ਹੀ ਅਪਣਾਇਆ, ਸਗੋਂ ਪੰਜਾਬ ਦੀਆਂ ਲੋਕ ਤਰਜ਼ਾਂ ਅਤੇ ਧੁਨਾਂ ਨੂੰ ਮਿਲਾ ਕੇ ਛੰਦਾਂ ਦੇ ਆਤਮਗਤ ਸਰੂਪ ਦਾ ਕਾਇਆ ਕਲਪ ਕੀਤਾ ਹੈ। ਇਸ ਲਈ ਗੁਰੂ ਸਾਹਿਬ ਨੇ ਛੰਦ ਦੀ ਕਿਸੇ ਤਰ੍ਹਾਂ ਦੀ 'ਨਵਾਬੀ ਕੈਦ' ਨੂੰ ਸਵੀਕਾਰ ਕੀਤਾ। ਉਪਰੋਕਤ ਵਰਣਿਤ ਰੂਪ ਦੀ ਹੀ ਜ਼ਿਆਦਾ ਵਰਤੋਂ ਕੀਤੀ ਗਈ ਹੈ। ਤੁਕਾਂ ਦਾ ਤੁਕਾਂਤਕ ਮੇਲ ਅਤਿ ਉਤਮ ਹੈ।

ਬਾਰਹ ਮਾਹਾ ਮਾਂਝ ਵਿਚ ਕੁਲ ਚੌਦਾਂ ਪਉੜੀਆਂ ਹਨ। ਗੁਰੂ ਸਾਹਿਬ ਨੇ ਪਹਿਲੀ ਪਉੜੀ ਵਿਚ ਭੂਮਿਕਾ ਵਜੋਂ ਵਿਸ਼ੇ ਦੀ ਜਾਣਕਾਰੀ ਦਿੱਤੀ ਹੈ। ਅਗਲੀਆਂ ਬਾਰ੍ਹਾਂ ਵਿਚ ਹਰ ਨਵੇਂ ਮਹੀਨੇ ਦਾ ਤਰਤੀਬਵਾਰ ਵਰਣਨ ਪੇਸ਼ ਕੀਤਾ ਗਿਆ ਹੈ। ਅੰਤਲੀ ਪਉੜੀ ਵਿਚ ਰਚਨਾ ਦਾ ਸਮੁੱਚਾ ਭਾਵ ਦਰਸਾਇਆ ਗਿਆ ਹੈ। ਪਹਿਲੀ ਪਉੜੀ ਵਿਚ ਕੁਲ 10 ਪੰਗਤੀਆਂ ਹਨ। ਇਸ ਉਪਰੰਤ ਦੂਸਰੀ ਤੋਂ ਬਾਰਵੀਂ ਪਉੜੀ ਤਕ ਪੰਗਤੀਆਂ ਦੀ ਗਿਣਤੀ 9 ਹੈ। ਤੇਰ੍ਹਵੀਂ ਪਉੜੀ ਵਿਚ ਫਿਰ 10 ਪੰਗਤੀਆਂ ਹਨ ਅਤੇ ਅੰਤਲੀ ਪਉੜੀ ਵਿਚ ਸਿਰਫ 8 ਪੰਗਤੀਆਂ ਹੀ ਹਨ। ਮਹੀਨਿਆਂ ਦਾ ਵਰਣਨ ਚੇਤ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਹਰ ਇਕ ਪਦ ਦੀ ਬਣਤਰ ਵੀ ਬਹੁਤ ਸੁੰਦਰ ਹੈ।

ਹਰ ਮਹੀਨੇ ਦੀ ਪਹਿਲੀ ਸਤਰ ਵਿਚ ਮਹੀਨੇ ਦੀ ਰੁੱਤ ਜਾਂ ਉਸਦੇ ਵਿਚਾਰ ਬਾਰੇ ਵੇਰਵਾ ਦੇ ਦਿੱਤਾ ਹੈ, ਉਪਰੰਤ ਵਿਚਾਰ ਦੀ ਵਿਆਖਿਆ ਕੀਤੀ ਹੈ। ਅਖੀਰਲੀ ਸਤਰ ਵਿਚ ਉਪਰੋਕਤ ਸਾਰੇ ਵਿਚਾਰ ਨੂੰ ਸਮੇਟਿਆ ਹੈ ਅਤੇ ਬੜੇ ਸੰਖੇਪ ਢੰਗ ਨਾਲ ਸਮੁੱਚੇ ਵਿਚਾਰ ਦਾ ਨਿਚੋੜ ਪੇਸ਼ ਕਰ ਦਿੱਤਾ ਹੈ। ਉਪਦੇਸ਼ ਆਤਮਕ ਆਸ਼ੇ ਲਈ ਇਹ ਢੰਗ ਬੜਾ ਸਫਲ ਸਿੱਧ ਹੋਇਆ ਹੈ।[164]

ਬਾਰਹ ਮਾਹਾ ਮਾਂਝ ਛੰਦ ਪੱਖੋਂ ਸਫਲ ਰਚਨਾ ਹੈ ਕਿਉਂਕਿ ਗੁਰੂ ਸਾਹਿਬ ਉੱਚਤਮ ਦਰਜੇ ਦੇ ਸੰਗੀਤਾਚਾਰੀਆ ਸਨ। ਉਹਨਾਂ ਨੇ ਮਾਂਝ ਰਾਗ ਵਿਚ ਇਸ ਰਚਨਾ ਦਾ ਉਚਾਰਣ ਕੀਤਾ ਹੈ, ਜੋ ਦਰਦ ਅਤੇ ਵੇਦਨਾ ਦਾ ਰਾਗ ਹੈ। ਇਹ ਇਕ ਰਾਗ ਹੈ ਜੋ ਸੰਪੂਰਣ ਜਾਤੀ ਦਾ ਹੈ। ਮਾਝੇ ਪ੍ਰਦੇਸ਼ ਦੇ ਨਾਂ ਦਾ ਸੂਚਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਂਝ ਦਾ ਨੰਬਰ ਦੂਜਾ ਹੈ। ਇਸ ਨੂੰ ਗਾਉਣ ਦਾ ਸਮਾਂ ਦਿਨ ਦਾ

ਚੌਥਾ ਪਹਿਰ ਹੈ। ਇਸ ਰਾਗ ਦਾ ਜ਼ਿਕਰ ਸਿਰਫ ਗੁਰਮਤਿ ਸੰਗੀਤ ਵਿਚ ਹੀ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਰਾਗ ਮਾਝ ਨੂੰ ਰਾਗ ਨਹੀਂ ਸਗੋਂ ਰਾਗਣੀ ਗਿਣਿਆ ਜਾਂਦਾ ਹੈ। ਜਿਸ ਵਿਚ ਸਿਰੀ ਰਾਗ ਮਲਹਾਰ ਰਾਗਣੀ ਅਦਿ ਰਾਗਣੀਆਂ ਮਿਲਦੀਆਂ ਹਨ। ਸੰਗੀਤਕਾਰ ਜਾਂ ਕੀਰਤਨੀਏ ਸਿੰਘ ਲਗਾਂ ਮਾਤਰਾ ਦੇ ਅੰਤਰ ਨੂੰ ਅਲਾਪ ਦੁਆਰਾ ਰਾਗ ਮੁਤਾਬਿਕ ਢਾਲ ਕੇ ਗਾ ਸਕਦੇ ਹਨ।

ਡਾ. ਗੁਰਬਖਸ਼ ਸਿੰਘ ਅਨੁਸਾਰ ਬਾਰਹਮਾਹ ਗੁਰੂ ਜੀ ਦੀ ਪ੍ਰਤਿਨਿਧ ਬਾਣੀ ਹੈ ਜਿਸ ਦੁਆਰਾ ਆਪ ਨੇ ਕਰਮ ਕਾਂਡਾਂ ਦਾ ਤਿਆਗ ਕਰਕੇ ਕੇਵਲ ਪ੍ਰਭੂ ਸਿਮਰਨ ਨੂੰ ਆਧਾਰ ਬਣਾ ਕੇ ਪਰਮ ਲਕਸ਼ ਦੀ ਪ੍ਰਾਪਤੀ ਲਈ ਮਾਰਗ ਦੱਸਿਆ ਹੈ। ਆਪਣੇ ਵਿਚਾਰਾਂ ਨੂੰ ਸਰਲ ਢੰਗ ਨਾਲ ਪ੍ਰਗਟਾਉਣ ਲਈ ਕਾਵਿ ਜੁਗਤਾਂ ਦਾ ਪ੍ਰਯੋਗ ਕਰਕੇ ਉਪਦੇਸ਼ਾਤਮਕ ਰਚਨਾ ਨੂੰ ਸਾਹਿਤਕ ਤੇ ਸਰਲ ਬਣਾਉਣ ਦਾ ਸੁੰਦਰ ਉਪਰਾਲਾ ਕੀਤਾ ਹੈ। ਜਿਥੇ ਇਹ ਰਚਨਾ ਲੋਕਾਂ ਨੂੰ ਧਰਮ ਦੇ ਮਾਰਗ ਤੇ ਚਲਣ ਲਈ ਪ੍ਰੇਰਿਤ ਕਰਦੀ ਹੈ। ਉਥੇ ਸਾਹਿਤ ਰਸੀਏ ਵੀ ਇਸ ਦਾ ਅਨੰਦ ਸਹਿਜੇ ਹੀ ਮਾਣ ਸਕਦੇ ਹਨ।[165] ਬਾਣੀ ਬਾਰਹ ਮਾਹਾ ਮਾਂਝ ਗੁਰੂ ਅਰਜਨ ਦੇਵ ਜੀ ਦੀ ਸੂਖ਼ਮ ਪ੍ਰਭਾਵੀ ਅਤੇ ਸੁਹਜਮਈ ਕਾਵਿ ਚੇਤਨਾ ਨੂੰ ਸਾਖਿਅਤ ਕਰਦੀ ਹੈ। ਗੁਰੂ ਸਾਹਿਬ ਨੇ ਆਪਣੀ ਵਿਚਾਰ ਸਮੱਗਰੀ, ਪਰਮਸਤ ਦੀ ਪ੍ਰਾਪਤੀ ਦਾ ਮਹੱਤਵ, ਨਾਮ ਸਿਮਰਨ ਦੀ ਮਹਿਮਾ ਅਤੇ ਜੀਵ ਨੂੰ ਆਪਣੇ ਇਸ਼ਟ ਨੂੰ ਮਿਲਣ ਦੀ ਤਾਂਘ ਨੂੰ ਸਵਿਸਤਾਰ, ਨਿਆਇਪੂਰਨ ਤੇ ਸੁਹਜਮਈ ਵਿਧੀ ਰਾਹੀਂ ਪ੍ਰਗਟ ਕੀਤਾ ਹੈ। ਬਾਰਹਮਾਹ ਮਾਂਝ ਦਰਸ਼ਨ ਅਤੇ ਕਾਵਿ, ਰਹੱਸ ਅਤੇ ਕੁਦਰਤ ਦਾ ਇਕ ਬਿਹਤਰੀਨ ਨਮੂਨਾ ਹੈ।[166]

ਉਪਰੋਕਤ ਵਰਣਿਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਕਲਾ ਵਿਚ ਸੰਗੀਤ ਤੇ ਭਾਵਾਂ ਦਾ ਸੁਮੇਲ ਹੈ, ਕਿਸੇ ਉੱਚੇ ਅਨੁਭਵ ਦੇ ਬਿਆਨ ਸਮੇਂ ਕਵੀ ਕਲਾ ਪੱਖ ਨੂੰ ਅੱਖੋਂ ਪਰੋਖੇ ਨਹੀਂ ਹੋਣ ਦਿੰਦਾ। ਇਸ ਰਚਨਾ ਵਿਚ ਵੀ ਅਜਿਹੀ ਮਿਸਾਲ ਹੀ ਮਿਲਦੀ ਹੈ।

# ਹਵਾਲੇ ਅਤੇ ਟਿੱਪਣੀਆਂ


1. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 855
2. ਡਾ. ਰਤਨ ਸਿੰਘ ਜੱਗੀ, ***ਗੁਰੂ ਨਾਨਕ ਦੀ ਵਿਚਾਰਧਾਰਾ***, ਪੰਨਾ 60
3. ਪ੍ਰੋਫੈਸਰ ਸਾਹਿਬ ਸਿੰਘ, ਪ੍ਰੋ. ਕੁਲਵੰਤ ਸਿੰਘ, ***ਬਾਰਹਮਾਹ ਤੁਖਾਰੀ ਤੇ ਮਾਝ*** (ਬਹੁ ਪੱਖੀ ਵਿਚਾਰ), ਪੰਨਾ 7
4. ***ਨਾਲੰਦਾ ਵਿਸ਼ਾਲ ਸ਼ਬਦ ਸਾਗਰ***, ਪੰਨਾ 973
5. ***ਹਿੰਦੀ ਵਿਸ਼ਾਲ ਸ਼ਬਦ ਸਾਗਰ***, ਪੰਨਾ 2447
6. ***ਹਿੰਦੀ ਸਾਹਿਤਯ ਕੋਸ਼***, ਪੰਨਾ 556
7. ***ਪੰਜਾਬੀ ਸਾਹਿਤ ਕੋਸ਼***, ਪੰਨਾ 378
8. ਡਾ. ਦਲੀਪ ਸਿੰਘ ਦਲੀਪ, ***ਗੁਰਬਾਣੀ ਚਿੰਤਨ (ਸਿਧਾਂਤ ਤੇ ਸਾਧਨਾ),*** ਪੰਨਾ 227
9. ਪਿਆਰਾ ਸਿੰਘ ਪਦਮ, ***ਪੰਜਾਬੀ ਬਾਰਾਂਮਾਹੇ,*** ਪੰਨਾ 35
10. ***ਪੁਰਾਤਨ ਜਨਮ ਸਾਖੀ***, ਪੰਨਾ 203 (ਦਸੰਬਰ 1967, ਛੇਵੀਂ ਛਾਪ)
11. ਡਾ. ਗੁਰਨਾਮ ਸਿੰਘ, ***ਗੁਰਮਤਿ ਸੰਗੀਤ: ਪ੍ਰਬੰਧ ਤੇ ਪਸਾਰ***, ਪੰਨਾ 117
12. ਪ੍ਰਿੰ. ਸਤਿਬੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ***ਸਿਮ੍ਰਤੀ ਗ੍ਰੰਥ,*** ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, ਪੰਨਾ 7
13. ਡਾ. ਤਾਰਨ ਸਿੰਘ, ***ਬਾਰਹਮਾਹਾ ਦਰਪਣ***, ਪੰਨਾ 120
14. ਉਹੀ, ਪੰਨਾ 122
15. ਪ੍ਰੋ. ਸਾਹਿਬ ਸਿੰਘ, ਪ੍ਰੋ. ਕੁਲਵੰਤ ਸਿੰਘ, ਉਹੀ, ਪੰਨਾ 16

16. ਉਹੀ, ਪੰਨਾ 32

17. ਨਰੈਣ ਸਿੰਘ, ਬਾਰਹਮਾਹ (ਤੁਖਾਰੀ ਤੇ ਮਾਝ), ***ਆਲੋਚਨਾ***, ਜਨਵਰੀ 1960, ਪੰਨਾ 26

18. ਆਦਿ ਗ੍ਰੰਥ, ਅੰਗ-133

19. ਪ੍ਰਿਤਪਾਲ ਸਿੰਘ, ***ਬਾਰਹਮਾਝ ਵਿਵੇਚਨ***, ਪੰਨਾ 24

20. ***ਆਦਿ ਗ੍ਰੰਥ***, ਅੰਗ 136

21. ਪ੍ਰਿਤਪਾਲ ਸਿੰਘ, ਉਹੀ, ਪੰਨਾ 131

22. ਆਦਿ ਗ੍ਰੰਥ, ਅੰਗ 394

23. ਪ੍ਰੋ. ਸਾਹਿਬ ਸਿੰਘ, ਪ੍ਰੋ. ਕੁਲਵੰਤ ਸਿੰਘ, ਉਹੀ, ਪੰਨਾ 31

24. ਡਾ. ਦੀਵਾਨ ਸਿੰਘ, ***ਸੂਫ਼ੀਵਾਦ ਤੇ ਹੋਰ ਲੇਖ***, ਪੰਨਾ 133

25. B.N. Jha, ***Modern Educational Phsychology***, page 322

26. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਖੋਜ ਪਤ੍ਰਿਕਾ,*** ਬਾਣੀ ਕਾਵਿ ਰੂਪ ਵਿਸ਼ੇਸ਼ ਅੰਕ-58, ਸਤੰਬਰ 2003, ਪੰਨਾ 144

27. ਡਾ. ਗੁਰਸ਼ਰਨ ਕੌਰ ਜੱਗੀ, ***ਗੁਰੂ ਅਰਜਨ ਦੇਵ : ਜੀਵਨ ਤੇ ਰਚਨਾ***, ਪੰਨਾ 114

28. ਬਲਦੇਵ ਸਿੰਘ 'ਬੱਦਨ', ***ਪੰਜਾਬੀ ਸੂਫ਼ੀ ਕਾਵਿ ਦਾ ਬਿੰਬ ਵਿਧਾਨ***, ਪੰਨਾ 49

29. ***ਕਾਵਿ ਬਿੰਬ***, ਪੰਨਾ 112

30. ***ਆਦਿ ਗ੍ਰੰਥ,*** ਅੰਗ 133

31. ਉਹੀ, ਅੰਗ 134

32. ਉਹੀ, ਅੰਗ 134

33. ਉਹੀ, ਅੰਗ 135

34. ਉਹੀ, ਅੰਗ 136

35. ਡਾ. ਕਰਤਾਰ ਸਿੰਘ ਸੂਰੀ, ***ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ***, ਪੰਨਾ 294

36. ਉਹੀ, ਅੰਗ 133

37. ਸੁਰਿੰਦਰ ਸਿੰਘ ਨਰੂਲਾ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਨਾ 64

38. ***ਆਦਿ ਗ੍ਰੰਥ***, ਅੰਗ 134

39. ਉਹੀ, ਅੰਗ 133

40. ਉਹੀ, ਅੰਗ 134

41. ਉਹੀ, ਅੰਗ 133

42. ਉਹੀ, ਅੰਗ135

43. ਉਹੀ, ਅੰਗ 135

44. ਉਹੀ, ਅੰਗ 136

45. ਉਹੀ, ਅੰਗ 133

46. ਉਹੀ, ਅੰਗ 135

47. ਉਹੀ, ਅੰਗ 134

48. ਉਹੀ, ਅੰਗ 135-136

49. ਉਹੀ, ਅੰਗ 134

50. ਉਹੀ, ਅੰਗ 136

51. ਉਹੀ, ਅੰਗ 134

52. ਉਹੀ, ਅੰਗ 135

53. ਉਹੀ, ਅੰਗ 135

54. ਉਹੀ, ਅੰਗ 134

55. ਉਹੀ, ਅੰਗ 134

56. ਪ੍ਰੋ. ਸਾਹਿਬ ਸਿੰਘ, ਪ੍ਰੋ. ਕੁਲਵੰਤ ਸਿੰਘ, ਉਹੀ, ਪੰਨਾ 33

57. ***ਆਦਿ ਗ੍ਰੰਥ***, ਅੰਗ 133

58. ਡਾ. ਸਤਿੰਦਰ ਸਿੰਘ, ***ਵਿਹਾਰਕ ਸਮੀਖਿਆ***, ਪੰਨਾ 45

59. ***ਫਰੀਦ ਦਰਸ਼ਨ***, ਪੰਨਾ 138-139

60. ***ਕਾਵਿ ਦੇ ਤੱਤ***, ਪੰਨਾ 85

61. "Symbol: The term given to a visible object representing to the mind the resemblance of something which is not shown but realist by association with it. This is conveyeh by the usually associated with the symbol; the palm trank is the symbol of victory and anchor of hope." – ***Encyclopaedia Britannica***, XXVI.

62. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 599

63. ਪਿਆਰਾ ਸਿੰਘ ਪਦਮ, ***ਪੰਜਾਬੀ ਦੁਨੀਆਂ,*** ਸ਼ਿੰਗਾਰ ਅੰਕ (ਅਧਿਆਤਮਕ ਕਾਵਿ ਵਿਚ ਸ਼ਿੰਗਾਰ ਰਸ), ਪੰਨਾ 30

64. ***ਆਦਿ ਗ੍ਰੰਥ***, ਅੰਗ 134

65. ਉਹੀ, ਅੰਗ 133

66. ਉਹੀ, ਅੰਗ 133

67. ਉਹੀ, ਅੰਗ 135

68. ਉਹੀ, ਅੰਗ 135

69. ਉਹੀ, ਅੰਗ 133

70. ਉਹੀ, ਅੰਗ 135

71. ਉਹੀ, ਅੰਗ 135

72. ਉਹੀ, ਅੰਗ 134

73. ਉਹੀ, ਅੰਗ 133

74. ਉਹੀ, ਅੰਗ 133

75. ਉਹੀ, ਅੰਗ 134

76. ਉਹੀ, ਅੰਗ 135

77. ਉਹੀ, ਅੰਗ 136

78. ਉਹੀ, ਅੰਗ 134

79. ਉਹੀ, ਅੰਗ 134

80. ਉਹੀ, ਅੰਗ 134

81. ਉਹੀ, ਅੰਗ 136

82. ਉਹੀ, ਅੰਗ 134

83. ਉਹੀ, ਅੰਗ 136

84. ਉਹੀ, ਅੰਗ 136

85. ਡਾ. ਜਸਬੀਰ ਕੌਰ ਪਰਮਜੀਤ ਸਿੰਘ ਪੰਮੀ (ਸੰਪਾ.), ***ਸ੍ਰੀ ਗੁਰੂ ਅਰਜਨ ਦੇਵ ਜੀ ਜੀਵਨ ਤੇ ਸਖ਼ਸ਼ੀਅਤ ,*** ਪੰਨਾ 73-74

86. ***ਆਦਿ ਗ੍ਰੰਥ***, ਅੰਗ 136

87. ਉਹੀ, ਅੰਗ 136

88. ਉਹੀ, ਅੰਗ 134

89. ਉਹੀ, ਅੰਗ 133

90. ਉਹੀ, ਅੰਗ 133

91. ਉਹੀ, ਅੰਗ 133

92. ਡਾ. ਸ. ਸ. ਵਣਜਾਰਾ ਬੇਦੀ, ***ਗੁਰੂ ਨਾਨਕ ਤੇ ਲੋਕ ਪ੍ਰਵਾਹ,*** ਪੰਨਾ 68-69

93. ਡਾ. ਗੁਰਸ਼ਰਨ ਕੌਰ ਜੱਗੀ, ***ਗੁਰੂ ਅਰਜਨ ਦੇਵ: ਜੀਵਨ ਤੇ ਰਚਨਾ***, ਪੰਨਾ 63

94. ***ਚਿੰਤਾਮਣਿ***, ਭਾਗ 1, ਪੰਨਾ 181

95. ***ਕਾਵਯ ਦਰਪਣ*** (ਹਿੰਦੀ), ਪੰਨਾ 326

96. ਡਾ. ਕਰਤਾਰ ਸਿੰਘ ਸੂਰੀ, ***ਗੁਰੂ ਅਰਜਨ ਦੇਵ : ਕਲਾ ਤੇ ਚਿੰਤਨ***, ਪੰਨਾ 146

97. ਡਾ. ਓਮ ਪ੍ਰਕਾਸ਼ ਆਨੰਦ, ***ਅਲੰਕਾਰ ਵਿਧਾਨ***, ਪੰਨਾ 52

98. ***ਆਦਿ ਗ੍ਰੰਥ,*** ਅੰਗ 133

99. ਉਹੀ, ਅੰਗ 133

100. ਉਹੀ, ਅੰਗ 134

101. ਉਹੀ, ਅੰਗ 134

102. ਉਹੀ, ਅੰਗ 134

103. ਉਹੀ, ਅੰਗ 135

104. ਉਹੀ, ਅੰਗ 135

105. ਉਹੀ, ਅੰਗ 135

106. ਉਹੀ, ਅੰਗ 135

107. ਉਹੀ, ਅੰਗ 135-136

108. ਉਹੀ, ਅੰਗ 136

109. ਉਹੀ, ਅੰਗ 136

110. ਉਹੀ, ਅੰਗ 136

111. ਡਾ. ਗੁਰਸ਼ਰਨ ਕੌਰ ਜੱਗੀ, ***ਭਾਰਤੀ ਕਾਵਿ-ਸ਼ਾਸਤਰ***, ਪੰਨਾ 72

112. ***ਆਦਿ ਗ੍ਰੰਥ***, ਅੰਗ 133

113. ਡਾ. ਗੁਰਸ਼ਰਨ ਕੌਰ ਜੱਗੀ, ***ਭਾਰਤੀ ਕਾਵਿ ਸ਼ਾਸਤਰ***, ਪੰਨਾ 72

114. ***ਆਦਿ ਗ੍ਰੰਥ,*** ਅੰਗ 136

115. ਡਾ. ਓਮ ਪ੍ਰਕਾਸ਼ ਆਨੰਦ, ਉਹੀ, ਪੰਨਾ 60

116. ***ਆਦਿ ਗ੍ਰੰਥ***, ਅੰਗ 133

117. ਉਹੀ, ਅੰਗ 136

118. ਡਾ. ਗੁਰਸ਼ਰਨ ਕੌਰ ਜੱਗੀ, ***ਭਾਰਤੀ ਕਾਵਿ ਸ਼ਾਸਤਰ***, ਪੰਨਾ 75

119. ***ਆਦਿ ਗ੍ਰੰਥ***, ਅੰਗ 133

120. ਉਹੀ, ਅੰਗ 133

121. ਉਹੀ, ਅੰਗ 134

122. ਉਹੀ, ਅੰਗ 134

123. ਉਹੀ, ਅੰਗ 134

124. ਉਹੀ, ਅੰਗ 134

125. ਉਹੀ, ਅੰਗ 134

126. ਉਹੀ, ਅੰਗ 135

127. ਉਹੀ, ਅੰਗ 135

128. ਉਹੀ, ਅੰਗ 135

129. ਉਹੀ, ਅੰਗ 135

130. ਉਹੀ, ਅੰਗ 136

131. ਉਹੀ, ਅੰਗ 136

132. ਉਹੀ, ਅੰਗ 136

133. ਉਹੀ, ਅੰਗ 135

134. ਡਾ. ਕਰਤਾਰ ਸਿੰਘ ਸੂਰੀ, ਉਹੀ, ਪੰਨਾ 154

135. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਕਾਵਿ ਦੇ ਤੱਤ***, ਪੰਨਾ 139

136. ***ਆਦਿ ਗ੍ਰੰਥ***, ਅੰਗ 133

137. ਪ੍ਰੋ. ਸਾਹਿਬ ਸਿੰਘ, ਪ੍ਰੋ. ਕੁਲਵੰਤ ਸਿੰਘ, ਉਹੀ, ਪੰਨਾ 35

138. ***ਆਦਿ ਗ੍ਰੰਥ***, ਅੰਗ 135

139. ਉਹੀ, ਅੰਗ 134

140. ਉਹੀ, ਅੰਗ 135

141. ਉਹੀ, ਅੰਗ 136

142. ਉਹੀ, ਅੰਗ 133

143. ਡਾ. ਗੁਰਸ਼ਰਨ ਕੌਰ ਜੱਗੀ, ***ਗੁਰੂ ਅਰਜਨ ਦੇਵ: ਜੀਵਨ ਤੇ ਰਚਨਾ***, ਪੰਨਾ 124

144. ਉਹੀ, ***ਭਾਰਤੀ ਕਾਵਿ-ਸ਼ਾਸਤਰ***, ਪੰਨਾ 83

145. ***ਆਦਿ ਗ੍ਰੰਥ***, ਅੰਗ 136

146. ਡਾ. ਪ੍ਰੇਮ ਪ੍ਰਕਾਸ਼ ਸਿੰਘ, ਉਹੀ, ਪੰਨਾ 140

147. ***ਆਦਿ ਗ੍ਰੰਥ***, ਪੰਨਾ 133

148. ਉਹੀ, ਅੰਗ 134

149. ਉਹੀ, ਅੰਗ 135

150. ਡਾ. ਪ੍ਰੇਮ ਪ੍ਰਕਾਸ਼ ਸਿੰਘ, ਉਹੀ, ਪੰਨਾ 146

151. ***ਆਦਿ ਗ੍ਰੰਥ***, ਅੰਗ 134

152. ਉਹੀ, ਅੰਗ 134

153. ਡਾ. ਗੁਰਸ਼ਰਨ ਕੌਰ ਜੱਗੀ, ***ਭਾਰਤੀ ਕਾਵਿ ਸ਼ਾਸਤਰ***, ਪੰਨਾ 79-80

154. ***ਆਦਿ ਗ੍ਰੰਥ***, ਅੰਗ 135

155. ਡਾ. ਪ੍ਰੇਮ ਪ੍ਰਕਾਸ਼ ਸਿੰਘ, ਉਹੀ, ਪੰਨਾ 135

156. "Music when combined with a pleasureable idea, is poetry, music, without the idea, is simple music; the idea without the music, is prose, from its very definitions." Edger Allan Poe, ***An Anthology of Critical Statement***, page 6

157. ਡਾ. ਸਤਿੰਦਰ ਸਿੰਘ, ਉਹੀ, ਪੰਨਾ 71

158. ਡਾ. ਮਹੇਂਦਰ ਕੁਮਾਰ, ***ਰੀਤੀ ਕਾਲੀਨ ਕਾਵਿਓ ਕਾ ਕਾਵਿਯ ਸ਼ਿਲਪ***, ਪੰਨਾ 517

159. ਸੋਹਿੰਦਰ ਸਿੰਘ ਬੇਦੀ, ***ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ ਤੱਤ***, ਪੰਨਾ 38

160. ਡਾ. ਗੁਰਸ਼ਰਨ ਕੌਰ ਜੱਗੀ, ***ਭਾਰਤੀ ਕਾਵਿ ਸ਼ਾਸਤਰ***, ਪੰਨਾ 171

161. ਡਾ. ਕਾਲਾ ਸਿੰਘ ਬੇਦੀ, ***ਗੁਰੂ ਨਾਨਕ - ਕਾਵਿ ਕਲਾ***, ਪੰਨਾ 303

162. ਪ੍ਰੋ. ਜੋਗਿੰਦਰ ਸਿੰਘ, ***ਪਿੰਗਲ ਤੇ ਅਰੂਜ਼***, ਪੰਨਾ 33

163. ***ਆਦਿ ਗ੍ਰੰਥ***, ਅੰਗ-133

164. ਪ੍ਰੋ. ਸਾਹਿਬ ਸਿੰਘ ਤੇ ਪ੍ਰੋ. ਕੁਲਵੰਤ ਸਿੰਘ, ਉਹੀ, ਪੰਨਾ 38

165. ਡਾ. ਗੁਰਮੁਖ ਸਿੰਘ, ***ਬਾਰਹਮਾਹ ਦਰਸ਼ਨ***, ਪੰਨਾ 118

166. ਡਾ. ਅੰਮ੍ਰਿਤਲਾਲ, ***ਗੁਰੂ ਅਰਜਨ ਦੇਵ ਜੀਵਨ ਤੇ ਰਚਨਾ***, ਪੰਨਾ 54

ਅਧਿਆਇ ਚੌਥਾ

*

*

*

# ਗੁਰੂ ਅਰਜਨ ਦੇਵ ਰਚਿਤ ਬਾਣੀ ਰੁਤੀ ਦਾ

# ਸੁਹਜ-ਸ਼ਾਸਤਰੀ ਅਧਿਐਨ

(ੳ) ਬਾਣੀ ਰੁਤੀ : ਸਿਧਾਂਤਕ ਪਰਿਪੇਖ

(ਅ) ਬਾਣੀ ਰੁਤੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

(1) ਬਿੰਬ ਸਿਰਜਣਾ

(2) ਪ੍ਰਤੀਕ ਵਿਧਾਨ

(3) ਅਲੰਕਾਰਾਂ ਦਾ ਪ੍ਰਯੋਗ

(4) ਸੰਗੀਤ ਅਤੇ ਲੈਅ

# ਗੁਰੂ ਅਰਜਨ ਦੇਵ ਰਚਿਤ ਬਾਣੀ ਰੁਤੀ ਦਾ

# ਸੁਹਜ-ਸ਼ਾਸਤਰੀ ਅਧਿਐਨ

## (ੳ) ਬਾਣੀ ਰੁਤੀ: ਸਿਧਾਂਤਕ ਪਰਿਪੇਖ

ਪੰਜਾਬੀ ਸਾਹਿਤ ਦਾ ਮੁੱਢਲਾ ਸਮਾਂ 10ਵੀਂ ਸਦੀ ਦੇ ਨੇੜੇ ਤੇੜੇ ਦਾ ਮੰਨਿਆ ਗਿਆ ਹੈ। ਇਸ ਸਾਹਿਤ ਦਾ ਮੁੱਢਲਾ ਰੂਪ, ਲੋਕ ਸਾਹਿਤ ਰੂਪਾਂ ਦੀ ਸ਼ਕਲ ਵਿਚ ਦਿਖਾਈ ਦਿੰਦਾ ਹੈ। ਇਸ ਸਾਹਿਤ ਦੇ ਮੁੱਢਲੇ ਵਿਕਾਸ ਵਿਚ ਅਧਿਆਤਮਿਕ ਸ਼ਿੰਗਾਰ ਅਤੇ ਬੀਰ ਰੂਪ ਵਧੇਰੇ ਅਹਿਮ ਬਣੇ ਹਨ। ਅਧਿਆਤਮਿਕ ਪਰੰਪਰਾ ਵਿਚ ਸੂਫ਼ੀ ਰੂਪ ਵਧੇਰੇ ਅਹਿਮ ਬਣੇ ਹਨ। ਅਧਿਆਤਮਿਕ ਪਰੰਪਰਾ ਵਿਚ ਸੂਫ਼ੀ ਅਤੇ ਗੁਰਮਤਿ ਸ਼ਿੰਗਾਰ ਵਿਚ ਕਿੱਸਾ ਕਾਵਿ ਅਤੇ ਬੀਰ ਵਿਚ ਵਾਰ ਕਾਵਿ ਦਾ ਮੁੱਖ ਤੌਰ ਤੇ ਵਰਣਨ ਆਉਂਦਾ ਹੈ।

ਗੁਰਮਤਿ ਸਾਹਿਤ ਆਪਣੇ ਸਥਾਨਕ ਮੁੱਲਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਮਹੱਤਵਪੂਰਨ ਸਾਹਿਤ ਹੈ। ਇਸ ਸਾਹਿਤ ਦੀ ਸਾਰਥਕਤਾ ਕੇਵਲ ਕੁਲ ਕਾਰਜਾਂ ਤੱਕ ਹੀ ਸੀਮਤ ਹੋ ਕੇ ਨਹੀਂ ਰਹਿ ਜਾਂਦੀ ਸਗੋਂ ਇਕ ਤੋਂ ਵੱਧ ਦਿਸ਼ਾਵਾਂ ਵੱਲ ਸੰਕੇਤ ਵੀ ਕਰਦੀ ਹੈ। ਇਸ ਸਾਹਿਤ ਦੇ ਆਪਣੇ ਵਿਸ਼ੇਸ਼ ਅਤੇ ਵਿਲੱਖਣ ਸਾਹਿਤਕ ਕਾਵਿ ਰੂਪ ਹਨ, ਜੋ ਇਸਦੀ ਸਭਿਆਚਾਰਕ ਅਤੇ ਸਮਾਜਿਕ ਪਛਾਣ ਦਾ ਹੀ ਇਕ ਅੰਗ ਹਨ। ਸਾਹਿਤਕ ਕਾਵਿ ਰੂਪ ਆਪਣੀ ਦੀਰਘ ਇਤਿਹਾਸਕ ਪਰੰਪਰਾ ਸਦਕਾ ਹੀ ਕਿਸੇ ਵੀ ਸਭਿਆਚਾਰਕ ਵਿਰਸੇ ਦੀ ਖਾਸ ਪਛਾਣ ਸਾਬਤ ਹੁੰਦੇ ਹਨ। ਗੁਰਮਤਿ ਸਾਹਿਤ ਦੇ ਕਾਵਿ ਰੂਪਾਂ ਵਿਚ ਨਵੇਂ ਅਨੁਭਵ ਦਾ ਸੰਚਾਰ, ਨਵੀਂ ਚੇਤਨਾ, ਨਵੀਂ ਸੰਵੇਦਨਾ ਅਤੇ ਨਵੀਨਤਾ ਦੇ ਪੱਖ ਅਹਿਮ ਰਹੇ ਹਨ। ਇਸ ਨਾਲ ਕਵਿਤਾ ਆਨੰਦ ਵੀ ਦਿੰਦੀ ਹੈ ਅਤੇ ਸਾਡੀ ਜੀਵਨ ਦ੍ਰਿਸ਼ਟੀ ਤੇ ਸੰਵੇਦਨਾਤਮਕਤਾ ਵਿਚ ਪਰਿਵਰਤਨ ਵੀ ਲਿਆਂਦੀ ਹੈ।

ਗੁਰਮਤਿ ਸਾਹਿਤ ਦਾ ਪ੍ਰਮੁੱਖ ਸੋਮਾ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਵਿਲੱਖਣ ਸੰਪਾਦਿਤ ਕਿਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਧਰਮ, ਦਰਸ਼ਨ, ਸਾਹਿਤ ਅਤੇ ਸਭਿਆਚਾਰ ਦੀ ਅਨਮੋਲ ਅਤੇ ਪਵਿੱਤਰ ਵਿਰਾਸਤ ਹੈ। ਇਸ ਗ੍ਰੰਥ ਵਿਚ ਸੰਕਲਿਤ ਬਾਣੀ ਆਪਣੇ ਵਿਸ਼ਿਸ਼ਟ ਰੂਪ ਅਤੇ ਵਿਧਾਨ ਵਿਚ ਪ੍ਰਤੱਖ ਹੁੰਦੀ ਹੈ। ਜਿਸਦੀ ਰਚਨਾ ਪ੍ਰਕਿਰਿਆ

ਅਧੀਨ ਕਾਵਿ ਰੂਪਾਂ ਅਤੇ ਗਾਇਨ ਰੂਪਾਂ ਦਾ ਸੰਯੁਕਤ ਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੇ ਕਾਵਿ ਰੂਪ ਜਿਥੇ ਪਰੰਪਰਿਕ ਇਤਿਹਾਸਿਕਤਾ ਦੇ ਧਾਰਨੀ ਹੈ ਉਥੇ ਬਾਣੀ ਚਿੰਤਨ ਦੀਆਂ ਸੀਮਾਵਾਂ ਦੇ ਪਾਸਾਰ ਵਿਚ ਬੱਝੇ ਹੋਏ ਇਕ ਵਿਲੱਖਣ ਹੋਂਦ ਦੇ ਪ੍ਰਤੀਕ ਬਣਦੇ ਹਨ। ਇਹਨਾਂ ਕਾਵਿ ਰੂਪਾਂ ਦੀ ਆਪਣੀ ਸਥਾਨਕ ਅਤੇ ਸਭਿਆਚਾਰਿਕ ਵਿਸ਼ੇਸ਼ਤਾ ਹੈ, ਜਿਸਦੇ ਕਲਾਗਤ ਗੁਣ ਇਹਨਾਂ ਨੂੰ ਵਿਸ਼ੇਸ਼ ਦਰਜਾ ਪ੍ਰਦਾਨ ਕਰਦੇ ਹਨ।

ਗੁਰੂ ਕਵੀਆਂ ਨੇ ਵਧੇਰੇ ਕਾਵਿ ਰੂਪ ਪੰਜਾਬੀ ਸਭਿਆਚਾਰ ਵਿਚੋਂ ਲਏ ਹਨ ਅਤੇ ਉਹਨਾਂ ਨੇ ਇਨ੍ਹਾਂ ਕਾਵਿ ਰੂਪਾਂ ਨੂੰ ਆਪਣੀ ਮੌਲਿਕਤਾ ਅਤੇ ਅਨੁਭਵ ਸਦਕਾ ਪ੍ਰਭਾਵਸ਼ਾਲੀ ਰੂਪ ਵਿਚ ਵਿਅਕਤ ਕੀਤਾ ਹੈ। ਇਹ ਕਾਵਿ ਰੂਪ ਅਮੂਰਤ ਰੂਪ ਵਿਚ ਖਿੱਚ ਪਾਉਂਦੇ ਹਨ ਅਤੇ ਵਿਆਖਿਆ ਅਭਿਵਿਅਕਤੀ ਲਈ ਇਕ ਯਤਨ ਵਜੋਂ ਵੀ ਪੇਸ਼ ਹੋਏ ਹਨ। ਗੁਰੂ ਸਾਹਿਬਾਨ ਨੇ 'ਕਾਵਿ ਨੂੰ ਕਾਵਿ ਦੀ ਖਾਤਰ' ਨੂੰ ਕੋਈ ਮਹੱਤਵ ਨਹੀਂ ਦਿੱਤਾ ਸਗੋਂ ਉਨ੍ਹਾਂ ਨੇ ਤਾਂ ਕਾਵਿ ਨੂੰ ਕਿਸੇ ਵਿਸ਼ੇਸ਼ ਉਦੇਸ਼ ਦੀ ਪੂਰਤੀ ਦੇ ਇਕ ਸਾਧਨ ਵਜੋਂ ਵਰਤਿਆ ਹੈ। ਗੁਰੂ ਕਵੀਆਂ ਨੇ ਆਪਣੀ ਅਧਿਆਤਮਿਕ ਵਿਚਾਰਧਾਰਾ, ਸਮਾਜਿਕ ਸਾਰਥਕਤਾ ਅਤੇ ਪ੍ਰੇਮਾ ਭਗਤੀ ਦੇ ਪ੍ਰਚਾਰ ਲਈ ਇਨ੍ਹਾਂ ਕਾਵਿ ਰੂਪਾਂ ਨੂੰ ਜਨ ਸਧਾਰਨ ਦੀ ਭਲਾਈ ਹਿੱਤ ਪੇਸ਼ ਕੀਤਾ ਹੈ। ਇਨ੍ਹਾਂ ਕਾਵਿ ਰੂਪਾਂ ਦੀ ਸਾਰਥਕਤਾ ਦਾ ਇਕ ਪੱਖ ਇਹ ਵੀ ਹੈ ਕਿ ਇਨ੍ਹਾਂ ਤੋਂ ਆਤਮਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ।'[1]

ਡਾ. ਮਹਿੰਦਰ ਕੌਰ ਗਿੱਲ ਗੁਰੂ ਸਾਹਿਤ ਵਿਚ ਵਰਤੇ ਗਏ ਕਾਵਿ ਰੂਪਾਂ ਦੀ ਵਿਸ਼ਾਲਤਾ ਅਤੇ ਮਹੱਤਤਾ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਥੀਮਾਤਮਕ ਇਕਸੁਰਤਾ ਆਪਣੀ ਚਰਮ ਸੀਮਾ ਨੂੰ ਪ੍ਰਾਪਤ ਹੈ ਉਥੇ ਇਸ ਵਿਚਲਾ ਰੂਪ-ਪ੍ਰਬੰਧ ਅਪਾਰ ਵੰਨ-ਸੁਵੰਨਤਾ ਦਾ ਲਖਾਇਕ ਹੈ। ਇਸ ਵਿਚ ਸੰਪਾਦਕੀ ਜੁਗਤਾਂ ਦੀ ਅਨੇਕਤਾ ਵੇਖਣ ਵਾਲੀ ਹੈ। ਸਾਹਿਤਕ ਰੂਪ ਅਤੇ ਲੋਕ ਸ਼ੈਲੀਆਂ ਨੂੰ ਰੂਪਮਾਨ ਕਰਨ ਵਾਲੇ ਲੋਕ ਰੂਪ ਵੀ ਬਹੁਮੁੱਖੀ ਹਨ। ਇਸ ਦਾ ਰੂਪ-ਪ੍ਰਬੰਧ ਨਾ ਤਾਂ ਪੂਰਨ ਰੂਪ ਵਿਚ ਸੰਸਕਿਤ ਕਾਵਿ-ਸ਼ਾਸਤਰ ਦਾ ਅਨੁਸਾਰੀ ਹੈ ਅਤੇ ਨਾ ਇਕ ਸੁਨਿਸ਼ਚਿਤ ਪ੍ਰਬੰਧ ਵਿਚ ਬੱਝੇ ਦਰਸ਼ਨ ਗ੍ਰੰਥ ਵਾਲਾ। ਇਸਦੀ ਦਿੱਖ ਦਾਰਸ਼ਨਿਕ ਜ਼ਰੂਰ ਹੈ ਪਰ ਇਹ ਤਾਂ ਦਰਸ਼ਨ-ਸ਼ਾਸਤਰ ਨਾਲ ਜੁੜੇ ਬਹੁ ਵਿਧ ਸੰਕਲਪਾਂ ਨਾਲ ਸਰਾਬੋਰ ਹੈ। ਦਰਅਸਲ ਬਾਣੀ, ਅਧਿਆਤਮਿਕ ਅਨੁਭਵ ਨੂੰ ਰਹੱਸਾਤਮਿਕ ਰੰਗਣ ਵਿਚ ਰੂਪਮਾਨ ਕਰਨ ਲਈ ਜਦੋਂ ਕਾਵਿ ਜੁਗਤਾਂ ਨੂੰ

ਮਾਧਿਅਮ ਬਣਾਉਂਦੀ ਹੈ। ਉਸ ਵੇਲੇ ਦਰਸ਼ਨ, ਸੰਗੀਤ, ਲੋਕ ਸੰਸਕ੍ਰਿਤੀ ਦੇ ਕਾਵਿ ਜੁਗਤਾਂ ਦੇ ਸੰਜੁਗਤੀਕਰਨ ਤੋਂ ਬਾਣੀ ਰੂਪ ਉਦੈ ਹੁੰਦਾ ਹੈ।[2]

ਗੁਰਮਤਿ ਕਾਵਿ ਵਿਚ ਲਗਭਗ ਸਾਰੇ ਗੁਰੂ ਸਾਹਿਬਾਨਾਂ ਨੇ ਕਾਵਿ ਰੂਪਾਂ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਕਾਵਿ ਉਦੇਸ਼ ਦੀ ਪੂਰਤੀ ਲਈ ਉਹੀ ਕਾਵਿ ਰੂਪ ਵਰਤੇ ਹਨ ਜਿਹੜੇ ਆਮ ਲੋਕਾਂ ਵਿਚ ਪ੍ਰਚਲਿਤ ਸਨ। ਜਨ ਜੀਵਨ ਵਿਚੋਂ ਬਿੰਬ ਸਿਰਜ ਕੇ ਅਨੇਕਾਂ ਸੁੰਦਰ ਅਲੰਕਾਰਾਂ ਰਾਹੀਂ ਜਨ ਸਧਾਰਨ ਨੂੰ ਉਸ ਅਲੌਕਿਕ ਪਰਮ ਪਿਤਾ ਪਰਮਾਤਮਾ ਨਾਲ ਮੇਲਣ ਦਾ ਮਾਰਗ ਦਿਖਾਇਆ ਹੈ। ਉਨ੍ਹਾਂ ਦੀ ਰਚਿਤ ਬਾਣੀ ਨੂੰ ਪ੍ਰਮੁੱਖ ਤੌਰ 'ਤੇ ਚਾਰ ਭਾਗਾਂ ਵੱਡ-ਅਕਾਰੀ ਰਚਨਾਵਾਂ (ਸੁਖਮਨੀ, ਬਾਵਨ ਅਖਰੀ, ਬਾਰਹਮਾਹਾ, ਰੁਤੀ, ਥਿਤੀ), ਲਘੂ-ਆਕਾਰੀ ਰਚਨਾਵਾਂ (ਪਹਰੈ, ਦਿਨ ਰੈਣਿ, ਬਿਰਹੜੇ, ਗੁਣਵੰਤੀ, ਅੰਜਲੀਆਂ), ਵਾਰਾਂ (ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ), ਮੁਕਤਕ ਰਚਨਾਵਾਂ (ਚਉਪਦੇ, ਛੰਤ, ਸੋਹਲੇ, ਅਸਟਪਦੀਆਂ, ਪਉੜੀਆਂ, ਸਵੱਯੇ ਆਦਿ) ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ। ਇਸੇ ਸੰਦਰਭ ਵਿਚ ਸ. ਸ. ਵਣਜਾਰਾ ਬੇਦੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਬਾਰੇ ਚਰਚਾ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੀਆਂ ਰਚਨਾਵਾਂ ਦੇ ਨਾਉਂ ਨਾਮਾਵਲੀ ਨੂੰ ਵਾਚਿਆਂ ਸਭ ਤੋਂ ਪਹਿਲੀ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਲਗਪਗ ਸਭ ਰਚਨਾਵਾਂ ਦੇ ਨਾਉਂ ਲੋਕਧਾਰਾ ਵਿਚੋਂ ਹੀ ਲਏ ਗਏ ਹਨ। ਉਨ੍ਹਾਂ ਦੇ ਪਦੇ ਅਸਟਪਦੀਆਂ ਤੇ ਛੰਤਾਂ ਨੂੰ ਛੱਡ ਕੇ ਬਾਕੀ ਸਾਰੀਆਂ ਰਚਨਾਵਾਂ ਦੇ ਸਿਰਲੇਖ ਇਹ ਹਨ - ਪਹਿਰੇ, ਬਾਰਹ ਮਾਹਾ, ਦਿਨ ਰੈਣਿ, ਬਾਵਨ ਅਖਰੀ, ਸੁਖਮਨੀ, ਥਿਤੀ, ਬਿਰਹੜੇ, ਗੁਣਵੰਤੀ, ਰੁਤੀ, ਅੰਜਲੀਆਂ, ਸੋਹਲੇ, ਗਾਥਾ, ਫੁਨਹੇ, ਚਉਬਲੇ, ਸਵੱਈਏ, ਮੁੰਦਾਵਣੀ ਤੇ ਵਾਰਾਂ। ਇਹ ਸਾਰੇ ਸਿਰਲੇਖ ਪੰਜਾਬੀਆਂ ਦੇ ਕਿਸੇ ਸੰਸਕਾਰ ਨਾਲ ਸੰਬੰਧਿਤ ਹਨ ਤੇ ਬਹੁਤੇ ਸਮਕਾਲੀ ਲੋਕ ਕਾਵਿ ਵਿਚੋਂ ਹੀ ਅਪਣਾਏ ਗਏ ਹਨ। ਪਹਿਰੇ, ਬਾਰਹ ਮਾਹਾ, ਦਿਨ-ਰੈਣਿ, ਰੁਤੀ, ਥਿਤੀ ਆਦਿ ਰਚਨਾਵਾਂ ਦੇ ਨਾਉਂ ਤਾਂ ਲੋਕ ਕਾਵਿ ਰੂਪਾਂ ਦੇ ਨਾਉਂ ਉੱਤੇ ਹੀ ਰੱਖੇ ਗਏ ਹਨ। ਇਹ ਕਾਵਿ-ਰੂਪ ਕਾਲ ਵਿੱਥ ਉੱਥੇ ਅਧਾਰਿਤ ਹਨ ਤੇ ਇਨ੍ਹਾਂ ਦਾ ਮੁੱਢ ਉਹਨਾਂ ਰਹੁ-ਰੀਤੀਆਂ ਤੋਂ ਬੱਝਿਆ ਹੈ, ਜੋ ਕਿਸੇ ਸਮੇਂ ਹਰ ਮਹੀਨੇ ਦੀ ਸੰਗਰਾਂਦ, ਚੰਦਰ-ਮਾਸ ਦੀ ਪਹਿਲੀ ਥਿਤ ਜਾਂ ਨਵੀਂ ਰੁੱਤ ਦੇ ਆਰੰਭ ਆਦਿ ਵਿਚ ਕੀਤੀਆਂ ਜਾਂਦੀਆ ਹਨ।[3]

ਡਾ. ਸਤਿੰਦਰ ਸਿੰਘ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਲੋਕਧਾਰਾ ਰੂਪਾਂਤਰਨ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:

> ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੋਕਧਾਰਾ ਦਾ ਰੂਪਾਂਤਰਨ ਵਿਸ਼ੇਸ਼ ਮਹੱਤਾ ਦਾ ਲਖਾਇਕ ਹੈ। ਇਹ ਰੂਪਾਂਤਰਨ ਪੰਜਾਬੀ ਕਾਵਿ ਦੇ ਇਤਿਹਾਸ ਦੀ ਬੜੀ ਸਾਰਥਕ ਅਤੇ ਮਹੱਤਵਪੂਰਨ ਘਟਨਾ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਪੰਜਾਬੀ ਲੋਕ ਕਾਵਿ ਰੂਪਾਂ ਦੇ ਨਾਂ ਵਰਤੇ ਹਨ, ਉਨ੍ਹਾਂ ਦੀ ਪ੍ਰਕਿਰਤੀ ਤੇ ਕਾਵਿਕ ਜੁਗਤਾਂ ਦਾ ਕੁਝ ਕੁ ਪ੍ਰਭਾਵ ਕਬੂਲਿਆ ਹੈ, ਪਰ ਉਸ ਦੀਆਂ ਹੋਰ ਰੂਪਾਂਤਮਿਕ ਵਿਸ਼ੇਸ਼ਤਾਵਾਂ ਦਾ ਨਿਰਮਾਣ ਆਪਣੀ ਮੌਲਿਕ ਦ੍ਰਿਸ਼ਟੀ ਅਤੇ ਕਾਵਿ ਕਲਾ ਰਾਹੀਂ ਕੀਤਾ ਹੈ। ਇਸ ਤਰ੍ਹਾਂ ਲੋਕ ਪਰੰਪਰਾ ਦੇ ਇਹ ਕਾਵਿ ਰੂਪ ਉਹਨਾਂ ਲਈ ਇਕ ਹਵਾਲਾ ਜਾਂ ਅਰੰਭ ਬਿੰਦੂ ਦਾ ਰੂਪ ਹੀ ਰਖਦੇ ਹਨ। ਇਨ੍ਹਾਂ ਦੀ ਰਚਨਾਤਮਿਕ ਵਿਸ਼ੇਸ਼ਤਾ ਉਨ੍ਹਾਂ ਨੇ ਖੁਦ ਸਿਰਜੀ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਕਾਵਿ ਦੇ ਸਰਲ ਰੂਪਾਂ ਨੂੰ ਰੂਪਾਂਤਰਿਤ ਕਰਕੇ ਸਾਹਿਤਕ ਕਾਵਿ ਰੂਪਾਂ ਅਤੇ ਉਦਾਤ ਰੂਪਾਂ ਵਿਚ ਤਬਦੀਲ ਕਰ ਦਿੱਤਾ ਹੈ।[4]

ਅਸੀਂ ਆਪਣੇ ਇਸ ਅਧਿਆਇ ਨੂੰ ਪ੍ਰਮੁੱਖ ਰੱਖਦੇ ਹੋਏ ਗੁਰੂ ਅਰਜਨ ਦੇਵ ਰਚਿਤ ਬਾਣੀ ਰੁਤੀ ਦਾ ਸੁਹਜ-ਸ਼ਾਸਤਰੀ ਅਧਿਐਨ ਕਰਾਂਗੇ। ਭਾਰਤੀ ਸਾਹਿਤ ਵਿਚ ਰੁੱਤਾਂ ਨੂੰ ਆਧਾਰ ਬਣਾ ਕੇ ਕਾਵਿ ਰਚਨਾ ਕਰਨ ਦੀ ਪ੍ਰਾਚੀਨ ਵਿਧੀ ਹੈ। ਭਾਰਤੀ ਕਾਵਿ ਵਿਚ "ਖਟ ਰਿਤੂ ਵਰਣਨ" ਇਕ ਸੁਤੰਤਰ ਕਾਵਿ ਰੂਪ ਹੈ ਜਿਸ ਦਾ ਮੋਢੀ ਕਵੀ ਕਾਲੀ ਦਾਸ ਨੂੰ ਮੰਨਿਆ ਗਿਆ ਹੈ। ਰੁਤੀ ਚੰਦਰਮਾ ਦੀਆਂ ਥਿਤਾਂ ਦੀ ਬਜਾਏ ਸਾਲ ਦੀਆਂ ਵਿਭਿੰਨ ਰੁੱਤਾਂ ਦਾ ਪਿਛੋਕੜ ਉਸਾਰ ਕੇ ਜੀਵਾਤਮਾ ਦੀ ਆਪਣੇ ਅੰਸ਼ੀ ਨੂੰ ਮਿਲਨ ਦੀ ਤੀਬਰ ਸਿੱਕ ਦਾ ਪ੍ਰਗਟਾਵਾ ਕਰਨ ਵਾਲੀ ਬਾਣੀ ਹੈ। ਡਾ. ਕੁਲਦੀਪ ਸਿੰਘ ਧੀਰ ਆਪਣੀ ਪੁਸਤਕ 'ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ' ਵਿਚ ਰੁਤੀ ਰੂਪਾਕਾਰ ਬਾਰੇ ਲਿਖਦੇ ਹਨ:

ਖਟ-ਰਿਤੂ ਭਾਰਤੀ ਕਾਵਿ ਸਾਹਿਤ ਦਾ ਇਕ ਅਤਿ ਪੁਰਾਣਾ ਕਾਵਿ ਰੂਪ ਹੈ। ਸੰਸਕ੍ਰਿਤ ਗ੍ਰੰਥਾਂ ਵਿਚ ਮਹਾਂ ਕਾਵਿ ਦੇ ਲੱਛਣ ਨਾਇਕ/ਨਾਇਕਾਂ ਦੀਆਂ ਖੁਸ਼ੀਆਂ ਗਮੀਆਂ ਨੂੰ ਖਟ ਰਿਤੂ ਵਰਣਨ ਦੁਆਰਾ ਅੰਕਿਤ ਕੀਤਾ ਜਾਂਦਾ ਰਿਹਾ ਹੈ। ਕਾਲੀ ਦਾਸ ਦੇ ਮਹਾਂਕਾਵਿ ਰਘੂਵੰਸ਼ ਵਿਚ ਖਟ-ਰਿਤੂ ਵਰਣਨ ਕਿਸੇ ਕਾਰਜ ਦੀ ਪੂਰਤੀ ਕਰਦਾ ਹੈ। ਕਾਲੀ ਦਾਸ ਦੀ ਰਿਤੂ-ਸੰਹਾਰ ਨਾਮ ਦੀ ਸੁਤੰਤਰ ਰਚਨਾ

ਰੁੱਤਾਂ ਦੀ ਪ੍ਰਕਿਰਤੀ ਚਿਤਰਣ ਦੀ ਪਿਠ-ਭੂਮੀ ਵਿਚ ਪ੍ਰੇਮੀ/ਪ੍ਰੇਮਿਕਾ ਦਾ ਮਨੋ-ਚਿੱਤਣ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਰਦੀ ਹੈ।[5]

ਇਸ ਕਾਵਿ ਦੀ ਸਰਵ ਪ੍ਰਥਮ ਵਰਤੋਂ ਪੰਜਾਬੀ ਕਾਵਿ ਵਿਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਕੀਤੀ। ਉਨ੍ਹਾਂ ਨੇ ਇਸ ਕਾਵਿ ਰੂਪ ਨੂੰ ਰੁਤੀ ਦਾ ਨਾਮ ਦਿੱਤਾ ਹੈ ਜੋ ਰਾਗ ਰਾਮਕਲੀ ਅਧੀਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਗ 927 ਤੋਂ 929 ਤੇ ਦਰਜ ਹੈ। ਗੁਰੂ ਸਾਹਿਬ ਦੁਆਰਾ ਰਚਿਤ ਰੁਤੀ ਅੱਠ ਛੰਤ ਹਨ। ਹਰ ਛੰਤ ਦੀਆਂ ਛੇ ਤੁਕਾਂ ਹਨ। ਹਰ ਬੰਦ ਵਿਚ ਦੋ ਦੋ ਸਲੋਕ ਦਰਜ ਹਨ। ਸਾਰੇ ਸਲੋਕ ਦੋ ਤੁਕੇ ਹਨ। ਪਹਿਲਾ ਛੰਤ ਤੇ ਸਲੋਕ ਮੰਗਲਾਚਰਣ ਵਜੋਂ ਦਰਜ ਹੈ। ਅਖੀਰਲਾ ਛੰਤ ਸ਼ੁਕਰਾਨੇ ਦਾ ਹੈ। ਵਿਚਕਾਰ ਛੇ ਛੰਤ ਭਾਰਤੀ ਪਰੰਪਰਾ ਅਨੁਸਾਰ ਛੇ ਰੁੱਤਾਂ, ਬਸੰਤ, ਗ੍ਰੀਖਮ, ਵਰਖਾ, ਸਰਦੀ, ਸ਼ਿਸ਼ਿਰ ਤੇ ਹੇਮੰਤ ਦਾ ਵਰਣਨ ਆਪਣੇ ਅਧਿਆਤਮਿਕ ਸੰਦੇਸ਼ ਦੇ ਸੰਚਾਰ ਹਿੱਤ ਕਰਦੇ ਹਨ। Encyclopaedic Dictionary of Punjabi Literature, Volume-II ਅਨੁਸਾਰ:

> ਰੁਤੀ, ਰੁੱਤ ਦਾ ਬਹੁਵਚਨ ਹੈ। ਸਲੋਕ ਥੀਮ ਦੀ ਹਲਕੀ ਜਿਹੀ ਜਾਣਕਾਰੀ ਦਿੰਦੇ ਹਨ ਪਰ ਪੈਰੇ ਜਿਹਨਾਂ ਨੂੰ ਇਥੇ ਛੰਤ ਆਖਿਆ ਗਿਆ ਹੈ, ਪੂਰੀ ਵਿਆਖਿਆ ਕਰਦੇ ਹਨ। ਮੂਲ ਰੂਪ ਵਿਚ ਇਹ ਅਧਿਆਤਮਕ ਰਚਨਾ ਮਨੁੱਖ ਨੂੰ ਉਸ ਪਰਮਾਤਮਾ ਨਾਲ ਮਿਲਾਪ ਲਈ ਜ਼ੋਰ ਪਾਉਂਦੀ ਹੈ।[6]

ਮੂਲ ਰੂਪ ਵਿਚ 'ਖਟ-ਰਿਤੂ' ਜਾਂ 'ਰੁਤੀ' ਦਾ ਸਬੰਧ ਬਿਰਤਾਂਤਕ ਜਾਂ ਵਰਣਨਾਤਮਕ ਕਾਵਿ ਨਾਲ ਹੈ। ਇਸ ਵਿਚ ਪੇਸ਼ ਵਰਣਨ ਯਥਾਰਥ ਨਾਲ ਵੀ ਸੰਬੰਧਿਤ ਹੋ ਸਕਦਾ ਹੈ ਅਤੇ ਸੂਖਮ ਅਧਿਆਤਮ ਨਾਲ ਵੀ। ਇਸ ਲਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਣੀ 'ਰੁਤੀ' ਇਕ ਰੂਪਕ ਰਚਨਾ ਹੈ। ਜਿਸ ਵਿਚ ਪ੍ਰਭੂ-ਪਤੀ ਦੇ ਮਿਲਾਪ ਨਾਲ ਸੰਬੰਧਿਤ ਵਿਭਿੰਨ ਪੜਾਵਾਂ ਦਾ ਉਲੇਖ ਕੀਤਾ ਗਿਆ ਹੈ। ਡਾ. ਮਹਿੰਦਰ ਕੌਰ ਗਿੱਲ ਗੁਰੂ ਅਰਜਨ ਸਾਹਿਬ ਦੀ ਇਸ ਗੌਰਵਮਈ ਰਚਨਾ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਆਖਦੇ ਹਨ:

> ਸ਼ਬਦਾਰਥ ਅਨੁਸਾਰ ਗੁਰੂ ਅਰਜਨ ਦੇਵ ਭੂਮਿਕਾ ਦੇ ਤੌਰ ਤੇ ਕਹਿੰਦੇ ਹਨ ਕਿ ਹਰੀ ਨੂੰ ਕਿਸੇ ਖਾਸ ਰੁੱਤ ਵਿਚ ਗਾਉਣ ਦੀ ਥਾਂ ਨਿਤ ਗਾਉਣਾ ਚਾਹੀਦਾ ਹੈ। ਇਨ੍ਹਾਂ ਰੁੱਤਾਂ ਵਿਚ ਕੁਝ ਨਹੀਂ

ਪਿਆ ਹੋਇਆ। ਰੁੱਤ ਉਹੀ ਸੁਹਾਣੀ ਹੈ ਜਿਸ ਵਿਚ ਹਰੀ ਦੇ ਗੁਣ ਗਾਏ ਜਾਣ। ਰੁਤੀ ਵਿਚ ਅੰਕਿਤ ਸਲੋਕ ਪ੍ਰਭੂ ਪਰਾਇਣ ਹੋਣਾ ਦ੍ਰਿੜ ਕਰਾਉਂਦੇ ਹਨ। ਹਾਲਾਂਕਿ ਛੰਤ ਵਿਚ ਛੇ ਰੁੱਤਾਂ ਦਾ ਪ੍ਰਕਿਰਤੀ ਚਿਤਰਣ ਹੈ। ਪ੍ਰਕਿਰਤੀ ਚਿਤਰਣ ਵਾਲੀਆਂ ਰਚਨਾਵਾਂ ਜਿਹਾ ਕਿ ਬਾਰਾਂਮਾਹ ਆਦਿ ਅਕਸਰ ਬਸੰਤ ਰੁੱਤ ਨਾਲ ਆਰੰਭ ਹੁੰਦਾ ਹੈ। ਇਸ ਤਰ੍ਹਾਂ ਇਸ ਰਚਨਾ ਦਾ ਆਰੰਭ ਵੀ ਬਸੰਤ ਰੁੱਤ ਨਾਲ ਕੀਤਾ ਗਿਆ ਹੈ। ਕਿਸੇ ਹੋਰ ਗੁਰੂ ਨੇ ਇਸ ਤਰ੍ਹਾਂ ਦੀ ਕਾਵਿ ਰਚਨਾ ਨਹੀਂ ਕੀਤੀ। ਰੁਤੀ ਰਚਨਾ ਦਾ ਪਹਿਲਾ ਛੰਤ ਮੰਗਲ ਰੂਪ ਹੈ ਤੇ ਅੰਤਿਮ ਛੰਤ ਵਿਚ ਜਿਨ੍ਹਾਂ ਜੀਵਾਂ ਦੇ ਹਿਰਦੇ ਵਿਚ ਪ੍ਰਭੂ-ਚਰਨਾਂ ਦਾ ਨਿਵਾਸ ਹੋ ਜਾਂਦਾ ਹੈ, ਉਨ੍ਹਾਂ ਦੀ ਮਨੋਬਿਰਤੀ ਦਾ ਉਲੇਖ ਕੀਤਾ ਗਿਆ ਹੈ। ਅਜਿਹੇ ਜੀਵਾਂ ਦੇ ਸਾਰੇ ਕਲੇਸ਼ ਮਿਟ ਜਾਂਦੇ ਹਨ ਤੇ ਪ੍ਰਾਣ ਪਿਆਰਾ ਪ੍ਰਭੂ ਇਕ ਤਿਲ ਜਿੰਨਾ ਵੀ ਨਹੀਂ ਵਿਸਰਦਾ। ਬਾਕੀ ਦੇ ਛੇ ਛੰਤਾਂ ਨੂੰ ਦੋ-ਦੋ ਮਹੀਨਿਆਂ ਦਾ ਗੁਟ ਬਣਾ ਕੇ ਬਾਰਾਂ ਮਹੀਨਿਆਂ ਵਿਚ ਵੰਡਿਆ ਗਿਆ ਹੈ। ਛੇ ਰੁੱਤਾਂ ਦਾ ਵਰਣਨ ਛੇ ਛੰਤਾਂ ਵਿਚ ਕੀਤਾ ਗਿਆ ਹੈ। ਚੇਤਰ ਵਿਸਾਖ ਦੀ ਬਸੰਤ ਰੁੱਤ ਨੂੰ ਸਾਹਮਣੇ ਰੱਖ ਕੇ ਪ੍ਰਭੂ ਨੂੰ ਸਾਰੀ ਬਨਾਸਪਤੀ, ਸ੍ਰਿਸ਼ਟੀ ਅਤੇ ਆਪਣੇ ਹਿਰਦੇ ਵਿਚ ਮਉਲਿਆ ਪ੍ਰਤੀਤ ਕੀਤਾ ਗਿਆ ਹੈ ਜਿਸਦੇ ਅਨੁਭਵ ਨਾਲ ਸਾਰੇ ਦੁੱਖਾਂ ਦਾ ਤ੍ਰਾਸ ਮਿਟ ਜਾਂਦਾ ਹੈ। ਜੇਠ ਹਾੜ ਦੀ ਗ੍ਰੀਖਮ ਰੁੱਤ ਦੇ ਰੂਪਕ ਰਾਹੀਂ ਦੱਸਿਆ ਹੈ ਕਿ ਜਿਨ੍ਹਾਂ ਉੱਪਰ ਪ੍ਰਭੂ-ਕ੍ਰਿਪਾ-ਦ੍ਰਿਸ਼ਟੀ ਨਹੀਂ ਹੁੰਦੀ, ਉਨ੍ਹਾਂ ਦੁਹਾਗਣੀਆਂ ਨੂੰ ਪ੍ਰਭੂ-ਪ੍ਰੇਮ ਦਾ ਵਿਜੋਗ ਸਹਾਰਨਾ ਪੈਂਦਾ ਹੈ। ਅਜਿਹੀਆ ਜੀਵ ਰੂਪੀ ਇਸਤਰੀਆਂ ਹੰਕਾਰ ਕਰਕੇ ਲੁੱਟੀਆਂ ਜਾਂਦੀਆਂ ਹਨ। ਪ੍ਰਭੂ ਵਿਯੋਗ ਦੇ ਝੋਰੇ ਵਿਚ ਮਰਦੀਆ ਹਨ ਤੇ ਜਮਾਂ ਦੀ ਤਾੜਨਾ ਸਹਿੰਦੀਆਂ ਹਨ। ਸਾਵਣ-ਭਾਦਰੋਂ ਦੀ ਬਰਖਾ ਰੁੱਤ ਨੂੰ ਬੜਾ ਸੁਹਾਵਣਾ ਦੱਸਿਆ ਹੈ। ਇਸ ਰੁੱਤ ਵਿਚ ਹਰ ਥਾਂ ਪਾਣੀ ਹੀ ਪਾਣੀ ਹੋ ਜਾਂਦਾ ਹੈ। ਇਸੇ ਤਰ੍ਹਾਂ ਨਾਮ ਜਪਣ ਵਾਲਿਆ ਨੂੰ ਹਰ ਥਾਂ ਆਨੰਦ ਦਾ ਅਨੁਭਵ ਹੁੰਦਾ ਹੈ। ਇਹ ਪ੍ਰਭੂ-ਪਿਆਰ ਵਿਚ ਹਮੇਸ਼ਾਂ ਜਾਗਦੇ ਰਹਿੰਦੇ ਹਨ ਤੇ ਪ੍ਰਭੂ ਕਿਰਪਾ ਨਾਲ ਇਨ੍ਹਾਂ ਦਾ ਕੋਈ ਵੀ ਛਿੱਦਰ (ਦੋਸ਼) ਸਾਹਮਣੇ ਨਹੀਂ ਆਉਂਦਾ। ਅਸੂ ਕੱਤਕ ਦੀ ਸਰਦ ਰੁੱਤ ਦਾ ਵਰਣਨ ਕਰਕੇ ਜੀਵ ਰੂਪੀ ਇਸਤਰੀ ਵਲੋਂ ਪ੍ਰਭੂ ਪਤੀ ਦੇ ਦਰਸ਼ਨਾ ਲਈ ਬਿਹਬਲਤਾ ਪ੍ਰਗਟ ਕੀਤੀ ਹੈ। ਪ੍ਰਭੂ ਤੋਂ ਬਗੈਰ ਦੁਨੀਆਂ ਦੇ ਸਭ ਪਦਾਰਥ ਤੁੱਛ ਜਾਪਦੇ ਹਨ। ਮੱਘਰ ਪੋਹ ਦੀ ਸਿਸੀਅਰ ਰੁੱਤ ਵਿਚ

ਪ੍ਰਭੂ-ਪ੍ਰਾਪਤੀ ਉਪਰੰਤ ਮਾਇਆ ਮੋਹ ਝਲਕ ਬੁਝ ਜਾਂਦੀ ਹੈ। ਜੀਵਾਤਮਾ ਦੀਆ ਸਭ ਕਾਮਨਾਵਾਂ ਪੂਰੀਆਂ ਹੋ ਜਾਂਦੀਆ ਹਨ। ਮਾਘ ਫੱਗਣ ਦੀ ਹਿਮਕਰ ਰੁੱਤ ਵਿਚ ਪ੍ਰਭੂ-ਮਿਲਾਪ ਦੀ ਪ੍ਰਸੰਨਤਾ ਨਾਲ ਸੁਹਾਗਣੀ ਵਲੋਂ ਸਖੀਆਂ ਸਹੇਲੀਆਂ, ਭਗਤਾਂ ਅਤੇ ਗੁਰਮੁੱਖਾਂ ਨੂੰ ਪ੍ਰਭੂ-ਜਸ ਗਾਉਣ ਦੀ ਪ੍ਰੇਰਣਾ ਹੈ। ਇਨ੍ਹਾਂ ਦੀ ਹਿਰਦੇ ਰੂਪੀ ਸੇਜ ਸ਼ੋਭਨੀਕ ਹੈ। ਸਾਰੀ ਪ੍ਰਕਿਰਤੀ ਅਤੇ ਜਗਤ ਵਿਚ ਪ੍ਰਭੂ ਹੀ ਪਰੀਪੂਰਣ ਦਿਸਦਾ ਹੈ। ਰੁਤੀ ਰੂਪਕ ਰਾਹੀਂ ਪ੍ਰੀਤ ਦੇ ਵਿਭਿੰਨ ਪੜਾਵਾਂ ਦਾ ਉਲੇਖ ਕੀਤਾ ਗਿਆ ਹੈ। ਪ੍ਰੀਤ ਦਾ ਪਹਿਲਾ ਪੜਾਅ ਪ੍ਰੀਤ ਅਹਿਸਾਸ ਹੈ ਤੇ ਅੰਤਿਮ ਪੜਾਅ ਪ੍ਰਭੂ ਪ੍ਰਾਪਤੀ। ਦੋਹਾਂ ਅਵਸਥਾਵਾਂ ਵਿਚ ਸਾਧਕ ਨੂੰ ਆਨੰਦ ਦੀ ਪ੍ਰਾਪਤੀ ਤਾਂ ਹੁੰਦੀ ਹੀ ਹੈ ਪਰ ਪਿਆਰ-ਪੰਧ ਉਪਰ ਤੁਰਨਾ ਵੀ ਤਾਂ ਆਸਾਨ ਨਹੀਂ। ਜੀਵਾਤਮਾ ਨੂੰ ਹਉਮੈ ਦਾ ਨਾਸ਼ ਕਰਨਾ ਪੈਂਦਾ ਹੈ। ਵਿਜੋਗ ਦੀਆਂ ਕਹਿਰੀ ਘੜੀਆਂ ਸਹਾਰਨੀਆਂ ਪੈਂਦੀਆ ਹਨ ਤਦ ਜਾ ਕੇ ਪ੍ਰਭੂ ਕ੍ਰਿਪਾ ਦੀ ਪਾਤਰ ਬਣਦੀ ਹੈ। ਪ੍ਰਭੂ ਕਿਰਪਾ ਨਾਲ ਹੀ ਪ੍ਰਭੂ-ਦਰਸ਼ਨਾ ਦੀ ਲੋਚਾ ਜਾਗਦੀ ਹੈ। ਪ੍ਰਭੂ ਪਾਪਤੀ ਉਪਰੰਤ ਜੀਵਾਤਮਾ ਆਨੰਦ ਰੂਪ ਹੋ ਨਿਬੜਦੀ ਹੈ।[7]

ਗੁਰੂ ਅਰਜਨ ਰਚਿਤ ਬਾਣੀ ਰੁਤੀ ਵਿਚ ਸਾਲ ਦੀਆਂ ਛੇ ਰੁੱਤਾਂ ਦਾ ਵਾਤਾਵਰਣ ਸਿਰਜ ਕੇ ਹਰ ਰੁੱਤ ਵਿਚ ਜੀਵਾਤਮਾ ਦੀ ਆਪਣੇ ਮੂਲ ਪ੍ਰਤੀ ਖਿੱਚ ਅਤੇ ਉਸ ਨਾਲ ਮਿਲਾਪ ਦੀ ਤਾਂਘ ਦਾ ਸੁਹਜਮਈ ਅਭਿਵਿਅੰਜਨ ਹੈ। ਪ੍ਰਭੂ-ਪ੍ਰੀਤ ਦਾ ਪਹਿਲਾ ਪੜਾਅ ਪ੍ਰੀਤ ਦੇ ਅਹਿਸਾਸ ਦਾ ਹੈ ਅਤੇ ਅੰਤਿਮ ਪੜਾਅ ਪ੍ਰਭੂ-ਪ੍ਰਾਪਤੀ ਦਾ। ਦੋਹਾਂ ਅਵਸਥਾਵਾਂ ਦਾ ਸਬੰਧ ਸਾਧਕ ਦੀ ਆਨੰਦ ਪ੍ਰਾਪਤੀ ਨਾਲ ਹੈ ਪਰ ਵਿਯੋਗੀ ਘੜੀਆਂ ਮਾਰਮਿਕ ਚਿਤਰਣ ਵੀ ਇਸ ਰਚਨਾ ਦਾ ਪ੍ਰਮੁੱਖ ਅੰਗ ਹੈ। ਗੁਰੂ ਸਾਹਿਬ ਦੀ ਇਹ ਰਚਨਾ ਪ੍ਰਕਿਰਤੀ ਦੇ ਪ੍ਰਭਾਵ ਨੂੰ ਅਧਿਆਤਮਕ ਅਰਥਾਂ ਵਿਚ ਸਾਕਾਰ ਕਰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਅਧਿਆਤਮਕ ਸੰਦੇਸ਼ ਦੇ ਸੰਚਾਰ ਲਈ ਇਸ ਗੌਰਵਮਈ ਕਾਵਿ ਦੀ ਪ੍ਰਕਿਰਤੀ ਵਰਣਾਤਮਕ ਦੀ ਥਾਂ ਪ੍ਰਗੀਤਾਮਕ ਬਣਾ ਦਿੱਤੀ ਹੈ।

### (ਅ) ਬਾਣੀ ਰੁਤੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

ਡਾ. ਯੋਗਰਾਜ ਕਾਵਿ ਸਿਰਜਣਾ ਦੇ ਪ੍ਰਮੁੱਖ ਸੁਹਜ ਆਧਾਰੀ ਤੱਤਾਂ ਦਾ ਵਰਣਨ ਕਰਦੇ ਹੋਏ ਆਖਦੇ ਹਨ:

ਕਾਵਿ-ਸਿਰਜਣਾ ਮਨੁੱਖੀ ਸੁਹਜਾਤਮਕ ਸਿਰਜਣਾ ਹੈ। ਕਵੀ ਆਪਣੀ ਕਾਲਪਨਿਕ ਸਮਰੱਥਾ, ਅਨੁਭਵ ਅਤੇ ਚਿੰਤਨ ਰਾਹੀਂ ਯਥਾਰਥ ਦਾ ਵਿਸ਼ੇਸ਼ਕ੍ਰਿਤ ਰੂਪ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਕੋਈ ਕਵੀ ਆਪਣੀ ਕਵਿਤਾ ਵਿਚ ਜੋ ਕਹਿੰਦਾ ਹੈ ਉਹ ਸਿੱਧੇ ਸਰਲ ਬਿਆਨ ਨਾਲ ਜਾਂ ਸਾਧਾਰਣ ਵਰਤੋਂ ਦੀ ਤਰਕਮਈ ਭਾਸ਼ਾ ਰਾਹੀਂ ਨਹੀਂ ਕਹਿੰਦਾ ਸਗੋਂ ਆਪਣੇ ਬਿਆਨ ਨੂੰ ਵਧੇਰੇ ਸੁਹਜਮਈ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ ਦਾ ਪ੍ਰਯੋਗ ਕਰਦਾ ਹੈ ਭਾਵੇਂ ਕਿ ਇਨ੍ਹਾਂ ਸੁਹਜਮਈ ਮਾਧਿਅਮਾਂ ਬਾਰੇ ਕਵੀ ਸੁਚੇਤ ਨਾ ਵੀ ਹੋਵੇ ਤਾਂ ਵੀ ਕਾਵਿ ਸਿਰਜਣਾ ਦੀ ਹੋਂਦ ਵਿਧੀ ਦਾ ਆਧਾਰ ਬਿੰਬ, ਪ੍ਰਤੀਕ ਅਤੇ ਅਲੰਕਾਰ ਹੁੰਦੇ ਹਨ।[8]

ਬਾਣੀ ਰੁਤੀ ਦਾ ਸੁਹਜ-ਸ਼ਾਸਤਰੀ ਅਧਿਐਨ ਕਰਨ ਲਈ ਅਸੀਂ ਸਭ ਤੋਂ ਪਹਿਲਾਂ ਇਸ ਬਾਣੀ ਦੀ ਬਿੰਬ ਸਿਰਜਣਾ ਉੱਤੇ ਵਿਚਾਰ ਕਰਾਂਗੇ।

## (1) ਬਿੰਬ ਸਿਰਜਣਾ

ਗੁਰੂ ਅਰਜਨ ਦੇਵ ਜੀ ਦੀ ਬਿੰਬ ਸਿਰਜਣਾ ਉੱਤੇ ਅਧਿਕ ਵਿਚਾਰ ਕਰਨ ਤੋਂ ਪਹਿਲਾਂ ਬਿੰਬ ਦੇ ਸਰੂਪ ਨੂੰ ਸਮਝ ਲੈਣਾ ਅਤਿ ਆਵੱਸ਼ਕ ਹੈ। ਬਿੰਬ, ਕਾਵਿ-ਸਿਰਜਣਾ ਦਾ ਪ੍ਰਮੁੱਖ ਅਤੇ ਲਾਜ਼ਮੀ ਅੰਗ ਹੈ। ਕਵਿਤਾ ਦਾ ਕਲਾ ਪੱਖ ਵਿਚ ਬਿੰਬ ਦਾ ਮਹੱਤਵਪੂਰਣ ਸਥਾਨ ਹੈ। "'ਬਿੰਬ' ਅੰਗਰੇਜ਼ੀ ਦੇ 'ਇਮੇਜ' (Image) ਸ਼ਬਦ ਦਾ ਪ੍ਰਯਾਯ ਹੈ। ਇਹ ਬੜਾ ਵਿਆਪਕ ਸ਼ਬਦ ਹੈ। ਇਸਦੇ ਅੰਤਰਗਤ ਸਮੁੱਚਾ ਮਨੁੱਖੀ ਜੀਵਨ, ਪ੍ਰਕਿਰਤੀ ਅਤੇ ਇਨ੍ਹਾਂ ਨਾਲ ਸਬੰਧਿਤ ਸਾਰੀਆਂ ਵਸਤੂਆਂ, ਉਨ੍ਹਾਂ ਦੀਆਂ ਕ੍ਰਿਆਵਾਂ ਅਤੇ ਪ੍ਰਤਿਕ੍ਰਿਆਵਾਂ ਸ਼ਾਮਲ ਕੀਤੀਆਂ ਜਾ ਸਕਦੀਆ ਹਨ। ਇਸ ਦਾ ਸਾਧਾਰਣ ਅਰਥ ਪ੍ਰਤਿਛਾਇਆ ਜਾਂ ਅਨੁਕ੍ਰਿਤੀ ਲਿਆ ਜਾਂਦਾ ਹੈ। ਸਾਹਿਤ ਦੇ ਖੇਤਰ ਵਿਚ ਵੀ ਇਸ ਪਾਸੇ ਤੋਂ ਇਸ ਨੂੰ ਵਰਤਿਆ ਜਾਂਦਾ ਹੈ, ਪਰ ਫਰਕ ਇਹ ਹੈ ਕਿ ਹੋਰਨਾਂ ਖੇਤਰਾਂ ਵਿਚ ਇਹ ਪ੍ਰਤਿਛਾਇਆ ਜਾਂ ਅਨੁਕ੍ਰਿਤੀ ਹੀ ਰਹਿੰਦਾ ਹੈ, ਜਦ ਕਿ ਸਾਹਿਤ ਵਿਚ, ਇਸ ਦੀ ਅਨੁਕ੍ਰਿਤੀ ਅਯਥਾਰਥ ਹੁੰਦੇ ਹੋਇਆਂ ਵੀ ਕਾਵਿ ਸਤਿ ਦਾ ਅਭਾਸ ਕਰਾਂਦੀ ਹੈ। ਅਸਲ ਵਿਚ, ਬਿੰਬ ਕਵਿਤਾ ਦਾ ਪ੍ਰਾਣ ਤੱਤ ਹੈ, ਕਿਉਂਕਿ ਕਵਿਤਾ ਵਿਚ ਕਲਪਨਾ ਦੇ ਅਭਿਵਿਅਕਤੀਗਤ ਤਿੰਨ ਪ੍ਰਧਾਨ ਰੂਪ ਹਨ - ਬਿੰਬ, ਪ੍ਰਤੀਕ ਅਤੇ ਅਲੰਕਾਰ। ਇਨ੍ਹਾਂ ਤਿੰਨਾਂ ਵਿਚੋਂ ਵੀ ਬਿੰਬ ਦੀ ਪ੍ਰਮੁੱਖਤਾ ਹੈ।"[9] ਡਾ. ਸਤਿੰਦਰ ਸਿੰਘ ਅਨੁਸਾਰ:

ਬਿੰਬ ਇਕ ਅਜਿਹਾ ਸਾਧਨ ਹੈ, ਜਿਸ ਦੁਆਰਾ ਕਵੀ ਵਰਣਨ-ਗੋਚਰੇ ਵਿਸ਼ੇ ਨੂੰ ਕਲਾਤਮਕ ਢੰਗ ਨਾਲ ਨਿਖਾਰਦਾ ਹੈ ਅਤੇ ਮਾਨਣਯੋਗ ਬਣਾਉਂਦਾ ਹੈ। ਇਹ ਕਵਿਤਾ ਦਾ ਸੁਹਜ ਹੈ ਅਤੇ ਵਸਤੂ ਨੂੰ ਸਮਝਾਉਣ ਵਿਚ ਸਹਾਈ ਵੀ ਹੁੰਦਾ ਹੈ।[10]

ਡਾ. ਸੁਧਾ ਸਕਸੈਨਾ ਬਿੰਬ ਦੀ ਪਰਿਭਾਸ਼ਾ ਇਸ ਤਰ੍ਹਾਂ ਵਿਅਕਤ ਕਰਦੇ ਹਨ:

ਬਿੰਬ ਸਾਡੀਆਂ ਪੂਰਵ ਅਨੁਭੂਤੀਆ ਅਤੇ ਭਾਵਨਾਵਾਂ ਦਾ ਮੂਰਤੀਕਰਨ ਹੈ ਜਿਸ ਵਿਚ ਇੰਦ੍ਰੀਅਤਾ ਦਾ ਗੁਣ ਵਿਦਮਾਨ ਹੈ। ਆਵੇਗ, ਸੰਵੇਦਨਾ ਅਤੇ ਭਾਵਨਾ ਇਸਦੀਆਂ ਮੂਲ ਆਵਸ਼ਕਤਾਵਾਂ ਹਨ। ਇਹ ਅਲੰਕਾਰਾਂ, ਉਪਮਾਨਾਂ, ਰੂਪਕਾਂ, ਮੁਹਾਵਰਿਆਂ ਆਦਿ ਵਿਚ ਜਾਂ ਇਨ੍ਹਾਂ ਸਭ ਨਾਲੋਂ ਅਲੱਗ ਹੋ ਕੇ ਵੀ ਅਭਿਵਿਅਕਤ ਹੁੰਦਾ ਹੈ।[11]

ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਬਿੰਬ ਕਵੀ ਦੀ ਕਲਪਨਾ ਦੁਆਰਾ ਸਿਰਜਿਆ ਉਹ ਸ਼ਬਦ ਚਿੱਤਰ ਹੈ ਜੋ ਪਾਠਕ ਦੇ ਇੰਦ੍ਰਿਆਵੀ ਬੋਧ ਨੂੰ ਉਜਾਗਰ ਕਰਦਾ ਹੈ। ਇਸਦੇ ਮਾਧਿਅਮ ਨਾਲ ਅਨੇਕ ਅਮੂਰਤ ਭਾਵ ਮੂਰਤ ਹੋ ਕੇ ਸਾਹਮਣੇ ਆਉਂਦੇ ਹਨ। ਇਹ ਭਾਵ ਤੇ ਆਵੇਗ ਨਾਲ ਭਰਪੂਰ ਹੁੰਦਾ ਹੈ ਅਤੇ ਇਸ ਦਾ ਸੰਚਾਰ ਪਾਠਕ ਦੇ ਮਨ ਵਿਚ ਹੁੰਦਾ ਹੈ ਜਿਸ ਦੇ ਫਲਸਰੂਪ ਸੁਹਜ ਤੇ ਆਨੰਦ ਦੀ ਉਤਪਤੀ ਹੁੰਦੀ ਹੈ।

ਅਧਿਆਤਮਕ ਕਾਵਿ ਵਿਚ ਬਿੰਬ ਦਾ ਬਹੁਤ ਮਹੱਤਵ ਹੈ ਕਿਉਂਕਿ ਬਿੰਬ ਦੇ ਮਾਧਿਅਮ ਨਾਲ ਅਧਿਆਤਮਕ ਵਿਚਾਰਾਂ ਦੀ ਅਭਿਵਿਅਕਤੀ ਚੰਗੀ ਤਰ੍ਹਾਂ ਕੀਤੀ ਜਾ ਸਕਦੀ ਹੈ। ਅਧਿਆਤਮਕ ਕਾਵਿ ਆਪਣੇ ਆਪ ਵਿਚ ਬੜਾ ਗੰਭੀਰ, ਗੂੜ੍ਹ ਅਤੇ ਵਿਲੱਖਣ ਉਪਲਬਧੀ ਵਾਲਾ ਹੁੰਦਾ ਹੈ। ਇਸ ਲਈ ਇਸ ਕਾਵਿ ਦੀ ਗੰਭੀਰਤਾ ਅਤੇ ਗੂੜ੍ਹਤਾ ਨੂੰ ਸਰਲ ਸਪੱਸ਼ਟ ਕਰਨ ਲਈ ਸਭ ਤੋਂ ਸਰਲ ਅਤੇ ਸਪੱਸ਼ਟ ਮਾਧਿਅਮ ਇਸ ਵਿਚ ਕੀਤੀ ਜਾਣ ਵਾਲੀ ਬਿੰਬ ਸਿਰਜਣਾ ਹੀ ਹੈ। ਬਿੰਬ ਦੀ ਸਹਾਇਤਾ ਰਾਹੀਂ ਕਵੀ ਗੰਭੀਰ ਗੱਲ ਨੂੰ ਜਨ ਸਧਾਰਨ ਦੀ ਕਿਸੇ ਘਟਨਾ ਜਾਂ ਵਸਤੂ ਨਾਲ ਸੰਬੰਧਿਤ ਕਰ ਕੇ ਉਸ ਨੂੰ ਸਮਝਣ ਯੋਗ ਬਣਾ ਦਿੰਦਾ ਹੈ। ਇਸ ਲਈ ਬਿੰਬ ਰਹੱਸਾਤਮਕ ਅਨੁਭਵ ਨੂੰ ਪ੍ਰਗਟਾਉਣ ਵਾਲੇ ਸਹਾਇਕ ਸਾਧਨ ਸਾਬਤ ਹੁੰਦੇ ਹਨ। ਇਨ੍ਹਾਂ ਰਾਹੀਂ ਰਹੱਸਾਤਮਕ ਸੱਤਾ ਦੇ ਅਲੌਕਿਕ ਅਨੁਭਵ ਨੂੰ ਲੌਕਿਕਤਾ ਪ੍ਰਦਾਨ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਬਾਣੀ ਰੁਤੀ ਵਿਚ ਆਪਣੇ ਅਗੰਮੀ

ਅਨੁਭਵ ਨੂੰ ਪੂਰੀ ਸਰਲਤਾ ਅਤੇ ਸਪੱਸ਼ਟਤਾ ਨਾਲ ਜਨ ਸਧਾਰਨ ਨਾਲ ਸਾਂਝਿਆਂ ਕਰਨ ਲਈ ਇਸ ਮਾਧਿਅਮ ਦਾ ਪ੍ਰਯੋਗ ਕੀਤਾ ਹੈ। ਇਸ ਬਾਣੀ ਵਿਚ ਬਿੰਬ ਸਿਰਜਣਾ ਦਾ ਸੁਹਜ ਥਾਂ ਪੁਰ ਥਾਂ ਨਜ਼ਰ ਆਉਂਦਾ ਹੈ। ਇਸ ਨਾਲ ਗੁਰੂ ਸਾਹਿਬ ਦੇ ਕਾਵਿ ਦੀ ਪ੍ਰਭਾਵਸ਼ਾਲੀ ਅਤੇ ਵਿਅੰਜਨਾ ਸ਼ਕਤੀ ਪ੍ਰਤੱਖ ਰੂਪ ਵਿਚ ਨਜ਼ਰ ਆਈ ਹੈ। ਸਧਾਰਨ ਰੂਪ ਵਿਚ ਬਿੰਬ ਮਨੁੱਖ ਦੀਆਂ ਪੰਜੇ ਗਿਆਨ ਇੰਦਰੀਆਂ (ਦੇਖਣ, ਸੁਣਨ, ਸੁੰਘਣ, ਚੱਖਣ ਅਤੇ ਛੂਹਣ) ਨੂੰ ਪ੍ਰਭਾਵਿਤ ਕਰਦਾ ਹੈ ਪਰੰਤੂ ਕੋਈ ਮਹਾਨ ਕਵੀ ਇਹਨਾਂ ਪੰਜਾਂ ਤੋਂ ਉਪਰ ਉੱਠ ਕੇ ਬਿੰਬ ਸਿਰਜਣ ਦੀ ਮਿਸਾਲ ਪੇਸ਼ ਕਰਦਾ ਹੈ। ਗੁਰਬਾਣੀ ਅਜਿਹੀ ਰਚਨਾ ਹੈ ਜਿਹੜੀ ਮਨੁੱਖ ਨੂੰ ਸਰੀਰਕ ਹੱਦ ਤੋਂ ਉੱਪਰ ਲੈ ਜਾ ਕੇ ਛੇਵੀਂ ਗਿਆਨ ਇੰਦਰੀ ਰਾਹੀਂ ਅਣਦਿਸਦੇ ਸੰਸਾਰ ਨੂੰ ਮਾਨਣਯੋਗ ਬਣਾ ਦਿੰਦੀ ਹੈ। ਗੁਰੂ ਅਰਜਨ ਦੇਵ ਸਾਹਿਬ ਦੀ ਬਿੰਬ ਸਿਰਜਣਾ ਇਸਦੀ ਮਿਸਾਲ ਹੈ। ਉਹਨਾਂ ਨੇ ਸ਼ਬਦ, ਰੂਪ, ਰਸ ਦੇ ਸਜੀਵ ਬਿੰਬ ਵਰਤੇ ਹਨ। ਬਾਣੀ ਰੁਤੀ ਵਿਚ ਸਾਲ ਦੀਆਂ ਵੱਖ ਵੱਖ ਰੁੱਤਾਂ ਦੇ ਵਿਭਿੰਨ ਬਿੰਬਾਂ ਦੁਆਰਾ ਸੁੰਦਰ ਤੇ ਸਜੀਵ ਸ਼ਬਦ ਚਿੱਤਰ ਖਿੱਚੇ ਹਨ ਜਿਨ੍ਹਾਂ ਰਾਹੀਂ ਆਤਮਾ ਤੇ ਪਰਮਾਤਮਾ ਦੇ ਵਿਛੋੜੇ ਤੇ ਮਿਲਾਪ ਦਾ ਵਰਣਨ ਕੀਤਾ ਹੈ।

ਸੂਰਜ ਦੀ ਸਥਿਤੀ ਅਨੁਸਾਰ ਅਨੇਕਾਂ ਮੌਸਮ, ਰੁੱਤਾਂ ਹੋਂਦ ਵਿਚ ਆਉਂਦੀਆਂ ਹਨ ਜਿਹੜੀਆਂ ਜੀਵ ਦੇ ਮਨ ਉੱਤੇ ਭਿੰਨ ਭਿੰਨ ਤਰ੍ਹਾਂ ਦੇ ਪ੍ਰਭਾਵ ਪਾਉਂਦੀਆਂ ਹਨ। ਵਾਤਾਵਰਣ ਅਨੁਸਾਰ ਇਹ ਰੁੱਤਾਂ ਛੇ ਪ੍ਰਕਾਰ ਦੀਆਂ ਜਿਵੇਂ ਬਸੰਤ, ਗ੍ਰੀਖਮ, ਬਰਸਾਤ, ਸਰਦ, ਹੇਮੰਤ ਅਤੇ ਸ਼ਿਸ਼ਰ ਆਦਿ ਮੰਨੀਆਂ ਜਾਂਦੀਆਂ ਹਨ। ਪ੍ਰਕ੍ਰਿਤਕ ਆਲੇ ਦੁਆਲੇ ਜਿਵੇਂ ਥਲਾਂ, ਸਾਗਰਾਂ, ਪਰਬਤਾਂ ਵਿਚ ਰਹਿਣ ਵਾਲੇ ਜੀਵ, ਇੱਥੋਂ ਤੱਕ ਕਿ ਪੇੜ ਪੌਦੇ, ਫੁੱਲ ਫਲ, ਪਸ਼ੂ ਪੰਛੀ ਇਨ੍ਹਾਂ ਰੁਤਾਂ ਦਾ ਪ੍ਰਭਾਵ ਕਬੂਲਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਰੁੱਤਾਂ ਅਨੁਸਾਰ ਜੀਵ ਮਨ ਦੀ ਦਸ਼ਾ, ਬਿਹਬਲਤਾ, ਉੱਲਾਸ ਨੂੰ ਉਸੇ ਪ੍ਰਕ੍ਰਿਤਕ ਨਿਯਮ ਅਨੁਸਾਰੀ ਪ੍ਰਗਟਾਇਆ ਹੈ। ਇਹ ਰੁੱਤਾਂ, ਰੁੱਤਾਂ ਹੀ ਨਹੀਂ ਸਗੋਂ ਸੰਪੂਰਨ ਵਿਚਾਰ ਹਨ ਜਿਹੜੀਆਂ ਜੀਵ ਮਨ ਦੀਆਂ ਭਾਵਨਾਵਾਂ ਤੇ ਗੁਰੂ ਸਾਹਿਬ ਦੇ ਪ੍ਰਗਟਾ ਦਾ ਪ੍ਰਮਾਣ ਵੀ ਹਨ। ਇਸ ਲਈ ਬਾਣੀ ਰੁਤੀ ਵਿਚ ਰੁੱਤਾਂ ਨਾਲ ਸਬੰਧਿਤ ਦ੍ਰਿਸ਼ ਬਿੰਬਾਂ ਨੂੰ ਕਾਵਿ ਸੁਹਜ ਵਧਾਉਣ ਲਈ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸਿਰਜਿਆ ਗਿਆ ਹੈ:

ਰੁਤਿ ਸਰਸ ਬਸੰਤ ਮਾਹ ਚੇਤੁ ਵੇਸਾਖ ਸੁਖ ਮਾਸ ਜੀਉ॥
ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ॥[12]

ਬਸੰਤ ਦੇ ਮਹੀਨੇ ਵਿਚ ਹੀ ਪ੍ਰਕਿਰਤੀ ਵਿਚ ਨਵੀਆਂ ਕਰੂੰਬਲਾਂ ਫੁਟਦੀਆਂ ਹਨ। ਹਰ ਥਾਵੇਂ ਹਰਿਆਵਲ ਨਜ਼ਰ ਆਉਂਦੀ ਹੈ ਪਰ ਇਹ ਕੁਦਰਤੀ ਨਜ਼ਾਰੇ ਇਕ 'ਸੁਹਾਗਣ' ਲਈ ਹੀ ਮਹੱਤਵ ਦੇ ਧਾਰਨੀ ਬਣਦੇ ਹਨ। ਉਸ ਲਈ ਹਰੇਕ ਦਿਨ ਬਸੰਤ ਵਰਗਾ ਖੁਸ਼ਹਾਲ ਤੇ ਮਹੱਤਵਪੂਰਨ ਹੈ। ਗਰਮੀ ਦੀ ਰੁੱਤ ਤੋਂ ਹਰੇਕ ਜੀਵ ਪਸ਼ੂ ਪੰਛੀ ਪ੍ਰਭਾਵਿਤ ਹੁੰਦਾ ਹੈ। ਜੀਵ ਰੂਪੀ ਇਸਤਰੀ ਲਈ ਇਹ ਸਮਾਂ ਪ੍ਰਕਿਰਤਕ ਤਪਸ਼ ਦੇ ਨਾਲ ਨਾਲ ਵਿਛੋੜੇ ਦੇ ਅਹਿਸਾਸ ਨੂੰ ਹੋਰ ਵੀ ਦੂਣਾ ਕਰ ਦਿੰਦਾ ਹੈ ਤੇ ਉਸਦੀ ਸਥਿਤੀ ਅਜਿਹੀ ਮੱਛੀ ਦੀ ਤਰ੍ਹਾਂ ਹੋ ਜਾਂਦੀ ਹੈ ਜਿਹੜੀ ਪਾਣੀ ਤੋਂ ਬਿਨਾਂ ਤੜਪ ਰਹੀ ਹੈ। ਉਦਾਹਰਣ ਦੇਖਦੇ ਹਾਂ:

ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮਿ ਜੀਉ॥
ਪ੍ਰੇਮ ਵਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ॥
ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁਠੀਆ॥
ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ॥[13]

ਉਪਰੋਕਤ ਗੁਰ ਵਾਕ ਵਿਚ ਗੁਰੂ ਸਾਹਿਬ ਨੇ ਪਰਮਾਤਮਾ ਅਤੇ ਜੀਵਾਤਮਾ ਦੇ ਆਪਸੀ ਸਬੰਧ ਅਤੇ ਉਨ੍ਹਾਂ ਦੀ ਮਿਲਣ-ਵਿਛੜਨ ਦਸ਼ਾ ਨੂੰ ਚਿੱਤ੍ਰਣ ਲਈ ਮੱਛਲੀ ਅਤੇ ਜਲ ਦੇ ਪਰਸਪਰ ਪ੍ਰੇਮ ਦੇ ਸੁਪ੍ਰਸਿੱਧ ਬਿੰਬ ਦੁਆਰਾ ਅਮੂਰਤ ਭਾਵ ਦੀ ਮੂਰਤੀਮਾਨਤਾ ਕੀਤੀ ਹੈ।

ਸਾਵਨ ਭਾਦੋਂ ਦੀ ਵਰਖਾ ਰੁੱਤ ਦੇ ਪ੍ਰਕ੍ਰਿਤਕ ਬਿੰਬ ਦੁਆਰਾ ਪ੍ਰਭੂ ਪਿਆਰ ਦੇ ਆਸ਼ੇ ਨੂੰ ਦ੍ਰਿੜਾਇਆ ਗਿਆ ਹੈ:

ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ॥
ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ॥[14]

ਇਸ ਰੁੱਤ ਵਿਚ ਜਿਥੇ ਭੂਗੋਲਿਕ ਤਪਸ਼ ਘਟਦੀ ਹੈ ਉਥੇ ਕੜਕਦੀ ਬਿਜਲੀ, ਬੱਦਲਾਂ ਦੀ ਗਰਜਣਾ, ਵਿਯੋਗਣ ਦੇ ਮਨ ਵਿਚ ਇਕੱਲੇ ਹੋਣ ਦਾ ਅਹਿਸਾਸ ਨੂੰ ਹੋਰ ਤੀਬਰ ਕਰ ਦਿੰਦੇ ਹਨ। ਬੱਦਲ, ਪਾਣੀ, ਧਰਤੀ, ਫੁੱਲਾਂ ਦੀ ਖੁਸ਼ਬੋ ਵਾਲੀ ਥਾਂ ਆਦਿ ਢੁਕਵੇਂ ਪ੍ਰਕ੍ਰਿਤਕ ਅਤੇ ਗੰਧ ਬਿੰਬ ਰਾਹੀਂ ਗੰਭੀਰ ਵਿਸ਼ਾ ਸਰਲ ਤੇ ਸਰਸ ਹੋ ਕੇ ਅਨੋਖੇ ਸੌਂਦਰਯ ਨੂੰ ਪੈਦਾ ਕਰਦਾ ਹੈ।

ਮੌਸਮ ਵਿਚ ਪਰਿਵਰਤਨ (ਸਰਦ ਰੁੱਤ ਦੀ ਆਮਦ) ਕਾਰਨ ਵਿਯੋਗਣੀ ਦੀ ਦਸ਼ਾ ਵੀ ਬਦਲਣ ਲੱਗ ਪੈਂਦੀ ਹੈ। ਉਸਦੀ ਰੁਚੀ ਸੰਸਾਰਿਕ ਵਸਤੂਆਂ ਤੋਂ ਦੂਰ ਹੁੰਦੀ ਜਾਂਦੀ ਹੈ। ਬਿਨਾਂ ਕੰਤ ਤੋਂ ਸਾਰੇ ਸੁੱਖ, ਸ਼ਿੰਗਾਰ ਆਦਿ ਉਸ ਨੂੰ ਨਿਰਾਰਥਕ ਲੱਗਣ ਲੱਗ ਪੈਂਦੇ ਹਨ। ਪ੍ਰੀਤਮ ਤੋਂ ਵਿਛੜ ਕੇ ਇਸਤਰੀ ਵਿਆਕੁਲ ਹੋ ਜਾਂਦੀ ਹੈ। ਗੁਰੂ ਸਾਹਿਬ ਵਿਯੋਗਣੀ ਦੇ ਵਿਯੋਗ ਦਾ ਵਰਣਨ ਸਭਿਆਚਾਰਕ ਸੰਸਕ੍ਰਿਤਕ ਬਿੰਬ ਰਾਹੀਂ ਕਰਦੇ ਹਨ:

ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ॥
ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ॥
ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ॥
ਸੁੰਦਰਿ ਸੁਜਾਨਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ॥[15]

ਹੇਮੰਤ ਰੁੱਤ ਤੱਕ ਪਹੁੰਚਦਿਆਂ ਜੀਵ ਇਸਤਰੀ ਵਿਕਾਰ ਰਹਿਤ ਹੋ ਕੇ ਆਪੇ ਦਾ ਤਿਆਗ ਕਰਕੇ ਪੂਰੀ ਤਰ੍ਹਾਂ ਗੁਰੂ ਅੱਗੇ ਸਮਰਪਿਤ ਹੋ ਜਾਂਦੀ ਹੈ ਜਿਥੇ ਜਾ ਕੇ ਉਸਦੇ ਸਾਰੇ ਭਰਮ ਖਤਮ ਹੋ ਜਾਂਦੇ ਹਨ। ਸਾਰੇ ਮਾਇਕ ਪਦਾਰਥ ਉਸਨੂੰ ਕੌੜੇ ਲੱਗਦੇ ਹਨ:

ਜਲਨਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ॥
ਨਾਨਕ ਪ੍ਰਭ ਪੂਰਨ ਮਿਲੇ ਦੁਤੀਆ ਬਿਨਸੀ ਭ੍ਰਾਂਤਿ॥[16]

ਸੋ ਇਸ ਤਰ੍ਹਾਂ ਜੀਵ ਇਸਤਰੀ ਨੂੰ ਪ੍ਰਭੂ ਪ੍ਰੀਤਮ ਨਾਲ ਮੇਲ ਹੋ ਜਾਂਦਾ ਹੈ ਤਾਂ ਉਸ ਨੂੰ ਆਲਾ ਦੁਆਲਾ ਚੰਗਾ ਲੱਗਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਹ ਸਾਧ ਸੰਗਤ ਵਿਚ ਜਾ ਕੇ ਆਪਣੀਆਂ ਸਖੀਆਂ ਨਾਲ ਪ੍ਰਭੂ ਪ੍ਰੀਤਮ ਦਾ ਜਸ ਗਾਇਣ ਕਰਦੀ ਹਰੇਕ ਵਸਤੂ ਦੀ ਪ੍ਰਾਪਤੀ ਕਰਨ ਦੇ ਸਮਰੱਥ ਹੋ ਜਾਂਦੀ ਹੈ:

ਹਿਮ ਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ॥
ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ॥
ਗ੍ਰਿਹ ਲਾਲ ਆਏ ਮਨਿ ਧਿਆਇ ਸੇਜ ਸੁੰਦਰਿ ਸੋਹੀਆ॥
ਵਣੁ ਤ੍ਰਿਣ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ॥[17]

ਉਪਰੋਕਤ ਗੁਰ ਵਾਕਾਂ ਵਿਚ ਗੁਰੂ ਸਾਹਿਬ ਸ਼ਿਸ਼ਰ ਰੁੱਤ ਦੇ ਖੁਸ਼ਹਾਲ ਵਾਤਾਵਰਣ ਨੂੰ ਜੀਵ ਇਸਤਰੀ ਦੀ ਪ੍ਰਭੂ ਪਤੀ ਨਾਲ ਸੰਯੋਗ ਦੀ ਦਸ਼ਾ ਨੂੰ ਸਭਿਆਚਾਰਕ ਸੰਸਕ੍ਰਿਤਕ ਬਿੰਬਾਂ ਰਾਹੀਂ ਅੰਤਰ

ਸੰਬੰਧਿਤ ਕਰਦੇ ਹਨ। ਗੁਰੂ ਸਾਹਿਬ ਨੇ ਪ੍ਰਕਿਰਤੀ ਦੇ ਮਾਨਵੀਕਰਨ ਤੇ ਅੰਤਰ ਸੰਬੰਧਿਤ ਬਿੰਬਾਂ ਰਾਹੀਂ ਨਾਮ, ਸਤਿ ਸੰਗਤ ਦੇ ਮਹੱਤਵ ਨੂੰ ਸੁਹਾਗਣੀ ਨਾਰੀ ਦੇ ਪ੍ਰਸੰਗ ਵਿਚ ਬਿੰਬਤ ਕੀਤਾ ਹੈ। ਕੋਈ ਵੀ ਨਾਰੀ (ਜੀਵ) ਉਦੋਂ ਹੀ ਪਵਿੱਤਰ ਤੇ ਸੰਪੂਰਨ ਪ੍ਰਵਾਨਿਤ ਮੰਨੀ ਜਾਂਦੀ ਹੈ ਜਦੋਂ ਉਹ ਗੁਣਾਂ ਦੀ (ਸਾਧ-ਸੰਗਤ) ਦੀ ਧਾਰਨੀ ਹੋ ਕੇ ਨਾਮ ਰੂਪੀ ਪੂੰਜੀ ਨੂੰ ਇਕੱਤਰ ਕਰਦੀ ਹੈ। ਇਹ ਛੇ ਰੁੱਤਾਂ ਦਾ ਸਬੰਧ ਸਿਰਫ ਪ੍ਰਕਿਰਤੀ ਨਾਲ ਹੀ ਨਹੀਂ, ਵਣ ਤ੍ਰਿਣ ਮਉਲਣ ਨਾਲ ਹੀ ਨਹੀਂ, ਸਗੋਂ ਜੀਵ ਇਸਤਰੀ ਦੇ ਮਨੋਭਾਵਾਂ ਨਾਲ ਵੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਗੁਰੂ ਸਾਹਿਬ ਸਫਲ ਭਾਵਾਂ ਦਾ ਉੱਚਤਮ ਪ੍ਰਗਟਾਵਾ ਕਰ ਰਹੇ ਹਨ।

ਇਸ ਤੋਂ ਇਲਾਵਾ ਗੁਰੂ ਅਰਜਨ ਕਾਵਿ ਵਿਚ ਨਾਦ ਸੌਂਦਰਯ ਅਤੇ ਭਾਵ ਸੌਂਦਰਯ ਦਾ ਅਲੌਕਿਕ ਸੁਮੇਲ ਮਿਲਦਾ ਹੈ। ਗੁਰੂ ਸਾਹਿਬ ਦੁਆਰਾ ਸਿਰਜੇ ਨਾਦ ਬਿੰਬ ਭਾਵ ਕਲਪਨਾ ਅਤੇ ਵਿਚਾਰ ਨੂੰ ਜਗਾਂਦੇ ਹਨ। ਇਨ੍ਹਾਂ ਬਿੰਬਾਂ ਰਾਹੀਂ ਮੁਖ ਰੂਪ ਵਿਚ ਰਹੱਸਾਤਮਕ ਸੱਤਾ ਦੇ ਮੇਲ ਅਨੁਭਵ ਰਾਹੀਂ ਪੈਦਾ ਹੋਈ ਸਥਿਤੀ ਦਾ ਚਿੱਤਰਣ ਹੋਇਆ ਹੈ। ਬਾਣੀ ਰੁਤੀ ਵਿਚੋਂ ਇਸ ਬਿੰਬ ਦੀ ਉਦਾਹਰਣ ਦੇਖਦੇ ਹਾਂ:

ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ॥
ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ॥[18]

ਪਰਮਾਤਮਾ ਦਾ ਨਾਮ ਉਚਾਰਿਆਂ ਹੀ ਮਨ ਮੰਗੀਆਂ ਮੁਰਾਦਾਂ ਮਿਲ ਜਾਂਦੀਆਂ ਹਨ ਅਤੇ ਪਿਆਰੇ ਪ੍ਰੀਤਮ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਅਨੇਕਾਂ ਰਾਗਾਂ, ਕੌਤਕਾਂ ਦੇ ਆਨੰਦ ਮਾਣੇ ਜਾਂਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਇਕ ਸੰਵੇਦਨਸ਼ੀਲ ਸੱਜਗ ਕਲਾਕਾਰ ਸਨ। ਉਨ੍ਹਾਂ ਨੇ ਜੀਵਨ ਦੀਆਂ ਸਾਰੀਆਂ ਦਿਸ਼ਾਵਾਂ ਨੂੰ ਅਭਿਵਿਅਕਤ ਕਰਨ ਦਾ ਯਤਨ ਕੀਤਾ ਹੈ। ਗੁਰੂ ਸਾਹਿਬ ਜੀ ਨੇ ਪੌਰਾਣਕ ਵਿਰਸੇ ਵਿਚੋਂ ਵੀ ਬਿੰਬ ਸਿਰਜੇ ਹਨ। ਇਨ੍ਹਾਂ ਬਿੰਬਾਂ ਰਾਹੀਂ ਉਨ੍ਹਾਂ ਨੇ ਡੂੰਘੇ ਵਿਚਾਰ ਅਤੇ ਜੀਵਨ ਦ੍ਰਿਸ਼ਟੀ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਰੁਤੀ ਬਾਣੀ ਵਿਚ ਪ੍ਰਯੁਕਤ ਗੋਵਿੰਦ, ਸ੍ਰੀ ਧਰ, ਜਗਦੀਸਰ ਅਤੇ ਸ੍ਰੀ ਰੰਗ ਦੇ ਬਿੰਬ ਪ੍ਰਮਾਤਮਾ ਦੀ ਨਿਰਲੇਪਤਾ ਅਦ੍ਵੈਤਤਾ ਦਾ ਬੋਧਕ ਹੀ ਹਨ। ਇਸ ਵਰਗ ਦੇ ਬਿੰਬਾਂ ਦੀਆਂ ਨਿਮਨ ਲਿਖਤ ਕੁਝ ਚੋਣਵੀਆਂ ਉਦਾਹਰਣਾਂ ਦਿੱਤੀਆਂ ਜਾ ਰਹੀਆਂ ਹਨ:

(ੳ) ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ॥

ਬਿਨਵੰਤਿ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ॥[19]

(ਅ) ਹਰਿ ਰੰਗਿ ਰਾਤੇ ਸਹਜਿ ਮਾਤੇ ਤਿਨ ਨ ਮਨ ਤੇ ਬੀਸਰੈ॥

ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ॥

ਗੋਵਿੰਦ ਗੁਣ ਨਿਧਿ ਸ੍ਰੀਰੰਗ ਸੁਆਮੀ ਆਦਿ ਕਉ ਆਦੇਸੁ ਜੀਉ॥

ਬਿਨਵੰਤਿ ਨਾਨਕ ਮਇਆ ਧਾਰਹੁ ਜੁਗ ਜੁਗੋ ਇਕ ਵੇਸੁ ਜੀਉ॥[20]

ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੌਂਦਰਯ ਨੂੰ ਉਤਾਰਨ ਲਈ ਉਨ੍ਹਾਂ ਦੇ ਪ੍ਰਯੋਗ ਕੀਤੇ ਬਿੰਬਾਂ ਦਾ ਬੜਾ ਯੋਗਦਾਨ ਹੈ। ਉਨ੍ਹਾਂ ਦੇ ਸਿਰਜੇ ਬਿੰਬ ਮਨੁੱਖੀ ਭਾਵਾਂ ਨੂੰ ਹਲੂਣ ਕੇ ਕਵਿਤਾ ਵਿਚਲੇ ਸੱਚ ਨੂੰ ਵਧੇਰੇ ਬਲਵਾਨ ਤੇ ਜੀਵੰਤ ਬਣਾਉਂਦੇ ਹਨ। ਗੁਰੂ ਸਾਹਿਬ ਦੁਆਰਾ ਪ੍ਰਯੋਗ ਕੀਤੇ ਬਿੰਬਾਂ ਦਾ ਖੇਤਰ ਜੀਵਨ ਵਾਂਗ ਵਿਸ਼ਾਲ ਹੈ। ਆਤਮਾ ਪਰਮਾਤਮਾ ਅਤੇ ਜਗਤ ਦੇ ਰਹੱਸਾਂ ਨੂੰ ਵਿਅਕਤ ਕਰਨ ਲਈ ਬਿੰਬਾਂ ਨੂੰ ਮਾਧਿਅਮ ਵਜੋਂ ਪ੍ਰਯੋਗ ਕੀਤਾ ਹੈ। ਪ੍ਰਕ੍ਰਿਤੀ ਅਤੇ ਜੀਵਨ ਦੀ ਵਿਵਧਤਾ ਵਿਚੋਂ ਬਿੰਬ ਲੈ ਕੇ ਆਪਣੇ ਅਨੁਭਵ ਦੇ ਰਹੱਸ ਨੂੰ ਉਨ੍ਹਾਂ ਨੇ ਆਮ ਲੋਕਾਂ ਲਈ ਵਧੇਰੇ ਸਹਿਜ ਅਤੇ ਸੁੰਦਰ ਬਣਾ ਕੇ ਕਾਵਿ ਦੇ ਲੋਕ-ਕਲਿਆਣ ਮੰਤਵ ਨੂੰ ਦ੍ਰਿੜ ਕੀਤਾ। ਇਸ ਲਈ ਬਾਣੀ ਰੁਤੀ ਦੀ ਬਿੰਬ ਸਿਰਜਣਾ ਗੁਰੂ ਅਰਜਨ ਸਾਹਿਬ ਜੀ ਦੇ ਵਿਸ਼ਾਲ ਅਨੁਭਵ ਤੇ ਕਲਾ ਕੌਸ਼ਲਤਾ ਦਾ ਪ੍ਰਮਾਣ ਸਾਬਤ ਹੋਈ ਹੈ।

## (2) ਪ੍ਰਤੀਕ ਵਿਧਾਨ

ਅਧਿਆਤਮਿਕ ਸਾਹਿਤ ਲਈ ਬਿੰਬਾਂ ਦੀ ਤਰ੍ਹਾਂ ਹੀ ਪ੍ਰਤੀਕ ਵੀ ਕਾਵਿ -ਸੁਹਜ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਬਿੰਬ ਤੋਂ ਬਾਅਦ ਕਲਪਨਾ ਦਾ ਅਭਿਵਿਅਕਤੀਗਤ ਦੂਜਾ ਰੂਪ ਪ੍ਰਤੀਕ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਅਧਿਆਤਮਿਕ ਸਾਧਨਾ ਨੂੰ ਸਰਸ, ਸਰਲ ਅਤੇ ਸੁਹਜ ਭਰਪੂਰ ਢੰਗ ਨਾਲ ਜਿਗਿਆਸੂਆ ਨਾਲ ਸਾਂਝਿਆਂ ਕਰਨ ਲਈ ਪ੍ਰਤੀਕ ਦੀ ਵਰਤੋਂ ਕੀਤੀ ਹੈ। ਪ੍ਰਤੀਕ ਗੁਰੂ ਸਾਹਿਬ ਦੀ ਵਰਣਨ ਸ਼ੈਲੀ ਦਾ ਇਕ ਸ੍ਰੇਸ਼ਟ ਅਤੇ ਪ੍ਰਮੁੱਖ ਅੰਗ ਹਨ ਅਤੇ ਉਨ੍ਹਾਂ ਦੀ ਸ਼ਾਹਕਾਰੀ ਕਿਰਤ ਬਾਣੀ ਰੁਤੀ ਦੇ ਕਲਾ ਪੱਖ ਦਾ ਮੁੱਖ ਸ਼ਿੰਗਾਰ ਤੇ ਉਸ ਦਾ ਇਕ ਸਾਹਿਤਕ ਲੱਛਣ ਵੀ ਇਹੋ ਹੀ ਹਨ। ਇਨ੍ਹਾਂ ਰਾਹੀਂ ਹੀ ਉਨ੍ਹਾਂ ਨੇ ਆਪਣੇ ਸੂਖ਼ਮ ਅਨੁਭਵਾਂ ਤੇ ਗੰਭੀਰ ਵਿਚਾਰਾਂ ਨੂੰ ਅਜਿਹੀ ਸੁਚੱਜੀ ਅਤੇ ਸੁਭਾਵਕ ਵਿਧੀ ਨਾਲ ਪੇਸ਼ ਕੀਤਾ ਹੈ ਕਿ ਉਹ ਭਰਵੇਂ ਅਤੇ ਸੁਰੰਗੇ ਚਿੱਤਰਾਂ ਵਾਂਗ ਉੱਘੜ ਆਏ

ਹਨ ਅਤੇ ਆਮ ਪਾਠਕ ਜਾਂ ਸਰੋਤੇ ਲਈ ਸਪੱਸ਼ਟ ਅਤੇ ਸਮਝ ਵਿਚ ਆਉਣ ਯੋਗ ਬਣ ਗਏ ਹਨ। ਗੁਰੂ ਸਾਹਿਬ ਨੇ ਲੋਕ ਜੀਵਨ ਦੇ ਉਨ੍ਹਾਂ ਰੂਪਾਂ, ਚਿੱਤਰਾਂ, ਵਸਤੂਆਂ ਅਤੇ ਸੰਬੰਧਾਂ ਦੀ ਪ੍ਰਤੀਕ ਰੂਪ ਵਿਚ ਯੋਜਨਾ ਕੀਤੀ ਹੈ ਜਿਸ ਨਾਲ ਉਨ੍ਹਾਂ ਦੀ ਅਨੁਭੂਤੀ ਦੀ ਸਮਾਨਤਾ ਸੀ ਅਤੇ ਜੋ ਆਮ ਤੌਰ ਤੇ ਚਿਰਾਂ ਤੋਂ ਲੋਕ-ਚੇਤਨਾ ਨਾਲ ਜੁੜੇ ਚਲੇ ਆ ਰਹੇ ਸਨ। ਇਸ ਲਈ ਪ੍ਰਤੀਕਾਤਮਕ ਦ੍ਰਿਸ਼ਟੀਕੋਣ ਤੋਂ ਗੁਰੂ ਸਾਹਿਬ ਦੀ ਬਾਣੀ ਰੁਤੀ ਅਥਾਹ ਸਾਗਰ ਸਮਾਨ ਹੈ। ਜਿਸ ਤੋਂ ਗੁਰੂ ਸਾਹਿਬ ਦੀ ਪ੍ਰਤੀਕ ਦ੍ਰਿਸ਼ਟੀ ਵਚਿੱਤਰ ਅਤੇ ਅਲੌਕਿਕ ਪ੍ਰਤੀਤ ਹੁੰਦੀ ਹੈ।

ਬਾਣੀ ਰੁਤੀ ਵਿਚ ਗੁਰੂ ਅਰਜਨ ਦੇਵ ਜੀ ਦੀ ਸੁਹਜ ਭਰਪੂਰ ਪ੍ਰਤੀਕ ਸਿਰਜਣਾ ਤੇ ਵਿਚਾਰ ਕਰਨ ਤੋਂ ਪਹਿਲਾਂ ਪ੍ਰਤੀਕ ਦਾ ਸਿਧਾਂਤਕ ਰੂਪ ਸਮਝ ਲੈਣਾ ਅਤਿ ਜ਼ਰੂਰੀ ਹੈ। 'ਪ੍ਰਤੀਕ' ਸ਼ਬਦ ਅੰਗਰੇਜ਼ੀ ਦੇ symbol ਦਾ ਸਮਾਨਾਰਥਕ ਹੈ। ਵੈਬਸਟਰ ਡਿਕਸ਼ਨਰੀ ਵਿਚ ਪ੍ਰਤੀਕ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ:

> ਪ੍ਰਤੀਕ ਇਕ ਵਸਤੂ ਹੈ, ਜੋ ਸਬੰਧ, ਸਾਂਝ ਜਾਂ ਰੂੜੀ ਦੇ ਆਧਾਰ ਤੇ ਕਿਸੇ ਹੋਰ ਵਸਤੂ ਦਾ ਸੁਝਾਉ ਦਿੰਦੀ ਹੈ। ਇਹ ਸਮਾਨਤਾ ਅਚੇਤ/ਸੁਚੇਤ ਦੋਹਾਂ ਰੂਪਾਂ ਵਿਚ ਹੋ ਸਕਦੀ ਹੈ।[21]

ਜੀਵਨ ਦੇ ਵਿਭਿੰਨ ਖੇਤਰਾਂ ਦੀ ਤਰ੍ਹਾਂ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਵਿਚ ਪ੍ਰਤੀਕ ਦਾ ਪ੍ਰਯੋਗ ਸੰਭਵ ਹੈ ਕਿਉਂਕਿ 'ਆਦਰਸ਼ਕ ਸੱਚ' ਦੀ ਸੰਕੇਤਕ ਅਭਿਵਿਅਕਤੀ ਕਰਦੇ ਹਨ। ਇਸ ਲਈ ਕਲਾ ਜਗਤ ਵਿਚ ਸੂਖ਼ਮ ਸੁਹਜ ਨੂੰ ਵਿਅਕਤ ਕਰਨ ਲਈ ਪ੍ਰਤੀਕਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਾਵਾਂ ਦੀ ਸਾਰਥਕ ਚਿਤਰਮਈ ਅਭਿਵਿਅਕਤੀ ਲਈ ਪ੍ਰਤੀਕ ਵਿਸ਼ੇਸ਼ ਮਾਧਿਅਮ ਹਨ। ਇਹਨਾਂ ਦੇ ਸਹਿਯੋਗ ਨਾਲ ਵਰਣਨ ਸ਼ੈਲੀ ਵਿਚ ਮਧੁਰਤਾ ਰੂਪਮਾਨ ਹੁੰਦੀ ਹੈ ਤੇ ਅਭਿਵਿਅਕਤੀ ਵਿਚ ਅਨੂਠੀ ਆਭਾ ਆ ਜਾਂਦੀ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪ੍ਰਤੀਕ ਦੀਆਂ ਪੰਜ ਵਿਸ਼ੇਸ਼ਤਾਵਾਂ ਮੰਨੀਆਂ ਹਨ:

(1) ਪ੍ਰਤੀਕ ਅਣਦਿਸਦੇ ਦੀ ਪ੍ਰਤੀਨਿਧਤਾ ਕਰਦਾ ਹੈ।

(2) ਪ੍ਰਤੀਕ ਸਾਡੇ ਮਨ ਵਿਚ ਤੁਰਤ ਫੁਰਤ ਕੋਈ ਭਾਵਨਾ ਭਰਦਾ ਹੈ।

(3) ਪ੍ਰਤੀਕ ਉੱਤੇ ਆਪਣੇ ਸਮੇਂ, ਸਥਾਨ ਤੇ ਸਭਿਆਚਾਰਕ ਮਾਹੌਲ ਦੀ ਛਾਪ ਲੱਗੀ ਰਹਿੰਦੀ ਹੈ।

(4) ਪ੍ਰਤੀਕ ਹੌਲੀ ਹੋਲੀ ਖਾਸ ਅਰਥਾਂ ਵਿਚ ਰੂੜ੍ਹ ਹੋ ਜਾਂਦਾ ਹੈ।

(5) ਪ੍ਰਤੀਕ ਕਲਾ ਵਿਧਾਨ ਦਾ ਇਕ ਅੰਗ ਹੈ।[22]

ਸੋ ਜਿਥੇ ਪ੍ਰਤੀਕਾਂ ਦੁਆਰਾ ਭਾਵ ਉੱਘੜ ਆਉਂਦਾ ਹੈ, ਉਥੇ ਕਾਵਿ ਦੇ ਸੁਹਜ-ਸੁਆਦ, ਭਾਵਾਂ ਦੀ ਤੀਬਰਤਾ ਤੇ ਉਨ੍ਹਾਂ ਦੇ ਸਪੱਸ਼ਟੀਕਰਣ ਗੁਣਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਸ ਪੱਖ ਦੀ ਪੁਸ਼ਟੀ ਸੀ. ਐਮ. ਬੋਵਰਾ ਦੇ ਵਿਚਾਰ ਕਰਦੇ ਹਨ :

> ਪ੍ਰਤੀਕ ਆਪਣੇ ਪ੍ਰਸੰਗ ਵਿਚ ਭਾਵੇਂ ਸਪੱਸ਼ਟ ਨਾ ਹੋਵੇ ਪਰ ਉਨ੍ਹਾਂ ਦਾ ਅਰਥ ਸਦਾ ਸਪੱਸ਼ਟ ਹੁੰਦਾ ਹੈ ਪ੍ਰਤੀਕ ਦੇ ਪ੍ਰਯੋਗ ਨਾਲ ਕਿਸੇ ਭਾਵ ਨੂੰ ਸਪੱਸ਼ਟ ਕਰਨ ਲਈ ਬਹੁਤੇ ਸ਼ਬਦਾਂ ਦੀ ਜ਼ਰੂਰਤ ਨਹੀਂ ਰਹਿੰਦੀ। ਪ੍ਰਤੀਕ ਵਿਚਾਰਾਂ ਨੂੰ ਮੂਰਤ ਰੂਪ ਪ੍ਰਦਾਨ ਕਰਦੇ ਹਨ ਨਹੀਂ ਤਾਂ ਸ਼ਾਇਦ ਵਿਚਾਰ ਅਵਿਅਕਤ ਹੀ ਰਹਿ ਜਾਂਦੇ।[23]

ਸੋ ਉਪਰੋਕਤ ਤੋਂ ਸਪੱਸ਼ਟ ਹੈ ਕਿ ਪ੍ਰਤੀਕ ਕਿਸੇ ਅਦ੍ਰਿਸ਼ ਜਾਂ ਅਵਿਅਕਤ ਸੱਤਾ ਦਾ ਦ੍ਰਿਸ਼ ਜਾਂ ਵਿਅਕਤ ਰੂਪ ਹੈ। ਕਾਵਿ ਦੀ ਪ੍ਰਤੀਕ ਸਿਰਜਣਾ ਇਸ ਨੂੰ ਨਵਾਂ ਜੀਵਨ, ਨਵੀਂ ਸੰਵੇਦਨਸ਼ੀਲਤਾ ਪ੍ਰਦਾਨ ਕਰਦਾ ਹੈ ਅਤੇ ਕਾਵਿ ਭਾਸ਼ਾ ਵਿਚ ਇਹ ਕਿਸੇ ਇਕ ਸ਼ਬਦ ਰਾਹੀਂ ਵਿਆਪਕ ਅਰਥਾਂ ਨੂੰ ਵਿਅਕਤ ਕਰਦੀ ਹੈ ਜਿਸ ਨਾਲ ਭਾਵਾਂ ਦਾ ਸੰਚਾਰ ਅਤੇ ਭਾਸ਼ਾ ਦਾ ਅਲੰਕਰਣ ਰੂਪ ਸਾਹਮਣੇ ਆਉਂਦਾ ਹੈ ਅਤੇ ਭਾਸ਼ਾ ਵਿਚ ਇਕ ਨਵੀਂ ਅਰਥ ਸ਼ਕਤੀ ਆ ਜਾਣ ਕਰਕੇ ਸੁਹਜ ਵਿਚ ਵਾਧਾ ਹੁੰਦਾ ਹੈ।

ਬਾਣੀ ਰੁਤੀ ਵਿਚ ਗੁਰੂ ਅਰਜਨ ਦੇਵ ਜੀ ਦੁਆਰਾ ਸਫਲ ਪ੍ਰਤੀਕ ਉਸਾਰੀ ਕੀਤੀ ਗਈ ਹੈ। ਜਿਸ ਨਾਲ ਭਾਵਾਂ ਅਤੇ ਵਿਚਾਰਾਂ ਦਾ ਸੁਚੱਜਾ ਸੁਮੇਲ ਬਾਣੀ ਦੇ ਸੁਹਜ ਸੰਚਾਰ ਵਿਚ ਵਾਧਾ ਕਰ ਰਿਹਾ ਪ੍ਰਤੀਤ ਹੁੰਦਾ ਹੈ। ਗੁਰੂ ਸਾਹਿਬ ਨੇ ਲੋਕ ਜੀਵਨ ਦੇ ਉਨ੍ਹਾਂ ਰੂਪਾਂ, ਚਿੱਤਰਾਂ, ਵਸਤੂਆਂ ਅਤੇ ਸਬੰਧਾਂ ਨੂੰ ਆਪਣੀ ਰਹੱਸ ਅਨੁਭੂਤੀ ਦੀ ਅਭਿਵਿਅਕਤੀ ਲਈ ਆਧਾਰ ਬਣਾਇਆ ਹੈ ਜੋ ਆਮ ਮਨੁੱਖ ਦੀ ਸਮਝ ਵਿਚ ਜਲਦੀ ਆ ਸਕਣ। ਗੁਰੂ ਸਾਹਿਬ ਨੇ ਪਰਮਾਤਮਾ, ਜੀਵਾਤਮਾ, ਮਾਇਆ, ਮਨ, ਸਰੀਰ, ਸ੍ਰਿਸ਼ਟੀ ਆਦਿ ਨੂੰ ਲੈ ਕੇ ਵੱਖ ਵੱਖ ਰੂਪਾਂ ਵਿਚ ਪ੍ਰਤੀਕ ਸਿਰਜਣਾ ਕੀਤੀ ਹੈ। ਗੁਰੂ ਸਾਹਿਬ ਮੁੱਖ ਰੂਪ ਵਿਚ ਆਪਣੇ ਭਾਵ ਦੋ ਤਰ੍ਹਾਂ ਵਿਅਕਤ ਕਰਦੇ ਹਨ। ਇਕ ਪਾਸੇ ਤਾਂ ਉਹ ਪ੍ਰਾਚੀਨ ਪਰੰਪਰਾ ਤੋਂ ਚਲੀ ਆ ਰਹੀ ਕਾਵਿ ਰੂੜ੍ਹੀ ਨੂੰ ਵਿਆਪਕ ਅਰਥਾਂ ਵਿਚ ਵਿਅਕਤ ਕਰਕੇ ਆਮ ਲੋਕਾਂ ਦਾ ਵਿਸ਼ਵਾਸ

ਕਾਇਮ ਕਰਦੇ ਹਨ। ਦੂਜੇ ਪਾਸੇ ਪਰਮਾਤਮਾ ਪ੍ਰਤੀ ਪ੍ਰੇਮ ਦੇ ਅਨੁਭਵ ਨੂੰ ਪ੍ਰਤੀਕਾਤਮਕ ਸ਼ਬਦਾਂ ਰਾਹੀਂ ਵਿਅਕਤ ਕਰਨ ਦਾ ਯਤਨ ਕਰਦੇ ਹਨ। ਉਹ ਭਾਵੇਂ ਬ੍ਰਹਮ ਦੇ ਨਿਰਾਕਾਰ ਰੂਪ ਨੂੰ ਹੀ ਮੰਨਦੇ ਹਨ ਪਰ ਆਪਣੇ ਯੁੱਗ ਤਕ ਬ੍ਰਹਮ ਦੇ ਲਈ ਪ੍ਰਚਲਿਤ ਸਾਰੇ ਨਾਵਾਂ ਦੇ ਪ੍ਰਤੀ ਉਦਾਰਤਾ ਦੇ ਭਾਵ ਰਖਦੇ ਹਨ। ਇਹੀ ਕਾਰਣ ਹੈ ਕਿ ਉਹ ਪਰਮਸੱਤਾ ਜਾਂ ਬ੍ਰਹਮ ਨੂੰ ਅਗਮ, ਅਗੋਚਰ, ਭੈਹਰਣ, ਸਖ ਸਾਗਰ, ਭੰਜਨੋ, ਭਗਵੰਤ, ਸੋਭਾਵੰਤ, ਬੰਤਾ (ਜਾਣਨ ਵਾਲਾ), ਹਜੂਰ, ਗੁਣਵੰਤ, ਤਾਰਣਹਾਰ ਅਤੇ ਕ੍ਰਿਪਾਲ ਕਹਿੰਦੇ ਹੋਏ ਵੀ ਉਸ ਨੂੰ ਸ੍ਰੀ ਰੰਗ (ਵਿਸ਼ਨੂੰ), ਰਾਮ, ਹਰਿ, ਸ੍ਰੀ ਧਰ, ਗੋਪਾਲ, ਜਗਦੀਸਰ, ਰਮਣ, ਪਾਰਬ੍ਰਹਮ, ਗੋਬਿੰਦ ਆਦਿ ਨਾਵਾਂ ਨਾਲ ਯਾਦ ਕਰਦੇ ਹਨ। ਇਸ ਤਰ੍ਹਾਂ ਉਹ ਇਨ੍ਹਾਂ ਪੁਰਾਣੇ ਪ੍ਰਤੀਕਾਂ ਦਾ ਨਵ ਨਿਰਮਾਣ ਕਰਕੇ ਨਵੇਂ ਅਰਥ ਸਾਹਮਣੇ ਲਿਆਉਂਦੇ ਹਨ। ਬਾਣੀ ਰੁਤੀ ਵਿਚੋਂ ਇਸ ਸਬੰਧੀ ਕੁਝ ਉਦਾਹਰਣਾਂ ਦੇਖਦੇ ਹਾਂ:

(ੳ) ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ॥
ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ॥[24]

(ਅ) ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ॥
ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ॥[25]

(ੲ) ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ
ਨਾਨਕ ਭ੍ਰਮ ਭੈ ਮਿਟਿ ਗਏ ਰਮਣ ਰਾਮ ਭਰਪੂਰਿ॥ [26]

(ਸ) ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ॥
ਬਿਨਵੰਤ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ॥[27]

(ਹ) ਹਰਿ ਰੰਗ ਰਾਤੇ ਸਹਿਜੇ ਮਾਤੇ ਤਿਲੁ ਨ ਮਨ ਤੇ ਬੀਸਰੈ॥
ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ॥
ਗੋਬਿੰਦ ਗੁਣ ਨਿਧਿ ਸ੍ਰੀਰੰਗ ਸੁਆਮੀ ਆਦਿ ਕਉ ਆਦੇਸੁ ਜੀਉ॥
ਬਿਨਵੰਤਿ ਨਾਨਕ ਮਇਆ ਧਾਰਹੁ ਜੁਗ ਜੁਗੋ ਇਕ ਵੇਸੁ ਜੀਉ॥[28]

ਗੁਰੂ ਅਰਜਨ ਦੇਵ ਜੀ ਵਿਸ਼ਨੂੰ, ਕ੍ਰਿਸ਼ਨ, ਰਾਮ ਅਤੇ ਉਹਨਾਂ ਦੇ ਸਮਾਨਾਰਥੀ ਸ਼ਬਦਾਂ ਨੂੰ ਨਿਰਗੁਣ ਰੂਪ ਵਿਚ ਸਰਬ ਵਿਆਪਕ, ਅਗਮ, ਅਗੋਚਰ ਅਤੇ ਸਗੁਣ ਰੂਪ ਵਿਚ ਨਿਆਂਸ਼ੀਲ, ਦੀਨ

ਅਤੇ ਦਿਆਲੂ ਰੂਪ ਦੇ ਪ੍ਰਤੀਕ ਵਜੋਂ ਸੁਹਜਾਤਮਕ ਰੂਪ ਵਿਚ ਪ੍ਰਯੋਗ ਕਰਦੇ ਹਨ। ਸਮੁੱਚੇ ਭਗਤੀ ਕਾਵਿ ਵਿਚ ਆਤਮਾ ਤੇ ਪ੍ਰਮਾਤਮਾ ਦਾ ਸਬੰਧ ਇਸਤਰੀ ਅਤੇ ਮਰਦ ਦੇ ਪ੍ਰਤੀਕ ਰਾਹੀਂ ਵਿਅਕਤ ਕੀਤਾ ਗਿਆ ਹੈ। ਗੁਰੂ ਅਰਜਨ ਸਾਹਿਬ ਜੀ ਇਸੇ ਪਰੰਪਰਾ ਅਨੁਸਾਰ ਜੀਵ ਆਤਮਾ ਅਤੇ ਗੁਰਮੁੱਖ ਵਿਅਕਤੀਆਂ ਲਈ ਸੁਹਾਗਣ, ਮਨਮੁੱਖ ਵਿਅਕਤੀਆਂ ਲਈ ਦੁਹਾਗਣ, ਪਰਮਾਤਮਾ ਲਈ ਕੰਤ, ਮੀਤ, ਲਾਲ, ਧਨ, ਪ੍ਰੀਤਮ, ਨਾਹੁ, ਸਾਜਨ ਆਦਿ ਦਾ ਪ੍ਰਯੋਗ ਕਰਦੇ ਹਨ। ਪਰਮਾਤਮਾ ਲਈ ਵਰਤੇ ਗਏ ਉਪਰੋਕਤ ਵਰਣਿਤ ਪ੍ਰਤੀਕ ਭਗਤੀ ਧਾਰਾ ਨਾਲ ਸੰਬੰਧਿਤ ਰੁਮਾਂਟਿਕ ਅਤੇ ਸੌਂਦਰਯ ਪ੍ਰਤੀਕ ਹਨ। ਗੁਰੂ ਸਾਹਿਬ ਆਤਮਾ ਪਰਮਾਤਮਾ ਦੇ ਰਿਸ਼ਤੇ ਨੂੰ ਰੂਪਮਾਨ ਕਰਨ ਲਈ ਘਰੇਲੂ ਸਮਾਜ ਵਿਚੋਂ ਪ੍ਰਤੀਕ ਚੁਣ ਕੇ ਇਸਤਰੀ ਮਰਦ ਦੇ ਰਿਸ਼ਤੇ ਨੂੰ ਅਧਿਆਤਮਕ ਪੱਧਰ ਉੱਤੇ ਇਸ ਤਰ੍ਹਾਂ ਪੇਸ਼ ਕਰਦੇ ਹਨ:

(ੳ) ਸੰਤ ਸਰਣਿ ਸਾਜਨ ਪਰਹੁ ਸੁਆਮੀ ਸਿਮਰਿ ਅਨੰਤ॥
ਸੂਕੇ ਤੇ ਹਰਿਆ ਥੀਆ ਨਾਨਕ ਜਪਿ ਭਗਵੰਤ॥[29]

(ਅ) ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥
ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ॥[30]

(ੲ) ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ॥
ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ॥[31]

(ਸ) ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ॥
ਮਨ ਤਨ ਅੰਤਰਿ ਰਵਿ ਰਹੈ ਨਾਨਕ ਸਹਜਿ ਸੁਭਾਇ॥[32]

(ਹ) ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ॥
ਸੰਤ ਸੰਜੋਗੀ ਨਾਨਕ ਗ੍ਰਿਹਿ ਪ੍ਰਗਟੇ ਪ੍ਰਭ ਮੀਤੁ॥[33]

(ਕ) ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ॥
ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ॥
ਗ੍ਰਿਹ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ॥
ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ॥[34]

ਬਾਣੀ ਰੁਤੀ ਵਿਚ ਉਪਰੋਕਤ ਵਰਣਿਤ ਪ੍ਰਤੀਕਾਂ ਦੀ ਵਰਤੋਂ ਕਰਨ ਨਾਲ ਗੁਰੂ ਅਰਜਨ ਦੇਵ ਜੀ ਦੀ ਪ੍ਰੇਮਾ-ਭਗਤੀ ਦਾ ਮਧੁਰ ਰੂਪ ਨਿਖਰ ਕੇ ਸਾਹਮਣੇ ਆਇਆ ਹੈ। ਇਹਨਾਂ ਪ੍ਰਸੰਗਾਂ ਵਿਚ ਉਹਨਾਂ ਨੇ ਆਤਮਾ ਅਤੇ ਜੀਵਾਤਮਾ ਦੇ ਬਿਰਹਾ ਅਤੇ ਮਿਲਾਪ ਦੇ ਅਨੇਕਾਂ ਚਿੱਤਰ ਪੇਸ਼ ਕੀਤੇ ਹਨ ਜਿਸ ਰਾਹੀਂ ਗੁਰੂ ਸਾਹਿਬ ਦੇ ਪਿਆਰ ਭਾਵਾਂ ਦੀ ਸ਼ਿਦਤ ਸਿਖਰ ਤੇ ਹੁੰਦੀ ਹੈ ਅਤੇ ਉਨ੍ਹਾਂ ਦੀ ਸੁਹਜ ਕਲਾ ਅਤੇ ਕਾਵਿ ਕਲਾ ਦਾ ਚਮਤਕਾਰ ਸਪੱਸ਼ਟ ਤੌਰ ਤੇ ਸਾਹਮਣੇ ਆਉਂਦਾ ਹੈ।

ਗੁਰੂ ਸਾਹਿਬ ਸਮਾਜ ਤੋਂ ਅਭਿੱਜ ਨਹੀਂ ਸਨ। ਉਨ੍ਹਾਂ ਨੇ ਸਮਾਜਕ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚੋਂ ਢੁੱਕਵੇਂ ਪ੍ਰਤੀਕ ਚੁਣ ਕੇ ਆਪਣੇ ਭਾਵਾਂ ਨੂੰ ਵਿਅਕਤ ਕੀਤਾ ਹੈ। ਸਮਾਜ ਨਾਲ ਸੰਬੰਧਿਤ ਰਾਜਨੀਤਿਕ ਖੇਤਰ ਵਿਚੋਂ ਉਨ੍ਹਾਂ ਨੇ ਸੁਆਮੀ, ਮਨੋਵਿਗਿਆਨਕ ਖੇਤਰ ਵਿਚੋਂ ਅੰਤਰਜਾਮੀ ਅਤੇ ਧਾਰਮਿਕ ਖੇਤਰ ਵਿਚੋਂ ਦੀਨ ਦਇਆਲ, ਕ੍ਰਿਪਾਲ ਆਦਿਕ ਪ੍ਰਤੀਕ ਚੁਣ ਕੇ ਪਰਮਾਤਮਾ, ਜੋਕਿ ਅਰੂਪ ਹੈ, ਦੀ ਪ੍ਰਤੀਨਿਧਤਾ ਕੀਤੀ ਹੈ। ਜਿਵੇਂ:

(ੳ) ਕਿਲਵਿਖ ਕਾਟਣ ਭੈ ਹਰਣ ਸੁਖ ਸਾਗਰ ਹਰਿ ਰਾਇ॥
ਦੀਨ ਦਇਆਲ ਦੁਖ ਭੰਜਨੋ ਨਾਨਕ ਨੀਤ ਧਿਆਇ॥[35]

(ਅ) ਪ੍ਰਭੁ ਪੂਰਿ ਰਹਿਆ ਸਰਬ ਠਾਈ ਹਰਿ ਨਾਮ ਨਵ ਨਿਧਿ ਗ੍ਰਿਹ ਭਰੇ॥
ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ॥[36]

ਗੁਰੂ ਸਾਹਿਬ ਨੇ ਆਪਣੀ ਸੁਹਜਵਾਦੀ ਰਚਨਾ ਰੁਤੀ ਵਿਚ ਸਾਲ ਦੀਆਂ ਛੇ ਰੁੱਤਾਂ ਨੂੰ ਵਾਰੋ ਵਾਰੀ ਹਰ ਕਾਵਿ ਬੰਦ ਦੇ ਮੁੱਢ ਵਿਚ ਰੱਖ ਕੇ ਪਰਮਾਤਮਾ ਤੋਂ ਵਿਛੜੀ ਹੋਈ ਜੀਵ ਆਤਮਾ ਦੀ ਤੜਪ, ਜਲਨ ਅਤੇ ਪਰਮਾਤਮਾ ਨੂੰ ਮੁੜ ਮਿਲਣ ਦੀ ਤਾਂਘ ਨੂੰ ਢੁਕਵੇਂ ਭਾਵ ਪੂਰਤ ਪ੍ਰਤੀਕਾਂ ਦੁਆਰਾ ਚਿੱਤਰਿਆ ਹੈ। ਗੁਰੂ ਸਾਹਿਬ ਦੁਆਰਾ ਪ੍ਰਕ੍ਰਿਤੀ ਤੋਂ ਲਏ ਇਹ ਪ੍ਰਤੀਕ ਇਕ ਪਾਸੇ ਪ੍ਰਕ੍ਰਿਤੀ ਦੇ ਸਬੰਧਿਤ ਦ੍ਰਿਸ਼ਾਂ, ਵਸਤੂਆਂ ਆਦਿ ਨੂੰ ਅੱਖਾਂ ਸਾਹਮਣੇ ਲਿਆ ਖੜੇ ਕਰਦੇ ਹਨ ਅਤੇ ਦੂਜੇ ਪਾਸੇ ਗੁਰੂ ਸਾਹਿਬ ਦੀ ਪ੍ਰਕ੍ਰਿਤੀ ਪ੍ਰਤੀ ਸੰਵੇਦਨਸ਼ੀਲਤਾ ਨੂੰ ਪ੍ਰਮਾਣਿਤ ਕਰਦੇ ਹਨ। ਇਸ ਪ੍ਰਕਾਰ ਹੀ ਗੁਰੂ ਅਰਜਨ ਦੇਵ ਜੀ ਦੀ ਭਗਤੀ ਭਾਵਨਾ ਦਾ ਬੜਾ ਸੁੰਦਰ ਨਿਰੂਪਣ ਵੀ ਹੋਇਆ ਹੈ। ਬਾਣੀ ਰੁਤੀ ਵਿਚ ਗੁਰੂ ਸਾਹਿਬ ਨੇ ਪ੍ਰਕਿਰਤੀ ਅਤੇ ਇਸਦੇ ਵੰਨ-ਸੁਵੰਨੇ ਦ੍ਰਿਸ਼ਾਂ ਨੂੰ ਪਿਛੋਕੜ ਵਿਚ ਰੱਖ ਕੇ ਜੀਵ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਨੂੰ ਕੰਤ-ਸੁਹਾਗਣ ਪ੍ਰਤੀਕ ਰਾਹੀਂ ਚਿਤਰਿਆ ਹੈ:

ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ॥
ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ॥
ਗ੍ਰਿਹ ਲਾਲ ਆਏ ਮਨਿ ਧਿਆਇ ਸੇਜਿ ਸੁੰਦਰਿ ਸੋਹੀਆ॥
ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ॥[37]

ਇਹਨਾਂ ਪ੍ਰਤੀਕਾਂ ਤੋਂ ਇਲਾਵਾ ਗੁਰੂ ਅਰਜਨ ਨੇ ਬਾਣੀ ਰੁਤੀ ਵਿਚ ਸੰਸਾਰਿਕ ਵਿਸ਼ਿਆਂ ਵਿਚ ਗ੍ਰਸਤ ਜੀਵਾਤਮਾ ਜਾਂ ਪ੍ਰਾਣੀ ਦੀ ਦਸ਼ਾ ਦਾ ਵੀ ਪ੍ਰਤੀਕ ਰਾਹੀਂ ਬੜਾ ਕਰੁਣਾਮਈ ਚਿੱਤਰ ਖਿਚਿਆ ਹੈ ਜਿਵੇਂ ਮੱਛੀ (ਆਤਮਾ) ਆਪਣੇ ਜਲ (ਪਰਮਾਤਮਾ) ਤੋਂ ਵਿਛੜ ਕੇ ਬੜਾ ਤੜਫਦੀ ਹੈ ਉਸੇ ਤਰ੍ਹਾਂ ਜੀਵਾਤਮਾ ਵੀ ਸੰਸਾਰਿਕ ਵਿਸ਼ਿਆਂ ਵਿਚ ਮਗਨ ਹੋ ਕੇ ਜਮਦੂਤਾਂ ਕੋਲੋਂ ਤਾੜਨਾ ਪ੍ਰਾਪਤੀ ਕਰਕੇ ਵੀ ਤੜਫਦੀ ਹੈ। ਇਸ ਨਾਲ ਸੰਬੰਧਿਤ ਪ੍ਰਤੀਕ ਦੀ ਵੰਨਗੀ ਪ੍ਰਸਤੁਤ ਹੈ:

ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ॥
ਕਰਿ ਪਾਪ ਜੋਨੀ ਭੈ ਭੀਤ ਹੋਈ ਦੇਇ ਸਾਸਨ ਜਾਮ ਜੀਉ॥[38]

ਭਵਜਲ ਅਤੇ ਤੀਰ ਪ੍ਰਤੀਕ ਗੁਰੂ ਸਾਹਿਬ ਨੇ ਬਾਣੀ ਵਿਚ ਸੰਸਾਰ, ਸ੍ਰਿਸ਼ਟੀ ਲਈ ਵਰਤੇ ਹਨ। ਸੰਸਾਰ ਸਾਗਰ ਤਰ ਕੇ 'ਸਤਿ' ਦੀ ਪ੍ਰਾਪਤੀ ਕਰਨਾ ਹੀ ਜੀਵ ਆਤਮਾ ਦਾ ਆਦਰਸ਼ ਹੈ। ਗੁਰ ਦਰਸ਼ਨ ਅਨੁਸਾਰ ਪ੍ਰਾਣੀ ਦਾ ਅੰਤਮ ਲਕਸ਼ ਪਰਮ ਸੱਚ ਨਾਲ ਇਕਮਿਕਤਾ ਪ੍ਰਾਪਤ ਕਰਨੀ ਹੈ। ਉਹ ਜਨਮ ਧਾਰ ਕੇ ਇਸ ਸੰਸਾਰ ਵਿਚ ਆਉਂਦਾ ਹੈ। ਪਰ ਇਕ ਥਾਂ ਉਸ ਦਾ ਪੱਕਾ ਟਿਕਾਣਾ ਨਹੀਂ। ਉਸਦਾ ਛੁਟਕਾਰਾ ਅਕਾਲ ਪੁਰਖ ਦੀ ਮਿਹਰ ਸਦਕਾ ਹੀ ਹੋ ਸਕਦਾ ਹੈ ਜੋ ਪ੍ਰਾਣੀ ਇਹ ਸਮਝ ਪ੍ਰਾਪਤ ਕਰ ਲੈਂਦੇ ਹਨ, ਉਹ ਸੂਰਮਿਆਂ ਅਤੇ ਵੀਰ ਬਹਾਦਰਾਂ ਦੇ ਸਮਾਨ ਹੋ ਜਾਂਦਾ ਹੈ। ਬਾਣੀ ਰੁਤੀ ਵਿਚੋ. ਇਸ ਦੀ ਉਦਾਹਰਣ ਇਸ ਪ੍ਰਕਾਰ ਪ੍ਰਸਤੁਤ ਹੈ:

ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ॥
ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ॥
ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ॥
ਨਾਨਕ ਤਿਨੁ ਬਲਿਹਾਰਣੈ ਹਰਿ ਜਪਿ ਉਤਰੇ ਤੀਰ॥[39]

ਗੁਰੂ ਅਰਜਨ ਦੇਵ ਜੀ ਦੀ ਬਾਣੀ ਰੁਤੀ ਵਿਚ ਪ੍ਰਤੀਕ ਸਿਰਜਣਾ ਦੇ ਉਪਰੋਕਤ ਅਧਿਐਨ ਤੋਂ ਕੁਝ ਗੱਲਾਂ ਸਪੱਸ਼ਟ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀਆਂ ਹਨ ਕਿ ਉਨ੍ਹਾਂ ਦੇ ਪ੍ਰਤੀਕਾਂ ਦਾ ਮੂਲ

ਸੋਮਾ ਪੌਰਾਣਕ, ਸਮਾਜਕ ਜੀਵਨ, ਕੁਦਰਤ ਅਤੇ ਵਿਅਕਤੀਗਤ ਜੀਵਨ ਹੈ। ਵਰਤੇ ਗਏ ਇਹਨਾਂ ਪ੍ਰਤੀਕਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਗੁਰੂ ਸਾਹਿਬ ਨੇ ਇਨ੍ਹਾਂ ਰਾਹੀਂ ਆਧੁਨਿਕ ਕਵੀਆਂ ਵਾਂਗ ਧੁੰਧਲਾਪਣ ਪੈਦਾ ਨਹੀਂ ਕੀਤਾ ਸਗੋਂ ਭਾਵਾਂ ਨੂੰ ਸਪੱਸ਼ਟ ਕੀਤਾ ਹੈ। ਗੁਰੂ ਸਾਹਿਬ ਨੇ ਪ੍ਰਤੀਕ ਕੋਈ ਕਲਾ ਦੀ ਪ੍ਰਦਰਸ਼ਨੀ ਕਰਨ ਲਈ ਨਹੀਂ ਵਰਤੇ ਸਗੋਂ ਇਹ ਸੂਖਮ ਭਾਵਾਂ ਦੇ ਨਿਰੂਪਨ ਲਈ ਸਹਿਜ -ਸੁਭਾਵਕ ਹੀ ਉਨ੍ਹਾਂ ਦੀ ਬਾਣੀ ਵਿਚ ਆਏ ਹਨ। ਗੁਰਮਤਿ ਸਾਹਿਤ ਦੇ ਇਸ ਸ਼੍ਰੋਮਣੀ ਕਵੀ ਦੀ ਵਸਤੂ ਅਤੇ ਰੂਪ ਦੋਹਾਂ ਪੱਖਾਂ ਤੋਂ ਬਾਣੀ ਰੁਤੀ ਮਹਾਨ ਹੈ। ਉਨ੍ਹਾਂ ਆਪਣੇ ਭਾਵ ਨਿਰੂਪਣ ਲਈ ਭਾਵਾਂ ਦੇ ਅਨੁਕੂਲ ਢੁਕਵੇਂ ਪ੍ਰਤੀਕਾਂ ਦੀ ਵਰਤੋਂ ਕਰਕੇ ਮਹਾਨ ਕਲਾ ਕੌਸ਼ਲਤਾ ਦਾ ਪ੍ਰਮਾਣ ਦਿੱਤਾ ਹੈ। ਇਕ ਰਹੱਸਵਾਦੀ ਕਵੀ ਹੋਣ ਕਰਕੇ ਗੁਰੂ ਸਾਹਿਬ ਨੇ ਪ੍ਰਤੀਕਾਂ ਦੇ ਮਾਧਿਅਮ ਰਾਹੀਂ ਅਦ੍ਰਿਸ਼ਟ ਸੱਚ ਦੀ ਪ੍ਰਤੀਨਿਧਤਾ ਕੀਤੀ ਹੈ ਅਤੇ ਆਪਣੇ ਰਹੱਸਵਾਦੀ ਅਨੁਭਵ ਦਾ ਪ੍ਰਕਾਸ਼ ਕੀਤਾ ਹੈ। ਬਾਣੀ ਰੁਤੀ ਵਿਚ ਮੌਲਿਕ ਪ੍ਰਤੀਕ ਸਿਰਜੇ ਗਏ ਹਨ ਜੋ ਕਿ ਵਧੇਰੇ ਡੂੰਘੇ, ਪ੍ਰਭਾਵਸ਼ਾਲੀ ਅਤੇ ਸੁਹਜ ਭਰਪੂਰ ਹਨ। ਬਾਣੀ ਰੁਤੀ ਪ੍ਰਕਿਰਤੀ ਚਿਤਰਣ ਨਾਲੋਂ ਪ੍ਰਕਿਰਤੀ ਦਾ ਜੋ ਮਨੁੱਖੀ ਮਨ ਉੱਪਰ ਪ੍ਰਭਾਵ ਪੈਂਦਾ ਹੈ, ਉਸ ਨੂੰ ਅਧਿਆਤਮਕ ਅਰਥਾਂ ਰਾਹੀਂ ਉਜਾਗਰ ਕਰਦੀ ਹੈ। ਪ੍ਰਕਿਰਤਕ ਪ੍ਰਭਾਵਾਂ ਦਾ ਅਧਿਆਤਮੀਕਰਣ ਕਰਨਾ ਹੀ ਇਸ ਰਚਨਾ ਦਾ ਮੂਲ ਹੈ। ਇਸ ਪ੍ਰਕਾਰ ਉਪਰੋਕਤ ਵਰਣਿਤ ਸਾਰੇ ਪ੍ਰਤੀਕਾਂ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਬਹੁਤ ਸਰਸ ਅਤੇ ਨਿਰਮਲ ਕਾਵਿ-ਅਭਿਵਿਅਕਤੀ ਨੂੰ ਦੇਖਿਆ ਜਾ ਸਕਦਾ ਹੈ।

### (3) ਅਲੰਕਾਰਾਂ ਦਾ ਪ੍ਰਯੋਗ

ਬਾਣੀ ਰੁਤੀ ਵਿਚ ਗੁਰੂ ਅਰਜਨ ਦੇਵ ਜੀ ਦੀ ਕਾਵਿ-ਸੁਹਜ ਸਿਰਜਣਾ ਦਾ ਅਗਲਾ ਤੱਤ ਅਲੰਕਾਰ ਹੈ। "'ਅਲੰਕਾਰ' ਸ਼ਬਦ ਦਾ ਅਰਥ ਹੈ ਗਹਿਣਾ, ਸਜਾਵਟ ਜਾਂ ਸ਼ਿੰਗਾਰ। ਕਾਵਿ ਵਿਚ ਜੋ ਅਲੰਕ੍ਰਿਤ ਜਾਂ ਭੂਸ਼ਿਤ ਕਰੇ, ਉਹ 'ਅਲੰਕਾਰ' ਹੈ।"[40] ਕਾਵਿ-ਸ਼ਾਸਤਰ ਅਨੁਸਾਰ ਅਲੰਕਾਰ ਅਜੇਹੇ ਸ਼ਬਦਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੁਆਰਾ ਅਭਿਵਿਅਕਤੀ ਵਿਚ ਸਪੱਸ਼ਟਤਾ, ਪ੍ਰੇਸ਼ਣੀਅਤਾ ਅਤੇ ਭਾਸ਼ਾ ਵਿਚ ਸੌਂਦਰਯ ਦਾ ਵਾਧਾ ਹੁੰਦਾ ਹੈ। ਸਪੱਸ਼ਟਤਾ ਅਤੇ ਪ੍ਰਭਾਵ ਪੈਦਾ ਕਰਨ ਹੇਤੂ ਵਾਣੀ ਅਲੰਕਾਰ ਦਾ ਰੂਪ ਧਾਰਣ ਕਰਦੀ ਹੈ। ਇਸ ਲਈ ਕਾਵਿ ਵਿਚ ਅਲੰਕਾਰਾਂ ਦਾ ਮਹੱਤਵਪੂਰਣ ਸਥਾਨ ਹੈ।[41]

ਬਿੰਬ ਅਤੇ ਪ੍ਰਤੀਕ ਤੋਂ ਬਾਅਦ ਕਲਪਨਾ ਦੀ ਅਭਿਵਿਅਕਤੀ ਦਾ ਪ੍ਰਮੁੱਖ ਰੂਪ ਅਲੰਕਾਰ ਹਨ। ਕਵਿਤਾ ਵਿਚ ਅਲੰਕਾਰਾਂ ਦੇ ਮਹੱਤਵ ਨੂੰ ਭਾਰਤੀ ਅਤੇ ਪੱਛਮੀ ਦੋਹਾਂ ਸ਼ਾਸਤਰੀ ਪਰੰਪਰਾਵਾਂ ਨੇ

ਸਵੀਕਾਰ ਕੀਤਾ ਹੈ। ਅਲੰਕਾਰਾਂ ਦਾ ਕਾਵਿ ਵਿਚ ਬੜਾ ਵਡਮੁੱਲਾ ਯੋਗਦਾਨ ਹੈ। ਇਹ ਅਰਥ-ਅਭਿਵਿਅਕਤੀ ਵਿਚ ਸਹਾਇਕ ਸਿੱਧ ਹੁੰਦੇ ਹਨ ਅਤੇ ਕਾਵਿ ਅਨੰਦ ਵਿਚ ਵਾਧਾ ਕਰਦੇ ਹਨ। ਇਹਨਾਂ ਦਾ ਪ੍ਰਮੁੱਖ ਤੌਰ ਤੇ ਸਬੰਧ ਕਾਵਿ ਦੀ ਬਾਹਰਲੀ ਸਜਾਵਟ, ਕਵੀ ਦੇ ਆਪਣੇ ਅੰਦਰਲੇ ਉਤਸ਼ਾਹ ਅਤੇ ਓਜ ਨਾਲ ਮੰਨਿਆ ਗਿਆ ਹੈ। ਇਸ ਲਈ ਅਲੰਕਾਰ ਦਾ ਸੰਬੰਧ ਕਾਵਿ ਦੀ ਬਾਹਰੀ ਪ੍ਰਕਿਰਿਆ ਨਾਲ ਹੀ ਨਹੀਂ, ਸਗੋਂ ਕਵੀ ਦੀ ਮਾਨਸਿਕ ਪ੍ਰਕਿਰਿਆ ਨਾਲ ਵੀ ਹੈ। ਡਾ. ਸਤਿੰਦਰ ਸਿੰਘ ਕਾਵਿ ਵਿਚ ਅਲੰਕਾਰਾਂ ਦੇ ਮਹੱਤਵਪੂਰਨ ਯੋਗਦਾਨ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਆਖਦੇ ਹਨ ਕਿ ਅਲੰਕਾਰ ਇਕ ਅਜਿਹੀ ਸਹਾਇਕ ਜੁਗਤ ਹੈ, ਜਿਸ ਨਾਲ ਕਵਿਤਾ ਦੀ ਖ਼ੂਬਸੂਰਤੀ ਵਿਚ ਵਾਧਾ ਹੁੰਦਾ ਹੈ। ਇਹ ਸ਼ਬਦ ਰੂਪੀ ਗਹਿਣੇ ਹਨ ਜੋ ਕਵਿਤਾ ਨੂੰ ਸਜਾਉਣ ਅਤੇ ਇਸ ਦਾ ਪ੍ਰਭਾਵ ਵਧਾਉਣ ਦਾ ਕੰਮ ਕਰਦੇ ਹਨ। ਇਹ ਭਾਵਾਂ ਨੂੰ ਉਚਿਆਣ ਅਤੇ ਵਸਤਾਂ ਦੇ ਰੂਪ, ਗੁਣ ਤੇ ਕਿਰਿਆ ਦਾ ਤੀਬਰ ਅਨੁਭਵ ਕਰਾਉਣ ਵਿਚ ਸਹਾਈ ਹੁੰਦੇ ਹਨ।[42]

ਇਸ ਲਈ ਕਵਿਤਾ ਦੇ ਭੂਸ਼ਣਮਈ ਸਰੂਪ ਨੂੰ ਅਲੰਕਾਰ ਆਖਿਆ ਜਾਂਦਾ ਹੈ। ਇਕ ਅਨੁਭਵੀ ਕਵੀ ਇਨ੍ਹਾਂ ਕਾਵਿ ਗਹਿਣਿਆ ਦੀ ਵਰਤੋਂ ਆਪਣੀ ਰਚਨਾ ਨੂੰ ਸਾਰਥਕਤਾ ਦੇਣ ਅਤੇ ਭਾਵ ਸੁਹਜ ਨੂੰ ਵਿਆਪਕ ਬਣਾਉਣ ਲਈ ਕਰਦਾ ਹੈ। ਸੁਰੇਸ਼ ਅਗਰਵਾਲ ਅਨੁਸਾਰ:

> ਜੀਵਨ ਵਿਚ ਜਿਸ ਪ੍ਰਕਾਰ ਸਰੀਰ ਨੂੰ ਨਿਖਾਰਨ, ਸਜਾਉਣ ਲਈ ਅਨੇਕ ਪ੍ਰਕਾਰ ਦੇ ਗਹਿਣਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਇਸ ਪ੍ਰਕਾਰ ਕਾਵਿ ਜਾਂ ਸਾਹਿਤ ਵਿਚ ਵਿਅੰਜਤ ਵਿਚਾਰ, ਤੱਥ, ਅਨੁਭੂਤੀ ਤੇ ਚਰਿੱਤ੍ਰ ਦੀ ਪ੍ਰਭਾਵ ਪੂਰਨ ਅਭਿਵਿਅਕਤੀ ਦੇ ਲਈ ਅਲੰਕਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।[43]

ਉਪਰੋਕਤ ਵਿਚਾਰਾਂ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਅਸਲ ਵਿਚ ਅਲੰਕਾਰ ਇਕ ਸੁਨਿਸ਼ਚਿਤ ਯੋਜਨਾ ਹੈ, ਜਿਸਦੇ ਮਾਧਿਅਮ ਸਦਕਾ ਕਾਵਿ ਸੰਬੰਧੀ ਸਭ ਰੂਪ, ਸਪੱਸ਼ਟ ਹੋ ਕੇ ਮਨੁੱਖੀ ਹਿਰਦੇ ਨੂੰ ਅਲੌਕਿਕ ਆਨੰਦ ਦੀ ਅਵਸਥਾ ਵਿਚ ਲਿਜਾ ਕੇ ਉਸ ਨੂੰ ਰਸ-ਮਈ ਕਰ ਦਿੰਦੇ ਹਨ। ਇਹ ਭਾਵ ਅਤੇ ਅਨੁਭੂਤੀ ਨੂੰ ਸ੍ਰੇਸ਼ਟਤਾ ਅਤੇ ਪ੍ਰਚੰਡਤਾ ਪ੍ਰਦਾਨ ਕਰਕੇ ਰੂਪ, ਗੁਣ, ਕ੍ਰਿਆ ਦੇ ਪ੍ਰਭਾਵ ਨੂੰ ਤੀਬਰ, ਸ਼ੋਖ ਅਤੇ ਸੁੰਦਰ ਵੀ ਬਣਾਉਂਦੇ ਹਨ।

ਡਾ. ਗਣਪਤ ਗੁਪਤ ਨੇ 'ਡਿਕਸ਼ਨਰੀ ਆਫ਼ ਵਰਲਡ ਲਿਟਰੇਰੀ ਟਰਮਜ਼' ਦੇ ਆਧਾਰ ਤੇ ਅਲੰਕਾਰ ਦੇ ਜੋ ਅੱਠ ਪ੍ਰਯੋਜਨ ਦੱਸੇ ਹਨ, ਉਨ੍ਹਾਂ ਵਿਚ ਵਿਸ਼ੈ ਦਾ ਸਪੱਸ਼ਟੀਕਰਣ ਕਰਨਾ, ਸ਼ੋਭਾ ਵਧਾਉਣਾ, ਸਮਾਨਤਾ ਸਥਾਪਿਤ ਕਰਨਾ, ਸਜੀਵਤਾ ਲਿਆਉਣਾ, ਕਥਨ ਨੂੰ ਸ਼ਕਤੀਵਰ ਬਣਾਉਣਾ, ਰਮਣੀਕਤਾ ਲਿਆਣਾ ਆਦਿ ਪ੍ਰਮੁੱਖ ਹਨ।[44]

ਭਾਰਤੀ ਕਾਵਿ-ਸ਼ਾਸਤਰ ਦੇ ਆਚਾਰੀਆ ਨੇ ਅਲੰਕਾਰ ਦੇ ਬੜੇ ਭੇਦ ਕੀਤੇ ਹਨ। ਪ੍ਰਮੁੱਖ ਰੂਪ ਵਿਚ ਇਹ ਭੇਦ ਸ਼ਬਦ ਅਤੇ ਅਰਥ ਦੇ ਆਧਾਰ ਤੇ ਹੀ ਕੀਤੇ ਗਏ ਹਨ। ਕਵਿਤਾ ਵਿਚ ਧੁਨੀ ਦੇ ਆਧਾਰ ਤੇ ਸ਼ਬਦ ਅਲੰਕਾਰ ਦੀ ਸਿਰਜਣਾ ਹੁੰਦੀ ਹੈ ਅਤੇ ਅਰਥ ਦੇ ਆਧਾਰ ਤੇ ਅਰਥ ਅਲੰਕਾਰ ਦੀ। ਇਹ ਦੋਵੇਂ ਹੀ ਕਾਵਿ ਸੌਂਦਰਯ ਦਾ ਵਾਧਾ ਕਰਦੇ ਹਨ। ਜੋ ਅਲੰਕਾਰ ਸ਼ਬਦ ਅਤੇ ਅਰਥ ਦੋਨਾਂ ਤੇ ਆਸ਼੍ਰਿਤ ਰਹਿ ਕੇ ਦੋਵਾਂ ਨੂੰ ਚਮਤਕ੍ਰਿਤ ਕਰਦੇ ਹਨ, ਉਹ ਉਭੈ ਅਲੰਕਾਰ ਕਹਿਲਾਂਦੇ ਹਨ। ਸੋ ਸਾਰੀਆਂ ਅਵਸਥਾਵਾਂ ਵਿਚ ਅਲੰਕਾਰਾਂ ਦਾ ਪ੍ਰਯੋਗ ਮੂਲ ਰੂਪ ਵਿਚ ਦੋ ਤਰ੍ਹਾਂ ਦਾ ਹੁੰਦਾ ਹੈ। ਸ਼ਬਦਾਂ ਦੇ ਦੁਆਰਾ ਚਮਤਕਾਰ ਅਥਵਾ ਸੌਂਦਰਯ ਦੇ ਵਾਧੇ ਹੋਣ ਤੇ ਸ਼ਬਦ ਅਲੰਕਾਰ ਕਹਿਲਾਂਦਾ ਹੈ ਅਤੇ ਜਦ ਅਰਥ ਦੀ ਚਮਤਕ੍ਰਿਤੀ ਹੁੰਦੀ ਹੈ ਤਾਂ ਅਰਥ ਅਲੰਕਾਰ ਅਤੇ ਜਦ ਸ਼ਬਦ ਅਤੇ ਅਰਥ ਦੋਨਾਂ ਮਾਧਿਅਮ ਤੋਂ ਕਾਵਿ ਸੰਬੰਧੀ ਆਨੰਦ ਦੀ ਸ੍ਰਿਸ਼ਟੀ ਹੁੰਦੀ ਹੈ ਤਦ ਉਸਦੀ ਸੰਗਿਆ ਉਭੈ ਅਲੰਕਾਰ ਦੀ ਹੁੰਦੀ ਹੈ।[45]

ਸੋ ਅਸੀਂ ਕਹਿ ਸਕਦੇ ਹਾਂ ਕਿ ਕਵਿਤਾ ਵਿਚ ਸ਼ੋਭਾ ਤੇ ਸੌਂਦਰਯ ਵਿਚ ਵਾਧਾ ਕਰਨ ਵਾਲੇ ਸਾਧਨਾਂ ਨੂੰ ਅਲੰਕਾਰ ਕਿਹਾ ਜਾਂਦਾ ਹੈ। ਅਲੰਕਾਰਾਂ ਦਾ ਕੰਮ ਜਿਥੇ ਕਵੀ ਦੀ ਕਲਾ ਨੂੰ ਲਿਸ਼ਕ ਪ੍ਰਦਾਨ ਕਰਨਾ ਹੈ ਉਥੇ ਉਸਦੇ ਗੁਝੇ ਭੇਦਾਂ ਨੂੰ ਸਪੱਸ਼ਟ ਕਰਨਾ ਵੀ ਹੈ। 'ਰੁਤੀ' ਭਗਤੀ ਭਾਵ ਪ੍ਰਧਾਨ ਰਚਨਾ ਹੈ। ਗੁਰੂ ਅਰਜਨ ਦੇਵ ਕਾਵਿ ਦੇ ਸੌਂਦਰਯ ਦਾ ਆਧਾਰ ਜਿਥੇ ਭਾਵਾਂ ਦੀ ਵਿਭਿੰਨਤਾ ਅਤੇ ਕਲਪਨਾ ਦੀ ਵਿਸ਼ਾਲਤਾ ਹੈ, ਉਥੇ ਇਸ ਦੀ ਅਲੰਕ੍ਰਿਤ ਭਾਸ਼ਾ ਵੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਆਲੇ ਦੁਆਲੇ, ਸਮਾਜਿਕ ਜੀਵਨ ਅਤੇ ਪ੍ਰਕ੍ਰਿਤੀ ਵਿਚੋਂ ਢੁਕਵੇਂ ਰੂਪਕ ਅਤੇ ਉਪਮਾਵਾਂ ਚੁੱਣਕੇ ਕਾਵਿ ਅਭਿਵਿਅਕਤੀ ਵਿਚ ਐਸੀ ਸ਼ਕਤੀ ਪੈਦਾ ਕੀਤੀ ਹੈ, ਜੋ ਪਾਠਕ ਅਤੇ ਸਰੋਤਿਆਂ ਦੇ ਹਿਰਦਿਆਂ ਤੇ ਤੀਖਣ ਪ੍ਰਭਾਵ ਪੈਦਾ ਕਰਨ ਦੇ ਸਮਰੱਥ ਹੈ। ਉਨ੍ਹਾਂ ਦੀ ਵਾਣੀ ਆਪਣੇ ਕੁਦਰਤੀ ਰੂਪ ਵਿਚ ਅਭਿਵਿਅਕਤੀ ਦਾ ਅਲੰਕਰਣ ਕਰਦੀ ਹੋਈ ਚਲਦੀ ਹੈ। ਉਨ੍ਹਾਂ ਦੀ ਭਾਸ਼ਾ ਉਨ੍ਹਾਂ ਦੇ ਹਿਰਦੇ ਦਾ ਸੁਭਾਵਿਕ ਉਦਗਾਰ ਮਾਤਰ ਹੈ, ਜੋ ਕਾਵਿ ਦਾ ਸਰੂਪ ਅਖਤਿਆਰ ਕਰ ਗਈ ਹੈ। ਇਸ ਲਈ ਬਾਣੀ

ਰੁਤੀ ਵਿਚ ਪ੍ਰਾਪਤ ਹੋਣ ਵਾਲੇ ਅਲੰਕਾਰ ਵੀ ਸੁਭਾਵਿਕ ਰੂਪ ਵਿਚ ਹੀ ਪ੍ਰਯੁਕਤ ਹੋਏ ਹਨ, ਕਲਾ ਕੁਸ਼ਲਤਾ ਦੇ ਪ੍ਰਦਰਸ਼ਨ ਨਾਲ ਨਹੀਂ। ਗੁਰੂ ਸਾਹਿਬ ਜੀ ਦੇ ਵਿਸ਼ਾਲ ਗਿਆਨ ਅਤੇ ਅਨੁਭਵ ਨੂੰ ਸਹੀ ਰੂਪ ਵਿਚ ਪ੍ਰਕਾਸ਼ਿਤ ਕਰਨ ਵਾਲੇ ਇਹ ਅਲੰਕਾਰ ਬੜੇ ਸਰਸ, ਜਨ ਜੀਵਨ ਦੇ ਨੇੜੇ, ਸੁਭਾਵਿਕ ਅਤੇ ਪ੍ਰਭਾਵਸ਼ਾਲੀ ਹਨ। ਇਹ ਇਕ ਪਾਸੇ ਜਿਥੇ ਗੁਰੂ ਸਾਹਿਬ ਦੇ ਧਾਰਮਿਕ ਸਿਧਾਂਤਾਂ ਅਤੇ ਅਨੁਭੂਤੀਆਂ ਨੂੰ ਸਾਕਾਰ ਕਰਦੇ ਹਨ, ਉਥੇ ਉਨ੍ਹਾਂ ਦੀ ਅਭਿਵਿਅਕਤੀ ਨੂੰ ਵੀ ਸੁਹਜਮਈ ਅਤੇ ਕਲਾਤਮਕ ਬਣਾਉਂਦੇ ਹਨ। ਬਾਣੀ ਰੁਤੀ ਵਿਚ ਵਰਤੋਂ ਵਿਚ ਆਏ ਵੱਖ-ਵੱਖ ਅਲੰਕਾਰਾਂ ਦਾ ਵਿਵੇਚਨ ਹੇਠ ਲਿਖੇ ਅਨੁਸਾਰ ਹੈ:

### ਅਨੁਪ੍ਰਾਸ ਅਲੰਕਾਰ

ਇਸ ਅਲੰਕਾਰ ਵਿਚ ਇਕ ਅੱਖਰ/ਵਿਅੰਜਨ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਹੈ। ਇਹ ਦੁਹਰਾਓ ਇਕੋ ਪੰਕਤੀ ਵਿਚ, ਪੰਕਤੀ ਦੇ ਸ਼ੁਰੂ, ਮੱਧ ਜਾਂ ਅਖੀਰ ਵਿਚ ਕਿਤੇ ਵੀ ਹੋ ਸਕਦਾ ਹੈ।[46] ਬਾਣੀ ਰੁਤੀ ਵਿਚ ਅਨੁਪ੍ਰਾਸ ਰਾਹੀਂ ਭਾਵਾਂ ਦੀ ਤੀਖਣਤਾ ਪੈਦਾ ਹੋਈ ਹੈ। ਕੁਝ ਉਦਾਹਰਣਾਂ ਇਸ ਪ੍ਰਕਾਰ ਹਨ:

(ੳ) ਸੰਤ ਸਰਣਿ ਸਾਜਨ ਪਰਹੁ ਸੁਆਮੀ ਸਿਮਰਿ ਅਨੰਤ।।[47]

(ਅ) ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ।।[48]

(ੲ) ਸੁੰਦਰਿ ਸੁਜਾਨਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ।।[49]

(ਸ) ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ।।[50]

(ਹ) ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ।।[51]

(ਕ) ਵਣ ਤ੍ਰਿਣ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ।।[52]

ਗੁਰੂ ਸਾਹਿਬ ਜੀ ਨੇ ਅਨੁਪ੍ਰਾਸ ਸ਼ਬਦ ਅਲੰਕਾਰ ਦੇ ਸੰਜੋਗ ਨਾਲ ਬਾਣੀ ਵਿਚ ਅਨੁਪ੍ਰਾਸ ਸੰਗੀਤਾਮਕਤਾ ਰਾਹੀਂ ਕਾਵਿ-ਸੁਹਜ ਵਿਚ ਵਾਧਾ ਕੀਤਾ ਹੈ।

### ਵੀਪਸਾ ਅਲੰਕਾਰ

ਵੀਪਸਾ ਇਕ ਸ਼ਬਦ ਅਲੰਕਾਰ ਹੈ। ਜਦ ਕਿਸੇ ਕਾਵਿ ਵਿਚ, ਕਿਸੇ ਗੱਲ ਉੱਤੇ ਖਾਸ ਜ਼ੋਰ ਦੇਣ ਅਰਥਾਤ ਵਿਸ਼ੇਸ਼ ਪ੍ਰਭਾਵ ਪੈਦਾ ਕਰਨ ਲਈ, ਇਕ ਸ਼ਬਦ ਅਨੇਕ ਵਾਰ ਵਰਤਿਆ ਜਾਵੇ ਉਥੇ ਵੀਪਸਾ

ਅਲੰਕਾਰ ਹੁੰਦਾ ਹੈ। ਬਾਣੀ ਰੁਤੀ ਵਿਚ ਗੁਰੂ ਸਾਹਿਬ ਨੇ ਆਪਣੇ ਵਿਚਾਰਾਂ ਦੀ ਦ੍ਰਿੜਤਾ ਕਰਾਉਣ ਲਈ ਸ਼ਬਦਾਂ ਨੂੰ ਵਾਰ ਵਾਰ ਦੁਹਰਾ ਕੇ ਇਸ ਅਲੰਕਾਰ ਦੀ ਵਰਤੋਂ ਕੀਤੀ ਹੈ। ਜਿਵੇਂ:

(ੳ) ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ।।[53]

(ਅ) ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ।।[54]

(ੲ) ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ।।[55]

**ਉਪਮਾ ਅਲੰਕਾਰ**

ਉਪਮਾ ਅਜਿਹਾ ਅਰਥ ਅਲੰਕਾਰ ਹੈ ਜਿਸ ਵਿਚ ਕਿਸੇ ਵਸਤੂ ਜਾਂ ਪਦਾਰਥ ਦੇ ਰੂਪ ਜਾਂ ਗੁਣ ਆਦਿ ਨਾਲ ਸੰਬੰਧਿਤ ਵਿਸ਼ੇਸ਼ਤਾਵਾਂ ਨੂੰ ਪ੍ਰਗਟ ਕਰਨ ਲਈ ਕਿਸੇ ਵਧੇਰੇ ਚੰਗੇ ਵਸਤੂ ਜਾਂ ਪਦਾਰਥ ਨਾਲ ਸਮਾਨਤਾ ਦੱਸੀ ਜਾਵੇ।[56] ਉਪਮਾਨ, ਉਪਮੇਯ, ਸਾਂਝਾ ਧਰਮ ਅਤੇ ਵਾਚਕ ਸ਼ਬਦ ਆਦਿ ਚਾਰ ਤੱਤਾਂ ਦਾ ਹੋਣਾ ਇਸ ਅਲੰਕਾਰ ਵਿਚ ਜ਼ਰੂਰੀ ਹੈ। ਬਾਣੀ ਰੁਤੀ ਵਿਚਲੇ ਗੰਭੀਰ ਦਾਰਸ਼ਨਿਕ ਵਿਚਾਰਾਂ ਦੀ ਸਹਿਜ ਅਭਿਵਿਅਕਤੀ ਲਈ ਉਪਮਾਵਾਂ ਦੀ ਵਰਤੋਂ ਸਹਿਜ ਸੁਭਾਵਕ ਰੂਪ ਵਿਚ ਹੋਈ ਹੈ ਜਿਸ ਕਰਕੇ ਕਾਵਿ ਸੁਹਜ ਵਿਚ ਅਧਿਕਤਮ ਵਾਧਾ ਵੀ ਹੋਇਆ ਹੈ। ਉਦਾਹਰਣ ਵਜੋਂ:

ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁਠੀਆ।।
ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ।।[57]

ਉਪਰੋਕਤ ਗੁਰ ਵਾਕਾਂ ਵਿਚ ਗੁਰੂ ਸਾਹਿਬ ਪਰਮਾਤਮਾ ਪ੍ਰਤਿ ਵਿਛੋੜੇ ਦੇ ਦੁੱਖ ਅਤੇ ਪ੍ਰੇਮ ਨੂੰ ਪ੍ਰਗਟ ਕਰਨ ਲਈ ਮੱਛੀ ਅਤੇ ਜਲ ਦੀ ਉਪਮਾ ਦਿੰਦੇ ਹਨ। ਇਸ ਤੋਂ ਇਲਾਵਾ ਪਰਮਸਤ ਦੀ ਅਗੰਮਤਾ ਤੇ ਨਿਰਲੇਪਤਾ ਅਤੇ ਉਸ ਨਾਲ ਪ੍ਰੀਤ ਕਰਨ ਦੇ ਢੰਗ ਨੂੰ ਰੂਪਮਾਨ ਕਰਨ ਲਈ ਬਨਸਪਤੀ ਨੂੰ ਆਪਣੀ ਉਪਮਾਨ ਸਮੱਗਰੀ ਦਾ ਆਧਾਰ ਬਣਾਇਆ ਗਿਆ ਹੈ। ਇਹ ਮਨੁੱਖ ਦੇ ਅਨੇਕ ਸੁੱਖਾਂ ਦੀ ਸਾਂਝੀਵਾਲ ਹੈ। ਜਿਵੇਂ:

ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ।।
ਘਣ ਉਨਵਿ ਉਠੇ ਜਲ ਥਲ ਪੂਰਿਆ ਮਕਰੰਦ ਜੀਉ।।
ਪ੍ਰਭੁ ਪੂਰਿ ਰਹਿਆ ਸਰਬ ਠਾਈ ਹਰਿ ਨਾਮ ਨਵ ਨਿਧਿ ਗ੍ਰਿਹ ਭਰੇ।।
ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ।।[58]

ਗੁਰੂ ਅਰਜਨ ਦੇਵ ਜੀ ਨੇ ਰਹੱਸਾਤਮਕ ਸੱਤਾ ਦੇ ਅਨੁਭਵ ਨੂੰ ਪ੍ਰਗਟਾਉਣ ਲਈ ਅਤੇ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਦਾ ਅਨੁਸਾਰੀ ਬਣਾਉਣ ਲਈ, ਸਮਾਜਕ ਜੀਵਨ ਅਤੇ ਕੁਦਰਤ ਵਿਚੋਂ ਅਨੇਕ ਉਪਮਾਵਾਂ ਆਪਣੇ ਭਾਵਾਂ ਨੂੰ ਸੁਹਜਮਈ ਰੂਪ ਵਿਚ ਪ੍ਰਗਟ ਕਰਨ ਲਈ ਚੁਣੀਆਂ ਹਨ।

**ਰੂਪਕ ਅਲੰਕਾਰ**

ਕਾਵਿ ਵਿਚ ਰੂਪਕ ਦੀ ਬਹੁਤ ਮਹੱਤਤਾ ਹੈ। ਇਸ ਅਲੰਕਾਰ ਵਿਚ ਅਧੀਨ ਵਸਤੂ ਨੂੰ ਤੁਲਨਾਉਣ ਯੋਗ ਵਸਤੂ ਦਾ ਰੂਪ ਹੀ ਦੇ ਦਿੱਤਾ ਜਾਂਦਾ ਹੈ ਭਾਵ ਦੋਨੋਂ ਵਸਤੂਆਂ ਇਕ ਰੂਪ ਹੋ ਜਾਂਦੀਆਂ ਹਨ। ਜਿਵੇਂ ਚੰਦ ਵਰਗਾ ਮੁਖੜਾ ਉਪਮਾ ਅਲੰਕਾਰ ਹੈ, ਤਿਵੇਂ ਚੰਦ-ਮੁਖ ਰੂਪਕ ਅਲੰਕਾਰ ਆਖਿਆ ਜਾ ਸਕਦਾ ਹੈ। ਇਹ ਅਲੰਕਾਰ ਸਾਂਝਪਣ ਭਾਵ ਸਦ੍ਰਿਸ਼ਟਤਾ ਉਤੇ ਅਧਾਰਿਤ ਹੈ। ਬਾਣੀ ਰੁਤੀ ਵਿਚ ਆਤਮਾ ਪ੍ਰਮਾਤਮਾ ਦੇ ਸੰਬੰਧ ਅਤੇ ਜੀਵਨ ਦੀ ਛਿਣ-ਭੰਗਰਤਾ ਲਈ ਰੂਪਕ ਅਲੰਕਾਰ ਦੀ ਵਰਤੋਂ ਹੋਈ ਮਿਲਦੀ ਹੈ। ਆਤਮਾ ਪ੍ਰਮਾਤਮਾ ਦੇ ਸੰਬੰਧਾਂ ਨੂੰ ਸਾਕਾਰ ਕਰਨ ਲਈ, ਮਾਨਵੀ ਸੰਬੰਧਾਂ ਵਿਚੋਂ ਸਭ ਤੋਂ ਮਧੁਰ ਭਾਵ ਦੰਪਤੀ ਭਾਵ ਹੈ। ਇਸ ਨੂੰ ਲੈ ਕੇ ਆਤਮਾ ਪ੍ਰਮਾਤਮਾ ਦੀ ਅਦ੍ਵੈਤ ਸਥਿਤੀ ਦਾ ਵਰਣਨ ਕੀਤਾ ਹੈ ਭਾਵ ਵਿਚ ਨਿਰਪੇਖ ਬ੍ਰਹਮ ਵਿਚ ਪਤੀ, ਪ੍ਰਿਯ, ਕੰਤ, ਧਨ, ਖਸਮ ਆਦਿ ਭਾਵਾਂ ਦਾ ਆਰੋਪ ਕਰਕੇ ਤੇ ਆਤਮਾ ਨੂੰ ਇਕ ਬ੍ਰਿਹ-ਯੁਕਤ ਨਾਰੀ ਜਿਹੜੀ ਮਿਲਨ ਦੀ ਸਿੱਕ ਵਿਚ ਤਤਪਰ ਰਹਿੰਦੀ ਹੈ, ਦਾ ਰੂਪ ਪ੍ਰਦਾਨ ਕੀਤਾ ਹੈ। ਇਸ ਤਰ੍ਹਾਂ ਆਤਮਾ ਦਾ ਪ੍ਰਮਾਤਮਾ ਨਾਲ ਅਨੋਖਾ ਤੇ ਨਿਰਛੱਲ ਸੰਬੰਧ ਸਥਾਪਿਤ ਕੀਤਾ ਹੈ। ਬਾਣੀ ਰੁਤੀ ਵਿਚੋਂ ਰੂਪਕ ਅਲੰਕਾਰ ਸੰਬੰਧੀ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ:

(ੳ) ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ॥
ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ॥
ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ॥
ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ॥[59]

(ਅ) ਹਿਮ ਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ॥
ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ॥
ਗ੍ਰਿਹ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ

ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ॥[60]

(ੲ) ਸੰਤ ਸਰਣਿ ਸਾਜਨ ਪਰਹੁ ਸੁਆਮੀ ਸਿਮਰਿ ਅਨੰਤ॥

ਸੂਕੇ ਤੇ ਹਰਿਆ ਥੀਆ ਨਾਨਕ ਜਪਿ ਭਗਵੰਤ॥[61]

(ਸ) ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ॥

ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ॥[62]

(ਹ) ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਹੁ ਸਾਧਹ ਧੂਰਿ॥

ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ॥[63]

ਗੁਰੂ ਸਾਹਿਬ ਨੇ ਆਪਣੇ ਸਾਹਿਬ ਪਰਮਾਤਮਾ ਨਾਲ ਘਰੇਲੂ ਰੂਪਕ ਧਨ, ਪ੍ਰਿਅ, ਪ੍ਰੀਤਮ, ਕੰਤ, ਲਾਲ, ਸਾਜਨ ਆਦਿ ਵਰਤ ਕੇ ਮਧੁਰ ਸੰਬੰਧਾਂ ਨੂੰ ਦ੍ਰਿੜਾਇਆ ਹੈ। ਸੋ ਇਸ ਤਰ੍ਹਾਂ ਇਹਨਾਂ ਉਪਮਾਨਾਂ ਰਾਹੀਂ ਆਪਣੇ ਅਧਿਆਤਮਿਕ ਮੰਡਲ ਦੇ ਕ੍ਰਿਸ਼ਮਿਆਂ ਨੂੰ ਰੂਪਕ ਅਲੰਕਾਰ ਰਾਹੀਂ ਪ੍ਰਸਤੁਤ ਕੀਤਾ ਹੈ। ਇਸ ਤੋਂ ਇਲਾਵਾ ਉਪਰੋਕਤ ਗੁਰ ਵਾਕਾਂ ਵਿਚ ਰਾਜ ਸੱਤਾ ਦੇ ਅਧਿਕਾਰੀ ਜਿਵੇਂ ਪਾਰ-ਬ੍ਰਹਮ, ਸੁਆਮੀ ਆਦਿ ਰੂਪਕਾਂ ਦੀ ਵਰਤੋਂ ਵੀ ਉਸ ਪਰਮਸਤ ਲਈ ਕੀਤੀ ਗਈ ਹੈ। ਗੁਰਮੁੱਖ ਜੀਵ ਨੂੰ ਸੁਹਾਗਣ ਕਿਹਾ ਹੈ ਤੇ ਮਨਮੁੱਖ ਜੀਵ ਨੂੰ ਦੁਹਾਗਣ ਦੇ ਰੂਪਕ ਵਿਚ ਪੇਸ਼ ਕੀਤਾ ਹੈ। ਇਸ ਤਰ੍ਹਾਂ ਜੀਵ ਤੇ ਪਰਮਾਤਮਾ ਦੇ ਰਿਸ਼ਤੇ ਉੱਪਰ ਸੁਹਜਾਤਮਕ ਰੂਪ ਵਿਚ ਰੋਸ਼ਨੀ ਪਾਈ ਗਈ ਹੈ।

ਮਨੁੱਖ ਦੀ ਪੈਦਾਇਸ਼ ਇਸ ਸੰਸਾਰ ਵਿਚ ਹੁੰਦੀ ਹੈ। ਜਿਸ ਵਿਚ ਅਨੇਕ ਪ੍ਰਕਾਰ ਦੀਆਂ ਵਿਭੂਤੀਆਂ ਹਨ ਜੋ ਮਨੁੱਖ ਦੀ ਅਸਲੀਅਤ ਤੋਂ ਦੂਰ ਕਰਨ ਦਿੰਦੀਆਂ ਹਨ। ਸੋ ਸੰਸਾਰ ਦੀ ਇਸ ਸਮੱਗਰੀ ਨੂੰ ਦੇਖ ਕੇ ਗੁਰੂ ਜੀ ਸੰਸਾਰ ਲਈ ਵੀ ਕਈ ਰੂਪਕ ਪ੍ਰਯੋਗ ਕਰਦੇ ਹਨ:

ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ॥

ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ॥

ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ॥

ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ॥[64]

ਉਪਰੋਕਤ ਗੁਰ ਵਾਕਾਂ ਵਿਚ ਭਵਜਲ ਅਤੇ ਤੀਰ ਸੰਸਾਰ ਲਈ ਵਰਤੇ ਗਏ ਰੂਪਕ ਹਨ। ਇਹਨਾਂ ਰੂਪਕਾਂ ਨਾਲ ਕਾਵਿ-ਸੌਂਦਰਯ ਆਪਣੇ ਸਿਖਰਾਂ ਉਪਰ ਜਾ ਪੁੱਜਾ ਹੈ। ਗੁਰ ਸਾਹਿਬ ਵਿਸ਼ਿਆਂ ਦੇ

ਗੂੜ੍ਹ ਤੋਂ ਗੂੜ੍ਹ ਤੇ ਸੂਖ਼ਮ ਤੋਂ ਸੂਖਮ ਰਹੱਸਾਂ ਨੂੰ ਅਨੇਕ ਰੂਪਕ ਅਲੰਕਾਰਾਂ ਦੇ ਮਾਧਿਅਮ ਨਾਲ ਪ੍ਰਗਟਾਉਣ ਵਿਚ ਪੂਰੀ ਤਰ੍ਹਾਂ ਸਫਲ ਰਹੇ ਹਨ। ਉਨ੍ਹਾਂ ਦੀ ਸ਼ਬਦ ਚੋਣ ਉੱਚ ਕੋਟੀ ਦੀ ਕਾਵਿ ਸੂਝ ਦੀ ਸੂਚਕ ਹੈ।

### ਉਲੇਖ ਅਲੰਕਾਰ

ਜਦੋਂ ਇਕ ਵਸਤੂ ਦਾ ਅਨੇਕ ਢੰਗਾਂ ਨਾਲ ਵਰਨਣ ਕੀਤਾ ਜਾਵੇ, ਉਥੇ ਉਲੇਖ ਅਲੰਕਾਰ ਦੀ ਵਰਤੋਂ ਹੁੰਦੀ ਹੈ ਭਾਵ ਕਿ ਇਕ ਹੀ ਕਾਵਿ ਵਸਤੂ ਨੂੰ ਵੱਖ-ਵੱਖ ਢੰਗਾਂ ਨਾਲ ਪ੍ਰਗਟਾਉਣ ਵੇਲੇ ਇਸ ਅਲੰਕਾਰ ਦੀ ਵਰਤੋਂ ਕੀਤੀ ਜਾਂਦੀ ਹੈ। ਬਾਣੀ ਰੁਤੀ ਵਿਚੋਂ ਇਸ ਅਲੰਕਾਰ ਦੀ ਉਦਾਹਰਣ ਇਸ ਪ੍ਰਕਾਰ ਹੈ:

ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ।।
ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ।।
ਕਿਲਵਿਖ ਕਾਟਣ ਭੈ ਹਰਣ ਸੁਖ ਸਾਗਰ ਹਰਿ ਰਾਇ।।
ਦੀਨ ਦਇਆਲ ਦੁਖ ਭੰਜਨੋ ਨਾਨਕ ਨੀਤ ਧਿਆਇ।।[65]

ਉਪਰੋਕਤ ਗੁਰ ਵਾਕਾਂ ਵਿਚ ਮਹਾਨ ਕਵੀ ਗੁਰੂ ਅਰਜਨ ਦੇਵ ਜੀ ਨੇ ਉਲੇਖ ਅਲੰਕਾਰ ਦੁਆਰਾ ਪਰਮਾਤਮਾ ਦੇ ਵੱਖ-ਵੱਖ ਰੂਪਾਂ ਦੀ ਕਲਪਨਾ ਕਰ ਕੇ ਉਸਦੀ ਵਿਆਪਕਤਾ ਤੇ ਅਨੇਕਤਾ ਦੀ ਤਸਵੀਰ ਖਿੱਚ ਕੇ ਇਹ ਭਾਵ ਸਪੱਸ਼ਟ ਕੀਤਾ ਹੈ ਕਿ ਉਹ ਸਰਬ ਸ਼ਕਤੀਮਾਨ ਸੁਆਮੀ ਸਭ ਕੁਝ ਆਪੇ ਆਪ ਹੈ।

### ਲੋਕੋਕਤੀ ਅਲੰਕਾਰ

ਜਦ ਕਵੀ ਆਪਣੇ ਭਾਵਾਂ ਦੀ ਅਭਿਵਿਅੰਜਨਾ ਲਈ ਲੋਕ-ਕਥਨ ਨੂੰ ਕਾਵਿ ਅੰਦਰ ਗੁੰਦਦਾ ਹੈ ਅਤੇ ਆਪਣੇ ਕਥਨ ਦੀ ਪੁਸ਼ਟੀ ਲਈ ਇਸ ਲੋਕ ਕਥਨ ਉੱਪਰ ਰੱਖਦਾ ਹੈ ਤਦ ਲੋਕੋਕਤੀ ਅਲੰਕਾਰ ਦੀ ਹੋਂਦ ਕਾਇਮ ਹੋ ਜਾਂਦੀ ਹੈ।[66] ਬਾਣੀ ਰੁਤੀ ਵਿਚ ਇਸ ਅਲੰਕਾਰ ਦੀ ਵਰਤੋਂ ਇਸ ਪ੍ਰਕਾਰ ਹੋਈ ਹੈ:

(ੳ) ਸੂਕੇ ਤੇ ਹਰਿਆ ਥੀਆ ਨਾਨਕ ਜਪਿ ਭਗਵੰਤ।।[67]

(ਅ) ਜੋ ਭਾਣੇ ਸੇ ਮੇਲਿਆ ਵਿਛੋੜੇ ਭੀ ਆਪਿ।।[68]

(ੲ) ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ।।[69]

## ਦ੍ਰਿਸ਼ਟਾਂਤ ਅਲੰਕਾਰ

ਦ੍ਰਿਸ਼ਟਾਂਤ ਦਾ ਸ਼ਾਬਦਿਕ ਅਰਥ ਹੈ - ਉਦਾਹਰਣ। ਇਸ ਵਿਚ ਕਿਸੇ ਗੱਲ ਨੂੰ ਕਹਿ ਕੇ ਫਿਰ ਉਸਦੀ ਪੁਸ਼ਟੀ ਲਈ ਉਸੇ ਵਰਗੀ ਹੋਰ ਗੱਲ ਕਹੀ ਜਾਂਦੀ ਹੈ। ਦ੍ਰਿਸ਼ਟਾਂਤ ਵਿਚ ਹਮੇਸ਼ਾਂ ਦੋ ਵਾਕ ਹੁੰਦੇ ਹਨ - ਇਕ ਉਪਮੇਯ ਵਾਕ ਅਤੇ ਦੂਜਾ ਉਪਮਾਨ। ਉਪਮੇਯ ਜਿਸ ਦੀ ਗੱਲ (ਉਪਮਾ) ਕੀਤੀ ਜਾਂਦੀ ਹੈ ਅਤੇ ਉਪਮਾਨ, ਜਿਸ ਨਾਲ ਕੀਤੀ ਜਾਂਦੀ ਹੈ। ਇਹ ਅਰਥ ਅਲੰਕਾਰ ਸਦ੍ਰਿਸ਼ਟਤਾ (Similarity) ਉਤੇ ਅਧਾਰਿਤ ਹੈ। ਬਾਣੀ ਰੁਤੀ ਵਿਚ ਪ੍ਰਯੋਗ ਹੋਏ ਦ੍ਰਿਸ਼ਟਾਂਤ ਅਲੰਕਾਰ ਦੀ ਵੰਨਗੀ ਨਿਮਨ ਲਿਖਤ ਹੈ:

ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ॥
ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ॥[70]

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਰੁਤੀ ਵਿਚ ਅਲੰਕਾਰਾਂ ਦੀ ਗਤੀ ਅਤਿਅੰਤ ਸਹਿਜ ਅਤੇ ਸੁਭਾਵਕ ਰੂਪ ਵਿਚ ਵਿਦਮਾਨ ਹੈ। ਪਾਠਕ ਜਾਂ ਸਰੋਤਾ ਪੜ੍ਹਦਿਆ ਅਤੇ ਸੁਣਦਿਆਂ ਇਨ੍ਹਾਂ ਦਾ ਸਹਿਜ ਸੁਭਾ ਹੀ ਮਾਣਦਾ ਹੈ ਕਿਉਂਕਿ ਇਹ ਅਲੰਕਾਰ ਸਹਿਜ ਸੁਭਾ ਉਪਜੇ ਹਨ। ਕਿਸੇ ਯਤਨ ਨਾਲ ਨਹੀਂ। ਸਹਿਜ ਸੁਭਾ ਉਪਜੀ ਕਾਵਿ ਰਚਨਾ ਵਿਚ ਸੁਹਜ ਗੁਣ ਆਪ ਮੁਹਾਰੇ ਹੀ ਆ ਜਾਂਦੇ ਹਨ। ਗੁਰੂ ਸਾਹਿਬ ਨੇ ਆਪਣੇ ਭਾਵਾਂ ਅਤੇ ਅਨੁਭੂਤੀਆਂ ਨੂੰ ਰੂਪਮਾਨ ਕਰਨ ਲਈ ਯੋਗ, ਢੁਕਵੇਂ ਅਤੇ ਯਥਾਰਥ ਅਲੰਕਾਰ ਵਰਤੇ ਹਨ ਜੋ ਉਨ੍ਹਾਂ ਦੇ ਵਿਸ਼ਾਲ ਅਨੁਭਵ, ਵਿਰਾਟ ਕਲਪਨਾ ਤੇ ਲਾਸਾਨੀ ਵਿਦਵਤਾ ਦੀ ਗਵਾਹੀ ਭਰਦੇ ਹਨ। ਬਾਣੀ ਰੁਤੀ ਵਿਚ ਅਲੰਕਾਰਾਂ ਦੀ ਜੋ ਸਮੱਗਰੀ ਪ੍ਰਸਤੁਤ ਕੀਤੀ ਗਈ ਹੈ ਉਹ ਵੀ ਬਾਣੀ ਪ੍ਰਧਾਨ ਅੰਗ ਸੁਹਜ ਪੂਰਤੀ ਦੇ ਅਨੁਕੂਲ ਹੈ। ਗੁਰੂ ਸਾਹਿਬ ਦੀ ਅਧਿਆਤਮਿਕ ਅਨੁਭੂਤੀ ਦੀ ਅਭਿਵਿਅੰਜਨਾਂ ਵਿਚ ਅਨੇਕ ਅਰਥ ਤੇ ਸ਼ਬਦ ਅਲੰਕਾਰ ਡੂੰਘੀਆਂ ਰਮਜ਼ਾਂ, ਤੱਥਾਂ ਨੂੰ ਸਪੱਸ਼ਟਤਾ ਪੂਰਵਕ ਉਜਾਗਰ ਕਰਦੇ ਹਨ। ਉਨ੍ਹਾਂ ਦੇ ਅਲੰਕਾਰਾਂ ਦਾ ਵਿਸ਼ੇ ਨੂੰ ਮੂਰਤੀਮਾਨ ਕਰਨ ਵਿਚ ਪੂਰਨ ਸਹਿਯੋਗ ਹੈ। ਅਸਲ ਵਿਚ ਬਾਣੀ ਰੁਤੀ ਦਾ ਅਲੰਕਾਰ ਵਿਧਾਨ ਗੁਰੂ ਸਾਹਿਬ ਦੀ ਬਾਣੀ ਦਾ ਉਦੇਸ਼ ਨਹੀਂ, ਸਗੋਂ ਮੂਲ ਉਦੇਸ਼ ਦੀ ਸਿਧੀ ਦਾ ਸਾਧਨ ਹੈ। ਨਿਰਸੰਦੇਹ ਬਾਣੀ ਰੁਤੀ ਵਿਚ ਪ੍ਰਯੁਕਤ ਅਲੰਕਾਰ ਅਨੁਪਮ, ਉਤਕ੍ਰਿਸ਼ਟ ਅਤੇ ਅਦੁੱਤੀ ਹਨ।

## (4) ਸੰਗੀਤ ਅਤੇ ਲੈਅ

ਸੰਗੀਤ ਵਿਚ ਚੰਚਲ ਮਨ ਨੂੰ ਮੁਗਧ ਕਰਨ ਦੀ ਅਥਾਹ ਸ਼ਕਤੀ ਹੈ। ਇਸ ਵਿਚ ਲੋਚ ਤੇ ਮਿਠਾਸ ਹੈ, ਇਸਦੇ ਸੁਰ ਮਨ ਨੂੰ ਇਕਾਗਰ ਕਰਕੇ, ਬਾਹਰੀ ਜਗਤ ਤੋਂ ਖਿੱਚ ਕੇ ਅੰਤਰਮੁਖ ਕਰਨ ਦੀ

ਸ਼ਕਤੀ ਰੱਖਦੇ ਹਨ। ਮਨੁੱਖ ਦੇ ਮਨ ਅਤੇ ਰੂਹ ਵਿਚ ਅਨਾਹਦ ਨਾਦ ਇਸਥਿਤ ਹੈ, ਸੰਗੀਤ ਇਸ ਨੂੰ ਜਗਾਉਣ ਵਿਚ ਸਹਾਈ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਅੰਤਰਮ ਸੱਤਾ ਦਾ ਦਿਸ-ਦਰਸ਼ਨ ਕਰਾਉਣ ਵਿਚ ਸਭ ਤੋਂ ਅਧਿਕ ਸਮਰੱਥ ਹੋਣ ਕਾਰਣ, ਸੰਗੀਤ ਵਿਚ ਆਨੰਦ ਦੀ ਸਭ ਤੋਂ ਵੱਧ ਅਨੁਭੂਤੀ ਹੁੰਦੀ ਹੈ। ਅਸੀਂ ਪਰਮ ਆਨੰਦ ਵਿਚ ਲੀਨ ਹੋ ਕੇ ਆਪਣੇ ਅਸਤਿਤਵ ਨੂੰ ਭੁੱਲ ਸਕਦੇ ਹਾਂ।[71] ਸੰਗੀਤ ਮਨ ਦੇ ਭਾਵਾਂ ਅਤੇ ਵਿਚਾਰਾਂ ਨੂੰ ਤਰਲਤਾ ਪ੍ਰਦਾਨ ਕਰਦਾ ਹੈ। ਵਿਚਾਰ ਸੰਗੀਤ ਨਾਲ ਮਿਲ ਕੇ ਕਵਿਤਾ ਨੂੰ ਚਾਰ ਚੰਨ ਲਾਉਂਦੇ ਹਨ।

ਸਾਰੇ ਸਾਹਿਤ ਰੂਪਾਂ ਵਿਚੋਂ ਕਵਿਤਾ ਹੀ ਅਜਿਹਾ ਰੂਪ ਹੈ, ਜਿਸ ਵਿਚ ਭਾਸ਼ਾ ਦੀਆਂ ਸੰਗੀਤਕ ਸੰਭਾਵਨਾਵਾਂ ਨੂੰ ਸਭ ਤੋਂ ਵੱਧ ਵਰਤਿਆ ਜਾਂਦਾ ਹੈ। ਸੰਗੀਤ ਦਾ ਸੰਬੰਧ ਸਾਡੇ ਹਿਰਦੇ ਨਾਲ ਹੈ, ਇਸ ਲਈ ਕਾਵਿ-ਸੰਗੀਤ ਪਾਠਕ ਦੇ ਮਨ ਵਿਚ ਖਾਸ ਖਿੱਚ ਪੈਦਾ ਕਰਦਾ ਹੈ। ਸੰਗੀਤ ਦਾ ਗੁਣ ਬੌਧਿਕਤਾ ਨਾਲੋਂ ਰਸਾਤਮਕ ਵਧੇਰੇ ਹੈ। ਕਵਿਤਾ ਹਮੇਸ਼ਾਂ ਸੰਗੀਤ ਤੱਤ ਉੱਪਰ ਨਿਰਭਰ ਰਹੀ ਹੈ।[72] ਡਾ. ਯੋਗਰਾਜ ਸੰਗੀਤ ਨੂੰ ਕਵਿਤਾ ਦੇ ਸੁਹਜ ਲਈ ਇਕ ਜ਼ਰੂਰੀ ਤੱਤ ਮੰਨਦੇ ਹੋਏ ਲਿਖਦੇ ਹਨ:

> ਸੰਗੀਤਾਮਕਤਾ ਕਵਿਤਾ ਦੇ ਸੁਹਜ ਲਈ ਇਕ ਮਹੱਤਵਪੂਰਨ ਅਤੇ ਆਧਾਰੀ ਤੱਤ ਹੈ। ਆਪਣੇ ਬਾਹਰਮੁਖੀ ਸੁਭਾਅ ਵਿਚ ਸੰਗੀਤਾਮਕਤਾ ਹੀ ਕਵਿਤਾ ਨੂੰ ਵਾਰਤਕ ਨਾਲੋਂ ਵੱਖਰਿਆਉਂਦੀ ਹੈ। ਪਰੰਪਰਾਗਤ ਰੂਪ ਵਿਚ ਕਵਿਤਾ ਵਿਚਲੀ ਸੰਗੀਤਾਮਕਤਾ ਦਾ ਪ੍ਰਮੁੱਖ ਆਧਾਰ ਛੰਦ-ਵਿਧਾਨ ਰਿਹਾ ਹੈ।[73]

ਇਸ ਨਾਲ ਕਵਿਤਾ ਦੇ ਸੁਹਜ ਵਿਚ ਭਰਵਾਂ ਵਾਧਾ ਹੋ ਜਾਂਦਾ ਹੈ। ਕਵਿਤਾ ਵਿਚ ਮਾਤ੍ਰਾਵਾਂ ਜਾਂ ਵਰਣਾਂ ਨੂੰ ਖਾਸ ਤਰਤੀਬ ਵਿਚ ਜੋੜ ਕੇ ਵਜ਼ਨ ਤੋਲ ਤੇ ਬਿਸਰਾਮ ਦਾ ਖਿਆਲ ਰੱਖਦੇ ਹੋਏ ਤੁਕਾਂਤ ਦੁਆਰਾ ਲੈਅ ਪੈਦਾ ਕਰਨਾ ਛੰਦ ਹੈ ਭਾਵ ਜਿਸ ਕਾਵਿ ਵਿਚ ਮਾਤ੍ਰਾ, ਅੱਖਰ, ਬਿਸਰਾਮ ਅਤੇ ਤੁਕਾਂਤ ਦੇ ਨਿਯਮਾਂ ਦੀ ਪਾਬੰਦੀ ਹੋਵੇ ਉਥੇ ਛੰਦ ਹੁੰਦਾ ਹੈ। ਜਿਸ ਕਵਿਤਾ ਵਿਚ ਮਾਤ੍ਰਾਵਾਂ ਤੇ ਵਰਣਾਂ ਦੀ ਵਿਵਸਥਾ, ਗਤੀ ਤੇ ਚਰਣਾਂ ਦਾ ਮੇਲ ਹੋਵੇ, ਉਹ ਛੰਦ ਬੱਧ ਹੁੰਦੀ ਹੈ।[74] ਹਡਸਨ ਅਨੁਸਾਰ ਛੰਦ ਦਾ ਭਾਵ ਹੈ: ਵਿਵਸਥਿਤ ਰਿਦਮ ਅਤੇ ਵਰਣ ਤਰਤੀਬ।[75]

ਛੰਦ ਦਾ ਸਰੂਪ ਜਾਂ ਬਣਤਰ ਆਪਣੇ ਆਪ ਵਿਚ ਇਕ ਸੁਹਜ ਇਕਾਈ ਹੈ। ਇਸ ਇਕਾਈ ਦੀ ਭੂਮਿਕਾ ਉਸ ਵੇਲੇ ਨਿਸਚਿਤ ਹੁੰਦੀ ਹੈ ਜਦੋਂ ਇਹ ਇਕ ਸਾਰਥਕ ਕਾਵਿ ਜੁਗਤ ਬਣਦੀ ਹੈ ਤੇ ਕਵਿਤਾ

'ਚੋਂ ਸੁਹਜ ਪੈਦਾ ਹੁੰਦਾ ਹੈ ਇਸ ਪ੍ਰਕਾਰ ਛੰਦ ਕਾਵਿ-ਜੁਗਤ ਦੇ ਨਾਲ-ਨਾਲ ਸੁਹਜ ਜੁਗਤ ਵੀ ਹੈ। ਇਹ ਜੁਗਤ ਵੀ ਓਨੀ ਹੀ ਅਹਿਮ ਹੈ ਜਿਵੇਂ ਕਿ ਹੋਰ ਜੁਗਤਾਂ। ਇਹ ਜੁਗਤ ਵੀ ਸੁਹਜ ਪੈਦਾ ਕਰਨ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਆਈ. ਏ. ਰਿਚਰਡਜ਼ ਅਨੁਸਾਰ:

> ਛੰਦ, ਕਵੀ ਤੇ ਪਾਠਕ ਦੋਹਾਂ ਨੂੰ ਸੰਭਾਵਿਤ ਲੈਆਂ ਦੇ ਅਨਿਸ਼ਚਿਤ ਤੇ ਵਿਸਤ੍ਰਿਤ ਸੰਸਾਰ ਵਿਚ ਇਕ ਠੋਸ ਆਧਾਰ ਅਤੇ ਸਿਲਸਿਲੇ ਦਾ ਨਿਸ਼ਚਿਤ ਬਿੰਦੂ ਪ੍ਰਦਾਨ ਕਰਦਾ ਹੈ।[76]

ਡਾ. ਭਾਗੀਰਥ ਮਿਸ਼੍ਰ ਅਨੁਸਾਰ:

> ਕਵਿਤਾ ਦੀ ਮੁਖ ਵਿਸ਼ੇਸ਼ਤਾ ਰਮਣੀਕਤਾ ਹੈ। ਇਸ ਵਿਸ਼ੇਸ਼ਤਾ ਦੀ ਰਖਿਆ ਦਾ ਸਹਾਇਕ ਤੱਤ 'ਛੰਦ' ਹੀ ਹੈ। ਇਸ ਦੀ ਅਣਹੋਂਦ ਕਾਰਨ ਕਵਿਤਾ ਨੂੰ ਰਸਹੀਨ ਵਾਰਤਕ ਬਣਨ ਵਿਚ ਦੇਰ ਨਹੀਂ ਲੱਗਦੀ।[77]

ਇਸ ਲਈ ਲੈਅ ਤੇ ਸੰਗੀਤ ਦਾ ਸੰਚਾਰ ਕਰਨ ਲਈ ਛੰਦ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਭਾਰਤੀ ਕਾਵਿ ਸਾਧਨਾ ਲਈ ਸ਼ੁਰੂ ਤੋਂ ਹੀ ਦੋ ਛੰਦ ਪ੍ਰਣਾਲੀਆਂ ਮਿਲਦੀਆਂ ਹਨ। ਇਕ ਵਰਣਿਕ, ਜਿਸਦਾ ਆਧਾਂਰ ਵਰਣਾਂ ਦੀ ਗਿਣਤੀ ਸੀ ਅਤੇ ਦੂਜੀ ਮਾਤ੍ਰਿਕ, ਜਿਸ ਦਾ ਆਧਾਰ ਸੰਖਿਆ ਸੀ। ਵਰਣਿਕ ਛੰਦ ਸੰਸਕ੍ਰਿਤ ਕਾਵਿ ਵਿਚ ਵਿਸ਼ੇਸ਼ ਵਰਤੇ ਜਾਂਦੇ ਹਨ ਅਤੇ ਮਾਤ੍ਰਿਕ ਛੰਦ ਲੋਕ ਕਾਵਿ-ਪੱਧਤੀਆਂ ਦੇ ਅਧਿਕ ਨੇੜੇ ਸਨ, ਉਥੋਂ ਹੀ ਇਹ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਦੀ ਕਾਵਿ ਜੁਗਤ ਵਿਚ ਪ੍ਰਵੇਸ਼ ਕਰਦੇ ਹਨ।

ਬਾਣੀ ਰੁਤੀ ਮਹਾਨ ਤੇ ਉਤਕ੍ਰਿਸ਼ਟ ਰਚਨਾ ਹੋਣ ਦੇ ਨਾਲ ਨਾਲ ਛੰਦ ਅਤੇ ਰਾਗ ਪ੍ਰਬੰਧ ਰਚਨਾ ਵੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਦੀ ਰਚਨਾ ਰਾਮਕਲੀ ਰਾਗ ਵਿਚ ਕੀਤੀ ਹੈ ਜੋ ਸਲੋਕ ਛੰਤ ਬੱਧ ਵਿਚ ਲਿਖੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਗ 927 ਤੋਂ 929 ਤੱਕ ਬਾਣੀ ਰੁਤੀ ਦਰਜ ਕੀਤੀ ਗਈ ਹੈ। ਸ੍ਰੀ ਓ. ਸੀ. ਰੰਗੋਲੀ ਅਨੁਸਾਰ:

> ਰਾਗ ਦਾ ਸ਼ਾਬਦਿਕ ਅਰਥ ਹੈ ਜੋ ਮਨ ਨੂੰ ਕਿਸੇ ਵਿਸ਼ੇਸ਼ ਅਨੁਭੂਤੀ ਨਾਲ, ਕਿਸੇ ਜ਼ਜ਼ਬੇ ਜਾਂ ਭਾਵ ਦੀ ਤੀਬਰਤਾ ਨਾਲ ਰੰਗ ਦੇਵੇ।[78]

ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ 31 ਰਾਗਾਂ ਵਿਚੋਂ ਤੀਹ ਰਾਗਾਂ ਵਿਚ ਬਾਣੀ ਰਚੀ ਹੈ। ਰਾਗਾਂ ਦੀ ਚੋਣ ਉਨ੍ਹਾਂ ਦੀ ਕਾਵਿ ਕਲਾ ਦਾ ਪ੍ਰਧਾਨ ਅੰਸ਼ ਹੈ। ਕਿਸੇ ਵੀ ਰਾਗ ਵਿਚ ਉਚਾਰਿਆ ਸ਼ਬਦ ਉਸ ਰਾਗ ਦੇ ਵਾਯੂ ਮੰਡਲ ਨੂੰ ਉਤਪੰਨ ਕਰਦਾ ਹੈ ਜਿਸ ਨਾਲ ਸਰੋਤੇ/ਪਾਠਕ/ਜਿਗਿਆਸੂ ਤਕ ਅਧਿਆਤਮਕ ਅਨੁਭਵ ਦਾ ਸੰਚਾਰ ਸੁਹਜਮਈ ਹੋ ਨਿਬੜਦਾ ਹੈ।

ਬਾਣੀ ਰੁਤੀ ਦੇ ਛੰਦ ਇਕ ਅਜਿਹੇ ਰਾਗ, ਲੈਅ, ਸੁਰ ਤੇ ਤਾਲ ਦੇ ਧਾਰਨੀ ਵੀ ਹਨ, ਜੋ ਇਸ ਦੇ ਪਾਠਕਾਂ ਜਾਂ ਸਰੋਤਿਆਂ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਇਸ ਵਿਚ ਦੱਸੇ ਰਾਹ ਉੱਤੇ ਤੁਰਦਿਆਂ ਲੋੜੀਂਦੀ ਪ੍ਰੇਰਣਾ ਤੇ ਉਤਸ਼ਾਹ ਦੇਣ ਵਿਚ ਸਹਾਇਕ ਹੁੰਦੇ ਹਨ ਅਤੇ ਸ਼ਬਦ ਭਾਵ ਤੇ ਸੁਰਤਿ ਦਾ ਤਾਲਮੇਲ ਚਾਲੂ ਰੱਖਦੇ ਹਨ। ਡਾ. ਮਹਿੰਦਰ ਕੌਰ ਗਿੱਲ ਬਾਣੀ ਰੁਤੀ ਦੇ ਰੂਪ ਵਿਧਾਨ ਬਾਰੇ ਚਰਚਾ ਕਰਦੇ ਹੋਏ ਆਖਦੇ ਹਨ ਕਿ ਰੁਤੀ ਇਕ ਛੰਤ ਹੈ ਜਿਸ ਦੇ ਅੱਠ ਬੰਦ ਹਨ। ਹਰ ਬੰਦ ਦੀਆਂ ਛੇ ਤੁਕਾਂ ਹਨ। ਹਰ ਇਕ ਬੰਦ ਦੇ ਆਰੰਭ ਵਿਚ ਦੋ ਦੋ ਸਲੋਕ ਦਰਜ ਹਨ। ਦੂਸਰੇ ਸ਼ਬਦਾਂ ਵਿਚ ਇਹ ਰਚਨਾ 8 ਛੰਤ ਤੇ 16 ਸਲੋਕਾਂ ਦੀ ਧਾਰਨੀ ਹੈ। ਸਾਰੇ ਦੇ ਸਾਰੇ ਛੰਤ ਛੇ ਤੁਕੇ ਤੇ ਸਾਰੇ ਦੇ ਸਾਰੇ ਸਲੋਕ ਦੁਤੁਕੇ ਹਨ।[79] ਬਾਣੀ ਰੁਤੀ ਵਿਚਲੇ ਸਲੋਕ ਦੋਹਿਰਾ ਛੰਦ ਅਤੇ ਛੰਤ ਕਲਸ ਛੰਦ ਦੁਆਰਾ ਸਾਕਾਰ ਹੁੰਦੇ ਹਨ।

ਬਾਣੀ ਰੁਤੀ ਵਿਚਲਾ ਪਹਿਲਾਂ ਛੰਤ ਮੰਗਲ ਰੂਪ ਹੈ ਅਤੇ ਅੰਤਿਮ ਛੰਤ ਵਿਚ ਜਿਹਨਾਂ ਜੀਵਾਂ ਦੇ ਹਿਰਦੇ ਵਿਚ ਪ੍ਰਭੂ-ਚਰਨਾਂ ਦਾ ਨਿਵਾਸ ਹੋ ਜਾਂਦਾ ਹੈ, ਉਨ੍ਹਾਂ ਦੀ ਮਨੋਬਿਰਤੀ ਦਾ ਉਲੇਖ ਕੀਤਾ ਗਿਆ ਹੈ। ਬਾਕੀ ਦੇ ਛੇ ਛੰਤਾਂ ਨੂੰ ਦੋ-ਦੋ ਮਹੀਨਿਆਂ ਦਾ ਗੁਟ ਬਣਾ ਕੇ ਬਾਰਾਂ ਮਹੀਨਿਆਂ ਵਿਚ ਵੰਡਿਆ ਗਿਆ ਹੈ। ਗੁਰੂ ਸਾਹਿਬ ਨੇ ਛੇ ਰੁੱਤਾਂ ਦਾ ਵਰਣਨ ਛੇ ਛੰਤਾਂ ਵਿਚ ਕੀਤਾ ਹੈ। ਉਪਦੇਸ਼ਆਤਮਕ ਆਸ਼ੇ ਲਈ ਇਹ ਢੰਗ ਬੜਾ ਸੁਹਜ ਭਰਪੂਰ ਸਿੱਧ ਹੋਇਆ ਹੈ। ਬਾਣੀ ਰੁਤੀ ਵਿਚ ਇਸ ਸੰਬੰਧੀ ਉਦਾਹਰਣ ਇਸ ਪ੍ਰਕਾਰ ਹੈ:

ਸਲੋਕ।। ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ।।
ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ।।
ਬਿਨ ਮਿਲਬੇ ਸਾਂਤਿ ਨ ਉਪਜੈ ਤਿਲੁ ਪਲੁ ਰਹਣੁ ਨ ਜਾਇ।।
ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ।।

ਛੰਤੁ।। ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ।।

ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ॥

ਬਿਨ ਕੰਤੁ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ॥

ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ॥

ਈਤ ਉਤ ਦਹ ਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ॥

ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ॥[80]

ਸੋ ਉਪਰੋਕਤ ਤੋਂ ਸਪੱਸ਼ਟ ਹੈ ਕਿ ਬਾਣੀ ਰੁਤੀ ਵਿਚ ਗੁਰੂ ਅਰਜਨ ਦੇਵ ਜੀ ਦੀ ਆਪਣੀ ਨਿਵੇਕਲੀ ਸੁਹਜ ਸਿਰਜਣਾ ਜੁਗਤ ਹੈ। ਗੁਰੂ ਸਾਹਿਬ ਜੀ ਦੇ ਕਾਵਿ ਦੀ ਸੰਗੀਤਾਤਮਕਤਾ ਦੀ ਆਧਾਰ ਭੂਮੀ ਉਨ੍ਹਾਂ ਦਾ ਪ੍ਰੇਮ-ਮਈ ਅਤੇ ਭਾਵਨਾਮਈ ਜੀਵਨ ਹੈ। ਗੁਰੂ ਪ੍ਰੇਮ ਅਤੇ ਪਰਮਾਤਮਾ ਪ੍ਰੇਮ ਦੀ ਅਭਿਵਿਅਕਤੀ ਜਦ ਉਨ੍ਹਾਂ ਨੇ ਭਾਸ਼ਾ ਵਿਚ ਕੀਤੀ ਤਾਂ ਤੀਬਰ ਭਾਵਾਂ ਅਧੀਨ ਸ਼ਬਦ, ਆਪਣੀ ਰਸਾਤਮਕਤਾ ਅਤੇ ਸੁਹਜ ਨਾਲ ਸੁੰਦਰ ਕਾਵਿ ਭੂਸ਼ਣਾਂ ਵਿਚ ਸਜ ਕੇ, ਸੁਹਜ ਨੂੰ ਜਗਾਉਣ ਵਾਲੇ ਕਾਵਿ ਦਾ ਰੂਪ ਅਖਤਿਆਰ ਕਰ ਗਏ। ਪਰਮਸਤ ਪ੍ਰਤੀ ਜਗਿਆਸਾ, ਵੈਰਾਗ, ਮੇਲ ਲਈ ਤੜਪ ਅਤੇ ਮਿਲਣ ਦੇ ਅਨੰਦ ਦੀ ਰਹੱਸ ਅਨੁਭੂਤੀ ਹੀ ਉਨ੍ਹਾਂ ਦੀ ਬਾਣੀ ਵਿਚ ਸੰਗੀਤਕ ਗੁਣ ਭਰਦੀ ਹੈ। ਬਾਣੀ ਨੂੰ ਸੰਗੀਤ ਦੀ ਸਹਾਇਤਾ ਨਾਲ ਵਿਸ਼ੇਸ਼ ਅਰਥ ਬੋਧ ਵਲ ਮੁਖਾਰਿਤ ਕੀਤਾ ਅਤੇ ਭਗਤੀ ਸਾਧਨਾ ਵਿਚ ਇਕ ਨਵਾਂ ਕਦਮ ਉਠਾਇਆ। ਇਸ ਤੋਂ ਇਲਾਵਾ ਗੁਰੂ ਸਾਹਿਬ ਆਪਣੀ ਕਲਾ ਪ੍ਰਬੀਨਤਾ ਰਾਹੀਂ ਇਹ ਸਿੱਧ ਕਰਦੇ ਹਨ ਕਿ ਪਰਮਾਤਮਾ ਦਾ ਨਾਮ ਜਪਣ ਲਈ ਹਰ ਰੁੱਤ ਸ਼ੁੱਭ ਹੈ, ਜਿਸ ਵੀ ਰੁੱਤ ਵਿਚ ਹਰੀ ਸਿਮਰਨ ਕੀਤਾ ਜਾਵੇ ਉਹੀ ਰੁੱਤ ਸੁਹਾਵਣੀ ਬਣ ਜਾਂਦੀ ਹੈ। ਇਸ ਦੇ ਆਧਾਰ ਤੇ ਗੁਰੂ ਅਰਜਨ ਦੇਵ ਜੀ ਨੂੰ ਦਾਰਸ਼ਨਿਕ ਸ਼ਬਦਾਵਲੀ ਵਿਚ ਇਕ ਮਹਾਨ ਸੁਹਜਵਾਦੀ ਅਤੇ ਸਾਹਿਤਕ ਸ਼ਬਦਾਵਲੀ ਵਿਚ ਇਕ ਮਹਾਨ ਸੰਗੀਤਕਾਰ ਕਹਿ ਸਕਦੇ ਹਾਂ।

# ਹਵਾਲੇ ਅਤੇ ਟਿੱਪਣੀਆਂ

1. **ਖੋਜ ਪਤ੍ਰਿਕਾ**, ਬਾਣੀ ਕਾਵਿ ਰੂਪ ਵਿਸ਼ੇਸ਼ ਅੰਕ, 58/ਸਤੰਬਰ 2003, ਪੰਨਾ 1

2. **ਖੋਜ ਪਤ੍ਰਿਕਾ**, ਉਹੀ, ਪੰਨਾ 19

3. ਸ. ਸ. ਵਣਜਾਰਾ ਬੇਦੀ, **ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ**, ਪੰਨਾ 67

4. ਡਾ. ਸਤਿੰਦਰ ਸਿੰਘ, 'ਗੁਰਮਤਿ ਕਾਵਿ-ਰੂਪ', **ਖੋਜ ਪਤ੍ਰਿਕਾ**, ਸਤੰਬਰ 1985, ਪੰਨਾ 188

5. ਡਾ. ਕੁਲਦੀਪ ਸਿੰਘ ਧੀਰ, **ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ**, ਪੰਨਾ 101-102

6. "Rutti is the Plural of rutt, skt. rtu (season). The slokas introduce the theme briefly while the stanzas, called chhants here, elaborate it. Generally, the hymn portrays the Intense urge in man to meet the supreme being." – **Encyclopaedic Dictionary of Punjabi Literature,** Volume II, page 457

7. ਡਾ. ਮਹਿੰਦਰ ਕੌਰ ਗਿੱਲ, **ਗੁਰੂ ਅਰਜਨ ਦੇਵ : ਜੀਵਨ ਤੇ ਬਾਣੀ**, ਪੰਨਾ 176-177

8. ਡਾ. ਯੋਗਰਾਜ, **ਆਧੁਨਿਕ ਪੰਜਾਬੀ ਕਾਵਿ ਦਾ ਸੁਹਜ-ਸ਼ਾਸਤਰ**, ਪੰਨਾ 99

9. ਡਾ. ਗੁਰਸ਼ਰਨ ਕੌਰ ਜੱਗੀ, **ਗੁਰੂ ਨਾਨਕ ਦੀ ਕਾਵਿ ਕਲਾ**, ਪੰਨਾ 59-60

10. ਡਾ. ਸਤਿੰਦਰ ਸਿੰਘ, **ਵਿਹਾਰਕ ਸਮੀਖਿਆ**, ਪੰਨਾ 37

11. ਡਾ. ਸੁਧਾ ਸਕਸੈਨਾ, **ਜਾਇਸੀ ਕੀ ਬਿੰਬ ਯੋਜਨਾ**, ਪੰਨਾ 37

12. **ਆਦਿ ਗ੍ਰੰਥ**, ਅੰਗ 927

13. ਉਹੀ, ਅੰਗ 928

14. ਉਹੀ, ਅੰਗ 928

15. ਉਹੀ, ਅੰਗ 928

16. ਉਹੀ, ਅੰਗ 929

17. ਉਹੀ, ਅੰਗ 929

18. ਉਹੀ, ਅੰਗ 929

19. ਉਹੀ, ਅੰਗ 929

20. ਉਹੀ, ਅੰਗ 929

21. "Symbol is something that stands for or suggests something else by reason of relationship, association convention or accidental resemblance ..... through Unconciousness association." **Webster's Seventh New Collegiate Dictionary**, page 892

22. ਡਾ. ਪ੍ਰੇਮ ਪ੍ਰਕਾਸ਼ ਸਿੰਘ, **ਗੁਰੂ ਨਾਨਕ ਅਤੇ ਨਿਰਗੁਣਧਾਰਾ**, ਪੰਨਾ 31

23. "The symbol may vary in their contexts but their meaning is always clear. They save much explanation, and they give a concreate form to ideas that mould otherwise by dim." C.M. Bowra, Op.cit, page 213

24. **ਆਦਿ ਗ੍ਰੰਥ**, ਅੰਗ 927

25. ਉਹੀ, ਅੰਗ 928

26. ਉਹੀ, ਅੰਗ 929

27. ਉਹੀ, ਅੰਗ 927

28. ਉਹੀ, ਅੰਗ 928

29. ਉਹੀ, ਅੰਗ 927

30. ਉਹੀ, ਅੰਗ 927

31. ਉਹੀ, ਅੰਗ 928

32. ਉਹੀ, ਅੰਗ 928

33. ਉਹੀ, ਅੰਗ 929

34. ਉਹੀ, ਅੰਗ 929

35. ਉਹੀ, ਅੰਗ 927

36. ਉਹੀ, ਅੰਗ 928

37. ਉਹੀ, ਅੰਗ 929

38. ਉਹੀ, ਅੰਗ 929

39. ਉਹੀ, ਅੰਗ 929

40. **ਹਿੰਦੀ ਸਾਹਿਤਯ ਕੋਸ਼**, ਭਾਗ ਪਹਿਲਾ, ਪੰਨਾ 67

41. ਉਹੀ, ਪੰਨਾ 67

42. ਡਾ. ਸਤਿੰਦਰ ਸਿੰਘ, **ਵਿਹਾਰਕ ਸਮੀਖਿਆ**, ਪੰਨਾ 52-53

43. ਡਾ. ਸੁਰੇਸ਼ ਅਗਰਵਾਲ, **ਭਾਰਤੀ ਕਾਵਿ-ਸ਼ਾਸਤਰ ਕੇ ਸਿਧਾਂਤ**, ਪੰਨਾ 232

44. ਡਾ. ਗਣਪਾਤ ਗੁਪਤ, **ਸਾਹਿਤਯ ਵਿਗਿਆਨ**, ਪੰਨਾ 204

45. **ਹਿੰਦੀ ਸਾਹਿਤਯ ਕੋਸ਼**, ਭਾਗ ਪਹਿਲਾ, ਪੰਨਾ 68

46. ਡਾ. ਸਤਿੰਦਰ ਸਿੰਘ, ਉਹੀ, ਪੰਨਾ 53

47. **ਆਦਿ ਗ੍ਰੰਥ**, ਅੰਗ 927

48. ਉਹੀ, ਅੰਗ 928

49. ਉਹੀ, ਅੰਗ 928

50. ਉਹੀ, ਅੰਗ 929

51. ਉਹੀ, ਅੰਗ 929

52. ਉਹੀ, ਅੰਗ 929

53. ਉਹੀ, ਅੰਗ 927

54. ਉਹੀ, ਅੰਗ 928

55. ਉਹੀ, ਅੰਗ 929

56. ਡਾ. ਆਸ਼ਾ ਨੰਦ ਵੋਹਰਾ, **ਜਪੁਜੀ ਦਾ ਅਲੰਕਾਰਿਕ ਸੌਂਦਰਯ,** ਪੰਨਾ 135

57. **ਆਦਿ ਗ੍ਰੰਥ**, ਅੰਗ 928

58. ਉਹੀ, ਅੰਗ 929

59. ਉਹੀ, ਅੰਗ 929

60. ਉਹੀ, ਅੰਗ 929

61. ਉਹੀ, ਅੰਗ 927

62. ਉਹੀ, ਅੰਗ 928

63. ਉਹੀ, ਅੰਗ 927

64. ਉਹੀ, ਅੰਗ 929

65. ਉਹੀ, ਅੰਗ 927

66. ਡਾ. ਕਾਲਾ ਸਿਘ ਬੇਦੀ, **ਗੁਰੂ ਨਾਨਕ – ਕਾਵਿ ਕਲਾ**, ਪੰਨਾ 131

67. **ਆਦਿ ਗ੍ਰੰਥ**, ਅੰਗ 927

68. ਉਹੀ, ਅੰਗ 928

69. ਉਹੀ, ਅੰਗ 929

70. ਉਹੀ, ਅੰਗ 928

71. ਡਾ. ਊਸ਼ਾ ਗੁਪਤਾ, **ਹਿੰਦੀ ਕੇ ਕ੍ਰਿਸ਼ਨ ਭਕਤੀ -ਕਾਲੀਨ ਸਾਹਿਤਯ ਮੇਂ ਸੰਗੀਤ**, ਪੰਨਾ 94

72. ਡਾ. ਸਤਿੰਦਰ ਸਿੰਘ, ਉਹੀ, ਪੰਨਾ 71

73. ਡਾ. ਯੋਗਰਾਜ, ਉਹੀ, ਪੰਨਾ 127-128

74. ਡਾ. ਸਤਿੰਦਰ ਸਿੰਘ, ਉਹੀ, ਪੰਨਾ 62

75. "By metre we understand that ordered rhythm which results from a regulated alternation of syllabus of different characters on values." – **An Introduction to the Study of Literature**, page 114

76. **Practical Criticism**, page 231

77. ਡਾ. ਭਾਗੀਰਥ ਮਿਸ਼੍ਰ, **ਕਾਵਯ ਸ਼ਾਸਤਰ**, ਪੰਨਾ 412

78. Dr.Surinder S. Kohli, **A Critical Study of Adi Granth**, page 93

79. ਡਾ. ਮਹਿੰਦਰ ਕੌਰ ਗਿੱਲ, **ਆਦਿ ਗ੍ਰੰਥ : ਲੋਕ ਰੂਪ**, ਪੰਨਾ 111

80. **ਆਦਿ ਗ੍ਰੰਥ**, ਅੰਗ 928

ਅਧਿਆਇ ਪੰਜਵਾਂ

*

*

*

# ਗੁਰੂ ਅਰਜਨ ਦੇਵ ਰਚਿਤ ਬਾਣੀ ਥਿਤੀ ਦਾ

# ਸੁਹਜ-ਸ਼ਾਸਤਰੀ ਅਧਿਐਨ

(ੳ) ਬਾਣੀ ਥਿਤੀ : ਸਿਧਾਂਤਕ ਪਰਿਪੇਖ

(ਅ) ਬਾਣੀ ਥਿਤੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

(1) ਬਿੰਬ ਸਿਰਜਣਾ

(2) ਪ੍ਰਤੀਕ ਵਿਧਾਨ

(3) ਅਲੰਕਾਰਾਂ ਦਾ ਪ੍ਰਯੋਗ

(4) ਸੰਗੀਤ ਅਤੇ ਲੈਅ

# ਗੁਰੂ ਅਰਜਨ ਦੇਵ ਰਚਿਤ ਬਾਣੀ ਥਿਤੀ ਦਾ

# ਸੁਹਜ-ਸ਼ਾਸਤਰੀ ਅਧਿਐਨ

## (ੳ) ਬਾਣੀ ਥਿਤੀ: ਸਿਧਾਂਤਕ ਪਰਿਪੇਖ

ਸ੍ਰੀ ਗੁਰੂ ਅਰਜਨ ਦੇਵ ਸ਼੍ਰੋਮਣੀ ਸਾਹਿਤਕਾਰ ਸਨ, ਜਿਨ੍ਹਾਂ ਨੇ ਸਭ ਗੁਰੂ ਸਾਹਿਬਾਨਾਂ ਤੋਂ ਵਧੀਕ ਬਾਣੀ ਰਚੀ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਤਿਪਾਦਿਤ ਵਿਚਾਰਧਾਰਾ ਨੂੰ ਵਿਸਤਾਰ ਦਿੱਤਾ ਹੈ। ਆਪ ਨੇ ਮਨੁੱਖਤਾ ਦੇ ਕਲਿਆਣ ਲਈ ਅਜਿਹੀ ਬਾਣੀ ਉਚਾਰਣ ਕੀਤੀ ਜਿਸ ਨਾਲ ਸਿੱਖ ਧਰਮ ਅਤੇ ਗੁਰਮਤਿ ਵਿਚਾਰਧਾਰਾ ਦਾ ਸੁਚੱਜਾ ਵਿਸਥਾਰ ਹੋਇਆ। ਉਨ੍ਹਾਂ ਦੇ ਬਾਣੀ ਰਚਣ ਦਾ ਉਦੇਸ਼ ਜੇ ਇਕ ਪਾਸੇ ਪਰਮਾਤਮਾ ਦੀ ਸਿਫਤ ਕਰਨਾ ਸੀ ਤਾਂ ਦੂਸਰੇ ਪਾਸੇ ਪਰਮਾਤਮਾ ਤੋਂ ਦੂਰ ਜਾ ਰਹੇ ਜਗਿਆਸੂਆਂ ਨੂੰ ਫਿਰ ਤੋਂ ਆਪਣੇ ਮੂਲ ਸਰੋਤ ਵਲ ਮੋੜਨ ਦਾ ਉਪਦੇਸ਼ ਕਰਨਾ ਵੀ ਸੀ। ਬਹੁਪੱਖੀ ਪ੍ਰਤਿਭਾ-ਸੰਪੰਨ "ਗੁਰੂ ਅਰਜਨ ਦੇਵ ਜੀ ਨੇ ਬਾਣੀ ਉਚਾਰਨ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸੰਪਾਦਨਾ ਵੀ ਕੀਤੀ।"[1] ਗੁਰੂ ਸਾਹਿਬ ਜੀ ਦੀ ਪੰਜਾਬ ਦੀ ਭਾਸ਼ਾ, ਇਸਦੇ ਸਾਹਿਤ, ਸਭਿਆਚਾਰ ਅਤੇ ਇਤਿਹਾਸ ਨੂੰ ਇਹ ਉੱਚਤਮ ਦੇਣ ਬਹੁਪੱਖੀ ਹੈ। "ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤ ਦੇ ਇਤਿਹਾਸ ਵਿਚ ਬਾਣੀ ਸੰਕਲਨ ਦੀ ਪਹਿਲੀ ਅਤੇ ਸਫਲ ਘਟਨਾ ਹੀ ਨਹੀਂ, ਸਗੋਂ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਹੋਏ ਨਿਰਗੁਣਵਾਦੀ ਸਾਧਕਾਂ ਦੀਆਂ ਬਾਣੀਆਂ ਨੂੰ ਇਕ ਥਾਂ ਸੰਕਲਿਤ ਕਰਕੇ ਧਾਰਮਿਕ ਉਦਾਰਤਾ ਅਤੇ ਭਾਵਨਾਤਮਕ ਏਕਤਾ ਨੂੰ ਬਣਾਈ ਰੱਖਣ ਦਾ ਇਕ ਸ਼ਲਾਘਾਯੋਗ ਉੱਦਮ ਹੈ।"[2]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਣੀਆਂ ਵਿਚੋਂ ਸੁਖਮਨੀ, ਬਾਵਨ ਅਖਰੀ, ਬਾਰਹ ਮਾਹਾ, ਰੁਤੀ, ਥਿਤੀ, ਵਾਰਾਂ, ਪਹਿਰੇ, ਦਿਨ ਰੈਣਿ, ਗੁਣਵੰਤੀ, ਬਿਰਹੜੇ, ਅੰਜੁਲੀ ਆਦਿ ਪ੍ਰਮੁੱਖ ਵੱਡੀਆਂ ਅਤੇ ਛੋਟੀਆਂ ਬਾਣੀਆਂ ਹਨ ਜਿਨ੍ਹਾਂ ਦੇ ਅੰਤਰਗਤ ਗੁਰਮਤਿ ਵਿਚਾਰਧਾਰਾ ਦੇ ਸਿਧਾਂਤਿਕ ਅਤੇ ਮੌਲਿਕ ਵਿਚਾਰਾਂ ਦੀ ਪ੍ਰਸਤੁਤੀ ਕੀਤੀ ਗਈ ਹੈ। 'ਥਿੱਤੀ' ਪੰਜਾਬੀ ਦਾ ਇਕ ਵਿਸ਼ੇਸ਼ ਕਾਵਿ-ਰੂਪ ਹੈ। ਇਸ ਵਿਚ ਚੰਦਰਮਾ ਦੇ ਹਿਸਾਬ ਨਾਲ ਗਿਣੀਆਂ ਜਾਣ ਵਾਲੀਆਂ ਏਕਮ ਤੋਂ ਅਮਾਵਸ ਤੱਕ ਦੀਆਂ ਤਰੀਕਾਂ ਨੂੰ ਆਧਾਰ ਬਣਾ ਕੇ ਰਚਨਾ ਰਚੀ ਜਾਂਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਥਿਤੀ ਦੇ ਕੋਸ਼ਗਤ ਸਥਿਤਿ, ਠਹਿਰਾਉ, ਕਾਇਮੀ ਹਨ।[3] ਥਿੱਤੀ ਸ਼ਬਦ 'ਥਿਤਿ' ਦਾ ਬਹੁਵਚਨ ਹੈ ਜੋ ਸੰਸਕ੍ਰਿਤ ਸ਼ਬਦ 'ਤਿਥਿ' ਦਾ ਤਦਭਵ ਰੂਪ ਹੈ। ਮੱਸਿਆ ਤੋਂ ਪਿੱਛੋਂ ਚੰਦਰਮਾ ਸਹਿਜੇ-ਸਹਿਜੇ ਇਕ ਇਕ ਕਲਾ ਕਰਕੇ ਵੱਧਣਾ ਸ਼ੁਰੂ ਹੁੰਦਾ ਹੈ ਅਤੇ ਚੌਦਾਂ ਦਿਨਾਂ ਵਿਚ ਮੁਕੰਮਲ ਹੁੰਦਾ ਹੈ। ਜਿਸ ਨੂੰ ਪੂਰਨਮਾਸ਼ੀ ਕਹਿੰਦੇ ਹਨ। ਪੂਰਨਮਾਸ਼ੀ ਤੋਂ ਪਿੱਛੋਂ ਇਕ ਇਕ ਕਲਾ ਕਰਕੇ ਘੱਟਣਾ ਸ਼ੁਰੂ ਹੁੰਦਾ ਹੈ ਤੇ ਅਖੀਰ ਮੱਸਿਆ ਦੀ ਰਾਤ ਨੂੰ ਉੱਕਾ ਅਲੋਪ ਹੋ ਜਾਂਦਾ ਹੈ। ਥਿੱਤੀ ਤੋਂ ਭਾਵ ਹੈ - ਚੰਦਰਮਾ ਦੇ ਵੱਧਣ ਘੱਟਣ ਦੇ ਹਿਸਾਬ ਨਾਲ ਦਿਹਾੜਾ। ਇਨ੍ਹਾਂ ਦੇ ਨਾਂ ਹਨ - ਏਕਮ, ਦੂਜ, ਤੀਜ, ਚੌਥ, ਪੰਚਮੀ, ਖਟ, ਸਤਮੀ, ਅਸ਼ਟਮੀ, ਨੌਮੀ, ਦਸਮੀ, ਏਕਾਦਸ਼ੀ, ਦੁਆਦਸ਼ੀ, ਤ੍ਰਿਉਦਸੀ, ਚੌਦਸ, ਪੂਰਨਮਾਸ਼ੀ। ਪੂਰਨਮਾਸ਼ੀ ਤੋਂ ਪਿੱਛੋਂ ਫਿਰ ਉਸੇ ਤਰ੍ਹਾਂ ਏਕਮ, ਦੂਜ, ਆਦਿ ਤੋਂ ਚੱਲ ਕੇ ਅਖੀਰ ਉੱਤੇ ਮੱਸਿਆ।[4] ਥਿੱਤੀ ਦੇ ਸ਼ਾਬਦਿਕ ਅਰਥਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਇਹ ਨਿਰੋਲ ਪ੍ਰਕ੍ਰਿਤਕ ਵਰਤਾਰੇ ਉੱਪਰ ਆਧਾਰਿਤ ਰਚਨਾ ਜਾਪਦੀ ਹੈ।

ਭਾਰਤੀ ਲੋਕਾਂ ਵਿਚ ਥਿੱਤਾਂ ਸੰਬੰਧੀ ਕਈ ਕਿਸਮ ਦੀਆਂ ਮਾਨਤਾਵਾਂ ਪ੍ਰਚਲਿਤ ਸਨ। ਲੋਕ ਭਰਮ ਗ੍ਰਸਤ ਹੋ ਕੇ ਬਹੁਤ ਸਾਰੇ ਦੁੱਖ ਅਤੇ ਕਸ਼ਟਾਂ ਵਿਚ ਜੀਵਨ ਬਸਰ ਕਰਦੇ ਸਨ। ਗੁਰੂ ਅਰਜਨ ਦੇਵ ਜਨਤਾ ਦੇ ਕਵੀ ਸਨ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ ਰੱਖਦੇ ਸਨ। ਗੁਰੂ ਸਾਹਿਬ ਨੇ ਲੋਕਾਂ ਨੂੰ ਨਿਰਮੂਲ ਵਹਿਮਾਂ ਭਰਮਾਂ ਵਿਚੋਂ ਕੱਢਣ ਲਈ ਤੇ ਸਹਿਜ ਦ੍ਰਿਸ਼ਟੀ ਪ੍ਰਦਾਨ ਕਰਨ ਲਈ 'ਥਿੱਤੀ' ਨੂੰ ਆਧਾਰ ਬਣਾ ਕੇ ਥਿਤੀ ਨਾਂ ਦੀ ਉਪਦੇਸ਼ਾਤਮਕ ਬਾਣੀ ਦੀ ਰਚਨਾ ਕੀਤੀ। ਉਹਨਾਂ ਨੇ ਦ੍ਰਿੜ ਕਰਵਾਇਆ ਕਿ ਕਾਲ ਚੱਕਰ ਨਿਰੰਤਰ ਹੈ ਅਤੇ ਇਸ ਨਾਲ ਜੁੜੇ ਵਹਿਮ ਭਰਮ ਵਿਅਰਥ ਹਨ। ਇਕ ਅਕਾਲ ਪੁਰਖ ਦਾ ਨਾਮ ਸਿਮਰ ਕੇ ਅਉਗਣਾਂ ਦਾ ਤਿਆਗ ਕਰਕੇ ਤੇ ਗੁਣਾਂ ਨੂੰ ਗ੍ਰਹਿਣ ਕਰਕੇ ਹਰ ਤਰ੍ਹਾਂ ਦੇ ਮਾੜੇ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ। ਇਸ ਪ੍ਰਕਾਰ ਹਰ ਦਿਨ, ਹਰ ਥਿੱਤ ਸ਼ੁੱਭ ਹੋ ਜਾਂਦੀ ਹੈ।

ਡਾ. ਹਰਬੰਸ ਲਾਲ ਅਗਨੀਹੋਤਰੀ ਬਾਣੀ ਥਿਤੀ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:

> ਗੁਰਬਾਣੀ ਦੀ ਸੱਚੀ ਵਿਚਾਰਧਾਰਾ ਅਨੁਸਾਰ ਬਾਣੀ ਥਿਤੀ ਗੁਰੂ ਸਾਹਿਬਾਨ ਦੁਆਰਾ ਦਿੱਤੇ ਗਏ ਦੈਵੀ ਸੰਦੇਸ਼ ਨਾਲ ਓਤਪੋਤ ਹੈ। ਇਹ ਬਾਣੀ ਉਸ ਸਰਵਪ੍ਰਮੁੱਖ ਦੇ ਸਨਮਾਨ ਵਿਚ ਗੀਤ

ਗਾਉਂਦੀ ਹੈ ਅਤੇ ਮਨੁੱਖੀ ਜੀਵਾਂ ਨੂੰ ਮਾਮੂਲੀ ਕੰਮਾਂ ਵਿਚ ਕੁਝ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿਚ ਵਿਲੀਨ ਨਾ ਹੋਣ ਲਈ ਪ੍ਰੇਰਦੀ ਹੈ। ਇਹ ਰਚਨਾ ਮਨੁੱਖ ਨੂੰ ਸੰਸਾਰਿਕ ਲਾਲਚਾਂ ਤੋਂ ਮੂੰਹ ਮੋੜਨ ਲਈ ਅਤੇ ਉਸ ਪਰਮਾਤਮਾ ਨਾਲ ਜਿਹੜਾ ਸਰਵਵਿਆਪਕ ਹੈ, ਨਾਲ ਪਿਆਰ ਪਾਉਣ ਲਈ ਪ੍ਰੇਰਿਤ ਕਰਦੀ ਹੈ। ਦੈਵੀ ਜੀਵਾਂ ਦੇ ਅਣਗਿਣਤ ਰੂਪ ਸਰਵਜਨਿਕ ਰੂਪ ਵਿਚ ਇਸ ਸਮਾਨ ਅਸਲੀਅਤ ਦੀ ਘੋਸ਼ਣਾ ਕਰਦੇ ਹਨ।[5]

ਸਲੋਕ।। ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਣਹਾਰੁ।।

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰ।।[6]

The Encyclopaedia of Sikhism, Volume – IV ਵਿਚ ਬਾਣੀ ਥਿਤੀ ਬਾਰੇ ਸ਼ਾਮਿਲ ਕੀਤੇ ਵਿਚਾਰ ਅਨੁਸਾਰ ਥਿਤੀ, ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਨਾਨਕ, ਗੁਰੂ ਅਰਜਨ ਅਤੇ ਭਗਤ ਕਬੀਰ ਦੁਆਰਾ ਤਿੰਨ ਅਲੱਗ-ਅਲੱਗ ਰਚਨਾਵਾਂ ਇਸੇ ਸਿਰਲੇਖ ਹੇਠ ਰਚੀਆਂ ਗਈਆਂ ਹਨ। ਭਾਰਤੀ ਪਰੰਪਰਿਕ ਕੈਲੰਡਰ ਅਨੁਸਾਰ ਥਿੱਤ ਮਹੀਨੇ ਦੇ ਚੰਦਰਮਾ ਚੱਕਰ ਦੇ ਇਕ ਦਿਨ ਜਾਂ ਇਕ ਤਿੱਥ ਨਾਲ ਸੰਬੰਧ ਰੱਖਦੀ ਹੈ। ਬ੍ਰਾਹਮਣਵਾਦੀ ਰਿਵਾਜ ਅਨੁਸਾਰ ਕੁਝ ਚੰਦਰਮਾ ਦਿਨ ਪਰਮਾਤਮਾ ਦੇ ਦੇਵੀ ਤੇ ਦੇਵਤੇ ਦੇ ਅਵਤਾਰ ਨਾਲ ਸੰਬੰਧਿਤ ਹੋ ਕੇ ਪਵਿੱਤਰਤਾ ਰਖਦੇ ਹਨ ਅਤੇ ਖਾਸ ਤੌਰ ਤੇ ਸੁਭਾਗਸ਼ਾਲੀ ਮੰਨੇ ਜਾਂਦੇ ਹਨ। ਬਾਣੀ ਥਿਤੀ, ਇਕ ਦਿਨ ਜਿਹੜਾ ਬਾਕੀਆਂ ਨਾਲੋਂ ਜ਼ਿਆਦਾ ਭਾਗੀਂ ਭਰਿਆ ਹੈ, ਦੀ ਮਾਨਤਾ ਨੂੰ ਰੱਦ ਕਰਦੀ ਹੈ। ਸਾਰੇ ਦਿਨ ਸੁਭਾਗਸ਼ਾਲੀ ਹਨ ਜਿਹੜੇ ਪਰਮਾਤਮਾ ਦੀ ਯਾਦ ਅਤੇ ਚੰਗੇ ਕਰਮ ਕਰਨ ਵਿਚ ਬਿਤਾਏ ਜਾਣ।[7]

ਗੁਰੂ ਅਰਜਨ ਅਤੇ ਭਗਤ ਕਬੀਰ ਜੀ ਨੇ ਗਉੜੀ ਰਾਗ ਵਿਚ ਅਤੇ ਗੁਰੂ ਨਾਨਕ ਦੇਵ ਜੀ ਨੇ ਬਿਲਾਵਲ ਰਾਗ ਵਿਚ ਬਾਣੀ ਥਿਤੀ ਦੀ ਰਚਨਾ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਪੰਦਰਾਂ ਸੰਤਾਂ ਭਗਤਾਂ ਵਿਚੋਂ ਇਕੱਲੇ ਭਗਤ ਕਬੀਰ ਜੀ ਹੀ ਅਜਿਹੇ ਹਨ ਜਿਹਨਾਂ ਨੇ ਲੋਕ ਕਾਵਿ ਰੂਪਾਂ ਉੱਪਰ ਵੀ ਹੱਥ ਅਜਮਾਇਆ ਹੈ। ਕਬੀਰ ਜੀ ਨੇ ਵਾਰਸਤ ਵੀ ਗਉੜੀ ਰਾਗ ਵਿਚ ਹੀ ਸਿਰਜੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਥਿਤੀ ਵਿਚ ਪਰਮਾਤਮਾ ਦੇ ਨਿਰਾਕਾਰ ਸਰੂਪ ਅਤੇ ਸ੍ਰਿਸ਼ਟੀ ਦੀ ਰਚਨਾ ਕਰਨ ਦਾ ਵਰਣਨ ਹੈ। ਇਸ ਵਿਚ ਉਨ੍ਹਾਂ ਇਹ ਉਪਦੇਸ਼ ਦ੍ਰਿੜ ਕਰਾਇਆ ਹੈ ਕਿ ਪਰਮਾਤਮਾ 'ਘਟਿ ਘਟਿ' ਅੰਦਰ ਸਮਾਇਆ ਹੋਇਆ ਅਤੇ ਜੀਵ ਨੂੰ ਉਸਦਾ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ:

ਅਮਾਵਸਿਆ ਚੰਦੁ ਗੁਪਤੁ ਗੈਣਾਰਿ।। ਬੂਝਹੁ ਗਿਆਨੀ ਸਬਦੁ ਬੀਚਾਰਿ।।[8]

'ਥਿਤੀ' ਗੁਰੂ ਅਰਜਨ ਦੇਵ ਜੀ ਦੀ ਇਕ ਸੁੰਦਰ ਰਚਨਾ ਹੈ। ਗਉੜੀ ਰਾਗ ਵਿਚ ਰਚੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਅੰਗਾਂ (296-300) ਉੱਤੇ ਦਰਜ ਹੈ। ਮੁੱਖ ਰੂਪ ਵਿਚ ਇਹ ਰਾਗ ਗੰਭੀਰ, ਸ਼ਾਂਤ ਤੇ ਭਗਤੀ ਭਾਵਾਂ ਨੂੰ ਸੰਚਾਰਿਤ ਕਰਨ ਵਾਲਾ ਰਾਗ ਹੈ। ਗਉੜੀ ਰਾਗ ਵਿਚ ਬਾਣੀ ਥਿਤੀ ਦਾ ਗਾਇਨ ਅਜਿਹੀ ਸੋਝੀ ਸੰਚਾਰਿਤ ਕਰਦਾ ਹੈ ਕਿ ਜੀਵਾਤਮਾ ਨੂੰ ਪਰਮਾਤਮਾ ਦੀ ਸ਼ਰਨ ਵਿਚ ਆਉਣ ਨਾਲ ਸਭ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਮੁਕਤੀ ਮਿਲ ਜਾਂਦੀ ਹੈ।

ਗੁਰੂ ਅਰਜਨ ਦੇਵ ਰਚਿਤ ਬਾਣੀ ਥਿਤੀ ਦੇ ਰੂਪਾਂਤਮਕ ਪ੍ਰਬੰਧ ਵਿਚ ਸਲੋਕ ਅਤੇ ਪਉੜੀਆਂ ਸ਼ਾਮਿਲ ਹਨ। ਪਉੜੀਆਂ ਦੀ ਕੁੱਲ ਗਿਣਤੀ 17 ਹੈ। ਹਰੇਕ ਪਉੜੀ ਦੇ ਨਾਲ ਇਕ ਇਕ ਸਲੋਕ ਦਰਜ ਹੈ। ਇਸ ਤਰ੍ਹਾਂ ਸਲੋਕਾਂ ਦੀ ਗਿਣਤੀ ਵੀ ਸਤਾਰਾਂ ਹੈ। ਸਲੋਕਾਂ ਦੀਆਂ ਤੁਕਾਂ ਦੀ ਗਿਣਤੀ ਦੋ ਹੈ। ਹਰ ਪਉੜੀ ਅੱਠ-ਅੱਠ ਤੁਕਾਂ ਦੀ ਹੈ। ਸਿਵਾਏ 13ਵੀਂ ਪਉੜੀ ਦੇ ਜਿਸ ਵਿਚ ਦਸ ਤੁਕਾਂ ਹਨ। ਤੁਕਾਂ ਦਾ ਆਕਾਰ ਇਕ ਸਮਾਨ ਨਹੀਂ ਹੈ, ਕੁਝ ਲੰਬੀਆਂ ਹਨ ਅਤੇ ਕੁਝ ਛੋਟੀਆਂ। ਪਉੜੀਆਂ ਅਤੇ ਸਲੋਕਾਂ ਵਿਚ ਭਾਵਾਂ ਦੀ ਸਮਾਨਤਾ ਹੈ।

ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿਚ ਏਕਮ ਤੋਂ ਲੈ ਕੇ ਅਮਾਵਸ ਤਕ ਦੀਆਂ ਤਿੱਥਾਂ ਵਿਚ ਪਰਮਾਤਮਾ ਦੇ ਨਿਰਾਕਾਰ ਸਰੂਪ ਦਾ ਵਰਣਨ ਕੀਤਾ ਹੈ। ਇਸ ਵਿਚ ਚੰਦਰਮਾ ਦੀਆਂ ਪੰਦਰਾਂ ਥਿੱਤਾਂ ਨੂੰ ਲੈ ਕੇ ਪਰਮਾਤਮਾ ਦੀ ਸਰਬ ਵਿਆਪਕਤਾ, ਸਤਿਗੁਰ ਦੀ ਸੇਵਾ, ਹਉਮੈ ਦਾ ਤਿਆਗ, ਨਾਮ ਸਿਮਰਨ ਦੇ ਫਲ ਆਦਿ ਵਿਸ਼ਿਆਂ ਨੂੰ ਨਿਭਾਇਆ ਗਿਆ ਹੈ। ਇਸ ਬਾਣੀ ਦੇ ਵਿਸ਼ੇ ਵਸਤੂ ਬਾਰੇ ਡਾ. ਮਹਿੰਦਰ ਕੌਰ ਗਿੱਲ ਲਿਖਦੇ ਹਨ:

> ਜੇਹਾ ਕਿ ਏਕਮ-ਇਕ ਅਕਾਲ ਪੁਰਖ ਦੀ ਉਪਾਸਨਾ ਕਰਨ, ਦੂਜ-ਦਵੈਤ ਨੂੰ ਦੂਰ ਕਰਕੇ ਸਾਧ ਸੰਗਤ ਵਿਚ ਜਾਣਾ, ਤੀਜ-'ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ' ਜਗਤ ਮਾਇਆ ਦੇ ਤਿੰਨ ਗੁਣਾਂ - ਤਮੋ, ਰਜੋ, ਸਤੋ ਵਿਚ ਵਿਆਪ ਰਿਹਾ ਹੈ। ਪ੍ਰਭੂ-ਤਦ-ਰੂਪਤਾ ਅਥਵਾ ਤੁਰੀਆਂ ਅਵਸਥਾ ਨੂੰ ਕੋਈ ਵਿਰਲਾ ਹੀ ਪ੍ਰਾਪਤ ਹੁੰਦਾ ਹੈ। ਚੌਥ-ਚਾਰੇ ਵੇਦਾਂ ਅਨੁਸਾਰ ਨਿਰਣਾ ਇਹੀ ਹੈ ਕਿ ਹੰਕਾਰ ਛੱਡ ਕੇ ਨਾਮ ਜਪੋ। ਪੰਚਮੀ-ਪੰਜ ਵਿਕਾਰਾਂ ਤੋਂ ਮੁਕਤ ਹੋਵੋ। ਛਟੀ- ਛੇ ਸ਼ਾਸਤਰ ਅਤੇ ਸੱਤਾਈ ਸਿੰਮ੍ਰਤੀਆਂ ਵੀ ਪੁਕਾਰ ਕੇ ਕਹਿੰਦੀਆਂ ਹਨ ਕਿ

ਪਰਮਾਤਮਾ ਦਾ ਅੰਤ ਨਹੀਂ ਪਾਇਆ ਜਾ ਸਕਦਾ। ਸਪਤਮੀ – 'ਸਪਤਮਿ ਸੰਚਹੁ ਨਾਮ ਧਨੁ ਟੂਟਿ ਨ ਜਾਹਿ ਭੰਡਾਰ'। ਅਸ਼ਟਮੀ – ਅਠੇ ਪਹਰ ਗੁਣਾਨੁਵਾਦ ਕਰੋ। ਨੌਮੀ- ਇਸ ਸਰੀਰ ਦੀਆਂ ਨੌ ਮੋਰੀਆਂ : ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਇਕ ਮੂੰਹ, ਗੁਦਾ ਅਤੇ ਇੰਦ੍ਰੀ, ਵਿਚੋਂ ਗੰਦਗੀ ਹੀ ਰਿਸਦੀ ਹੈ। ਇਸ ਲਈ ਸਰੀਰ ਦਾ ਮਾਣ ਨਾ ਕਰੋ ਦਸਮੀ- ਦਸੋ ਦਿਸ਼ਾ ਦੀ ਖੋਜ ਉਪਰੰਤ ਇਸ ਸਿੱਟੇ ਉੱਪਰ ਪੁੱਜਦੇ ਹਾਂ ਕਿ ਪ੍ਰਭੂ- ਕ੍ਰਿਪਾ ਨਾਲ ਹੀ ਮਨ ਵਸ ਵਿਚ ਆਉਂਦਾ ਹੈ। ਏਕਾਦਸੀ- ਇਕ ਪਰਮੇਸਰ ਕਰਕੇ ਹੀ ਮਨੁੱਖ ਨਾਮ, ਦਾਨ, ਇਸ਼ਨਾਨ ਆਦਿਕ ਗੁਣਾਂ ਵਿਚ ਪਰਿਵਰਤਤ ਹੁੰਦਾ ਹੈ। ਤ੍ਰੌਦਸੀ – 'ਤ੍ਰਉਦਸੀ ਤੀਨਿ ਤਾਪ ਸੰਸਾਰ' – ਸੰਸਾਰ ਮਾਇਆ ਦੇ ਤਿੰਨ ਗੁਣਾਂ : ਤਮੋ, ਰਜੋ, ਅਤੇ ਸਤੋ ਹਨ ਜਿਨ੍ਹਾਂ ਦਾ ਅਸਥੂਲ ਸਰੂਪ ਤਿੰਨ ਤਾਪਾਂ, ਆਧਿ : ਮਨ ਦਾ ਦੁੱਖ, ਬਿਆਧਿ : ਸਰੀਰਕ ਦੁੱਖ, ਰੋਗ ਬਿਮਾਰੀ ਆਦਿ ਉਪਾਧਿ: ਭੁਲਾਵੇ ਕਾਰਣ ਦੁੱਖ ਅਥਵਾ ਦੁੱਖ ਦਾ ਸਮਾਨ, ਵਿਚ ਵਿਆਪ ਰਿਹਾ ਹੈ। ਚੌਦਸ – ਪਰਮਾਤਮਾ ਚੌਦਾਂ ਭਵਨਾਂ ਅਤੇ ਚਾਰ ਕੂੰਟਾਂ ਵਿਚ ਰਮਿਆ ਹੋਇਆ ਹੈ। ਅਮਾਵਸ – ਆਤਮਾ ਉੱਤਮ ਗੁਣਾਂ ਅਥਵਾ ਸਬਰ ਸੰਤੋਖ ਕਰਕੇ ਹੀ ਮਨ-ਬੰਧਨ-ਮੁਕਤ ਹੋ ਕੇ ਦੁਰਮਤ ਤੋਂ ਬਚ ਸਕਦਾ ਹੈ। ਪੁੰਨਿਆ 'ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ' ਇਕ ਪ੍ਰਭੂ ਦੀ ਸਮਰੱਥਤਾ ਕਾਰਣ ਹੀ ਉਸਦਾ ਹੱਥ ਸਾਰੀ ਕਾਇਨਾਤ ਉੱਪਰ ਹੈ। ਸਤਾਰ੍ਹਵੇਂ ਸਲੋਕ ਵਿਚ ਇਸ ਸਾਰੀ ਰਚਨਾ ਦਾ ਸਿਧਾਂਤ – ਵਰਣਨ ਹੈ ਜਿਸ ਵਿਚ ਹਰ ਮਜ਼ਹਬ ਦੇ ਪ੍ਰਾਣੀ ਨੂੰ ਨਾਮ ਜਪ ਕੇ ਉੱਤਮ ਗਤੀ ਦੀ ਪ੍ਰਾਪਤੀ ਦੱਸੀ ਗਈ ਹੈ ਤੇ ਇਹ ਗੱਲ ਬੜੇ ਜ਼ੋਰ ਨਾਲ ਆਖੀ ਗਈ ਹੈ ਕਿ ਧਨਵਾਨ, ਗਿਆਨਵਾਨ, ਬਲਵਾਨ, ਉੱਚੀ ਕੁਲਵਾਨ ਉਹੀ ਹੈ ਜੋ ਪਰਮੇਸਰ ਦਾ ਨਾਮ ਜਪਦਾ ਹੈ। ਜਿਨ੍ਹਾਂ ਨੇ ਹਰੀ – ਸ਼ਰਣ ਗ੍ਰਹਿਣ ਕੀਤੀ ਹੈ। ਉਨ੍ਹਾਂ ਦੇ ਸਭ ਸੰਸੇ ਅਤੇ ਦੁੱਖ ਦੂਰ ਹੋ ਜਾਂਦੇ ਹਨ। ਪ੍ਰਭੂ ਸਿਮਰਨ ਨਾਲ ਹੀ ਖੱਤਰੀ, ਬ੍ਰਾਹਮਣ, ਸੂਦ ਅਤੇ ਵੈਸ਼, ਸਭ ਦਾ ਕਲਿਆਣ ਹੋ ਜਾਂਦਾ ਹੈ:[9]

> ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ॥
> ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ॥[10]

ਇਸ ਤਰ੍ਹਾਂ ਪਹਿਲੀਆਂ ਚੌਦਾਂ ਪਉੜੀਆਂ ਵਿਚ ਅਕਾਲ ਪੁਰਖ ਦੀ ਸਿਫ਼ਤ ਸਾਲਾਹ ਕਰਦਿਆਂ ਹੋਇਆਂ ਮਾਇਆ ਆਧਾਰਿਤ ਦ੍ਰਿਸ਼ਟੀ ਕਾਰਨ ਆਧਾਰ ਤੱਤ ਨਾਲੋਂ ਟੁੱਟੇ ਹੋਏ ਮਨੁੱਖ ਦਾ ਪ੍ਰਵਚਨ ਸਿਰਜਿਆ ਹੈ ਅਤੇ ਪੂਰੇ ਗੁਰੂ, ਸੰਤ, ਸਾਧ ਦੀ ਮਦਦ ਨਾਲ ਇਸ ਸਦੀਵੀ ਸੱਚ ਨਾਲ ਜੁੜਨ ਦਾ ਰਾਹ

ਸੁਝਾਇਆ ਹੈ। ਪੰਦਰਵੀਂ ਪਉੜੀ ਵਿਚ ਅਮਾਵਸ ਦੀ ਕਾਲੀ ਰਾਤ ਨੂੰ ਸਹਿਜ, ਅਡੋਲ, ਸ਼ੀਤਲ ਤੇ ਸ਼ਾਂਤ ਮਾਨਸਿਕ ਅਵਸਥਾ ਨਾਲ ਜੋੜਿਆ ਗਿਆ ਹੈ। ਅਮਾਵਸ ਦੀ ਰਾਤ ਨੂੰ ਚੰਨ ਸਦੀਵੀ ਸੱਚ ਨਾਲ ਅਭੇਦ ਹੋ ਜਾਂਦਾ ਹੈ ਅਤੇ ਸਦਾ ਕਾਇਮ ਰਹਿੰਦਾ ਹੋਇਆ ਵੀ ਦਿਸਦੇ ਭੌਤਿਕ ਪਰਪੰਚ ਵਿਚ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਇਸੇ ਤਰ੍ਹਾਂ ਮਨੁੱਖੀ ਹੋਂਦ ਦਾ ਪਰਮ ਲਕਸ਼ ਵੀ ਸਦੀਵੀ ਸੱਚ ਨਾਲ ਅਭੇਦ ਹੋਣਾ ਅਤੇ ਦਿਸਦੇ ਭੌਤਿਕ ਪਰਪੰਚ ਨੂੰ ਉਸ ਆਧਾਰ ਤੱਤ ਨਾਲ ਜੋੜ ਕੇ ਵੇਖਣਾ ਹੈ। ਵਿਸ਼ੇਸ਼ ਕਾਵਿ ਰੂਪ ਥਿੱਤੀ ਏਕਮ ਤੋਂ ਅਮਾਂਵਸ ਤੱਕ ਇਕ ਸੰਪੂਰਨ ਰਚਨਾ ਹੈ ਪਰ ਗੁਰੂ ਸਾਹਿਬ ਦੁਆਰਾ ਰਚੇ ਗਏ ਸੋਲ੍ਹਵਾਂ ਸਲੋਕ ਤੇ ਪਉੜੀ ਇਸ ਰਚਨਾ ਨੂੰ ਸੰਪੂਰਨ ਕਰਦੇ ਹਨ। ਸਲੋਕ ਵਿਚ ਉਸ ਪੂਰਨਤਾ ਦਾ ਸੰਕਲਪ ਪੇਸ਼ ਹੋਇਆ ਹੈ ਜੋ ਅਕਾਲ ਪੁਰਖ ਨੇ ਬਖਸ਼ੀ ਹੈ:

ਸਲੋਕੁ॥ ਪੂਰਨ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ॥

ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ॥[11]

'ਪੂਰਨਮਾ' ਸ਼ਬਦ ਨਾਲ ਸ਼ੁਰੂ ਹੁੰਦੀ ਪਉੜੀ ਵਿਚ ਪੂਰਨ ਤੇ ਸਰਬ ਸਮਰੱਥ ਉਸ ਪਰਮ ਸ਼ਕਤੀ ਅਕਾਲ ਪੁਰਖ ਦਾ ਜਸ-ਗਾਇਨ ਕਰਦਿਆਂ ਹੋਇਆਂ ਰਚਨਾ ਨੂੰ ਸੰਪੂਰਨਤਾ ਵਲ ਵਧਾਇਆ ਗਿਆ ਹੈ:

ਪਉੜੀ॥ ਪੂਰਨਮਾ ਪੂਰਨ ਪ੍ਰਭ ਏਕ ਕਰਣ ਕਾਰਣ ਸਮਰਥੁ॥

ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ॥

ਗੁਣ ਨਿਧਾਨ ਗੋਬਿੰਦ ਗੁਰ ਕੀਆ ਜਾ ਕਾ ਹੋਇ॥

ਅੰਤਰਜਾਮੀ ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ॥

ਪਾਰਬ੍ਰਹਮ ਪਰਮੇਸਰੋ ਸਭ ਬਿਧਿ ਜਾਨਣਹਾਰ॥

ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ॥

ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ॥

ਪਤਿਤ ਊਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ॥[12]

ਵਾਸਤਵ ਵਿਚ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿਚ ਜੀਵ ਨੂੰ ਸਹਿਜ ਅਵਸਥਾ ਵਿਚ ਨਾਮ ਸਿਮਰਨ ਕਰਨ ਦੀ ਪ੍ਰੇਰਣਾ ਦਿੱਤੀ ਹੈ। ਗੁਰੂ ਸਾਹਿਬ ਮਨੁੱਖ ਨੂੰ ਸੁਚੇਤ ਕਰਦੇ ਹੋਏ ਉਸਦੇ

ਉਸਾਰੂ ਭਵਿੱਖ ਲਈ ਨਾਮ ਸਿਮਰਨ ਦੇ ਰਸਤੇ ਵਿਚ ਰੁੱਤਾਂ ਥਿੱਤਾਂ ਨਾਲ ਜੁੜੇ ਵਿਸ਼ਵਾਸਾਂ ਵਿਚ ਸੰਸੋਧਣ ਕਰਕੇ ਜੀਵਨ ਦੇ ਸਹੀ ਮਾਰਗ ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਸਾਹਿਬ ਦਾ ਮੁੱਖ ਆਸ਼ਾ ਲੋਕ ਹਿੱਤੂ ਸੰਦੇਸ਼ ਦੇਣਾ ਸੀ ਜਿਸ ਲਈ ਉਨ੍ਹਾਂ ਨੇ ਪ੍ਰਚਲਿਤ ਥਿੱਤੀ ਕਾਵਿ ਰੂਪ ਦਾ ਸਹਾਰਾ ਲੈ ਕੇ ਹਰ ਸਮੇਂ ਨਾਮ ਜਪਣ ਦੀ ਪ੍ਰੇਰਣਾ ਦਿੱਤੀ ਹੈ। ਇਸ ਤਰ੍ਹਾਂ ਇਹ ਬਾਣੀ ਗੁਰੂ ਅਰਜਨ ਦੇਵ ਜੀ ਦੀ ਪ੍ਰਤਿਨਿਧ ਰਚਨਾ ਹੋ ਨਿਬੜੀ ਹੈ।

## (ਅ) ਬਾਣੀ ਥਿਤੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

### (1) ਬਿੰਬ ਸਿਰਜਣਾ

ਕਾਵਿ ਮਨੁੱਖੀ ਵਿਚਾਰਾਂ ਦੀ ਬੋਲੀ/ਭਾਸ਼ਾ ਨਾਲ ਓਤਪੋਤ ਅਜਿਹੀ ਕਲਾ ਹੈ ਜਿਸ ਵਿਚ ਸੁਹਜ ਸੁਆਦ ਦੇ ਨਾਲ ਨਾਲ ਆਤਮਕ ਅਨੁਭਵਾਂ ਦੀ ਅਭਿਵਿਅਕਤੀ ਹੁੰਦੀ ਹੈ। ਬਿੰਬ ਕਾਵਿ ਵਿਚ ਵਿਚਾਰਾਂ ਦੀ ਸਪੱਸ਼ਟਤਾ ਪ੍ਰਦਾਨ ਕਰਦਿਆਂ ਤਾਜ਼ਗੀ ਪੈਦਾ ਕਰਦਾ ਹੈ। ਜਿਥੇ ਇਹ ਕਾਵਿ ਵਿਚ ਪ੍ਰਭਾਵ ਉਤਪੰਨ ਕਰਦਾ ਹੈ ਉਥੇ ਕਾਵਿ ਨੂੰ ਸਦੀਵਤਾ ਬਖਸ਼ਦਾ ਹੈ। ਜਿਥੇ ਕਾਵਿਕ ਭਾਵ ਨੂੰ ਤੀਬਰਤਾ ਨਾਲ ਪ੍ਰਗਟਾਉਣ ਲਈ ਕਵੀ ਦਾ ਸਹਾਇਕ ਹੋ ਨਿਬੜਦਾ ਹੈ ਉਥੇ ਅਮੂਰਤ ਭਾਵ ਦਾ ਮੂਰਤੀਕਰਨ ਵੀ ਕਰਦਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ ਬਿੰਬ ਅਸਲ ਵਿਚ ਕਵੀ ਦਾ ਉਹ ਉਪਰਾਲਾ ਹੈ ਜਿਸ ਨਾਲ ਉਹ ਆਪਣੇਂ ਖਿਆਲ, ਵਸਤੂ ਜਾਂ ਹੋਰ ਵਰਣਨ ਕੀਤੇ ਜਾ ਰਹੇ ਰੂਪਾਂ ਨੂੰ ਕਲਾਤਮਕ ਢੰਗ ਨਾਲ ਨਿਖਾਰਦਾ, ਸੰਵਾਰਦਾ ਅਤੇ ਮਾਨਣ ਦੇ ਯੋਗ ਬਣਾਉਂਦਾ ਹੈ। ਬਿੰਬ ਅਸਲ ਵਿਚ ਕਵਿਤਾ ਦਾ ਸੁਹਜ ਵੀ ਹੈ ਅਤੇ ਵਸਤੂ ਨੂੰ ਸਮਝਣ ਵਿਚ ਸਹਾਈ ਸਾਧਨ ਵੀ ਹੈ।[13]

ਕਵੀ ਆਪਣੇ ਵਿਸ਼ੇਸ਼ ਅਨੁਭਵ, ਕਲਪਨਾ ਅਤੇ ਚਿੰਤਨ ਰਾਹੀਂ ਯਥਾਰਥ ਦਾ ਵਿਸ਼ੇਸ਼ਕ੍ਰਿਤ ਰੂਪ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਯਥਾਰਥ ਦਾ ਇਹ ਵਿਸ਼ੇਸ਼ੀ ਕ੍ਰਿਤ ਰੂਪ ਕਵੀ ਦੀ ਅਨੁਭੂਤੀ ਦਾ ਸਿੱਧਾ ਪ੍ਰਗਟਾ ਨਹੀਂ ਹੁੰਦਾ ਸਗੋਂ ਬਿੰਬ ਰਾਹੀਂ ਉਹ ਅਜਿਹਾ ਰੂਪ ਸਾਡੇ ਸਾਹਮਣੇ ਪੇਸ਼ ਕਰਦਾ ਹੈ ਜਿਹੜਾ ਆਮ ਵਰਣਨ ਅਤੇ ਸਾਧਾਰਣ ਪ੍ਰਗਟਾ ਤੋਂ ਵਧੇਰੇ ਸੁਹਜਾਤਮਕ ਹੁੰਦਾ ਹੈ। ਬਿੰਬ ਇਕ ਅਜਿਹਾ ਸ਼ਾਬਦਿਕ ਚਿੱਤਰ ਹੈ ਜਿਹੜਾ ਸ਼ਬਦਾਂ, ਅਲੰਕਾਰਾਂ ਅਤੇ ਰੂਪਕਾਂ ਦੀ ਸਹਾਇਤਾ ਨਾਲ ਯਥਾਰਥ ਅਤੇ ਸਮਾਜਿਕ ਵਰਤਾਰਿਆਂ ਦੀ ਪੁਨਰ-ਸਿਰਜਣਾ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਯਥਾਰਥ ਦਾ ਇਹ ਪੁਨਰ-ਸਿਰਜਤ ਰੂਪ ਯਥਾਰਥ ਦੇ ਆਮ ਰੂਪ ਨਾਲੋਂ ਵਧੇਰੇ ਆਕਰਸ਼ਕ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ ਪਰ ਬਿੰਬ ਵਿਚ

ਜਿਹੜਾ ਵਿਲੱਖਣ ਸ਼ਬਦ-ਚਿੱਤਰ ਸਾਡੇ ਸਾਹਮਣੇ ਪੇਸ਼ ਹੁੰਦਾ ਹੈ। ਉਸ ਦਾ ਪ੍ਰਮੁੱਖ ਉਦੇਸ਼ ਕਾਵਿ-ਅਰਥ ਨੂੰ ਵਧੇਰੇ ਤੀਬਰਮਈ ਢੰਗ ਨਾਲ ਪ੍ਰਗਟਾਉਣਾ ਹੁੰਦਾ ਹੈ।[14]

ਇਸ ਲਈ ਬਿੰਬ ਕਵਿਤਾ ਦੇ ਸ਼ਿਲਪ ਦਾ ਇਕ ਅਜਿਹਾ ਅੰਗ ਹੈ ਜਿਸਦਾ ਸੰਬੰਧ ਰੂਪਕ ਪੱਖ ਦੇ ਨਾਲ ਨਾਲ ਵਿਸ਼ੇ ਪੱਖ ਨਾਲ ਵੀ ਓਨਾ ਹੀ ਹੁੰਦਾ ਹੈ ਕਿਉਂਕਿ ਰੂਪ ਤੇ ਵਿਸ਼ਾ ਆਪਸ ਵਿਚ ਸੰਬੰਧਿਤ ਹੁੰਦੇ ਹਨ। ਇਸ ਤਰ੍ਹਾਂ ਕਾਵਿ ਵਿਚ ਬਿੰਬ ਸਿਰਜਣਾ ਦਾ ਮਹੱਤਵਪੂਰਨ ਸਥਾਨ ਹੈ। ਕਾਵਿ ਵਿਚ ਬਿੰਬ ਦੇ ਮਹੱਤਵ ਨੂੰ ਲਗਭਗ ਸਾਰੇ ਹੀ ਚਿੰਤਕਾਂ ਨੇ ਸਵੀਕਾਰਿਆ ਹੈ। ਰਹੱਸਵਾਦੀ ਕਾਵਿ, ਕਿਉਂਕਿ ਅਨੁਭਵ ਖੇਤਰ ਕਰਕੇ ਭਿੰਨ ਹੈ, ਇਸ ਲਈ ਇਸ ਖੇਤਰ ਵਿਚ ਬਿੰਬਾਂ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ ਕਿਉਂਕਿ ਗੁਰੂ ਕਵੀਆਂ ਦਾ ਖੇਤਰ ਦ੍ਰਿਸ਼ਟਮਾਨ ਜਗਤ ਨਹੀਂ ਅਸਥੂਲ ਜਗਤ ਹੈ। ਇਸ ਕਰਕੇ ਅਸਥੂਲ ਦੇ ਮੂਰਤੀਕਰਨ ਲਈ ਇਹ ਬਿੰਬ ਸਹਿਯੋਗੀ ਤੱਤ ਬਣ ਕੇ ਆਉਂਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਥਿਤੀ ਦੀ ਸੁਹਜਗਤ ਵਿਸ਼ੇਸ਼ਤਾ ਉਸ ਦਾ ਬਿੰਬ ਵਿਧਾਨ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਬਿੰਬ ਸਿਰਜਣਾ ਬੜੀ ਸਰਲਤਾ ਨਾਲ ਹੋਈ ਹੈ। ਬਿੰਬਾਂ ਦਾ ਖੇਤਰ ਬੜਾ ਵਿਸ਼ਾਲ ਹੈ। ਉਨ੍ਹਾਂ ਨੇ ਆਪਣੇ ਜੀਵਨ ਵਿਸ਼ਾਲ ਅਨੁਭਵ ਰਾਹੀਂ ਵੱਖ ਵੱਖ ਖੇਤਰਾਂ ਤੋਂ ਬਿੰਬ ਚੁਣੇ ਹਨ ਜਿਹਨਾਂ ਦਾ ਵਿਸਤ੍ਰਿਤ ਵਰਣਨ ਕੀਤਾ ਜਾ ਰਿਹਾ ਹੈ। ਮਨੋਵਿਗਿਆਨੀਆਂ ਨੇ ਬਿੰਬ ਦੇ ਪ੍ਰਕਾਰ ਅਤੇ ਭੇਦਾਂ ਦਾ ਵਿਵੇਚਨ ਕੀਤਾ ਹੈ ਉਸ ਵਿਚ ਪ੍ਰਤੱਖ ਤੇ ਪਰੋਖ ਰੂਪ ਨਲ ਸੰਬੰਧਿਤ ਬਿੰਬਾਂ ਵਿਚ ਇੰਦ੍ਰਿਆਵੀ ਬਿੰਬ ਆਉਂਦੇ ਹਨ ਜਿਹੜੇ ਪੰਜ ਪ੍ਰਕਾਰ ਦੇ ਹਨ ਜਿਵੇਂ ਦ੍ਰਿਸ਼ ਜਾਂ ਰੂਪ ਬਿੰਬ, ਸ਼ਬਦ ਜਾਂ ਸ਼੍ਰਵਣ ਬਿੰਬ, ਗੰਧ ਬਿੰਬ, ਸਵਾਦ ਬਿੰਬ ਤੇ ਸਪਰਸ਼ ਬਿੰਬ ਆਦਿ। ਬਾਣੀ ਥਿਤੀ ਵਿਚ ਇਹਨਾਂ ਬਿੰਬਾਂ ਦੀ ਵਰਤੋਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਗਈ ਹੈ।

### ਦ੍ਰਿਸ਼ ਬਿੰਬ

ਇਸ ਪ੍ਰਕਾਰ ਦੇ ਬਿੰਬਾਂ ਵਿਚ ਵਧੇਰੇ ਪ੍ਰਧਾਨਤਾ ਦ੍ਰਿਸ਼ਤਾ ਦੀ ਹੁੰਦੀ ਹੈ। ਇਹ ਬਿੰਬ ਇਸੇ ਕਰਕੇ ਵਧੇਰੇ ਸਪੱਸ਼ਟ ਹੁੰਦੇ ਹਨ। ਗ੍ਰਹਿਣ ਅਤੇ ਵਰਤੋਂ ਵਿਚ ਵਧੇਰੇ ਮਾਤਰਾ ਵਿਚ ਆਉਂਦੇ ਹਨ। ਅੱਖਾਂ ਰਾਹੀਂ ਵੇਖਿਆਂ ਕੋਈ ਵੀ ਦ੍ਰਿਸ਼ ਮਨੁੱਖੀ ਮਨ ਉੱਤੇ ਡੂੰਘੀ ਛਾਪ ਛੱਡਦਾ ਹੈ। ਇਸ ਲਈ ਇਸ ਪ੍ਰਕਾਰ ਦੇ ਬਿੰਬਾਂ ਦਾ ਰੂਪ ਰੰਗ ਆਕਾਰ ਸੁਨਿਸ਼ਚਿਤ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਸੇ ਕਰਕੇ ਇਨ੍ਹਾਂ ਵਿਚ ਸਥੂਲਤਾ ਤੇ ਸਪੱਸ਼ਟਤਾ ਰਹਿੰਦੀ ਹੈ। ਗੁਰੂ ਕਵੀ ਦੀ ਇਸ ਰਚਨਾ ਵਿਚ ਦ੍ਰਿਸ਼ ਬਿੰਬ ਕਾਫੀ ਵਿਆਪਕ ਰੂਪ ਵਿਚ ਮਿਲਦੇ ਹਨ:

ਸਲੋਕੁ ॥ ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰ॥[15]

ਇਸ ਸਲੋਕ ਵਿਚ ਪਰਮਾਤਮਾ ਦੀ ਸਰਵਵਿਆਪਕ ਹੋਂਦ ਦਾ ਦ੍ਰਿਸ਼ ਬਿੰਬ ਕਾਇਮ ਕੀਤਾ ਗਿਆ ਹੈ। ਉਹ ਇਕ ਅਕਾਲਪੁਰਖ ਅਨੇਕਾਂ ਹੀ ਤਰੀਕਿਆਂ ਨਾਲ (ਜਗਤ ਵਿਚ ਹਰ ਥਾਂ) ਖਿਲਰਿਆ ਹੋਇਆ ਹੈ। ਪਾਣੀ, ਧਰਤੀ, ਮਹੀਅਲਿ (ਧਰਤੀ ਦੇ ਤਲ, ਪੁਲਾੜ, ਆਕਾਸ਼) ਹਰ ਪਾਸੇ ਉਹ ਹਾਜ਼ਰ ਨਾਜ਼ਰ ਹੈ। ਜਿਥੇ ਕਿਤੇ ਵੀ ਨਜ਼ਰ ਪੈਂਦੀ ਹੈ, ਉਹ ਵਿਆਪਤ ਹੈ, ਦ੍ਰਿਸ਼ਟਮਾਨ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਅਮਾਵਸ (ਮੱਸਿਆ) ਅਤੇ ਪੂਰਨਮਾ (ਪੂਰਨਮਾਸ਼ੀ) ਦਾ ਰੂਪ ਬਿੰਬ ਵੀ ਦਰਜ ਕੀਤਾ ਹੈ:

(ੳ) ਅਮਾਵਸ ਆਤਮ ਸੁਖੀ ਭਏ ਸੰਤੋਖ ਦੀਆ ਗੁਰਦੇਵ॥

ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ॥[16]

(ਅ) ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ॥

ਜੀਅ ਜੰਤ ਦਇਆਲ ਪੁਰਖੁ ਸਭ ਉਪਰਿ ਜਾ ਕਾ ਹਥੁ॥[17]

ਗੁਰੂ ਸਾਹਿਬ ਜਿਸ ਪ੍ਰਕਿਰਤਕ ਅਤੇ ਦੈਵੀ ਸੁਹਜ ਦੇ ਲਕਸ਼ ਨੂੰ ਆਪਣੀ ਬਾਣੀ ਵਿਚ ਪ੍ਰਗਟ ਕਰਦੇ ਹਨ। ਉਹ ਸਮਾਜਕ ਅਤੇ ਸਭਿਆਚਾਰਕ ਜੀਵਨ ਨਾਲ ਇਕਸੁਰ ਹੋਇਆ ਪ੍ਰਤੀਤ ਹੁੰਦਾ ਹੈ। ਇਸ ਪ੍ਰਕਾਰ ਗੁਰੂ ਸਾਹਿਬ ਨੇ ਬਿੰਬਾਂ ਦੀ ਸਹਾਇਤਾ ਨਾਲ ਅਮੂਰਤ ਅਨੁਭਵ ਦਾ ਸੁਹਜਾਤਮਕ ਸਮੂਰਤੀਕਰਣ ਕੀਤਾ ਹੈ।

### ਸ਼ਬਦ ਜਾਂ ਸ਼੍ਰਵਣ ਬਿੰਬ

ਸ਼ਬਦ ਬਿੰਬ ਉਹ ਹਨ ਜੋ ਕੰਨਾਂ ਨਾਲ ਸੁਣੇ ਜਾਂਦੇ ਹਨ। ਮਨੁੱਖ ਜੋ ਕੁਝ ਸੁਣਦਾ ਹੈ ਉਸਦੀ ਤਸਵੀਰ ਉਸ ਦੇ ਦਿਮਾਗ ਵਿਚ ਸੁਰੱਖਿਅਤ ਰਹਿੰਦੀ ਹੈ ਅਤੇ ਇਸ ਦਾ ਅਸਰ ਕੰਨਾਂ ਰਾਹੀਂ ਹੁੰਦਾ ਹੈ।[18] ਗੁਰਮਤਿ ਅਨੁਸਾਰ ਆਨੰਦ ਕਿਸੇ ਸਰੀਰਕ ਪ੍ਰਕਿਰਿਆ ਜਾਂ ਕਰਮਕਾਂਡ ਤੋਂ ਬਿਨਾਂ ਕੀਰਤਨ ਰਾਹੀਂ ਵੀ ਪੈਦਾ ਹੋ ਸਕਦਾ ਹੈ। ਜਦੋਂ ਸਾਧਕ/ਜੀਵ ਦੁਨਿਆਵੀ ਭੇਖਾਂ ਤੋਂ ਪਰੇ ਹੋ ਕੇ ਆਨੰਦ ਦੀ ਅਵਸਥਾ ਵਿਚ ਵਿਚਰਦਾ ਹੈ ਤਾਂ ਇਸ ਵਿਸਮਾਦ ਦੀ ਅਵਸਥਾ ਦਾ ਬਿਆਨ ਕਰਨਾ ਅਸੰਭਵ ਹੈ ਕਿਉਂਕਿ ਇਹ ਨਾ ਤਾਂ ਕਿਸੇ ਨਾਦ ਤੋਂ ਪੈਦਾ ਹੁੰਦਾ ਹੈ ਤੇ ਨਾ ਹੀ ਕਰਮੀ ਕਿਰਿਆ ਤੋਂ ਸਗੋਂ ਸੰਪੂਰਨ ਲਿਵਲੀਨਤਾ ਦੀ ਅਵਸਥਾ ਹੈ ਜਿਥੇ ਸਾਧਕ ਦੁਨੀਆਂ ਤੋਂ ਨਿਰਲੇਪ ਹੋ ਜਾਂਦਾ ਹੈ। ਇਹੀ ਨਾਦ ਸਾਰੇ ਨਾਦਾਂ ਵਿਚੋਂ ਸ੍ਰੇਸ਼ਟ ਮੰਨਿਆ ਗਿਆ ਹੈ। ਬਾਣੀ ਥਿਤੀ ਵਿਚੋਂ ਕੁਝ ਉਦਾਹਰਣਾਂ ਵੇਖਦੇ ਹਾਂ:

(ੳ) ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ॥
ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ॥[19]

(ਅ) ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ॥
ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ॥[20]

(ੲ) ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ॥
ਭਉ ਬਿਨਸੈ ਅੰਮ੍ਰਿਤੁ ਰਸੈ ਰੰਗਿ ਰਤੇ ਨਿਰੰਕਾਰ॥[21]

(ਸ) ਸਭ ਮਹਿ ਪੂਰਿ ਰਹੇ ਪਾਰਬ੍ਰਹਮ॥ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮੁ॥[22]

(ਹ) ਕੋਮਲ ਬਾਣੀ ਸਭ ਕਉ ਸੰਤੋਖੈ॥ ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ॥[23]

(ਕ) ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ॥
ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ॥[24]

ਸੰਸਾਰ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਜੀਵ ਜੰਤੂਆਂ ਨੂੰ ਖਿੱਚਣ ਵਾਲੀਆਂ ਦੋ ਜ਼ਬਰਦਸਤ ਸ਼ਕਤੀਆਂ ਹਨ ਇਕ ਰੂਪ (ਸੁੰਦਰਤਾ) ਤੇ ਦੂਜੀ ਧੁਨੀ। ਇਨ੍ਹਾਂ ਦੋਹਾਂ ਵਿਚੋਂ ਧੁਨੀ ਅੰਦਰ ਖਿੱਚਣ ਦੀ ਸ਼ਕਤੀ ਬਹੁਤ ਜ਼ਿਆਦਾ ਹੈ। ਜਿਸ ਦਾ ਆਮ ਜੀਵਾਂ ਉੱਪਰ ਵਿਸ਼ੇਸ਼ ਅਸਰ ਪੈਂਦਾ ਹੈ। ਸੁੰਦਰਤਾ ਕੇਵਲ ਮਨੁੱਖ ਨੂੰ ਹੀ ਖਿੱਚ ਸਕਦੀ ਹੈ, ਪਰ ਧੁਨੀ ਮਨੁੱਖ ਤੇ ਬਾਕੀ ਜੀਵ ਜੰਤੂਆਂ ਉੱਪਰ ਵੀ ਡੂੰਘਾ ਅਸਰ ਕਰਦੀ ਹੈ। ਬਾਣੀ ਥਿਤੀ ਅਨੁਸਾਰ ਸ਼ਬਦ ਧੁਨ ਮਨੁੱਖ ਮਾਤਰ ਸਭ ਦੇ ਅੰਦਰ ਨਿਰੰਤਰ ਹੋ ਰਹੀ ਹੈ। ਇਸ ਦਾ ਮੇਲ ਹੋ ਜਾਣ ਤੇ ਜੀਵ ਦਾ ਕਲਿਆਣ ਹੋ ਜਾਂਦਾ ਹੈ। ਜਿਵੇਂ ਚੁੰਬਕ ਪੱਥਰ ਲੋਹੇ ਨੂੰ ਆਪਣੇ ਵਲ ਖਿੱਚ ਲੈਂਦਾ ਹੈ ਉਂਝ ਹੀ ਨਾਮ-ਧੁਨ ਜੋ ਪਰਮਾਤਮਾ ਵਲੋਂ ਉਤਪੰਨ ਹੁੰਦੀ ਹੈ, ਆਤਮਾ ਨੂੰ ਖਿੱਚ ਕੇ ਪਰਮਾਤਮਾ ਤਕ ਲੈ ਜਾਂਦੀ ਹੈ। ਮਨ ਸ੍ਵਾਦ ਦਾ ਪ੍ਰੇਮੀ ਹੈ, ਪਰ ਦੁਨੀਆਂ ਦੀ ਕੋਈ ਲਜ਼ਤ ਇਸ ਨੂੰ ਸਥਿਰ ਨਹੀਂ ਕਰ ਸਕਦੀ। ਮਨ ਨੂੰ ਵਸ ਵਿਚ ਕਰਨ ਦੀ ਇਕ ਹੀ ਦਵਾ ਹੈ ਉਹ ਹੈ ਨਾਮ ਨੂੰ ਗਾਉਣਾ। ਜਿਸ ਰਾਹੀਂ ਸਭ ਇੰਦਰੀਆਂ ਦੇ ਵਿਕਾਰ ਦੂਰ ਹੋ ਜਾਂਦੇ ਹਨ। ਇਸ ਪ੍ਰਕਾਰ ਨਾਦ ਬਿੰਬਾਂ ਦਾ ਤੀਬਰ ਅਤੇ ਪ੍ਰਭਾਵਸ਼ਾਲੀ ਚਿਤਰਣ ਬਾਣੀ ਥਿਤੀ ਵਿਚ ਹੋਇਆ ਹੈ।

### ਗੰਧ ਬਿੰਬ

ਅਜਿਹੇ ਬਿੰਬਾਂ ਦਾ ਬੋਧ ਸੁੰਘਣ ਇੰਦਰੀ ਨੱਕ ਰਾਹੀਂ ਹੁੰਦਾ ਹੈ। ਸੰਵੇਦਨਾ ਦੀ ਤੀਬਰਤਾ ਅਤੇ ਗਹਿਰਾਈ ਦੀ ਦ੍ਰਿਸ਼ਟੀ ਤੋਂ ਗੰਧ ਦਾ ਮਹੱਤਵ ਅਧਿਕ ਹੁੰਦਾ ਹੈ। ਦ੍ਰਿਸ਼ ਦਾ ਸੰਬੰਧ ਸਥੂਲ ਦ੍ਰਿਸ਼ ਰੂਪਾਂ

ਨਾਲ ਹੈ ਅਤੇ ਇਸ ਦਾ ਸੂਖਮ ਸੁੰਘਣ ਚੇਤਨਾ ਨਾਲ। ਗੰਧ ਵਲ ਦ੍ਰਿਸ਼ਟੀ ਉਨ੍ਹਾਂ ਕਵੀਆਂ ਦੀ ਜਾਂਦੀ ਹੈ ਜਿਨ੍ਹਾਂ ਦੀ ਗ੍ਰਹਿਣਸ਼ੀਲਤਾ, ਤੀਬਰ ਅਤੇ ਸੰਵੇਦਨਾ ਬਹੁਤ ਹੀ ਕੋਮਲ ਹੁੰਦੀ ਹੈ।[25] ਬਾਣੀ ਥਿਤੀ ਵਿਚ ਗੰਧ ਬਿੰਬ ਦਾ ਬੜਾ ਸੁਹਜਮਈ ਪ੍ਰਯੋਗ ਹੋਇਆ ਹੈ। ਜਿਵੇਂ:

ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ॥

ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ॥[26]

ਜਗਤ ਵਿਚ ਉਹ ਸੰਤ ਜਨ ਸ੍ਰੇਸ਼ਟ ਹਨ ਜਿਨ੍ਹਾਂ ਨੇ ਇਸ ਜਗਤ ਪਸਾਰੇ ਨੂੰ ਇਸ ਤਰ੍ਹਾਂ ਸਮਝ ਲਿਆ ਹੈ ਕਿ ਇਹ ਫੁੱਲਾਂ ਦੀ ਸੁਗੰਧੀ ਵਰਗਾ ਹੈ, ਤੇ ਭਾਵੇਂ ਅਨੇਕ ਰੰਗਾਂ ਵਾਲਾ ਹੈ ਫਿਰ ਵੀ ਸਾਰੇ ਦਾ ਸਾਰਾ ਹੀ ਨਾਸ਼ਵੰਤ ਹੈ ਤੇ ਠੱਗੀ ਹੀ ਹੈ।

**ਸੁਆਦ ਬਿੰਬ ਜਾਂ ਰਸ ਬਿੰਬ**

ਇਹ ਬਿੰਬ ਜੀਭ ਰਾਹੀਂ ਗ੍ਰਹਿਣ ਕੀਤੇ ਅਨੁਭਵਾਂ ਨਾਲ ਸੰਬੰਧਿਤ ਹੁੰਦੇ ਹਨ। ਪਰਮਾਤਮਾ/ਪ੍ਰਕਿਰਤੀ ਨੇ ਜੀਵ ਨੂੰ ਸਰੀਰਕ ਇੰਦ੍ਰੀ ਜੀਭ (ਰਸਨਾ) ਪ੍ਰਦਾਨ ਕੀਤੀ ਹੈ ਜਿਸ ਨਾਲ ਉਹ ਰਸ ਮਾਣਦਾ/ਭੋਗਦਾ ਹੈ। ਗੁਰਮਤਿ ਸਾਹਿਤ ਵਿਚ ਸਮਾਜਿਕ ਵਿਗਿਆਨ ਨਾਲੋਂ ਭਿੰਨਤਾ ਹੋਣ ਕਾਰਨ ਸਵਾਦ ਬਿੰਬ ਦਾ ਮੁਹਾਂਦਰਾ ਕੁਝ ਵੱਖਰਾ ਜਿਹਾ ਪ੍ਰਤੀਤ ਹੁੰਦਾ ਹੈ। ਗੁਰੂ ਸਾਹਿਬਾਨਾਂ ਦੁਆਰਾ ਪ੍ਰਗਟਾਇਆ ਸਵਾਦ ਪਦਾਰਥਕ ਵਸਤਾਂ ਦਾ ਨਾ ਹੋ ਕੇ ਚੰਗੇ ਤੇ ਮਾੜੇ ਕਰਮਾਂ ਅਤੇ ਗੁਣਾਂ ਦਾ ਹੈ। ਗੁਰੂ ਅਰਜਨ ਦੇਵ ਜੀ ਨੇ ਜੀਭ ਰਸ ਬਾਰੇ ਅਨੇਕ ਬਿੰਬ ਸਿਰਜੇ ਹਨ, ਜਿਨ੍ਹਾਂ ਤੋਂ ਸਾਨੂੰ ਵਿਕਾਰਾਂ ਦੇ ਰਸਾਂ ਤੋਂ ਮੂੰਹ ਮੋੜ ਕੇ ਹਰੀ-ਰਸ ਨੂੰ ਚੱਖਣ ਲਈ ਪ੍ਰੇਰਣਾ ਮਿਲਦੀ ਹੈ। ਉਦਾਹਰਣ ਦੇਖੋ:

(ੳ) ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੇ ਤਾਪ॥

ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ॥[27]

(ਅ) ਸਲੋਕੁ॥ ਨਾਰਾਇਣ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ॥

ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ॥[26]

(ੲ) ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ॥

ਮਨੁ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ॥[29]

ਉਪਰੋਕਤ ਗੁਰ ਵਾਕਾਂ ਵਿਚ ਇਹ ਤਸਵੀਰ ਖਿੱਚੀ ਗਈ ਹੈ ਕਿ ਸੰਸਾਰ ਦੇ ਰਸ ਤੁਛ ਹਨ, ਪਰ ਨਾਮ ਰਸੀਆਂ ਦੇ ਮਨ ਦੀ ਜੀਭ ਨਾਮ ਰੂਪੀ ਅੰਮ੍ਰਿਤ ਨੂੰ ਗ੍ਰਹਿਣ ਕਰਦੀ ਹੈ ਅਤੇ ਉਹ ਆਪਣੇ ਜੀਵਨ ਨੂੰ ਸਫਲ ਬਣਾਉਂਦੇ ਹਨ। ਇਸ ਪ੍ਰਕਾਰ ਗੁਰੂ ਸਾਹਿਬ ਨੇ ਰਸ ਬਿੰਬਾਂ ਦੀ ਸਹਾਇਤਾ ਨਾਲ ਅਮੂਰਤ ਅਨੁਭਵ ਦਾ ਸੁਹਜਾਤਮਕ ਸਮੂਰਤੀਕਰਣ ਕੀਤਾ ਹੈ।

**ਸਪਰਸ਼ ਬਿੰਬ** :

ਅਜਿਹੇ ਬਿੰਬਾਂ ਦੀ ਸਿਰਜਣਾ ਚਮੜੀ ਦੁਆਰਾ ਹੁੰਦੀ ਹੈ। ਇਸ ਪ੍ਰਕਾਰ ਦਾ ਇੰਦ੍ਰਿਆਵੀ ਬੋਧ ਸਭ ਤੋਂ ਅਧਿਕ ਪ੍ਰਤੱਖ ਅਤੇ ਸਥੂਲ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਸਪਰਸ਼ ਦੇ ਆਧਾਰ ਤੇ ਪ੍ਰਭਾਵਸ਼ਾਲੀ ਸੁਹਜਾਤਮਕ ਬਿੰਬ ਕਾਇਮ ਕੀਤਾ ਹੈ। ਉਦਾਹਰਣ ਦੇਖੋ:

ਸਲੋਕੁ॥ ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ॥
ਜਮਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ॥[30]

ਥਿਤੀ ਬਾਣੀ ਨੂੰ ਜਦ ਸੁਹਜਾਤਮਕ ਆਧਾਰ ਉੱਪਰ ਦੇਖੀਏ ਤਾਂ ਪਤਾ ਚਲਦਾ ਹੈ ਕਿ ਗੁਰੂ ਜੀ ਦੁਆਰਾ ਬਿੰਬ ਕਈ ਤਰ੍ਹਾਂ ਨਾਲ ਨਿਰੂਪਤ ਹੋਏ ਹਨ। ਗੁਰੂ ਸਾਹਿਬ ਨੇ ਇਸ ਬਾਣੀ ਦੇ ਇਕ ਇਕ ਸ਼ਬਦ ਵਿਚ ਉਹ ਬਿੰਬ ਭਰੇ ਹਨ ਕਿ ਇਕ ਸ਼ਬਦ ਹੀ ਮੂੰਹੋਂ ਬੋਲ ਕੇ ਸਾਰੀ ਪਰਸਥਿਤੀ ਨੂੰ ਪੇਸ਼ ਕਰ ਦਿੰਦਾ ਹੈ। ਪਰਮਾਤਮਾ ਨੂੰ ਮੂਲ ਸ਼ਕਤੀ ਦੇ ਰੂਪ ਵਿਚ ਗੁਰੂ ਸਾਹਿਬ ਨੇ ਪੇਸ਼ ਕੀਤਾ ਹੈ। ਚਾਰੇ ਪਾਸੇ ਤੇ ਚੌਦਾਂ ਲੋਕਾਂ – ਸਭਨਾਂ ਵਿਚ ਹੀ ਪਰਮਾਤਮਾ ਆਪ ਵੱਸ ਰਿਹਾ ਹੈ। ਉਸਦੇ ਭੰਡਾਰਿਆਂ ਵਿਚ ਕੋਈ ਕਮੀ ਨਹੀਂ ਦੇਖੀ ਜਾਂਦੀ, ਉਸ ਦੇ ਕੀਤੇ ਸਾਰੇ ਕੰਮ ਹੀ ਸਫ਼ਲ ਹੁੰਦੇ ਹਨ ਜਿਵੇਂ:

ਸਲੋਕੁ ॥ ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ॥
ਨਾਨਕ ਊਨ ਨ ਦੇਖੀਐ ਪੂਰਨ ਤਾ ਕੈ ਕਾਮ॥
ਪਉੜੀ॥ ਚਉਦਹਿ ਚਾਰਿ ਕੁੰਟ ਪ੍ਰਭ ਆਪ॥ ਸਗਲ ਭਵਨ ਪੂਰਨ ਪਰਤਾਪ॥
ਦਸੇ ਦਿਸਾ ਰਵਿਆ ਪ੍ਰਭੁ ਏਕੁ॥ ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ॥
ਜਲ ਥਲ ਬਨ ਪਰਬਤ ਪਾਤਾਲ॥ ਪਰਮੇਸੂਰ ਤਹ ਬਸਹਿ ਦਇਆਲ॥
ਸੂਖਮ ਅਸਥੂਲ ਸਗਲ ਭਗਵਾਨ॥ ਨਾਨਕ ਗੁਰਮੁਖਿ ਬ੍ਰਹਮੁ ਪਛਾਨ॥[31]

ਉਪਰੋਕਤ ਗੁਰ ਵਾਕਾਂ ਵਿਚ ਗੁਰੂ ਸਾਹਿਬ ਨੇ ਪ੍ਰਾਕ੍ਰਿਤਕ ਬਿੰਬਾਂ ਰਾਹੀਂ ਉਸ ਪਰਮਾਤਮਾ ਦੀ ਸਰਵ ਵਿਆਪਕਤਾ ਨੂੰ ਸਪੱਸ਼ਟ ਕੀਤਾ ਹੈ ਅਤੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਹੈ ਕਿ ਜਿਹੜਾ ਮਨੁੱਖ ਗੁਰੂ ਕੇ ਦੱਸੇ ਰਾਹ ਤੇ ਤੁਰਦਾ ਹੈ, ਉਹ ਪਰਮਾਤਮਾ ਨੂੰ (ਸਭ ਥਾਂ ਵਸਦਾ) ਪਛਾਣ ਲੈਂਦਾ ਹੈ। ਪ੍ਰਕਿਰਤੀ ਇਕ ਅਹਿਮ ਪੱਖ ਹੋਣ ਕਰਕੇ ਵਿਸ਼ੇਸ਼ ਮਹੱਤਵ ਦੀ ਧਾਰਨੀ ਹੈ ਕਿਉਂਕਿ ਇਸਦੇ ਸਥੂਲ ਪਸਾਰੇ ਵਿਚੋਂ ਅਨੇਕਾਂ ਹੀ ਉਪਮਾਵਾਂ ਉਸ ਸੂਖਮ ਪਰਮਸਤ ਨੂੰ ਸਥੂਲ ਰੂਪ ਦੇਣ ਲਈ ਵਰਤੋਂ ਵਿਚ ਆਉਂਦੀਆਂ ਹਨ। ਇਸ ਪ੍ਰਕਾਰ ਪ੍ਰਕਿਰਤੀ ਦੀਆਂ ਅਨੇਕਾਂ ਵਸਤਾਂ ਦੀ ਵਰਤੋਂ ਗੁਰੂ ਸਾਹਿਬ ਨੇ ਵਿਆਪਕ ਪੱਧਰ ਉੱਤੇ ਕੀਤੀ ਹੈ।

ਬਾਣੀ ਥਿਤੀ ਵਿਚ ਰੋਜ਼ਾਨਾ ਜੀਵਨ, ਕਰਮ ਤੇ ਪੂਜਾ ਨਾਲ ਸੰਬੰਧਿਤ ਬਿੰਬ ਦੀ ਸਿਰਜਣਾ ਕੀਤੀ ਗਈ ਹੈ ਪਰ ਇਹ ਬਿੰਬ ਸਰਲ ਸੁਭਾਅ ਵਾਲਾ ਨਹੀਂ ਸਗੋਂ ਇਸ ਦੀ ਤਹਿ ਵਿਚ ਡੂੰਘੇ ਅਰਥ ਲੁਕੇ ਹੋਏ ਹਨ। ਇਸ ਬਿੰਬ ਵਿਚ ਗੁਰੂ ਅਰਜਨ ਦੇਵ ਜੀ ਨੇ ਅਮੂਰਤ ਵਿਚਾਰਾਂ ਨੂੰ ਜੀਵਨ ਨਾਲ ਸੰਬੰਧਿਤ ਕਰਕੇ ਪ੍ਰਗਟ ਕੀਤਾ ਹੈ:

ਸਲੋਕੁ।। ਪੰਚ ਬਿਕਾਰ ਮਨਿ ਮਹਿ ਬਸੇ ਰਾਚੇ ਮਾਇਆ ਸੰਗਿ।।
ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ।।[32]

ਉਪਰੋਕਤ ਗੁਰ ਵਾਕ ਅਨੁਸਾਰ ਜਿਹੜੇ ਮਨੁੱਖ ਮਾਇਆ ਦੇ ਮੋਹ ਵਿਚ ਮਸਤ ਰਹਿੰਦੇ ਹਨ, ਉਹਨਾਂ ਦੇ ਮਨ ਵਿਚ ਪੰਜ ਵਿਕਾਰ ਟਿਕੇ ਰਹਿੰਦੇ ਹਨ ਪਰ ਜਿਹੜਾ ਮਨੁੱਖ ਗੁਰੂ ਦੀ ਸੰਗਤ ਵਿਚ ਰਹਿ ਕੇ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੰਗਿਆ ਰਹਿੰਦਾ ਹੈ, ਉਹ ਪਵਿੱਤਰ ਜੀਵਨ ਵਾਲਾ ਹੋ ਜਾਂਦਾ ਹੈ। ਬਾਣੀ ਥਿਤੀ ਵਿਚ ਗੁਰੂ ਸਾਹਿਬ ਨੇ ਆਪਣੀ ਸੁਹਜਾਤਮਕ ਕਾਵਿ-ਕਲਾ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ। ਕਈ ਗੁਰ ਵਾਕਾਂ ਵਿਚ ਪੂਰੇ ਦੇ ਪੂਰੇ ਇੰਦ੍ਰੀਆਤਮਕ ਬਿੰਬ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੇ ਹਨ:

ਪਉੜੀ।। ਦਸਮੀ ਦਸ ਦੁਆਰ ਬਸਿ ਕੀਨੇ।। ਮਨਿ ਸੰਤੋਖੁ ਨਾਮ ਜਪਿ ਲੀਨੇ।।
ਕਰਨੀ ਸੁਨੀਐ ਜਸੁ ਗੋਪਾਲ।। ਨੈਨੀ ਪੇਖਤ ਸਾਧ ਦਇਆਲ।।
ਰਸਨਾ ਗੁਨ ਗਾਵੈ ਬੇਅੰਤ।। ਮਨਿ ਮਹਿ ਚਿਤਵੈ ਪੂਰਨ ਭਗਵੰਤ।।
ਹਸਤ ਚਰਨ ਸੰਤ ਟਹਲ ਕਮਾਈਐ।। ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ।।[33]

ਗੁਰੂ ਅਰਜਨ ਦੇਵ ਜੀ ਨੇ ਪ੍ਰਕ੍ਰਿਤਕ ਵਰਤਾਰੇ ਦੇ ਸੰਦਰਭ ਵਿਚ ਗੁਰਮਤਿ ਦ੍ਰਿਸ਼ਟੀਕੋਣ ਨੂੰ ਵਿਲੱਖਣ ਰੂਪਾਕਾਰ ਦੇ ਤੌਰ ਤੇ ਪੇਸ਼ ਕੀਤਾ ਹੈ। ਏਕਮ, ਦੂਜ, ਤੀਜ ਆਦਿਕ ਥਿੱਤਾਂ ਨਾਲ ਵਿਸ਼ੇਸ਼ ਧਾਰਮਿਕ ਕਰਮ ਕਾਂਡ ਜੁੜੇ ਹਨ। ਗੁਰੂ ਸਾਹਿਬ ਜੀ ਨੇ ਇਨ੍ਹਾਂ ਕਰਮਕਾਂਡਾਂ ਨੂੰ ਗੁਰਮਤਿ ਦ੍ਰਿਸ਼ਟੀਕੋਣ ਅਨੁਸਾਰ ਰੂਪਾਂਤਰਿਤ ਕਰ ਦਿੱਤਾ ਹੈ। ਉਦਾਹਰਣਾਂ ਦੇਖਦੇ ਹਾਂ:

(ੳ) ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ॥[34]

(ਅ) ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ॥[35]

(ੲ) ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ॥[36]

(ਸ) ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ॥
ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰ॥[37]

(ਹ) ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚ॥
ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ॥[38]

(ਕ) ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤਿ ਕਥਹਿ ਅਨੇਕ॥
ਊਤਮੁ ਊਚੋ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ॥[39]

(ਖ) ਸਪਤਮਿ ਸੰਚਹੁ ਨਾਮ ਧਨੁ ਟੂਟਿ ਨ ਜਾਹਿ ਭੰਡਾਰ॥
ਸੰਤਸੰਗਤਿ ਮਹਿ ਪਾਈਐ ਅੰਤੁ ਨ ਪਾਰਾਵਾਰ॥[40]

(ਗ) ਅਸਟਮੀ ਅਸਟ ਸਿਧਿ ਨਵ ਨਿਧਿ॥ ਸਗਲ ਪਦਾਰਥ ਪੂਰਨ ਬੁਧਿ॥[41]

(ਘ) ਸਲੋਕੁ॥ ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ॥
ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ॥[42]

(ਙ) ਦਸਮੀ ਦਸ ਦੁਆਰ ਬਸਿ ਕੀਨੇ॥ ਮਨਿ ਸੰਤੋਖੁ ਨਾਮ ਜਪਿ ਲੀਨੇ॥[43]

(ਚ) ਮਨਿ ਸੰਤੋਖੁ ਸਰਬ ਜੀਅ ਦਇਆ॥ ਇਨ ਬਿਧਿ ਬਰਤੁ ਸੰਪੂਰਨ ਭਇਆ॥[44]

(ਛ) ਜਲ ਥਲ ਬਨ ਪਰਬਤ ਪਾਤਾਲ॥ ਪਰਮੇਸੂਰ ਤਹ ਬਸਹਿ ਦਇਆਲ॥[45]

ਥਿੱਤਾਂ ਵਿਚੋਂ ਪਹਿਲੀ ਥਿੱਤ 'ਏਕਮ' ਰਾਹੀਂ ਗੁਰੂ ਸਾਹਿਬ ਨੇ ਭਾਰਤੀ ਦਰਸ਼ਨ ਵੇਦਾਂ ਵਿਚ ਵੀ ਪ੍ਰਵਾਨੇ ਜਾਂਦੇ 'ਏਕਤਮ' ਦੇ ਸੰਕਲਪ ਰਾਹੀਂ ਇਕ ਪਰਮਾਤਮਾ ਦੀ ਬੰਦਨਾ, ਗੁਣ-ਗਾਣ ਕਰਨ ਲਈ

ਪ੍ਰੇਰਿਤ ਕੀਤਾ ਹੈ ਕਿਉਂਕਿ ਉਹ ਪਰਮਾਤਮਾ ਜਲ ਥਲ ਦਾ ਸਿਰਜਕ ਹੀ ਨਹੀਂ ਸਗੋਂ ਇਸ ਵਿਚ ਵਿਆਪਤ ਵੀ ਹੈ। ਸੁੱਖ ਦਾ ਸਾਗਰ ਹੋਣ ਕਰਕੇ ਡਿੱਗਿਆ ਨੂੰ ਤਾਰਦਾ ਹੈ ਤੇ ਮੌਤ ਦਾ ਭੈਅ ਦੂਰ ਕਰਨ ਵਾਲਾ ਹੈ। 'ਤੀਜ' ਰਾਹੀਂ ਖੁਸ਼ੀ, ਭਰਮ, ਗੁਣਾਂ ਨੂੰ ਸਮਝਣ, ਚੰਗੇ ਬੁਰੇ ਦੀ ਸੋਝੀ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ ਕਿਉਂਕਿ ਮੋਹ ਵਿਚ ਫਸ ਕੇ ਜੀਵ ਡੁੱਬਦਾ ਹੈ ਤੇ ਨਰਕ ਦਾ ਵਾਸੀ ਬਣਦਾ ਹੈ। 'ਚੌਥੀ' ਥਿੱਤ ਨੂੰ ਗੁਰੂ ਸਾਹਿਬ ਚਾਰੇ ਵੇਦਾਂ ਨਾਲ ਜੋੜ ਰਹੇ ਹਨ। ਕਵੀ ਆਪਣੇ ਭਾਵਾਂ ਨੂੰ ਸਪੱਸ਼ਟ ਕਰਨ ਲਈ ਅਤੇ ਉਨ੍ਹਾਂ ਨੂੰ ਅਸਰਦਾਰ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰਾਚੀਨ ਇਤਿਹਾਸ ਤੇ ਮਿਥਿਹਾਸ ਵਿਚੋਂ ਹਵਾਲੇ ਚੁਣਦਾ ਹੈ ਅਤੇ ਆਪਣੇ ਭਾਵਾਂ ਨੂੰ ਉਜਾਗਰ ਕਰਨ ਲਈ ਲੰਮੇ-ਚੌੜੇ ਕਿੱਸਿਆਂ, ਗਾਥਾਵਾਂ ਤੇ ਘਟਨਾਵਾਂ ਨੂੰ ਸੰਖੇਪ ਵਿਚ ਕਹਿ ਜਾਂਦਾ ਹੈ। ਇਸ ਕਾਰਜ ਨੂੰ ਕੋਈ ਮਹਾਨ ਕਵੀ ਹੀ ਨਿਭਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਨੇ ਲੋਕ ਕਵੀ ਹੋਣ ਤੇ ਨਾਤੇ ਲੋਕ ਕਲਿਆਣ ਨੂੰ ਮੁੱਖ ਰੱਖਦਿਆਂ ਬਾਣੀ ਥਿਤੀ ਵਿਚ ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਤੋਂ ਵੀ ਕੰਮ ਲਿਆ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਚੌਥੀ ਥਿੱਤ ਰਾਹੀਂ ਉਸ ਆਦਰਸ਼ਕ ਜੀਵਨ ਦੀ ਪ੍ਰੇਰਣਾ ਦੇ ਰਹੇ ਹਨ, ਜਿਸ ਵਲ ਚਾਰੇ ਵੇਦ ਇਸ਼ਾਰਾ ਦਿੰਦੇ ਹਨ। ਇਸ ਥਿੱਤ ਰਾਹੀਂ ਰਾਮ ਨਾਮ ਦੇ ਮਹੱਤਵ ਨੂੰ ਵੀ ਪ੍ਰਗਟਾ ਕੇ ਉਸ ਪ੍ਰਮਾਤਮਾ ਨੂੰ ਨਰਕ ਨਿਵਾਰਨ ਵਾਲਾ ਸਿੱਧ ਕੀਤਾ ਹੈ। 'ਪੰਚਮ' ਥਿਤ ਨੂੰ ਪੰਜ ਵਿਕਾਰਾਂ ਲਈ ਬਿੰਬਤ ਕੀਤਾ ਹੈ। ਇਹ ਅਸਲ ਵਿਚ ਜੀਵ ਮਨ ਦੀ ਉਸ ਅਵਸਥਾ ਨਾਲ ਸੰਬੰਧਿਤ ਹੈ ਜਦੋਂ ਉਹ ਇਨ੍ਹਾਂ ਪੰਜਾਂ ਵਿਕਾਰਾਂ ਦੇ ਪਰਪੰਚ ਨੂੰ ਜਾਣ ਕੇ ਇਨ੍ਹਾਂ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। 'ਖਸਟਮ' ਭਾਵ ਛੇਵੇਂ ਦਿਨ ਜੀਵ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ ਤੇ ਉਹ ਪ੍ਰਭੂ ਦੇ ਰੰਗ ਵਿਚ ਰੰਗਿਆ ਮੁੜ ਮੁੜ ਪ੍ਰਭੂ ਦਾ ਜਸ ਗਾਇਣ ਕਰਦਾ ਹੈ। ਅਜਿਹੇ ਗਿਆਨੀ ਵਿਅਕਤੀ ਲਈ ਗੁਰੂ ਕਵੀ ਨੇ ਰਿਸ਼ੀ ਬਿਆਸ ਦੇ ਪੁੱਤਰ ਸੁਕਦੇਵ ਦਾ ਬਿੰਬ ਉਘਾੜਿਆ ਹੈ ਜਿਹੜਾ ਹਰੇਕ ਸਥਿਤੀ ਵਿਚ ਗੁਰੂ ਦੀ ਆਗਿਆ ਪਾਲਣ ਵਲ ਰੁਚਿਤ ਰਹਿੰਦਾ ਸੀ। ਗੁਰੂ ਸਾਹਿਬ ਸਾਧ ਸੰਗਤ ਨੂੰ ਮਹੱਤਵ ਨੂੰ 'ਸੱਤਵੀਂ' ਥਿਤ ਰਾਹੀਂ ਪ੍ਰਤੀਬਿੰਬਤ ਕਰ ਰਹੇ ਹਨ ਜਿਥੇ ਪਹੁੰਚ ਕੇ ਜੀਵ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਰੂ ਅੱਗੇ ਸਮਰਪਿਤ ਕਰ ਦਿੰਦਾ ਹੈ ਤੇ ਨਾਮ ਧਨ ਨੂੰ ਇਕੱਤਰ ਕਰਦਾ ਹੈ। ਅੱਠਵੀਂ ਅਵਸਥਾ ਵਿਚ ਪਹੁੰਚ ਕੇ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ ਤਾਂ ਉਸ ਨੂੰ ਜਮਾਂ ਦਾ ਡਰ ਨਹੀਂ ਰਹਿੰਦਾ ਤੇ ਸਾਰੀ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਜੋਗੀਆਂ ਦੇ ਨੌਂ/ਦਸ ਇੰਦਰੀਆਂ ਉੱਤੇ ਜਿੱਤ ਪ੍ਰਾਪਤ ਕਰਨ ਆਦਿ ਕਰਮਕਾਂਡ ਨੂੰ ਚਿੰਨਾਤਮਕ ਰੂਪ ਵਿਚ ਲੈ ਕੇ ਪੂਰਨ ਸਵੈ ਅਰਪਨ ਦਾ ਬਿੰਬ 'ਨੌਂਵੀ' ਥਿੱਤ ਰਾਹੀਂ ਸਪੱਸ਼ਟ ਕੀਤਾ ਹੈ। ਅਸਲ ਵਿਚ ਗੁਰੂ ਸਾਹਿਬ ਜੋਗਮੱਤ ਦਾ ਨਹੀਂ, ਸਗੋਂ ਸਰੀਰਕ ਇੰਦਰੀਆਂ ਉੱਤੇ ਜਿੱਤ ਪ੍ਰਾਪਤ ਕਰਨ ਤੇ ਸਿਮਰਨ ਦੇ ਮਹੱਤਵ ਨੂੰ ਸਪੱਸ਼ਟ ਕਰਨ ਵਲ ਰੁਚਿਤ ਹਨ। 'ਦਸਵੀਂ' ਥਿੱਤ ਰਾਹੀਂ ਦਸਾਂ ਇੰਦਰੀਆਂ ਦੇ ਅਸਲ ਮਨੋਰਥ ਨੂੰ ਉਘਾੜਿਆ ਗਿਆ ਹੈ। ਜੀਵ ਦੇ ਸੰਜਮ ਦੇ ਧਾਰਨੀ ਹੋਣ ਕਰਕੇ 'ਦਸ ਦੁਆਰੇ' ਉਸਦੇ ਹਰ ਆਦੇਸ਼ ਦੀ ਪੂਰਤੀ ਵਲ ਰੁਚਿਤ ਹੁੰਦੇ ਹਨ। 'ਗਿਆਰਵੀਂ' ਥਿੱਤ ਵਿਚ ਏਕਾਦਸੀ ਦੇ ਵਰਤ ਦੀ ਨਵੀਂ ਪਰਿਭਾਸ਼ਾ ਦਿੱਤੀ ਗਈ ਹੈ। ਜਿਸ ਅਨੁਸਾਰ ਜਦੋਂ ਪਰਮਾਤਮਾ ਦੀ ਕਿਰਪਾ ਨਾਲ ਮਨੁੱਖ ਪਰਮਾਤਮਾ ਦਾ ਨਾਮ ਜਪਦਾ ਹੈ ਤਾਂ ਉਸ ਦੇ ਮਨ ਵਿਚ ਸੰਤੋਖ ਪੈਦਾ ਹੁੰਦਾ ਹੈ ਅਤੇ ਉਹ ਆਪਣੀਆਂ ਇੰਦਰੀਆਂ ਨੂੰ ਕਾਬੂ ਵਿਚ ਕਰ ਲੈਂਦਾ ਹੈ। ਇਸ ਲਈ ਸਿਰਫ਼ ਤੇ ਸਿਰਫ਼ ਇਕ ਪਰਮਾਤਮਾ ਦੀ ਹੀ ਸਿਫ਼ਤ-ਸਾਲਾਹ ਕਰਨੀ ਚਾਹੀਦੀ ਹੈ। ਅਜਿਹਾ ਵਰਤ ਹੀ ਸੰਪੂਰਨ ਹੁੰਦਾ ਹੈ। 'ਦੁਆਦਸੀ' ਥਿੱਤ ਦਾ ਸੰਬੰਧ ਵੰਡ ਛਕਣ, ਨਾਮ ਜਪਣ ਤੇ ਪਵਿੱਤਰ ਰਹਿਣ ਨਾਲ ਹੈ। ਸਿਰਫ਼ ਤੇ ਸਿਰਫ਼ ਹਰੀ ਸ਼ਬਦ ਹੀ ਮਨ ਨੂੰ ਤ੍ਰਿਪਤ ਕਰਨ ਦੇ ਸਮਰੱਥ ਹੈ। 'ਤ੍ਰਉਦਸੀ' ਥਿੱਤ ਰਾਹੀਂ ਵਿਕਾਰਗ੍ਰਸਤ ਰਹਿੰਦੇ ਵਿਅਕਤੀਆਂ ਦੀ ਦਸ਼ਾ ਦਾ ਬਿੰਬ ਉਘਾੜਿਆ ਗਿਆ ਹੈ। ਪਰ ਇਸ ਦੇ ਨਾਲ ਹੀ ਨਾਮ ਵਿਚ ਰੱਤੇ ਮਨੁੱਖਾਂ ਦੀ ਦਸ਼ਾ ਨੂੰ ਸਪੱਸ਼ਟ ਕੀਤਾ ਗਿਆ ਹੈ ਜੋ ਚਾਰੇ ਕੁੰਟਾ ਵਿਚ ਪਰਮਾਤਮਾ ਦੀ ਵਿਆਪਕਤਾ, ਦਇਆਲਤਾ ਨੂੰ ਮਾਣਦੇ ਹਨ। ਜੀਵ ਦੀ ਇਸ ਸੰਪੂਰਣਤਾ ਨੂੰ ਪੂਰਨਮਾਸ਼ੀ ਰਾਹੀਂ ਸਿੱਧ ਕੀਤਾ ਗਿਆ ਹੈ। ਪੂਰਨ ਮਨੁੱਖ ਉਹ ਹੁੰਦਾ ਹੈ ਜੋ ਕਦੇ ਡੋਲਦਾ ਨਹੀਂ। ਉਹ ਪਰਮਾਤਮਾ ਉਤੇ ਪੂਰੀ ਤਰ੍ਹਾ ਨਿਰਭਰ ਹੋ ਕੇ ਪ੍ਰਭੂ ਮਿਹਰ ਦਾ ਪਾਤਰ ਬਣਦਾ ਹੈ। ਅਜਿਹੀ ਸਥਿਤੀ ਵਿਚ ਮਨਇੱਛਤ ਫਲ ਦੀ ਪ੍ਰਾਪਤੀ ਵੀ ਸੰਭਵ ਹੋ ਜਾਂਦੀ ਹੈ। ਸਿੱਖ ਧਰਮ ਵਿਚ ਕੀਰਤਨ ਨੂੰ ਹੋਰਨਾਂ ਧਰਮਾਂ ਤੋਂ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਕੀਰਤਨ ਨੂੰ ਆਨੰਦ ਦਾਇਕ, ਗੁਣਵਾਨ, ਗੰਭੀਰ ਅਤੇ ਅਮੋਲਕ ਹੀਰਾ ਦੱਸ ਕੇ[46] ਅਟੱਲ ਧਰਮ ਦੇ ਰੂਪ ਵਿਚ ਸਵੀਕਾਰ ਕੀਤਾ ਹੈ:

ਨਾਨਕ ਹਰਿ ਕੀਰਤਨੁ ਕਰ ਅਟਲੁ ਇਹੁ ਧਰਮ॥[47]

ਉਪਰੋਕਤ ਵਰਣਿਤ ਵਿਚਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਸੁਹਜਾਤਮਕ ਢੰਗ ਨਾਲ ਪ੍ਰਗਟ ਕੀਤਾ ਹੈ। ਆਪ ਲੋਕ ਕਵੀ ਸਨ, ਇਸ

ਲਈ ਉਨ੍ਹਾਂ ਨੇ ਲੋਕ ਭਾਸ਼ਾ ਵਿਚ ਲੋਕ ਕਲਿਆਣ ਖਾਤਰ, ਲੋਕ ਤਸਵੀਰਾਂ ਰਾਹੀਂ ਆਪਣੇ ਭਾਵ ਬਾਣੀ ਥਿਤੀ ਵਿਚ ਅੰਕਿਤ ਕੀਤੇ ਹਨ। ਜਿਹਨਾਂ ਦਾ ਪ੍ਰਭਾਵ ਸਿੱਧਾ ਮਨੁੱਖ ਮਾਤਰ ਦੇ ਦਿਲ ਅਤੇ ਦਿਮਾਗ ਉੱਤੇ ਪਇਆ। ਇਹਨਾਂ ਤਸਵੀਰਾਂ ਤੋਂ ਸਾਨੂੰ ਗੁਰੂ ਸਾਹਿਬ ਦੀ ਕਾਵਿ ਕਲਾ ਅਧਿਐਨ, ਲੋਕ ਸੰਪਰਕ ਅਤੇ ਵਿਦਵਤਾ ਦਾ ਗਿਆਨ ਹੁੰਦਾ ਹੈ ਕਿਉਂਕਿ ਇਸ ਕਲਾ ਵਿਚ ਇਕ ਉੱਚ ਕੋਟੀ ਦਾ ਵਿਦਵਾਨ ਹੀ ਪੂਰਾ ਉਤਰ ਸਕਦਾ ਹੈ। ਇਸ ਲਈ ਸਪੱਸ਼ਟ ਹੈ ਕਿ ਗੁਰੂ ਅਰਜਨ ਰਚਿਤ ਬਾਣੀ ਥਿਤੀ ਵਿਚ ਦਾਰਸ਼ਨਿਕਤਾ ਬਿੰਬਾਂ ਵਿਚ ਰੂਪਾਇਤ ਹੋ ਕੇ ਸੁਹਜਾਤਮਕ ਪ੍ਰਭਾਵ ਸਿਰਜਣ ਵਿਚ ਸਫਲ ਹੋ ਜਾਂਦੀ ਹੈ।

### (2) ਪ੍ਰਤੀਕ ਵਿਧਾਨ

ਬਿੰਬ ਨਾਲ ਸਭ ਤੋਂ ਵਧੇਰੇ ਮਿਲਦਾ ਜੁਲਦਾ ਜਾਂ ਨੇੜਲਾ ਸ਼ਬਦ ਪ੍ਰਤੀਕ ਹੈ। ਸਾਹਿਤ ਵਿਚ ਬਿੰਬ ਤੇ ਪ੍ਰਤੀਕ ਨੂੰ ਅਨੇਕਾਂ ਥਾਵਾਂ ਤੇ ਇਕੱਠਿਆਂ ਵਿਚਾਰਿਆ ਗਿਆ ਹੈ ਜਿੱਥੇ ਇਨ੍ਹਾਂ ਦੀ ਵਰਤੋਂ ਵਿਚਲੀਆਂ ਅਨੇਕਾਂ ਭਿੰਨਤਾਵਾਂ ਇਨ੍ਹਾਂ ਨੂੰ ਨਿਖੇੜਦੀਆਂ ਹਨ ਉੱਥੇ ਕਈ ਅਜਿਹੇ ਪੱਖ ਵੀ ਹਨ, ਜਿਹੜੇ ਅੰਤਰ ਸੰਬੰਧਾਂ ਨੂੰ ਸਿੱਧ ਕਰਦੇ ਹਨ। ਅਸਲ ਵਿਚ ਬਿੰਬ ਨੂੰ ਜਦੋਂ ਕਿਸੇ ਨਿਸ਼ਚਿਤ ਅਰਥਾਂ ਲਈ ਵਾਰ ਵਾਰ ਵਰਤੋਂ ਵਿਚ ਲਿਆਂਦਾ ਜਾਂਦਾ ਹੈ ਤਾਂ ਉਹ ਪ੍ਰਤੀਕ ਬਣ ਜਾਂਦਾ ਹੈ। ਇਸ ਤਰ੍ਹਾਂ ਪ੍ਰਤੀਕ ਬਿੰਬ ਦਾ ਉਹ ਹੰਢਿਆ ਰੂਪ ਹੁੰਦਾ ਹੈ, ਜਿਸ ਨਾਲ ਇਕ ਭਾਵ ਅਰਥ ਸਥਾਪਿਤ ਹੋ ਜਾਂਦਾ ਹੈ। ਪ੍ਰਤੀਕ ਬਿੰਬ ਦੀ ਉਹ ਸਿਖਰਮਈ ਅਵਸਥਾ ਹੈ, ਜਿਥੇ ਉਸ ਵਿਚ ਵੱਧਣ ਫੁੱਲਣ ਦੀ ਕੋਈ ਵੀ ਸੰਭਾਵਨਾ ਨਹੀਂ ਰਹਿੰਦੀ।

ਨਿਤਯਾਨੰਦ ਸ਼ਰਮਾ ਦੀ ਧਾਰਨਾ ਹੈ ਕਿ ਅਪ੍ਰਸਤੁਤ, ਅਗੋਚਰ ਤੇ ਅਮੂਰਤ ਦਾ ਪ੍ਰਤੀਨਿਧਤਵ ਕਰਨ ਵਾਲਾ ਪ੍ਰਸਤੁਤ ਜਾਂ ਗੋਚਰ ਵਸਤੂ ਵਿਧਾਨ ਹੀ ਪ੍ਰਤੀਕ ਹੈ, ਜੋ ਦੇਸ਼ ਕਾਲ ਤੇ ਸੰਸਕ੍ਰਿਤੀ ਰਾਹੀਂ ਸਾਡੇ ਮਨ ਵਿਚ ਤੀਬਰ ਭਾਵਨਾ ਨੂੰ ਜਾਗਰਿਤ ਕਰਦਾ ਹੈ।[48] ਡਾ. ਨਗੇਂਦਰ ਬਿੰਬ ਨੂੰ ਰੂੜ ਉਪਮਾਨ ਮੰਨਦੇ ਹਨ। ਜਦੋਂ ਕੋਈ ਉਪਮਾਨ ਸੁਤੰਤਰ ਨਾ ਰਹਿ ਕੇ ਕਿਸੇ ਵਿਸ਼ੇਸ਼ ਪਦਾਰਥ ਲਈ ਰੂੜ ਹੋ ਜਾਂਦਾ ਹੈ ਤਾਂ ਉਹ ਪ੍ਰਤੀਕ ਬਣ ਜਾਂਦਾ ਹੈ। ਪ੍ਰਤੀਕ ਇਕ ਪ੍ਰਕਾਰ ਦਾ ਅਚਲ ਬਿੰਬ ਹੈ ਜਿਸ ਦਾ ਫੈਲਾ ਸਿਮਟ ਕੇ ਆਪਣੇ ਅੰਦਰ ਹੀ ਬੰਦ ਰਹਿ ਜਾਂਦਾ ਹੈ।[49]

ਉਪਰੋਕਤ ਸਾਰੇ ਵਿਚਾਰਾਂ ਨੂੰ C. M. Bowra ਦੇ ਵਿਚਾਰ ਪੂਰੀ ਤਰ੍ਹਾਂ ਸਪੱਸ਼ਟ ਕਰਦੇ ਹਨ ਕਿ ਪ੍ਰਤੀਕ ਭਾਵੇਂ ਸੰਦਰਭ ਤੋਂ ਸਪੱਸ਼ਟ ਹੁੰਦਾ ਹੈ ਪਰ ਇਸ ਦਾ ਅਰਥ ਹਮੇਸ਼ਾਂ ਹੀ ਅਸਪੱਸ਼ਟ ਹੁੰਦਾ ਹੈ। ਇਸੇ

ਕਰਕੇ ਉਹ ਪ੍ਰਤੀਕ ਵਿਧਾਨ ਨੂੰ ਪ੍ਰਗਟਾਅ ਦਾ ਢੰਗ ਕਹਿੰਦਾ ਹੈ। ਇਹ ਵਿਸਤ੍ਰਿਤ ਨਾ ਹੋ ਬੱਝਵਾਂ ਤੇ ਸਪੱਸ਼ਟ ਪ੍ਰਭਾਵ ਪਾਉਂਦੇ ਹਨ।[50] ਮੂਲ ਰੂਪ ਵਿਚ ਪ੍ਰਤੀਕ ਇਕ ਭਾਸ਼ਾਈ ਚਿੰਨ੍ਹ ਹੈ ਜਿਹੜਾ ਸਭਿਆਚਾਰ, ਜਾਤੀ, ਦੇਸ਼, ਕੌਮ ਦੇ ਸੰਦਰਭ ਵਿਚ ਅਰਥ ਕਬੂਲਦਾ ਹੈ। ਨਿਸ਼ਚਿਤ ਅਰਥਾਂ ਲਈ ਵਰਤੋਂ ਵਿਚ ਆਉਂਦਾ ਹੈ, ਜਿਹੜਾ ਨਾ ਸਿਰਫ਼ ਮਾਨਵੀ ਸੋਚ, ਸੰਸਕ੍ਰਿਤੀ ਵਿਚਾਰਧਾਰਾ ਨੂੰ ਪੇਸ਼ ਕਰਦਾ ਹੈ, ਸਗੋਂ ਰਚਨਾ ਵਿਚ ਬੱਝਵਾਂ ਪ੍ਰਭਾਵ ਪਾਉਂਦਾ ਹੈ। ਇਹ ਅਜਿਹਾ ਦ੍ਰਿਸ਼ਟ ਪਦਾਰਥ ਹੈ ਜੋ ਕਿਸੇ ਅਦ੍ਰਿਸ਼ਟ, ਅਗੋਚਰ ਅਤੇ ਅਮੂਰਤ ਪਦਾਰਥ ਦੀ ਪ੍ਰਤਿਨਿਧਤਾ ਕਰਦਾ ਹੈ ਅਤੇ ਮਨੁੱਖੀ ਭਾਵਨਾਵਾਂ ਅਤੇ ਸੰਵੇਦਨਾਵਾ ਨੂੰ ਉਤੇਜਿਤ ਕਰਨ ਦੀ ਸਮਰੱਥਾ ਰੱਖਦਾ ਹੈ।

ਅਧਿਆਤਮਿਕ ਕਾਵਿ ਖੇਤਰ ਵਿਚ ਪ੍ਰਤੀਕਾਂ ਦੀ ਬੜੀ ਮਹੱਤਤਾ ਸਵੀਕਾਰੀ ਗਈ ਹੈ। ਰਹੱਸਵਾਦੀ ਕਵੀ ਇਸ ਜੀਵਨ ਅਤੇ ਜਗਤ ਤੋਂ ਪਰੇ ਇੰਦ੍ਰਯ, ਅਤੀਤ ਜਗਤ ਨਾਲ ਸੰਬੰਧਿਤ ਹੁੰਦਾ ਹੈ। ਉਸਦੇ ਅਨੁਭਵ ਭੌਤਿਕ ਜਗਤ ਦੇ ਅਨੁਭਵਾਂ ਨਾਲੋਂ ਭਿੰਨ ਹੁੰਦੇ ਹਨ। ਇਸ ਲਈ ਉਹ ਅਗਿਆਤ ਜਗਤ ਦੀ ਅਭਿਵਿਅਕਤੀ ਲਈ ਪ੍ਰਤੱਖ ਜਗਤ ਦੇ ਆਲੰਬਨਾਂ ਦਾ ਆਸਰਾ ਲੈਂਦਾ ਹੈ। ਉਸ ਨੂੰ ਆਪਣੀ ਅੰਤਰ ਭਾਵਨਾ ਨੂੰ ਰੂਪਮਾਨ ਕਰਨ ਲਈ ਮੂਰਤ ਆਧਾਰ ਬਾਹਰੀ ਜਗਤ ਦੇ ਪ੍ਰਤੀਕਾਂ ਬਿੰਬਾਂ ਵਿਚੋਂ ਮਿਲ ਜਾਂਦਾ ਹੈ। ਇਸ ਤਰ੍ਹਾਂ ਅਧਿਆਤਮਕ ਕਵੀ ਆਪਣੇ ਅਵਿਅਕਤ ਪਰਮ ਰਹੱਸਮਈ ਅਗੋਚਰ ਪ੍ਰਭੂ ਤੇ ਉਸਦੇ ਅਵਚਨੀਯ ਆਨੰਦ ਨੂੰ ਪ੍ਰਤੀਕਾਂ ਬਿੰਬਾਂ ਦੁਆਰਾ ਦੱਸਦਾ ਹੈ। ਇਸੇ ਲਈ ਭਗਤੀ ਤੇ ਭਾਵ ਲੋਕ ਵਿਚ ਬਿੰਬਾਂ ਪ੍ਰਤੀਕਾਂ ਨੂੰ ਏਨੀ ਪ੍ਰਮੁੱਖਤਾ ਹਾਸਲ ਹੋਈ ਹੈ।

ਗੁਰੂ ਅਰਜਨ ਰਚਿਤ ਬਾਣੀ ਥਿਤੀ ਵਿਚ ਬਹੁਤ ਹੀ ਸੁੰਦਰ ਪ੍ਰਤੀਕ ਆਏ ਹਨ। ਸਮੁੱਚੇ ਗੁਰੂ ਉਹਨਾਂ ਨੂੰ ਕਾਵਿਕ ਗੁਣਾਂ ਲਈ ਕੋਈ ਵਿਸ਼ੇਸ਼ ਯਤਨ, ਕਾਰਜ ਨਹੀਂ ਕਰਨੇ ਪਏ ਸਗੋਂ ਆਪਣੇ ਆਪ, ਸਵੈ-ਸਿੱਧ ਹੀ ਸਾਰੇ ਕਾਵਿ-ਗੁਣ ਉਨ੍ਹਾਂ ਦੀ ਰਚਨਾ ਵਿਚ ਆ ਗਏ ਹਨ। ਬਾਣੀ ਥਿਤੀ ਇਕ ਅਧਿਆਤਮਕ ਉਪਦੇਸ਼ ਪ੍ਰਧਾਨ ਕਾਵਿ ਹੈ ਪਰ ਨਾਲ ਹੀ ਇਸ ਰਚਨਾ ਦਾ ਸੁਹਜ ਵਿਧਾਨ ਬਹੁਤ ਹੀ ਸੁੰਦਰ ਰੂਪ ਵਿਚ ਪ੍ਰਗਟ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਬਾਣੀ ਥਿਤੀ ਵਿਚ ਪਰਮਸਤ ਨੂੰ ਸਾਕਾਰ ਕਰਨ ਲਈ ਉੱਚਤਮ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ ਅਤੇ ਕਾਵਿ ਦੀ ਇਸ ਕਲਾ ਵਿਚ ਵੀ ਗੁਰੂ ਸਾਹਿਬ ਬੁਲੰਦ ਪਾਇਆ ਕਵੀ ਸਿੱਧ ਹੋਏ ਹਨ। ਇਹ ਗੱਲ ਧਿਆਨ ਦੇਣ ਯੋਗ ਹੈ ਗੁਰੂ ਸਾਹਿਬ ਆਪਣੇ ਤੋਂ ਪੂਰਵਵਰਤੀ ਗੁਰੂ ਸਾਹਿਬਾਨਾਂ, ਸੰਤਾਂ, ਭਗਤਾਂ ਆਦਿ ਦਾ ਪ੍ਰਭਾਵ ਜ਼ਰੂਰ ਕਬੂਲਦੇ ਹਨ ਪਰ ਅਰਜਨ-ਕਾਵਿ ਵਿਚਲਾ ਪ੍ਰਗਟਾਵਾ ਉਨ੍ਹਾਂ ਦੇ ਆਪਣੇ ਜੀਵਨ ਅਨੁਭਵ ਦੇ ਆਧਾਰ 'ਤੇ ਹੋਇਆ ਹੈ:

ਸਲੋਕੁ॥ ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰ॥

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥[51]

ਏਕੰਕਾਰ ਦੇ ਸਰੂਪ ਨੂੰ ਸਮਝਣ ਦਾ ਅਨੁਭਵ ਗੁਰੂ ਅਰਜਨ ਸਾਹਿਬ ਦਾ ਆਪਣਾ ਜੀਵਨ ਅਨੁਭਵ ਹੈ। ਇਸ ਇਕ ਸ਼ਬਦ ਦੀ ਅਭਿਵਿਅਕਤੀ ਉਸ ਸਮੁੱਚੇ ਬ੍ਰਹਿਮੰਡ ਦੇ ਪਸਾਰੇ ਵਜੋਂ ਹੋਈ ਹੈ, ਜਿਸ ਵਿਚ ਸਾਰੀ ਸ੍ਰਿਸ਼ਟੀ ਦੇ ਜੀਵ ਵਾਸ ਕਰਦੇ ਹਨ। ਸਾਰੀ ਸ੍ਰਿਸ਼ਟੀ ਵਿਚ ਉਹ ਇਕ ਸਿਰਜਨਹਾਰ ਵਿਆਪਤ ਹੈ, ਅਨੇਕ ਭਾਂਤ ਨਾਲ ਉਹ ਸਰਬਤ੍ਰ ਪਸਰਿਆ ਹੋਇਆ ਹੈ।

ਪ੍ਰਤੀਕ ਦਾ ਕਾਰਜ ਖੇਤਰ ਬਹੁਤ ਹੀ ਵਿਆਪਕ ਹੈ। ਬ੍ਰਹਮ ਨੂੰ ਪਰਾਭੌਤਿਕ ਸਤਿ ਵਿਅੰਜਨ ਪ੍ਰਤੀਕ ਏਕੰਕਾਰ ਦੇ ਪਸਾਰੇ ਨਾਲ ਅਭਿਵਿਅਕਤ ਕੀਤਾ ਗਿਆ ਹੈ। ਬਾਣੀ ਥਿਤੀ ਵਿਚ ਪਰਮਾਤਮਾ ਸੰਬੰਧੀ ਨਾਮ ਸੁਆਮੀ, ਸਾਜਨ, ਮੀਤ, ਦਾਤਾ, ਨਿਰੰਜਨ, ਅੰਤਰਜਾਮੀ, ਪ੍ਰਭੂ, ਦਇਆਲ ਆਦਿ ਹਨ। ਇਹ ਉਸ ਬ੍ਰਹਮ ਦੇ ਰੁਮਾਂਸਿਕ, ਭਗਤੀ ਧਾਰਾ ਸੰਬੰਧੀ ਪਰਾਭੌਤਿਕ ਵਿਸ਼ਵ, ਮਨੋਵਿਗਿਆਨਕ, ਧਾਰਮਿਕ ਪ੍ਰਤੀਕਮਈ ਨਾਮ ਹਨ। ਕੁਝ ਉਦਾਹਰਣਾਂ ਦੇਖਦੇ ਹਾਂ:

(ੳ) ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ॥

ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰ ਨ ਜਾਇ॥[52]

(ਅ) ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ॥

ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮ ਜਪੇਇ॥[53]

(ੲ) ਸਲੋਕੁ॥ ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ॥

ਜਮਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ॥[54]

(ਸ) ਅੰਤਰਜਾਮੀ ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ॥[55]

ਗੁਰੂ ਸਾਹਿਬ ਦੇ ਸਮੇਂ ਨਾ ਹੀ ਲੋਕਾਂ ਦੀ ਸੋਚ ਵਿਗਿਆਨਕ ਸੀ ਤੇ ਨਾ ਹੀ ਉਹ ਧਰਮ ਪ੍ਰਤੀ ਚੇਤੰਨ ਸਨ। ਇਸੇ ਕਰਕੇ ਧਾਰਮਿਕ ਦ੍ਰਿਸ਼ਟੀਕੋਣ ਅਨੁਸਾਰ ਕਿਸੇ ਕਰਮਕਾਂਡ ਜਾਂ ਵਿਸ਼ਵਾਸ ਨੂੰ ਗਲਤ ਸਿੱਧ ਕਰਨਾ ਹੋਰ ਵੀ ਕਠਿਨ ਕਾਰਜ ਸੀ। ਲੋਕਮਨ ਦੀ ਇਸੇ ਰੁਚੀ ਅਨੁਸਾਰ ਗੁਰੂ ਸਾਹਿਬ ਨੇ ਅਵਤਾਰਵਾਦੀ ਸਮੱਗਰੀ ਨੂੰ ਜਿਸ ਰੂਪ ਵਿਚ ਉਹ ਲੋਕਾਂ ਵਿਚ ਪ੍ਰਵਾਨਿਤ ਸੀ ਰਾਹੀਂ ਆਪਣੇ ਵਿਚਾਰਾਂ ਨੂੰ ਸਿਰਫ ਪ੍ਰਗਟ ਹੀ ਨਹੀਂ ਕੀਤਾ ਸਗੋਂ ਪ੍ਰਭਾਵਿਤ ਵੀ ਕੀਤਾ। ਸਰਗੁਣਵਾਦੀ (ਅਵਤਾਰਵਾਦੀ)

ਪ੍ਰਤੀਕਾਂ ਵਿਚੋਂ ਰਾਮ, ਗੋਬਿੰਦ, ਗੁਪਾਲ ਆਦਿ ਦੀ ਵਰਤੋਂ ਸੁਹਜਾਤਮਕ ਰੂਪ ਵਿਚ ਕੀਤੀ ਗਈ ਹੈ। ਜਿਵੇਂ:

(ੳ) ਏਕਮ ਏਕੰਕਾਰ ਪ੍ਰਭੁ ਕਰਉ ਬੰਦਨਾ ਧਿਆਇ॥
ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ॥[56]

(ਅ) ਦੁਤੀਆ ਦੁਰਮਤਿ ਦੂਰਿ ਕਰਿ ਸੇਵਾ ਕਰਿ ਨੀਤ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ॥[57]

ਥਿਤੀ ਵਿਚ ਬ੍ਰਹਮ ਸੰਬੰਧੀ ਹੋਰ ਵਿਸ਼ੇਸ਼ ਨਾਮ ਪਾਰਬ੍ਰਹਮ, ਪਰਮੇਸੁਰ, ਭਗਵਾਨ, ਬੇਅੰਤ, ਭਗਵੰਤ, ਗੁਰਦੇਵ, ਪਤਿਤ ਉਧਾਰਨ, ਭੈਹਰਨ, ਕਰਣ ਕਾਰਣ, ਸਮਰਥ, ਸੁਖ ਸਾਗਰ, ਗੁਣ ਨਿਧਾਨ, ਅਲਖ, ਅਕਥ ਕਥਾ, ਅਨਾਥ ਨਾਥ ਆਦਿ ਵੀ ਆਏ ਹਨ। ਬ੍ਰਹਮ ਸੰਬੰਧੀ ਆਏ ਇਹ ਪ੍ਰਤੀਕ ਮੱਧਕਾਲੀ ਸਭਿਆਚਾਰਕ ਜਨ-ਮਾਨਸਿਕਤਾ ਦਾ ਅੰਗ ਬਣ ਚੁੱਕੇ ਸਨ। ਲੋਕ ਮਨ ਨੂੰ ਆਸਥਾ ਦੁਆਰਾ ਹੀ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਸਮੁੱਚੇ ਗੁਰਮਤਿ ਕਾਵਿ ਵਿਚ ਗੁਰੂ ਅਰਜਨ ਸਾਹਿਬ ਦੀ ਇਹ ਜੁਗਤੀ ਸਭ ਤੋਂ ਵੱਧ ਕਾਰਗਰ ਸਾਬਿਤ ਹੁੰਦੀ ਹੈ। ਇਹਨਾਂ ਦਿਸਦੇ ਚਿੰਨ੍ਹਾਂ (ਪ੍ਰਤੀਕਾਂ) ਰਾਹੀਂ ਪਰਮਸਤ ਦਾ ਸਰੂਪ ਦਰਸਾਇਆ ਹੈ ਤੇ ਬੋਧ ਕਰਵਾਇਆ ਹੈ। ਜਿਥੇ ਜਿਥੇ ਇਹ ਪ੍ਰਤੀਕ ਵਰਤੇ ਹਨ ਇਕ ਅਛੂਤਾ ਰੰਗ ਚੜ੍ਹ ਗਿਆ ਹੈ ਅਤੇ ਇਹ ਪ੍ਰਤੀਕ ਗੁਰੂ ਜੀ ਦੇ ਭਾਵਾਂ ਦੇ ਬਿੰਬ ਵੀ ਬਣ ਗਏ ਹਨ। ਬਾਣੀ ਥਿਤੀ ਵਿਚ ਗੁਰਮੁਖ ਲਈ ਸੁਰਤਾ, ਬੈਸਨੋ, ਗਿਆਨੀ, ਸੂਰਾ, ਧਨਵੰਤ ਅਤੇ ਕੁਲਵੰਤ ਵਰਗੇ ਸਮਰੱਥ, ਅਰਥਯੁਕਤ ਅਤੇ ਸੁਹਜ-ਭਰਪੂਰ ਪ੍ਰਤੀਕ ਵਰਤੇ ਗਏ ਹਨ। ਜਿਵੇਂ :

ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ॥
ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ॥[58]

ਗੁਰੂ ਅਰਜਨ ਸਾਹਿਬ ਨੇ ਇਹ ਸਪੱਸ਼ਟ ਕੀਤਾ ਹੈ ਕਿ ਜਗਤ ਇਕ ਡੂੰਘਾ ਸਾਗਰ ਹੈ ਜਿਸ ਨੂੰ ਪਾਰ ਕੇਵਲ ਸਤਿਗੁਰੂ ਦੀ ਅਗਵਾਈ ਵਿਚ ਕੀਤਾ ਜਾ ਸਕਦਾ ਹੈ। ਸਤਿਗੁਰੂ ਦੀ ਕਿਰਪਾ ਦੁਆਰਾ ਜੀਵ ਦੇ ਹਿਰਦੇ ਵਿਚ ਪ੍ਰਭੂ ਪ੍ਰੇਮ ਉਤਪੰਨ ਹੁੰਦਾ ਹੈ ਅਤੇ ਉਹ ਪ੍ਰਭੂ ਦੀ ਸ਼ਰਣ ਲੈਂਦਾ ਹੈ। ਸ਼ਰਣ ਵਿਚ ਆਏ ਭਗਤ ਨੂੰ ਪ੍ਰਭੂ ਆਵਾਗਵਨ ਦੇ ਜਾਲ ਵਿਚੋਂ ਕੱਢ ਲੈਂਦਾ ਹੈ ਅਤੇ ਨਾ ਕੇਵਲ ਉਸੇ ਨੂੰ ਹੀ ਸਗੋਂ ਉਸਦੇ ਪਰਿਵਾਰ (ਕੁਟੰਬ) ਨੂੰ ਸੰਸਾਰ ਸਾਗਰ (ਭਵਜਲੁ) ਤੋਂ ਪਾਰ ਕਰ ਲੈਂਦਾ ਹੈ। ਕੁਟੰਬ ਅਤੇ ਭਵਜਲ ਪ੍ਰਤੀਕ ਗੁਰੂ ਸਾਹਿਬ ਨੇ ਰਿਸ਼ਤੇ ਨਾਤੇ/ਪਰੰਪਰਕ ਵਰਗ ਵਿਚੋਂ ਲਏ ਹਨ। ਉਦਾਹਰਣ ਵਜੋਂ:

(ੳ) ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ॥

ਦੁਖ ਹਰੈ ਭਵਜਲੁ ਤਰੈ ਮਨ ਚਿੰਦਿਆ ਫਲੁ ਪਾਇ॥[59]

(ਅ) ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ॥

ਆਪ ਤਰਿਆ ਕੁਟੰਬ ਸਿਉ ਗੁਣ ਗੋਬਿੰਦ ਪ੍ਰਭ ਰਵਨ॥[60]

ਥਿਤਾਂ ਵਿਚੋਂ ਏਕਮ ਇਕ ਪ੍ਰਭੂਸੱਤਾ, ਚੌਥ ਚਾਰੇ ਵੇਦਾਂ ਦੇ ਗਿਆਨ ਦਾ, ਪੰਚਮ ਵਿਕਾਰਾਂ ਦਾ, ਦਸਮੀ ਗਿਆਨ ਇੰਦਰੀਆਂ ਨੂੰ ਕਾਬੂ ਕਰਨ ਆਦਿ ਲਈ ਮਿਲਦੇ ਪ੍ਰਤੀਕ ਹਨ:

(ੳ) ਏਕਮ ਏਕੰਕਾਰੁ ਪ੍ਰਭ ਕਰਉ ਬੰਦਨਾ ਧਿਆਇ॥[61]

(ਅ) ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ॥[62]

(ੲ) ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ॥[63]

(ਸ) ਦਸਮੀ ਦਸ ਦੁਆਰ ਬਸਿ ਕੀਨੇ॥[64]

ਬਾਣੀ ਥਿਤੀ ਆਏ ਹੋਰ ਸੰਖਿਆ ਵਾਚਕ ਪ੍ਰਤੀਕਾਂ ਵਿਚ ਚਾਰ ਕੁੰਟ, ਦਹਦਿਸਿ, ਤ੍ਰੈ ਗੁਣ, ਖਟੇ ਸਾਸਤ੍ਰ, ਆਠ ਪਹਰ, ਨਵੇਂ ਛਿਦ੍ਰ ਆਦਿ ਪ੍ਰਤੀਕ ਪ੍ਰਮੁੱਖ ਤੌਰ 'ਤੇ ਆਏ ਹਨ। ਚਾਰ ਕੁੰਟ ਚਾਰੇ ਪਾਸਿਆਂ ਦਾ, ਦਹ ਦਿਸਿ ਦਸ ਦਿਸ਼ਾਵਾਂ ਦਾ, ਤ੍ਰੈ ਗੁਣਾ ਤਿੰਨ ਗੁਣਾਂ ਰਜੋ ਤਮੋ ਸਤੋ ਦਾ, ਖਟੇ ਸ਼ਾਸਤ੍ਰ ਛੇ ਸ਼ਾਸਤਰਾਂ ਦਾ, ਆਠ ਪਹਰ ਦਿਨ ਅਤੇ ਰਾਤ ਦੇ ਅੱਠ ਪਹਿਰਾਂ ਦਾ ਅਤੇ ਨਵੇਂ ਛਿਦ੍ਰ ਸਰੀਰ ਦੀਆਂ ਨੌ ਮੋਰੀਆਂ ਦਾ ਪ੍ਰਤੀਕ ਹਨ। ਇਹ ਸਾਰੇ ਪ੍ਰਤੀਕ ਗੁਰੂ ਅਰਜਨ ਦੇਵ ਜੀ ਦੇ ਮੌਲਿਕ ਪ੍ਰਤੀਕ ਕਹੇ ਜਾ ਸਕਦੇ ਹਨ ਪਰ ਮੌਲਿਕ ਹੋਣ ਦੇ ਨਾਲ ਨਾਲ ਇਹ ਪ੍ਰਤੀਕ ਬਾਣੀ ਦੀ ਸਮੁੱਚੀ ਬਣਤਰ ਵਿਚ ਡੂੰਘੇ ਅਰਥ ਵੀ ਗ੍ਰਹਿਣ ਕਰਦੇ ਹਨ ਅਤੇ ਕਾਵਿ-ਸੁਹਜ ਪੈਦਾ ਕਰਦੇ ਹਨ। ਉਦਾਹਰਣ ਦੇਖਦੇ ਹਾਂ:

(ੳ) ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ॥[65]

(ਅ) ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ॥[66]

(ੲ) ਆਠ ਪਹਰ ਮਨਿ ਹਰਿ ਜਪੈ ਸਫਲੁ ਜਨਮੁ ਪਰਵਾਣੁ॥[67]

(ਸ) ਨਉਮੀ ਨਵੇ ਛਿਦ੍ਰ ਅਪਣੀਤ॥ ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ॥[68]

ਵਪਾਰਕ ਪ੍ਰਤੀਕਾਂ ਵਿਚੋਂ ਗੁਰੂ ਸਾਹਿਬ ਨੇ ਧਨੀ ਦੇ ਪ੍ਰਤੀਕ ਰਾਹੀਂ ਉਸ ਪਰਮਸਤਾ ਦੇ ਪਰਤਾਪ ਨੂੰ ਸਪੱਸ਼ਟ ਕੀਤਾ ਹੈ ਜਿਸ ਨੂੰ ਦੁਨੀਆਂ ਦੇ ਚਸਕਿਆਂ ਵਿਚ ਫਸਿਆ ਮਨੁੱਖ ਸਮਝ ਨਹੀਂ ਪਾਉਂਦਾ ਜਿਹੜਾ ਕਿ ਬੜਾ ਅਰਥਪੂਰਣ ਹੈ ਅਤੇ ਢੁੱਕਵਾਂ ਪ੍ਰਤੀਕ ਕਿਹਾ ਜਾ ਸਕਦਾ ਹੈ ਜਿਵੇਂ:

ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ॥[69]

ਨਿਰਗੁਣ ਬ੍ਰਹਮ ਬਾਰੇ ਭਾਵਾਂ ਨੂੰ ਸਪੱਸ਼ਟਤਾ ਪ੍ਰਦਾਨ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਆਪਣੀ ਇਸ ਸ਼ਾਹਕਾਰ ਰਚਨਾ ਵਿਚ ਹਰੀ ਅਤੇ ਨਾਰਾਇਣ ਆਦਿ ਸਰਗੁਣ ਭਗਤੀ (ਅਵਤਾਰਵਾਦੀ) ਦੇ ਖੇਤਰ ਵਿਚੋਂ ਸ਼ਬਦ ਚੁਣੇ ਹਨ। ਇਹਨਾਂ ਪ੍ਰਤੀਕਾਂ ਰਾਹੀਂ ਜਿਥੇ ਇਕ ਪਾਸੇ ਕਾਵਿ-ਸੌਂਦਰਯ ਵਿਚ ਵਾਧਾ ਕੀਤਾ ਹੈ ਅਤੇ ਦੂਜੇ ਪਾਸੇ ਆਮ ਸੂਝ ਬੂਝ ਵਾਲੇ ਮਨੁੱਖ ਨੂੰ ਪਰਮਾਤਮਾ ਦਾ ਬੋਧ ਕਰਵਾ ਕੇ ਮਨੁੱਖਤਾ ਦਾ ਰਾਹ ਦਰਸਾਇਆ ਹੈ। ਉਦਾਹਰਣ ਵਜੋਂ:

(ੳ) ਸਲੋਕੁ॥ ਨਾਰਾਇਣੁ ਨਰ ਸਿਮਰਿਓ ਮੋਹਿਓ ਸੁਆਦ ਬਿਕਾਰ॥
ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ॥[70]

(ਅ) ਸਲੋਕੁ॥ ਦੁਰਮਤਿ ਹਰੀ ਸੇਵਾ ਕਰੀ ਭੇਟ ਸਾਧ ਕ੍ਰਿਪਾਲ॥
ਨਾਨਕ ਪ੍ਰਭ ਸਿਉ ਮਿਲਿ ਰਹੇ ਬਿਨਸੇ ਸਗਲ ਜੰਜਾਲ॥[71]

ਸਪੱਸ਼ਟ ਹੈ ਕਿ ਥਿਤੀ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਤੀਕ ਚੋਣ ਵਿਚ ਬਹੁਤ ਉੱਚ ਕੋਟੀ ਦੀ ਕਲਾ ਦਾ ਪ੍ਰਦਰਸ਼ਨ ਕੀਤਾ ਹੈ। ਗੁਰੂ ਸਾਹਿਬ ਨੇ ਇਕ ਮਹਾਨ ਤਜ਼ਰਬੇਕਾਰ ਕਲਾਕਾਰ ਹੋਣ ਦੇ ਨਾਤੇ ਇਸ ਬਾਣੀ ਵਿਚ ਜਿਥੇ ਜਿਥੇ ਪਰਮਾਤਮਾ ਬਾਰੇ ਵਿਚਾਰ ਵਿਅਕਤ ਕੀਤੇ ਹਨ ਤਾਂ ਉਨ੍ਹਾਂ ਵਿਚਾਰਾਂ ਨੂੰ ਸੁਭਾਵਕ ਤੌਰ ਤੇ ਕੁਝ ਇਸ ਤਰ੍ਹਾਂ ਅਭਿਵਿਅਕਤ ਕੀਤਾ ਹੈ ਕਿ ਪਰਮਾਤਮਾ ਦਾ ਅਸਲੀ ਸਰੂਪ ਅੱਖਾਂ ਗੋਚਰ ਹੋ ਜਾਂਦਾ ਹੈ। ਇਸ ਪ੍ਰਤੀਕ ਵਿਧਾਨ ਵਿਚ ਭਾਵੇਂ ਬਹੁਤ ਸਾਰੇ ਪ੍ਰਤੀਕ ਪਰੰਪਰਾ ਅਨੁਸਾਰ ਹੀ ਹਨ ਪਰ ਇਨ੍ਹਾਂ ਵਿਚ ਬਹੁਤੇ ਪ੍ਰਤੀਕ ਪਰੰਪਰਾ ਦੇ ਨਾਲ ਨਾਲ ਪੰਜਾਬੀ ਸੰਸਕ੍ਰਿਤੀ, ਸਭਿਆਚਾਰ, ਲੋਕ ਜੀਵਨ, ਲੋਕ ਵਿਸ਼ਵਾਸ ਦਾ ਮੁਹਾਂਦਰਾ ਵੀ ਸਪੱਸ਼ਟ ਕਰਦੇ ਹਨ। ਇਨ੍ਹਾਂ ਪ੍ਰਤੀਕਾਂ ਵਿਚੋਂ ਬਹੁਤੇ ਪ੍ਰਤੀਕਾਂ ਦਾ ਵਰਤੋਂ ਵਿਚ ਆਉਣ ਦਾ ਪ੍ਰਯੋਜਨ ਨਾਮ ਦੇ ਮਹੱਤਵ ਨੂੰ ਸਪੱਸ਼ਟ ਕਰਨਾ ਹੈ, ਉਥੇ ਨਾਲ ਹੀ ਮਨੁੱਖੀ ਜੀਵਨ ਨੂੰ ਸੇਧ ਪ੍ਰਦਾਨ ਕਰਨਾ ਅਤੇ ਵਿਸ਼ੇਸ਼ ਜੀਵਨ ਢੰਗ ਨਾਲ ਵੀ ਪ੍ਰਦਾਨ ਕਰਨਾ ਹੈ। ਅਧਿਆਤਮਿਕ ਕਵੀਆਂ ਲਈ ਪਰਮਾਤਮਾ ਦੀ ਹੋਂਦ ਅਤੇ ਉਸਦੀ ਪ੍ਰਾਪਤੀ ਹੀ ਪ੍ਰਮੁੱਖ ਵਿਸ਼ਾ ਹੁੰਦੀ ਹੈ।

ਇਸ ਤਰ੍ਹਾਂ ਬਾਣੀ ਥਿਤੀ ਦਾ ਇਹ ਸੰਖੇਪ ਭਾਵ ਨਜ਼ਰ ਆਉਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਰਾਹੀਂ ਇਸ ਤੱਥ ਦੀ ਅਗਵਾਈ ਕੀਤੀ ਹੈ ਕਿ ਇਸ ਸ੍ਰਿਸ਼ਟੀ ਵਿਚ ਮਨੁੱਖ ਜੀਉਂਦਿਆਂ ਹੋਇਆਂ ਕਿਵੇਂ ਆਪਣੇ ਅਸਲੀ ਸੋਮੇ ਉਸੇ ਸਰਵ ਵਿਆਪਕ ਪਰਮਾਤਮਾ ਦੀ ਪ੍ਰਾਪਤੀ ਕਰੇ। ਸੋ ਇਸ ਤਰ੍ਹਾਂ ਗੁਰੂ ਸਾਹਿਬ ਨੇ ਜਿਹੜੇ ਮੌਲਿਕ, ਅਰਥ ਭਰਪੂਰ ਅਤੇ ਅਧਿਆਤਮਿਕ ਪ੍ਰਤੀਕ ਆਪਣੀ ਇਸ

ਪ੍ਰਤੀਨਿਧਤ ਰਚਨਾ ਵਿਚ ਸਿਰਜੇ ਹਨ, ਉਹ ਵਧੇਰੇ ਡੂੰਘੇ, ਪ੍ਰਭਾਵਸ਼ਾਲੀ ਅਤੇ ਸੁਹਜ ਭਰਪੂਰ ਹਨ ਜਿਸ ਰਾਹੀਂ ਭਗਤੀ ਰਸ ਨੂੰ ਚਮਕਾਇਆ ਗਿਆ ਹੈ।

(3) **ਅਲੰਕਾਰਾਂ ਦਾ ਪ੍ਰਯੋਗ**

ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਅਭਿਵਿਅਕਤੀ, ਪ੍ਰਯੋਜਨ ਦੀ ਸਾਰਥਕਤਾ, ਰਹੱਸ ਅਨੁਭੂਤੀ ਤੇ ਕਾਵਿ ਸੌਂਦਰਯ ਦੀ ਪ੍ਰਸਤੁਤੀ ਲਈ ਪ੍ਰਯੋਗ ਹੋਣ ਵਾਲੀ ਮਹੱਤਵਪੂਰਨ ਕਾਵਿ ਜੁਗਤ ਅਲੰਕਾਰ ਹੈ। ਗੁਰੂ ਸਾਹਿਬ ਦੀ ਬਾਣੀ ਦੀ ਇਹ ਜੁਗਤ ਉਨ੍ਹਾਂ ਦੇ ਰਹੱਸਮਈ ਸੰਦੇਸ਼ ਦੇ ਸੰਚਾਰ ਹਿੱਤ ਕਿਸ ਤਰ੍ਹਾਂ ਸਹਾਇਕ ਹੁੰਦੀ ਹੈ। ਇਸ ਬਾਰੇ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਅਲੰਕਾਰ ਦੇ ਸਰੂਪ ਤੇ ਸੰਕਲਪ ਨੂੰ ਸਮਝਣਾ ਵਧੇਰੇ ਕਾਰਗਰ ਹੋਏਗਾ।

ਵਾਸਤਵ ਵਿਚ ਅਲੰਕਾਰ ਇਕ ਸੁਨਿਸ਼ਚਿਤ ਯੋਜਨਾ ਹੈ ਜਿਸ ਦੇ ਮਾਧਿਅਮ ਨਾਲ ਕਵੀ ਆਪਣੇ ਭਾਵਾਂ ਦੀ ਸੁਹਜਮਈ ਅਭਿਵਿਅਕਤੀ ਕਰਦਾ ਹੈ। ਅਲੰਕਾਰ ਦੁਆਰਾ ਸੰਚਾਰਿਤ ਹੋਏ ਭਾਵ ਮਾਨਵ ਹਿਰਦੇ ਨੂੰ ਅਲੌਕਿਕ ਆਨੰਦ ਦੀ ਅਵਸਥਾ ਵਿਚ ਲਿਜਾ ਕੇ ਉਸ ਨੂੰ ਰਸਮਈ ਕਰ ਦਿੰਦੇ ਹਨ। ਅਜਿਹੀ ਸਥਿਤੀ ਵਿਚ ਉਹ ਸੰਸਾਰਿਕ ਵਪਾਰ ਸੰਬੰਧਾਂ ਤੋਂ ਉੱਚਾ ਉੱਠ ਕੇ ਸ਼ੁੱਧ ਰੂਪ ਵਿਚ ਭਾਵਮਈ ਹੋ ਜਾਂਦਾ ਹੈ। ਸੋ ਸਪੱਸ਼ਟ ਹੈ ਕਿ ਅਲੰਕਾਰ ਕਵਿਤਾ ਦੇ ਸੁਹਜ ਵਿਚ ਵਾਧਾ ਕਰਨ ਵਾਲੀ ਮਹੱਤਵਪੂਰਨ ਜੁਗਤ ਹੈ। ਇਸ ਵਿਚਾਰ ਦੀ ਪ੍ਰੋੜਤਾ ਕਰਦੀ ਹੋਈ ਪਿਆਰਾ ਸਿੰਘ ਪਦਮ ਦੀ ਟਿੱਪਣੀ ਜ਼ਿਕਰਯੋਗ ਹੈ ਕਿ ਕਵਿਤਾ ਭਾਵਾਂ ਦਾ ਸੁੰਦਰ ਪ੍ਰਕਾਸ਼ ਹੈ, ਇਸ ਨੂੰ ਸਾਹਿਤਕ ਸੰਕੇਤਾਵਲੀ ਵਿਚ 'ਅਲੰਕਾਰ' ਕਿਹਾ ਜਾਂਦਾ ਹੈ ਜਾਂ ਇਉਂ ਕਹਿ ਲਵੋ ਕਿ ਕਵਿਤਾ ਕਾਮਣੀ ਦਾ ਹਾਰ ਸ਼ਿੰਗਾਰ ਅਲੰਕਾਰ ਹੈ। ਇਹ ਵਿਚਾਰ ਦੀ ਨੁਹਾਰ ਹੀ ਨਹੀਂ ਬਦਲਦਾ ਸਗੋਂ ਸ਼ਬਦਾਂ ਤੇ ਭਾਵਾਂ ਵਿਚ ਚਮਤਕਾਰ ਪੈਦਾ ਕਰਕੇ ਸਾਡੇ ਮਾਨਸਿਕ ਸੁਹਜ ਸੁਆਦ ਵਿਚ ਵੀ ਵਾਧਾ ਕਰਦਾ ਹੈ। ਇਸੇ ਲਈ ਭਾਰਤੀ ਆਚਾਰਯ ਵਾਮਨ ਨੇ ਅਲੰਕਾਰ ਨੂੰ 'ਕਵਿਤਾ ਦਾ ਹੁਸਨ' ਆਖਿਆ ਹੈ ਉਸ ਦੇ ਖਿਆਲ ਵਿਚ ਕਵਿਤਾ ਵਿਚ ਜੋ ਸੁੰਦਰ ਹੈ ਉਹ ਅਲੰਕਾਰ ਹੈ।[72]

ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਅਲੰਕਾਰ ਸਿਰਫ਼ ਕਾਵਿ ਦਾ ਸੁਹੱਪਣ ਜਾਂ ਸੁਹਜ ਵਧਾਉਣ ਵਾਲਾ ਸਾਧਨ ਨਹੀਂ ਹੈ ਸਗੋਂ ਕਾਵਿ ਦੇ ਪ੍ਰਭਾਵ ਨੂੰ ਤਿਖੇਰਾ ਕਰਨਾ ਵੀ ਅਲੰਕਾਰ ਦਾ ਪਹਿਲਾ ਫਰਜ਼ ਹੈ। ਅਲੰਕਾਰ ਦੁਆਰਾ ਕਵੀ ਆਪਣੀ ਗੱਲ ਅਸਰਦਾਇਕ ਅੰਦਾਜ਼ ਵਿਚ ਕਹਿਣ ਵਿਚ

ਸਫਲ ਹੁੰਦਾ ਹੈ ਅਤੇ ਆਪਣੇ ਅਨੁਭਵ ਦੀ ਅਭਿਵਿਅਕਤੀ ਨੂੰ ਸਹਿਜ ਰੂਪ ਵਿਚ ਸੰਚਾਰਿਤ ਕਰਦਾ ਹੈ। ਅਲੰਕਾਰ ਕਾਵਿ ਵਿਚ ਚਮਤਕਾਰ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ ਤੇ ਕਵਿਤਾ ਦੇ ਸੁਹਜਾਤਮਕ ਪੱਖ ਨੂੰ ਚਮਕਾ ਕੇ ਉਸ ਨੂੰ ਮਾਨਣਯੋਗ ਬਣਾਉਂਦੇ ਹਨ। ਇਨ੍ਹਾਂ ਤੋਂ ਇਲਾਵਾ ਕਾਵਿ ਦੇ ਸੰਘਣੇਪਣ ਵਿਚ ਵੀ ਅਲੰਕਾਰ ਵਾਧਾ ਕਰਦੇ ਹਨ। ਕਾਵਿ ਵਿਚ ਅਲੰਕਾਰ ਦੀ ਮਹੱਤਤਾ ਦਰਸਾਉਂਦੇ ਹੋਏ ਡਾ. ਪ੍ਰੇਮ ਪ੍ਰਕਾਸ਼ ਸਿੰਘ ਲਿਖਦੇ ਹਨ ਕਿ ਕਿਸੇ ਕਵਿਤਾ ਵਿਚ ਸਮੋਏ ਵਿਚਾਰਾਂ, ਭਾਵਾਂ, ਸੱਚਾਈਆਂ ਜਾਂ ਵਸਤੂ ਚਿੱਤਰਣ ਵਿਚ ਸਪੱਸ਼ਟਤਾ, ਪ੍ਰਭਾਵਕਤਾ, ਰਮਣੀਕਤਾ, ਸੂਖ਼ਮਤਾ, ਤੀਬਰਤਾ, ਰੋਮਾਂਚਕਤਾ, ਸੰਘਣਤਾ, ਕੋਮਲਤਾ ਆਦਿ ਪੈਦਾ ਕਰਨ ਲਈ ਅਲੰਕਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।[73] ਸਾਧਾਰਣ ਸ਼ਬਦਾਂ ਵਿਚ ਕਹੀ ਗੱਲ ਦਾ ਪ੍ਰਭਾਵ ਓਨਾ ਡੂੰਘਾ ਤੇ ਪ੍ਰਭਾਵਸ਼ਾਲੀ ਨਹੀਂ ਪੈਂਦਾ ਜਿੰਨਾ ਕਿ ਅਸਧਾਰਣ ਜਾਂ ਵਚਿੱਤਰ ਢੰਗ ਨਾਲ ਪੇਸ਼ ਕੀਤੀ ਗੱਲ ਦਾ। ਕਿਸੇ ਗੱਲ ਨੂੰ ਵਚਿੱਤਰ ਢੰਗ ਨਾਲ ਕਹਿਣਾ ਹੀ ਅਲੰਕਾਰ ਹੈ ਜੋ ਇਸ ਨੂੰ ਸੁਹਜਾਤਮਕ ਸਰੂਪ ਵੀ ਦਿੰਦਾ ਹੈ। ਵਚਿੱਤਰਤਾ ਆਪਣੇ ਆਪ ਵਿਚ ਅਲੰਕਾਰ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਥਿਤੀ ਬੜੇ ਸੁੰਦਰ ਅਲੰਕਾਰਾਂ ਨਾਲ ਸ਼ਿੰਗਾਰੀ ਹੋਈ ਹੈ। ਗੁਰੂ ਸਾਹਿਬ ਅਲੰਕਾਰ ਯੋਜਨਾ ਨੂੰ ਦੋ ਵਰਗਾਂ ਵਿਚ ਸ਼ਬਦ ਅਲੰਕਾਰ ਤੇ ਅਰਥ ਅਲੰਕਾਰ ਵਿਚ ਵੰਡ ਕੇ ਬਾਣੀ ਵਿਚ ਪੇਸ਼ ਅਨੁਭਵ ਨੂੰ ਸਹਿਜ ਰੂਪ ਵਿਚ ਪ੍ਰਕਾਸ਼ਿਤ ਕਰਦੇ ਹਨ। ਜਦੋਂ ਕਿਸੇ ਕਾਵਿ ਰਚਨਾ ਦੇ ਸ਼ਬਦਾਂ ਦੀ ਜੜ੍ਹਤ ਸੁਹਜ ਅਥਵਾ ਚਮਤਕਾਰ ਪੈਦਾ ਕਰੇ ਤਾਂ ਸ਼ਬਦ ਅਲੰਕਾਰ ਦੀ ਉਤਪਤੀ ਹੁੰਦੀ ਹੈ। ਬਾਣੀ ਥਿਤੀ ਵਿਚ ਨਿਰਾ ਸ਼ਬਦਾਂ ਦਾ ਚਮਤਕਾਰ ਤੇ ਸੁਹਜ ਹੀ ਨਹੀਂ ਅਰਥਾਂ ਦੀ ਖ਼ੂਬਸੂਰਤੀ ਵੀ ਹੈ ਜੋ ਅਰਥ ਅਲੰਕਾਰ ਦੇ ਰੂਪ ਵਿਚ ਪ੍ਰਗਟ ਹੋਈ ਹੈ। ਬਾਣੀ ਥਿਤੀ ਵਿਚ ਵਿਸ਼ੇ ਦੇ ਸਹਿਜ ਅਤੇ ਸੁਹਜਾਤਮਕ ਸੰਚਾਰ ਲਈ ਉਪਰੋਕਤ ਵਰਣਿਤ ਅਲੰਕਾਰਾਂ ਨਾਲ ਸੰਬੰਧਿਤ ਵਿਭਿੰਨ ਅਲੰਕਾਰਾਂ ਦੀ ਵਰਤੋਂ ਹੋਈ ਹੈ। ਜਿਨ੍ਹਾਂ ਵਿਚੋਂ ਪ੍ਰਮੁੱਖ ਅਲੰਕਾਰਾਂ ਦਾ ਅਧਿਐਨ ਪ੍ਰਸਤੁਤ ਹੈ।

**ਅਨੁਪ੍ਰਾਸ ਅਲੰਕਾਰ**

ਸ਼ਬਦ ਅਲੰਕਾਰ, ਜਿਸ ਵਿਚ ਵਰਣਾਂ ਦੀ ਸਮਾਨਤਾ ਹੋਵੇ, ਭਾਵੇਂ ਉਨ੍ਹਾਂ ਦੇ ਸੂਰਾਂ ਵਿਚ ਮੇਲ ਹੋਵੇ ਜਾਂ ਨਾ ਹੋਵੇ। ਅਨੁਪ੍ਰਾਸ ਦਾ ਸ਼ਾਬਦਿਕ ਅਰਥ ਹੈ ਵਰਣਿਤ ਰਸ ਦੀ ਅਨੁਕੂਲਤਾ ਅਨੁਸਾਰ ਵਰਣਾਂ ਦੀ ਬਾਰ ਬਾਰ ਇਕ ਹੀ ਕ੍ਰਮ ਨਾਲ ਨਿਕਟ ਵਰਤੋਂ। ਜੇ ਕਿਸੇ ਰਚਨਾ ਵਿਚ ਸੂਰ ਅਤੇ ਵਿਅੰਜਨ

(ਵਰਣ) ਦੋਹਾਂ ਵਿਚ ਸਮਾਨਤਾ ਹੋਵੇ ਤਾਂ ਉਸ ਵਿਚ ਉਭਯ (ਦੋਹਰੀ) ਸਮਾਨਤਾ ਹੋਣ ਕਾਰਨ ਅਧਿਕ ਸੌਂਦਰਯ ਆਂਦਾ ਹੈ। ਅਨੁਪ੍ਰਾਸ ਲਈ ਇਹ ਜ਼ਰੂਰੀ ਨਹੀਂ ਕਿ ਉਹ ਸ਼ਬਦ ਦੇ ਸ਼ੁਰੂ ਵਿਚ ਹੋਵੇ, ਸ਼ਬਦ ਆਦਿ ਜਾਂ ਅੰਤ ਵਿਚ ਕਿਤੇ ਵੀ ਵਰਣ ਦੀ ਸਮਾਨਤਾ ਕਰਕੇ ਚਮਤਕਾਰ ਹੋ ਸਕਦਾ ਹੈ। ਭਾਮਹ ਨੇ ਇਸ ਅਲੰਕਾਰ ਦਾ ਸਭ ਤੋਂ ਪਹਿਲਾਂ ਵਿਵੇਚਨ ਕੀਤਾ ਹੈ।[74] ਬਾਣੀ ਥਿਤੀ ਵਿਚਲੀ ਸੰਗੀਤਾਤਮਕਤਾ ਦਾ ਪ੍ਰਮੁੱਖ ਆਧਾਰ ਛੰਦ ਦੀ ਵਰਤੋਂ ਬਣਦਾ ਹੈ ਪਰ ਕਿਤੇ ਕਿਤੇ ਸ਼ਬਦਾਂ ਦਾ ਦੁਹਰਾਉ ਵੀ ਸੰਗੀਤ ਵਿਚ ਵਾਧਾ ਕਰਦਾ ਹੈ। ਅਨੁਪ੍ਰਾਸ ਦੀਆਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ:

(ੳ) ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ।।[75]

(ਅ) ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ।।[76]

(ੲ) ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ।।[77]

(ਸ) ਹਿਰਹਿ ਪਰ ਦਰਬੁ ਉਦਰ ਕੈ ਤਾਈ।। ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ।।[78]

(ਹ) ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ।।[79]

(ਕ) ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ।।
ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ।।[80]

(ਖ) ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ।।
ਸੋ ਸੂਰਾ ਕੁਲਵੰਤ ਸੋਇ ਜਿਨਿ ਭਜਿਆ ਭਗਵੰਤੁ।।[81]

ਬਾਣੀ ਥਿਤੀ ਵਿਚ ਸ਼ਬਦ ਚਿੱਤਰਾਂ ਰਾਹੀਂ ਸ਼ਬਦਾਂ ਦੇ ਅੰਦਰਲੇ ਰਾਗਾਂ, ਤੋਲ ਤੁਕਾਂਤ ਦੇ ਸੁਮੇਲ ਰਾਹੀਂ ਆਤਮਿਕ ਆਨੰਦ ਦੀ ਰਸ ਅਨੁਭੂਤੀ ਦੇ ਅਜਿਹੇ ਚਿੱਤਰ ਰੂਪਮਾਨ ਹੁੰਦੇ ਹਨ ਜੋ ਜੀਵਾਤਮਾ ਨੂੰ ਵਿਸਮਾਦ ਦੀ ਅਵਸਥਾ ਵਿਚ ਲੀਨ ਕਰ ਦਿੰਦੇ ਹਨ।

**ਵੀਪਸਾ ਅਲੰਕਾਰ**

ਇਕ ਸ਼ਬਦ ਅਲੰਕਾਰ, ਜਿਸ ਵਿਚ ਅਤਿ ਅਧਿਕ ਆਦਰ, ਸ਼ਰਧਾ, ਘਿਰਨਾ, ਉਤਸ਼ਾਹ, ਸੋਗ, ਹਰਸ਼ ਆਦਿ ਭਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨ ਲਈ ਕਿਸੇ ਸ਼ਬਦ ਦੀ ਬਾਰ ਬਾਰ ਆਵ੍ਰਿਤੀ ਹੋਵੇ। ਵੀਪਸਾ ਦਾ ਅਰਥ ਹੈ ਦੋਹਰਾਣਾ। ਕਿਸੇ ਭਾਵ ਨੂੰ ਅਧਿਕ ਪ੍ਰਭਾਵ ਪੂਰਣ ਬਣਾਉਣ ਲਈ ਕਵੀ ਕਿਸੇ ਸ਼ਬਦ ਦੀ ਬਾਰ ਬਾਰ ਵਰਤੋਂ ਕਰਦਾ ਹੈ।[82] ਮਿਸਾਲ ਵਜੋਂ:

(ੳ) ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ॥[83]

(ਅ) ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ॥[84]

(ੲ) ਹਰਿ ਹਰਿ ਭਜਨੁ ਪੂਰੇ ਗੁਰ ਸੰਗਿ॥[85]

(ਸ) ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ॥[86]

(ਹ) ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ॥[87]

ਉਪਰੋਕਤ ਗੁਰ ਵਾਕਾਂ ਵਿਚ ਗੁਰੂ ਸਾਹਿਬ ਅੱਖਰ ਜਾਂ ਸ਼ਬਦ ਨੂੰ ਇਕੋ ਤੁਕ ਵਿਚ ਵਾਰ ਵਾਰ ਵਰਤ ਕੇ ਕਾਵਿ ਪ੍ਰਭਾਵ ਵਿਚ ਵਾਧਾ ਕਰਨ ਦਾ ਯਤਨ ਕਰਦੇ ਹਨ। ਸ਼ਬਦਾਂ ਦਾ ਦੁਹਰਾ ਕੇਵਲ ਕਿਸੇ ਚਮਤਕਾਰ ਉਤਪਤੀ ਲਈ ਨਹੀਂ, ਸਗੋਂ ਪ੍ਰਭਾਵ ਉਤਪਤੀ ਲਈ ਕੀਤਾ ਗਿਆ ਹੈ।

## ਰੂਪਕ ਅਲੰਕਾਰ

ਰੂਪਕ ਅਲੰਕਾਰ ਉਦੋਂ ਪੈਦਾ ਹੁੰਦਾ ਹੈ ਜਦੋਂ ਉਪਮੇਯ ਅਤੇ ਉਪਮਾਨ ਵਿਚ ਅਭੇਦਤਾ ਦਰਸਾਈ ਗਈ ਹੋਵੇ। ਵਰਣਨ ਕੀਤੀ ਜਾਣ ਵਾਲੀ ਵਸਤੂ (ਉਪਮੇਯ) ਨੂੰ ਤੁਲਨਾਈ ਜਾਣ ਵਾਲੀ ਵਸਤੂ (ਉਪਮਾਨ) ਵਿਚ ਅਭੇਦ ਹੀ ਕਰ ਦਿੱਤਾ ਜਾਂਦਾ ਹੈ।[88]

ਰੂਪਕਾਂ ਦੀ ਸਿਰਜਣਾ ਬਾਣੀ ਥਿਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਕਾਫ਼ੀ ਕੀਤੀ ਹੈ। ਜਿਵੇਂ:

(ੳ) ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥[89]

(ਅ) ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ॥
ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ॥
ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ॥
ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ॥[90]

(ੲ) ਮੋਹ ਮਾਨ ਭ੍ਰਮੁ ਬਿਨਸਿਓ ਪਾਈ ਸਰਨਿ ਦਇਆਲ॥
ਚਰਨ ਕਮਲ ਮਨਿ ਤਨਿ ਬਸੈ ਦਰਸਨੁ ਦੇਖਿ ਨਿਹਾਲ॥[91]

ਉਪਰੋਕਤ ਗੁਰ ਵਾਕਾਂ ਵਿਚ ਸੁਆਮੀ, ਸਿਰਜਨਹਾਰ, ਏਕੰਕਾਰ, ਪਤਿਤ ਉਧਾਰਨ, ਭੈਹਰਨ, ਸੁਖ ਸਾਗਰ, ਨਿਰੰਕਾਰ, ਦਾਤਾ, ਭੁਗਤਾ, ਦੇਨਹਾਰੁ ਆਦਿ ਉਪਮਾਨਾਂ ਰਾਹੀਂ ਪਰਮਾਤਮਾ ਦੇ ਅਨੇਕ

ਗੁਣਾਂ ਨੂੰ ਪ੍ਰਗਟਾਇਆ ਹੈ। ਇਸਦੇ ਨਾਲ ਹੀ ਸੰਸਾਰ ਉਪਮੇਯ ਨੂੰ ਸਮੁੰਦਰ ਦੀ ਵਿਸ਼ਾਲਤਾ ਨੂੰ ਮੁੱਖ ਰੱਖ ਕੇ ਭਵਜਲ ਸ਼ਬਦ ਉਪਮਾਨ ਦੇ ਰੂਪ ਵਿਚ ਵਰਤਿਆ ਹੈ। ਪ੍ਰਭੂ ਦੀ ਸ਼ਰਨ ਵਿਚ ਜਾ ਕੇ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘਿਆ ਜਾ ਸਕਦਾ ਹੈ ਤੇ ਮਨ ਚਿਤਵਿਆ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਵੇਂ:

ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ।।
ਦੂਖ ਹਰੈ ਭਵਜਲੁ ਤਰੈ ਮਨ ਚਿੰਦਿਆ ਫਲੁ ਪਾਇ।।[92]

ਬ੍ਰਹਮ ਸੰਬੰਧੀ ਇਹ ਰੂਪਕ ਵਧੇਰੇ ਪ੍ਰਭਾਵਸ਼ਾਲੀ ਅਤੇ ਕਾਵਿ-ਸੁਹਜ ਪੈਦਾ ਕਰਨ ਵਿਚ ਸਹਾਈ ਹੋ ਰਹੇ ਹਨ। ਕੁਝ ਹੋਰ ਉਦਾਹਰਣਾਂ ਵੀ ਦੇਖਦੇ ਹਾਂ:

(ੳ) ਸੂਖਮ ਅਸਥੂਲ ਸਗਲ ਭਗਵਾਨ।।
ਨਾਨਕ ਗੁਰਮੁਖਿ ਬ੍ਰਹਮੁ ਪਛਾਨੁ।।[93]

(ਅ) ਪਉੜੀ।। ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ।।
ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ।।
ਗੁਣ ਨਿਧਾਨ ਗੋਬਿੰਦ ਗੁਰ ਕੀਆ ਜਾ ਕਾ ਹੋਇ।।
ਅੰਤਰਜਾਮੀ ਪ੍ਰਭ ਸੁਜਾਨੁ ਅਲਖ ਨਿਰੰਜਨ ਸੋਇ।।
ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ।।
ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ।।
ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ।।
ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ।।[94]

ਰੂਪਕ ਅਲੰਕਾਰ ਦੇ ਪੱਖੋਂ ਗੁਰੂ ਅਰਜਨ ਕਾਵਿ ਸੁੰਦਰਤਾ ਦੀ ਮਾਨੋਂ ਜੀਊਂਦੀ ਜਾਗਦੀ ਤਸਵੀਰ ਹੈ ਜੋ ਮੂੰਹੋਂ ਬੋਲ ਕੇ ਗੁਰੂ ਅਰਜਨ ਸੰਦੇਸ਼ ਨੂੰ ਸੁਣਾ ਰਹੀ ਹੈ ਜਿਸਦੇ ਨਾਲ ਇਹ ਗੁਰ ਸਿੱਖਿਆ, ਇਸ ਕਾਵਿ ਸੌਂਦਰਯ ਦੇ ਮੂੰਹੋਂ ਖਿੜੇ ਹੋਏ ਗੁਲਾਬ ਦੇ ਫੁੱਲਾਂ ਵਾਂਗ ਆਪਣੀ ਖੁਸ਼ਬੂ ਨਾਲ ਸਾਰੇ ਜਗਤ ਨੂੰ ਆਨੰਦ ਅਤੇ ਸਰੂਰ ਬਖਸ਼ ਰਹੀ ਹੈ।

## ਲੋਕੋਕਤੀ ਅਲੰਕਾਰ

ਲੋਕੋਕਤੀ ਦਾ ਅਰਥ ਲੋਕ ਕਹਾਵਤ, ਮਿਸਾਲ (proverb) ਆਦਿ। ਪਰ ਕਵਿਤਾ ਵਿਚ ਜਿਥੇ ਕੋਈ ਗੱਲ ਮਸ਼ਹੂਰ ਅਖਾਣ ਜਾਂ ਲੋਕੋਕਤੀ ਦੀ ਸ਼ਕਲ ਬਿਆਨ ਕੀਤੀ ਜਾਵੇ ਉਥੇ ਲੋਕੋਕਤੀ ਅਲੰਕਾਰ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ, ਲੋਕੋਕਤੀ ਇਕ ਅਲੰਕਾਰ ਹੈ, ਲੋਕਾਂ ਦੇ ਮੂੰਹ ਚੜ੍ਹੀ ਅਖਾਉਤ ਨੂੰ ਕਿਸੇ ਮੁਨਾਸਬ ਮੌਕੇ ਤੇ ਕਹਿਣਾ 'ਲੋਕੋਕਤੀ' ਹੈ।[95] ਬਾਣੀ ਥਿਤੀ ਵਿਚ ਇਸ ਅਲੰਕਾਰ ਸੰਬੰਧੀ ਉਦਾਹਰਣਾਂ ਦੇਖਦੇ ਹਾਂ:

(ੳ) ਕੋਮਲ ਬਾਣੀ ਸਭ ਕਉ ਸੰਤੋਖੈ॥[96]

(ਅ) ਸਗਲ ਧਰਮ ਪਵਿਤ੍ਰ ਇਸਨਾਨੁ॥[97]

## ਦ੍ਰਿਸ਼ਟਾਂਤ ਅਲੰਕਾਰ

ਇਸ ਵਿਚ ਇਕ ਉਪਮੇਯ ਵਾਕ ਹੁੰਦਾ ਹੈ ਅਤੇ ਇਕ ਉਪਮਾਨ ਵਾਕ। ਜਦੋਂ ਦੋਵੇਂ ਵਾਕਾਂ ਦਾ ਬਿੰਬ ਪ੍ਰਤਿਬਿੰਬ ਭਾਵ ਪ੍ਰਗਟ ਹੁੰਦਾ ਹੋਵੇ ਉਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। ਇਸ ਵਿਚ ਕਿਸੇ ਗੱਲ ਨੂੰ ਕਹਿ ਕੇ ਉਸੇ ਵਰਗੀ ਹੋਰ ਕੋਈ ਗੱਲ ਕਹੀ ਜਾਂਦੀ ਹੈ। ਇਨ੍ਹਾਂ ਦੋਵੇਂ ਵਾਕਾਂ ਵਿਚ ਬਿੰਬ ਪ੍ਰਤਿਬਿੰਬ ਭਾਵ ਹੁੰਦਾ ਹੈ।[98] ਬਾਣੀ ਥਿਤੀ ਵਿਚੋਂ ਇਸ ਅਲੰਕਾਰ ਦੀ ਉਦਾਹਰਣ ਇਸ ਪ੍ਰਕਾਰ ਹੈ:

ਕਵਲ ਪ੍ਰਗਾਸ ਸਦਾ ਆਨੰਦ॥ ਨਿਰਮਲ ਗੀਤਿ ਨਿਰੋਧਰ ਮੰਤ॥[99]

ਪਰਮਾਤਮਾ ਦਾ ਨਾਮ ਇਕ ਐਸਾ ਮੰਤ੍ਰ ਹੈ ਜਿਸ ਦਾ ਅਸਰ ਜਾਇਆ ਨਹੀਂ ਹੋ ਸਕਦਾ। ਇਸ ਮੰਤ੍ਰ ਦੀ ਬਰਕਤ ਨਾਲ ਜੀਵਨ ਜੁਗਤ ਪਵਿੱਤਰ ਹੋ ਜਾਂਦੀ ਹੈ। ਮਨ ਵਿਚ ਸਦਾ ਚਾਉ ਹੀ ਚਾਉ ਟਿਕਿਆ ਰਹਿੰਦਾ ਹੈ। ਜਿਵੇਂ ਸੂਰਜ ਦੀਆਂ ਕਿਰਨਾਂ ਨਾਲ ਕੌਲ ਫੁੱਲ ਖਿੜਦਾ ਹੈ, ਤਿਵੇਂ ਨਾਮ ਸਿਮਰਨ ਦੀ ਬਰਕਤ ਨਾਲ ਹਿਰਦਾ ਖਿੜਿਆ ਰਹਿੰਦਾ ਹੈ।

ਸਪੱਸ਼ਟ ਹੈ ਕਿ ਇਸ ਬਾਣੀ ਵਿਚ ਦ੍ਰਿਸ਼ਟਾਂਤ ਅਲੰਕਾਰ ਰਹੱਸਾਤਮਕ ਵਿਚਾਰਾਂ ਦੇ ਸੁਹਜਮਈ ਸੰਚਾਰ ਦੀ ਅਹਿਮ ਜੁਗਤ ਵਜੋਂ ਸਾਕਾਰ ਹੁੰਦਾ ਹੈ।

## ਉਪਮਾ ਅਲੰਕਾਰ

ਉਪਮਾ ਉਹ ਅਰਥ ਅਲੰਕਾਰ ਹੈ ਜਿਥੇ ਉਪਮਾਉਣ-ਯੋਗ ਵਸਤੂ ਅਤੇ ਉਪਮਾਨ ਦੇ ਦਰਮਿਆਨ, ਉਨ੍ਹਾਂ ਵਿਚ ਫਰਕ ਹੋਣ ਦੇ ਬਾਵਜੂਦ ਵੀ, ਕਿਸੇ ਸਾਂਝੀ ਗੱਲ ਦੇ ਕਾਰਨ ਸਮਾਨਤਾ ਦੱਸੀ

ਜਾਵੇ।[100] ਗੁਰੂ ਸਾਹਿਬ ਨੇ ਥਿਤੀ ਬਾਣੀ ਵਿਚ ਉਪਮਾ ਦੀ ਵਰਤੋਂ ਕਰਕੇ ਕਾਵਿ-ਸੁਹਜ ਪੈਦਾ ਕੀਤਾ ਹੈ। ਜਿਵੇਂ:

ਚਉਦਹਿ ਚਾਰ ਕੁੰਟ ਪ੍ਰਭ ਆਪ। ਸਗਲ ਭਵਨ ਪੂਰਨ ਪਰਤਾਪ।।
ਦਸੇ ਦਿਸਾ ਰਵਿਆ ਪ੍ਰਭੁ ਏਕ।। ਧਰਨਿ ਅਕਾਸ ਸਭੁ ਮਹਿ ਪ੍ਰਭੁ ਪੇਖੁ।।
ਜਲ ਥਲ ਬਨ ਪਰਬਤ ਪਾਤਾਲ।। ਪਰਮੇਸ੍ਵਰ ਤਹ ਬਸਹਿ ਦਇਆਲ।।[101]

ਉਪਰੋਕਤ ਗੁਰ ਵਾਕਾਂ ਵਿਚ ਗੁਰੂ ਸਾਹਿਬ ਉਸ ਪਰਮਸਤ ਦੀ ਸਰਵਵਿਆਪਕਤਾ ਨੂੰ ਪ੍ਰਗਟ ਕਰਨ ਲਈ ਪ੍ਰਕ੍ਰਿਤੀ ਨੂੰ ਆਪਣਾ ਮਾਧਿਅਮ ਬਣਾਉਂਦੇ ਹਨ। ਪ੍ਰਕ੍ਰਿਤੀ ਅਤੇ ਮਨੁੱਖ ਦਾ ਬਹੁਤ ਹੀ ਨਿਕਟ ਦਾ ਸੰਬੰਧ ਹੈ, ਇਸ ਲਈ ਪ੍ਰਕ੍ਰਿਤੀ ਦੀਆਂ ਉਪਮਾਵਾਂ ਸਮਝਣ ਵਿਚ ਕੋਈ ਦਿੱਕਤ ਪੇਸ਼ ਨਹੀਂ ਆਉਂਦੀ। ਪ੍ਰਕਿਰਤਕ ਖੇਤਰ ਦੇ ਅਜਿਹੇ ਉਪਮਾਨਾਂ ਦੀ ਵਰਤੋਂ ਨਿਰਸੰਦੇਹ, ਗੁਰੂ ਅਰਜਨ ਦੇਵ ਜੀ ਦੀ ਕਾਵਿ-ਸਮਰੱਥਾ ਦਾ ਪ੍ਰਮਾਣ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਬਾਣੀ ਥਿਤੀ ਦਾ ਵਸਤੂ ਪੱਖ ਬੜਾ ਸਾਰਥਕ ਅਤੇ ਸ੍ਰੇਸ਼ਟ ਹੈ, ਜਿਸ ਕਰਕੇ ਉਸਦੇ ਅਲੰਕਾਰ ਵੀ ਸ੍ਰੇਸ਼ਟ ਹਨ। ਬਾਣੀ ਥਿਤੀ ਵਿਚ ਭਿੰਨ ਭਿੰਨ ਪ੍ਰਕਾਰ ਦੇ ਸ਼ਬਦ ਤੇ ਅਰਥ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ। ਇਹ ਅਲੰਕਾਰ ਗੁਰੂ ਸਾਹਿਬ ਦੇ ਅਧਿਆਤਮਕ ਵਿਚਾਰਾਂ ਨੂੰ ਸਪੱਸ਼ਟ ਕਰਦੇ ਹਨ। ਰਹੱਸਾਤਮਕ ਅਨੁਭੂਤੀ ਨੂੰ ਤੀਬਰ ਅਤੇ ਸੁਹਜ ਭਰਪੂਰ ਬਣਾਉਂਦੇ ਹਨ ਅਤੇ ਅਪ੍ਰਸਤੁਤ ਵਸਤੂਆਂ ਜਾਂ ਭਾਵਾਂ ਦੇ ਰੂਪ, ਗੁਣ, ਕ੍ਰਿਆ ਦੇ ਪ੍ਰਭਾਵ ਨੂੰ ਵਧਾਉਣ ਵਿਚ ਸਹਾਇਕ ਹੁੰਦੇ ਹਨ। ਗੁਰੂ ਅਰਜਨ ਸਾਹਿਬ ਦੀ ਇਸ ਬਾਣੀ ਵਿਚ ਵਰਤੇ ਅਲੰਕਾਰਾਂ ਦਾ ਵਿਧਾਨ ਬਾਣੀ ਦੇ ਸੁਹਜ ਅਤੇ ਰਮਣੀਕਤਾ ਵਿਚ ਵਾਧਾ ਕਰਦਾ ਹੋਇਆ ਗੁਰੂ ਕਵੀ ਦੀਆਂ ਭਾਵਨਾਵਾਂ ਨੂੰ ਪਾਠਕਾਂ ਨਾਲ ਸਾਂਝ ਪੁਆਉਂਦਾ ਹੈ। ਇਨ੍ਹਾਂ ਅਲੰਕਾਰਾਂ ਦੀ ਵਰਤੋਂ ਰਚਨਾ ਦੇ ਸਹਿਜ ਵਿਚ ਕਿਤੇ ਵਿਰੋਧ ਨਹੀਂ ਉਪਜਣ ਦਿੰਦੀ।

ਇਸ ਦੇ ਨਾਲ ਹੀ ਇਹ ਅਲੰਕਾਰ ਗੁਰਬਾਣੀ ਦੇ ਪਾਠਕ ਦੇ ਹਿਰਦੇ ਵਿਚ ਜਾਗੇ ਹੋਏ ਅਧਿਆਤਮਿਕ ਭਾਵਾਂ ਨੂੰ ਤੀਬਰ ਕਰਦੇ ਹਨ ਅਤੇ ਤੀਬਰ ਹੋਇਆਂ ਨੂੰ ਹੋਰ ਸੁਚੇਤ ਕਰਕੇ ਭਗਤੀ ਸਾਧਨਾ ਦਾ ਬੜਾ ਪ੍ਰੇਰਕ ਮਾਹੌਲ ਸਿਰਜਦੇ ਹਨ। ਉਪਮਾਨ ਵਿਧਾਨ ਅਸਲ ਵਿਚ ਗੁਰੂ ਅਰਜਨ ਦੀ ਬਾਣੀ ਦਾ ਉਦੇਸ਼ ਨਹੀਂ, ਸਗੋਂ ਮੂਲ ਉਦੇਸ਼ ਸਿੱਧੀ ਦਾ ਸਾਧਨ ਹੈ। ਇਸ ਪ੍ਰਕਾਰ ਇਹਨਾਂ ਅਲੰਕਾਰਾਂ ਰਾਹੀਂ ਭਾਵ ਵਿਭਿੰਨਤਾ ਅਤੇ ਅਰਥ ਵਿਭਿੰਨਤਾ ਦਾ ਪ੍ਰਯੋਜਨ ਵੀ ਸਿੱਧ ਹੋਇਆ ਹੈ।

### (4) ਸੰਗੀਤ ਅਤੇ ਲੈਅ

ਗੁਰੂ ਕਾਵਿ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਆਪਣੀ ਸੰਗੀਤਾਤਮਕਤਾ ਕਰਕੇ ਇਕ ਨਿਵੇਕਲਾ ਸਥਾਨ ਰੱਖਦੀ ਹੈ। ਇਸ ਉਪ ਅਧਿਆਇ ਵਿਚ ਅਸੀਂ ਆਪਣੇ ਅਧਿਐਨ ਦਾ ਖੇਤਰ ਗੁਰੂ ਸਾਹਿਬ ਦਾ ਸੰਗੀਤ ਨਾਲ ਸੰਬੰਧ ਅਤੇ ਇਸ ਵਿਚ ਵਿਆਪਤ ਸੰਗੀਤਾਤਮਕਤਾ ਅਤੇ ਲੈਅ ਨੂੰ ਹੀ ਬਣਾਇਆ ਹੈ। ਉਨ੍ਹਾਂ ਦੀ ਬਾਣੀ ਵਿਚ ਸੰਗੀਤ ਪ੍ਰੇਰਣਾ ਦੇ ਪ੍ਰਧਾਨ ਉਪਾਦਾਨ ਹਨ - ਗੁਰੂ ਪ੍ਰੇਮ ਅਤੇ ਪ੍ਰਭੂ-ਪ੍ਰੇਮ। ਗੁਰੂ ਸਾਹਿਬ ਜੀ ਦੀ ਬਾਣੀ ਵਿਚ ਅਧਿਆਤਮਕ ਅਨੁਭਵ ਅਤੇ ਸੁਹਜ ਦਾ ਜੋ ਅਨੁਪਮ ਏਕੀਕਰਣ ਹੋਇਆ ਹੈ, ਉਸ ਵਿਚ ਸੰਗੀਤ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੈ। ਸੰਗੀਤ ਇਕ ਲਲਿਤ ਕਲਾ ਹੈ। ਇਸ ਲਲਿਤ ਕਲਾ ਨੂੰ ਅਸੀਂ ਸੁਰਾਂ ਦਾ ਕੁਝ ਐਸਾ ਸੁਮੇਲ ਕਹਿ ਸਕਦੇ ਹਾਂ ਜੋ ਹਿਰਦੇ ਦੀਆਂ ਭਾਵਨਾਵਾਂ ਨੂੰ ਸੁੰਦਰ ਬਣਾ ਕੇ ਪ੍ਰਗਟ ਕਰਦਾ ਹੈ।[102] ਪਲੈਟੋ ਅਨੁਸਾਰ ਰੂਹ ਦੇ ਮਰਮ ਅਸਥਾਨਾਂ ਅੰਦਰ ਜੇ ਕੋਈ ਚੀਜ਼ ਪਹੁੰਚ ਸਕਦੀ ਹੈ ਤਾਂ ਉਹ ਸੰਗੀਤਕ ਸੁਰ ਅਤੇ ਲੈਅ ਹੀ ਹੈ।[103]

ਸੰਗੀਤ ਅਤੇ ਕਾਵਿ ਭਾਵੇਂ ਦੋ ਅਲੱਗ ਅਲੱਗ ਕਲਾਵਾਂ ਹਨ ਪਰ ਦੋਨਾਂ ਦਾ ਸੰਬੰਧ ਅਨਿੱਖੜਵਾਂ ਹੈ। ਇਹ ਸੰਬੰਧ ਬਹੁਤ ਹੀ ਸੂਖਮ ਹੈ। ਇਸ ਨੁਕਤੇ ਉਤੇ ਇਹ ਵਿਧੀਆਂ ਇਕ ਦੂਜੇ ਦੀਆਂ ਪੂਰਕ ਬਣ ਜਾਂਦੀਆਂ ਹਨ। ਦੋਹਾਂ ਦਾ ਮੂਲ ਨਾਦ ਹੈ ਨਾਦ ਤੋਂ ਸੁਰ ਤੇ ਵਿਅੰਜਨ ਪੈਦਾ ਹੋਏ ਅਤੇ ਨਾਦ ਤੋਂ ਹੀ ਲੈਅ, ਤਾਲ ਅਤੇ ਸੁਰ ਵੀ ਪੈਦਾ ਹੋਏ ਹਨ ਪਰ ਨਾਲ ਹੀ ਇਹ ਵਿਚਾਰ ਵੀ ਮਹੱਤਵਪੂਰਨ ਹੈ ਕਿ ਸੰਗੀਤ ਕਾਵਿ ਵਿਚ ਸੌਂਦਰਯ ਭਰਮ ਦਾ ਇਕ ਉੱਚਤਮ ਆਧਾਰ ਹੈ। ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਡਾ. ਯੋਗਰਾਜ ਦਾ ਮਤ ਹੈ ਕਿ ਸੰਗੀਤਾਤਮਕਤਾ ਕਵਿਤਾ ਦੇ ਸੁਹਜ ਲਈ ਇਕ ਮਹੱਤਵਪੂਰਨ ਅਤੇ ਆਧਾਰੀ ਤੱਤ ਹੈ। ਆਪਣੇ ਬਾਹਰਮੁਖੀ ਸੁਭਾਅ ਵਿਚ ਸੰਗੀਤਾਤਮਕਤਾ ਹੀ ਕਵਿਤਾ ਨੂੰ ਵਾਰਤਕ ਨਾਲੋਂ ਵਖਰਿਆਉਂਦੀ ਹੈ। ਪਰੰਪਰਾਗਤ ਰੂਪ ਵਿਚ ਕਵਿਤਾ ਵਿਚਲੀ ਸੰਗੀਤਾਤਮਕਤਾ ਦਾ ਪ੍ਰਮੁੱਖ ਆਧਾਰ ਛੰਦ-ਵਿਧਾਨ ਰਿਹਾ ਹੈ। ਸਮੁੱਚੀ ਮੱਧਕਾਲੀਨ ਕਵਿਤਾ ਛੰਦ-ਵਿਧਾਨ ਦੇ ਕਰੜੇ ਨਿਯਮਾਂ ਤੋਂ ਸਿਰਜੀ ਗਈ ਹੈ। ਮੱਧਕਾਲ ਵਿਚ ਛੰਦ-ਵਿਧਾਨ ਦੇ ਨਿਯਮਾਂ ਨੂੰ ਕਰੜਾਈ ਨਾਲ ਅਪਣਾਉਣਾ ਕਿਸੇ ਵਸ਼ਿਸ਼ਟ ਕਵਿਤਾ ਲਈ ਜ਼ਰੂਰੀ ਸਮਝਿਆ ਜਾਂਦਾ ਸੀ।[104]

ਛੰਦ ਦੇ ਕੋਸ਼ਕ ਅਰਥ ਹਨ 'ਅਲਹਦਾਨ' ਅਰਥਾਤ ਜੋ ਮਨੁੱਖ ਨੂੰ ਪ੍ਰਸੰਨ ਕਰਦਾ ਹੈ ਜਾਂ ਆਨੰਦ ਦਿੰਦਾ ਹੈ ਉਹ ਛੰਦ ਹੈ। ਅੰਗਰੇਜ਼ੀ ਵਿਚ ਛੰਦ ਨੂੰ ਮੀਟਰ ਆਖਿਆ ਜਾਂਦਾ ਹੈ ਅਤੇ ਮੀਟਰ ਦੇ ਕੋਸ਼ਕ

ਅਰਥ ਮਾਪ ਮੰਤ੍ਰ ਹਨ। ਛੰਦ ਕੀ ਹੈ? ਇਸ ਬਾਰੇ ਕਈ ਵਿਚਾਰ ਸਾਹਮਣੇ ਆਏ ਹਨ। ਗੋਵਿੰਦ ਤ੍ਰਿਗਣਾਯਤ ਅਨੁਸਾਰ ਜਿਸ ਕਵਿਤਾ ਵਿਚ ਮਾਤ੍ਰਾਵਾਂ ਤੇ ਵਰਣਾਂ ਦੇ ਕ੍ਰਮ, ਗਤੀ ਦੇ ਨਿਯਮ ਤੇ ਤੁਕਾਂਤ ਮੇਲ ਪ੍ਰਾਪਤ ਹੋਵੇ ਉਸ ਨੂੰ ਛੰਦ ਬੱਧ ਕਵਿਤਾ ਕਿਹਾ ਜਾਂਦਾ ਹੈ।[105] ਛੰਦ ਕਵਿਤਾ ਦਾ ਮਹੱਤਵਪੂਰਨ ਤੱਤ ਹੈ। ਸਾਡੇ ਪੁਰਾਤਨ ਕਾਵਿ ਸਾਹਿਤ ਵਿਚ ਛੰਦ ਤੋਂ ਬਿਨਾ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਭਾਵੇਂ ਅੱਜ ਦੇ ਯੁੱਗ ਵਿਚ ਛੰਦ ਮੁਕਤ ਕਾਵਿ ਰਚਨਾ ਨੂੰ ਵੀ ਕਵਿਤਾ ਮੰਨ ਲਿਆ ਜਾਂਦਾ ਹੈ ਪਰ ਫਿਰ ਵੀ ਕਾਵਿ ਸਿਰਜਣਾ ਵਿਚ ਛੰਦ ਦੀ ਮਹੱਤਤਾ ਅਜੇ ਵੀ ਭਲੀ ਭਾਂਤ ਕਬੂਲ ਕੀਤੀ ਜਾਂਦੀ ਹੈ।

ਅਸਲ ਵਿਚ ਭਗਤ ਕਵੀਆਂ ਵਿਚ ਇਕ ਸੰਜੋਗਾਤਮਕ ਪ੍ਰਤਿਭਾ ਸੀ ਜਿਵੇਂ ਉਹਨਾਂ ਨੇ ਗਿਆਨ ਅਤੇ ਭਗਤੀ ਨੂੰ ਮਿਲਾ ਦਿੱਤਾ, ਤਿਵੇਂ ਉਹਨਾਂ ਨੇ ਕਵਿਤਾ ਅਤੇ ਸੰਗੀਤ (ਰਾਗ) ਨੂੰ ਮਿਲਾ ਦਿੱਤਾ, ਤਿਵੇਂ ਉਹਨਾਂ ਨੇ ਕਵਿਤਾ ਅਤੇ ਸੰਗੀਤ (ਰਾਗ) ਨੂੰ ਇਕੱਠਾ ਕਰਕੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਇਹ ਸੰਜੋਗ ਸੁਹਜਵਾਦੀ ਤੌਰ ਤੇ ਵਧੇਰੇ ਪ੍ਰਭਾਵਸ਼ਾਲੀ ਹੈ। ਪੰਜਾਬੀ ਕਵਿਤਾ ਵਿਚ ਯੋਗੀ ਕਵੀਆਂ ਅਤੇ ਬਾਬਾ ਫਰੀਦ ਨੇ ਵੀ ਅਜਿਹਾ ਹੀ ਕੀਤਾ।[106]

ਗੁਰੂ ਅਰਜਨ ਦੇਵ ਜੀ ਨੇ ਕਾਵਿ ਤੇ ਸੰਗੀਤ (ਰਾਗ) ਦਾ ਸੁੰਦਰ ਸੁਮੇਲ ਉਤਪੰਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਥਿਤੀ ਦਾ ਸਮੁੱਚਾ ਪਾਠ 'ਥਿਤੀ ਗਉੜੀ ਮਹਲਾ ਪ' ਸਿਰਲੇਖ ਅਧੀਨ ਦਰਜ ਹੈ। ਇਹ ਸਿਰਲੇਖ ਨਿਸ਼ਚੇ ਹੀ ਇਸ ਬਾਣੀ ਨੂੰ ਨਿਰਧਾਰਿਤ ਰਾਗ ਗਉੜੀ ਵਿਚ ਗਾਇਨ ਕਰਨ ਦਾ ਸੰਗੀਤਮਈ ਨਿਰਦੇਸ਼ ਹੈ। ਰਾਗ ਰਾਗਣੀ ਦੇ ਵਰਗੀਕਰਨ ਦੇ ਅਨੁਸਾਰ ਗਉੜੀ ਨੂੰ ਸ੍ਰੀ ਰਾਗ ਦਾ ਕੋਸ਼ਿਕ ਰਾਗ ਜਾਂ ਮਾਨਵ ਗੌੜ ਜਾਂ ਮਾਲਕੌਂਸ ਦੀ ਰਾਗਣੀ ਮੰਨਿਆ ਗਿਆ ਹੈ। ਮੂਲ ਰੂਪ ਵਿਚ ਗੰਭੀਰਤਾ ਦਾ ਰਾਗ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਹੇਠ ਲਿਖੇ ਵਰਣਨ ਅਨੁਸਾਰ ਅੰਕਿਤ ਕੀਤਾ ਗਿਆ ਹੈ:

ਗਉੜੀ ਰਾਗ ਸੁਲਖਣੀ ਜੇ ਖਸਮੈ ਚਿਤਿ ਕਰੇਇ॥
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥[107]

ਗਉੜੀ ਰਾਗ ਦੇ ਦੁਆਰਾ ਜੀਵ ਇਸਤਰੀ ਤਾਂ ਹੀ ਸੁਲਖਣੀ ਹੋ ਸਕਦੀ ਹੈ ਜੋ ਪ੍ਰਭੂ-ਪਤੀ ਨੂੰ ਆਪਣੇ ਚਿੱਤ ਵਿਚ ਵਸਾ ਲਏ। ਸਤਿਗੁਰੂ ਦੇ ਭਾਣੇ ਚੱਲ ਕੇ ਇਸ ਤਰ੍ਹਾਂ ਦੇ ਸ਼ਿੰਗਾਰ ਕਰੇ ਜੋ ਪ੍ਰਭੂ ਪਤੀ ਨੂੰ ਚੰਗਾ ਲੱਗੇ।

ਮੂਲ ਰੂਪ ਵਿਚ ਇਹ ਰਾਗ ਗੰਭੀਰ, ਸ਼ਾਂਤ ਅਤੇ ਭਗਤੀ ਰਸ ਨਾਲ ਓਤ-ਪੋਤ ਹੈ। ਇਸ ਬਾਣੀ ਵਿਚ ਵੀ ਇਸ ਰਾਗ ਦੇ ਉਪਰੋਕਤ ਵਰਣਿਤ ਪ੍ਰਯੋਜਨ (ਪ੍ਰਭੂ-ਪਤੀ ਨੂੰ ਮਨ ਵਿਚ ਧਾਰਨ ਕਰਕੇ ਉਸ ਦਾ ਗੁਣ-ਗਾਣ ਕਰਦੇ ਹੋਏ ਉਸ ਸਦੀਵੀ ਸੱਚ ਵਿਚ ਅਭੇਦ ਹੋ ਕੇ ਪੂਰਨਤਾ ਦੀ ਪ੍ਰਾਪਤੀ ਲਈ ਯਤਨਸ਼ੀਲਤਾ) ਨੂੰ ਨਿਭਾਇਆ ਗਿਆ ਹੈ। ਇਸ ਤਰ੍ਹਾਂ ਇਸ ਬਾਣੀ ਵਿਚ ਗਉੜੀ ਰਾਗ ਦੀ ਪ੍ਰਕ੍ਰਿਤੀ ਦੇ ਅਨੁਰੂਪ ਸ਼ਾਂਤਮਈ ਭਾਵਾਂ ਦਾ ਸੰਚਾਰ ਹੁੰਦਾ ਹੈ। ਗਉੜੀ ਰਾਗ ਦੁਆਰਾ ਇਸ ਬਾਣੀ ਦੀ ਸੰਚਾਰ ਯੋਗਤਾ ਨਿਸ਼ਚੇ ਹੀ ਵਧ ਗਈ ਹੈ।[108] ਸੰਗੀਤ ਵਿਚ ਰਾਗ ਇਕ ਐਸਾ ਵਿਧਾਨ ਹੈ ਜਿਸਦੇ ਦੁਆਰਾ ਸੁਹਜ ਦੇ ਵਿਸ਼ਸ਼ਟ ਭਾਵਾਂ ਦਾ ਪ੍ਰਕਾਸ਼ਨ ਕੀਤਾ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਰਾਗ ਨੂੰ ਕਾਵਿ ਦੇ ਭਾਵ ਵਿਅੰਜਨਾ ਵਿਚ ਤੀਬਰਤਾ ਲਿਆਉਣ ਲਈ ਪ੍ਰਯੋਗ ਕੀਤਾ। ਉਨ੍ਹਾਂ ਦਾ ਪ੍ਰਯੋਜਨ ਕਾਵਿ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਰਹੱਸਵਾਦੀ ਅਨੁਭਵ ਦੇ ਅਸੰਚਾਰੀ ਭਾਵਾਂ ਨੂੰ ਜਨ ਜੀਵਨ ਦੀ ਪਕੜ ਦੇ ਯੋਗ ਬਣਾਉਣਾ ਸੀ।

ਥਿਤੀ ਬਾਣੀ ਵਿਚ ਕੁਲ 17 ਸਲੋਕ ਤੇ 17 ਪਉੜੀਆਂ ਹਨ। ਸਲੋਕ ਹਰ ਥਾਂ ਪਉੜੀ ਤੋਂ ਪਹਿਲਾਂ ਆਇਆ ਹੈ। ਇਸ ਰਚਨਾ ਵਿਚ ਥੋੜੀ ਬਹੁਤ ਮਾਤਰਾ ਦੀ ਖੁੱਲ੍ਹ ਨੂੰ ਮਾਣਦੇ ਹੋਏ ਗੁਰੂ ਸਾਹਿਬ ਨੇ ਸਲੋਕਾਂ ਵਿਚ ਦੋਹਰਾ ਛੰਦ ਤੇ ਪਉੜੀਆਂ ਵਿਚ ਦੋਹਰਾ ਤੇ ਚੋਪਈ ਦੋਹਾਂ ਛੰਦਾਂ ਦੀ ਵਰਤੋਂ ਕੀਤੀ ਹੈ। ਛੰਦ ਕਾਵਿ ਦੇ ਭਾਵਾਂ ਨੂੰ ਵਧੇਰੇ ਸਪੱਸ਼ਟ ਕਰਦੇ ਹਨ ਅਤੇ ਵਿਚਾਰਾਂ ਨੂੰ ਲੜੀਵਾਰ ਪਰੋਂਦੇ ਹਨ। ਛੰਦ ਕਵਿਤਾ ਦਾ ਨਿਰਾਲਾ ਸੁਹਜ ਤੇ ਨਿਰਾਲੀ ਸੁੰਦਰਤਾ ਹੁੰਦੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਦੋਹਰੇ ਛੰਦ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ ਦੋਹਾ ਸਮ ਮਾਤ੍ਰਿਕ ਛੰਦ ਹੈ। ਇਸਦੇ ਵਿਖਮ ਚਰਣਾਂ ਵਿਚ 13.13 ਅਤੇ ਸਮ ਚਰਣਾਂ ਵਿਚ 11.11 ਮਾਤ੍ਰਾ ਉੱਤੇ ਯਤੀ ਅਥਵਾ ਸਮਚਰਣਾਂ ਦੀ ਤੁਕ ਵਿਚ ਕ੍ਰਮਵਾਰ ਗੁਰੂ ਲਘੂ ਜ਼ਰੂਰੀ ਹੈ। ਇਹ ਛੰਦ ਸਾਰੇ ਵਿਸ਼ਿਆਂ ਦੇ ਅਨੁਕੂਲ ਮੰਨਿਆ ਜਾਦਾ ਹੈ। ਲਘੂ ਗੁਰੂ ਨੂੰ ਵਧਾਣ ਘਟਾਣ ਨਾਲ ਇਸ ਦੀ ਮਾਤ੍ਰਾ ਵਿਚ ਲੋੜੀਂਦਾ ਫਰਕ ਪਾਇਆ ਜਾ ਸਕਦਾ ਹੈ।[109] ਚੌਪਈ ਛੰਦ ਬਾਰੇ ਡਾ. ਕਾਲਾ ਸਿੰਘ ਬੇਦੀ ਦਾ ਵਿਚਾਰ ਹੈ ਕਿ ਇਹ ਛੰਦ ਬਹੁਤ ਹੀ ਹਰਮਨ ਪਿਆਰਾ ਹੈ। ਇਸ ਵਿਚ ਚਾਰ ਤੁਕਾਂ ਹੁੰਦੀਆਂ ਹਨ। ਹਰੇਕ ਤੁਕ ਵਿਚ 15 ਜਾਂ 16 ਮਾਤਰਾਂ ਹੁੰਦੀਆਂ ਹਨ। ਬਿਸਰਾਮ ਜਾਂ ਤੇ 8.7 ਤੇ ਹੁੰਦਾ ਹੈ ਜਾਂ 8.8 ਉੱਪਰ ਹੁੰਦਾ ਹੈ।[110]

ਬਾਣੀ ਥਿਤੀ ਵਿਚ ਸਲੋਕਾਂ ਦੀਆਂ ਤੁਕਾਂ ਦੀ ਗਿਣਤੀ ਦੋ ਅਤੇ ਪਉੜੀ ਦੀਆਂ ਤੁਕਾਂ ਦੀ ਗਿਣਤੀ ਅੱਠ ਹੈ ਪਰ 13ਵੀਂ ਪਉੜੀ ਦੀਆਂ ਕੁੱਲ 10 ਤੁਕਾਂ ਹਨ ਪਉੜੀਆਂ ਅਤੇ ਸਲੋਕਾਂ ਵਿਚ ਵਿਚਾਰਾਂ ਦੀ ਕਾਫੀ ਸਮਾਨਤਾ ਹੈ। ਹਰੇਕ ਪਉੜੀ ਨੂੰ ਸ਼ੁਰੂ ਕਰਨ ਵਿਚ ਪਹਿਲਾਂ ਥਿੱਤ ਦਾ ਨਾਂ ਲਿਆ ਗਿਆ ਹੈ ਸਿਵਾਏ ਅੰਤਲੀ ਪਉੜੀ ਦੇ। ਇਸ ਥਿੱਤ ਦੀ ਧੁਨੀ ਨੂੰ ਮੁੱਖ ਰੱਖ ਕੇ ਅਗਲੇ ਸ਼ਬਦ ਦਾ ਨਿਰਮਾਣ ਕੀਤਾ ਹੈ। ਮਿਸਾਲ ਵਜੋਂ:

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ।।
ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ।।[111]

ਡਾ. ਮਹਿੰਦਰ ਕੌਰ ਗਿੱਲ ਅਨੁਸਾਰ ਗੁਰੂਆਂ ਦੀ ਵਿਲੱਖਣਤਾ ਰਹਾਉ ਦੇ ਪ੍ਰਯੋਗ ਕਰਕੇ ਵੀ ਹੈ। ਆਦਿ ਗ੍ਰੰਥ ਵਿਚ ਰਹਾਉ ਸ਼ਬਦ ਦੀ ਟੇਕ ਅਥਵਾ ਗਾਇਨ ਦਾ ਟੇਕ ਕਰਕੇ ਵਧੇਰੇ ਵਰਤੀ ਗਈ ਹੈ। ਗੁਰੂ ਬਾਣੀ ਰਾਗ ਬੱਧ ਹੈ, ਛੰਦ ਬੱਧ ਹੈ ਤੇ ਤਾਲ ਬੱਧ ਵੀ। ਛੰਦ ਪ੍ਰਯੋਗ ਕਰਦੇ ਸਮੇਂ ਰਾਗ ਤਾਲ ਅਤੇ ਉਸ ਦੇ ਠਹਿਰਾਉ ਨੂੰ ਧਿਆਨ ਵਿਚ ਰੱਖਣਾ ਛੰਦ ਵਿਧਾਨ ਵਿਚ ਮੌਲਿਕ ਤੱਤ ਹੈ।[112] ਬਾਣੀ ਥਿਤੀ ਦਾ ਕੇਂਦਰੀ ਭਾਵ ਵਿਚਾਰ ਗੁਰੂ ਸਾਹਿਬ ਨੇ ਰਹਾਉ ਵਾਲੀ ਤੁਕ ਵਿਚ ਦਿੱਤਾ ਹੈ:

ਗੋਬਿੰਦ ਜਸੁ ਗਾਈਐ ਹਰਿ ਨੀਤ
ਮਿਲਿ ਭਜੀਐ ਸਾਧਸੰਗਿ ਮੇਰੇ ਮੀਤ।।੧।। ਰਹਾਉ।।[113]

ਬਾਣੀ ਥਿਤੀ ਵਿਚ ਨਿਮਰਤਾ ਤੇ ਸ਼ਾਂਤੀ ਭਰਪੂਰ ਵਿਚਾਰ ਪੇਸ਼ ਕੀਤੇ ਗਏ ਹਨ। ਸਦਾਚਾਰ ਉੱਪਰ ਬਲ ਦਿੱਤਾ ਗਿਆ ਹੈ। ਸ਼ੁੱਭ ਗੁਣਾਂ ਦੀ ਪ੍ਰਾਪਤੀ ਦੀ ਪ੍ਰੇਰਣਾ ਦਿੱਤੀ ਹੈ। ਕਰਮ ਕਾਂਡ ਨੂੰ ਤਿਆਗਣ ਅਤੇ ਦੈਵੀ ਕਰਮ ਨੂੰ ਅਪਣਾਉਣ ਲਈ ਸਿੱਖਿਆ ਦਿੱਤੀ। ਗੁਰੂ ਅਰਜਨ ਸਾਹਿਬ ਨੇ ਵਹਿਮਾਂ ਭਰਮਾਂ ਨੂੰ ਧਰਮ ਦਾ ਅੰਗ ਨਹੀਂ ਮੰਨਿਆ ਅਤੇ ਉਹਨਾਂ ਸਾਰੀਆਂ ਥਿੱਤਾਂ ਨੂੰ ਮਹੱਤਵ ਪੂਰਨ ਸਮਝਿਆ ਹੈ। ਗੁਰੂ ਸਾਹਿਬ ਲਈ ਦਿਨ ਰਾਤ ਅਤੇ ਹਰੇਕ ਘੜੀ ਤਦ ਸੁਲੱਖਣੀ ਹੈ ਜੇਕਰ ਉਸ ਵਿਚ ਨੇਕੀ ਦਾ ਕਾਰਜ ਕੀਤਾ ਜਾਵੇ। ਸੋ ਸਪੱਸ਼ਟ ਹੈ ਕਿ ਥਿਤੀ ਬਾਣੀ ਆਪ ਜੀ ਦੇ ਇਹਨਾਂ ਭਾਵਾਂ ਤੇ ਵਿਚਾਰਧਾਰਾ ਦਾ ਹੀ ਉੱਚਤਮ ਪ੍ਰਗਟਾ ਹੈ। ਸੰਗੀਤ ਅਤੇ ਲੈਅ ਪੱਖੋਂ ਥਿਤੀ ਬਾਣੀ ਨੂੰ ਜੇਕਰ ਵਾਚਿਆ ਜਾਵੇ ਤਾਂ ਵੀ ਥਿਤੀ ਸੁਹਜ ਦੀ ਪ੍ਰਮੁੱਖ ਉਦਾਹਰਣ ਹੈ। ਗਉੜੀ ਰਾਗ ਵਿਚ ਰਚੀ ਇਸ ਬਾਣੀ ਵਿਚ ਸੁਹਜ ਅੰਸ਼ ਪੈਦਾ ਕਰਨ ਲਈ ਅਲੰਕਾਰਾਂ, ਬਿੰਬਾਂ, ਪ੍ਰਤੀਕਾਂ ਅਤੇ ਛੰਦਾਂ ਦਾ ਵਿਸ਼ੇਸ਼ ਮਹੱਤਵ

ਸਵੀਕਾਰਿਆ ਜਾ ਸਕਦਾ ਹੈ। "ਬਾਣੀ ਦੀ ਸਿਰਜਣਾ ਦਾ ਮੰਤਵ ਕੇਵਲ ਸੰਦੇਸ਼ ਦਾ ਸੰਚਾਰ ਕਰਨਾ ਹੈ, ਜਿਸ ਸੰਚਾਰ ਹਿੱਤ ਗੁਰੂ ਸਾਹਿਬਾਨ ਕਾਵਿ ਅਤੇ ਸੰਗੀਤ ਨੂੰ ਸੰਯੁਕਤ ਅਤੇ ਵਿਸ਼ੇਸ਼ ਰੂਪ ਵਿਚ ਪ੍ਰਯੋਗ ਕਰ ਰਹੇ ਹਨ। ਕਾਵਿ ਅਤੇ ਸੰਗੀਤ ਦੇ ਸੰਯੁਕਤ ਪ੍ਰਯੋਗ ਦੁਆਰਾ ਸਥਾਪਿਤ ਵਿਸ਼ਿਸ਼ਟ ਬਾਣੀ ਵਿਧਾਨ, ਬਾਣੀ ਦੀ ਪ੍ਰਕਿਰਤੀ ਅਨੁਸਾਰ ਕਾਰਜਸ਼ੀਲ ਰਹਿੰਦਾ ਹੈ। ਗੁਰੂ ਸਾਹਿਬ ਇਸ ਪ੍ਰਯੋਗ ਦੁਆਰਾ ਬਾਣੀ ਅੰਤਰ ਨਿਹਤ ਸਤਿ ਨੂੰ ਸਰਬ ਲੋਕਾਈ ਤੱਕ ਸੰਚਾਰਿਤ ਕਰਦੇ ਹਨ। ਸੰਚਾਰ ਦੀ ਇਹ ਪ੍ਰਸਤੁਤੀ ਆਪਣੇ ਸ੍ਰੋਤਾ/ਪਾਠਕ ਨੂੰ ਕਿਸੇ ਕਾਵਿਕ ਜਾਂ ਸੰਗੀਤਕ ਅਡੰਬਰ ਦਾ ਪ੍ਰਲੋਭਨ ਨਹੀਂ ਦਿੰਦੀ ਅਤੇ ਨਾ ਹੀ ਸੰਸਾਰਿਕ ਸੌਂਦਰਯਾਤਮਕਿ ਦ੍ਰਿਸ਼ਟੀਕੋਣ ਤੋਂ ਉਸਤਤ ਗ੍ਰਾਹਕ ਕਲਾ ਸਰੂਪਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ, ਸਗੋਂ ਇਹ ਆਪਣੇ ਸ੍ਰੋਤੇ ਨੂੰ ਬਾਣੀ ਅਤੇ ਸੰਗੀਤ ਦੇ ਪੰਖਾਂ ਦੁਆਰਾ ਸਹਿਜ ਰੂਪ ਇਹ ਹੀ ਆਤਮਾ ਦੇ ਉਸ ਦੇਸ਼ ਵਿਚ ਪ੍ਰਵੇਸ਼ ਕਰਾਉਂਦੀ ਹੈ ਜਿਸ ਵਿਚ ਆਤਮਿਕ ਆਨੰਦ ਤੇ ਆਤਮਿਕ ਬੋਧ ਦੀ ਪ੍ਰਾਪਤੀ ਹੁੰਦੀ ਹੈ।"[114]

ਸਾਰਾਂਸ਼ ਇਹ ਹੈ ਕਿ ਬਾਣੀ ਥਿਤੀ ਸੰਗੀਤਕ ਸੁਹਜ ਨੂੰ ਕਾਵਿ ਦਾ ਮਹੱਤਵਪੂਰਨ ਆਧਾਰ ਸਵੀਕਾਰ ਕਰਦੀ ਹੋਈ ਆਪਣੀ ਹੋਂਦ ਨੂੰ ਗ੍ਰਹਿਣ ਕਰਦੀ ਹੈ ਅਤੇ ਗੁਰੂ ਸਾਹਿਬ ਦੀ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਨੂੰ ਦੇਣ ਅਸਲ ਵਿਚ ਉਨ੍ਹਾਂ ਦੇ ਰਹੱਸਵਾਦੀ ਅਨੁਭਵ ਦੇ ਸੰਚਾਰ ਦੇ ਮੂਲ ਸਾਧਨਾਂ ਵਿਚ ਸ਼ਬਦ ਦੇ ਨਾਲ ਸੰਗੀਤ ਦੇ ਮਹੱਤਵ ਨੂੰ ਪਹਿਚਾਣਦੀ ਹੋਈ ਹੀ ਪਰਮਾਤਮਾ ਦੇ ਗੁਣ ਗਾਇਣ ਉੱਤੇ ਵਧੇਰੇ ਬਲ ਦਿੰਦੀ ਹੈ।

# ਹਵਾਲੇ ਅਤੇ ਟਿੱਪਣੀਆਂ

1. ਡਾ. ਬਲਕਾਰ ਸਿੰਘ, (ਸੰਪਾ.), ***ਸਿੱਖ ਅਧਿਐਨ***, ਡਾ. ਮਹਿੰਦਰ ਕੌਰ ਗਿੱਲ ਦਾ ਲੇਖ 'ਗੁਰੂ ਅਰਜਨ ਦੇਵ ਜੀਵਨ ਤੇ ਬਾਣੀ : ਇਕ ਪਰਿਚਯ', ਪੰਨਾ 196

2. ਡਾ. ਰਤਨ ਸਿੰਘ ਜੱਗੀ, ***ਗੁਰੂ ਗ੍ਰੰਥ ਵਿਸ਼ਵ ਕੋਸ਼***, ਭਾਗ ਪਹਿਲਾ, (ਭੂਮਿਕਾ- V)

3. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 612

4. ਪ੍ਰੋ. ਸਾਹਿਬ ਸਿੰਘ, ***ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ***, ਪੋਥੀ ਦੂਜੀ, ਪੰਨਾ 722

5. "True to the spirit of Gurbani, Thitti is Saturated with the spiritual message expounded by the Sikh Gurus. It sings the glory of the supreme being and calls upon Human beings not to remain engrossed in mundane pursuits. The composition urges man to shun wordly temptations and seek shelter with the Lord Creator who is all pervasive. The countless forms of the Divine Being proclaim the same reality." Dr. Harbans Lal Agnihotri, ***Guru Arjan Dev The Poet Prophet***, page 78

6. ***ਆਦਿ ਗ੍ਰੰਥ***, ਅੰਗ 296

7. "Thitti, with the variation THITTIN, is a little shared by three different compositions, one each by Guru Nanak, Guru Arjan and Kabir, in the Guru Granth Sahib.According to traditional Indian Calender, thitt (Skt. Tithi) denotes a day or a date of the lunar cycle of the month.In Brahmanical ritualism, certain lunar days acquired Sanctity for being associated with some deity or incarnation of god or goddess and began to be observed as expecially auspicious. The Thitti hymns discount enanced the notion of the day being more propitious than the others.All days, they reiterate, are auspicious if devoted to God's remembrance and to good deeds". ***The Encyclopaedia of Sikhism***, Volume IV, pager 352

8. ***ਆਦਿ ਗ੍ਰੰਥ***, ਅੰਗ 840

9. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***, ਪੰਨਾ 189-190

10. ***ਆਦਿ ਗ੍ਰੰਥ***, ਅੰਗ 300

11. ਉਹੀ

12. ਉਹੀ

13. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਕਾਵਿ ਦੇ ਤੱਤ***, ਪੰਨਾ 99

14. ਡਾ. ਯੋਗਰਾਜ, ***ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦਾ ਸੁਹਜ-ਸ਼ਾਸਤਰ***, ਪੰਨਾ 99-100

15. ***ਆਦਿ ਗ੍ਰੰਥ***, ਅੰਗ 296

16. ਉਹੀ, ਅੰਗ 300

17. ਉਹੀ, ਅੰਗ 300

18. ਡਾ. ਕਾਲਾ ਸਿੰਘ ਬੇਦੀ, ***ਗੁਰੂ ਨਾਨਕ ਕਾਵਿ-ਕਲਾ***, ਪੰਨਾ 140

19. ***ਆਦਿ ਗ੍ਰੰਥ***, ਅੰਗ 296

20. ਉਹੀ, ਅੰਗ 297

21. ਉਹੀ, ਅੰਗ 297

22. ਉਹੀ, ਅੰਗ 299

23. ਉਹੀ, ਅੰਗ 299

24. ਉਹੀ, ਅੰਗ 300

25. ਡਾ. ਕੇਦਾਰ ਨਾਥ, ***ਆਧੁਨਿਕ ਹਿੰਦੀ ਕਵਿਤਾ ਮੇਂ ਬਿੰਬ ਵਿਧਾਨ***, ਪੰਨਾ 143

26. ***ਆਦਿ ਗ੍ਰੰਥ***, ਅੰਗ 297

27. ਉਹੀ, ਅੰਗ 297

28. ਉਹੀ, ਅੰਗ 298

29. ਉਹੀ, ਅੰਗ 299

30. ਉਹੀ, ਅੰਗ 298

31. ਉਹੀ, ਅੰਗ 297

32. ਉਹੀ, ਅੰਗ 297

33. ਉਹੀ, ਅੰਗ 298-299

34. ਉਹੀ, ਅੰਗ 296

35. ਉਹੀ, ਅੰਗ 297

36. ਉਹੀ, ਅੰਗ 297

37. ਉਹੀ, ਅੰਗ 297

38. ਉਹੀ, ਅੰਗ 297

39. ਉਹੀ, ਅੰਗ 298

40. ਉਹੀ, ਅੰਗ 298

41. ਉਹੀ, ਅੰਗ 298

42. ਉਹੀ, ਅੰਗ 298

43. ਉਹੀ, ਅੰਗ 298

44. ਉਹੀ, ਅੰਗ 299

45. ਉਹੀ, ਅੰਗ 299

46. 'ਕੀਰਤਨ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ', ***ਆਦਿ ਗ੍ਰੰਥ***, ਅੰਗ 893

47. ***ਆਦਿ ਗ੍ਰੰਥ***, ਅੰਕ 299

48. ***ਆਧੁਨਿਕ ਹਿੰਦੀ ਕਵਿਤਾ ਮੇਂ ਪ੍ਰਤੀਕ ਵਿਧਾਨ***, ਪੰਨਾ 22

49. ***ਸੌਂਦਰਯ ਸ਼ਾਸਤਰ ਕੇ ਤੱਤਵ***, ਪੰਨਾ 256

50. The symbol may very in their contexts but their meaning is always clear. They have save much explanation and they give a concrete form of ideas that would otherwise be dim – ***Heritage of Symbolism***, page 212

51. ***ਆਦਿ ਗ੍ਰੰਥ***, ਅੰਗ 298

52. ਉਹੀ, ਅੰਗ 296

53. ਉਹੀ, ਅੰਗ 298

54. ਉਹੀ, ਅੰਗ 298

55. ਉਹੀ, ਅੰਗ 300

56. ਉਹੀ, ਅੰਗ 296

57. ਉਹੀ, ਅੰਗ 296

58. ਉਹੀ, ਅੰਗ 296

59. ਉਹੀ, ਅੰਗ 298

60. ਉਹੀ, ਅੰਗ 300

61. ਉਹੀ, ਅੰਗ 296

62. ਉਹੀ, ਅੰਗ 297

63. ਉਹੀ, ਅੰਗ 297

64. ਉਹੀ, ਅੰਗ 298

65. ਉਹੀ, ਅੰਗ 297

66. ਉਹੀ, ਅੰਗ 297

67. ਉਹੀ, ਅੰਗ 298

68. ਉਹੀ, ਅੰਗ 298

69. ਉਹੀ, ਅੰਗ 297

70. ਉਹੀ, ਅੰਗ 298

71. ਉਹੀ, ਅੰਗ 299

72. ***ਸ੍ਰੀ ਗੁਰੂ ਗ੍ਰੰਥ ਪ੍ਰਕਾਸ਼***, ਪੰਨਾ 230

73. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਭਾਰਤੀ ਕਾਵਿ-ਸ਼ਾਸਤਰ***, ਪੰਨਾ 278

74. ਡਾ. ਗੁਰਸ਼ਰਨ ਕੌਰ ਜੱਗੀ, ***ਭਾਰਤੀ ਕਾਵਿ-ਸ਼ਾਸਤਰ***, ਪੰਨਾ 71

75. ***ਆਦਿ ਗ੍ਰੰਥ***, ਅੰਗ 297

76. ਉਹੀ, ਅੰਗ 297

77. ਉਹੀ, ਅੰਗ 298

78. ਉਹੀ, ਅੰਗ 298

79. ਉਹੀ, ਅੰਗ 299

80. ਉਹੀ, ਅੰਗ 300

81. ਉਹੀ, ਅੰਗ 300

82. ਡਾ. ਗੁਰਸ਼ਰਨ ਕੌਰ ਜੱਗੀ, ਉਹੀ, ਪੰਨਾ 73

83. ***ਆਦਿ ਗ੍ਰੰਥ***, ਅੰਗ 297

84. ਉਹੀ, ਅੰਗ 298

85. ਉਹੀ, ਅੰਗ 298

86. ਉਹੀ, ਅੰਗ 300

87. ਉਹੀ, ਅੰਗ 300

88. ਡਾ. ਯੋਗਰਾਜ, ***ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦਾ ਸੁਹਜ-ਸ਼ਾਸਤਰ***, ਪੰਨਾ 117

89. ***ਆਦਿ ਗ੍ਰੰਥ***, ਅੰਗ 296

90. ਉਹੀ, ਅੰਗ 296

91. ਉਹੀ, ਅੰਗ 298

92. ਉਹੀ, ਅੰਗ 298

93. ਉਹੀ ਅੰਗ 299

94. ਉਹੀ, ਅੰਗ 300

95. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਕਾਵਿ ਦੇ ਤੱਤ***, ਪੰਨਾ 143

96. ***ਆਦਿ ਗ੍ਰੰਥ***, ਅੰਗ 299

97. ਉਹੀ, ਅੰਗ 298

98. ਡਾ. ਰਜਨੀ ਬਾਲਾ, ***ਭਾਰਤੀ ਕਾਵਿ-ਸ਼ਾਸਤਰ ਤੇ ਆਧੁਨਿਕ ਕਵਿਤਾ***, ਪੰਨਾ 44

99. ***ਆਦਿ ਗ੍ਰੰਥ***, ਅੰਗ 297

100. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਕਾਵਿ ਤੇ ਤੱਤ***, ਪੰਨਾ 136

101. ***ਆਦਿ ਗ੍ਰੰਥ***, ਅੰਗ 299

102. ਸ਼ਾਂਤੀ ਸ੍ਰੀ ਖੰਡ, ***ਸੰਗੀਤ ਸ਼ਾਸਤਰ ਦਰਪਣ***, ਪੰਨਾ 1

103. ਡਾ. ਬਲਬੀਰ ਸਿੰਘ, 'ਰਬਾਬ', ***ਗੁਰਮਤਿ ਸੰਗੀਤ*** (ਸੰਪਾ.) ਭਾਗ ਪਹਿਲਾ, ਪੰਨਾ 67

104. ਡਾ. ਯੋਗਰਾਜ, ਉਹੀ, ਪੰਨਾ 127-128

105. ***ਸ਼ਾਸਤ੍ਰੀਯ ਸਮੀਕਸ਼ਾ ਕੇ ਸਿਧਾਂਤ***, ਪੰਨਾ 2

106. ਡਾ. ਤਾਰਨ ਸਿੰਘ, ***ਪੰਜਾਬੀ ਕਵਿਤਾ***, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ, ਪੰਜਾਬੀ ਸਾਹਿਤ ਤੇ ਸਾਹਿਤਕਾਰ, ਪੰਨਾ 60

107. ***ਆਦਿ ਗ੍ਰੰਥ***, ਅੰਗ 311

108. ਡਾ. ਜਸਬੀਰ ਕੌਰ, ਪਰਮਜੀਤ ਸਿੰਘ ਪੰਮੀ (ਸੰਪਾ.), ***ਗੁਰੂ ਅਰਜਨ ਦੇਵ ਜੀਵਨ ਤੇ ਸਖ਼ਸ਼ੀਅਤ,*** ਪੰਨਾ 86-87

109. ਭਾਈ ਕਾਨ੍ਹ ਸਿੰਘ ਨਾਭਾ, ***ਗੁਰਛੰਦ ਦਿਵਾਕਰ***, ਪੰਨਾ 5

110. ਡਾ. ਕਾਲਾ ਸਿੰਘ ਬੇਦੀ, ***ਗੁਰੂ ਨਾਨਕ - ਕਾਵਿ ਕਲਾ***, ਪੰਨਾ 317

111. ***ਆਦਿ ਗ੍ਰੰਥ***, ਅੰਗ 299

112. ਡਾ. ਮਹਿੰਦਰ ਕੌਰ ਗਿੱਲ, ਉਹੀ, ਪੰਨਾ 374

113. ***ਆਦਿ ਗ੍ਰੰਥ***, ਅੰਗ 296

114. ***ਖੋਜ ਪਤ੍ਰਿਕਾ***, ਬਾਣੀ ਕਾਵਿ ਰੂਪ ਵਿਸ਼ੇਸ਼ ਅੰਕ- 50, ਸਤੰਬਰ 2003, ਪੰਨਾ 1

ਅਧਿਆਇ ਛੇਵਾਂ

*

*

*

# ਗੁਰੂ ਅਰਜਨ ਦੇਵ ਰਚਿਤ ਬਾਣੀ ਬਾਵਨ ਅਖਰੀ ਦਾ

# ਸੁਹਜ-ਸ਼ਾਸਤਰੀ ਅਧਿਐਨ

(ੳ) ਬਾਣੀ ਬਾਵਨ ਅਖਰੀ : ਰੂਪਾਕਾਰਕ ਵਿਸ਼ਲੇਸ਼ਣ

(ਅ) ਬਾਣੀ ਬਾਵਨ ਅਖਰੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

(1) ਬਿੰਬ ਸਿਰਜਣਾ

(2) ਪ੍ਰਤੀਕ ਵਿਧਾਨ

(3) ਅਲੰਕਾਰਾਂ ਦਾ ਪ੍ਰਯੋਗ

(4) ਸੰਗੀਤ ਅਤੇ ਲੈਅ

# ਗੁਰੂ ਅਰਜਨ ਦੇਵ ਰਚਿਤ ਬਾਣੀ ਬਾਵਨ ਅਖਰੀ ਦਾ

# ਸੁਹਜ-ਸ਼ਾਸਤਰੀ ਅਧਿਐਨ

## (ੳ) ਬਾਣੀ ਬਾਵਨ ਅਖਰੀ: ਰੂਪਾਕਾਰਕ ਵਿਸ਼ਲੇਸ਼ਣ

ਪੰਜਾਬੀ ਸਾਹਿਤ ਵਿਚਲੀ ਅਧਿਆਤਮਿਕ ਧਾਰਾ ਦੀ ਕਵਿਤਾ ਵਿਚ ਗਿਣਤੀ ਦੇ ਪੱਖ ਤੋਂ ਸਭ ਨਾਲੋਂ ਵੱਧ ਦੇਣ ਗੁਰੂ ਅਰਜਨ ਦੇਵ ਜੀ ਦੀ ਹੈ। ਉਹ ਸਿੱਖ ਵਿਚਾਰਧਾਰਾ ਤੇ ਸਿੱਖ ਜੀਵਨ ਜਾਚ ਦੇ ਨੇਤਾ ਹੋਣ ਤੋਂ ਛੁੱਟ ਇਕ ਅਨੁਭਵੀ ਸਾਹਿਤਕਾਰ ਤੇ ਰਾਸ਼ਟਰ ਨਿਰਮਾਤਾ ਵੀ ਹਨ। ਉਹਨਾਂ ਨੇ ਆਪਣੇ ਆਦਰਸ਼ ਜੀਵਨ ਨਾਲ ਪੰਜਾਬ ਦੇ ਇਤਿਹਾਸ ਉਤੇ ਇੰਨੇ ਡੂੰਘੇ ਨਕਸ਼ ਪਾਏ ਕਿ ਸਦੀਆਂ ਦੀ ਧੂੜ ਉਹਨਾਂ ਨੂੰ ਨਹੀਂ ਮਿਟਾ ਸਕਦੀ। ਇਹਨਾਂ ਦੀ ਬਾਣੀ ਨਾਲ ਜਿਥੇ ਅਧਿਆਤਮਿਕ ਸਾਹਿਤ ਸਿਖਰਾਂ ਨੂੰ ਛੂੰਹਦਾ ਹੈ, ਉਥੇ ਪੰਜਾਬੀ ਸਾਹਿਤ ਵਿਚ ਇਸ ਨਾਲ ਇਕ ਨਵਾਂ ਮੋੜ ਤੇ ਨਵਾਂ ਯੁੱਗ ਸ਼ੁਰੂ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦਾ ਕਾਵਿ ਉਦੇਸ਼ ਉਹਨਾਂ ਦੇ ਜੀਵਨ ਉਦੇਸ਼ ਦੇ ਅਨੁਕੂਲ ਸੀ। ਉਨ੍ਹਾਂ ਨੇ ਸਾਰਾ ਸਾਹਿਤ ਸਮੇਂ ਦੀਆਂ ਜੀਵਨ ਮਈ ਲੋੜਾਂ ਨੂੰ ਮੁੱਖ ਰੱਖ ਕੇ ਅਤੇ ਮੂਲ ਰੂਪ ਵਿਚ ਲੋਕਾਈ ਲਈ ਰਚਿਆ ਗਿਆ ਹੈ। ਇਸ ਲਈ ਗੁਰੂ ਸਾਹਿਬ ਨੇ ਆਪਣੇ ਕਾਵਿ ਦੀ ਰਚਨਾ ਪ੍ਰਸਿੱਧ ਲੋਕ ਕਾਵਿ ਰੂਪਾਂ ਦੇ ਮਾਧਿਅਮ ਦੁਆਰਾ ਕੀਤੀ। ਇਸ ਸੰਬੰਧੀ ਡਾ. ਮਹਿੰਦਰ ਕੌਰ ਗਿੱਲ ਖਾਸ ਸੰਕੇਤ ਇਹ ਦਿੰਦੇ ਹਨ:

> ਗੁਰੂ ਅਰਜਨ ਦੇਵ ਜੀ ਨੇ ਬਹੁਤ ਸਾਰੇ ਲੋਕ ਕਾਵਿ ਰੂਪਾਂ ਦੀ ਬਣਤਰ ਨੂੰ ਬਾਣੀ ਸਿਰਜਣ ਦਾ ਮਾਧਿਅਮ ਬਣਾਇਆ ਹੈ। ਇਹਨਾਂ ਸੱਖਣੇ ਸਾਂਚਿਆਂ ਵਿਚ ਵਸਤੂ-ਸਾਮਗ੍ਰੀ ਆਪਣੇ ਰੰਗ ਦੀ ਇਕ ਪਾਸੇ, ਲੋਕਾਂ ਨੂੰ ਦਾਰਸ਼ਨਿਕ ਗੱਲਾਂ ਲੋਕ ਮੁਹਾਵਰੇ ਵਿਚ ਸਮਝਾ ਦਿੱਤੀਆਂ। ਦੂਜੇ ਪਾਸੇ, ਲੋਕ ਸੰਸਕ੍ਰਿਤੀ ਜੋ ਲੋਕ ਬੁੱਲ੍ਹਾਂ ਉੱਪਰ ਹੀ ਜੀਉਂਦੀ ਰਹੀ ਸੀ, ਉਸ ਨੂੰ ਮੌਖਿਕਤਾ ਦੀ ਪੱਧਰ ਤੋਂ ਚੁੱਕ ਕੇ ਲਿਖਤੀ ਜਾਮਾ ਪਹਿਨਾ ਦਿੱਤਾ। ਇਹ ਸੰਸਕ੍ਰਿਤੀ ਪੱਕੀ ਪੀਡੀ ਨੁਹਾਰ ਵਾਲੀ ਬਣ ਗਈ। ਇਤਨਾ ਤਾਂ ਸਪੱਸ਼ਟ ਹੀ ਹੈ ਲੋਕ ਸੰਸਕ੍ਰਿਤੀ ਸਰਬ ਸਾਂਝਾ ਸਰਮਾਇਆ ਹੈ। ਗੁਰੂ ਅਰਜਨ ਦੇਵ ਜੀ ਨੇ ਲੋਕ ਸਰਮਾਏ ਨੂੰ ਸੰਚਾਰ ਦਾ ਮਾਧਿਅਮ ਬਣਾ ਕੇ ਸਰਬ ਸਾਂਝੀਵਾਲਤਾ ਦਾ ਡੰਕਾ ਵਜਾ ਦਿੱਤਾ।[1]

ਗੁਰਮਤਿ ਸਾਹਿਤ ਦੀ ਦੀਰਘ ਪਰੰਪਰਾ ਵਿਚ ਗੁਰੂ ਕਵੀਆਂ ਦੁਆਰਾ ਕਿਧਰੇ ਵਿਭਿੰਨ ਮਹੀਨਿਆਂ ਅਤੇ ਰੁੱਤਾਂ ਦੇ ਨਾਮ ਉੱਤੇ ਰਚਨਾ ਕਰ ਕੇ 'ਬਾਰਹ ਮਾਹਾ' ਅਤੇ 'ਰੁਤੀ' ਰਚਨਾਵਾਂ ਸਿਰਜੀਆਂ ਹਨ ਅਤੇ ਕਿਧਰੇ ਵਿਭਿੰਨ ਮਿੱਤੀਆਂ ਦੇ ਆਧਾਰ ਉੱਤੇ 'ਥਿਤੀ' ਜਾਂ 'ਤਿਥਿ' ਕਾਵਿ ਰੂਪ ਦੀ ਸਿਰਜਣਾ ਕੀਤੀ ਗਈ ਹੈ। ਇਸ ਦੇ ਨਾਲ ਹੀ ਕਿਧਰੇ ਵਿਭਿੰਨ ਦਿਨਾਂ/ਵਾਰਾਂ ਦੇ ਨਾਵਾਂ ਨੂੰ ਆਧਾਰ ਬਣਾ ਕੇ 'ਸਤਵਾਰੇ' ਜਾਂ 'ਅਠਵਾਰੇ' ਦੀ ਸਿਰਜਣਾ ਹੋਈ ਹੈ। ਅਜਿਹੇ ਹੀ ਇਕ ਹੋਰ ਕਾਵਿ ਰੂਪ ਬਾਵਨ ਅਖਰੀ ਦਾ ਇਸਤੇਮਾਲ ਵੀ ਹੋਇਆ ਹੈ ਜਿਸ ਵਿਚ ਵਰਣਮਾਲਾਵਾਂ ਦੀਆਂ ਧੁਨੀਆਂ ਨੂੰ ਆਧਾਰ ਬਣਾ ਕੇ ਕਾਵਿ ਸਿਰਜਣਾ ਕੀਤੀ ਜਾਂਦੀ ਹੈ। ਸਾਡੇ ਅਧਿਐਨ ਦਾ ਕੇਂਦਰ ਬਿੰਦੂ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਇਸ ਖਾਸ ਕਿਸਮ ਦੇ ਸਾਹਿਤਕ ਰੂਪਾਕਾਰ ਦਾ ਸੁਹਜ-ਸ਼ਾਸਤਰੀ ਅਧਿਐਨ ਕਰਨਾ ਹੈ। ਕਿਸੇ ਭਾਸ਼ਾ ਦੀ ਲਿੱਪੀ ਦੇ ਅੱਖਰਾਂ ਨੂੰ ਇਕੱਠੇ ਵਰਣਮਾਲਾ ਆਖਿਆ ਜਾਂਦਾ ਹੈ ਅਤੇ ਜਦੋਂ ਕੋਈ ਕਵੀ ਵਰਣਮਾਲਾ ਨੂੰ ਲੈ ਕੇ ਉਹਦੇ ਅੱਖਰਾਂ ਨੂੰ ਕਾਵਿ ਟੁਕੜੀਆਂ ਦੇ ਆਰੰਭ ਵਿਚ ਰੱਖ ਕੇ ਕਵਿਤਾ ਰਚੇ ਤਾਂ ਉਹ ਵਰਣਮਾਲਾ ਕਾਵਿ ਪ੍ਰਬੰਧ ਬਣ ਜਾਂਦਾ ਹੈ।

ਵਰਣਮਾਲਾ ਕਾਵਿ ਕਿਸੇ ਵੀ ਪ੍ਰਕਾਰ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ3 ਲਿਖੀ ਜਾ ਸਕਦੀ ਹੈ। ਇਹ ਕੇਵਲ ਕਾਵਿ ਭਾਵਾਂ ਨੂੰ ਉਜਾਗਰ ਕਰਨ ਦੀ ਇਕ ਅੱਖਰ ਕਰਮ ਦੀ ਵਿਸ਼ੇਸ਼ ਘੜੀ ਹੋਈ ਵਿਉਂਤ ਹੈ। ਡਾ. ਮੋਹਨ ਸਿੰਘ ਦੀਵਾਨਾ ਦਾ ਵਿਚਾਰ ਹੈ:

> ਵਰਣਮਾਲਾ ਦੀ ਵਰਤੋਂ ਪਰਮਾਨਿਕ ਅੱਖਰ ਜੋੜ, ਉਨ੍ਹਾਂ ਦਾ ਠੀਕ ਉਚਾਰਨ ਅਤੇ ਅੱਖਰਾਂ ਨਾਲ ਅਧਿਆਤਮਿਕ ਭਾਵਾਂ ਨੂੰ ਜੋੜਨ ਲਈ ਕੀਤੀ ਜਾਂਦੀ ਰਹੀ ਹੈ, ਜਿਵੇਂ ਸੰਸਕ੍ਰਿਤੀ ਵਿਚ ਏਕਾਕਸ਼ਰੀ, ਇਬਰਾਨੀ ਵਿਚ ਐਲਫਾਬੈਟ ਪੋਇਮ, ਹਿੰਦਵੀ ਵਿਚ ਕਨਪਟੇ ਨਾਥਾਂ ਦੀ ਚੌਤੀਸੀ (ਗੁਰਮੁਖੀ-ਸਿਧ ਮਾਤ੍ਰਿ ਦੇ 34 ਅੱਖਰ), ਹਿੰਦੀ ਵਿਚ ਬਾਵਨ ਅਖਰੀ, ਪੰਜਾਬੀ ਵਿਚ ਪੱਟੀ ਜਾਂ ਪੈਂਤੀ ਅਖਰੀ ਆਦਿ।[2]

ਬਾਣੀ ਬਾਵਨ ਅਖਰੀ ਦੇ ਸੁਹਜ-ਸ਼ਾਸਤਰ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਉਪਰੋਕਤ ਕਾਵਿ ਰੂਪਾਂ ਬਾਰੇ ਵੀ ਸੰਖੇਪ ਵਿਚ ਵਿਚਾਰ ਕਰਨੀ ਜ਼ਰੂਰੀ ਬਣ ਜਾਂਦੀ ਹੈ।

**ਏਕਾਕਸ਼ਰੀ**

ਸੰਸਕ੍ਰਿਤ ਵਿਚ ਵਰਣਮਾਲਾ ਦੇ ਅੱਖਰ ਕ੍ਰਮ ਅਨੁਸਾਰ ਲਿਖਿਆ ਕਾਵਿ-ਰੂਪ ਏਕਾਕਸ਼ਰੀ ਬਾਰੇ ਜਾਣਕਾਰੀ ਮਿਲਦੀ ਹੈ। ਪੰਜਾਬੀ ਵਿਚ 'ਏਕ ਅੱਖਰੀ' ਇਕ ਵਰਣਿਕ ਛੰਦ ਹੈ ਜਿਸ ਦੇ 5 ਭੇਦ ਹਨ।

"ਇਹ ਸ਼ਬਦ 'ਏਕ ਅੱਖਰੀ' ਸੰਸਕ੍ਰਿਤ ਦੇ ਸ਼ਬਦ 'ਏਕਾਛਰੀ' ਤੇ 'ਏਕ ਅੱਛਰੀ' ਦਾ ਤਦਭਵ ਰੂਪ ਹੈ। ਇਸ ਦਾ ਹੋਰ ਨਾਂ ਏਕਾਕਰੀ ਵੀ ਹੈ।"[3]

**ਚੌਂਤੀਸਾ**

ਹਿੰਦੀ ਵਿਚ ਦੇਵਨਾਗਰੀ ਲਿੱਪੀ ਦੇ ਅੱਖਰਾਂ ਨੂੰ ਆਧਾਰ ਬਣਾ ਕੇ ਲਿਖੀਆਂ ਗਈਆਂ ਰਚਨਾਵਾਂ ਨੂੰ ਬਾਵਨੀ, ਚੌਂਤੀਸਾ, ਬਾਰਹਖੜੀ, ਕਕਹਿਰਾ ਅਤੇ ਅਖਰਾਵਟ ਕਿਹਾ ਗਿਆ ਹੈ। ਭਾਰਤ ਦੇ ਕੰਨਪਾਟੇ ਨਾਥਾਂ ਜੋਗੀਆਂ ਨੇ ਆਪਣੀ ਕਾਵਿ ਰਚਨਾ ਆਮ ਕਰਕੇ ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਸਮਝੀ ਜਾਣ ਵਾਲੀ ਰਲੀ ਮਿਲੀ ਸੰਤ ਭਾਖਾ, ਹਿੰਦਕੀ ਵਿਚ ਹੀ ਚੌਂਤੀ ਅੱਖਰਾਂ ਤੇ ਆਧਾਰਤ ਚੌਂਤੀਸੀ ਕਵਿਤਾ ਲਿਖਣੀ ਸ਼ੁਰੂ ਕੀਤੀ। ਭਾਰਤੀਯ ਸਾਹਿਤਯ ਕੋਸ਼ ਅਨੁਸਾਰ:

> ਚੌਂਤੀਸਾ ਇਕ ਅੱਖਰ ਕ੍ਰਮ ਵਾਲੀ ਰਚਨਾ ਹੈ ਇਸ ਵਿਚ ਕ (क) ਤੋਂ ਲੈ ਕੇ ਕਸ਼ਾ 'क्ष' ਤੱਕ ਚੌਂਤੀਸ ਵਿਅੰਜਨ ਵਰਣਾਂ ਦਾ ਕ੍ਰਮਵਾਰ ਪਦ ਦੇ ਆਰੰਭ ਵਿਚ ਵਰਣ ਦੇ ਰੂਪ ਵਿਚ ਪ੍ਰਯੋਗ ਹੁੰਦਾ ਹੈ। ਇਸ ਲਈ ਸਾਧਾਰਨ ਰੂਪ ਵਿਚ ਇਸ ਵਿਚ ਚੌਂਤੀ ਪਦਾਂ ਦੀ ਯੋਜਨਾ ਹੁੰਦੀ ਹੈ ਕਿੰਤੂ ਇਸ ਵਿਚ ਅਨੇਕ ਸਥਾਨਾਂ ਤੇ ਭਿੰਨਤਾ ਦਿਖਾਈ ਦਿੰਦੀ ਹੈ।[4]

ਪਹਿਲਾ ਅੱਖਰ ਕਾਵਿ ਰੂਪ ਗੋਰਖ ਨਾਥ ਦਾ ਗਿਆਨ ਚੌਂਤੀਸਾ ਹੈ ਤੇ ਉਸ ਤੋਂ ਬਾਅਦ ਕਬੀਰ ਚੌਂਤੀਸਾ ਮਹੱਤਵਪੂਰਨ ਹੈ। "ਕਬੀਰ ਦਾ ਚੌਂਤੀਸਾ, ਆਦਿ ਗ੍ਰੰਥ ਵਿਚ ਸੰਮਿਲਿਤ ਬਾਵਨ ਅਖਰੀ ਅਤੇ ਬਾਵਨੀ ਵਿਚ ਕਾਫੀ ਸਾਂਝ ਹੈ ਇਨ੍ਹਾਂ ਤਿੰਨਾਂ ਰਚਨਾਵਾਂ ਦੀਆਂ ਅਨੇਕ ਪੰਗਤੀਆਂ ਆਪਸ ਵਿਚ ਮਿਲਦੀਆਂ ਜੁਲਦੀਆਂ ਹਨ ਕਿਤੇ ਕਿਤੇ ਇੰਜ ਵੀ ਪ੍ਰਤੀਤ ਹੁੰਦਾ ਹੈ ਕਿ ਇਹ ਤਿੰਨੇ ਰਚਨਾਵਾਂ ਇਕ ਹੀ ਹਨ। ਕੇਵਲ ਪਾਠ ਭੇਦ ਅਤੇ ਸਥਾਨ ਭੇਦ ਦੇ ਕਾਰਨ ਇਨ੍ਹਾਂ ਵਿਚ ਨਾਮ ਵਿਚ ਵੀ ਭੇਦ ਹੋ ਗਿਆ ਹੈ।"[5]

**ਸੀਹਰਫ਼ੀ**

ਸੀਹਰਫ਼ੀ ਵੀ ਇਕ ਅਜਿਹਾ ਕਾਵਿ ਰੂਪ ਹੈ ਜੋ ਕਿ ਵਰਣਮਾਲਾ ਉਪਰ ਆਧਾਰਿਤ ਹੈ ਅਤੇ ਇਸਦਾ ਛੰਦ ਨਾਲ ਕੋਈ ਸੰਬੰਧ ਨਹੀਂ ਹੁੰਦਾ ਹੈ। ਸੀਹਰਫ਼ੀ ਫਾਰਸੀ ਦਾ ਸ਼ਬਦ ਹੈ ਫਾਰਸੀ ਵਰਣਮਾਲਾ ਦੇ ਆਧਾਰ ਉੱਤੇ ਕੀਤੀ ਗਈ ਕਾਵਿ ਰਚਨਾ ਨੂੰ ਸੀਹਰਫ਼ੀ ਆਖਦੇ ਹਨ। ਅਲਫ ਤੋਂ ਯੇ ਤੱਕ 30

ਅੱਖਰਾਂ ਦੇ ਆਧਾਰ ਉੱਤੇ ਕੀਤੀ ਗਈ ਕਾਵਿ ਰਚਨਾ ਸੀਹਰਫ਼ੀ ਅਖਵਾਉਂਦੀ ਹੈ। ਸੀਹਰਫ਼ੀ ਦੋ ਸ਼ਬਦ 'ਸੀ' ਅਤੇ 'ਹਰਫ਼ੀ' ਤੋਂ ਮਿਲ ਕੇ ਬਣਿਆ ਹੈ। 'ਸੀ' ਦਾ ਅਰਥ ਹੈ 'ਤੀਹ' ਜਦੋਂ ਕਿ 'ਹਰਫ਼ੀ' ਦਾ ਅਰਥ 'ਅੱਖਰੀ' ਹੈ ਇਸ ਲਈ ਸੀਹਰਫ਼ੀ ਦਾ ਸ਼ਾਬਦਿਕ ਅਰਥ 'ਤੀਹ ਅੱਖਰੀ' ਹੈ। ਡਾ. ਕੁਲਦੀਪ ਸਿੰਘ ਧੀਰ ਲਿਖਦੇ ਹਨ:

> ਸੀਹਰਫ਼ੀ ਉਰਦੂ ਫਾਰਸੀ ਵਰਣਮਾਲਾ ਦੇ ਆਧਾਰ ਤੇ ਰਚੀ ਕਵਿਤਾ ਦਾ ਇਕ ਵਿਸ਼ੇਸ਼ ਕਾਵਿ ਰੂਪ ਹੈ। ਅਸਲ ਵਿਚ ਇਸ ਨੂੰ ਤੀਹ ਬੰਦਾਂ ਵਾਲੀ ਕਵਿਤਾ ਵੀ ਕਿਹਾ ਜਾਂਦਾ ਹੈ।[6]

ਪੰਜਾਬੀ ਸਾਹਿਤ ਵਿਚ ਸੀਹਰਫ਼ੀ ਕਾਵਿ ਦੀ ਪਰੰਪਰਾ ਬਹੁਤ ਲੰਬੀ ਅਤੇ ਅਮੀਰ ਹੈ। ਪੰਜਾਬੀ ਵਿਚ ਪਹਿਲਾ ਸੀਹਰਫ਼ੀ ਲੇਖਕ ਸੁਲਤਾਨ ਬਾਹੂ ਹੋਇਆ ਹੈ।

ਪੰਜਾਬੀ ਵਿਚ ਦੇਵਨਾਗਰੀ, ਗੁਰਮੁੱਖੀ ਅਤੇ ਫਾਰਸੀ ਲਿੱਪੀਆਂ ਦੇ ਆਧਾਰ ਉੱਤੇ ਅੱਖਰ ਕ੍ਰਮ ਅਨੁਸਾਰ ਕਾਵਿ ਰਚਨਾ ਹੋਈ ਹੈ ਕਿਉਂਕਿ ਕਾਵਿ ਰਚਨਾ ਲਈ ਇਨ੍ਹਾਂ ਲਿੱਪੀਆਂ ਵਿਚਲੇ ਵਰਣਾਂ ਨੂੰ ਆਧਾਰ ਬਣਾਇਆ ਗਿਆ ਹੈ। ਆਦਿ ਗ੍ਰੰਥ ਵਿਚ ਬਾਵਨ ਅਖਰੀ ਨਾਲ ਮਿਲਦੀਆਂ ਜੁਲਦੀਆਂ ਕਈ ਬਾਣੀਆਂ ਸੰਕਲਿਤ ਹਨ। ਇਨ੍ਹਾਂ ਵਿਚੋਂ ਦੋ ਬਾਣੀਆਂ ਗੁਰੂ ਨਾਨਕ ਦੇਵ ਜੀ ਦੀ ਰਚਨਾ ਹਨ - ਪਟੀ ਅਤੇ ਦਖਣੀ ਓਅੰਕਾਰ ਅਤੇ ਤੀਸਰੀ ਬਾਣੀ ਪਟੀ ਗੁਰੂ ਅਮਰਦਾਸ ਜੀ ਦੀ ਰਚਨਾ ਹੈ। ਇਹਨਾਂ ਬਾਣੀਆਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ:

**ਪਟੀ** (ਮਹਲਾ ਪਹਿਲਾ)

ਸਾਹਿਤ ਵਿਚ 'ਪਟੀ' ਉਹ ਕਾਵਿ ਰੂਪ ਹੈ ਜਿਸ ਵਿਚ ਗੁਰਮੁੱਖੀ ਵਰਣਮਾਲਾ ਆਸਰੇ ਕੋਈ ਕਵਿਤਾ ਲਿਖੀ ਜਾਵੇ।[7] ਗੁਰਮੁੱਖੀ ਵਰਣਮਾਲਾ ਤੇ ਆਧਾਰਿਤ ਸਭ ਤੋਂ ਪਹਿਲੀ ਰਚਨਾ ਗੁਰੂ ਨਾਨਕ ਦੇਵ ਜੀ ਦੀ ਪਟੀ ਹੈ। ਆਸਾ ਰਾਗ ਵਿਚ ਲਿਖੀ ਬਾਣੀ ਪਟੀ ਗੁਰਮੁੱਖੀ ਵਰਣਮਾਲਾ ਦੇ ਵੱਖ-ਵੱਖ ਵਰਣਾਂ ਨੂੰ ਆਧਾਰ ਬਣਾ ਕੇ ਰਚੀ ਗਈ ਇਕ ਮਹੱਤਵਪੂਰਨ ਰਚਨਾ ਹੈ। ਪ੍ਰੋ. ਗੁਰਦੇਵ ਸਿੰਘ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:

> ਪਟੀ ਦੇ ਸ਼ਬਦੀ ਅਰਥ ਫੱਟੀ ਜਾ ਲਿਖਣ ਵਾਲੀ ਲੱਕੜੀ ਦੀ ਤਖਤੀ ਹੈ ਪਰ ਸਾਹਿਤ ਵਿਚ ਪਟੀ ਤੋਂ ਮੁਰਾਦ ਉਹ ਖਾਸ ਬਾਣੀ ਜਾਂ ਕਾਵਿ ਹੈ ਜਿਸ ਵਿਚ ਵਰਣਮਾਲਾ ਦੇ ਕਰਮ ਅਨੁਸਾਰ

ਸ਼ੁੱਭ ਉਪਦੇਸ਼ ਦਿੱਤਾ ਜਾਂਦਾ ਹੈ। ਗੁਰੂ ਨਾਨਕ ਦੀ ਰਾਗ ਆਸਾ ਪਟੀ ਏਸੇ ਤਰ੍ਹਾਂ ਦੀ ਹੈ : ਸਸੈ ਸੋਇ ਸ੍ਰਿਸਟਿ ਜਿਨ ਸਾਜੀ। ਪਟੀ ਨੂੰ ਕਈ ਵੇਰ ਪੰਜਾਬੀ ਵਿਚ ਪੈਂਤੀ ਅੱਖਰੀ ਆਖ ਦਿੰਦੇ ਹਨ ਕਿਉਂਕਿ ਗੁਰਮੁੱਖੀ ਵਰਣਮਾਲਾ ਦੇ ਮੂਲ ਪੈਂਤੀ ਅੱਖਰ ਹਨ। ਕਾਵਿ ਜਾਂ ਸਾਹਿਤ ਵਿਚ ਪੈਂਤੀ ਅੱਖਰੀ ਦੇ ਪੈਂਤੀ ਅੱਖਰਾਂ ਦੀ ਵਿਆਖਿਆ ਦਰਸਾਉਂਦੀ ਹੋਈ ਉਹ ਰਚਨਾ ਹੈ ਜਿਸ ਦੁਆਰਾ ਕਵੀ ਕੋਈ ਸੰਦੇਸ਼ ਦਿੰਦਾ ਹੈ।[8]

ਇਹ ਬਾਣੀ ਦਰਸਾਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਗੁਰਮੁੱਖੀ ਵਰਣਮਾਲਾ ਦਾ ਕ੍ਰਮ, ਅਜੋਕੀ ਵਰਣਮਾਲਾ ਦੀ ਤਰਤੀਬ ਨਾਲੋਂ ਥੋੜਾ ਜਿਹਾ ਵਿਭਿੰਨ ਸੀ। ਇਸ ਬਾਣੀ ਦਾ ਕੇਂਦਰੀ ਭਾਵ ਗੁਰੂ ਸਾਹਿਬ ਨੇ ਪਹਿਲੇ ਸਲੋਕ ਤੋਂ ਬਾਅਦ ਵਿਚ ਦਿੱਤੀਆਂ ਰਹਾਉ ਵਾਲੀਆਂ ਪੰਕਤੀਆਂ ਵਿਚ ਬਿਆਨ ਕੀਤਾ ਹੈ, ਜੋ ਇਸ ਪ੍ਰਕਾਰ ਹੈ:

ਮਨਿ ਕਾਹੇ ਭੂਲੇ ਮੂੜ ਮਨਾ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥ ਰਹਾਉ॥[9]

ਇਸ ਵਿਚ ਗੁਰਮੁੱਖੀ ਲਿੱਪੀ ਦੇ ਸਾਰੇ ਪੈਂਤੀ ਅੱਖਰ ਆ ਜਾਂਦੇ ਹਨ ਅਤੇ ਗੁਰਮੁਖੀ ਦਾ ਖਾਸ ਅੱਖਰ 'ੜ' ਵੀ ਸ਼ਾਮਿਲ ਹੈ। ਪਟੀ ਬਾਣੀ ਰਾਹੀਂ ਗੁਰੂ ਨਾਨਕ ਗਿਆਨ ਪ੍ਰਾਪਤੀ ਲਈ ਅੱਖਰਾਂ ਦੀ ਰੂਪਾਂਤਰਕਾਰੀ ਸ਼ਕਤੀ ਦਾ ਅਹਿਸਾਸ ਕਰਵਾਉਂਦੇ ਹਨ। ਗੁਰੂ ਸਾਹਿਬ ਦੁਆਰਾ ਰਚਿਤ ਪਟੀ ਬਾਣੀ ਵਿਚ ਇਹਨਾਂ ਅੱਖਰਾਂ ਦੀ ਦੁਨਿਆਵੀ ਵਰਤੋਂ ਦੇ ਨਾਲ ਨਾਲ ਇਹਨਾਂ ਅੱਖਰਾਂ ਦੇ ਪਰਮਾਰਥਕ ਕਾਰਜ ਨੂੰ ਵੀ ਦਰਸਾਇਆ ਹੈ।

**ਦਖਣੀ ਓਅੰਕਾਰ**

ਗੁਰੂ ਨਾਨਕ ਰਚਿਤ ਇਸ ਬਾਣੀ ਵਿਚ ਵਰਣਮਾਲਾ ਦਾ ਸਰੂਪ ਦੇਵਨਾਗਰੀ ਲਿੱਪੀ ਨਾਲ ਮਿਲਦਾ ਹੈ। ਇਸ ਵਿਚ ਦੋ ਚਾਰ ਥਾਵਾਂ ਨੂੰ ਛੱਡ ਕੇ ਹੋਰ ਕਿਧਰੇ ਵੀ ਅੱਖਰਾਂ ਦਾ ਉਚਾਰਨ (ਕੱਕਾ, ਖੱਖਾ) ਆਦਿ ਨਹੀਂ ਦਿੱਤਾ ਗਿਆ। ਇਸ ਰਚਨਾ ਵਿਚ ਕੁਲ 54 ਪਦੇ ਹਨ। ਹਰ ਪਦੇ ਦੇ ਪਹਿਲੇ ਸ਼ਬਦ ਤੋਂ ਹੀ ਅੱਖਰ ਦਾ ਅਨੁਮਾਨ ਲਾਇਆ ਜਾਂਦਾ ਹੈ। ਇਸ ਬਾਣੀ ਦਾ ਕੇਂਦਰੀ ਭਾਵ ਦੂਜੇ ਪਦੇ ਦੇ ਆਰੰਭ ਵਿਚ ਦਿੱਤੀਆਂ ਗਈਆਂ ਰਹਾਉ ਵਾਲੀਆਂ ਪੰਕਤੀਆਂ ਵਿਚ ਵੇਖਿਆ ਜਾ ਸਕਦਾ ਹੈ।

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥

ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥ ੧॥ ਰਹਾਉ॥[10]

**ਪਟੀ (ਮਹਲਾ ਤੀਜਾ)**

ਗੁਰੂ ਅਮਰਦਾਸ ਜੀ ਆਸਾ ਰਾਗ ਵਿਚ ਪਟੀ ਦੀ ਰਚਨਾ ਕਰਦੇ ਹਨ। ਗੁਰੂ ਸਾਹਿਬ ਰੂਪ ਦੇ ਪੱਖ ਤੋਂ ਬਣਤਰੀ ਜੁਗਤਾਂ ਅਤੇ ਰਚਨਾ ਰੂੜ੍ਹੀਆਂ ਮੁਖ ਰੂਪ ਵਿਚ ਗੁਰੂ ਨਾਨਕ ਸਾਹਿਬ ਦੀ ਪਟੀ ਵਾਲੀਆਂ ਹੀ ਵਰਤਦੇ ਹਨ ਪਰ ਇਸ ਬਾਣੀ ਦੇ ਵਰਣਾਂ ਦੀ ਗਿਣਤੀ ਅਤੇ ਵਰਣਕ੍ਰਮ ਵਿਚ ਗੁਰੂ ਨਾਨਕ ਸਾਹਿਬ ਦੀ ਪਟੀ ਨਾਲੋਂ ਵੱਖਰਤਾ ਹੈ। ਇਸ ਪਟੀ ਵਿਚ 35 ਕਾਵਿ ਬੰਦਾਂ ਦੀ ਥਾਂ 18 ਕਾਵਿ ਬੰਦ ਹਨ ਅਤੇ ਨਾਲ ਹੀ ਅੱਖਰਾਂ ਪ੍ਰਥਾਇ ਉਪਦੇਸ਼ ਦਿੱਤਾ ਹੈ। ਰਹਾਉ ਵਾਲੀਆਂ ਪੰਕਤੀਆਂ, ਜੋ ਪਹਿਲੇ ਪਦੇ ਦੇ ਅੰਤ ਅਤੇ ਦੂਜੇ ਦੇ ਆਰੰਭ ਵਿਚ ਆਈਆਂ ਹਨ, ਵਿਚ ਇਸ ਬਾਣੀ ਦਾ ਕੇਂਦਰੀ ਭਾਵ ਅੰਕਿਤ ਹੋਇਆ ਹੈ ਜੋ ਇਸ ਪ੍ਰਕਾਰ ਹਨ:

ਮਨ ਐਸਾ ਲੇਖਾ ਤੂੰ ਕੀ ਪੜਿਆ॥

ਲੇਖਾ ਦੇਣਾ ਤੇਰੈ ਸਿਰਿ ਰਹਿਆ॥ ਰਹਾਉ॥[11]

ਦੋਹਾਂ ਗੁਰੂ ਸਾਹਿਬਾਨਾਂ ਦੀ ਰਚਿਤ ਇਸ ਬਾਣੀ ਵਿਚ ਮਨ ਨੂੰ ਸੰਬੋਧਨ ਕੀਤਾ ਗਿਆ ਹੈ ਅਤੇ ਪ੍ਰਭੂ ਦੀ ਦਰਗਾਹ ਵਿਚ ਲੇਖਾ ਦੇਣ ਵਾਲੀ ਗੱਲ ਯਾਦ ਕਰਵਾਈ ਗਈ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੁਨਿਆਵੀ ਗਿਆਨ ਵਾਲੀ ਪਟੀ ਦਾ ਅਧਿਆਤਮਿਕ ਗਿਆਨ ਵਾਲੀ ਪਟੀ ਦੇ ਰੂਪ ਵਿਚ ਰੂਪਾਂਤਰ ਕਰ ਦਿੰਦੇ ਹਨ। ਇਸ ਬਾਣੀ ਵਿਚ ਅੱਖਰ ਗਿਆਨ ਨੂੰ ਅਧਿਆਤਮਿਕ ਗਿਆਨ ਵਿਚ ਰੂਪਾਂਤਰਿਤ ਕਰਨ ਉੱਪਰ ਜ਼ੋਰ ਦਿੱਤਾ ਗਿਆ ਹੈ। ਇਹੀ ਰੂਪਾਂਤਰ ਬਾਣੀ ਪਟੀ ਦੀ ਆਪਣੀ ਨਿਵੇਕਲੀ ਸਿਰਜਣਾ ਜੁਗਤ ਹੈ। ਹੁਣ ਅਸੀਂ ਬਾਵਨ ਅਖਰੀ ਦੇ ਨਾਲ ਮਿਲਦੇ ਜੁਲਦੇ ਕਾਵਿ ਰੂਪਾਂ ਦੇ ਸਿਧਾਂਤਕ ਪਰਿਪੇਖ ਬਾਰੇ ਵਿਚਾਰ ਚਰਚਾ ਕਰਨ ਤੋਂ ਬਾਅਦ ਅਪਣੇ ਅਧਿਆਇ ਦੇ ਵਿਸ਼ੇ ਵਲ ਆਉਂਦੇ ਹਾਂ।

ਦੇਵਨਾਗਰੀ ਦੇ 52 ਅੱਖਰਾਂ ਦੇ ਆਧਾਰ ਉੱਤੇ ਲਿਖੇ ਗਏ ਕਾਵਿ ਰੂਪ ਨੂੰ ਬਾਵਨ ਅਖਰੀ ਆਖਦੇ ਹਨ। ਦੇਵਨਾਗਰੀ ਵਰਣਮਾਲਾ ਦੇ अ ਤੋਂ ਲੈ ਕੇ ज्ञ ਤਕ ਸਾਰੇ 52 ਵਰਣਾਂ ਨੂੰ ਲੈ ਕੇ ਅਜਿਹੀ ਰਚਨਾ ਕੀਤੀ ਜਾਂਦੀ ਹੈ। ਕਈ ਵਾਰੀ 52 ਵਿਚੋਂ ਕੁਝ ਅੱਖਰ ਚੁਣ ਲਏ ਜਾਂਦੇ ਹਨ ਅਤੇ ਉਨ੍ਹਾਂ ਅਨੁਸਾਰ ਕਾਵਿ ਪੰਕਤੀਆਂ ਰਚੀਆ ਜਾਂਦੀਆ ਹਨ। ਇਸੇ ਕਾਵਿ ਰੂਪ ਦਾ ਇਕ ਹੋਰ ਨਾਮ ਅਖਰਾਵਟ

ਹੈ, ਹਿੰਦੀ ਵਿਚ ਵਰਣਮਾਲਾ ਦੇ ਵਰਣ ਕ੍ਰਮ ਨਾਲ ਲਿਖੇ ਗਏ ਛੰਦਾਂ ਦੀਆਂ ਰਚਨਾਵਾਂ ਨੂੰ ਬਾਵਨੀ, ਕਕਹਰਾ, ਅਖਰਾਵਟ, ਬਾਰਹਖੜੀ ਜਾਂ ਬਾਰਾਂਖੜੀ ਕਿਹਾ ਗਿਆ ਹੈ।[12] ਦੇਵਨਾਗਰੀ ਲਿੱਪੀ ਦੇ ਵਰਣਾਂ ਨੂੰ ਹਰ ਕਾਵਿ ਬੰਦ ਦੇ ਆਰੰਭ ਵਿਚ ਰੱਖ ਕੇ ਰਚੀ ਗਈ ਲੰਬੀ ਬਾਣੀ ਦਾ ਹੀ ਨਾਮ ਬਾਵਨ ਅਖਰੀ ਰਖਿਆ ਗਿਆ ਹੈ। ਪੰਜਾਬੀ ਸਾਹਿਤ ਕੋਸ਼ ਅਨੁਸਾਰ:

> ਬਾਵਨ ਦੇ ਅਰਥ ਹਨ ਬਵਿੰਜਾ ਤੇ ਬਾਵਨ ਅਖਰੀ ਦਾ ਮਤਲਬ ਉਹ ਕਾਵਿ ਕਿਰਤ ਹੈ ਜਿਸ ਵਿਚ ਬਵਿੰਜਾ ਅੱਖਰਾਂ ਦਾ ਵਿਆਖਿਆ ਸਹਿਤ ਉਪਦੇਸ਼ ਦਿੱਤਾ ਗਿਆ ਹੋਵੇ ਜਾਂ ਛੰਦ ਰਚੇ ਗਏ ਹੋਣ। ਕਬੀਰ ਸਾਹਿਬ ਨੇ ਆਖਿਆ ਹੈ 'ਬਾਵਨ ਅੱਖਰ ਸੋਧ ਕੈ ਹਰਿ ਚਰਨੀ ਚਿਤਿ ਲਾਇ' (ਸਲੋਕ ਕਬੀਰ)। ਕਵਿਤਾ ਦਾ ਹਰ ਬੰਦ ਜਾਂ ਛੰਦ ਕ੍ਰਮ ਅਨੁਸਾਰ ਇਕ ਅੱਖਰ ਨਾਲ ਸ਼ੁਰੂ ਹੁੰਦਾ ਹੈ ਤੇ ਕਈ ਵੇਰ ਉਸ ਸ਼ਬਦ ਨਾਲ ਹੁੰਦਾ ਹੈ ਜਿਸ ਦਾ ਮੁੱਢਲਾ ਇਹ ਖਾਸ ਅੱਖਰ ਹੁੰਦਾ ਹੈ।[13]

The Sikh Reference Book ਵਿਚ ਬਾਵਨ ਅਖਰੀ ਦੀ ਪਰਿਭਾਸ਼ਾ ਇਸ ਪ੍ਰਕਾਰ ਅੰਕਿਤ ਹੈ - ਬਾਵਨ ਅਖਰੀ, ਸ਼ਾਬਦਿਕ ਅਰਥਾਂ ਵਿਚ ਇਕ ਕਵਿਤਾ ਜਿਹੜੀ 52 ਅੱਖਰਾਂ ਉੱਪਰ ਉਸਾਰੀ ਜਾਂਦੀ ਹੈ। ਦੇਵਨਾਗਰੀ ਵਰਣਮਾਲਾ ਦੇ ਕੁਲ 52 ਅੱਖਰ ਹਨ। ਹਿੰਦੀ ਸਾਹਿਤ ਵਿਚ ਪੈਰਿਆਂ ਵਿਚ ਬੰਦ ਲਿਖਣ ਦੀ ਰਵਾਇਤ ਰਹੀ ਹੈ। ਹਰ ਇਕ ਬੰਦ ਵਰਣਮਾਲਾ ਦੇ ਇਕ ਅੱਖਰ ਨਾਲ ਸ਼ੁਰੂ ਹੋ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਵਨ ਅਖਰੀਆ ਹਨ ਇਕ ਗੁਰੂ ਅਰਜਨ ਦੇਵ ਜੀ ਦੁਆਰਾ (8 ਤੁਕਾਂ ਦੇ ਨਾਲ ਕੁਲ 55 ਬੰਦ) ਅਤੇ ਦੂਸਰੀ ਭਗਤ ਕਬੀਰ ਜੀ (45 ਬੰਦ) ਦੁਆਰਾ।[14]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ:

> ਜਿਸ ਬਾਣੀ ਵਿਚ 52 ਅੱਖਰਾਂ ਦਾ ਵਰਣਮਾਲਾ ਕ੍ਰਮ ਉਪਦੇਸ਼ ਹੈ। ਗਉੜੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਦੀ ਰਚਨਾ ਅਤੇ ਕਬੀਰ ਜੀ ਦੀ ਬਾਣੀ। ਇਨ੍ਹਾਂ ਬਾਣੀਆਂ ਵਿਚ ਸੰਸਕ੍ਰਿਤ ਦੇ ਅੱਖਰਾਂ ਦਾ ਕ੍ਰਮ ਪੂਰਾ ਨਹੀਂ ਹੈ, ਉਸ ਸਮੇਂ ਜੇਹਾ ਪਾਂਧੇ ਲੋਕ ਅੱਖਰ ਕ੍ਰਮ ਰੱਖਦੇ ਸਨ, ਉਸ ਅਨੁਸਾਰ ਹੈ ਅਰ ਉਚਾਰਣ ਭੀ ਜੇਹੇ ਲੋਕਾਂ ਦੇ ਮੂੰਹ ਚੜ੍ਹੇ ਸਨ ਤੇਹੇ ਹੀ ਹਨ, ਯਥਾ- ਅ, ਉ, ੳ, ਅੰ, ਅ: - ਦੀ ਥਾਂ 'ਆਯੋ ਅੰਙੈ' ਹੈ।[15]

ਸੋ ਸਪੱਸ਼ਟ ਹੈ ਕਿ ਬਾਵਨ ਅਖਰੀ ਕਾਵਿ ਰੂਪ ਦੇ ਅੰਤਰਗਤ ਦੇਵਨਾਗਰੀ ਲਿੱਪੀ ਦੇ 52 ਵਰਣਾਂ ਨੂੰ ਲੈ ਕੇ ਲੰਬੀ ਕਾਵਿ ਰਚਨਾ ਰਚੀ ਜਾਂਦੀ ਹੈ। ਹਰ ਬੰਦ ਦੇ ਮੁੱਢ ਵਿਚ ਇਕ ਇਕ ਅੱਖਰ ਨੂੰ

ਲੈ ਕੇ ਅਧਿਆਤਮਿਕ ਉਪਦੇਸ਼ ਦਿੱਤਾ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਗਉੜੀ ਬਾਵਨ ਅਖਰੀ ਮਹਲਾ ੫ ਵਿਚ ਧਧਾ ਅੱਖਰ ਵਾਲਾ ਛੰਦ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ:

ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ॥[16]

ਗੁਰੂ ਅਰਜਨ ਦੇਵ ਜੀ ਨੇ ਅਧਿਆਤਮਿਕ ਅਨੁਭਵ ਅਤੇ ਦਾਰਸ਼ਨਿਕ ਚਿੰਤਨ ਨੂੰ ਕਲਾਤਮਕ ਰੂਪ ਵਿਚ ਪੇਸ਼ ਕੀਤਾ ਹੈ। ਅੱਖਰਾਂ ਦੇ ਮਾਧਿਅਮ ਦੁਆਰਾ ਅਧਿਆਤਮਿਕ ਵਿਚਾਰਾਂ ਨੂੰ ਉਜਾਗਰ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ।

ਬਾਵਨ ਅਖਰੀ ਮਹਲਾ ੫ ਦਾ ਅੱਖਰ ਕ੍ਰਮ ਤਾਂ ਪੰਜਾਬੀ ਸੀਮਾ ਤੋਂ ਮੁਕਤ ਹੈ, ਭਾਵ ਦੇਵਨਾਗਰੀ ਲਿੱਪੀ ਵਿਚ ਹੈ ਪਰ ਚਰਿੱਤਰ ਦੇ ਪੱਖੋਂ ਗੁਰਮੁੱਖੀ ਅਨੁਸਾਰੀ ਹੈ। ਅਸਲ ਵਿਚ ਇਹ ਆਪਣੇ ਆਪ ਨਾਲੋਂ ਟੁੱਟੇ ਆਪਣੇ ਆਪ ਨਾਲ ਜੁੜਨ ਦੀ ਪ੍ਰਕਿਰਿਆ ਹੈ ਜਿਸ ਵਿਚੋਂ ਸਾਡੇ ਗੁਰਮਤਿ ਧਾਰਾ ਦੇ ਕਵੀਆਂ ਦੀ ਵਿਸ਼ਾਲਤਾ ਅਤੇ ਵਿਆਪਕਤਾ ਝਲਕਦੀ ਹੈ।[17] ਬਾਵਨ ਅਖਰੀ ਮਹਲਾ ੫ ਦਾ ਅੱਖਰ ਕ੍ਰਮ ਇਸ ਪ੍ਰਕਾਰ ਹੈ:

| | | | | | | | |
|---|---|---|---|---|---|---|---|
| ੴ | ੴ | ਸ | ਧ | ਙ | | | |
| ਯ | ੲ | ੲ | ਰ | ਰ | ਲ | ਲ | |
| ਅ | ਯ | ਅ | ਙ | | | | |
| ਕ | ਖ | ਗ | ਘ | ਙ | | | |
| ਚ | ਛ | ਜ | ਝ | ਞ | | | |
| ਟ | ਠ | ਡ | ਢ | ਣ | | | |
| ਤ | ਥ | ਦ | ਧ | ਨ | | | |
| ਪ | ਫ | ਬ | ਭ | ਮ | | | |
| ਯ | ਰ | ਲ | ਵ | ੜ | | | |
| ਸ | ਖ | ਸ | ਹ | ਲ | ਖ | ਅ | ਹ |

ਡਾ. ਰਤਨ ਸਿੰਘ ਜੱਗੀ ਗਉੜੀ ਬਾਵਨ ਅਖਰੀ ਮਹਲਾ ੫ ਦੇ ਸਰੂਪ ਬਾਰੇ ਚਰਚਾ ਕਰਦੇ ਹੋਏ ਲਿਖਦੇ ਹਨ ਕਿ ਬਾਵਨ ਅਖਰੀ ਨਾਂ ਕਾਰਨ ਇਸ ਦਾ ਸੰਬੰਧ ਦੇਵਨਾਗਰੀ ਵਰਣਮਾਲਾ ਵਿਚ ਪ੍ਰਤੀਤ

ਹੁੰਦਾ ਹੈ, ਕਿਉਂਕਿ ਇਸ ਵਿਚ 52 ਵਰਣ ਮਾਤ੍ਰਾਵਾਂ ਹੁੰਦੀਆਂ ਹਨ। ਇਸ ਰਚਨਾ ਵਿਚਲੇ 29 ਵਰਣਾਂ ਦਾ ਕ੍ਰਮ ('ਕ' ਤੋਂ ਲੈ 'ਵ' ਤੱਕ) ਗੁਰਮੁੱਖੀ ਲਿੱਪੀ ਅਨੁਸਾਰ ਹੈ। ਗੁਰਮੁੱਖੀ ਵਿਚ 12 ਮਾਤ੍ਰਾਵਾਂ ਦੀ ਸਮਾਈ ੳ, ਅ ਅਤੇ ੲ ਵਿਚ ਕੀਤੀ ਗਈ ਹੈ। 'ਸ' ਅਤੇ 'ਹ' ਅੱਖਰ 'ੲ' ਮਾਤ੍ਰਾ ਤੋਂ ਬਾਦ ਆਉਂਦੇ ਹਨ ਅਤੇ 'ੜ' ਅੱਖਰ ਗੁਰਮੁੱਖੀ ਦੀ ਨਿੱਜੀ ਵਿਸ਼ੇਸ਼ਤਾ ਹੈ ਜੋ ਇਸ ਰਚਨਾ ਵਿਚ ਸ਼ਾਮਿਲ ਹੈ। ਦੇਵਨਾਗਰੀ ਵਿਚ श ™ क्ष ज्ञ त्र ਪੰਜ ਵਰਣ ਅਤੇ ਰੀ, ਲ੍ਰੀ ਦੀਆਂ ਚਾਰ ਮਾਤ੍ਰਾਵਾਂ ਗੁਰਮੁਖੀ ਤੋਂ ਭਿੰਨ ਹਨ। 'ਮ' ਅੱਖਰ ਬਾਰੇ ਦੋ ਪਉੜੀਆਂ ਲਿਖੀਆਂ ਗਈਆਂ ਹਨ। ਦੇਵਨਾਗਰੀ ਦੇ क्ष त्र ज्ञ ਤੋਂ ਛੁੱਟ ਹੋਰ ਸਾਰੇ ਅੱਖਰ/ਮਾਤ੍ਰਾਵਾਂ ਥੋੜੇ ਬਹੁਤ ਉਚਾਰਣ ਅੰਤਰ ਨਾਲ ਇਸ ਰਚਨਾ ਵਿਚ ਸ਼ਾਮਲ ਕਰ ਲਏ ਗਏ ਹਨ। ਇਸ ਤਰ੍ਹਾਂ ਇਹ ਰਚਨਾ ਬਾਵਨ ਅਖਰੀ ਹੁੰਦੀ ਹੋਈ ਵੀ ਨ ਦੇਵਨਾਗਰੀ ਦੇ ਸਰੂਪ ਅਤੇ ਕ੍ਰਮ ਨੂੰ ਅਪਣਾਉਂਦੀ ਹੈ ਅਤੇ ਨ ਹੀ ਉਚਾਰਣ ਵਿਧੀ ਨੂੰ। ਇਸ ਉੱਤੇ ਗੁਰਮੁੱਖੀ ਲਿੱਪੀ ਦਾ ਪ੍ਰਭਾਵ ਸਪੱਸ਼ਟ ਹੈ ਅਤੇ ਪਟੀ ਲਿਖਣ ਦੀ ਪਰੰਪਰਾ ਦਾ ਵੀ ਕੁਝ ਹੱਕ ਤਕ ਅਨੁਸਰਣ ਹੋਇਆ ਹੈ। ਅਧਿਕਾਂਸ਼ ਸਲੋਕਾਂ ਅਤੇ ਪਉੜੀਆਂ ਦਾ ਆਰੰਭ ਵਰਣ ਜਾਂ ਮਾਤ੍ਰਾ ਨਾਲ ਹੋਇਆ ਹੈ। ਪਉੜੀ ਅਤੇ ਸਲੋਕਾਂ ਵਿਚ ਭਾਵ-ਗਤ ਸਮਾਨਤਾ ਆਦਿ ਤੋਂ ਅੰਤ ਤੱਕ ਮੌਜੂਦ ਹੈ।[18]

ਜਨ ਸਧਾਰਨ ਵਿਚ ਪ੍ਰਚਲਿਤ ਹੋਣ ਕਰਕੇ ਇਸ ਰੂਪ ਵਿਚ ਰਚੀ ਬਾਣੀ ਨੂੰ ਸਮਝਣਾ ਆਮ ਲੋਕਾਈ ਲਈ ਆਸਾਨ ਸੀ। ਸਲੋਕ ਪਉੜੀ ਬੰਧ ਵਿਚ ਲਿਖੀ ਇਸ ਰਚਨਾ ਵਿਚ ਵਰਣਮਾਲਾ ਦੇ ਅੱਖਰਾਂ/ਵਰਣਾਂ ਦਾ ਅਧਿਆਤਮਿਕ ਸੰਦਰਭ ਪੇਸ਼ ਕੀਤਾ ਗਿਆ ਹੈ। ਬਾਵਨ ਅਖਰੀ ਬਾਣੀ ਗਉੜੀ ਰਾਗ ਵਿਚ 55 ਪਉੜੀਆਂ 56 ਸਲੋਕਾਂ ਵਿਚ ਸੰਪੂਰਨ ਕੀਤੀ ਗਈ ਹੈ ਅਤੇ ਗੁਰੂ ਗ੍ਰੰਥ ਵਿਚ ਅੰਗ 250 ਤੋਂ 262 ਤੱਕ ਦਰਜ ਹੈ। ਹਰੇਕ ਪਉੜੀ ਤੋਂ ਪਹਿਲਾਂ ਇਕ ਇਕ ਸਲੋਕ ਪਉੜੀ ਦੇ ਭਾਵ ਅਰਥ ਵਜੋਂ ਦਰਜ ਹੈ। ਬਾਣੀ ਦੇ ਆਰੰਭ ਵਿਚ ਮੰਗਲਾਚਰਣ ਵਜੋਂ ਪਹਿਲੀ ਪਉੜੀ ਦੇ ਸਲੋਕ ਤੋਂ ਪਹਿਲਾਂ ਵੀ ਨੌਂ ਤੁਕਾਂ ਦਾ ਇਕ ਸਲੋਕ ਹੈ, ਜੋ ਅੰਤਿਮ ਪਉੜੀ ਤੋਂ ਬਾਅਦ ਵੀ ਦਰਜ ਹੈ ਅਤੇ ਨਾਲ ਹੀ ਇਹ ਹਦਾਇਤ ਵੀ ਦਰਜ ਹੈ: ਏਹੁ ਸਲੋਕ ਆਦਿ ਅੰਤਿ ਪੜਣਾ॥[19] ਡਾ. ਮਹਿੰਦਰ ਕੌਰ ਗਿੱਲ ਇਸ ਸੰਬੰਧੀ ਆਖਦੇ ਹਨ ਕਿ ਇਸ ਰਚਨਾ ਦਾ ਮੂਲ ਮੰਤਵ ਸਾਰ ਗਿਆਨ ਦਾ ਪ੍ਰਗਟਾ ਹੈ, ਗਿਆਨ ਦਾ ਸੋਮਾ ਗੁਰੂ ਹੈ। ਇਸ ਸਿਧਾਂਤ ਉਤੇ ਜ਼ੋਰ ਦੇਣ ਲਈ ਹੀ ਪਹਿਲਾ ਸਲੋਕ ਆਦਿ ਅਤੇ ਅੰਤ ਵਿਚ ਦੋ ਵਾਰ ਅੰਕਿਤ ਕੀਤਾ ਗਿਆ ਹੈ।[20]

ਇਸ ਸਲੋਕ ਵਿਚ ਸਰਵ ਸ਼ਕਤੀਮਾਨ ਪਰਮਾਤਮਾ ਦੀ ਉਸਤਤ ਕਰਦੇ ਹੋਏ ਉਸ ਨੂੰ ਗਿਆਨ ਦਾ ਸੋਮਾ ਕਿਹਾ ਗਿਆ ਹੈ। ਇਸ ਬਾਣੀ ਵਿਚ ਮੰਗਲਾਚਰਣ ਵਾਲਾ ਪਹਿਲਾ ਸਲੋਕ 9 ਸਤਰਾਂ ਦਾ ਹੈ ਤੇ ਅਖੀਰਲਾ ਚਾਰ ਸਤਰਾਂ ਦਾ ਜਦੋਂ ਕਿ ਬਾਕੀ 54 ਸਲੋਕ ਦੋ ਦੋ ਸਤਰਾਂ ਦੇ ਹਨ। ਹਰ ਪਉੜੀ ਵਿਚ ਅੱਠ-ਅੱਠ ਸਤਰਾਂ ਹਨ। ਕੇਵਲ ਤਰਤਾਲਵੀਂ ਪਉੜੀ ਦਸ ਸਤਰਾਂ ਦੀ ਹੈ। ਆਮ ਤੌਰ ਤੇ ਜਿਸ ਅੱਖਰ ਤੋਂ ਪਉੜੀ ਸ਼ੁਰੂ ਹੁੰਦੀ ਹੈ, ਉਸੇ ਅੱਖਰ ਨਾਲ ਸਲੋਕ ਦਾ ਪਹਿਲਾ ਸ਼ਬਦ ਸ਼ੁਰੂ ਹੁੰਦਾ ਹੈ। ਮਿਸਾਲ ਵਜੋਂ:

ਸਲੋਕੁ॥ ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ॥

ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ॥

ਪਉੜੀ॥ ਲਲਾ ਲਪਟਿ ਬਿਖੈ ਰਸ ਰਾਤੇ॥

ਅਹੰਬੁਧਿ ਮਾਇਆ ਮਦ ਮਾਤੇ॥[21]

ਇਹਨਾਂ ਸਭ ਤੋਂ ਇਲਾਵਾ ਪਹਿਲੀ ਪਉੜੀ ਤੋਂ ਬਾਅਦ ਦੋ ਪੰਕਤੀਆਂ ਰਹਾਉ ਦੀਆਂ ਹਨ। ਜੋ ਅਸਲ ਵਿਚ ਇਸ ਬਾਣੀ ਦਾ ਕੇਂਦਰੀ ਸੰਕਲਪ ਸਪੱਸ਼ਟ ਕਰਦੀਆਂ ਹਨ:

ਕਰਿ ਕਿਰਪਾ ਪ੍ਰਭ ਦੀਨ ਦਇਆਲਾ॥

ਤੇਰੇ ਸੰਤਨ ਕੀ ਮਨੁ ਹੋਇ ਰਵਾਲਾ॥ ਰਹਾਉ॥[22]

ਗਉੜੀ ਬਾਵਨ ਅਖਰੀ ਦੇ ਵਿਸ਼ੇ ਵਸਤੂ ਦਾ ਨਿਰੀਖਣ ਕਰਦਿਆਂ ਡਾ. ਗੁਰਸ਼ਰਨ ਕੌਰ ਜੱਗੀ ਲਿਖਦੇ ਹਨ:

> ਇਸ ਰਚਨਾ ਦੇ ਅਧਿਕਾਂਸ਼ ਸਲੋਕਾਂ ਅਤੇ ਪਉੜੀਆਂ ਦਾ ਵਿਸ਼ਾ ਆਪਸ ਵਿਚ ਮੇਲ ਖਾਂਦਾ ਹੈ। ਕਿਤੇ ਕਿਤੇ ਸਲੋਕ ਸਮਾਜਿਕ ਸੰਦਰਭ ਵੀ ਪੇਸ਼ ਕਰਦੇ ਹਨ। ਵਿਵਸਥਿਤ ਬਾਣੀ ਹੋਣ ਕਰਕੇ ਇਸ ਵਿਚ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ ਦਾ ਵਿਸ਼ਲੇਸ਼ਣ ਹੈ। ਇਹ ਵਿਸ਼ਲੇਸ਼ਣ ਵੱਖ-ਵੱਖ ਪਉੜੀਆਂ ਵਿਚ ਬਦਲਦਾ ਗਿਆ ਹੈ। ਇਸ ਰਚਨਾ ਦਾ ਵਿਸ਼ਾ ਜਿਵੇਂ ਕਿ ਰਹਾਉ ਦੀਆਂ ਤੁਕਾਂ ਤੋਂ ਸਪੱਸ਼ਟ ਹੈ, ਪ੍ਰਭ-ਕ੍ਰਿਪਾ ਰਾਹੀਂ ਸੰਤਾਂ ਦੀ ਚਰਣ ਧੂੜ ਪ੍ਰਾਪਤ ਕਰਨਾ। ਪਰਮਾਤਮਾ ਦੀ ਕ੍ਰਿਪਾ ਗੁਰੂ ਦੀ ਕ੍ਰਿਪਾ ਨਾਲ ਹਾਸਲ ਹੁੰਦੀ ਹੈ, ਗੁਰੂ ਹੀ ਜਿਗਿਆਸੂ ਦੇ ਜੀਵਨ ਵਿਚ ਨਿਖਾਰ ਲਿਆ ਕੇ ਅਧਿਆਤਮਿਕ ਮਾਰਗ ਨੂੰ ਅੱਗੇ ਤੋਰਦਾ ਹੈ। ਅਧਿਆਤਮਿਕ ਮਾਰਗ ਤੇ ਅੱਗੇ ਤੁਰਨ ਲਈ ਉਸ ਨੂੰ ਸਤਿ ਸੰਗਤਿ ਦੀ ਅਤਿ ਅਧਿਕ

ਆਵੱਸ਼ਕਤੀ ਹੈ। ਇਸ ਲਈ ਉਸ ਦੀ ਮੁਖ ਚਾਹਨਾਂ ਸੰਤਾਂ ਦੀ ਧੂੜ ਚਰਨ ਬਣਨਾ ਹੈ। ਇਹ ਗਿਆਨ ਸਾਰ ਹੈ ਅਤੇ ਇਸ ਦਾ ਮੂਲ ਸੋਮਾ ਗੁਰੂ ਹੈ। ਇਸ ਵਾਸਤੇ ਗੁਰੂ ਦੇ ਮਹੱਤਵ, ਸਰੂਪ ਸਮਰੱਥਾ ਆਦਿ ਅਨੇਕ ਪੱਖਾਂ ਤੇ ਚਾਨਣਾ ਪਾਇਆ ਗਿਆ ਹੈ। ਇਸ ਤੋਂ ਇਲਾਵਾ ਇਸ ਵਿਚ ਅਨੇਕਤਾ ਤੋਂ ਏਕਤਾ ਵਲ ਯਾਤਰਾ ਕਰਨ ਦਾ ਉਪਦੇਸ਼ ਹੈ। ਸੰਸਾਰਿਕ ਨਾਸ਼ਮਾਨਤਾ ਦੇ ਸੰਦਰਭ ਵਿਚ ਹਉਮੈ ਨੂੰ ਮਾਰਨਾ, ਨਾਮ ਸਿਮਰਨ ਕਰਨਾ ਆਦਿ ਤੱਥਾਂ ਵਲ ਵੀ ਸੰਕੇਤ ਕੀਤਾ ਗਿਆ ਹੈ। ਸ਼ਕਤੀਸ਼ਾਲੀ ਮਾਇਆ ਨੂੰ ਮਾਰਨ ਲਈ ਨਾਮ ਹੀ ਸਰਵੋਤਮ ਸਾਧਨ ਹੈ। ਨਾਮ ਦੀ ਆਰਾਧਨਾ ਨਾਲ ਮਨ ਟਿਕਦਾ ਹੈ, ਵਿਸ਼ੇ ਵਾਸ਼ਨਾਵਾਂ ਤੋਂ ਹਟਦਾ ਹੋਇਆ ਅੰਤਰ ਵਿਚ ਸਥਿਰ ਹੁੰਦਾ ਹੈ। ਇਸ ਸਥਿਰਤਾ ਨਾਲ ਮਾਇਆ ਦਾ ਪਰਦਾ ਹਟ ਜਾਂਦਾ ਹੈ ਅਤੇ ਫਿਰ ਸਾਧਕ ਗੁਰੂ ਦੀ ਕ੍ਰਿਪਾ ਨਾਲ ਹਰਿ-ਚਰਣਾਂ ਵਿਚ ਸਮਾ ਜਾਂਦਾ ਹੈ। ਕੁੱਲ ਮਿਲਾ ਕੇ ਇਹ ਗੁਰੂ ਅਰਜਨ ਦੀ ਮਹੱਤਵਪੂਰਨ ਰਚਨਾ ਹੈ, ਜਿਸ ਰਾਹੀਂ ਹਰ ਇਕ ਅੱਖਰ ਦੇ ਅਧਿਆਤਮਿਕ ਸਰੂਪ ਅਤੇ ਮਹੱਤਵ ਨੂੰ ਅਭਿਵਿਅਕਤ ਕੀਤਾ ਗਿਆ ਹੈ।[23]

ਬਾਵਨ ਅਖਰੀ ਗੁਰੂ ਅਰਜਨ ਦੇਵ ਜੀ ਦੀ ਵਿਸ਼ੇਸ਼ ਤੇ ਲੰਮੇਰੀ ਅਧਿਆਤਮਿਕ ਬਾਣੀ ਹੈ। ਇਸ ਵਿਚ ਮਨੁੱਖੀ ਜੀਵਨ ਨੂੰ ਸਰਲ ਬਣਾਉਣ ਅਤੇ ਆਪਣੇ ਮੁੱਖ ਮਨੋਰਥ ਪ੍ਰਭੂ ਨੂੰ ਪ੍ਰਾਪਤ ਕਰਨ ਦੇ ਸਾਧਨਾਂ ਦਾ ਸਵਿਸਥਾਰ ਵਰਣਨ ਹੈ। ਪਰਮਾਤਮਾ, ਮਨੁੱਖ, ਗੁਰੂ ਅਤੇ ਗੁਰਮਤਿ ਨਾਲ ਸੰਬੰਧਿਤ ਸਾਰੇ ਪ੍ਰਮੁੱਖ ਸੰਕਲਪ ਇਸ ਬਾਣੀ ਵਿਚ ਬੜੇ ਵਿਸਤਾਰ ਨਾਲ ਵਰਣਿਤ ਹਨ। ਇਸ ਪ੍ਰਕਾਰ ਇਸ ਵਿਚ ਮਨੁੱਖੀ ਜਾਤੀ ਦੇ ਕਲਿਆਣ ਦਾ ਇਕ ਸਮੁੱਚਾ ਵਿਧਾਨ ਦ੍ਰਿਸ਼ਟੀਗੋਚਰ ਹੁੰਦਾ ਹੈ। ਡਾ. ਤਾਰਨ ਸਿੰਘ ਨੇ ਲਿਖਿਆ ਹੈ:

> ਬਾਵਨ ਅਖਰੀ ਲੰਮੇਰੀ ਬਾਣੀ ਹੋਣ ਕਰਕੇ ਸਾਰੇ ਗੁਰਮਤ ਦਰਸ਼ਨ ਨੂੰ ਆਪਣੀ ਸੀਮਾ ਵਿਚ ਲੈ ਲੈਂਦੀ ਹੈ ਜਿਵੇਂ ਸਾਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਿਵੇਂ ਹੀ ਇਸ ਬਾਣੀ ਵਿਚ ਵਧੇਰੇ ਪ੍ਰਯੋਜਨ ਇਹ ਹੈ ਕਿ ਮਨੁੱਖ ਪਤਿਤ ਤੋਂ ਪਵਿੱਤਰ ਕਿਸ ਤਰ੍ਹਾਂ ਹੋਵੇ। ਮਨੁੱਖ ਨੂੰ ਪਤਿਤ ਕਰਨ ਵਾਲੀ ਸ਼ਕਤੀ, ਇਸ ਰਚਨਾ ਵਿਚ ਮਾਇਆ ਕਹੀ ਹੈ। ਮਾਇਆ ਦੇ ਸਾਰੇ ਸਰੂਪ ਬੇਅਰਥ ਹਨ ਕੇਵਲ ਪ੍ਰੀਤ ਭਗਵੰਤ ਹੀ ਜੀਵਨ ਦਾ ਉਦੇਸ਼ ਹੈ। ਸਿਮਰਨ ਦਾਤ ਹੈ ਜੋ ਤਰਲੇ ਨਾਲ ਪ੍ਰਾਪਤ ਹੁੰਦੀ ਹੈ।[24]

ਬਾਣੀ ਬਾਵਨ ਅਖਰੀ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵ ਨੂੰ ਥਾਂ ਪੁਰ ਥਾਂ ਸੁਚੇਤ ਅਤੇ ਜਾਗਰੂਕ ਕੀਤਾ ਹੈ ਕਿ ਪਰਮਾਤਮਾ ਦੇ ਨਾਮ ਨੂੰ ਭੁੱਲ ਕੇ ਕੀਤੇ ਕੰਮ ਬੰਧਨ ਦਾ ਮੂਲ ਕਾਰਨ ਬਣਦੇ ਹਨ। ਸਮੁੱਚੇ ਤੌਰ ਤੇ ਇਸ ਬਾਣੀ ਵਿਚ ਗੁਰਮਤਿ ਸਿਧਾਂਤ ਦਾ ਵਿਸ਼ਲੇਸ਼ਣ ਕਰਦਿਆਂ ਗੁਰੂ ਦੀ ਮਹਿਮਾ ਉਤੇ ਬਲ ਦਿੱਤਾ ਗਿਆ ਹੈ ਅਤੇ ਜਿਗਿਆਸੂ ਦੀ ਅਨੇਕਤਾ ਤੋਂ ਏਕਤਾ ਵਲ ਦੀ ਯਾਤਰਾ, ਵਿਕਾਰਾਂ ਤੋਂ ਬਚਣ ਦੇ ਉਪਾਅ, ਨਾਮ ਜਪਣ ਅਤੇ ਸਾਧ ਸੰਗਤ ਵਿਚ ਜਾਣ ਦੀ ਤਾਕੀਦ ਕੀਤੀ ਗਈ ਹੈ।

## (ਅ) ਬਾਣੀ ਬਾਵਨ ਅਖਰੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

### (1) ਬਿੰਬ ਸਿਰਜਣਾ

ਕਲਾ ਸੁਹਜ ਤੱਤਾਂ ਵਿਚ ਬਿੰਬ ਸਿਰਜਣਾ ਇਕ ਹੋਰ ਮਹੱਤਵਪੂਰਨ ਜੁਗਤ ਹੈ ਜਿਸ ਸਦਕਾ ਕਾਵਿ-ਕਲਾ ਆਪਣਾ ਨਿਵੇਕਲਾਪਣ ਅਤੇ ਸੁਹਜਾਤਮਕਤਾ ਪ੍ਰਾਪਤ ਕਰਦੀ ਹੈ। ਕਵੀ ਦੀ ਮੌਲਿਕ ਬਿੰਬ-ਸਿਰਜਣਾ ਨੂੰ ਹੀ ਕਾਵਿ-ਕੌਸ਼ਲ ਵਿਚ ਪ੍ਰਬੀਨਤਾ ਦਾ ਲਖਾਇਕ ਮਿਥਿਆ ਜਾਂਦਾ ਹੈ। ਬਿੰਬ ਕਵਿਤਾ ਦਾ ਉਹ ਅੰਸ਼ ਹੁੰਦਾ ਹੈ ਜੋ ਭਾਵ ਤੋਂ ਲੈ ਕੇ ਸ਼ੈਲੀ ਤੱਕ ਅਤੇ ਵਸਤੂ ਤੋਂ ਲੈ ਕੇ ਰੂਪ ਤੱਕ ਪਸਰਿਆ ਰਹਿੰਦਾ ਹੈ ਇਸ ਲਈ ਮੈਕਲੀਸ਼ ਦਾ ਕਹਿਣਾ ਠੀਕ ਹੈ:

> ਬਿੰਬ ਕਵਿਤਾ ਅਤੇ ਉਸ ਦੇ ਸ਼ਿਲਪ ਦੇ ਜ਼ਰੂਰੀ ਤੱਤ ਹੁੰਦੇ ਹਨ।[25]

ਅਵਨੇਰ ਜੀਸ ਨੇ ਕਲਾ ਦੇ ਅਜਿਹੇ ਵਰਣਨਯੋਗ ਅਤੇ ਸੁਹਜਾਤਮਕ ਪੱਖ ਬਾਰੇ ਕਿਹਾ ਹੈ:

> ਕਲਾ ਦਾ ਸਭ ਤੋਂ ਮਹੱਤਵਪੂਰਨ ਅਤੇ ਦਿਲਚਸਪ ਪੱਖ ਹੈ, ਕਲਾਕਾਰ ਦੀ ਸਿਰਜਣਾਤਮਕ ਸੋਚ। ਕਲਾਕਾਰ ਹਮੇਸ਼ਾਂ ਚਿੰਤਨ ਅਤੇ ਵਿਚਾਰਾਂ ਨਾਲ ਕੰਮ ਕਰਦਾ ਹੈ ਪਰ ਉਸਦੇ ਸੋਚਣ ਦਾ ਢੰਗ ਅਤੇ ਸੋਚ ਵਿਸ਼ੇਸ਼ ਪ੍ਰਕਾਰ ਦੀ ਹੁੰਦੀ ਹੈ। ਇਸ ਤਰ੍ਹਾਂ ਜੜ੍ਹਾਂ ਸੰਕਲਪਾਂ ਵਿਚ ਨਹੀਂ ਸਗੋਂ ਬਿੰਬਾਂ ਵਿਚ ਹੁੰਦੀਆਂ ਹਨ। ਕਲਾਕਾਰ ਸੰਕਲਪਾਂ ਦਾ ਵੀ ਸਹਾਰਾ ਲੈਂਦਾ ਹੈ ਪਰ ਉਨ੍ਹਾਂ ਦੇ ਸਿਰਜਣਾਤਮਕ ਅਮਲ ਨੂੰ ਬਿੰਬ ਹੀ ਪੇਸ਼ ਕਰਦਾ ਹੈ।[26]

ਅਸਲ ਵਿਚ ਬਿੰਬ ਕਵੀ ਦਾ ਉਹ ਉਪਰਾਲਾ ਹੈ ਜਿਸ ਦੁਆਰਾ ਉਹ ਆਪਣੇ ਖਿਆਲ, ਵਿਚਾਰ, ਵਸਤੂ ਜਾਂ ਹੋਰ ਵਰਣਨ ਕੀਤੇ ਜਾ ਰਹੇ ਰੂਪਾਂ ਨੂੰ ਕਲਾਤਮਕ ਢੰਗ ਨਾਲ ਨਿਖਾਰਦਾ,

ਸੰਵਾਰਦਾ ਅਤੇ ਮਾਨਣਯੋਗ ਬਣਾਉਂਦਾ ਹੈ। "ਬਿੰਬ ਕਵਿਤਾ ਵਿਚ ਅਨੇਕਾਂ ਕਾਰਜ ਕਰਦੇ ਹਨ ਜਿਨ੍ਹਾਂ ਵਿਚ ਸੰਵੇਦਨਾਤਮਕਤਾ, ਅਲੰਕਰਨ, ਕ੍ਰਮਬੱਧਤਾ ਅਤੇ ਬਾਹਰੀ ਜਗਤ ਨਾਲ ਭਾਵਾਤਮਕ ਸੰਬੰਧ, ਅਮੂਰਤ ਭਾਵਾਂ ਤੇ ਵਿਚਾਰਾਂ ਨੂੰ ਮੂਰਤ ਰੂਪ ਵਿਚ ਪ੍ਰਦਾਨ ਕਰਨਾ ਅਤੇ ਮਾਰਮਿਕ ਭਾਵਾਂ ਨੂੰ ਅਭਿਵਿਅਕਤੀ ਦੇਣਾ ਹੈ।"[27]

ਸੋ ਸਪੱਸ਼ਟ ਹੈ ਕਿ ਬਿੰਬ ਅਸਲ ਵਿਚ ਕਵਿਤਾ ਦਾ ਸੁਹਜ ਵੀ ਹੈ ਅਤੇ ਕਵਿਤਾ ਵਿਚ ਪੇਸ਼ ਹੋਏ ਵਿਚਾਰਾਂ ਨੂੰ ਸਮਝਣ ਦਾ ਸਹਾਈ ਸਾਧਨ ਵੀ। ਬਿੰਬਾਂ ਨਾਲ ਕਾਵਿ ਕਲਾ ਵਿਚ ਗੌਰਵ, ਤੀਖਣਤਾ, ਸੰਗਠਨ, ਧੁਨੀਆਂ, ਗਤੀਆਂ, ਖ਼ੂਬਸੂਰਤੀਆਂ ਅਤੇ ਰੰਗੀਲੀਆਂ ਪੈਦਾ ਹੁੰਦੀਆਂ ਹਨ।

ਗੁਰੂ ਅਰਜਨ ਰਚਿਤ ਬਾਣੀ ਬਾਵਨ ਅਖਰੀ ਦੀ ਸੁਹਜ-ਭਰਪੂਰ ਅਤੇ ਸ਼ਿਲਪਗਤ ਵਿਸ਼ੇਸ਼ਤਾਈ ਉਸਦੀ ਬਿੰਬ ਸਿਰਜਣਾ ਹੈ। ਗੁਰੂ ਸਾਹਿਬ ਨੇ ਇਸ ਬਾਣੀ ਵਿਚ ਬਿੰਬਾਂ ਸਿਰਜਣਾ ਰਾਹੀਂ ਨਿਰਛਲ ਆਤਮਾ ਦੀ ਅਭਿਵਿਅਕਤੀ ਕੀਤੀ ਹੈ ਜਿਸ ਵਿਚ ਸਤਿ, ਉਲਾਸ, ਆਨੰਦ ਅਤੇ ਜੁੱਗ ਨਿਰਮਾਣ ਦੀ ਪ੍ਰੇਰਣਾ ਹੈ। ਗੁਰੂ ਕਵੀ ਨੇ ਆਪਣੇ ਮਹਾਨ ਪ੍ਰੌੜ ਅਨੁਭਵ ਨੂੰ ਸਰਲ, ਸਪੱਸ਼ਟ ਤੇ ਸੁਹਜਾਤਮਕ ਰੂਪ ਵਿਚ ਪ੍ਰਕਾਸ਼ਮਾਨ ਕੀਤਾ ਹੈ। ਬਾਣੀ ਬਾਵਨ ਅਖਰੀ ਜਾਣੇ ਪਛਾਣੇ ਬਿੰਬਾਂ ਨਾਲ ਓਤਪੋਤ ਹੈ, ਜਿਹੜੇ ਇਲਾਹੀ ਅਨੁਭਵ ਦੀ ਮਧੁਰ ਅਭਿਵਿਅੰਜਨਾ ਵਿਚ ਅਮੂਰਤ ਭਾਵਾਂ ਨੂੰ ਸਪੱਸ਼ਟਤਾ ਤੇ ਤੀਬਰ ਧਾਰਾ ਪ੍ਰਦਾਨ ਕਰਨ ਵਿਚ ਪੂਰਨ ਸਹਾਈ ਹੋਏ ਹਨ। ਬਾਣੀ ਵਿਚ ਵਰਤੇ ਗਏ ਬਿੰਬਾਂ ਦਾ ਖੇਤਰ ਬੜਾ ਵਿਸ਼ਾਲ ਵੀ ਹੈ। ਇਸ ਲਈ ਬਾਣੀ ਬਾਵਨ ਅਖਰੀ ਦੇ ਬਿੰਬਾਂ ਦੀਆਂ ਵਿਭਿੰਨ ਵੰਨਗੀਆਂ ਅਤੇ ਉਨ੍ਹਾਂ ਦੀ ਸੁਹਜਾਤਮਕਤਾ ਨੂੰ ਵਿਸ਼ਾਲ ਭਾਵ ਵਿਚ ਨਿਮਨਲਿਖਤ ਵਾਚਦੇ ਹਾਂ।

**ਰਸ ਬਿੰਬ ਜਾਂ ਸੁਆਦ ਬਿੰਬ**

ਅਜਿਹੇ ਬਿੰਬਾਂ ਦਾ ਸੰਬੰਧ ਜੀਭ ਨਾਲ ਹੁੰਦਾ ਹੈ ਜੋ ਖੱਟੇ, ਮਿੱਠੇ, ਸਲੂਣੇ, ਕੌੜੇ ਆਦਿ ਸੁਆਦਾਂ ਦਾ ਅਨੁਭਵ ਕਰਦੀ ਹੈ। ਗੁਰਮਤਿ ਸਾਹਿਤ ਵਿਚ ਸੁਆਦ ਕਲਪਨਾ ਦੀ ਅਭਿਵਿਅਕਤੀ ਪ੍ਰਭੂ ਦੇ ਨਾਮ ਨੂੰ ਮਿੱਠਾ ਅੰਮ੍ਰਿਤ ਵਰਗਾ ਕਹਿ ਕੇ ਕਰਵਾਈ ਗਈ ਹੈ। ਜਗਤ ਦੇ ਬਾਕੀ ਰਸ ਭੋਗਾਂ ਸਮਾਨ ਹਨ। ਗੁਰੂ ਸਾਹਿਬ ਜੀ ਨੇ ਜੀਭ ਰਸ ਦੇ ਅਨੇਕਾਂ ਬਿੰਬ ਸਿਰਜੇ ਹਨ ਅਤੇ ਦੱਸਿਆ ਹੈ ਕਿ ਜੀਵ ਨੂੰ ਵਿਕਾਰੀ ਰਸਾਂ ਤੋਂ ਮੂੰਹ ਮੋੜ ਕੇ ਹਰੀ ਰਸ ਦਾ ਆਨੰਦ ਮਾਨਣਾ ਚਾਹੀਦਾ ਹੈ। ਬਾਣੀ ਬਾਵਨ ਅਖਰੀ ਵਿਚੋਂ ਰਸ ਬਿੰਬ ਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ:

(ੳ) ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ॥
ਨਾਨਕ ਹਰਿ ਗੁਰ ਜਾ ਕਉ ਦੀਆ॥[28]

(ਅ) ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ॥
ਹਰਿ ਹਰਿ ਅੰਮ੍ਰਿਤ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ॥[29]

(ੲ) ਬਾਧੇ ਜਮ ਦੀ ਜੇਵਰੀ ਮੀਠੀ ਮਾਇਆ ਰੰਗ॥
ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ॥[30]

(ਸ) ਸਲੋਕੁ॥ ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥
ਨਾਨਕ ਧਨ ਧਨਿ ਧੰਨਿ ਜਨ ਆਏ ਤੇ ਪਰਵਾਣੁ॥[31]

(ਹ) ਸਲੋਕੁ॥ ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ॥
ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ॥[32]

ਉਪਰੋਕਤ ਉਦਾਹਰਣਾਂ ਵਿਚ ਦੁਨਿਆਵੀ ਵਸਤਾਂ ਦਾ ਮਿੱਠਾ ਤੇ ਕੁਸੈਲਾ ਅਤੇ ਨਾਮ ਰੂਪੀ ਅੰਮ੍ਰਿਤ ਦਾ ਬਹੁਤ ਹੀ ਅਧਿਕ ਮਿੱਠਾ ਸਵਾਦ ਪਾਠਕ ਅਤੇ ਸਰੋਤੇ ਦੇ ਮਨ ਨੂੰ ਨਿਰਸੰਕੋਚ ਹੁੰਦਾ ਹੈ। ਗੁਰਮਤਿ ਸਾਹਿਤ ਵਿਚ ਸਮਾਜਿਕ ਵਿਸ਼ਿਆਂ ਨਾਲ ਭਿੰਨਤਾ ਹੋਣ ਕਾਰਨ ਰਸ ਸਵਾਦ ਬਿੰਬ ਦਾ ਮੁਹਾਂਦਰਾ ਕੁਝ ਵੱਖਰਾ ਜਿਹਾ ਹੀ ਹੋ ਨਿਬੜਦਾ ਹੈ। ਗੁਰੂ ਕਵੀਆਂ ਦੁਆਰਾ ਪ੍ਰਗਟਾਇਆ ਸਵਾਦ ਪਦਾਰਥਕ ਵਸਤਾਂ ਦਾ ਨਾ ਹੋ ਕੇ ਚੰਗੇ ਤੇ ਮਾੜੇ ਕਰਮਾਂ ਅਤੇ ਗੁਣਾਂ ਦਾ ਹੈ।

**ਦ੍ਰਿਸ਼ ਬਿੰਬ**

ਕਵੀ ਕਿਸੇ ਵਸਤੂ ਜਾਂ ਅਵਸਥਾ ਦੇ ਵਰਣਨ ਸਮੇਂ ਅਜਿਹਾ ਬਿਆਨ ਕਰੇ, ਕਿ ਸਾਡੀਆਂ ਅੱਖਾਂ ਸਾਹਮਣੇ ਉਹੋ-ਜਿਹਾ ਦ੍ਰਿਸ਼ ਉੱਕਰ ਪਏ ਤਾਂ ਉਥੇ ਦ੍ਰਿਸ਼ ਬਿੰਬ ਹੁੰਦਾ ਹੈ। ਇਸ ਨੂੰ ਰੂਪ ਬਿੰਬ ਵੀ ਕਿਹਾ ਜਾਂਦਾ ਹੈ। ਅੱਖਾਂ ਰਾਹੀਂ ਦੇਖਿਆ ਕੋਈ ਦ੍ਰਿਸ਼ ਸਾਡੇ ਮਨ ਤੇ ਡੂੰਘਾ ਪ੍ਰਭਾਵ ਪਾਉਂਦਾ ਹੈ। ਲੈਂਗਰ ਦਾ ਵਿਚਾਰ ਹੈ ਕਿ ਬਿੰਬ ਸ਼ਬਦ ਦਾ ਦ੍ਰਿਸ਼ - ਇੰਦਰੀ ਨਾਲ ਅਨਿੱਖੜਵਾਂ ਸੰਬੰਧ ਹੈ।[33] ਬਾਣੀ ਬਾਵਨ ਅਖਰੀ ਵਿਚੋਂ ਇਸ ਨਾਲ ਸੰਬੰਧਿਤ ਉਦਾਹਰਣਾਂ ਹੇਠ ਦਿੱਤੀਆਂ ਗਈਆਂ ਹਨ:

(ੳ) ਯਾ ਜੁਗ ਮਹਿ ਏਕਹਿ ਕਉ ਆਇਆ॥ ਜਨਮਤ ਮੋਹਿਓ ਮੋਹਨੀ ਮਾਇਆ॥
ਗਰਭਕੁੰਟ ਮਹਿ ਉਰਧ ਤਪ ਕਰਤੇ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥[34]

(ਅ) ਪਉੜੀ।। ਙੰਙਾ ਖਟੁ ਸਾਸਤ੍ਰ ਹੋਇ ਙਿਆਤਾ।। ਪੂਰਕੁ ਕੁੰਭਕ ਰੇਚਕ ਕਰਮਾਤਾ।।

ਙਿਆਨ ਧਿਆਨ ਤੀਰਥ ਇਸਨਾਨੀ।। ਸੋਮਪਾਕ ਅਪਰਸ ਉਦਿਆਨੀ।।

ਰਾਮ ਨਾਮ ਸੰਗਿ ਮਨਿ ਨਹੀ ਹੇਤਾ।। ਜੋ ਕਛੁ ਕੀਨੋ ਸੋਊ ਅਨੇਤਾ।।

ਉਆ ਤੇ ਊਤਮੁ ਗਨਉ ਚੰਡਾਲਾ।। ਨਾਨਕ ਜਿਹ ਮਨਿ ਬਸਹਿ ਗੁਪਾਲਾ।।[35]

(ੲ) ਕਾਹੂ ਪੰਥੁ ਦਿਖਾਰੈ ਆਪੈ।।

ਕਾਹੂ ਉਦਿਆਨ ਭ੍ਰਮਤ ਪਛੁਤਾਪੈ।।[36]

(ਸ) ਜਜਾ ਜਾਨੈ ਹਉ ਕਛੁ ਹੂਆ।। ਬਾਧਿਓ ਜਿਉ ਨਲਿਨੀ ਭ੍ਰਮਿ ਸੂਆ।।

ਜਉ ਜਾਨੈ ਹਉ ਭਗਤੁ ਗਿਆਨੀ।। ਆਗੈ ਠਾਕੁਰ ਤਿਲ ਨਹੀ ਮਾਨੀ।।[37]

(ਹ) ਙਣਤੀ ਙਣੀ ਨਹੀ ਕੋਊ ਛੂਟੈ।।

ਕਾਚੀ ਗਾਗਰਿ ਸਰਪਰ ਫੂਟੈ।।[38]

ਉਪਰੋਕਤ ਉਦਾਹਰਣਾਂ ਵਿਚ ਗੁਰੂ ਸਾਹਿਬ ਨੇ ਸਾਡੇ ਸਾਹਮਣੇ ਗਰਭ ਜੂਨ ਵਿਚ ਤਪ ਕਰ ਰਹੇ ਜੀਵ ਦਾ, ਕੱਚੇ ਘੜੇ ਦੇ ਟੁੱਟਣ ਦਾ (ਸਰੀਰਕ ਨਾਸ਼ਮਾਨਤਾ), ਜੰਗਲ ਵਿਚ ਭਟਕੇ ਰਾਹੀ ਦਾ (ਮਨਮੁਖ) ਅਤੇ ਝੂਠੇ ਕਰਮ ਧਰਮ ਦਾ ਦ੍ਰਿਸ਼ ਪੇਸ਼ ਕੀਤਾ ਹੈ। ਜੀਵ ਮੋਹ ਦੀ ਮਗਨਤਾ ਕਾਰਨ ਦ੍ਵੈਤਾ ਭਾਵ ਨਾਲ ਚਿੰਬੜਿਆ ਰਹਿੰਦਾ ਹੈ ਅਤੇ ਹੰਕਾਰ, ਮੈਂ ਮੈਂ ਕਾਰਨ ਜੰਮਦਾ ਮਰਦਾ ਰਹਿੰਦਾ ਹੈ। ਹਉਮੈ ਹੰਕਾਰ ਵਿਚ ਇੰਜ ਬੱਝ ਜਾਂਦਾ ਹੈ ਜਿਵੇਂ ਚੋਗੇ ਦੇ ਭੁਲੇਖੇ ਵਿਚ ਤੋਤਾ (ਨਲਕੀ) ਯੰਤਰ 'ਤੇ ਬੈਠਕੇ ਫਸ ਜਾਂਦਾ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਗਿਆਨਵਾਨ ਬੰਦੇ ਦੇ ਗਿਆਨ ਦਾ ਵੀ ਕੋਈ ਲਾਭ ਨਹੀਂ। ਨਾਮ ਤੋਂ ਬਿਨਾਂ ਉਸਦੇ ਸਭ ਕਰਮ ਧਰਮ ਵਿਅਰਥ ਹਨ।

**ਨਾਦ ਬਿੰਬ**

ਇਸ ਬਿੰਬ ਦਾ ਬੋਧ ਸ਼੍ਰਵਣ ਇੰਦਰੀ ਰਾਹੀਂ ਹੁੰਦਾ ਹੈ। ਸਾਜਾਂ ਦੇ ਨਾਦ ਜਾਂ ਸ਼ਬਦਾਂ ਦੀ ਨਾਦਮਈ ਵਿਧੀ ਦੁਆਰਾ ਇਸ ਬਿੰਬ ਦੀ ਸਿਰਜਣਾ ਕੀਤੀ ਜਾਂਦੀ ਹੈ। ਅਜਿਹੇ ਬਿੰਬਾਂ ਦੀ ਵੀ ਗੁਰੂ ਸਾਹਿਬ ਦੀ ਬਾਣੀ ਬਾਵਨ ਅਖਰੀ ਵਿਚ ਕਾਫੀ ਵਰਤੋਂ ਕੀਤੀ ਗਈ ਹੈ। ਦਲੀਪ ਸਿੰਘ ਦੀਪ ਦੇ ਮਤ ਅਨੁਸਾਰः

> ਸੰਵੇਦਨਾਮਈ ਬੋਧ ਕਰਾਉਣ ਵਾਲੇ ਸਾਰੇ ਹੀ ਬਿੰਬਾਂ ਦਾ ਅੰਕਣ ਗੁਰੂ ਕਵਿਤਾ ਵਿਚ ਹੋਇਆ ਮਿਲਦਾ ਹੈ। ਇਨ੍ਹਾਂ ਬਿੰਬਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦੀ ਪ੍ਰੇਰਨਾ ਉਚੇਰਿਆ ਉਠਾਣ

ਦੀ ਹੈ। ਸ਼ਬਦ ਰੂਪੀ ਬਰਖਾ ਦੇ ਨਾਦ ਨਾਲ ਮਨ ਦਾ ਹੁਲਾਸ ਕਿਵੇਂ ਬਣਦਾ ਹੈ? ਹੇਠਲੀਆਂ ਪੰਕਤੀਆਂ ਵਿਚ ਇਸਦਾ ਅਨੁਭਵ ਹੁੰਦਾ ਹੈ।[39]

(ੳ) ਝਰਹਿ ਕਸੰਮਲ ਪਾਪ ਤੇਰੇ ਮਨੂਆ॥
ਅੰਮ੍ਰਿਤ ਕਥਾ ਸੰਤਸੰਗਿ ਸੁਨੂਆ॥[40]

(ਅ) ਸਲੋਕੁ॥ ਜਹ ਸਾਧੂ ਗੋਬਿਦ ਭਜਨੁ ਕੀਰਤਨ ਨਾਨਕ ਨੀਤ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥[41]

(ੲ) ਧੀਰਜੁ ਜਸੁ ਸੋਭਾ ਤਿਹ ਬਨਿਆ॥ ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ॥[42]

(ਸ) ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ॥ ਤਹ ਬਾਜੇ ਨਾਨਕ ਅਨਹਦ ਤੂਰੇ॥[43]

(ਹ) ਵੈਰ ਵਿਰੋਧ ਮਿਟੇ ਤਿਹ ਮਨ ਤੇ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ॥[44]

ਉਪਰੋਕਤ ਪੰਕਤੀਆਂ ਤੋਂ ਸਪੱਸ਼ਟ ਹੈ ਕਿ ਬਾਣੀ ਬਾਵਨ ਅਖਰੀ ਵਿਚ ਗੁਰੂ ਸਾਹਿਬ ਨੇ ਸੁਹਜਪੂਰਵਕ ਨਾਦ ਬਿੰਬ ਸਿਰਜੇ ਹਨ। ਗੁਰੂ ਸਾਹਿਬ ਨੇ ਇਹ ਸਪੱਸ਼ਟ ਕੀਤਾ ਹੈ ਕਿ ਉਸ ਸਦਾ ਥਿਰ ਵਿਆਪਕ ਪ੍ਰਭੂ ਤੋਂ ਵੱਖਰੀ ਹਸਤੀ ਵਾਲਾ ਹੋਰ ਕੋਈ ਨਹੀਂ ਹੈ। ਜਿਸ ਮਨੁੱਖ ਨੂੰ ਪ੍ਰਭੂ ਆਪਣੀ ਸ਼ਰਨੀ ਵਿਚ ਲੈਂਦਾ ਹੈ। ਉਹ ਮਨੁੱਖ ਪ੍ਰਭੂ ਦਾ ਸਿਮਰਨ ਕਰਕੇ ਉਸ ਦੀ ਸਿਫਤਿ ਸਾਲਾਹ ਕਰ ਕੇ ਹੋਰਨਾਂ ਨੂੰ ਵੀ ਸੁਣਾਉਂਦਾ ਹੈ। ਸਿਫਤਿ ਸਾਲਾਹ ਸੁਣਨ ਨਾਲ ਹੀ ਸਾਰੇ ਪਾਪ ਵਿਕਾਰ ਝੜ ਜਾਂਦੇ ਹਨ। ਇਸ ਪ੍ਰਕਾਰ ਉਪਰੋਕਤ ਗੁਰ ਵਾਕਾਂ ਵਿਚ ਅਕਾਲ ਪੁਰਖ ਦੀ ਉਸਤਤਿ ਵਿਚ ਕੀਰਤਨ ਭਜਨ ਦੇ ਸੁਰੀਲੇ ਸ਼ਬਦਾਂ ਦੀ ਧੁਨੀ ਰਾਹੀਂ ਨਾਦ ਦਾ ਬੋਧ ਸਪੱਸ਼ਟ ਹੁੰਦਾ ਹੈ।

**ਸਪਰਸ਼ ਬਿੰਬ**

ਸਪਰਸ਼ ਬਿੰਬ ਦਾ ਬੋਧ ਸਾਡੀ ਗਿਆਨ ਇੰਦਰੀ ਚਮੜੀ ਨਾਲ ਹੁੰਦਾ ਹੈ। ਇਸ ਦਾ ਇੰਦਰਿਆਵੀ ਬੋਧ ਸਭ ਤੋਂ ਅਧਿਕ ਪ੍ਰਤੱਖ ਅਤੇ ਸਥੂਲ ਹੁੰਦਾ ਹੈ। ਤਪਸ਼, ਨਿੱਘ, ਠੰਢ, ਤਲਖ਼ੀ, ਝਰਨਾਟ, ਲੂੰ ਕੰਢੇ ਖੜੇ ਹੋਣਾ ਆਦਿ ਸਪਰਸ਼ ਬਿੰਬਾਂ ਦੇ ਅੰਤਰਗਤ ਆਉਂਦੇ ਹਨ। ਬਾਣੀ ਬਾਵਨ ਅਖਰੀ ਵਿਚ ਗੁਰੂ ਸਾਹਿਬ ਨੇ ਪਾਰਸ ਦਾ ਰਵਾਇਤ ਬਿੰਬ ਸਿਰਜ ਕੇ ਇਹ ਦਸਿਆ ਹੈ ਕਿ ਜਿਵੇਂ ਪਾਰਸ ਛੋਹ ਨਾਲ ਲੋਹਾ ਸੋਨਾ ਹੋ ਜਾਂਦਾ ਹੈ, ਉਵੇਂ ਹੀ ਪੂਰਨ ਗੁਰੂ (ਜੋ ਸੋਨੇ ਦੇ ਸਮਾਨ ਹੈ) ਸ਼ਰਨੀ ਪਿਆਂ ਨੂੰ ਆਪਣੇ ਜਿਹਾ ਬਣਾ ਲੈਂਦਾ ਹੈ। ਉਦਾਹਰਣ ਦੇਖਦੇ ਹਾਂ:

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥[45]

**ਗੰਧ ਬਿੰਬ**

ਅਜਿਹੇ ਬਿੰਬਾਂ ਦਾ ਬੋਧ ਸੁੰਘਣ ਇੰਦਰੀ, ਨੱਕ ਰਾਹੀਂ ਹੁੰਦਾ ਹੈ। ਸੰਵੇਦਨਾ ਦੀ ਤੀਬਰਤਾ ਅਤੇ ਗਹਿਰਾਈ ਦੀ ਦ੍ਰਿਸ਼ਟੀ ਤੋਂ ਗੰਧ ਦਾ ਮਹੱਤਵ ਅਧਿਕ ਹੁੰਦਾ ਹੈ। ਦ੍ਰਿਸ਼ ਦਾ ਸੰਬੰਧ ਸਥੂਲ ਦ੍ਰਿਸ਼ਾਂ ਰੂਪਾਂ ਨਾਲ ਹੈ ਅਤੇ ਇਸ ਦਾ ਸੂਖਮ ਸੁੰਘਣ ਚੇਤਨਾ ਨਾਲ। ਗੰਧ ਵਲ ਦ੍ਰਿਸ਼ਟੀ ਉਨ੍ਹਾਂ ਕਵੀਆਂ ਦੀ ਜਾਂਦੀ ਹੈ ਜਿਨ੍ਹਾਂ ਦੀ ਗ੍ਰਹਿਣਸ਼ੀਲਤਾ, ਤੀਬਰ ਅਤੇ ਸੰਵੇਦਨਾ ਬਹੁਤ ਹੀ ਕੋਮਲ ਹੁੰਦੀ ਹੈ।[46] ਲਾਲਚ ਝੂਠ ਮੋਹ ਆਦਿ ਅਨੇਕਾਂ ਹੀ ਵਿਕਾਰਾਂ ਨਾਲ ਜੀਵ ਦੇ ਅੰਦਰੂਨੀ ਮਾਨਵੀ ਗੁਣ ਸੜ ਕੇ ਦੁਰਗੰਧ ਪੈਦਾ ਕਰਦੇ ਹਨ। ਇਨ੍ਹਾਂ ਹੀ ਵਿਕਾਰਾਂ ਨਾਲ ਜੀਵ ਦੇ ਗੁਣ ਔਗੁਣਾਂ ਵਿਚ ਪਰਿਵਰਤਿਤ ਹੋ ਜਾਂਦੇ ਹਨ। ਇਹ ਭਾਵ ਹੇਠਲੀਆਂ ਪੰਕਤੀਆਂ ਵਿਚ ਗੰਧ ਬਿੰਬ ਰਾਹੀਂ ਬੜੀ ਸੋਹਣੀ ਤਰ੍ਹਾਂ ਰੂਪਮਾਨ ਕੀਤਾ ਗਿਆ ਹੈ:

ਸਲੋਕੁ॥ ਲਾਲਚ ਝੂਠਿ ਬਿਕਾਰ ਮੋਹ ਬਿਆਪਤ ਮੂੜੇ ਅੰਧ॥
ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ॥[47]

ਗੁਰੂ ਅਰਜਨ ਦੇਵ ਜੀ ਨੇ ਧਾਰਮਿਕ ਅਤੇ ਮਿਥਿਹਾਸਕ ਪਾਤਰਾਂ ਨੂੰ ਵੀ ਸੁਚਤੇ ਤੌਰ 'ਤੇ ਬਾਣੀ ਬਾਵਨ ਅਖਰੀ ਵਿਚ ਸਿਰਜਿਆ ਹੈ। ਧਾਰਮਿਕ ਮਿਥਿਹਾਸਕ ਖੇਤਰ ਵੀ ਬਿੰਬਾਵਲੀ ਲਈ ਇਕ ਅਨੁਪਮ ਖਜ਼ਾਨਾ ਹੈ। ਜਿਸਦੇ ਭੰਡਾਰੇ ਹਮੇਸ਼ਾਂ ਤੋਟ ਰਹਿਤ ਹੁੰਦੇ ਹਨ ਅਤੇ ਜਿਸ ਦੀਆਂ ਸੰਭਾਵਨਾਵਾ ਦਾ ਕੋਈ ਅੰਤ ਨਹੀਂ ਹੁੰਦਾ। ਅਜਿਹੇ ਬਿੰਬਾਂ ਦੀ ਵਰਤੋਂ ਕਾਵਿ ਨੂੰ ਅਰਥ ਭਰਪੂਰ ਬਣਾ ਕੇ ਭਾਵ ਪ੍ਰਵਾਹ ਦੀ ਸਦੀਵੀ ਲਹਿਰ ਨਾਲ ਜੋੜਦੀ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਬੜੇ ਹੀ ਸੁੰਦਰ ਅਤੇ ਕਲਾ ਪੂਰਤ ਢੰਗ ਨਾਲ ਇਹਨਾਂ ਬਿੰਬਾਂ ਦੀ ਵਰਤੋਂ ਬਾਣੀ ਬਾਵਨ ਅਖਰੀ ਵਿਚ ਕੀਤੀ ਹੈ। ਇਸ ਨਾਲ ਸੰਬੰਧਿਤ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ:

(ੳ) ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ॥
ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ॥[48]

(ਅ) ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ॥ ਬੈਸਨੋ ਤੇ ਗੁਰਮੁਖਿ ਸੁਚ ਧਰਮਾ॥[49]

(ੲ) ਭਰਮੇ ਸੁਰਿ ਨਰ ਦੇਵੀ ਦੇਵਾ॥ ਭਰਮੇ ਸਿਧ ਸਾਧਿਕ ਬ੍ਰਹਮੇਵਾ॥[50]

(ਸ) ਸਲੋਕ।। ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ।।
ਨਾਨਕ ਉਬਰੇ ਜਪਿ ਹਰੀ ਸਾਧਸੰਗਿ ਸਨਬੰਧ।।[51]

(ਹ) ਸਾਧਸੰਗਿ ਜਿਹ ਹਉਮੈ ਮਾਰੀ।। ਨਾਨਕ ਤਾ ਕਉ ਮਿਲੈ ਮੁਰਾਰੀ।।[52]

(ਕ) ਸਲੋਕੁ।। ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ।।
ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ।।[53]

ਉਪਰੋਕਤ ਪੰਕਤੀਆਂ ਵਿਚ ਰਾਮ, ਮੁਰਾਰੀ, ਵਾਸੁਦੇਵ ਸ਼ਬਦਾਂ ਨੂੰ ਪ੍ਰਮਾਤਮਾ ਦਾ ਸੂਚਕ ਬਣਾਇਆ ਗਿਆ ਹੈ। ਪਰਮਾਤਮਾ ਦੀ ਸਰਬ ਵਿਆਪਕਤਾ ਨੂੰ ਵੀ ਸਪੱਸ਼ਟ ਕੀਤਾ ਗਿਆ ਹੈ ਅਤੇ ਪਰਮਾਤਮਾ ਦੀ ਏਕਤਾ ਰਾਹੀਂ ਹੀ ਮਾਨਵਤਾ ਵਿਚ ਪ੍ਰੇਮ ਪੈਦਾ ਹੋ ਸਕਦਾ ਹੈ ਅਤੇ ਪ੍ਰੇਮ ਹੀ ਰੱਬ ਹੈ। ਜਗਤ ਇਕ ਸੁਪਨੇ ਸਮਾਨ ਹੈ ਜਿਸ ਕਾਰਨ ਕਈ ਸੁਰਗੀਜੀਵ, ਮਨੁੱਖ, ਦੇਵੀ ਦੇਵਤੇ, ਜੋਗੀ ਅਤੇ ਸਾਧਨਾ ਕਰਨ ਵਾਲੇ ਬ੍ਰਹਮਾ ਵਰਗੇ ਵੀ ਭਟਕਦੇ ਰਹੇ ਹਨ ਪਰ ਸਾਧ ਸੰਗਤ ਵਿਚ ਸੰਗਤ ਵਿਚ ਨਾਤਾ ਜੋੜਨ ਕਰਕੇ ਧਰਮ ਰਾਜ (ਵਿਕਾਰਾਂ ਦੇ ਹੜ੍ਹ) ਤੋਂ ਬਚ ਨਿਕਲਿਆ ਜਾ ਸਕਦਾ ਹੈ। ਇਸ ਪ੍ਰਕਾਰ ਗੁਰੂ ਸਾਹਿਬ ਨੇ ਰਾਮ ਨਾਮ ਕਹਿ ਕੇ ਨਿਰਗੁਣ ਬ੍ਰਹਮ ਨੂੰ ਰੂਹਾਨੀ ਧਨ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਧਾਰਮਿਕ ਤੇ ਮਿਥਿਹਾਸਕ ਹਵਾਲਿਆਂ ਨਾਲ ਆਪਣੀ ਬਾਣੀ ਨੂੰ ਸਪੱਸ਼ਟ ਕੀਤਾ ਹੈ ਅਤੇ ਵਿਚਾਰਧਾਰਾ ਦਾ ਪ੍ਰਵਾਹ ਆਪਣੇ ਰਸਤੇ ਉਪਰ ਠੀਕ ਤਰ੍ਹਾਂ ਚਲਦਾ ਜਾ ਰਿਹਾ ਹੈ। ਇਸ ਪਰਵਾਹ ਵਿਚ ਕਿਤੇ ਰੁਕਾਵਟ ਨਹੀਂ ਆਈ। ਡਾ. ਗੁਰਸ਼ਰਨ ਕੌਰ ਜੱਗੀ ਅਨੁਸਾਰ:

> ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਬਿੰਬ ਸਿਰਜਣਾ ਬੜੀ ਸਫ਼ਲਤਾ ਨਾਲ ਹੋਈ ਹੈ। ਇਸ ਨਾਲ ਅਨੇਕ ਅਧਿਆਤਮਕ ਰਹੱਸਾਂ ਦੀ ਤਹਿ ਤੱਕ ਪਹੁੰਚਿਆ ਜਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਗੁਰੂ ਜੀ ਦੀ ਕਲਪਨਾ ਦੀ ਉੱਚੀ ਉਡਾਰੀ ਅਤੇ ਉਨ੍ਹਾਂ ਦੀ ਰਹੱਸ ਅਨੁਭੂਤੀ ਦਾ ਠੀਕ ਰਸਾਸਵਦਨ ਉਨ੍ਹਾਂ ਦੇ ਬਿੰਬਾਂ ਦੇ ਮਾਧਿਅਮ ਰਾਹੀਂ ਹੀ ਕੀਤਾ ਜਾ ਸਕਦਾ ਹੈ।[54]

ਗੁਰਮਤਿ ਸਾਹਿਤ ਦੀ ਵਿਸ਼ੇਸ਼ਤਾ ਇਸ ਵਿਚ ਹੈ ਕਿ ਗੁਰੂ ਕਵੀਆਂ ਨੇ ਨਿਰਗੁਣ ਨੂੰ ਸਰਗੁਣ ਰੂਪ ਰਾਹੀਂ ਸਪੱਸ਼ਟ ਕਰਕੇ ਕਦੇ ਨਾ ਪ੍ਰਗਟਾਏ ਜਾਣ ਵਾਲੇ ਵਿਸ਼ੇ ਨੂੰ ਵੀ ਸਪੱਸ਼ਟ ਕਰ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਦੀ ਵਿਚਾਰਧਾਰਾ ਵੀ ਪਰਮਸਤ ਦੇ ਇਸੇ ਰੂਪ ਦੀ ਪੁਸ਼ਟੀ ਕਰਦੀ ਹੈ ਕਿ ਬ੍ਰਹਮ ਦਾ ਵਾਸਤਵਿਕ ਨਿਰਗੁਣ ਰੂਪ ਜਦੋਂ ਆਪਣੀ ਇੱਛਾ ਅਨੁਸਾਰ ਸ੍ਰਿਸ਼ਟੀ ਸਿਰਜਣਾ ਵੱਲ ਰੁਚਿਤ ਹੁੰਦਾ ਹੈ ਤਾਂ ਉਹ ਸਰਗੁਣ ਰੂਪ ਵਿਚ ਪਰਿਵਰਤਿਤ ਹੋ ਜਾਂਦਾ ਹੈ।

ਸਲੋਕੁ।। ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ।।

ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ।।[55]

ਗੁਰਮਤਿ ਸਿਧਾਂਤ ਵਿਚ ਗੁਰੂ ਤੋਂ ਬਿਨਾਂ ਜੀਵ ਦੀ ਹੋਂਦ ਨੂੰ ਅਧੂਰਾ ਮੰਨਿਆ ਗਿਆ ਹੈ ਕਿਉਂਕਿ ਇਸ ਸ੍ਰਿਸ਼ਟੀ ਉੱਤੇ ਗੁਰੂ ਦੀ ਇਕੋ ਇਕ ਅਜਿਹੀ ਸਖ਼ਸ਼ੀਅਤ ਹੁੰਦੀ ਹੈ। ਜਿਹੜੀ ਜੀਵ ਦੀਆਂ ਸਦਾਚਾਰਕ ਕੀਮਤਾਂ ਦੀ ਜਾਣਕਾਰੀ ਦਿੰਦੀ ਹੈ ਤੇ ਆਤਮਿਕ ਪੱਖ ਦੀ ਉਸਾਰੀ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਗੁਰੂ ਨੂੰ ਵਿਸ਼ੇਸ਼ ਮਹੱਤਵ ਇਸੇ ਕਰਕੇ ਹੀ ਦਿੱਤਾ ਗਿਆ ਹੈ। ਉਹਨਾਂ ਦੀ ਧਾਰਨਾ ਹੈ ਕਿ ਗੁਰੂ ਤੇ ਪਰਮਾਤਮਾ ਇਕੋ ਹੀ ਰੂਪ ਹਨ। ਉਹ ਮਾਤਾ ਪਿਤਾ ਵਾਂਗ ਬਾਲਕ ਨੂੰ ਪਾਲਦਾ, ਸੰਭਾਲਦਾ ਤੇ ਵਿਕਾਰਾਂ ਤੋਂ ਬਚਾ ਕੇ ਰੱਖਦਾ ਹੈ:

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ।।

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ।।[56]

ਅਤੇ ਉਹ ਹੀ ਜੀਵ ਦਾ ਸੰਗੀ ਸਾਥੀ, ਅਗਿਆਨ ਦੂਰ ਕਰਨ ਵਾਲਾ, ਸਾਕ ਸੰਬੰਧੀ ਅਤੇ ਭਰਾ ਵੀ ਸਾਬਿਤ ਹੁੰਦਾ ਹੈ। ਉਪਰੋਕਤ ਗੁਰ ਵਾਕਾਂ ਵਿਚ ਗੁਰੂ ਸਾਹਿਬ ਰਿਸ਼ਤੇ ਨਾਤੇ ਦਾ ਬਿੰਬ ਉਸਾਰ ਕੇ ਜੀਵ ਅਤੇ ਪਰਮਾਤਮਾ ਦੇ ਸੱਚੇ-ਸੁੱਚੇ ਰਿਸ਼ਤੇ ਨੂੰ ਬਿਆਨ ਕਰਦੇ ਹਨ।

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਸਮਕਾਲੀ ਪੂਰਬਲੀ ਸਮਾਜਿਕ ਸਥਿਤੀ ਨੂੰ ਕਲਪਨਾ, ਅਨੁਭਵ ਦੀ ਛੋਹ ਦੇ ਕੇ ਭਾਵ ਪੂਰਨ ਪੇਸ਼ਕਾਰੀ ਕੀਤੀ ਹੈ। ਇਸ ਵਰਗ ਨਾਲ ਸੰਬੰਧਿਤ ਬਿੰਬਾਂ ਰਾਹੀਂ ਨਾ ਸਿਰਫ਼ ਗੁਰੂ ਕਵੀ ਨੇ ਮਾਨਸਿਕ ਝੁਕਾਅ ਹੀ ਨਹੀਂ, ਸਗੋਂ ਸਮਾਜਿਕ ਪਰਸਥਿਤੀਆਂ ਨੂੰ ਵੀ ਪਿੱਠ ਭੂਮੀ ਵਿਚੋਂ ਅਗਰਭੂਮੀ ਉਤੇ ਲਿਆ ਕੇ ਪੂਰਨ ਰੂਪ ਵਿਚ ਉਘਾੜਿਆ ਹੈ। ਦਾਸ ਵਰਗ ਤੋਂ ਜਿਹੜੇ ਕੰਮ ਕਰਵਾਏ ਜਾਂਦੇ ਸਨ ਉਨ੍ਹਾਂ ਵਿਚੋਂ ਪਾਣੀ ਢੋਣ ਵਾਲੇ ਦਾ ਬਿੰਬ ਗੁਰੂ ਕਵੀ ਦੀ ਰਚਨਾ ਵਿਚ ਮਿਲਦਾ ਹੈ:

ਛਛਾ ਛੋਹਰੇ ਦਾਸ ਤੁਮਾਰੇ।। ਦਾਸ ਦਾਸਨ ਕੇ ਪਾਨੀਹਾਰੇ।।

ਛਛਾ ਛਾਰ ਹੋਤ ਤੇਰੇ ਸੰਤਾ।। ਅਪਨੀ ਕ੍ਰਿਪਾ ਕਰਹੁ ਭਗਵੰਤਾ।।[57]

ਪਿਆਰ ਦੀ ਪ੍ਰਾਪਤੀ ਲਈ ਪਰਮਾਤਮਾ ਨੂੰ ਬਾਪ ਅਤੇ ਭਗਤਾਂ ਨੂੰ ਬਾਲ ਗੋਪਾਲ ਕਹਿ ਕੇ ਬਿਆਨ ਕੀਤਾ ਗਿਆ ਹੈ।

ਸੰਸਾਰ ਦੀ ਖੇਡ ਇਕ ਧੰਦਾ ਹੈ। ਇਸ ਧੰਦੇ ਤੋਂ ਭਾਵ ਸੰਸਾਰ ਦੇ ਉਸ ਕਾਰ ਵਿਹਾਰ ਵਲ ਇਸ਼ਾਰਾ ਹੈ ਜੋ ਮਨੁੱਖ ਕੇਵਲ ਮਾਇਆ ਦੇ ਸੌਦੇ ਲਈ ਕਰਦਾ ਹੈ। ਇਹ ਉੱਦਮ ਜੋ ਮਨੁੱਖੀ ਪ੍ਰਗਤੀ ਲਈ ਹੋਵੇ ਤਾਂ ਠੀਕ ਹੈ ਪਰ ਜੇ ਨਿੱਜੀ ਹਿੱਤਾਂ ਲਈ ਹੋਵੇ ਤਾਂ ਫਰੇਬ ਨਾਲ ਭਰਿਆ ਧੰਦਾ ਹੈ:

ਧੰਧੇ ਕਹਾ ਬਿਆਪਹਿ ਤਾਹੂ॥ ਜੋ ਏਕ ਛਾਡਿ ਅਨ ਕਤਹਿ ਨ ਜਾਹੂ॥[58]

ਇਸ ਲਈ ਇਸ ਸੰਸਾਰ ਦੀ ਮਾਇਆ ਖੇਡ ਨੂੰ ਇਕ ਸਮੁੰਦਰ ਕਹਿ ਕੇ ਇਸ ਤੋਂ ਤਰਨ ਲਈ ਸਤਿ ਸੰਗਤਿ ਦਾ ਉਪਾਅ ਦੱਸਿਆ ਹੈ:

ਏ ਸਾਜਨ ਕਛੁ ਕਹਹੁ ਉਪਾਇਆ॥
ਜਾ ਤੇ ਤਰਉ ਬਿਖਮ ਇਹ ਮਾਇਆ॥
ਕਰਿ ਕਿਰਪਾ ਸਤਸੰਗਿ ਮਿਲਾਏ॥
ਨਾਨਕ ਤਾ ਕੈ ਨਿਕਟਿ ਨ ਮਾਏ॥[59]

ਇਸ ਜਗਤ ਵਿਚ ਚੰਗੀ ਮੰਦੀ ਕਿਰਤ ਵਾਲੇ ਜੀਵ ਉਸ ਪਰਮਾਤਮਾ ਨੇ ਆਪ ਹੀ ਪੈਦਾ ਕੀਤੇ ਹਨ। ਕਈ ਵਾਰ ਪਸ਼ੂ ਜੀਵ ਹੰਕਾਰ ਕਰਨ ਲੱਗ ਪੈਂਦਾ ਹੈ। ਅਹੰਕਾਰ ਨੂੰ ਪਸ਼ੂ ਬਿਰਤੀ ਕਿਹਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪ੍ਰਭੂ ਦੀ ਕਿਰਪਾ ਤੋਂ ਬਿਨਾਂ ਅਜਿਹਾ ਜੀਵ ਕੋਈ ਕਮਾਈ ਨਹੀਂ ਕਰ ਸਕਦਾ:

ਸਲੋਕੁ॥ ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ॥
ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ॥[60]

ਬਾਣੀ ਬਾਵਨ ਅਖਰੀ ਵਿਚ ਹਉਮੈ ਨੂੰ ਭਾਰੀ ਰੋਗ ਕਹਿ ਕੇ ਵੀ ਸੰਬੋਧਨ ਕੀਤਾ ਗਿਆ ਹੈ ਅਤੇ ਰਾਮ ਨਾਮ ਸਿਮਰਨ ਨੂੰ ਸਭ ਰੋਗਾਂ ਦੀ ਅਉਖਧ ਕਿਹਾ ਹੈ। ਇਸ ਅਉਖਧ ਦਾ ਨੁਸਖਾ ਕੇਵਲ ਪੂਰਾ ਗੁਰੂ ਹੀ ਦਸ ਸਕਦਾ ਹੈ ਕਿਉਂਕਿ ਕਾਬਿਲ ਵੈਦ ਸਤਿਗੁਰੂ ਹੀ ਹੈ :

ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ॥
ਹਰਿ ਅਉਖਧੁ ਸਭ ਘਟ ਹੈ ਭਾਈ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ॥[61]

ਉਪਰੋਕਤ ਬਿੰਬਾਂ ਤੋਂ ਇਲਾਵਾ ਗੁਰੂ ਦੇ ਚਰਨਾਂ ਨੂੰ ਪ੍ਰਕ੍ਰਿਤਕ ਬਿੰਬ ਕਮਲ ਦੇ ਫੁੱਲ ਨਾਲ ਉਪਮਾ ਦਿੱਤੀ ਗਈ ਹੈ :

ਚਚਾ ਚਰਨ ਕਮਲ ਗੁਰ ਲਾਗਾ।। ਧਨਿ ਧਨਿ ਉਆ ਦਿਨ ਸੰਜੋਗ ਸਭਾਗਾ।।[62]

ਬਨਸਪਤੀ ਦੇ ਪਸਾਰੇ ਵਿਚੋਂ ਕਮਲ ਦੇ ਫੁੱਲ ਰਾਹੀਂ ਗੁਰੂ ਦੇ ਚਰਨਾਂ ਕਮਲਾਂ ਦੀ ਪਵਿੱਤਰਤਾ ਪ੍ਰਗਟਾਈ ਗਈ ਹੈ।

ਉਪਰੋਕਤ ਬਿੰਬ ਸਿਰਜਣਾ ਤੋਂ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਰਚਨਾ ਬਹੁਪੱਖੀ, ਸ੍ਰੇਸ਼ਟ ਅਤੇ ਉੱਤਮ ਹੈ। ਉਹਨਾਂ ਨੇ ਬਿੰਬਾਂ ਰਾਹੀਂ ਆਪਣੇ ਜੀਵਨ ਦਰਸ਼ਨ ਦੀਆਂ ਡੂੰਘੀਆਂ ਰਮਜ਼ਾ ਨੂੰ ਦਰਸਾਇਆ ਹੈ ਜਿਨ੍ਹਾਂ ਨੂੰ ਬਿੰਬਾਂ ਦੀ ਉਸਾਰੀ ਤੋਂ ਬਿਨਾਂ ਸ਼ਾਇਦ ਸਮਝਣਾ ਵੀ ਕਠਿਨ ਹੈ। ਅਸਲ ਗੱਲ ਇਹ ਹੈ ਕਿ ਆਪ ਜੀ ਦਾ ਆਪਾ ਬਾਣੀ ਵਿਚ ਘੁੱਲ ਗਿਆ ਹੈ ਅਤੇ ਉਹਨਾਂ ਦੀ ਬਾਣੀ ਹੀ ਗੁਰੂ ਅਰਜਨ ਹੈ। ਗੁਰੂ ਸਾਹਿਬ ਦੇ ਕਹਿਣ ਕਥਨ ਅਤੇ ਕਰਨੀ ਵਿਚ ਇਕਸਾਰਤਾ ਹੈ। ਸ਼ੁਰੂ ਤੋਂ ਲੈ ਕੇ ਅਖੀਰ ਤੱਕ ਬਾਣੀ ਬਾਵਨ ਅਖਰੀ ਇਕ ਸਿਧਾਂਤ ਦੀ ਲੜੀ ਵਿਚ ਪਰੋਈ ਹੈ। ਇਸ ਬਾਣੀ ਦਾ ਧੁਰਾ ਮਾਨਵਤਾ ਉੱਪਰ ਕਾਇਮ ਕੀਤਾ ਗਿਆ ਹੈ ਅਤੇ ਇਸ ਬਾਣੀ ਦੀ ਆਖਰੀ ਮੰਜ਼ਿਲ ਪਰਮਾਤਮਾ ਹੈ।

### (2) ਪ੍ਰਤੀਕ ਵਿਧਾਨ

ਪ੍ਰਤੀਕ ਦਾ ਕਾਵਿ ਸਿਰਜਣਾ ਪ੍ਰਕ੍ਰਿਆ ਵਿਚ ਅਹਿਮ ਸਥਾਨ ਹੈ। ਜੀਵਨ ਦੇ ਵਿਭਿੰਨ ਖੇਤਰਾਂ ਦੀ ਤਰ੍ਹਾਂ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਵਿਚ ਪ੍ਰਤੀਕ ਦਾ ਪ੍ਰਯੋਗ ਸੰਭਵ ਹੈ। ਪ੍ਰਤੀਕ ਦੀ ਮਹੱਤਤਾ ਨੂੰ ਸਵੀਕਾਰ ਕਰਦਿਆਂ ਡਾ. ਸ਼ਾਂਤੀ ਸਵਰੂਪ ਗੁਪਤ ਦੀ ਧਾਰਨਾ ਭਾਵ ਪੂਰਨ ਪ੍ਰਤੀਤ ਹੁੰਦੀ ਹੈ, "ਇਹ ਸੱਚ ਹੈ ਕਿ ਕਲਾ ਕਿਸੇ ਨਾ ਕਿਸੇ ਅਰਥ ਵਿਚ ਪ੍ਰਤੀਕਾਤਮਕ ਰਹੀ ਹੈ। ਪ੍ਰਤੀਕ ਮਾਨਵ ਜਾਤੀ ਜਿੰਨੇ ਹੀ ਪੁਰਾਣੇ ਹਨ।"[63] ਪ੍ਰਤੀਕ 'ਆਦਰਸ਼ ਸੱਚ' ਦੀ ਸੰਕੇਤਕ ਅਭਿਵਿਅਕਤੀ ਕਰਦੇ ਹਨ। ਕਵੀ ਆਪਣੇ ਅਨੁਭਵ ਨੂੰ ਸਮੂਰਤ ਕਰਨ ਸਮੇਂ ਢੁਕਵੇਂ ਪ੍ਰਤੀਕਾਂ ਨੂੰ ਹੀ ਕਾਵਿ ਵਿਚ ਸੰਗਠਿਤ ਕਰਦਾ ਹੈ। ਪ੍ਰਤੀਕ ਅੰਗਰੇਜ਼ੀ ਦੇ ਸ਼ਬਦ symbol ਦਾ ਪਰਿਆਇ ਹੈ। ਵਿਸ਼ਵ ਕੋਸ਼ ਵਿਚ ਪ੍ਰਤੀਕ ਦਾ ਲੱਛਣ ਦੱਸਦੇ ਹੋਏ ਕਿਹਾ ਗਿਆ ਹੈ ਕਿ ਅਮੂਰਤ ਦਾ ਮੂਰਤ ਰਾਹੀਂ ਪ੍ਰਸਤੁਤੀਕਰਣ ਪ੍ਰਤੀਕ ਹੈ। ਡਾ. ਪ੍ਰੇਮ ਪ੍ਰਕਾਸ਼ ਦੇ ਸ਼ਬਦਾਂ ਵਿਚ ਕਿਸੇ ਵੀ ਗਿਆਨ ਨੂੰ ਜਦ ਪ੍ਰਗਟਾਉਣ ਦਾ ਸਵਾਲ ਆਉਂਦਾ ਹੈ ਤਾਂ ਉਸ ਵੇਲੇ ਮਨੁੱਖ ਮਲੋਮਲੀ ਜਾਂ ਇਉਂ ਕਹੋ ਸੁੱਤੇ ਸਿੱਧ ਆਪਣੇ ਤਜ਼ਰਬੇ ਨਾਲ ਕਿਸੇ ਨਾ ਕਿਸੇ ਵਸਤੂ ਨਾਲ ਉਸ ਗਿਆਨ ਦੀ ਤੁਲਨਾ ਵੇਖਦਾ ਹੈ ਅਤੇ ਭਾਵ ਪ੍ਰਗਟਾਉ ਦਾ ਮਾਧਿਅਮ ਬਣਾ ਲੈਂਦਾ ਹੈ ਇਹ ਪ੍ਰਤੀਕ ਬਣ ਜਾਂਦੇ ਹਨ।[64] ਇਸ ਲਈ ਸਪੱਸ਼ਟ ਹੈ ਕਿ ਪ੍ਰਤੀਕਾਂ ਦਾ ਸੰਬੰਧ ਮਨੁੱਖ ਦੀ ਸਮੂਹਕ ਅਵਚੇਤਨਾ ਨਾਲ ਜੁੜਿਆ ਹੈ।

ਕਵਿਤਾ ਵਿਚ ਪ੍ਰਤੀਕ ਦੀ ਵਰਤੋਂ ਨਾਲ ਉਸ ਦੀ ਭਾਸ਼ਾ ਵਿਚ ਇਕ ਨਵੀਂ ਅਰਥ ਸ਼ਕਤੀ ਆ ਜਾਂਦੀ ਹੈ ਅਤੇ ਇਸਦੇ ਸੁਹਜ ਵਿਚ ਵਾਧਾ ਹੁੰਦਾ ਹੈ। ਪ੍ਰਤੀਕ ਇਕ ਪਾਸੇ ਭਾਵਾਂ ਦਾ ਸੰਚਾਰ ਕਰਦੇ ਹਨ, ਦੂਸਰੇ ਪਾਸੇ ਭਾਸ਼ਾ ਦਾ ਅਲੰਕਰਣ। ਪ੍ਰਤੀਕ ਦੀ ਸਹਾਇਤਾ ਨਾਲ ਅਨੁਭਵ ਸੰਗਠਿਤ ਵੀ ਹੁੰਦਾ ਹੈ ਅਤੇ ਵਿਸ਼ਾਲ ਵੀ ਬਣਦਾ ਹੈ।[65] ਡਾ. ਭੁਪਿੰਦਰ ਕੌਰ ਕਾਵਿ ਕਲਾ ਦੇ ਸੁਹਜ ਨੂੰ ਵਧਾਉਣ ਵਾਸਤੇ ਬਿੰਬਾਂ ਅਤੇ ਪ੍ਰਤੀਕਾਂ ਦੀ ਮਹਾਨਤਾ ਨੂੰ ਇਸ ਤਰ੍ਹਾਂ ਵਿਅਕਤ ਕਰਦੇ ਹਨ:

> ਕਵੀ ਦੁਆਰਾ ਆਪਣੇ ਅਨੁਭਵ ਨੂੰ ਰੂਪਾਂਤ੍ਰਿਤ ਕਰਨ ਲਈ ਵਰਤੋਂ ਵਿਚ ਲਿਆਂਦੇ ਗਏ ਸ਼ਬਦ, ਬਿੰਬ ਤੇ ਪ੍ਰਤੀਕ ਜਿਥੇ ਉਸ ਦੀ ਚੇਤੰਨਤਾ ਦਾ ਲਖਾਇਕ ਹੁੰਦੇ ਹਨ ਉਥੇ ਇਹ ਕਵਿਤਾ ਨੂੰ ਸੁਹਜ ਪ੍ਰਦਾਨ ਕਰਦੇ ਹਨ। ਇਹਨਾਂ ਬਿੰਬਾਂ, ਪ੍ਰਤੀਕਾਂ ਦੀ ਚੋਣ ਉਹ ਆਮ ਸ਼ਬਦ ਭੰਡਾਰ ਵਿਚੋਂ ਕਰਦਾ ਹੈ ਤੇ ਇਕ ਕ੍ਰਮ ਵਿਚ ਬੰਨ੍ਹ ਕੇ ਸ਼ਬਦਾਂ ਦੇ ਪ੍ਰਚਲਤ ਅਰਥਾਂ ਤੋਂ ਵੀ ਉਪਰ ਉੱਠ ਕੇ ਉਹਨਾਂ ਵਿਚੋਂ ਨਵੇਂ ਤੇ ਭਿੰਨ ਭਿੰਨ ਅਰਥ ਤਲਾਸ਼ਦਾ ਹੈ। ਉਸ ਸਮੇਂ ਕਵੀ ਦੀ ਦ੍ਰਿਸ਼ਟੀ ਭਾਸ਼ਾ ਦੇ ਸੂਚਨਾਦਾਇਕ ਤੇ ਸੰਰਚਨਾਮੂਲਕ ਪ੍ਰਕਾਰਜਾਂ ਦੀ ਸੀਮਾ ਤੋਂ ਵੀ ਪਾਰ ਉਸਦੇ ਸੁਹਜਾਤਮਕ ਪ੍ਰਕਾਰਜ ਨੂੰ ਪ੍ਰਧਾਨਤਾ ਦਿੰਦੀ ਹੈ। ਸਿੱਟੇ ਵਜੋਂ ਸ਼ਬਦ ਆਪਣੇ ਰੂੜ੍ਹੀਗਤ ਅਰਥਾਂ ਤੋਂ ਵੀ ਅੱਗੇ ਲਹਿਜੇ ਤੇ ਸੁਭਾਉ ਦੇ ਤੌਰ ਤੇ ਵਿਲੱਖਣ ਹੋ ਜਾਂਦੇ ਹਨ। ਸਾਰੇ ਸ਼ਬਦ ਇਕ ਵਿਸ਼ੇਸ਼ ਸੰਦਰਭ ਅਧੀਨ ਅੰਤਰ ਸੰਬੰਧ ਹੋ ਕੇ ਵਿਸ਼ੇਸ਼ ਅਰਥਾਂ ਨੂੰ ਗ੍ਰਹਿਣ ਕਰਦੇ ਹੋਏ ਸੁਹਜ ਪੈਦਾ ਕਰਦੇ ਹਨ।[66]

ਉਪਰੋਕਤ ਵਿਚਾਰਾਂ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪ੍ਰਤੀਕ ਅਗੋਚਰ (ਗੈਰਹਾਜ਼ਰ, ਅਣਦਿਸਦਾ) ਪਦਾਰਥ ਜਾਂ ਭਾਵ ਦੀ ਪ੍ਰਤੀਨਿਧ ਉਹ ਸਗੋਚਰ ਤੇ ਚਿਰ ਪਛਾਣੀ ਵਸਤੂ ਹੈ ਜਿਹੜੀ ਸਾਡੇ ਮਨਾਂ ਵਿਚ ਉਸ ਸਗੋਚਰ ਦੀ ਸੁਹਜ-ਸੂਰਤ ਤੁਰਤ ਫੁਰਤ ਸਾਕਾਰ ਕਰ ਜਾਂਦੀ ਹੈ।[67]

ਕਵੀ ਦੀ ਕਾਵਿਕ ਜੁਗਤ ਵਿਚ ਬਿੰਬ ਜਿਨ੍ਹਾਂ ਹੀ ਮਹੱਤਵਪੂਰਨ ਪ੍ਰਤੀਕ ਹੁੰਦਾ ਹੈ। ਕਵਿਤਾ ਦੀ ਸੂਖ਼ਮਭਾਵੀ ਬਿਰਤੀ ਵਿਚ ਪ੍ਰਤੀਕਾਂ ਦੀ ਮੁੱਖ ਤੌਰ ਤੇ ਬੁਨਿਆਦੀ ਜ਼ਰੂਰਤ ਬਣੀ ਰਹਿੰਦੀ ਹੈ। ਇਸ ਲਈ ਪ੍ਰਤੀਕਾਂ ਦੀ ਵਰਤੋਂ ਹਰ ਯੁੱਗ ਦੇ ਰਚਨਹਾਰਿਆਂ ਨੇ ਕੀਤੀ ਹੈ। ਮੱਧ ਕਾਲ ਵਿਚ ਗੁਰਮਤਿ ਕਾਵਿ ਵਿਚ ਪ੍ਰਤੀਕਾਂ ਦੀ ਵਰਤੋਂ ਬੜੇ ਹੀ ਸਰਲ ਅਤੇ ਸਪੱਸ਼ਟ ਰੂਪ ਵਿਚ ਕੀਤੀ ਗਈ ਹੈ ਕਿਉਂਕਿ ਗੁਰਮਤਿ ਕਾਵਿ ਸੁਹਜ ਭਰਪੂਰ ਹੈ। ਇਸ ਲਈ ਪ੍ਰਤੀਕਾਂ ਦੀ ਵਰਤੋਂ ਨੇ ਹੀ 'ਕੁੱਜੇ ਵਿਚ ਸਮੁੰਦਰ' ਬੰਦ ਕਰਕੇ ਸੁਹਜ ਸਿਰਜਣਾ[68] ਵਿਚ ਮਦਦ ਕੀਤੀ ਹੋਈ ਹੈ।

ਗੁਰੂ ਅਰਜਨ ਬਾਣੀ ਜਿਥੇ ਬਿੰਬਾਂ ਨਾਲ ਭਰਪੂਰ ਹੈ ਉਥੇ ਉਨ੍ਹਾਂ ਦਾ ਕਾਵਿਕ ਵੇਗ ਪ੍ਰਤੀਕਾਂ ਵਿਚ ਫਲਿਆ ਹੋਇਆ ਹੈ ਜੋ ਕਿ ਲੋਕ ਸੰਕਲਪ ਦੇ ਨੇੜੇ ਹੋਣ ਕਰਕੇ ਸੁਭਾਵਿਕ ਤੇ ਸਹਿਜੇ ਹੀ ਸਮਝ ਆ ਸਕਣ ਵਾਲੇ ਹਨ। ਇਹ ਪ੍ਰਤੀਕ ਗੁਰੂ ਸਾਹਿਬ ਦੀ ਕਾਵਿਕ ਪ੍ਰਤਿਭਾ ਦਾ ਚਮਤਕਾਰ ਹਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਕਾਵਿ ਸੰਚਾਰ ਦੇ ਮੂਲ ਥੰਭ ਵੀ ਹਨ। ਬਾਣੀ ਬਾਵਨ ਅਖਰੀ ਵਿਚ ਗੁਰੂ ਅਰਜਨ ਦੇਵ ਜੀ ਨੇ ਅਧਿਆਤਮਿਕ ਰਹੱਸਾਂ ਨੂੰ ਪ੍ਰਗਟਾਉਣ ਲਈ ਅਤੇ ਪ੍ਰਭੂ ਜੀਵ ਅਤੇ ਸੰਸਾਰ ਦੇ ਆਪਸੀ ਰਿਸ਼ਤਿਆਂ ਨੂੰ ਵਿਚਾਰਨ ਲਈ ਪ੍ਰਤੀਕਾਂ ਦਾ ਬੜਾ ਉੱਚਤਮ ਪ੍ਰਯੋਗ ਕੀਤਾ ਹੈ। ਗੁਰੂ ਸਾਹਿਬ ਨੇ ਅਧਿਕਤਰ ਈਸ਼ਵਰ, ਜੀਵਾਤਮਾ, ਮਾਇਆ, ਮਨ, ਸਰੀਰ ਆਦਿ ਨੂੰ ਲੈ ਕੇ ਵੱਖ-ਵੱਖ ਰੂਪਾਂ ਵਿਚ ਪ੍ਰਤੀਕ ਯੋਜਨਾ ਕੀਤੀ ਹੈ। ਉਹਨਾਂ ਨੇ ਪਰਮਾਤਮਾ ਨੂੰ ਪਰਮਸਤ ਮੰਨਿਆ ਹੈ ਇਸ ਪਰਮਸਤ ਲਈ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ ਜੋ ਕਾਵਿ ਦੇ ਪੱਖ ਤੋਂ ਅਤਿਅੰਤ ਕਲਾਤਮਕ ਹੈ। ਪਰਮਾਤਮਾ ਲਈ ਗੁਰੂ ਸਾਹਿਬ ਨੇ ਰਹੱਸਮਈ ਦਾਰਸ਼ਨਿਕ ਅਤੇ ਸਦਾਚਾਰਕ ਪ੍ਰਤੀਕਾਂ ਦੀ ਵਰਤੋਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬਾਣੀ ਬਾਵਨ ਅਖਰੀ ਵਿਚ ਕੀਤੀ ਹੈ। ਰਹੱਸਮਈ ਦਾਰਸ਼ਨਿਕ ਪ੍ਰਤੀਕਾਂ ਵਿਚੋਂ ਨਿਰੰਕਾਰ, ਪ੍ਰਭੂ, ਕਰਤਾ, ਸ਼ਬਦ ਅਤੇ ਨਾਮ ਪ੍ਰਮੁੱਖ ਹਨ। ਉਦਾਹਰਣ ਵਜੋਂ:

(ੳ) ਓਅੰ ਸਾਧ ਸਤਿਗੁਰ ਨਮਸਕਾਰੰ॥
ਆਦਿ ਮਧਿ ਅੰਤਿ ਨਿਰੰਕਾਰੰ॥[69]

(ਅ) ਗੁਰਦੇਵ ਕਰਤਾ ਸੁਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥[70]

(ੲ) ਸਲੋਕੁ॥ ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥[71]

(ਸ) ਰਹਤ ਰਹਤ ਰਹਿ ਜਾਹਿ ਬਿਕਾਰਾ॥ ਗੁਰ ਪੂਰੈ ਕੈ ਸਬਦਿ ਅਪਾਰਾ॥[72]

(ਹ) ਉਆ ਡੇਰਾ ਕੀ ਸੋ ਮਿਤਿ ਜਾਨੈ॥ ਜਾ ਕਉ ਦ੍ਰਿਸਟਿ ਪੂਰਨ ਭਗਵਾਨੈ॥[73]

ਉਪਰੋਕਤ ਪੰਕਤੀਆਂ ਰਾਹੀਂ ਗੁਰੂ ਸਾਹਿਬ ਨੇ ਪਰਮਸਤ ਨਿਰਗੁਣ ਬ੍ਰਹਮ ਦੇ ਵਿਰਾਟ ਸਰੂਪ ਦਾ ਚਿੱਤ੍ਰ ਪ੍ਰਤੀਕ ਵਿਧਾਨ ਰਾਹੀਂ ਸਾਕਾਰ ਕੀਤਾ ਹੈ। ਇਸਦੇ ਨਾਲ ਹੀ ਜੀਵ ਨੂੰ ਪਰਮਾਤਮਾ ਦੀ ਪ੍ਰਾਪਤੀ ਕਰਨ ਲਈ ਨਾਮ ਅਤੇ ਸ਼ਬਦ ਦਾ ਰਾਹ ਵੀ ਸਮਝਾਇਆ ਹੈ:

(ੳ) ਪਾਤਿਸਾਹੁ ਛਤ੍ਰ ਸਿਰ ਸੋਊ॥ ਨਾਨਕ ਦੂਸਰ ਅਵਰੁ ਨ ਕੋਊ॥[74]

(ਅ) ਗੁਰਦੇਵ ਸਤਿਗੁਰ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਾਰਾ॥[75]

ਉਪਰੋਕਤ ਤੁਕਾਂ ਵਿਚ ਪਾਤਸ਼ਾਹ, ਪਰਮੇਸ਼ਵਰ ਦ੍ਰਿਸ਼ਟਮਾਨ ਹੈ ਅਤੇ ਇਸ ਦਿਸਦੇ ਚਿੰਨ੍ਹ (ਪ੍ਰਤੀਕ) ਰਾਹੀਂ ਪਰਮਸਤ ਦਾ ਸਰੂਪ ਦਰਸਾਇਆ ਹੈ ਤੇ ਬੋਧ ਕਰਵਾਇਆ ਹੈ। ਇਸ ਪ੍ਰਤੀਕ ਨਾਲ ਇਕ ਆਮ ਪੱਧਰ ਦਾ ਮਨੁੱਖ ਵੀ ਪਰਮਾਤਮਾ ਦੀ ਸ਼ਕਤੀ ਦਾ ਕਾਇਲ ਹੋ ਜਾਵੇਗਾ। ਉਪਰੋਕਤ ਦੋਵੇਂ ਪ੍ਰਤੀਕ ਸਮਾਜਿਕ-ਰਾਜਨੀਤਕ ਖੇਤਰ ਦਾ ਹੀ ਹਿੱਸਾ ਹਨ। ਗੁਰੂ ਸਾਹਿਬ ਨੇ ਇਨ੍ਹਾਂ ਪ੍ਰਤੀਕਾਂ ਰਾਹੀਂ ਪਰਮਾਤਮਾ ਦੀ ਹੋਂਦ ਸੱਚੀ ਅਤੇ ਜਗਤ ਦੇ ਬਾਦਸ਼ਾਹਾਂ ਦਾ ਵਜੂਦ ਝੂਠਾ ਸਾਬਤ ਕਰ ਦਿੱਤਾ ਹੈ। ਇਹਨਾਂ ਪ੍ਰਤੀਕਾਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਪਰਮਸਤ ਲਈ ਹੋਰ ਵੀ ਕਈ ਪ੍ਰਕਾਰ ਦੇ ਪ੍ਰਤੀਕਾਂ ਦਾ ਪ੍ਰਯੋਗ ਕੀਤਾ ਹੈ। ਪਰਮਾਤਮਾ ਸਰਬ ਸ਼ਕਤੀਮਾਨ ਹੋਣ ਦੇ ਨਾਲ ਨਾਲ ਸਭ ਦਾ ਦਾਤਾ ਵੀ ਹੈ ਅਤੇ ਸਭ ਨਾਲ ਦਿਆਲੂ ਵੀ ਹੈ। ਸੋ ਗੁਰੂ ਅਰਜਨ ਦੇਵ ਜੀ ਪਰਮਸਤ ਲਈ ਅਜਿਹੇ ਸਦਾਚਾਰਕ-ਧਾਰਮਿਕ ਪ੍ਰਤੀਕ, ਜੋ ਮਨੁੱਖੀ ਆਪੇ ਉੱਤੇ ਸੁਤੇ ਸਿੱਧ ਵਿਆਪਕ ਹੋ ਜਾਂਦੇ ਹਨ, ਨੂੰ ਵੀ ਵਰਤਦੇ ਹਨ। ਜਿਵੇਂ:

(ੳ) ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥[76]

(ਅ) ਸਰਨਿ ਪਰੇ ਕੀ ਰਾਖੁ ਦਇਆਲਾ॥
ਨਾਨਕ ਤੁਮਰੇ ਬਾਲ ਗੁਪਾਲਾ॥[77]

(ੲ) ਠਾਕੁਰ ਅਪੁਨੇ ਜੋ ਜਨੁ ਭਾਇਆ॥
ਨਾਨਕ ਉਆ ਕਾ ਮਨੁ ਸੀਤਲਾਇਆ॥[78]

(ਸ) ਝਰਹਿ ਕਾਮ ਕ੍ਰੋਧ ਦ੍ਰਸਟਾਈ॥ ਨਾਨਕ ਜਾ ਕਉ ਕ੍ਰਿਪਾ ਗੁਸਾਈ॥[79]

(ਹ) ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ॥
ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥[80]

(ਕ) ਸਲੋਕੁ॥ ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ॥
ਨਾਨਕ ਮਨਹੁ ਨ ਬੀਸਰੈ ਗੁਣਨਿਧਿ ਗੋਬਿਦ ਰਾਇ॥[81]

ਉਪਰੋਕਤ ਪੰਕਤੀਆਂ ਵਿਚ ਪਰਮਾਤਮਾ ਲਈ ਦਾਤਾ, ਦਇਆਲ, ਗੋਬਿੰਦ, ਗੁਪਾਲ, ਠਾਕੁਰ, ਦਾਤਾਰ ਆਦਿ ਪ੍ਰਤੀਕ ਵਰਤੇ ਗਏ ਹਨ। ਗੁਰੂ ਸਾਹਿਬ ਨੇ ਮੁਸਲਮਾਨੀ ਤਹਿਤ ਰਹਿਤ ਵਿਚੋਂ ਵੀ ਗੁਸਾਂਈ ਦਾ ਪ੍ਰਤੀਕ ਪਰਮਾਤਮਾ ਲਈ ਵਰਤਿਆ ਹੈ। ਇਸ ਪ੍ਰਕਾਰ ਗੁਰੂ ਸਾਹਿਬ ਨੇ ਆਪਣੇ ਸੂਖ਼ਮ ਅਧਿਆਤਮਕ ਭਾਵਾਂ ਨੂੰ ਇਹਨਾਂ ਪ੍ਰਤੀਕਾਂ ਰਾਹੀਂ ਸਥੂਲ ਰੂਪ ਵਿਚ ਵਿਅਕਤ ਕੀਤਾ ਹੈ।

ਅਧਿਆਤਮਵਾਦੀ ਕਵੀਆਂ ਦੀ ਵਿਚਾਰਧਾਰਾ ਦਾ ਦਾਰਸ਼ਨਿਕ ਆਧਾਰ ਪਰਮਸੱਤਾ ਤੋਂ ਸ਼ੁਰੂ ਹੁੰਦਾ ਹੈ। ਇਸ ਖੇਤਰ ਵਿਚ ਪਰਮਾਤਮਾ, ਆਤਮਾ, ਜੀਵ, ਮਾਇਆ, ਗੁਰੂ ਆਦਿ ਲਈ ਅਨੇਕਾਂ ਪ੍ਰਤੀਕ ਮਿਲਦੇ ਹਨ। ਇਹਨਾਂ ਪ੍ਰਤੀਕਾਂ ਰਾਹੀਂ ਜਿੱਥੇ ਆਤਮਾ ਪਰਮਾਤਮਾ ਦੇ ਰੂਪ ਤੇ ਸੰਬੰਧ ਨੂੰ ਗੁਰੂ ਕਵੀ ਨੇ ਉੱਘਾੜਿਆ ਹੈ ਉਥੇ ਜੀਵ ਦਾ ਮਨੋਰਥ, ਮਾਇਆ ਦਾ ਰੂਪ, ਆਕਾਰ ਤੇ ਗੁਰੂ ਦੀ ਸਾਰਥਕਤਾ ਤੇ ਮਹੱਤਤਾ ਨਾਲ ਸੰਬੰਧਿਤ ਅਨੇਕਾਂ ਹੀ ਪ੍ਰਤੀਕ ਵਰਤੇ ਹਨ।

ਬਾਣੀ ਬਾਵਨ ਅਖਰੀ ਵਿਚ ਗੁਰੂ ਲਈ ਪਾਰਸ ਅਤੇ ਤੀਰਥ ਦੇ ਪ੍ਰਤੀਕ ਵਰਤੇ ਗਏ ਹਨ। ਪਾਰਸ ਪ੍ਰਤੀਕ ਪਰੰਪਰਕ ਰੂਪ ਵਿਚ ਗੁਰੂ ਦੇ ਗੁਣਾਂ ਲਈ ਵਰਤਿਆ ਹੈ, ਜਿਹੜਾ ਆਪਣੀ ਛੋਹ ਨਾਲ ਔਗੁਣ ਭਰੇ ਮਨੁੱਖ ਨੂੰ ਸੋਨੇ ਵਰਗਾ ਗੁਣਵਾਨ ਬਣਾਉਂਦਾ ਹੈ। ਗੁਰੂ ਪਾਰਸ ਦੀ ਛੋਹ ਜਗਿਆਸੂ ਨੂੰ ਪਾਰਸ ਬਣਾਉਣ ਦੇ ਸਮਰੱਥ ਹੈ ਅਤੇ ਇਸਦੇ ਨਾਲ ਹੀ ਉਹ ਗਿਆਨ ਨਾਲ ਭਰਪੂਰ ਤੀਰਥ ਵੀ ਹੈ ਜਿਸਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਗਿਆਨ ਭਰਪੂਰ ਸੋਝੀ ਪ੍ਰਾਪਤ ਹੋ ਜਾਂਦੀ ਹੈ:

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥[82]

ਗੁਰੂ ਸਿਧਾਂਤ ਅਨੁਸਾਰ ਜੀਵ ਦਾ ਅੰਤਿਮ ਲਕਸ਼ ਪਰਮਸਤ ਨਾਲ ਇਕਮਿਕਤਾ ਪ੍ਰਾਪਤ ਕਰਨੀ ਹੈ। ਉਹ ਜਨਮ ਧਾਰ ਕੇ ਇਸ ਸੰਸਾਰ ਵਿਚ ਆਉਂਦਾ ਹੈ, ਪਰ ਇਹ ਥਾਂ ਉਸਦਾ ਪੱਕਾ ਟਿਕਾਣਾ ਨਹੀਂ। ਉਸਦੀ ਮੁਕਤੀ ਅਕਾਲ ਪੁਰਖ ਦੀ ਮਿਹਰ ਸਦਕਾ ਹੀ ਹੋ ਸਕਦੀ ਹੈ। ਇਸ ਧਾਰਨਾ ਅਨੁਸਾਰ ਮਾਇਆ ਰੂਪੀ ਸੰਸਾਰ ਸਾਗਰ ਦੀ ਵਿਸ਼ਾਲਤਾ ਤੇ ਨਾਸ਼ਮਾਨਤਾ ਲਈ ਗੁਰੂ ਸਾਹਿਬ ਨੇ ਭਵਜਲ ਅਤੇ ਅੰਧ ਕੂਪ ਦਾ ਪ੍ਰਤੀਕ ਵਰਤਿਆ ਹੈ:

(ੳ) ਯਯਾ ਜਾਇ ਪਰਹੁ ਸੰਤ ਸਰਨਾ॥
ਜਿਹ ਆਸਰ ਇਆ ਭਵਜਲੁ ਤਰਨਾ॥[83]

(ਅ) ਞਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ॥
ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ॥[84]

ਸੰਸਾਰਕ ਮਾਇਆ ਅਤੇ ਟੱਬਰਦਾਰੀ ਨੂੰ ਕੁਸੰਮ ਰੰਗ ਕਿਹਾ ਗਿਆ ਹੈ। ਫੁੱਲ ਦਾ ਜੋਬਨ ਥੋੜ ਚਿਰਾ ਹੈ ਭਾਵ ਬਿਨਸਨਹਾਰ ਹੈ। ਸਿਰਫ ਤੇ ਸਿਰਫ ਪਰਮਾਤਮਾ ਦੀ ਸ਼ਰਨ ਪਿਆ ਹੀ ਮੁਕਤੀ ਹੋ ਸਕਦੀ ਹੈ ਅਤੇ ਹਉਮੈ ਦਾ ਨਾਸ਼ ਹੋ ਸਕਦਾ ਹੈ :

ਸਲੋਕੁ॥ ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ॥

ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ ਮੈ ਮੋਰ॥[85]

ਜੀਵ ਦਾ ਸਰੀਰ ਪੰਜਾਂ ਤੱਤਾਂ ਦਾ ਪੁਤਲਾ ਹੈ ਜਿਸ ਵਿਚ ਪਰਮਸਤ ਦੀ ਜੋਤ ਦਾ ਵਾਸਾ ਹੈ। ਇਹ ਪੁਤਲਾ ਬਿਨਸਨਹਾਰ ਹੈ। ਜੀਵ ਦਾ ਇਹ ਫਰਜ਼ ਬਣਦਾ ਹੈ ਕਿ ਆਪਣੇ ਜੀਵਨ ਦਾਨ ਵਿਚ ਉਸ ਦਾ ਨਾਮ ਜਪੇ ਜਿਸ ਨੇ ਉਸ ਨੂੰ ਇਹ ਦੇਹ ਦਿੱਤੀ ਹੈ। ਸਰੀਰਕ ਨਾਸ਼ਮਾਨਤਾ ਲਈ ਗੁਰੂ ਸਾਹਿਬ ਛਾਰ ਕੀ ਪੁਤਰੀ, ਕਾਚੀ ਗਾਗਰਿ ਆਦਿ ਪ੍ਰਤੀਕਾਂ ਦੀ ਵਰਤੋਂ ਇਸ ਪ੍ਰਕਾਰ ਕਰਦੇ ਹਨ:

(ੳ) ਸੰਤਨ ਕੀ ਮਨ ਟੇਕ ਟਿਕਾਈ॥ ਛਾਰ ਕੀ ਪੁਤਰੀ ਪਰਮ ਗਤਿ ਪਾਈ॥[86]

(ਅ) ਙਣਤੀ ਙਣੀ ਨਹੀ ਕੋਊ ਛੂਟੈ॥ ਕਾਚੀ ਗਾਗਰਿ ਸਰਪਰ ਫੂਟੈ॥[87]

ਮੌਤ ਅਤੇ ਫਿਰ ਜੀਂਦਿਆਂ ਹੀ ਆਪਣੇ ਹੱਥੀ ਸਹੇੜੀ ਉਹ ਮੌਤ ਜਿਸ ਨੂੰ ਸਮਾਜਿਕ ਮੌਤ ਕਹਿੰਦੇ ਹਨ, ਉਹ ਜਮ ਕੀ ਜੇਵਰੀ ਹੈ। ਜਦ ਮਨੁੱਖ ਸਮਾਜਿਕ ਆਦਰਸ਼ਾਂ ਦੇ ਵਿਰੁੱਧ ਕਾਰਜ ਕਰ ਕੇ ਮਾਇਆ ਇਕੱਠੀ ਕਰਦਾ ਹੈ ਉਸ ਦੇ ਲਈ ਜਮ ਕੀ ਜੇਵਰੀ (ਫਾਹਾ) ਹਮੇਸ਼ਾਂ ਤਿਆਰ ਰਹਿੰਦੀ ਹੈ:

ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ॥

ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ॥[88]

ਸਮਾਜ ਕਿਸੇ ਵੀ ਲੇਖਕ ਦੀ ਸਖ਼ਸ਼ੀਅਤ ਉਤੇ ਆਪਣੀ ਅਮਿੱਟ ਛਾਪ ਛੱਡਦਾ ਹੈ। ਸਮਾਜ ਦੀਆਂ ਸਮਕਾਲੀ ਸਥਿਤੀਆਂ, ਵਾਤਾਵਰਣ ਕਿਸੇ ਵੀ ਵਿਅਕਤੀ ਉਤੇ ਆਪਣਾ ਪ੍ਰਭਾਵ ਨਾ ਸਿਰਫ ਪਾਉਂਦਾ ਹੈ ਸਗੋਂ ਆਪਣੇ ਅਨੁਸਾਰ ਢਾਲਦਾ ਵੀ ਹੈ। ਇਸ ਪ੍ਰਕਾਰ ਗੁਰੂ ਸਾਹਿਬ ਵੀ ਬਾਣੀ ਬਾਵਨ ਅਖਰੀ ਵਿਚ ਦਾਸ ਦਾ ਪ੍ਰਤੀਕ ਸਮਾਜਿਕ ਜੀਵਨ ਵਿਚੋਂ ਲੈ ਕੇ ਉਸ ਪਰਮਾਤਮਾ (ਠਾਕੁਰ) ਅੱਗੇ ਆਪਣੇ ਆਪ ਨੂੰ ਦਾਸਾਂ ਦਾ ਦਾਸ ਬਣਾਉਣ ਲਈ ਬੇਨਤੀ ਕਰਦੇ ਹਨ ਅਤੇ ਪਰਮਾਤਮਾ ਨੂੰ ਠਾਕੁਰ ਪ੍ਰਤੀਕ ਰਾਹੀਂ ਪ੍ਰਤੀਕਾਤਮਕ ਰੂਪ ਦਿੰਦੇ ਹਨ:

ਸਲੋਕੁ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿੰਦ ਗੁਨ ਗਾਇ॥

ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ॥[89]

ਗੁਰੂ ਸਾਹਿਬ ਅਨੁਸਾਰ ਸ੍ਰਿਸ਼ਟੀ ਰਣਭੂਮੀ ਦੇ ਵਾਂਗ ਹੈ। ਜਿਸ ਵਿਚ ਕਾਮ, ਕ੍ਰੋਧ, ਮੋਹ, ਲੋਭ, ਅਹੰਕਾਰ ਵਰਗੇ ਅਨੇਕਾਂ ਦੁਸ਼ਮਣ ਹਨ ਤੇ ਇਨ੍ਹਾਂ ਦੁਸ਼ਮਣਾਂ ਉਤੇ ਕਾਬੂ ਉਦੋਂ ਹੀ ਪਾਇਆ ਜਾ ਸਕਦਾ ਹੈ ਜਦੋਂ ਮਨੁੱਖ ਸ੍ਵੈ ਉੱਤੇ ਜਿੱਤ ਪ੍ਰਾਪਤ ਕਰਕੇ ਤਾਕਤਵਰ ਬਣੇ :

ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ॥

ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ॥[90]

ਪ੍ਰਤੀਕ ਵਿਧਾਨ ਪੱਖੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਪ੍ਰਤੀਕਾਤਮਕ ਸ਼ੈਲੀ ਰਾਹੀਂ ਦੈਵੀ ਅਨੁਭਵਾਂ ਨੂੰ ਸਹਿਜੇ ਹੀ ਸਾਕਾਰ ਕਰ ਦਿਖਾਇਆ ਹੈ। ਦੰਪਤੀ ਪ੍ਰਤੀਕ ਖਸਮ ਰਾਹੀਂ ਉਸ ਪਰਮਾਤਮਾ ਦੀ ਬੇਅੰਤਤਾ ਅਤੇ ਬਖਸ਼ਿਸ਼ਤਾ ਨੂੰ ਸੁਹਜਾਤਮਕ ਰੂਪ ਵਿਚ ਸਾਕਾਰ ਕੀਤਾ ਹੈ:

ਭਾਵੈ ਖਸਮ ਤ ਉਆ ਸੁਖੁ ਦੇਤਾ॥ ਪਾਰਬ੍ਰਹਮ ਐਸੋ ਆਗਨਤਾ॥

ਅਸੰਖ ਖਤੇ ਖਿਨ ਬਖਸਨਹਾਰਾ॥ ਨਾਨਕ ਸਾਹਿਬ ਸਦਾ ਦਇਆਰਾ॥[91]

ਬਾਣੀ ਬਾਵਨ ਅਖਰੀ ਵਿਚ ਜੀਵ ਦੇ ਅਸਲੀ ਘਰ ਲਈ ਦਰਗਹ ਪ੍ਰਤੀਕ ਵਰਤਿਆ ਗਿਆ ਹੈ ਜਿਥੇ ਮਰਨ ਤੋਂ ਬਾਅਦ ਜਾਣਾ ਹੈ ਅਤੇ ਕਿਹਾ ਕਿ ਮਨੁੱਖ ਦਾ ਅਸਲੀ ਘਰ ਉਹ ਹੀ ਹੈ। ਜੀਵਨ ਦੀ ਰਣ ਭੂਮੀ ਅਤੇ ਪਰਮਾਤਮਾ ਦੀ ਦਰਗਾਹ ਵਿਚ ਸਫਲਤਾ ਪਰਮਾਤਮਾ ਦੇ ਨਾਮ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ:

ਰਣਿ ਦਰਗਹਿ ਤਉ ਸੀਝਹਿ ਭਾਈ॥ ਜਉ ਗੁਰਮੁਖਿ ਰਾਮ ਨਾਮ ਲਿਵ ਲਾਈ॥[92]

ਗੁਰੂ ਅਰਜਨ ਗਿਆਨ ਮਾਰਗੀ ਭਗਤੀ ਦੇ ਉਪਾਸ਼ਕ ਸਨ। ਅਗਿਆਨ ਨੂੰ ਸੰਸਾਰ ਵਿਚੋਂ ਦੂਰ ਕਰਨ ਦਾ ਮਾਧਿਅਮ ਗਿਆਨ ਹੋ ਸਕਦਾ ਹੈ। ਅਗਿਆਨ ਅੰਧਕਾਰ ਨਸ਼ਟ ਹੋ ਜਾਂਦਾ ਹੈ ਗਿਆਨ ਦਾ ਸੁਰਮਾ ਹਿਰਦੇ ਦੇ ਵਿਵੇਕ ਨੂੰ ਵੀ ਸਪੱਸ਼ਟ ਕਰਕੇ ਦਿੱਬ ਦ੍ਰਿਸ਼ਟੀ ਪੈਦਾ ਕਰਦਾ ਹੈ। ਇਸ ਲਈ ਗਿਆਨ ਅੰਜਨ ਦਿੱਬ ਦ੍ਰਿਸ਼ਟੀ ਲਈ ਜ਼ਰੂਰੀ ਹੈ:

ਚਿੰਤ ਬਿਸਾਰੀ ਏਕ ਦ੍ਰਿਸਟੇਤਾ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ॥[93]

ਅਵਤਾਰਵਾਦ ਵਿਚੋਂ ਵੀ ਸਤਿਗੁਰੂ ਨੇ ਪ੍ਰਤੀਕ ਚੁਣੇ ਹਨ ਅਤੇ ਨਿਰਗੁਣ ਬ੍ਰਹਮ ਬਾਰੇ ਭਾਵਾਂ ਨੂੰ ਸਪੱਸ਼ਟ ਕੀਤਾ ਹੈ ਜਿਵੇਂ ਰਾਮ, ਵਾਸੁਦੇਵ, ਮੁਰਾਰੀ, ਬ੍ਰਹਮਾ ਆਦਿ ਸਰਗੁਣ ਭਗਤੀ ਦੇ ਖੇਤਰ ਵਿਚੋਂ ਸ਼ਬਦ ਚੁਣੇ ਗਏ ਹਨ, ਪਰ ਇਨ੍ਹਾਂ ਸ਼ਬਦਾਂ (ਪ੍ਰਤੀਕਾਂ) ਰਾਹੀਂ ਨਿਰਗੁਣ ਬ੍ਰਹਮ ਦਾ ਹੀ ਬੋਧ ਕਰਾਇਆ ਹੈ। ਬਾਣੀ ਬਾਵਨ ਅਖਰੀ ਵਿੱਚੋਂ ਇਨ੍ਹਾਂ ਪ੍ਰਤੀਕਾਂ ਦੀਆਂ ਕੁਝ ਵੰਨਗੀਆਂ ਇਸ ਪ੍ਰਕਾਰ ਹਨ:

(ੳ) ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥[94]

(ਅ) ਸਾਧਸੰਗਿ ਜਿਹ ਹਉਮੈ ਮਾਰੀ॥ ਨਾਨਕ ਤਾ ਕਉ ਮਿਲੇ ਮੁਰਾਰੀ॥[95]

(ੲ) ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ॥ ਬੈਸਨੋ ਤੇ ਗੁਰਮੁਖਿ ਸੁਚ ਧਰਮਾ॥[96]

(ਸ) ਸਲੋਕੁ॥ ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ॥

ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ॥

ਪਰਮਾਤਮਾ ਸੰਬੰਧੀ ਇਨ੍ਹਾਂ ਪ੍ਰਤੀਕਾਂ ਤੋਂ ਇਲਾਵਾ ਬਾਣੀ ਬਾਵਨ ਅਖਰੀ ਵਿਚ ਪਰਮਾਤਮਾ ਲਈ ਰੁਮਾਂਸਿਕ ਪ੍ਰਤੀਕ ਸਾਜਨ ਅਤੇ ਸੌਂਦਰਯ ਪ੍ਰਤੀਕ ਲਾਲ ਦੀ ਵੀ ਵਰਤੋਂ ਕੀਤੀ ਗਈ ਹੈ:

(ੳ) ਏ ਸਾਜਨ ਕਛੁ ਕਹਹੁ ਉਪਾਇਆ॥ ਜਾ ਤੇ ਤਰਉ ਬਿਖਮ ਇਹ ਮਾਇਆ॥[98]

(ਅ) ਸਲੋਕ॥ ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ॥

ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ॥[99]

ਇਹਨਾਂ ਪ੍ਰਤੀਕਾਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਵਿਚ ਅੰਕੜਿਆਂ ਸੰਬੰਧੀ ਪ੍ਰਤੀਕਾਂ ਦੀ ਵੀ ਵਰਤੋਂ ਕੀਤੀ ਹੈ। ਜਿਵੇਂ ਤ੍ਰੈ ਤੋਂ ਭਾਵ ਤਿੰਨ ਗੁਣ (ਰਜੋ, ਤਮੋ, ਸਤੋ), ਖਟ ਸਾਸਤ੍ਰ ਤੋਂ ਭਾਵ ਛੇ ਸ਼ਾਸਤਰ, ਕੁੰਟ ਚਾਰਿ ਤੋਂ ਭਾਵ ਚਾਰ ਦਿਸ਼ਾਵਾਂ ਅਤੇ ਦਹਦਿਸਿ ਤੋਂ ਭਾਵ ਦਸ ਦਿਸ਼ਾਵਾਂ ਤੋਂ ਹੈ। ਉਦਾਹਰਣ ਵਜੋਂ:

(ੳ) ਭਿੰਨ ਭਿੰਨ ਤ੍ਰੈ ਗੁਣ ਬਿਸਥਾਰੇ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ॥[100]

(ਅ) ਙੰਙਾ ਖਟੁ ਸਾਸਤ੍ਰ ਹੋਇ ਙਿਆਤਾ॥[91]

(ੲ) ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ॥

ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ॥[102]

ਸੋ ਇਸ ਪ੍ਰਕਾਰ ਗੁਰੂ ਸਾਹਿਬ ਨੇ ਅੰਕੜਿਆਂ ਨੂੰ ਪ੍ਰਤੀਕ ਰੂਪ ਵਿਚ ਵਰਤਕੇ ਕਾਵਿ-ਸੰਜਮਤਾ ਦਾ ਕਾਵਿ ਗੁਣ ਲਿਆ ਦਿੱਤਾ ਹੈ।

ਉਪਰੋਕਤ ਵਰਣਿਤ ਪ੍ਰਤੀਕ ਵਿਧਾਨ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਪ੍ਰਤੀਕਾਂ ਨਾਲ ਇਕ ਪਾਸੇ ਗੁਰੂ ਸਾਹਿਬ ਨੇ ਕਾਵਿ ਸੌਂਦਰਯ ਵਿਚ ਵਾਧਾ ਕੀਤਾ ਹੈ ਅਤੇ ਦੂਸਰੇ ਪਾਸੇ ਆਮ ਸੂਝ ਬੂਝ ਵਾਲੇ ਮਨੁੱਖ ਨੂੰ ਪਰਮਾਤਮਾ ਦਾ ਬੋਧ ਕਰਵਾ ਕੇ ਮਨੁੱਖਤਾ ਦਾ ਰਾਹ ਦਰਸਾਇਆ ਹੈ। ਇਸ ਪ੍ਰਕਾਰ ਗੁਰੂ ਸਾਹਿਬ ਨੇ ਬਾਣੀ ਬਾਵਨ ਅਖਰੀ ਵਿਚ ਪਰਮਸਤ ਦੇ ਪ੍ਰਤੀਕਾਂ ਤੋਂ ਬਿਨਾਂ ਜਗਤ, ਗੁਰੂ, ਗਿਆਨ, ਆਤਮਾ, ਜੀਵਾਤਮਾ, ਸਰੀਰਕ ਨਾਸ਼ਮਾਨਤਾ, ਸੰਸਾਰਿਕ ਦੁਸ਼ਵਾਰੀਆਂ ਅਤੇ ਪਰਮਾਤਮਾ ਦੀ ਕਿਰਪਾ ਨਾਲ

ਸੰਬੰਧਿਤ ਵਿਭਿੰਨ ਪ੍ਰਤੀਕ ਵਰਤੇ ਹਨ। ਗੁਰੂ ਸਾਹਿਬ ਦੁਆਰਾ ਵਰਤੇ ਗਏ ਇਹ ਉਪਰੋਕਤ ਪ੍ਰਤੀਕ ਇਕ ਪਾਸੇ ਸਮਾਜਿਕ ਵਿਵਹਾਰ ਵਿਚ ਚੰਗੇਰਾ ਸੰਕਲਪ ਪੈਦਾ ਕਰਨ ਦੀ ਜਾਗ੍ਰਿਤੀ ਦਿੰਦੇ ਹਨ ਅਤੇ ਦੂਸਰੇ ਪਾਸੇ ਇਨ੍ਹਾਂ ਦਾ ਪਸਾਰਾ ਮਨੁੱਖ ਦੇ ਸਮੂਹਿਕ ਅਵਚੇਤਨ ਤੀਕ ਪਸਰ ਕੇ ਮਨੁੱਖ ਨੂੰ ਭਾਵਕ ਪੱਧਰ ਤੇ ਲਿਆ ਕੇ ਪਰਮਸਤ ਅਥਵਾ ਉਚੇਰੇ ਯਥਾਰਥ ਨਾਲ ਏਕਤਾ ਵੀ ਪੈਦਾ ਕਰਾਉਂਦਾ ਹੈ। ਸੋ ਇਸ ਪ੍ਰਕਾਰ ਗੁਰੂ ਅਰਜਨ ਸਾਹਿਬ ਨੇ ਇਨ੍ਹਾਂ ਪ੍ਰਤੀਕਾਂ ਰਾਹੀਂ ਸਾਰੇ ਸਮਾਜਿਕ ਪਸਾਰੇ ਨੂੰ ਕਾਵਿ ਪੱਧਰ ਤੇ ਲਿਆ ਕੇ ਸਾਨੂੰ ਸੌਂਦਰਯ ਮਈ ਭਾਵ-ਰਸ ਦਿੱਤਾ ਹੈ ਅਤੇ ਅਜਿਹੇ ਪ੍ਰਤੀਕਾਂ ਦੀ ਸਿਰਜਣਾ ਉਹਨਾਂ ਦੇ ਵਿਚਾਰਾਂ ਅਤੇ ਸੰਕਲਪ ਦਾ ਸੁਹਜਾਤਮਕ ਰੂਪਾਂਤਰਣ ਵੀ ਨਾਲ ਨਾਲ ਕਰਦੀ ਹੈ।

### (3) ਅਲੰਕਾਰਾਂ ਦਾ ਪ੍ਰਯੋਗ

ਕਾਵਿ ਦੇ ਸੰਚਾਰ ਦੇ ਪ੍ਰਭਾਵ ਪੱਖ ਵਿਚ ਅਲੰਕਾਰਾਂ ਦਾ ਆਪਣਾ ਹੀ ਮਹੱਤਵ ਹੈ। "ਅਲੰਕਾਰ ਸ਼ਬਦ ਵਿਚ 'ਅਲੰ' ਤੇ 'ਕਾਰ' ਦੋ ਅੰਸ਼ ਹਨ। 'ਅਲੰ' ਦਾ ਮਤਲਬ ਹੈ ਗਹਿਣਾ, ਭੂਸ਼ਣ, ਸਜਾਵਟ, ਸੁਹਜ, ਸਾਜ, ਸੱਜਾ। ਜਿਹੜਾ ਸਜਾਵੇ ਜਾਂ ਇਸਦੇ ਰਾਹੀਂ ਸਜਾਇਆ ਜਾਵੇ, ਉਹ ਅਲੰਕਾਰ ਹੈ।"[103] ਮਹਾਨ ਕੋਸ਼ ਅਨੁਸਾਰ:

> ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਰੀਤਿ, ਜੋ ਕਾਵਯ ਦੀ ਸ਼ੋਭਾ ਵਧਾਵੇ ਅਲੰਕਾਰ ਹੈ।[104]

ਜਿਸ ਪ੍ਰਕਾਰ ਇਸਤਰੀ ਦਾ ਸ਼ਿੰਗਾਰ ਜਾਂ ਸੁੰਦਰ ਭੂਸ਼ਣ, ਉਸ ਦੀ ਸੁੰਦਰਤਾ ਨੂੰ ਵਧਾਉਂਦਾ ਹੈ, ਉਸੇ ਪ੍ਰਕਾਰ ਅਲੰਕਾਰ ਵੀ ਕਾਵਿ ਹੁਸਨ ਨੂੰ ਦੂਣਾ ਕਰ ਦਿੰਦਾ ਹੈ।[105] ਤ੍ਰਿਲੋਕੀ ਨਾਰਾਇਣ ਅਲੰਕਾਰ ਨੂੰ ਇਸ ਪ੍ਰਕਾਰ ਅੰਕਿਤ ਕਰਦੇ ਹਨ ਕਿ ਲੌਕਿਕ ਵਿਚਾਰ ਵਿਚ ਜੋ ਸਥਾਨ ਰਤਨ ਪਦਾਰਥਾਂ ਨੂੰ ਪ੍ਰਾਪਤ ਹੈ, ਕਾਵਿ ਵਿਚ ਉਹ ਸਥਾਨ ਅਲੰਕਾਰਾਂ ਦਾ ਹੈ।[106]

ਕਾਵਿ ਵਿਚ ਅਲੰਕਾਰ ਦੀ ਵਰਤੋਂ ਸੰਬੰਧੀ ਡਾ. ਪ੍ਰੇਮ ਪ੍ਰਕਾਸ਼ ਸਿਘ ਦਾ ਮਤ ਹੈ:

> ਅਲੰਕਾਰਾਂ ਦੀ ਸਹੀ ਵਰਤੋਂ ਕਾਵਿ ਸੁਹਜ ਵਧਾਉਣ ਲਈ ਹੀ ਹੈ। ਇਹ ਸੁਹਜ ਭਾਵੇਂ ਭਾਵਾਂ ਦਾ ਹੋਵੇ ਜਾਂ ਉਨ੍ਹਾਂ ਦੇ ਪ੍ਰਗਟਾ ਦਾ। ਭਾਵਾਂ ਨੂੰ ਸਜਾਉਣਾ, ਉਨ੍ਹਾਂ ਵਿਚ ਸੁਹਜ-ਸੁਆਦ ਜਾਂ ਰਮਣੀਕਤਾ ਪੈਦਾ ਕਰਨਾ ਅਲੰਕਾਰ ਦਾ ਕੰਮ ਹੈ ਅਤੇ ਉਨ੍ਹਾਂ ਦਾ ਦੂਜਾ ਕੰਮ ਭਾਵਾਂ ਦੀ ਪ੍ਰਗਟਾਅ ਸ਼ੈਲੀ ਨੂੰ ਚਮਤਕਾਰੀ ਅਤੇ ਪ੍ਰਭਾਵਸ਼ਾਲੀ ਬਣਾਉਣਾ ਹੈ।[107]

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਕਵਿਤਾ ਦਾ ਸ਼ਿੰਗਾਰ ਕਰਨ ਵਾਲੇ ਸਹਾਇਕ ਤੱਤ ਦੇ ਰੂਪ ਵਿਚ ਅਲੰਕਾਰਾਂ ਦੀ ਵਰਤੋਂ ਬਹੁਤ ਮਹੱਤਵਪੂਰਨ ਹੈ। "ਅਧਿਆਤਮਿਕ ਕਵੀ ਨੂੰ ਜਦੋਂ ਆਪਣਾ ਅਨੁਭਵ ਜਿਗਿਆਸੂਆਂ ਨਾਲ ਸਾਂਝਾਂ ਕਰਨਾ ਪੈਂਦਾ ਹੈ ਤਾਂ ਉਸ ਨੂੰ ਪ੍ਰਸਤੁਤ ਵਸਤੂਆਂ ਦੇ ਉਪਮਾਨਾਂ ਦੀ ਲੋੜ ਪੈਂਦੀ ਹੈ। ਇਹ ਉਪਮਾਨ ਜਾਂ ਅਲੰਕਾਰ ਸਹਿਜ ਸੁਭਾਅ ਉਸ ਦੀ ਬਾਣੀ ਵਿਚ ਆ ਜਾਂਦੇ ਹਨ, ਕਿਸੇ ਪ੍ਰਕਾਰ ਦੇ ਉਚੇਚ ਦੀ ਲੋੜ ਨਹੀਂ ਹੁੰਦੀ। ਗੁਰੂ ਅਰਜਨ ਦੇਵ ਦੀ ਬਾਣੀ ਵਿਚ ਵੀ ਭਾਵਾਂ ਦੇ ਪ੍ਰਕਾਸ਼ਨ ਲਈ ਅਲੰਕਾਰਾਂ ਦੀ ਵਰਤੋਂ ਨਾਲ ਉਨ੍ਹਾਂ ਦਾ ਰਹੱਸਵਾਦੀ ਅਨੁਭਵ ਬਹੁਤ ਉਘਾੜਿਆ ਹੈ ਅਤੇ ਮਾਨਸਿਕ ਸਥਿਤੀ ਵੀ ਸਪੱਸ਼ਟ ਹੋਈ ਹੈ।"[108] ਬਾਣੀ ਬਾਵਨ ਅਖਰੀ ਵਿਚ ਵੀ ਬਹੁਤ ਸਾਰੇ ਅਲੰਕਾਰ, ਉਨ੍ਹਾਂ ਦੇ ਬਾਣੀ ਜਗਤ ਦਾ ਹਿੱਸਾ ਬਣ ਗਏ। ਸੋ ਇਸ ਬਾਣੀ ਵਿਚ ਭਗਤੀ ਭਾਵਨਾ ਨੂੰ ਉਜਾਗਰ ਕਰਨ ਵਾਲੇ ਪ੍ਰਤੀਨਿਧ ਅਲੰਕਾਰਾਂ ਦਾ ਵਰਣਨ ਇਸ ਪ੍ਰਕਾਰ ਹੈ:

**ਰੂਪਕ ਅਲੰਕਾਰ**

ਰੂਪਕ ਅਲੰਕਾਰ ਉਥੇ ਹੁੰਦਾ ਹੈ ਜਿਥੇ ਉਪਮਾਨ (ਜਿਸ ਨਾਲ ਤੁਲਨਾ ਕੀਤੀ ਜਾਵੇ) ਤੇ ਉਪਮੇਯ (ਜਿਸਦੀ ਤੁਲਨਾ ਕੀਤੀ ਜਾਵੇ) ਪਰਸਪਰ ਇਕ ਰੂਪ ਦਿਖਾਏ ਜਾਂਦੇ ਹਨ ਅਤੇ ਇਹ ਦੋਵੇਂ ਇਕ ਹੀ ਹੋ ਜਾਂਦੇ ਹਨ। ਬਾਣੀ ਬਾਵਨ ਅਖਰੀ ਵਿਚ ਇਸ ਅਲੰਕਾਰ ਦੀ ਵਰਤੋਂ ਬੜੇ ਸੁਚੱਜੇ ਢੰਗ ਨਾਲ ਕੀਤੀ ਗਈ ਹੈ। ਪਰਮਾਤਮਾ ਲਈ ਵਰਤੇ ਰੂਪਕ ਪ੍ਰਮੁੱਖ ਤੌਰ ਤੇ ਮਾਤਾ, ਪਿਤਾ, ਸੁਆਮੀ, ਪਰਮੇਸੁਰ, ਸਖਾ, ਬੰਧਿਪ, ਸਹੋਦਰਾ, ਦਾਤਾ, ਪਾਰਸ, ਤੀਰਥ, ਕਰਤਾ, ਸਤਿਗੁਰ, ਪਾਰਬ੍ਰਹਮ ਆਦਿ ਮੰਗਲਾਚਰਣ ਵਾਲੇ ਸਲੋਕ ਵਿਚ ਵਰਤੇ ਗਏ ਹਨ। ਗੁਰੂ ਅਰਜਨ ਸਾਹਿਬ ਦਾ ਪਰਮ ਲਕਸ਼ ਉਸ ਪਰਮਸਤਾ ਦੀ ਅਸੀਮ ਤੇ ਦੈਵੀ ਸ਼ਕਤੀ, ਗੁਣਾਂ, ਹਸਤੀ, ਸੱਤਾ ਵਿਸ਼ਾਲਤਾ ਤੇ ਸਰਬ ਵਿਆਪਕਤਾ ਤੋਂ ਮਾਨਵ ਮਨ ਨੂੰ ਜਾਗਰਿਤ ਕਰਾਉਣਾ ਸੀ। ਮਾਇਆ ਰੂਪੀ ਸੰਸਾਰ ਸਾਗਰ ਦੀ ਵਿਸ਼ਾਲਤਾ ਤੇ ਨਾਸ਼ਮਾਨਤਾ ਨੂੰ ਸਿੱਧ ਕਰਨ ਲਈ ਲਈ ਭਵਜਲ ਤੇ ਅੰਧ ਕੂਪ ਦਾ ਰੂਪਕ ਵਰਤਿਆ ਗਿਆ ਹੈ:

(ੳ) ਜਿਹ ਆਸਰ ਇਆ ਭਵਜਲੁ ਤਰਨਾ॥[109]

(ਅ) ਅੰਧ ਕੂਪ ਤੇ ਤਿਹ ਕਢਹੁ ਜਿਹੁ ਹੋਵਹੁ ਸੁਪ੍ਰਸੰਨ॥[110]

ਸਰੀਰਕ ਨਾਸ਼ਮਾਨਤਾ ਲਈ ਛਾਰ ਕੀ ਪੁਤਰੀ, ਕਾਚੀ ਗਾਗਰਿ ਆਦਿ ਰੂਪਕਾਂ ਦੀ ਵਰਤੋਂ ਇਸ ਪ੍ਰਕਾਰ ਕੀਤੀ ਗਈ ਹੈ:

(ੳ) ਸੰਤਨ ਕੀ ਮਨ ਟੇਕ ਟਿਕਾਈ॥ ਛਾਰੁ ਕੀ ਪੁਤਰੀ ਪਰਮ ਗਤਿ ਪਾਈ॥[111]

(ਅ) ਫ਼ਣਤੀ ਫ਼ਣੀ ਨਹੀ ਕੋਊ ਛੂਟੈ॥ ਕਾਚੀ ਗਾਗਰਿ ਸਰਪਰ ਫੂਟੈ॥[112]

ਮੌਤ ਲਈ ਜਮ ਦੀ ਰੱਸੀ ਅਤੇ ਅਗਿਆਨ ਜੀਵ ਲਈ ਪਸ਼ੂ ਦਾ ਪ੍ਰਤੀਕ ਵੀ ਵਰਤਿਆ ਹੈ ਜਿਵੇਂ:

(ੳ) ਬਾਧੈ ਜਮ ਕੀ ਜੇਵਰੀ ਮੀਠੀ ਮਾਇਆ ਰੰਗ॥[113]

(ਅ) ਸਲੋਕੁ॥ ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥
ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥[114]

ਪ੍ਰਭੂ ਦੇ ਚਰਨਾਂ ਲਈ ਕਮਲ, ਸਿਸ਼੍ਟੀ ਲਈ ਰਣ, ਦੂਜੇ ਲੋਕ ਲਈ ਦਰਗਾਹ ਦਾ ਰੂਪਕ ਇਸ ਪ੍ਰਕਾਰ ਵਰਤੋਂ ਵਿਚ ਲਿਆਂਦੇ ਗਏ ਹਨ:

(ੳ) ਚਚਾ ਚਰਨ ਕਮਲ ਗੁਰ ਲਾਗਾ॥[115]

(ਅ) ਰਣਿ ਦਰਗਹ ਤਉ ਸੀਝਹਿ ਭਾਈ॥ ਜਉ ਗੁਰਮੁਖਿ ਰਾਮ ਨਾਮ ਲਿਵ ਲਾਈ॥[116]

ਇਹਨਾਂ ਤੋਂ ਇਲਾਵਾ ਗੁਰੂ ਸਾਹਿਬ ਨੇ ਉਸ ਨਿਰਕੁੰਸ਼ ਹਸਤੀ ਨੂੰ ਮੂਰਤੀਮਾਨ ਕਰਨ ਲਈ ਲਾਲ, ਗੋਬਿੰਦ, ਗੁਪਾਲ, ਸਾਜਨ, ਠਾਕੁਰ, ਖਸਮ, ਰਾਮ, ਵਾਸੁਦੇਵ, ਮੁਰਾਰੀ, ਬ੍ਰਹਮਾ, ਦਾਤਾਰ, ਪਾਤਸ਼ਾਹ, ਗੁਸਾਂਈ, ਦਇਆਲ, ਭਗਵਾਨ ਆਦਿ ਦੇ ਰੂਪਕ ਲੱਭੇ ਹਨ ਅਤੇ ਇਹੋ ਜਿਹੇ ਰੂਪਕ ਲੈ ਕੇ ਉਸਦੀ ਸ੍ਰੇਸ਼ਟਤਾ ਨੂੰ ਸੁਹਜਾਤਮਕ ਰੂਪ ਵਿਚ ਉੱਘਾੜਿਆ ਹੈ।

**ਉਪਮਾ ਅਲੰਕਾਰ**

ਰੂਪਕ ਨਾਲ ਮਿਲਦਾ ਜੁਲਦਾ ਇਕ ਹੋਰ ਅਲੰਕਾਰ ਉਪਮਾ ਵੀ ਬਾਣੀ ਬਾਵਨ ਅਖਰੀ ਵਿਚ ਪੇਸ਼ ਹੋਇਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿਘ ਅਨੁਸਾਰ:

> ਉਪਮਾ ਜਾਂ Simile ਮਸ਼ਹੂਰ ਅਲੰਕਾਰ ਹੈ। ਉਪਮਾ ਉਹ ਕਾਵਿ-ਕਥਨ ਹੈ ਜਿਥੇ ਉਪਮੇਯ ਤੇ ਉਪਮਾਨ ਦੇ ਵਿਚਕਾਰ ਪ੍ਰਗਟ ਹੁੰਦੀ ਸਾਂਝ 'ਜਿਵੇਂ, ਵਾਂਗੂੰ' ਆਦਿ ਸੂਚਕ ਸ਼ਬਦਾਂ ਰਾਹੀਂ ਬਿਆਨ ਕੀਤੀ ਜਾਂਦੀ ਹੈ।[117]

ਬਾਣੀ ਬਾਵਨ ਅਖਰੀ ਵਿਚੋਂ ਇਸ ਅਲੰਕਾਰ ਸਬੰਧੀ ਉਦਾਹਰਣਾਂ ਇਸ ਪ੍ਰਕਾਰ ਹਨ:

(ੳ) ਭਭਾ ਭਰਮੁ ਮਿਟਾਵਹੁ ਅਪਨਾ।। ਇਆ ਸੰਸਾਰੁ ਸਗਲ ਹੈ ਸੁਪਨਾ।।[118]

(ਅ) ਜਜਾ ਜਾਨੈ ਹਉ ਕਛੁ ਹੂਆ।। ਬਾਧਿਓ ਜਿਉ ਨਲਿਨੀ ਭ੍ਰਮਿ ਸੂਆ।।[119]

(ੲ) ਜਉ ਜਾਨੈ ਮੈ ਕਥਨੀ ਕਰਤਾ।। ਬਿਆਪਾਰੀ ਬਸੁਧਾ ਜਿਉ ਫਿਰਤਾ।।[120]

ਇਸ ਤੋਂ ਇਲਾਵਾ ਗੁਰੂ ਸਾਹਿਬ ਜੀ ਨੇ ਚਿਤਿ (ਹਿਰਦੇ) ਨੂੰ ਕੰਵਲ ਫੁੱਲ ਨਾਲ ਉਪਮਾ ਦਿੰਦਿਆਂ ਅਲੰਕਾਰਕ ਗੁਣ ਇਸ ਪ੍ਰਕਾਰ ਪੈਦਾ ਕੀਤਾ ਹੈ:

ਸਲੋਕੁ।। ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ।।
ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ।।[121]

**ਅਨੁਪ੍ਰਾਸ ਅਲੰਕਾਰ**

ਜਦੋਂ ਅੱਖਰਾਂ ਅਰਥਾਤ ਵਰਣਾਂ ਦੀ ਸਮਾਨਤਾ ਹੋਵੇ ਭਾਵੇਂ ਸੁਰਾਂ ਦੀ ਸਮਾਨਤਾ ਹੋਵੇ ਭਾਵੇਂ ਨਾ। ਵਰਣਾਂ ਦੀ ਵਾਰ ਵਾਰ ਇਕ ਹੀ ਕ੍ਰਮ ਵਿਚ ਨਿਕਟ ਵਰਤੋਂ ਨੂੰ ਅਨੁਪ੍ਰਾਸ ਕਿਹਾ ਜਾਂਦਾ ਹੈ।[122] ਇਹ ਸ਼ਬਦ ਅਲੰਕਾਰ ਦੀ ਕਿਸਮ ਹੈ। ਬਾਣੀ ਬਾਵਨ ਅਖਰੀ ਵਿਚ ਇਸ ਦੀ ਵਰਤੋਂ ਇਸ ਪ੍ਰਕਾਰ ਹੋਈ ਹੈ:

(ੳ) ਸਸਾ ਸਤਿ ਸਤਿ ਸਤਿ ਸੋਊ।।[123]

(ਅ) ਆਪਨ ਆਪੁ ਆਪਹਿ ਉਪਾਇਓ।।[124]

(ੲ) ਜਨਮਤ ਮੋਹਿਓ ਮੋਹਨੀ ਮਾਇਆ।।[125]

(ਸ) ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ।।[126]

ਉਪਰੋਕਤ ਉਦਾਹਰਣਾਂ ਵਿਚ ਅਸੀਂ ਦੇਖਦੇ ਹਾਂ ਕਿ ਹਰ ਇਕ ਪੰਕਤੀ ਵਿਚ ਕਿਸੇ ਨਾ ਕਿਸੇ ਧੁਨੀ ਦੇ ਵਾਰ ਵਾਰ ਦੁਹਰਾਓ ਨਾਲ ਕਾਵਿਕਤਾ ਸਿਰਜੀ ਗਈ ਹੈ।

**ਵੀਪਸਾ ਅਲੰਕਾਰ**

ਇਹ ਵੀ ਸ਼ਬਦ ਅਲੰਕਾਰ ਦੀ ਇਕ ਵੰਨਗੀ ਹੈ। 'ਸ਼ਬਦ/ਸ਼ਬਦਾਂ ਦਾ ਬਾਰ ਬਾਰ ਦੁਹਰਾਉ'।[127] ਵੀਪਸਾ ਵਿਚ ਕਈ ਵਾਰੀ ਅਨੁਪ੍ਰਾਸ ਆ ਜਾਂਦਾ ਹੈ। ਬਾਣੀ ਬਾਵਨ ਅਖਰੀ ਵਿਚ ਮਿਲਦੇ ਵੀਪਸਾ ਅਲੰਕਾਰ ਦੀਆਂ ਕੁਝ ਵੰਨਗੀਆਂ ਵੇਖੋ:

(ੳ) ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ।।[128]

(ਅ) ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ॥[129]

(ੲ) ਸਸਾ ਸਤਿ ਸਤਿ ਸਤਿ ਸੋਊ॥[130]

(ਸ) ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ॥[131]

(ਹ) ਆਪਨ ਆਪੁ ਆਪਹਿ ਉਪਾਇਓ॥[132]

(ਕ) ਜਿਤੁ ਜਿਤੁ ਲਾਵਹੁ ਤਿਤ ਤਿਤ ਲਗਨਾ॥[133]

(ਖ) ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ॥[134]

ਉਪਰੋਕਤ ਉਦਾਹਰਣਾਂ ਵਿਚ ਅਸੀਂ ਦੇਖਦੇ ਹਾਂ ਕਿ ਗੁਰੂ ਸਾਹਿਬ ਨੇ ਇਕੋ ਸ਼ਬਦ ਨੂੰ ਵਾਰ ਵਾਰ ਦੁਹਰਾਇਆ ਹੈ ਇਸ ਦੁਹਰਾਉ ਨਾਲ ਜਿਥੇ ਅੰਲਕਾਰਿਕ ਸੁਹਜ ਉਤਪੰਨ ਹੋਇਆ ਹੈ ਉਥੇ ਹੀ ਵਿਸ਼ੇ ਨੂੰ ਵੀ ਬਾਖ਼ੂਬੀ ਦ੍ਰਿੜ ਕਰਾਇਆ ਗਿਆ ਹੈ। ਬਾਣੀ ਬਾਵਨ ਅਖਰੀ ਵਿਚ ਇਸ ਅਲੰਕਾਰ ਦੀ ਵਰਤੋਂ ਸਭ ਤੋਂ ਵੱਧ ਕਰਕੇ ਨਾਦਾਤਮਕ ਸੁਹਜ ਵਿਚ ਵਾਧਾ ਬਾਖ਼ੂਬ ਕੀਤਾ ਗਿਆ ਹੈ।

### ਵਿਨੋਕਤੀ ਅਲੰਕਾਰ

ਇਹ ਇਕ ਅਰਥ ਅਲੰਕਾਰ ਹੈ। ਇਸ ਵਿਚ ਇਕ ਦੇ ਬਿਨਾਂ ਦੂਜੇ ਦੇ ਜੀਵਨ ਨੂੰ ਵਿਅਰਥ ਜਾਂ ਅਸ਼ੁੱਭ ਦਰਸਾਉਣ ਦਾ ਜਤਨ ਹੁੰਦਾ ਹੈ।[135] ਬਾਣੀ ਬਾਵਨ ਅਖਰੀ ਵਿਚ ਇਸ ਅਲੰਕਾਰ ਦਾ ਪ੍ਰਯੋਗ ਇਸ ਪ੍ਰਕਾਰ ਹੈ:

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥[136]

ਭਗਵੰਤ ਭਜਨ ਬਿਨਾਂ ਸਰੀਰਕ ਸੁੰਦਰਤਾ, ਉੱਚੀ ਕੁਲ ਅਤੇ ਧਨ ਮਾਲ ਵਾਲਾ ਅਮੀਰ ਜੀਵਨ ਵੀ ਵਿਅਰਥ ਹੈ।

### ਦ੍ਰਿਸ਼ਟਾਂਤ ਅਲੰਕਾਰ

ਕਿਸੇ ਵਸਤੂ ਦਾ ਪੂਰਾ ਗਿਆਨ ਕਰਵਾਉਣ ਲਈ, ਕਿਸੇ ਸਮਾਨ ਧਰਮ ਵਾਲੀ ਵਸਤੂ ਦਾ ਕਥਨ, ਅਰਥਾਤ ਉਪਮੇਯ ਦੀ ਪ੍ਰਤੀਬਿੰਬ ਰੂਪ ਮਿਸਾਲ ਦਾ ਵਰਣਨ ਦ੍ਰਿਸ਼ਟਾਂਤ ਅਲੰਕਾਰ ਹੈ। ਬਾਣੀ ਬਾਵਨ ਅਖਰੀ ਦ੍ਰਿਸ਼ਟਾਂਤ ਦੀ ਵੰਨਗੀ ਇਸ ਪ੍ਰਕਾਰ ਹੈ:

(ੳ) ਜਜਾ ਜਾਨੈ ਹਉ ਕਛੁ ਹੂਆ।। ਬਾਧਿਓ ਜਿਉ ਨਲਿਨੀ ਭ੍ਰਮ ਸੂਆ।।[137]

(ਅ) ਸਲੋਕੁ।। ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ।।

ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ ਮੈ ਮੋਰ।।[138]

ਇਨ੍ਹਾਂ ਪੰਕਤੀਆਂ ਵਿਚ ਅਸੀਂ ਦੇਖਦੇ ਹਾਂ ਕਿ ਇਸਤਰੀ ਪਿਆਰ ਵਿਚ ਖਚਿਤ ਹੋਣ ਦੇ ਦੁਖਾਂਤ ਨੂੰ ਜ਼ਹਿਰੀਲੇ ਅਤੇ ਕੌੜੇ ਕਸੁੰਭੇ ਦੇ ਉਦਾਹਰਣ ਨਾਲ ਸਪੱਸ਼ਟ ਕੀਤਾ ਹੈ ਤੇ ਇਸੇ ਤਰ੍ਹਾਂ ਹੀ ਜੀਵ ਦੇ ਮਾਇਆ ਜਾਲ ਵਿਚ ਫਸਣ ਨੂੰ ਸਪੱਸ਼ਟ ਕਰਨ ਲਈ ਤੋਤੇ ਦੇ ਨੜੇ ਦੀ ਫਾਹੀ ਵਿਚ ਫਸਣ ਦੇ ਦ੍ਰਿਸ਼ਟਾਂਤ ਰਾਹੀਂ ਉਜਾਗਰ ਕੀਤਾ ਗਿਆ ਹੈ।

### ਲੋਕੋਕਤੀ ਅਲੰਕਾਰ

ਜਦੋਂ ਕਵੀ ਆਪਣੀ ਗੱਲ ਨੂੰ ਦ੍ਰਿੜ ਕਰਵਾਉਣ ਲਈ ਮੁਹਾਵਰਿਆਂ ਜਾਂ ਲੋਕੋਕਤੀਆਂ ਦਾ ਪ੍ਰਯੋਗ ਕਰਦਾ ਹੈ ਤਾਂ ਉਹ ਲੋਕੋਕਤੀ ਅਲੰਕਾਰ ਵਰਤ ਰਿਹਾ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਆਪਣੇ ਅਨੁਭਵ ਦੇ ਪ੍ਰਭਾਵਸ਼ਾਲੀ ਸੰਚਾਰ ਵਾਸਤੇ ਮੁਹਾਵਰਿਆਂ ਅਤੇ ਲੋਕੋਕਤੀਆਂ ਦਾ ਵੀ ਯਥਾਯੋਗ ਪ੍ਰਯੋਗ ਕਰ ਲੈਂਦੇ ਹਨ।[139] ਬਾਣੀ ਬਾਵਨ ਅਖਰੀ ਵਿਚ ਇਸ ਦਾ ਪ੍ਰਯੋਗ ਦੇਖੋ:

(ੳ) ਕਾਚੀ ਗਾਗਰਿ ਸਰਪਰ ਫੂਟੈ।।[140]

(ਅ) ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ।।[141]

(ੲ) ਐਸੀ ਸੰਚਿ ਜੁ ਬਿਨਸਤ ਨਾਹੀ।[142]

(ਸ) ਜੋ ਜੋ ਕਰੈ ਸੋਊ ਫੁਨਿ ਹੋਊ।।[143]

(ਹ) ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ।।[144]

### ਯਮਕ ਅਲੰਕਾਰ

ਯਮਕ ਸ਼ਬਦ ਦਾ ਅਰਥ ਹੈ ਜੋੜਾ। ਅਰਥਾਤ ਸ਼ਬਦਾਂ ਦਾ ਜੋੜਾ। ਇਸ ਅਲੰਕਾਰ ਅੰਦਰ ਇਕੋ ਸ਼ਬਦ ਵਾਰ ਵਾਰ ਵਰਤਿਆ ਜਾਂਦਾ ਹੈ, ਪਰ ਉਸਦਾ ਅਰਥ ਅਲੱਗ ਅਲੱਗ ਹੁੰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਜਿੱਥੇ ਨਿਰਾਰਥਕ ਵਰਣਾਂ ਜਾਂ ਭਿੰਨਾਰਥਕ ਸਾਰਥਕ ਵਰਣਾਂ ਦਾ ਦੁਹਰਾਉ ਵਾਰ ਵਾਰ ਹੋਵੇ ਉਸ ਨੂੰ ਯਮਕ ਕਹਿੰਦੇ ਹਨ ਜਾਂ ਜਿੱਥੇ ਸ਼ਬਦ ਵਾਰ ਵਾਰ ਆਵੇ ਪਰ ਅਰਥ ਜੁਦਾ ਜੁਦਾ ਹੋਵੇ, ਉਥੇ ਯਮਕ ਹੁੰਦਾ ਹੈ।[145] ਜਿਵੇਂ:

ਸੋ ਜੀਵਤ ਜਿਹ ਜੀਵਤ ਜਪਿਆ।। ਪ੍ਰਗਟ ਭਏ ਨਾਨਕ ਨਹ ਛਪਿਆ।।[146]

ਇਸ ਪੰਕਤੀ ਵਿਚ ਪ੍ਰਥਮ ਜੀਵਤ ਦਾ ਅਰਥ ਹੈ ਜਿਉਂਦਾ ਅਤੇ ਦੂਜੇ ਦਾ ਅਰਥ ਹੈ ਚੇਤੰਨ।

**ਵਿਰੋਧਾਭਾਸ ਅਲੰਕਾਰ**

ਇਹ ਅਲੰਕਾਰ ਵਿਰੋਧ ਮੂਲਕ ਅਲੰਕਾਰ ਹੈ। ਉਪਮਾ ਰੂਪਕ ਵਿਚ ਤਾਂ ਵਿਸ਼ੈ-ਵਸਤੂ ਤੇ ਉਪਮਾਨ ਆਦਿ ਅਲੰਕਾਰਿਕ ਸਾਮਗ੍ਰੀ ਵਿਚ ਸਮਰੂਪਤਾ ਜਾਂ ਸਦ੍ਰਿਸ਼ਟਤਾ ਹੁੰਦੀ ਹੈ ਪਰ ਇਸ ਸ਼ਰੇਣੀ ਦੇ ਅਲੰਕਾਰਾਂ ਦੇ ਮੂਲ ਵਿਚ ਵਿਰੋਧ ਦਿਖਾਈ ਦਿੰਦਾ ਹੈ। ਇਹ ਅਰਥਾਲੰਕਾਰ ਹੈ। ਵਿਰੋਧ ਅਤੇ ਵਿਰੋਧਾਭਾਸ ਦੋਹਾਂ ਨੂੰ ਇਕ ਅਲੰਕਾਰ ਮੰਨਿਆ ਜਾਂਦਾ ਹੈ। ਜਿਥੇ ਅਸਲ ਵਿਚ ਵਿਰੋਧ ਨਾ ਹੋਵੇ ਪਰ ਇਸ ਤਰ੍ਹਾਂ ਵਰਣਨ ਕੀਤਾ ਜਾਵੇ ਕਿ ਵਿਰੋਧ ਪ੍ਰਤੀਤ ਹੋਵੇ ਉਹ ਵਿਰੋਧ ਜਾਂ ਵਿਰੋਧਾਭਾਸ ਅਲੰਕਾਰ ਹੈ।"[147] ਗੁਰੂ ਅਰਜਨ ਦੇਵ ਜੀ ਨੇ ਬਾਣੀ ਬਾਵਨ ਅਖਰੀ ਵਿਚ ਵਿਰੋਧਾਭਾਸ ਅਲੰਕਾਰ ਦੀ ਵਰਤੋਂ ਵੀ ਕੀਤੀ ਹੈ। ਉਦਾਹਰਣ ਵਜੋਂ ਇਹ ਪੰਕਤੀਆ ਵੇਖੋ:

(ੳ) ਆਪਹਿ ਬਾਪ ਆਪ ਹੀ ਮਾਇਓ।।[148]

(ਅ) ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ।।[149]

(ੲ) ਆਪਹਿ ਪਾਪ ਪੁੰਨ ਬਿਸਥਾਰਾ।।[150]

(ਸ) ਕੀਟ ਹਸਤ ਮਹਿ ਪੂਰ ਸਮਾਨੇ।।[151]

ਉਪਰੋਕਤ ਉਦਾਹਰਣਾਂ ਵਿਚ ਅਸੀਂ ਦੇਖਦੇ ਹਾਂ ਕਿ ਗੁਰੂ ਸਾਹਿਬ ਨੇ ਪ੍ਰਭੂ ਨੂੰ ਮਾਂ ਤੇ ਬਾਪ, ਨਿਰੰਕਾਰ ਆਕਾਰ, ਸਰਗੁਣ ਨਿਰਗੁਣ, ਇਕੋ ਸਮੇਂ ਪਾਪ ਅਤੇ ਪੁੰਨ ਦਾ ਵਿਸਥਾਰ ਅਤੇ ਕੀੜੀ ਤੇ ਹਾਥੀ ਵਿਚ ਦ੍ਰਿਸ਼ਟਮਾਨ ਸਮਝਿਆ ਹੋਇਆ ਹੈ। ਪਹਿਲੀ ਨਜ਼ਰ ਵਿਚ ਇਹ ਗੱਲਾਂ ਵਿਰੋਧਾਭਾਸ ਪ੍ਰਤੀਤ ਹੁੰਦੀਆ ਹਨ ਪਰੰਤੂ ਮੂਲ ਰੂਪ ਵਿਚ ਇਨ੍ਹਾਂ ਵਿਚ ਕੋਈ ਵਿਰੋਧ ਨਹੀਂ, ਕਿਉਂਕਿ ਇਹ ਸਾਰਾ ਕੁਝ ਤਾਂ ਸਰਬ ਸ਼ਕਤੀਮਾਨ, ਸਰਬ ਵਿਆਪਕ, ਪਰਮਾਤਮਾ ਦੇ ਸਰੂਪ ਦੀ ਹੀ ਪੇਸ਼ਕਾਰੀ ਹੈ।

**ਦੀਪਕ ਅਲੰਕਾਰ**

"ਸਦ੍ਰਿਸ਼ਟਤਾ-ਮੂਲਕ ਅਰਥ ਅਲੰਕਾਰ, ਜਿਸ ਵਿਚ ਉਪਮੇਯ ਅਤੇ ਉਪਮਾਨ ਦਾ ਇਕ ਧਰਮ ਕਥਨ ਕੀਤਾ ਜਾਏ। ਇਸ ਅਲੰਕਾਰ ਦੀ ਕਲਪਨਾ ਦੀਪਕ ਨਿਆਇ ਦੀਆਂ ਲੀਹਾਂ ਤੇ ਕੀਤੀ ਗਈ ਹੈ।

ਦੀਪਕ ਆਪਣੀਆਂ ਆਸ ਪਾਸ ਦੀਆਂ ਵਸਤੂਆਂ ਨੂੰ ਪ੍ਰਕਾਸ਼ਿਤ ਕਰਦਾ ਹੈ। ਇਸੇ ਤਰ੍ਹਾਂ ਦੀਪਕ ਅਲੰਕਾਰ ਵਿਚ ਵੀ ਇਕ ਧਰਮ ਉਪਮੇਯਾਂ ਅਤੇ ਉਪਮਾਨਾਂ ਨਾਲ ਸੰਬੰਧ ਰੱਖਦਾ ਹੈ। ਇਹ ਅਤਿਅੰਤ ਪ੍ਰਾਚੀਨ ਅਲੰਕਾਰ ਹੈ।"[152] ਬਾਣੀ ਬਾਵਨ ਅਖਰੀ ਵਿਚ ਇਸ ਦੀ ਉਦਾਹਰਣ ਵਾਚਦੇ ਹਾਂ:

ਪਉੜੀ॥ ਓਅੰ ਸਾਧ ਸਤਿਗੁਰ ਨਮਸਕਾਰੰ॥ ਆਦਿ ਮਧਿ ਅੰਤਿ ਨਿਰੰਕਾਰੰ॥
ਆਪਹਿ ਸੁੰਨ ਆਪਹਿ ਸੁਖ ਆਸਨ॥ ਆਪਹਿ ਸੁਨਤ ਆਪ ਹੀ ਜਾਸਨ॥
ਆਪਨ ਆਪੁ ਆਪਹਿ ਉਪਾਇਓ॥ ਆਪਹਿ ਬਾਪ ਆਪ ਹੀ ਮਾਇਓ॥
ਆਪਹਿ ਸੂਖਮ ਆਪਹਿ ਅਸਥੂਲਾ॥ ਲਖੀ ਨ ਜਾਈ ਨਾਨਕ ਲੀਲਾ॥[153]

ਉਪਰੋਕਤ ਗੁਰ ਵਾਕਾਂ ਵਿਚ ਨਿਰੰਕਾਰ ਦੀਆਂ ਅਨੇਕ ਪ੍ਰਕਾਰ ਦੀਆਂ ਕ੍ਰਿਆਵਾਂ ਨਾਲ ਸੰਬੰਧਿਤ ਹੋਣ ਕਾਰਨ ਦੀਪਕ ਅਲੰਕਾਰ ਹੈ।

**ਅਨਯੋਅਨਯ ਅਲੰਕਾਰ**

ਜਿਥੇ ਦੋ ਪਦਾਰਥ ਪਰਸਪਰ ਉਪਕਾਰੀ ਵਰਣਨ ਕੀਤੇ ਜਾਣ ਉਥੇ ਅਨਯੋਅਨਯ ਅਲੰਕਾਰ ਹੁੰਦਾ ਹੈ।[154]

ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥
ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ॥[155]

**ਵਕ੍ਰੋਕਤੀ ਅਲੰਕਾਰ**

ਇਹ ਬਿਆਨ ਅਤੇ ਸ਼ੈਲੀ ਦਾ ਵਿਸ਼ੇਸ਼ ਅੰਦਾਜ਼ ਹੈ ਗੱਲ ਨੂੰ ਇਉਂ ਵਲ ਪਾ ਕੇ ਕਹਿਣਾ ਕਿ ਅਰਥ ਹੋਰ ਨਿਕਲਣ ਪਰ ਹੋਣ ਪ੍ਰਭਾਵਸ਼ਾਲੀ॥[156] ਜਿਵੇਂ:

(ੳ) ਙੰਙਾ ਙਿਆਨੁ ਨਹੀ ਮੁਖ ਬਾਤਉ॥ ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ॥[157]

(ਅ) ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥
ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥[158]

**ਭ੍ਰਾਂਤੀਮਾਨ ਅਲੰਕਾਰ**

ਇਸ ਅਲੰਕਾਰ ਵਿਚ ਉਸ ਚੀਜ਼ ਵਿਚ ਚੰਗੀ ਹੋਣ ਦਾ ਭਰਮ ਹੁੰਦਾ ਹੈ ਜੋ ਦਰਅਸਲ ਮਾੜੀ ਹੁੰਦੀ ਹੈ ਭਾਵ ਜਿਥੇ ਭ੍ਰਾਂਤੀ ਹੋਵੇ। ਉਹ ਭ੍ਰਾਂਤੀਮਾਨ ਅਲੰਕਾਰ ਹੈ। ਚੰਗੀ ਨੂੰ ਮਾੜੀ ਅਤੇ ਮਾੜੀ ਨੂੰ ਚੰਗੀ

ਸਮਝਣਾ ਹੀ ਇਸ ਅਲੰਕਾਰ ਨੂੰ ਉਤਪੰਨ ਕਰਦਾ ਹੈ।[159] ਬਾਣੀ ਬਾਵਨ ਅਖਰੀ ਵਿਚ ਇਸ ਦੀ ਵਰਤੋਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਈ ਹੈ:

(ੳ) ਉਰਝਿ ਪਰੇ ਜੋ ਛੋਡਿ ਛਡਾਨਾ॥[160]

(ਅ) ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ॥[161]

(ੲ) ਦੈਨਹਾਰੁ ਸਦ ਜੀਵਨਹਾਰਾ॥ ਮਨ ਮੂਰਖ ਕਿਉ ਤਾਹਿ ਬਿਸਾਰਾ॥[162]

(ਸ) ਭਰਮਿ ਭਰਮਿ ਮਾਨੁਖ ਡਹਕਾਏ॥ ਦੁਤਰ ਮਹਾ ਬਿਖਮ ਇਹ ਮਾਏ॥[163]

ਸੋ ਉਪਰੋਕਤ ਤੋਂ ਸਪੱਸ਼ਟ ਹੈ ਕਿ ਬਾਣੀ ਬਾਵਨ ਅਖਰੀ ਵਿਚ ਗੁਰੂ ਸਾਹਿਬ ਨੇ ਅਨੇਕ ਪ੍ਰਕਾਰ ਦੇ ਅਲੰਕਾਰ ਵਰਤੇ ਹਨ, ਜੋ ਉਨ੍ਹਾਂ ਦੇ ਕਾਵਿ ਦੀ ਸ਼ੋਭਾ ਵਧਾ ਰਹੇ ਹਨ। ਗੁਰੂ ਸਾਹਿਬ ਦੁਆਰਾ ਅਲੰਕਾਰਾ ਦੀ ਸਹਿਜ ਸੁਭਾ ਵਰਤੋਂ ਚਮਤਕਾਰ ਪ੍ਰਦਰਸ਼ਨ ਲਈ ਨਹੀਂ, ਸਗੋਂ ਭਾਵਾਂ ਦੀ ਸ੍ਰੇਸ਼ਟ ਅਭਿਵਿਅਕਤੀ ਲਈ, ਵਸਤਾਂ ਦੇ ਰੂਪ, ਗੁਣ ਅਤੇ ਕ੍ਰਿਆ ਦਾ ਤੀਬਰ ਅਨੁਭਵ ਕਰਾਉਣ ਲਈ ਹੋਈ ਹੈ। ਅਧਿਕਾਂਸ਼ ਅਲੰਕਾਰਾਂ ਦਾ ਸੰਬੰਧ ਜਨ ਸਾਧਾਰਨ ਜਨ-ਜੀਵਨ ਨਾਲ ਹੈ, ਜਿਸ ਤੋਂ ਸਪੱਸ਼ਟ ਹੈ ਕਿ ਅਲੰਕਾਰ ਵਿਧਾਨ ਵੇਲੇ ਵੀ ਗੁਰੂ ਸਾਹਿਬ ਦੀ ਬਾਣੀ ਦਾ ਨਾਤਾ ਜਨ ਜੀਵਨ ਨਾਲ ਟੁੱਟਦਾ ਨਹੀਂ, ਸਗੋਂ ਜੁੜਦਾ ਹੈ, ਹੋਰ ਦ੍ਰਿੜ ਹੁੰਦਾ ਹੈ।[164] ਅਲੰਕਾਰਾਂ ਦੀ ਵਰਤੋਂ ਕਰਦਿਆਂ ਡੂੰਘਾਈ ਤੇ ਵੰਨ ਸੁਵੰਨਤਾ ਗੁਰੂ ਸਾਹਿਬ ਦੀ ਬਾਣੀ ਵਿਚ ਮਿਲਦੀ ਹੈ ਜਿਸ ਨਾਲ ਸੰਦੇਸ਼, ਅਨੁਭਵ, ਸ਼ੈਲੀ ਅਤੇ ਅਲੰਕਾਰ ਸਭ ਕੁਝ ਇਕ ਦੂਜੇ ਨਾਲ ਓਤ-ਪੋਤ ਹੈ ਜੋ ਗੁਰੂ ਸਾਹਿਬ ਦੀ ਕਾਵਿ ਪ੍ਰਤਿਭਾ ਦਾ ਸੂਚਕ ਵੀ ਸਿੱਧ ਹੁੰਦੇ ਹਨ।

## (4) ਸੰਗੀਤ ਅਤੇ ਲੈਅ

ਗੁਰੂ ਅਰਜਨ ਸਾਹਿਬ ਦੀ ਕਵਿਤਾ ਅਧਿਆਤਮਿਕ ਅਨੁਭਵ ਦੀ ਕਵਿਤਾ ਹੈ। ਇਸ ਦਾ ਰਹੱਸਵਾਦੀ ਅੰਸ਼ ਇਸ ਦਾ ਪ੍ਰਧਾਨ ਅੰਗ ਹੈ। ਸੰਗੀਤ ਦੀ ਨਿਪੁੰਨਤਾ ਅਤੇ ਅਨੁਕੂਲਤਾ ਇਕ ਹੋਰ ਵੱਡੀ ਵਿਸ਼ੇਸ਼ਤਾ ਹੈ।[165] ਮਹਲਾ ਪੰਜਵਾਂ ਦੀ ਬਾਵਨ ਅਖਰੀ ਦੀ ਰਚਨਾ ਗਉੜੀ ਰਾਗ ਵਿਚ ਹੈ। The Sikh Reference Book ਵਿਚ ਰਾਗ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ:

> ਰਾਗ ਧੁਨੀ ਦਾ ਪ੍ਰਬੰਧਕ ਹੈ। ਰਾਗ ਦਾ ਅਰਥ ਪਿਆਰ ਸਜਾਵਟ ਰੰਗ ਆਦਿ ਵੀ ਹੁੰਦਾ ਹੈ। ਇਹ ਸਾਰੇ ਤਿੰਨਾਂ ਅਰਥਾਂ ਦੀ ਇਕ ਹੀ ਜੜ੍ਹ ਜਾਪਦੀ ਹੈ, ਉਹ ਹੈ ਭਗਤੀ ਭਾਵਨਾ ਜਾਂ ਸ਼ਰਧਾ ਪੈਦਾ ਕਰਨਾ।[166]

ਸੋ ਇਸ ਪ੍ਰਕਾਰ ਰਾਗ ਇਕ ਅਜਿਹੀ ਵਿਦਿਆ ਹੈ ਤੇ ਅਜਿਹੀ ਕੋਮਲ ਕਲਾ ਹੈ ਜੋ ਮਨ ਦੇ ਸੂਖਮ ਭਾਵਾਂ ਤੇ ਅਸਰ ਕਰਕੇ ਮਨ ਨੂੰ ਆਪਣੇ ਵਿਚ ਲੀਨ ਕਰ ਲੈਂਦੀ ਹੈ। ਰਾਗ ਮਨ ਨੂੰ ਖਿੰਡਾਉ ਵਲੋਂ ਸੰਕੋਚ ਕੇ ਆਪਣੇ ਆਪ ਵਿਚ ਇਕਾਗਰ ਕਰਦਾ ਹੈ। ਇਕਾਗਰਤਾ ਰਾਹੀਂ ਮਨ ਨੂੰ ਸੁਹਜਾਤਮਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਕਬੀਰ ਜੀ ਤੋਂ ਮਗਰੋਂ ਲਿਖੀ ਗੁਰੂ ਅਰਜਨ ਸਾਹਿਬ ਦੀ ਬਾਣੀ ਬਾਵਨ ਅਖਰੀ ਸੰਗੀਤਕ ਪੱਖ ਤੋਂ ਇਕ ਲੈਅ ਅਤੇ ਤਾਲ ਵਿਚ ਹੈ।

ਸੰਗੀਤ ਤਾਂ ਗੁਰੂ ਗ੍ਰੰਥ ਦੀ ਬਾਣੀ ਦੀ ਆਤਮਾ ਹੈ। ਜਿਥੇ ਹਰੀ ਕੀਰਤਨ ਹੈ ਉਥੇ ਰੱਬ ਆਪ ਵਸਦਾ ਹੈ। ਇਹ ਸਾਡਾ ਸੱਚ ਨਾਲ ਮਿਲਾਪ ਕਰਾਉਂਦਾ ਹੈ।[167]

ਕਵਿਤਾ ਦੇ ਸੁਹਜਾਤਮਕ ਗੁਣਾਂ ਵਿਚ ਸੰਗੀਤ ਅਤੇ ਲੈਅ ਦੇ ਗੁਣਾਂ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਸੰਗੀਤਾਮਕਤਾ ਅਤੇ ਲੈਅ ਕਾਵਿ ਸ਼ੈਲੀ ਦੇ ਪ੍ਰਮੁੱਖ ਗੁਣਾਂ ਵਿਚੋਂ ਹਨ। ਕਵਿਤਾ ਵਿਚ ਸੰਗੀਤ ਅਤੇ ਲੈਅ ਪੈਦਾ ਕਰਨ ਦਾ ਪਰੰਪਰਾਗਤ ਆਧਾਰ ਛੰਦ ਦੀ ਵਰਤੋਂ ਰਿਹਾ ਹੈ। ਕਾਵਿ, ਸੰਗੀਤ ਅਤੇ ਛੰਦ ਅੰਤਰ ਸੰਬੰਧਿਤ ਹਨ। ਕਾਵਿ ਅਤੇ ਸੰਗੀਤ ਦਾ ਰਿਸ਼ਤਾ ਕਾਫੀ ਪੁਰਾਣਾ ਹੈ। ਸੰਗੀਤ ਦੀਆਂ ਸੁਰਾਂ ਵਿਚ ਢਲਿਆ ਹੋਇਆ ਕਾਵਿ ਸਰੋਤਿਆਂ ਦੇ ਦਿਲੋਂ ਦਿਮਾਗ ਤੇ ਇਸ ਤਰ੍ਹਾਂ ਛਾ ਜਾਂਦਾ ਹੈ ਕਿ ਕਈ ਵਾਰ ਤਾਂ ਸੰਗੀਤਮਈ ਕਾਵਿ ਦੇ ਖਤਮ ਹੋਣ ਤੋਂ ਬਾਅਦ ਵੀ ਕਿਤਨਾ ਚਿਰ ਉਸ ਸੰਗੀਤਮਈ ਗੀਤ ਦੀ ਗੂੰਜ ਕੰਨਾਂ 'ਚੋਂ ਨਹੀਂ ਹਟਦੀ ਤੇ ਸਰੋਤਾ ਉਸ ਅਨੰਦਮਈ ਅਵਸਥਾ ਨੂੰ ਮਾਣਦਾ ਰਹਿੰਦਾ ਹੈ।

ਪ੍ਰੋ. ਸਮਸ਼ੇਰ ਸਿੰਘ ਅਸ਼ੋਕ ਕਵਿਤਾ ਅਤੇ ਸੰਗੀਤ ਦੇ ਸੰਬੰਧਾਂ ਬਾਰੇ ਵਿਚਾਰ ਕਰਦੇ ਆਪਣੇ ਇਕ ਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੰਦ ਪ੍ਰਬੰਧ ਵਿਚ ਕਵਿਤਾ ਅਤੇ ਸੰਗੀਤ ਨੂੰ ਕੋਮਲ ਹੁਨਰੀ ਗੁਣ ਮੰਨਦੇ ਹਨ ਜੋ ਕਿ ਇਕ ਦੂਜੇ ਤੋਂ ਕਦੇ ਵੀ ਨਿਖੇੜੇ ਨਹੀਂ ਜਾ ਸਕਦੇ। ਨਾ ਕੇਵਲ ਸ੍ਰੀ ਗੁਰੂ ਨਾਨਕ ਜੀ ਦੇ ਜੀਵਨ ਵਿਚ ਹੀ ਸਗੋਂ ਬਾਕੀ ਦੇ ਸਾਰੇ ਸਿੱਖ ਗੁਰੂਆਂ ਦੇ ਜੀਵਨ ਵਿਚ ਵੀ ਚੰਗੀ ਤਰ੍ਹਾਂ ਘੁਲੇ ਮਿਲੇ ਹੋਏ ਹਨ।[168] ਇਸੇ ਤਰ੍ਹਾਂ ਛੰਦ ਤੇ ਕਾਵਿ ਦਾ ਉਤਨਾ ਹੀ ਡੂੰਘਾ ਤੇ ਘਣਾ ਸੰਬੰਧ ਹੈ ਜਿਤਨਾ ਕਾਵਿ ਅਤੇ ਸੰਗੀਤ ਦਾ। ਹਿੰਦੀ ਵਿਦਵਾਨ ਡਾ. ਰਾਜਿੰਦਰ ਪ੍ਰਸਾਦ ਸ੍ਰੀਵਾਸਤਵ ਆਪਣੀ ਪੁਸਤਕ 'ਕਾਵਿ ਪ੍ਰੀਚੈ' ਵਿਚ ਛੰਦ ਵਿਧਾਨ ਨੂੰ ਕਵਿਤਾ ਦੀ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਮੰਨਦੇ ਹਨ। ਉਹ ਲਿਖਦੇ ਹਨ:

> 'ਛੰਦ ਅਤੇ ਕਾਵਿ ਦਾ ਬਹੁਤ ਘਣਾ ਸੰਬੰਧ ਹੈ। ਛੰਦਬੱਧਤਾ ਹੀ ਕਵਿਤਾ ਨੂੰ ਸੁੰਦਰਤਾ ਪ੍ਰਦਾਨ ਕਰਦੀ ਹੈ। ਕਵਿਤਾ ਦਾ ਸੁਭਾ ਹੀ ਛੰਦ ਵਿਚ ਲੈਅਮਾਨ ਹੋਣਾ ਹੈ।'[169]

ਛੰਦ ਇਕ ਨਦੀ ਦੇ ਤਟ ਵਾਂਗ ਹਨ ਜਿਵੇਂ ਨਦੀ ਦੇ ਤਟ ਆਪਣੇ ਬੰਧਨ ਨਾਲ ਵਗਦੀ ਨਦੀ ਦੀ ਧਾਰਾਗਤੀ ਨੂੰ ਸੁਰੱਖਿਅਤ ਰੱਖਦੇ ਹਨ ਤੇ ਇਸ ਤਰ੍ਹਾਂ ਦੇ ਨਿਯੰਤਰਣ ਹਟਾਣ ਨਾਲ ਨਦੀ ਆਪਣਾ ਪ੍ਰਵਾਹ ਖੋ ਬੈਠਦੀ ਹੈ। ਇਸੀ ਤਰ੍ਹਾਂ 'ਛੰਦ' ਵੀ ਕਾਵਿ ਵਿਚ ਆਪਣੇ ਨਿਯੰਤਰਣ ਨਾਲ ਰਾਗ ਨੂੰ ਗਤੀ ਅਤੇ ਵੇਗ ਪ੍ਰਦਾਨ ਕਰਕੇ ਨਿਰਜੀਵ ਸ਼ਬਦਾਂ ਵਿਚ ਕੋਮਲ ਸਜਲ ਆਵਾਜ਼ ਭਰ ਕੇ ਉਨ੍ਹਾਂ ਵਿਚ ਜਾਨ ਪਾ ਦਿੰਦੇ ਹਨ।[170] ਇਸਦੇ ਨਾਲ ਇਹ ਵੀ ਸਪੱਸ਼ਟ ਹੈ ਕਿ ਜੇਕਰ ਕਾਵਿ ਤੇ ਛੰਦ ਅੰਤਰ ਸੰਬੰਧਿਤ ਹਨ ਤਾਂ ਛੰਦ ਅਤੇ ਸੰਗੀਤ ਦੀ ਤਾਲ ਦਾ ਵੀ ਆਪਸੀ ਸਿੱਧਾ ਸੰਬੰਧ ਹੈ। ਜੋ ਇਕ ਦੂਜੇ ਨਾਲ ਮਿਲਕੇ ਚਲਦੇ ਹਨ। ਛੰਦ ਕਾਵਿ ਨੂੰ ਸੰਗੀਤਮਈ ਬਣਾਉਣ ਦਾ ਇਕ ਅਤਿਅੰਤ ਮਹੱਤਵਪੂਰਨ ਵਸੀਲਾ ਹੈ। ਇਹ ਮੰਨਿਆ ਗਿਆ ਹੈ ਕਿ ਇਕ ਛੰਦਬੱਧ ਰਚਨਾ ਹੀ ਸੰਗੀਤ ਦੀਆਂ ਸੁਰਾਂ ਵਿਚ ਸਹੀ ਤਰੀਕੇ ਨਾਲ ਉਤਰ ਸਕਦੀ ਹੈ ਕਿਉਂਕਿ ਸੰਗੀਤ ਦੀਆਂ ਸੁਰਾਂ ਦੇ ਵੀ ਨਿਯਮ ਹਨ ਤੇ ਛੰਦਬੱਧ ਕਾਵਿ ਦੇ ਵੀ ਕੁਝ ਨਿਯਮ ਹਨ। ਦੋਹਾਂ ਦੇ ਨਿਯਮਾਂ ਦਾ ਮਿਲਾਪ ਸੁਹਜਮਈ ਤੇ ਸਿਖਰਮਈ ਸੰਗੀਤ ਰਚਨਾ ਨੂੰ ਜਨਮ ਦਿੰਦਾ ਹੈ।

ਡਾ. ਪੁਤੂ ਲਾਲ ਸ਼ੁਕਲ ਛੰਦਾਂ ਨੂੰ ਸੰਗੀਤ ਦਾ ਪ੍ਰਾਣ ਕਹਿੰਦੇ ਹਨ। ਉਨ੍ਹਾਂ ਦੇ ਖਿਆਲ ਵਿਚ ਛੰਦ ਜਦ ਤੱਕ ਆਪਣੀ ਪ੍ਰਤਿਭਾ ਨਾਲ ਸਵਰ ਅਤੇ ਲੈਅ ਰਾਹੀਂ ਜੀਵੰਤ ਨਹੀਂ ਹੁੰਦਾ ਤਦ ਤਕ ਛੰਦੋਗਤ ਮਾਨਸਿਕ ਸਥਿਤੀ ਦੀ ਸੰਵੇਦਨਾ ਅਤੇ ਭਾਵ ਯੋਜਨਾ ਸਰੋਤਿਆਂ ਦੇ ਮਨ ਵਿਚ ਘਰ ਨਹੀਂ ਕਰ ਸਕਦੀ ਤੇ ਇਸ ਤੋਂ ਬਿਨਾਂ ਕਾਵਿ ਦਾ ਉਦੇਸ਼ ਪੂਰਾ ਨਹੀਂ ਹੁੰਦਾ।[171]

ਡਾ. ਪ੍ਰੇਮ ਪ੍ਰਕਾਸ਼ ਸਿੰਘ 'ਛੰਦ' ਤੇ 'ਸੰਗੀਤ' ਨੂੰ ਕਾਵਿ ਦੇ ਦੋ ਘੁੰਗਰੂ ਮੰਨਦੇ ਹਨ ਅਰਥਾਤ ਕਿ ਇਹਨਾਂ ਘੁੰਗਰੂਆਂ ਦੀ ਛਣਕਾਰ ਕਾਵਿ ਨੂੰ ਸੁਹਜਮਈ ਬਣਾਉਂਦੀ ਹੈ। ਛੰਦ ਨਾਲ ਸੰਗੀਤ ਦਾ ਗੂੜ੍ਹਾ ਰਿਸ਼ਤਾ ਹੈ। ਮੈਨੂੰ ਤਾਂ ਇਉਂ ਲੱਗਦਾ ਹੈ ਕਿ ਜਦੋਂ ਕਵਿਤਾ ਨੂੰ ਮਾਤ੍ਰਾ ਵਰਣਾਂ (ਮਾਤ੍ਰਿਕ ਛੰਦ ਤੇ ਵਰਣਿਕ ਛੰਦ) ਦੀ ਭਾਸ਼ਾ ਵਿਚ ਗਿਣਿਆ ਜਾਂਦਾ ਹੈ ਤਾਂ ਉਹ ਛੰਦ ਬਣ ਜਾਂਦਾ ਹੈ। ਪਰ ਜਦੋਂ ਕਵਿਤਾ ਨੂੰ ਸੁਰਾਂ ਧੁਨੀਆਂ ਦੀ ਭਾਸ਼ਾ ਵਿਚ ਮਾਪਿਆ ਜਾਂਦਾ ਹੈ ਤਾਂ ਉਹ ਸੰਗੀਤ ਬਣ ਜਾਂਦਾ ਹੈ। ਛੰਦ ਤੇ ਸੰਗੀਤ ਇਉਂ ਕਵਿਤਾ ਦੇ ਦੋ ਘੁੰਗਰੂ ਹਨ ਜਿਸ ਨਾਲ ਕਵਿਤਾ ਅੰਦਰੋਂ ਬਾਹਰੋਂ ਛਣਕਾਉਂਦੀ ਹੈ।[172]

ਸੋ ਉਪਰੋਕਤ ਤੋਂ ਸਪੱਸ਼ਟ ਹੈ ਕਿ ਕਵਿਤਾ ਵਿਚ ਸੰਗੀਤਾਤਮਕਤਾ ਦਾ ਪ੍ਰਮੁੱਖ ਆਧਾਰ ਛੰਦਾਬੰਦੀ ਹੈ ਜਿਸ ਨਾਲ ਸੁਹਜਮਈ ਕਾਵਿ ਰਚਨਾ ਦਾ ਨਿਰਮਾਣ ਸੰਭਵ ਹੁੰਦਾ ਹੈ। ਇਸ ਪ੍ਰਕਾਰ ਗੁਰੂ

ਅਰਜਨ ਦੇਵ ਰਚਿਤ ਬਾਣੀ ਬਾਵਨ ਅਖਰੀ ਵਿਚਲੀ ਸੰਗੀਤਾਤਮਕਤਾ ਦਾ ਪ੍ਰਮੁੱਖ ਆਧਾਰ ਛੰਦ ਦਾ ਪ੍ਰਯੋਗ ਬਣਦਾ ਹੈ ਅਤੇ ਇਸ ਦੇ ਨਾਲ ਹੀ ਜਿਥੇ ਕਿਤੇ ਗੁਰੂ ਸਾਹਿਬ ਨੇ ਛੰਦ ਵਿਧਾਨ ਦੇ ਨਿਯਮਾਂ ਤੋਂ ਪਾਰ ਜਾ ਕੇ ਕਾਵਿ ਸਿਰਜਣਾ ਕੀਤੀ ਹੈ। ਉਥੇ ਸ਼ਬਦਾਂ ਦੇ ਦੁਹਰਾਉ, ਤੁਕਾਂਤ ਮੇਲ ਆਦਿ ਰਾਹੀਂ ਸੰਗੀਤ ਪੈਦਾ ਹੋ ਜਾਂਦਾ ਹੈ। 'ਗੁਰੂ ਅਰਜਨ ਦੇਵ ਜਿਥੇ ਰਾਗ ਵਿਦਿਆ ਵਿਚ ਨਿਪੁੰਨ ਸਨ ਉਥੇ ਉਹ ਛੰਦ ਯੋਜਨਾ ਵਿਚ ਵੀ ਬੜੇ ਮਾਹਿਰ ਸਨ, ਪਰ ਇਹ ਕੁਸ਼ਲਤਾ ਛੰਦਾ ਦੇ ਨਿਯਮਾਂ ਦੀ ਪਾਲਨਾ ਕਰ ਕੇ ਨਹੀਂ, ਸਹਿਜ ਸੁਭਾ ਸੰਗੀਤ ਦੇ ਬੰਧਨਾਂ ਅਧੀਨ ਆਪਣੇ ਆਪ ਪੈਦਾ ਹੋਈ ਹੈ। ਛੰਦ ਦਾ ਅਸਲ ਵਿਚ ਕਵਿਤਾ ਦੀ ਭਾਵ ਸੁੰਦਰਤਾ ਨੂੰ ਲਿਸ਼ਕਾਣ ਵਿਚ ਵਿਸ਼ੇਸ਼ ਯੋਗਦਾਨ ਹੈ। ਇਸ ਲਈ ਕਵਿਤਾ ਅਤੇ ਛੰਦ ਦਾ ਮੁੱਢ ਕਦੀਮ ਤੋਂ ਸੰਬੰਧ ਚਲਿਆ ਆ ਰਿਹਾ ਹੈ।'[173]

ਬਾਣੀ ਬਾਵਨ ਅਖਰੀ ਦਾ ਪ੍ਰਬੰਧ ਸਲੋਕ ਪਉੜੀ ਵਾਲਾ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਲੋਕਾਂ ਦਾ ਪ੍ਰਯੋਗ ਬਹੁਤ ਕੀਤਾ ਗਿਆ ਹੈ। ਸਲੋਕ ਕਿਸੇ ਵੀ ਰਾਗ ਵਿਚ ਤੇ ਕਿਸੇ ਵੀ ਬਾਣੀ ਨਾਲ ਜੋੜਿਆ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਲੰਮੇਰੀਆਂ ਬਾਣੀਆਂ ਵਿਚ ਸਲੋਕਾਂ ਦਾ ਪ੍ਰਯੋਗ ਕੀਤਾ ਹੈ। ਗੁਰੂ ਸਾਹਿਬ ਨੇ ਸਲੋਕ ਦੀ ਵਰਤੋਂ ਕਾਵਿ ਛੰਦ ਤੇ ਕਾਵਿ ਰੂਪ ਦੋਹਾਂ ਅਰਥਾਂ ਵਿਚ ਕੀਤੀ ਹੈ। ਆਮ ਤੌਰ ਤੇ ਸਲੋਕ ਦੋ ਤੁਕਾਂ ਵਾਲਾ ਹੁੰਦਾ ਹੈ ਪਰ ਗੁਰੂ ਅਰਜਨ ਦੇਵ ਜੀ ਨੇ 2 ਤੋਂ 16 ਪੰਕਤੀਆਂ ਤਕ ਦੇ ਸਲੋਕ ਰਚੇ ਹਨ। ਬਾਣੀ ਬਾਵਨ ਅਖਰੀ ਵਿਚ ਪਹਿਲੇ ਸਲੋਕ ਵਿਚ 19 ਤੁਕਾਂ ਤਕ ਵਰਤ ਲਈਆਂ ਹਨ ਅਤੇ ਇਸਦੇ ਅਖੀਰ ਵਿਚ ਵੀ ਇਹੋ ਸਲੋਕ ਦਰਜ ਹੈ। 'ਇਸ ਸਲੋਕ ਸੰਬੰਧੀ 'ਬਾਵਨ ਅਖਰੀ' ਵਿਚ ਖਾਸ ਆਦੇਸ਼ ਵੀ ਹੈ ਕਿ ਇਸ ਨੂੰ ਆਦਿ ਅਤੇ ਅੰਤ ਉਤੇ ਪੜ੍ਹਨਾ ਹੈ। ਰਚਨਾ ਦੇ ਸ਼ੁਰੂ ਵਿਚ ਇਹ ਮੰਗਲਾਚਰਨ ਦੇ ਰੂਪ ਵਿਚ ਲਿਖਿਆ ਗਿਆ ਹੈ ਜਿਸਦਾ ਮਨੋਰਥ ਇਸ਼ਟ ਦੀ ਅਰਾਧਨਾ ਕਰਨਾ ਹੈ। ਇਸ ਨੂੰ ਲਿਖਿਆ ਵੀ ਖਾਸ ਕਿਸਮ ਦੇ ਵਿਸ਼ਲੇਸ਼ਣੀ ਲਹਿਜੇ ਵਿਚ ਹੈ, ਜਿਵੇਂ: ਸੁਆਮੀ, ਸਖਾ, ਬੰਧਿਪ, ਸਹੋਦਰਾ, ਦਾਤਾ, ਸਾਂਤਿ, ਸਤਿ, ਬੁਧਿ, ਮੂਰਤ, ਪਾਰਸ, ਪਾਰਬ੍ਰਹਮ ਆਦਿ। ਅਸੀਂ ਇਸ ਸਲੋਕ ਨੂੰ ਮੰਗਲਾਚਰਣ ਦੇ ਰੂਪ ਵਿਚ ਇਸ ਕਾਰਨ ਚਿਤਵਿਆ ਹੈ, ਕਿਉਂਕਿ ਇਕ ਤਾਂ ਆਪਣੇ ਪ੍ਰਬੰਧ ਕਾਰਨ ਵੱਖਰਾ ਹੈ, ਦੂਸਰਾ ਇਸ ਤੋਂ ਬਾਅਦ ਪਉੜੀ ਪਰੰਪਰਾ ਦਾ ਆਰੰਭ ਨਹੀਂ ਹੁੰਦਾ।'[174]

ਬਾਣੀ ਬਾਵਨ ਅਖਰੀ ਵਿਚ ਗੁਰੂ ਸਾਹਿਬ ਨੇ ਸਲੋਕ ਕਾਵਿ ਰੂਪ ਦੀ ਵਰਤੋਂ ਕੀਤੀ ਹੈ। ਕੁਲ ਸਲੋਕ 56 ਹਨ ਪਰ ਮੰਗਲਾਚਰਣ ਵਾਲੇ ਸਲੋਕ ਦੇ ਦੁਹਰਾਉ ਕਾਰਨ ਇਹ ਗਿਣਤੀ 57 ਹੋ ਜਾਂਦੀ ਹੈ।

ਪਹਿਲਾ ਅਤੇ ਅਖੀਰਲਾ ਸਲੋਕ 9 ਤੁਕਾਂ ਦਾ ਹੈ। ਅਖੀਰਲਾ ਤੋਂ ਪਹਿਲਾ ਸਲੋਕ 4 ਤੁਕਾਂ ਦਾ ਹੈ ਤੇ ਬਾਕੀ ਸਾਰੇ ਦੋ ਦੋ ਤੁਕਾਂ ਦੇ ਹਨ। ਬਾਣੀ ਬਾਵਨ ਅਖਰੀ ਦੇ ਆਰੰਭ-ਅੰਤ ਵਿਚ ਦਿੱਤਾ ਗਿਆ ਇਹ ਸਲੋਕ ਮਾਤ੍ਰਾਵਾਂ ਦੀ ਗਿਣਤੀ ਮਿਣਤੀ ਦੇ ਪੱਖੋਂ ਦਵੱਈਆ ਛੰਦ ਦੇ ਨੇੜੇ ਪ੍ਰਤੀਤ ਹੁੰਦਾ ਹੈ। ਦਵੱਈਆ ਇਕ ਮਾਤ੍ਰਿਕ ਛੰਦ ਹੈ। ਇਸ ਸਲੋਕ ਵਿਚ 32-37 ਮਾਤ੍ਰਾਵਾਂ ਦਾ ਪ੍ਰਯੋਗ ਹੋਇਆ ਹੈ। ਪਉੜੀਆਂ ਦੇ ਆਰੰਭ ਵਿਚ ਦਿੱਤੇ ਗਏ ਸਲੋਕ ਦੋਹਿਰਾ ਰੂਪ ਵਾਲੇ ਹਨ। ਦੋਹਿਰਾ ਵੀ ਇਕ ਮਾਤ੍ਰਿਕ ਛੰਦ ਹੈ ਜਿਸ ਵਿਚ ਮਾਤ੍ਰਾਵਾਂ ਦੀ ਗਿਣਤੀ 13+11 = 24 ਤਕ ਰਹਿੰਦੀ ਹੈ। ਇਸ ਦੇ ਦੋ ਚਰਣ ਹੁੰਦੇ ਹਨ। ਬਾਣੀ ਬਾਵਨ ਅਖਰੀ ਵਿਚ ਇਸਦਾ ਸਫਲ ਪ੍ਰਯੋਗ ਹੋਇਆ ਹੈ। ਜਿਵੇਂ:

(ੳ) ਸਲੋਕੁ॥ ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ॥
ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥[175]

(ਅ) ਸਲੋਕੁ॥ ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥[176]

ਅੰਤਲੇ ਸਲੋਕ ਤੋਂ ਪਹਿਲਾ ਸਲੋਕ ਭਾਵ 55ਵੀਂ ਪਉੜੀ ਨਾਲ ਆਇਆ ਸਲੋਕ ਬਾਕੀ ਸਲੋਕਾਂ ਨਾਲੋਂ ਕੁਝ ਵੱਖਰਾ ਹੈ। ਇਸਦੇ ਚਾਰ ਚਰਣ ਹਨ:

ਸਲੋਕੁ॥ ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ॥
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ॥[177]

ਪਉੜੀ ਕਾਵਿ ਰੂਪ ਤੇ ਛੰਦ ਦਾ ਚਰਚਾ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ:

ਪਉੜੀ ਇਕ ਤਾਲ, ਪੰਜ ਤਾਲ (ਅਸਵਾਰੀ) ਢਾਈ ਤਾਲ (ਰੂਪਕ) ਵਿਚ ਗਾਈਆਂ ਜਾਂਦੀਆਂ ਹਨ। ਪਉੜੀ ਗਾਉਣ ਵੇਲੇ ਪਖਾਵਜ ਦੀ ਗਤ ਨਹੀਂ ਵਖਾਈ ਜਾਂਦੀ, ਕਿੰਤੂ ਸਾਧ ਵਜਾਈਦਾ ਹੈ। ਇਸੇ ਲਈ ਪਉੜੀ ਗਾ ਕੇ ਉਸਦਾ ਪਾਠ ਸੁਣਾਇਆ ਜਾਂਦਾ ਹੈ। ਇਸ ਤੋਂ ਸ੍ਰੋਤੇ ਸ਼ਬਦਾਂ ਦਾ ਅਰਥ ਸਮਝ ਸਕਣ।[178]

ਗੁਰੂ ਅਰਜਨ ਦੇਵ ਜੀ ਨੇ ਬਾਣੀ ਬਾਵਨ ਅਖਰੀ ਪਉੜੀ ਕਾਵਿ ਰੂਪ ਦਾ ਸਫਲ ਪ੍ਰਯੋਗ ਕੀਤਾ ਹੈ। ਕੁਲ 55 ਪਉੜੀਆਂ ਹਨ। ਪਉੜੀਆਂ ਵਿਚ ਚਰਣਾਂ ਦੀ ਗਿਣਤੀ ਅੱਠ ਰਹੀ ਹੈ। ਸਿਰਫ 43 ਵੀਂ

ਪਉੜੀ ਵਿਚ ਦਸ ਚਰਣ ਆਏ ਹਨ। ਇਸ ਤੋਂ ਇਲਾਵਾ ਇਸ ਬਾਣੀ ਵਿਚ ਪੰਜ ਵਾਰ ਪਉੜੀ ਦੀ ਥਾਂ 'ਪਵੜੀ' ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ। ਤੀਜੀ, ਪੰਜਵੀਂ, ਸਤਾਰਵੀਂ, ਛੱਬੀਵੀਂ ਅਤੇ ਤਰਤਾਲਵੀਂ ਪਉੜੀ ਵਿਚ ਇਸ ਸ਼ਬਦ ਦਾ ਪ੍ਰਯੋਗ ਹੋਇਆ ਹੈ। ਪਉੜੀਆਂ ਵਿਚ ਮਾਤਰਾਵਾਂ ਦਾ ਤੋਲ ਅਤੇ ਗਿਣਤੀ ਬਦਲਦੀ ਰਹੀ ਹੈ। ਕਈ ਪਉੜੀਆਂ ਵਿਚ ਦੋਹਿਰਾ ਛੰਦ ਦੀ ਵਰਤੋਂ ਕੀਤੀ ਗਈ ਹੈ:

(ੳ) ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ॥
ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ॥[179]

(ਅ) ਟਹਲ ਕਰਉ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ॥
ਮਨ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ॥[180]

ਇਥੇ ਕੁਝ ਹੋਰ ਪਉੜੀਆਂ ਵਿਚ ਮਾਤ੍ਰਾਵਾਂ ਦੀ ਗਿਣਤੀ ਚੌਪਈ ਛੰਦ ਦੀ ਮਰਯਾਦਾ ਦਾ ਪਾਲਣ ਕਰਦੀ ਪ੍ਰਤੀਤ ਹੁੰਦੀ ਹੈ। ਚੌਪਈ ਦੇ ਅੰਤਰਗਤ 16 ਮਾਤ੍ਰਾ ਆਉਂਦੀਆਂ ਹਨ:

ਵਵਾ ਵੈਰ ਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੂ॥[181]

ਬਾਣੀ ਬਾਵਨ ਅਖਰੀ ਵਿਚ ਕੁੱਲ ਇਹੋ ਜਿਹੀਆਂ ਪਉੜੀਆ ਵੀ ਹਨ ਜਿਥੇ ਦੋਹਿਰਾ ਤੇ ਚੌਪਈ ਦੋਵੇਂ ਮਾਤ੍ਰਿਕ ਛੰਦ ਇਕੱਠੇ ਨਿਭਾਏ ਗਏ ਹਨ। ਪਹਿਲੀਆਂ ਦੋ ਵਿਚ ਦੋਹਿਰਾ ਤੇ ਪਿਛਲੀਆਂ ਛੇ ਪੰਕਤੀਆਂ ਵਿਚ ਚੌਪਈ ਦੀ ਵਰਤੋਂ ਹੈ:

ਪਉੜੀ॥ ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ॥
ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ॥
ਕਾ ਕੋ ਮਾਤ ਪਿਤਾ ਸੁਤ ਧੀਆ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ॥
ਐਸੀ ਸੰਚਿ ਜੁ ਬਿਨਸਤ ਨਾਹੀ॥ ਪਤਿ ਸੇਤੀ ਅਪੁਨੈ ਘਰਿ ਜਾਹੀ॥
ਸਾਧਸੰਗਿ ਕਲਿ ਕੀਰਤਨੁ ਗਾਇਆ॥ ਨਾਨਕ ਤੇ ਬਹੁਰਿ ਨ ਆਇਆ॥[182]

ਸੋ ਉਪਰੋਕਤ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਬਾਵਨ ਅਖਰੀ ਕਾਵਿ ਰੂਪ ਨੂੰ ਬੜੀ ਨਿਪੁੰਨਤਾ ਨਾਲ ਨਿਭਾਇਆ ਗਿਆ ਹੈ। ਬਾਵਨ ਅਖਰੀ ਇਕ ਦੀਰਘ ਆਕਾਰੀ ਬਾਣੀ ਹੈ। ਗੁਰੂ ਸਾਹਿਬ ਦੁਆਰਾ ਇਸ ਵਿਚ ਸਲੋਕ ਅਤੇ ਪਉੜੀ ਦਾ ਨਿਭਾਅ ਬੜੀ ਪ੍ਰਬੀਨਗੀ ਨਾਲ ਕੀਤਾ ਗਿਆ ਹੈ। ਸ. ਗੁਰਦਿੱਤ ਸਿੰਘ ਪ੍ਰੇਮੀ ਲਿਖਦੇ ਹਨ:

ਲੰਮੇਰੇ ਮਜ਼ਮੂਨ ਨਿਭਾਉਣ ਲਈ ਪਉੜੀ ਦੀ ਪੰਜਾਬੀ ਕਾਵਿ ਵਿਚ ਠੀਕ ਇਸ ਤਰ੍ਹਾਂ ਵਰਤੋਂ ਹੁੰਦੀ ਹੈ ਜਿਵੇਂ ਮੁਸੱਦਦ ਦੀ ਉਰਦੂ ਫਾਰਸੀ ਕਾਵਿ ਵਿਚ। ਜਪੁਜੀ, ਅਨੰਦ, ਬਾਵਨ ਅਖਰੀ ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀਆਂ ਵਾਰਾਂ ਵਿਚ ਪਉੜੀਆਂ ਦੀ ਸੁਚੱਜੀ ਵਰਤੋਂ ਕੀਤੀ ਗਈ ਹੈ। ਪਉੜੀ ਦੇ ਚਰਣਾਂ ਦੀ ਗਿਣਤੀ ਪਰ ਕੋਈ ਬੰਦਸ਼ ਨਹੀਂ। ਪਉੜੀ ਦੋਹਰਾ ਛੰਦ ਵਿਚ ਲਿਖੀ ਜਾਂਦੀ ਹੈ ਤੇ ਚੌਪਈ ਵਿਚ ਭੀ ਅਤੇ ਦਵੱਈਆ ਛੰਦ ਵਿਚ ਵੀ।[183]

ਸੋ ਬਾਣੀ ਬਾਵਨ ਅਖਰੀ ਗੁਰੂ ਸਾਹਿਬ ਦੇ ਬਾਣੀ ਸੰਸਾਰ ਵਿਚ ਉਤਕ੍ਰਿਸ਼ਟ ਅਤੇ ਸ਼ਰੋਮਣੀ ਸਥਾਨ ਰੱਖਦੀ ਹੈ ਅਤੇ ਦਾਰਸ਼ਨਿਕ ਸੁਰ ਦੀ ਧਾਰਨੀ ਵੀ ਹੈ। ਅਲੰਕਾਰਾਂ, ਬਿੰਬਾਂ, ਪ੍ਰਤੀਕਾਂ ਅਤੇ ਛੰਦ ਵਿਧਾਨ ਰਾਹੀਂ ਕਾਵਿ ਕਥਨ ਨੂੰ ਸੁਹਜਾਤਮਕ, ਸਰਸ ਅਤੇ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ ਜਿਸ ਰਾਹੀਂ ਅਸੀਂ ਬਾਣੀ ਬਾਵਨ ਅਖਰੀ ਦੇ ਵਿਸਮਾਦੀ ਅਨੁਭਵ ਨੂੰ ਮਾਣ ਸਕਦੇ ਹਾਂ।

## ਹਵਾਲੇ ਅਤੇ ਟਿੱਪਣੀਆਂ

1. ਡਾ. ਮਹਿੰਦਰ ਕੌਰ ਗਿੱਲ, ***ਬਾਣੀ ਪ੍ਰਵਾਹ***, ਪੰਨਾ 136-137
2. ਡਾ. ਮੋਹਨ ਸਿੰਘ ਦੀਵਾਨਾ, ***ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ***, ਪੰਨਾ 115
3. ਡਾ. ਰਤਨ ਸਿੰਘ ਜੱਗੀ (ਸੰਪਾ.), ***ਸਾਹਿਤ ਕੋਸ਼***, ਪੰਨਾ 63
4. ਡਾ. ਨਗੇਂਦਰ (ਸੰਪਾ.), ***ਭਾਰਤੀ ਸਾਹਿਤਯ ਕੋਸ਼***, ਪੰਨਾ 380
5. ਨਜ਼ੀਰ ਮੁਹੰਮਦ, ***ਕਬੀਰ ਕੇ ਕਾਵਯ ਰੂਪ***, ਪੰਨਾ 247
6. ਡਾ. ਕੁਲਦੀਪ ਸਿੰਘ ਧੀਰ, ***ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ***, ਪੰਨਾ 66
7. ਪਿਆਰਾ ਸਿੰਘ ਪਦਮ (ਸੰਪਾ.), ***ਗੁਰੂ ਗ੍ਰੰਥ ਸੰਦੇਹ ਕੋਸ਼***, ਪੰਨਾ 277
8. ਪ੍ਰੋ. ਗੁਰਦੇਵ ਸਿੰਘ, ***ਪੰਜਾਬੀ ਸਾਹਿਤ ਕੋਸ਼ : ਭਾਗ ਪਹਿਲਾ***, ਪੰਨਾ 349-50
9. ***ਆਦਿ ਗ੍ਰੰਥ***, ਅੰਗ 432
10. ਉਹੀ, ਅੰਗ 930
11. ਉਹੀ, ਅੰਗ 434
12. ਨਜ਼ੀਰ ਮੁਹੰਮਦ, ਉਹੀ, ਪੰਨਾ 63
13. ਗੁਰਦਿੱਤ ਸਿੰਘ ਪ੍ਰੇਮੀ (ਸੰਪਾ.), ***ਪੰਜਾਬੀ ਸਾਹਿਤ ਕੋਸ਼, ਭਾਗ ਦੂਜਾ***, ਪੰਨਾ 379
14. "Baavan Akkhari – Literarlly : a verse constructed upon Baavan (52) letters. The Devnaagri alphabet has 52 letters (33 consonants, 16 vowels and 3 compounds). In Hindi Literature, it has been a Tradition to write verses in stanzas, each stanza beginning with one letter of alphabet. In Guru Granth Sahib, there are two Baavan Akkharis: one by Guru Arjan

Sahib (55 stanzas of 8 Lines each), and other baavan Akkhari is by Bhagat Kabir (45 stanzas)."Dr. Harjinder singh Dilgeer, ***The Sikh Reference Book***, page 69

15. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 859

16. ***ਆਦਿ ਗ੍ਰੰਥ***, ਅੰਗ 257

17. ਨਛੱਤਰ ਸਿੰਘ, ਗੁਰੂ ਅਰਜਨ ਦੇਵ ਤੇ ਕਬੀਰ ਰਚਿਤ ਬਾਵਨ ਅਖਰੀਆਂ : ਪਾਠ ਮੂਲਕ ਅਧਿਐਨ, ***ਖੋਜ ਪਤ੍ਰਿਕਾ*** (ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ), ਪੰਨਾ 256

18. ਡਾ. ਰਤਨ ਸਿੰਘ ਜੱਗੀ, ***ਪੰਜਾਬੀ ਸਾਹਿੱਤ ਦਾ ਸਰੋਤ-ਮੂਲਕ ਇਤਿਹਾਸ,*** ਭਾਗ ਦੂਜਾ, ਪੰਨਾ 11

19. ***ਆਦਿ ਗ੍ਰੰਥ***, ਅੰਗ 262

20. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***, ਪੰਨਾ 184

21. ***ਆਦਿ ਗ੍ਰੰਥ***, ਅੰਗ 252

22. ਉਹੀ, ਅੰਗ 250

23. ਡਾ. ਗੁਰਸ਼ਰਨ ਕੌਰ ਜੱਗੀ, ***ਗੁਰੂ ਅਰਜਨ ਦੇਵ: ਜੀਵਨ ਤੇ ਰਚਨਾ***, ਪੰਨਾ 36

24. ਡਾ. ਤਾਰਨ ਸਿੰਘ, ***ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,*** ਪੰਨਾ 392

25. A. Mechleish,***Poetry and Experience***, page 55

26. ਅਵਨੇਰ ਜੀਸ, ***ਮਾਰਕਸਵਾਦੀ ਸੁਹਜ-ਸ਼ਾਸਤਰ ਦੀਆਂ ਬੁਨਿਆਦਾਂ***, ਪੰਨਾ 76

27. ਗੁਰਚਰਨ ਸਿੰਘ ਮਹਿਤਾ, ***ਭਾਈ ਵੀਰ ਸਿੰਘ ਦੀ ਕਵਿਤਾ***, ਪੰਨਾ 359

28. ***ਆਦਿ ਗ੍ਰੰਥ***, ਅੰਗ 254

29. ਉਹੀ, ਅੰਗ 259

30. ਉਹੀ, ਅੰਗ 252

31. ਉਹੀ, ਅੰਗ 252

32. ਉਹੀ, ਅੰਗ 261

33. K. Langer, ***Feeling and Form,*** page 48

34. ਉਹੀ, ਅੰਗ 251

35. ਉਹੀ, ਅੰਗ 253

36. ਉਹੀ, ਅੰਗ 253

37. ਉਹੀ, ਅੰਗ 255

38. ਉਹੀ, ਅੰਗ 254

39. ਦਲੀਪ ਸਿੰਘ ਦੀਪ, ***ਕਾਵਿ -ਬਿੰਬ***, ਪੰਨਾ 178

40. ***ਆਦਿ ਗ੍ਰੰਥ,*** ਅੰਗ 255

41. ਉਹੀ, ਅੰਗ 256

42. ਉਹੀ, ਅੰਗ 257

43. ਉਹੀ, ਅੰਗ 257-258

44. ਉਹੀ, ਅੰਗ 259

45. ਉਹੀ, ਅੰਗ 250

46. ਡਾ. ਕੇਦਾਰ ਨਾਥ, ***ਆਧੁਨਿਕ ਹਿੰਦੀ ਕਵਿਤਾ ਮੇਂ ਬਿੰਬ ਵਿਧਾਨ***, ਪੰਨਾ 143

47. ***ਆਦਿ ਗ੍ਰੰਥ***, ਅੰਗ 252

48. ਉਹੀ, ਅੰਗ 253

49. ਉਹੀ, ਅੰਗ 258

50. ਉਹੀ, ਅੰਗ 258

51. ਉਹੀ, ਅੰਗ 256

52. ਉਹੀ, ਅੰਗ 255

53. ਉਹੀ, ਅੰਗ 259

54. ਡਾ. ਗੁਰਸ਼ਰਨ ਕੌਰ ਜੱਗੀ, ਉਹੀ, ਪੰਨਾ 114-115

55. ***ਆਦਿ ਗ੍ਰੰਥ***, ਅੰਗ 255

56. ਉਹੀ, ਅੰਗ 250

57. ਉਹੀ, ਅੰਗ 254-255

58. ਉਹੀ, ਅੰਗ 251

59. ਉਹੀ, ਅੰਗ 251

60. ਉਹੀ, ਅੰਗ 251

61. ਉਹੀ, ਅੰਗ 259

62. ਉਹੀ, ਅੰਗ 254

63. ਡਾ. ਸ਼ਾਂਤੀ ਸਵਰੂਪ ਗੁਪਤ, ***ਪਾਸਚਾਤਾਪ ਕਾਵਿਧ ਸ਼ਾਸਤਰ ਕੇ ਸਿਧਾਂਤ***, ਪੰਨਾ 259

64. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਕਾਵਿ ਦੇ ਤੱਤ,*** ਪੰਨਾ 90-91

65. ਡਾ. ਸਤਿੰਦਰ ਸਿੰਘ, ***ਵਿਹਾਰਕ ਸਮੀਖਿਆ,*** ਪੰਨਾ 47

66. ਡਾ. ਭੁਪਿੰਦਰ ਕੌਰ, ***ਆਧੁਨਿਕ ਪੰਜਾਬੀ ਕਵਿਤਾ ਪਰਿਵਰਤਨ ਤੇ ਪ੍ਰਵਿਰਤੀਆਂ***, ਪੰਨਾ 78

67. ਡਾ. ਪ੍ਰੇਮ ਪ੍ਰਕਾਸ਼ ਸਿੰਘ, ਉਹੀ, ਪੰਨਾ 85

68. ਉਹੀ, ਪੰਨਾ 94

69. ***ਆਦਿ ਗ੍ਰੰਥ***, ਅੰਗ 250

70. ਉਹੀ, ਅੰਗ 250

71. ਉਹੀ, ਅੰਗ 256

72. ਉਹੀ, ਅੰਗ 259

73. ਉਹੀ, ਅੰਗ 256

74. ਉਹੀ, ਅੰਗ 258

75. ਉਹੀ, ਅੰਗ 250

76. ਉਹੀ, ਅੰਗ 257

77. ਉਹੀ, ਅੰਗ 260

78. ਉਹੀ, ਅੰਗ 256

79. ਉਹੀ, ਅੰਗ 255

80. ਉਹੀ, ਅੰਗ 261

81. ਉਹੀ, ਅੰਗ 255

82. ਉਹੀ, ਅੰਗ 250

83. ਉਹੀ, ਅੰਗ 253

84. ਉਹੀ, ਅੰਗ 255

85. ਉਹੀ, ਅੰਗ 251

86. ਉਹੀ, ਅੰਗ 255

87. ਉਹੀ, ਅੰਗ 254

88. ਉਹੀ, ਅੰਗ 252

89. ਉਹੀ, ਅੰਗ 254

90. ਉਹੀ, ਅੰਗ 256

91. ਉਹੀ, ਅੰਗ 260

92. ਉਹੀ, ਅੰਗ 259

93. ਉਹੀ, ਅੰਗ 254

94. ਉਹੀ, ਅੰਗ 253

95. ਉਹੀ, ਅੰਗ 255

96. ਉਹੀ, ਅੰਗ 258

97. ਉਹੀ, ਅੰਗ 259

98. ਉਹੀ, ਅੰਗ 251

99. ਉਹੀ, ਅੰਗ 252

100. ਉਹੀ, ਅੰਗ 250

101. ਉਹੀ, ਅੰਗ 253

102. ਉਹੀ, ਅੰਗ 253

103. ਡਾ. ਪ੍ਰੇਮ ਪ੍ਰਕਾਸ਼ ਸਿੰਘ, *ਕਾਵਿ ਦੇ ਤੱਤ*, ਪੰਨਾ 131

104. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 65

105. ਪ੍ਰੋ. ਨਗੇਂਦਰ ਭਨਾਵਤ (ਸੰਪਾ.), ਡਾ. ਸ਼ੰਭੂ ਨਾਥ ਪਾਂਡੇ, *ਕਾਵਯ ਸ਼ਾਸਤ੍ਰ ਕਾ ਆਲੋਚਨਾਤਮਕ ਅਧਿਐਨ*, ਪੰਨ 142

106. ਤ੍ਰਿਲੋਕੀ ਨਾਰਾਇਣ ਦੀਖਿਸ਼ਤ, *ਹਿੰਦੀ ਸੰਤ ਸਾਹਿਤ*, ਪੰਨਾ 111

107. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, *ਭਾਰਤੀ ਕਾਵਿ ਸ਼ਾਸਤ੍ਰ*, ਪੰਨਾ 277

108. ਡਾ. ਗੁਰਸ਼ਰਨ ਕੌਰ ਜੱਗੀ, ਉਹੀ, ਪੰਨਾ 115

109. *ਆਦਿ ਗ੍ਰੰਥ*, ਅੰਗ 253

110. ਉਹੀ, ਅੰਗ 255

111. ਉਹੀ, ਅੰਗ 255

112. ਉਹੀ, ਅੰਗ 254

113. ਉਹੀ, ਅੰਗ 252

114. ਉਹੀ, ਅੰਗ 251

115. ਉਹੀ, ਅੰਗ 254

116. ਉਹੀ, ਅੰਗ 259

117. ਡਾ. ਪ੍ਰੇਮ ਪ੍ਰਕਾਸ਼ ਸਿੰਘ, *ਮੋਹਨ ਸਿੰਘ ਦਾ ਕਾਵਿ ਲੋਕ*, ਪੰਨਾ 217

118. ***ਆਦਿ ਗ੍ਰੰਥ***, ਅੰਗ 258

119. ਉਹੀ, ਅੰਗ 255

120. ਉਹੀ, ਅੰਗ 255

121. ਉਹੀ, ਅੰਗ 254

122. ਡਾ. ਰਜਨੀ ਬਾਲਾ, ***ਭਾਰਤੀ ਕਾਵਿ-ਸ਼ਾਸਤਰ ਤੇ ਆਧੁਨਿਕ ਕਵਿਤਾ,*** ਪੰਨਾ 41

123. ***ਆਦਿ ਗ੍ਰੰਥ***, ਅੰਗ 250

124. ਉਹੀ, ਅੰਗ 250

125. ਉਹੀ, ਅੰਗ 251

126. ਉਹੀ, ਅੰਗ 250

127. ਡਾ. ਸਤਿੰਦਰ ਸਿੰਘ, ***ਵਿਹਾਰਕ ਸਮੀਖਿਆ***, ਪੰਨਾ 53

128. ***ਆਦਿ ਗ੍ਰੰਥ***, ਅੰਗ 251

129. ਉਹੀ, ਅੰਗ 252

130. ਉਹੀ, ਅੰਗ 250

131. ਉਹੀ, ਅੰਗ 251

132. ਉਹੀ, ਅੰਗ 250

133. ਉਹੀ, ਅੰਗ 252

134. ਉਹੀ, ਅੰਗ 257

135. ***ਹਿੰਦੀ ਸਾਹਿਤਯ ਕੋਸ਼,*** ਪੰਨਾ 247

136. ***ਆਦਿ ਗ੍ਰੰਥ,*** ਅੰਗ 253

137. ਉਹੀ, ਅੰਗ 255

138. ਉਹੀ, ਅੰਗ 251

139. ਡਾ. ਗੁਰਸ਼ਰਨ ਕੌਰ ਜੱਗੀ, ***ਭਾਰਤੀ ਕਾਵਿ-ਸ਼ਾਸਤਰ***, ਪੰਨਾ 81

140. ***ਆਦਿ ਗ੍ਰੰਥ***, ਅੰਗ 254

141. ਉਹੀ, ਅੰਗ 250

142. ਉਹੀ, ਅੰਗ 253

143. ਉਹੀ, ਅੰਗ 251

144. ਉਹੀ, ਅੰਗ 252

145. ਭਾਈ ਕਾਨ੍ਹ ਸਿੰਘ ਨਾਭਾ, ਉਹੀ, ਪੰਨਾ 47

146. ਆਦਿ ਗ੍ਰੰਥ, ਪੰਨਾ 254

147. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਕਾਵਿ ਦੇ ਤੱਤ,*** ਪੰਨਾ 141

148. ***ਆਦਿ ਗ੍ਰੰਥ***, ਅੰਗ 250

149. ਉਹੀ, ਅੰਗ 250

150. ਉਹੀ, ਅੰਗ 251

151. ਉਹੀ, ਅੰਗ 252

152. ਡਾ. ਗੁਰਸ਼ਰਨ ਕੌਰ ਜੱਗੀ, ***ਭਾਰਤੀ ਕਾਵਿ-ਸ਼ਾਸਤਰ***, ਪੰਨਾ 81

153. ***ਆਦਿ ਗ੍ਰੰਥ***, ਅੰਗ 250

154. ਕਨ੍ਹਈਆ ਲਾਲ ਪੋਦਾਰ, ***ਅਲੰਕਾਰ ਮੰਜਰੀ***, ਪੰਨਾ 319

155. ***ਆਦਿ ਗ੍ਰੰਥ***, ਅੰਗ 255

156. ***ਹਿੰਦੀ ਸਾਹਿਤਯ ਕੋਸ਼***, ਪੰਨਾ 695

157. ***ਆਦਿ ਗ੍ਰੰਥ,*** ਅੰਗ 251

158. ਉਹੀ, ਅੰਗ 261

159. ***ਹਿੰਦੀ ਸਾਹਿਤਯ ਕੋਸ਼***, ਪੰਨਾ 558

160. ***ਆਦਿ ਗ੍ਰੰਥ***, ਅੰਗ 251

161. ਉਹੀ, ਅੰਗ 251

162. ਉਹੀ, ਅੰਗ 257

163. ਉਹੀ, ਅੰਗ 258

164. ਡਾ. ਗੁਰਸ਼ਰਨ ਕੌਰ ਜੱਗੀ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***, ਪੰਨਾ 118

165. ਸ. ਸ. ਅਮੋਲ, ***ਗੁਰੂ ਅਰਜਨ ਜੀਵਨ ਤੇ ਰਚਨਾ***, ਪੰਨਾ 96

166. "Raag is the "arrangement of sounds". Raag also means 'love', 'decoration', 'colour' etc. All the three meanings seem to have the same root i.e. to produce devotion." Dr. Harjinder Singh Dilgeer, ***The Sikh Reference Book,*** page 80

167. ਡਾ. ਸ਼ੇਰ ਸਿੰਘ, ***ਫਿਲਾਸਫ਼ੀ ਆਫ਼ ਸਿਖਇਜ਼ਮ***, ਪੰਨਾ 59

168. ਸਮਸ਼ੇਰ ਸਿੰਘ ਅਸ਼ੋਕ, ***ਨਿਬੰਧ, ਆਦਿ ਗ੍ਰੰਥ ਜੀ ਦਾ ਛੰਦ ਪ੍ਰਬੰਧ***, ਪੰਨਾ 77

169. ਡਾ. ਰਾਜਿੰਦਰ ਸ੍ਰੀ ਵਾਸਤਵ, ***ਕਾਵਿ ਪ੍ਰੀਚੈ***, ਪੰਨਾ 113

170. ਉਹੀ, ਪੰਨਾ 111

171. ਡਾ. ਪੁਤੂ ਲਾਲ ਸ਼ੁਕਲ, ***ਆਧੁਨਿਕ ਹਿੰਦੀ ਕਾਵਿ ਮੇਂ ਛੰਦ ਯੋਜਨਾ***, ਪੰਨਾ 473

172. ਡਾ. ਪ੍ਰੇਮ ਪ੍ਰਕਾਸ਼ ਸਿੰਘ, ਉਹੀ, ਪੰਨਾ 126

173. ਡਾ. ਗੁਰਸ਼ਰਨ ਕੌਰ ਜੱਗੀ, ਉਹੀ, ਪੰਨਾ 112

174. ਪ੍ਰੋ. ਅੰਮ੍ਰਿਤਪਾਲ ਕੌਰ (ਸੰਪਾ.), ***ਖੋਜ ਪਤ੍ਰਿਕਾ***,ਬਾਣੀ ਕਾਵਿ ਰੂਪ ਵਿਸ਼ੇਸ਼ ਅੰਕ, ਸਤੰਬਰ 2003, ਪੰਨਾ 259

175. ***ਆਦਿ ਗ੍ਰੰਥ***, ਅੰਗ 261

176. ਉਹੀ, ਅੰਗ 261

177. ਉਹੀ, ਅੰਗ 260

178. ਭਾਈ ਕਾਨ੍ਹ ਸਿੰਘ ਨਾਭਾ, ਉਹੀ, ਪੰਨਾ 44

179. ***ਆਦਿ ਗ੍ਰੰਥ***, ਅੰਗ 252

180. ਉਹੀ, ਅੰਗ 255

181. ਉਹੀ, ਅੰਗ 259

182. ਉਹੀ, ਅੰਗ 253

183. ***ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ***, ਪੰਨਾ 346-347

ਅਧਿਆਇ ਸੱਤਵਾਂ

*

*

*

# ਗੁਰੂ ਅਰਜਨ ਦੇਵ ਰਚਿਤ ਬਾਣੀ ਸੁਖਮਨੀ ਦਾ

# ਸੁਹਜ-ਸ਼ਾਸਤਰੀ ਅਧਿਐਨ

(ੳ) ਬਾਣੀ ਸੁਖਮਨੀ : ਸਿਧਾਂਤਕ ਪਰਿਪੇਖ

(ਅ) ਬਾਣੀ ਸੁਖਮਨੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

(1) ਬਿੰਬ ਸਿਰਜਣਾ

(2) ਪ੍ਰਤੀਕ ਵਿਧਾਨ

(3) ਅਲੰਕਾਰਾਂ ਦਾ ਪ੍ਰਯੋਗ

(4) ਸੰਗੀਤ ਅਤੇ ਲੈਅ

# ਗੁਰੂ ਅਰਜਨ ਦੇਵ ਬਾਣੀ ਰਚਿਤ ਸੁਖਮਨੀ ਦਾ

# ਸੁਹਜ-ਸ਼ਾਸਤਰੀ ਅਧਿਐਨ

## (ੳ) ਬਾਣੀ ਸੁਖਮਨੀ : ਸਿਧਾਂਤਕ ਪਰਿਪੇਖ

ਸ੍ਰੀ ਗੁਰੂ ਅਰਜਨ ਦੇਵ ਜੀ ਪੰਜਾਬ ਦੇ ਮਹਾਨ ਸੰਤ ਕਵੀ ਹੋਏ ਹਨ ਜਿਨ੍ਹਾਂ ਸੁੱਚੀ ਸੱਚੀ ਗੁਰਬਾਣੀ ਤੇ ਉੱਚੀ ਕੁਰਬਾਨੀ ਰਾਹੀਂ ਜ਼ਿੰਦਗੀ ਦਾ ਲਾਸਾਨੀ ਮਹੱਲ ਉਸਾਰਿਆ। ਉਨ੍ਹਾਂ ਦੀ ਸਰਬਪੱਖੀ ਸਖ਼ਸ਼ੀਅਤ ਕਮਾਲ ਦੀ ਹੈ। ਉਹ ਮਹਾਨ ਗੁਰੂ ਸਨ ਜਿਨ੍ਹਾਂ ਸਮਾਜਿਕ ਭਲਾਈ ਤੇ ਪਰਮਾਰਥਕ ਜੀਵਨ ਲਈ ਰੌਸ਼ਨੀ ਦਿੱਤੀ, ਉਹ ਮਹਾਨ ਕਵੀ ਸਨ ਜਿਨ੍ਹਾਂ ਦੀ ਕਾਵਿ ਗੰਗਾ ਨੇ ਭਾਰਤੀ ਸੰਤ ਕਾਵਿ ਧਾਰਾ ਵਿਚ ਇਕ ਵਿਸ਼ੇਸ਼ ਸੁਹਿਰਦਤਾ ਤੇ ਸੁਹੱਪਣ ਲਿਆਂਦਾ। ਕਵੀ ਹੋਣ ਤੋਂ ਇਲਾਵਾ ਉਹ ਵਿਦਵਾਨ ਸੰਪਾਦਕ ਵੀ ਸਨ ਜਿਨ੍ਹਾਂ ਆਦਿ ਗੁਰੂ ਗ੍ਰੰਥ ਦੇ ਰੂਪ ਵਿਚ ਬਾਰ੍ਹਵੀਂ ਸਦੀ ਤੋਂ ਲੈ ਕੇ ਸੋਲਵੀਂ ਸਦੀ ਤੱਕ ਦੇ ਪੰਜ ਸੌ ਵਰਸ਼ੀ ਸੰਤ-ਸਾਹਿਤ ਨੂੰ ਸੰਪਾਦਿਤ ਕਰਕੇ ਭਾਰਤੀ ਸੰਸਕ੍ਰਿਤੀ ਤੋਂ ਮਹਾਨ ਉਪਕਾਰ ਕੀਤਾ।[1]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੀ ਸਭ ਤੋਂ ਵੱਧ ਬਾਣੀ ਹੈ। ਸੁਹਜਾਤਮਕ ਤੇ ਵਿਆਖਿਆਤਮਕ ਪੱਖ ਤੋਂ ਇਹ ਬਾਣੀ ਵਚਿੱਤਰ ਗੁਣਾਂ ਦੀ ਧਾਰਨੀ ਹੈ। ਇਸ ਬਾਣੀ ਵਿਚ 'ਗਉੜੀ ਸੁਖਮਨੀ ਮਹਲਾ ੫' ਦੇ ਸਿਰਲੇਖ ਹੇਠ ਦਰਜ ਸੁਖਮਨੀ ਗੁਰੂ ਅਰਜਨ ਦੇਵ ਜੀ ਦੀ ਦੀਰਘ ਆਕਾਰ ਦੀ ਸਰਵ-ਸ੍ਰੇਸ਼ਟ ਸਰਬੋਤਮ ਰਚਨਾ ਹੈ। ਸੁਖਮਨੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੀ ਨਹੀਂ, ਸਗੋਂ ਉੱਤਰੀ ਭਾਰਤ ਦੇ ਸਮਸਤ ਨਿਰਗੁਣ ਸਾਹਿਤ ਦੀ ਸਭ ਤੋਂ ਲੰਮੇਰੀ ਕਾਵਿ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ 35 ਅੰਗਾਂ (262 ਤੋਂ 296) ਉਤੇ ਦਰਜ ਇਸ ਬਾਣੀ ਦੀਆਂ 1020 ਤੁਕਾਂ ਅਤੇ 24000 ਸ਼ਬਦ ਹਨ। "ਸੁਖਮਨੀ ਸਾਹਿਬ ਸ੍ਰੀ ਗੁਰੂ ਅਰਜਨ ਜੀ ਦੀ ਅਮਰ ਰਚਨਾ ਹੈ ਜਿਸ ਰਾਹੀਂ ਆਪ ਨੇ ਸੱਚੇ ਤੇ ਸਦੀਵੀ ਸੁੱਖ ਦੀ ਪ੍ਰਾਪਤੀ ਦਾ ਮਾਰਗ ਸੁਝਾਇਆ ਹੈ। ਸਿੱਖ ਜਗਤ ਵਿਚ ਇਸਦਾ ਆਪਣਾ ਮਹੱਤਵ ਹੈ। ਇਹ ਕਥਾ ਪ੍ਰਚਲਿਤ ਹੈ ਕਿ ਜਿੰਨੇ ਸਵਾਸ ਪ੍ਰਾਣੀ ਅੱਠ ਪਹਿਰਾਂ ਵਿਚ ਲੈਂਦਾ ਹੈ ਉਨੇ ਅੱਖਰ ਸੁਖਮਨੀ ਸਾਹਿਬ ਦੇ ਹਨ ਤੇ ਜਿਹੜਾ ਵਿਅਕਤੀ ਇਸਦਾ ਪਾਠ ਕਰਦਾ ਹੈ ਉਸ ਦੇ ਸਾਰੇ ਸਵਾਸ ਪਵਿੱਤਰ ਤੇ ਸਰਲ ਹੋ ਜਾਂਦੇ ਹਨ। ਇਹੀ ਕਾਰਨ ਹੈ ਕਿ ਬਹੁਤ ਸਾਰੇ ਸਿੱਖਾਂ ਦੀ ਇਹ ਨਿਤਨੇਮ ਦੀ ਬਾਣੀ ਹੈ।"[2]

ਗੁਰੂ ਅਰਜਨ ਦੇਵ ਜੀ ਨੇ ਬਾਣੀ ਸੁਖਮਨੀ ਆਪਣੇ ਜੀਵਨ ਦੇ ਅੰਤਲੇ ਵਰ੍ਹਿਆਂ ਵਿਚ ਰਚੀ ਹੈ। ਡਾ. ਤਾਰਨ ਸਿੰਘ ਦੇ ਮਤ ਅਨੁਸਾਰ ਸਹਿਜੇ ਹੀ ਅਨੁਮਾਨ ਲੱਗ ਸਕਦਾ ਹੈ ਕਿ ਇਹ ਗੁਰੂ ਜੀ ਦੀ

ਅੰਤਿਮ ਸਮੇਂ ਦੀ ਰਚਨਾ ਹੈ ਕਿਉਂਕਿ ਗੁਰੂ ਸਾਹਿਬ ਦੀ ਸਮੁੱਚੀ ਬਾਣੀ ਦੇ ਸਾਰੇ ਤੱਤ, ਭਾਵ ਇਸ ਰਚਨਾ ਵਿਚ ਸੰਕੁਚਿਤ ਰੂਪ ਵਿਚ ਦਿੱਸ ਪੈਂਦੇ ਹਨ। ਇਤਿਹਾਸਕ ਤੌਰ ਤੇ ਇਹ ਪ੍ਰਸਿੱਧ ਹੈ ਕਿ 'ਸੁਖਮਨੀ' ਦੀ ਰਚਨਾ 'ਰਾਮਸਰ' ਦੇ ਕੰਢੇ ਬੈਠ ਕੇ ਕੀਤੀ ਗਈ ਸੀ, ਜਿਥੇ ਗੁਰੂ ਜੀ ਨੇ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਸੰਪਾਦਨ ਕੀਤਾ।[3] ਸੁਖਮਨੀ ਦਾ ਸਮੁੱਚਾ ਵਾਤਾਵਰਣ ਸੁੱਖ ਤੇ ਸ਼ਾਂਤੀ ਦਾ ਹੈ। ਗੁਰੂ ਸਾਹਿਬ ਨੇ ਨਾਮ ਸਿਮਰਨ ਦੀ ਮਹੱਤਤਾ, ਕਰਮ ਕਾਂਡਾਂ ਦਾ ਖੰਡਨ, ਬ੍ਰਹਮ ਦੀ ਸਰਵ ਵਿਆਪਕਤਾ ਤੇ ਅਦ੍ਵੈਤਤਾ ਨੂੰ ਬੜੀ ਨਿਮਰਤਾ ਨਾਲ ਪ੍ਰਸਤੁਤ ਕੀਤਾ ਹੈ। ਅਤਿ ਦੀ ਨਿਮਰਤਾ ਅਤੇ ਦ੍ਰਿੜਤਾ ਸਿੱਧ ਕਰਦੇ ਹਨ ਕਿ ਇਹ ਉਨ੍ਹਾਂ ਦੀ ਅੰਤਿਮ ਲੰਮੇਰੀ ਰਚਨਾ ਹੈ ਜਦ ਇਹ ਗੁਣ ਉਨ੍ਹਾਂ ਵਿਚ ਸਿਖਰ ਉਤੇ ਸੀ। ਮੈਕਾਲਿਫ ਨੇ ਵੀ ਇਸ ਦਾ ਰਚਨਾ ਕਾਲ 1601 ਤੋਂ 1604 ਈ. ਵਿਚਾਲੇ ਮੰਨਿਆ ਹੈ।[4]

ਬਣਤਰ ਦੇ ਪੱਖ ਤੋਂ 24 ਅਸਟਪਦੀਆਂ ਅਤੇ 24 ਸਲੋਕਾਂ ਦੀ ਇਹ ਲੰਮੇਰੀ ਕਾਵਿ ਰਚਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਧਿਆਤਮਿਕ ਜਗਤ ਨੂੰ ਇਕ ਅਤਿ ਉੱਤਮ ਦੇਣ ਹੈ। ਹਰ ਅਸਟਪਦੀ ਦੇ ਨਾਮ ਤੋਂ ਸਪੱਸ਼ਟ ਹੈ ਅਸਟ-ਪਦ ਭਾਵ ਅੱਠ ਪਦਿਆਂ ਵਾਲੀ ਰਚਨਾ ਹੈ। ਸੁਖਮਨੀ ਵਿਚ ਹਰ ਅਸਟਪਦੀ ਦੇ ਆਰੰਭ ਵਿਚ ਚਾਰ ਸਤਰਾਂ ਦਾ ਇਕ ਸਲੋਕ ਲਿਖਿਆ ਗਿਆ ਹੈ। ਸਿਰਫ ਇਕ 17ਵੀਂ ਅਸਟਪਦੀ ਵਾਲੇ ਸਲੋਕ ਵਿਚ ਤਿੰਨ ਸਤਰਾਂ ਹਨ। ਇਹ ਸਲੋਕ ਸੁਖਮਨੀ ਦੇ ਸਮੁੱਚੇ ਆਸ਼ੇ ਨਾਲ ਮੇਲ ਖਾਂਦਾ ਹੈ। 8 ਪਉੜੀਆਂ ਤੇ ਹਰ ਪਉੜੀ ਵਿਚ 10 ਤੁਕਾਂ ਹਨ। ਸੁਖਮਨੀ ਦੀਆਂ ਸਾਰੀਆਂ ਅਸਟਪਦੀਆਂ ਨੂੰ ਇਕ ਤੋਂ ਲੈ ਕੇ 24 ਤੱਕ ਕ੍ਰਮ ਅੰਕ ਦਿੱਤਾ ਗਿਆ ਹੈ ਪਰੰਤੂ ਸਲੋਕ ਸੁਤੰਤਰ ਰੂਪ ਵਿਚ ਅੰਕਿਤ ਹਨ। ਅਸਟਪਦੀਆਂ ਦੇ ਸਾਰੇ ਪਦੇ ਅਜਿਹੇ ਪ੍ਰਬੰਧਤ ਰੂਪ ਵਿਚ ਬੱਝੇ ਹੋਏ ਹਨ ਕਿ ਉਨ੍ਹਾਂ ਦਾ ਪਰਸਪਰ ਸੰਬੰਧ ਅੰਤ ਤੱਕ ਬਣਿਆ ਰਹਿੰਦਾ ਹੈ। ਇਸ ਕਾਵਿ ਪ੍ਰਬੰਧਨ ਦਾ ਪਾਲਨ ਬੜੀ ਕਰੜਾਈ ਨਾਲ ਕੀਤਾ ਗਿਆ ਹੈ। ਸੁਖਮਨੀ ਸਾਹਿਬ ਇਕ ਸਰਬੋਤਮ ਪ੍ਰਬੰਧ ਕਾਵਿ ਹੈ। ਇਹ ਰਚਨਾ ਇਕ ਸੁਚੱਜੀ ਵਿਉਂਤਕਾਰੀ ਵਿਚ ਬੱਝੀ ਹੋਈ ਹੈ ਜਿਸ ਕਰਕੇ ਵਿਸਥਾਰਤ ਰਚਨਾ ਹੋਣ ਕਰਕੇ ਪ੍ਰਬੰਧ ਕਾਵਿ ਦੇ ਸਾਰੇ ਨਿਯਮ ਇਸ ਵਿਚ ਭਲੀ ਭਾਂਤ ਰੂਪ ਵਿਚ ਸਪੱਸ਼ਟ ਹੁੰਦੇ ਹਨ। ਸਾਹਿਤ ਕੋਸ਼ ਦੀ ਪਰਿਭਾਸ਼ਿਕ ਸ਼ਬਦਾਵਲੀ ਵਿਚ ਪ੍ਰਬੰਧ ਕਾਵਿ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ:

ਪ੍ਰਬੰਧ ਕਾਵਿ ਵਿਸਥਾਰ ਦਾ ਧਾਰਨੀ ਹੁੰਦਾ ਹੈ। ਇਸ ਦੇ ਸਾਰੇ ਪਦ ਪ੍ਰਬੰਧਗਤ ਕਥਾ ਵਰਣਨ ਦੇ ਅਧੀਨ ਹੁੰਦੇ ਹਨ ਤੇ ਉਨ੍ਹਾਂ ਪਦਾਂ ਦਾ ਤੋੜ ਤੱਕ ਪਰਸਪਰ ਸੰਬੰਧ ਬਣਿਆ ਰਹਿੰਦਾ ਹੈ ਅਤੇ ਇਹ ਪਦ

ਆਪਣੇ ਵਿਸ਼ੇ ਬਾਰੇ ਭਰਪੂਰ ਜਾਣਕਾਰੀ ਦਿੰਦੇ ਹਨ। ਭਾਵ ਵਿਚ ਮਹਾਨ ਕਰਦੇ ਹਨ ਤੇ ਰਸ ਵਿਚ ਡੋਬਣ ਵਾਲੇ ਹੁੰਦੇ ਹਨ।[5] ਇਸੇ ਪ੍ਰਕਾਰ ਡਾ. ਸਤਿੰਦਰ ਸਿੰਘ ਨੂਰ ਅਨੁਸਾਰ ਪ੍ਰਬੰਧ ਕਾਵਿ ਇਕ ਲੜੀ ਵਿਚ ਪ੍ਰੋਈ ਹੋਈ ਉਹ ਰਚਨਾ ਹੁੰਦੀ ਹੈ ਜਿਸ ਵਿਚ ਕਿਸੇ ਨਾਇਕ ਦੇ ਜੀਵਨ ਦੀ ਕਥਾ ਦਾ ਬਿਰਤਾਂਤ ਵਰਣਨ ਹੁੰਦਾ ਹੈ ਜੋ ਕਿ ਮੰਗਲਾਚਰਣ ਤੋਂ ਸ਼ੁਰੂ ਹੋ ਕੇ ਨਿਰੰਤਰ ਵਾਯੂ ਮੰਡਲ ਵਿਚ ਇਕਸਾਰ ਰਹਿੰਦਾ ਹੈ।[6] ਸੁਖਮਨੀ ਸਾਹਿਬ ਦੇ ਸਭ ਤੋਂ ਪਹਿਲੇ ਸਲੋਕ ਵਿਚ ਪ੍ਰਭੂ ਦੀ ਉਸਤਤ ਵਜੋਂ ਹੀ ਮੰਗਲਾਚਰਣ ਪੇਸ਼ ਕੀਤਾ ਗਿਆ ਹੈ:

ਸਲੋਕੁ।। ਆਦਿ ਗੁਰਏ ਨਮਹ।।
ਜੁਗਾਦਿ ਗੁਰਏ ਨਮਹ।।
ਸਤਿਗੁਰਏ ਨਮਹ।।
ਸ੍ਰੀ ਗੁਰਦੇਵਏ ਨਮਹ।।[7]

ਉਹ ਪ੍ਰਭੂ ਪਰਮਾਤਮਾ ਹੀ ਸੁਖਮਨੀ ਸਾਹਿਬ ਵਿਚ ਇਕੋ ਇਕ ਨਾਇਕ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਨਾਮ ਸਿਮਰਨ ਹੀ ਸਹਾਈ ਹੁੰਦਾ ਹੈ। ਗੁਰਮਤਿ ਕਾਵਿ ਦੀ ਇਹ ਸਭ ਤੋਂ ਲੰਮੇਰੀ ਰਚਨਾ, ਜੋ ਇਕ ਨਿਸ਼ਚਿਤ ਪ੍ਰਬੰਧ ਵਿਚ ਬੱਝੀ ਹੋਈ ਹੈ ਅਤੇ ਕਿਸੇ ਕਥਾ ਦੀ ਅਣਹੋਂਦ ਵਿਚ ਜੀਵਨ ਦਾ ਆਨੰਦ ਮਾਰਗ ਦਰਸਾਉਣ ਵਾਲੇ ਦਾਰਸ਼ਨਿਕ ਵਿਚਾਰ ਪ੍ਰਬੰਧ ਰਾਹੀਂ ਇਕ ਵੱਡ ਆਕਾਰੀ ਰਚਨਾ ਵਿਚ ਵਿਚਾਰਾਂ ਦੀ ਲੜੀ ਨੂੰ ਬਣਾਈ ਰੱਖਣ ਦੀ ਸਮਰੱਥਾ ਰੱਖਦੀ ਹੈ ਅਤੇ ਇਕ ਨਿਸ਼ਚਿਤ ਪ੍ਰਭਾਵ ਸਿਰਜਣ ਵਾਲੀ ਕਮਾਲ ਦੀ ਰਚਨਾ ਹੈ। ਇਸ ਵਿਚ ਦਰਸ਼ਨ, ਆਚਾਰ-ਵਿਹਾਰ, ਸਾਧਨਾ ਆਦਿ ਬਾਰੇ ਬੜੇ ਸਹਿਜ ਢੰਗ ਨਾਲ ਲੜੀਵਾਰ ਵਿਚਾਰ ਕੀਤੀ ਗਈ ਹੈ। ਸੋ ਆਕਾਰ ਹੀ ਸੁਖਮਨੀ ਸਾਹਿਬ ਨੂੰ ਪ੍ਰਬੰਧ ਕਾਵਿ ਨਹੀਂ ਬਣਾਉਂਦਾ ਸਗੋਂ ਇਸ ਦਾ ਉਦੇਸ਼ ਅਤੇ ਉਦੇਸ਼ ਲਈ ਵਰਤੀ ਗਈ ਪੇਸ਼ਕਾਰਿਕ ਸਮੱਗਰੀ ਵੀ ਇਸ ਨੂੰ ਉੱਤਮ ਪ੍ਰਬੰਧ ਕਾਵਿ ਦਾ ਦਰਜਾ ਦਿੰਦੀ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ ਸੁਖਮਨੀ ਨੂੰ ਪੰਜਾਬੀ ਸਾਹਿਤ ਦਾ ਅਤਿ ਸ੍ਰੇਸ਼ਟ ਪ੍ਰਬੰਧ ਕਾਵਿ ਤੇ ਕਵਿਤਾ ਦਾ ਸਿਖ਼ਰ ਆਖਿਆ ਜਾ ਸਕਦਾ ਹੈ। ਇੰਨੇ ਵਿਸਥਾਰ ਪੂਰਬਕ, ਬੌਧਿਕ ਤੇ ਦਾਰਸ਼ਨਿਕ ਵਿਸ਼ੇ ਦਾ ਨਿਭਾਅ ਜਿਸ ਢੰਗ ਨਾਲ ਕੀਤਾ ਗਿਆ ਹੈ। ਉਹ ਆਪਣੀ ਮਿਸਾਲ ਆਪ ਹੈ।[8] ਇਸ ਪ੍ਰਕਾਰ ਸੁਖਮਨੀ ਸਾਹਿਤ ਦੀ ਇਕ ਮਹਾਨ ਤੇ ਗੌਰਵਮਈ ਕ੍ਰਿਤ ਹੈ, ਵਿਸ਼ੇਸ਼ ਵਿਉਂਤ ਨਾਲੀ ਲਿਖੀ ਇਸ ਰਚਨਾ ਵਿਚ ਮਨੁੱਖ ਦੀ ਜੀਵਨ ਗਾਥਾ ਹੈ। ਮਨੁੱਖ ਦੀ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਇੰਝ ਬਿਆਨਿਆ ਗਿਆ ਹੈ ਕਿ ਹਰ ਪਾਠਕ ਨੂੰ ਇਹ

ਆਪ ਬੀਤੀ ਲੱਗਦੀ ਹੈ। ਗੁਰੂ ਸਾਹਿਬ ਨੇ ਆਸ਼ਾਵਾਦੀ ਫਲਸਫਾ ਅਪਣਾਉਂਦਿਆਂ ਹੋਇਆਂ ਮਨੁੱਖ ਨੂੰ ਨੈਤਿਕ ਜੀਵਨ ਜਿਉਂਦਿਆਂ ਇਕ ਪਰਮਾਤਮਾ ਦੀ ਭਗਤੀ ਦੀ ਪ੍ਰੇਰਣਾ ਦਿੱਤੀ ਜੋ ਸਭਨਾਂ ਦੁੱਖਾਂ ਨੂੰ ਨਵਿਰਤ ਕਰਦੀ ਹੈ। ਦੁੱਖਾਂ ਦਾ ਅੰਤ, ਜੀਵਾਤਮਾ ਦਾ ਪਰਮਾਤਮਾ ਨਾਲ ਮਿਲਾਪ ਹੈ। ਇਹੋ ਹੀ ਸੁੱਖ ਅਥਵਾ ਜੀਵਨ ਦੀ ਪ੍ਰਾਪਤੀ ਹੈ।

ਏਕ ਆਸ ਰਾਖਹੁ ਮਨ ਮਾਹਿ।।
ਸਰਬ ਰੋਗ ਨਾਨਕ ਮਿਟਿ ਜਾਹਿ।।[9]

ਇਸ ਸੰਬੰਧ ਵਿਚ ਪ੍ਰੋ. ਪਿਆਰਾ ਸਿੰਘ ਪਦਮ ਦੇ ਵਿਚਾਰ ਬੜੇ ਵਿਚਾਰਵਾਨ ਸਿੱਧ ਹੁੰਦੇ ਹਨ। ਉਹਨਾਂ ਅਨੁਸਾਰ ਸੁਖਮਨੀ ਵਿਚ ਭਾਵਾਂ ਦਾ ਉਛਾਲ ਹੈ, ਰਤਿ ਦਾ ਉਮਾਹ ਹੈ, ਪਰ ਇਹ ਰਤਿ ਪ੍ਰੀਤਿ ਪਰਮੇਸ਼ਰ ਲਈ ਹੈ ਤੇ ਉਸ ਨੂੰ ਸ਼ਰਧਾ ਪ੍ਰੇਮ ਸਮਰਪਣ ਲਈ ਜਜ਼ਬਾਤ ਵੀ ਨਵੇਂ ਤੋਂ ਨਵਾਂ ਰੰਗ ਲੈਂਦੇ ਹਨ।[10] ਚੂੰਕਿ ਸੁਖਮਨੀ ਇਕ ਬਾਕਾਇਦਾ ਵਿਉਂਤ ਨਾਲ ਲਿਖੀ ਮਹਾਨ ਰਚਨਾ ਹੈ, ਜਿਸ ਵਿਚ ਜੀਵਨ ਦੀ ਗੁੱਥੀ ਨੂੰ ਸੁਲਝਾਉਣ ਉਤੇ ਜ਼ੋਰ ਹੈ, ਦੁੱਖੀ ਅਵਸਥਾ ਵਿਚੋਂ ਨਿਕਲਕੇ ਸੁੱਖੀ ਅਵਸਥਾ ਵਿਚ ਆਉਣ ਦਾ ਸਫ਼ਰ ਹੈ। ਵਿਕਾਰੀ ਜੰਜਾਲਾਂ ਤੋਂ ਖਲਾਸੀ ਪਾ ਕੇ ਮੁਕਤੀ ਦੇ ਪਰਮ ਧਾਮ ਪਹੁੰਚਣ ਦੀ ਕਹਾਣੀ ਹੈ, ਜੋ ਕਿ ਪ੍ਰਬਲ ਪ੍ਰੇਰਣਾ ਪ੍ਰਦਾਨ ਕਰਦੀ ਹੈ। ਕੀ ਕੁਝ ਕਰਨਾ ਹੈ ਤੇ ਕੀ ਕੁਝ ਨਹੀਂ ਕਰਨਾ ਅਤੇ ਹੋਰ ਲੋਕ ਹੁਣ ਤਕ ਕਿਹੋ ਜਿਹੇ ਉਪਰਾਲੇ ਕਰਦੇ ਹਨ। ਉਨ੍ਹਾਂ ਦੀ ਪਰਖ ਪੜਤਾਲ ਬਾਅਦ ਸਿਮਰਨ ਦਾ ਸਪੱਸ਼ਟ ਤੇ ਸਹਿਜ ਮਾਰਗ ਪ੍ਰਸਤੁਤ ਕੀਤਾ ਗਿਆ ਹੈ।[11]

ਰਹਾਉ ਦੀਆਂ ਪੰਕਤੀਆਂ ਵਿਚ ਸੁਖਮਨੀ ਸਾਹਿਬ ਦੇ ਸੁੱਖ ਕਰਤਾ ਦੇ ਭਾਵ ਬੜੇ ਸਪੱਸ਼ਟ ਰੂਪ ਵਿਚ ਬਿਆਨੇ ਗਏ ਹਨ। ਪਹਿਲੀ ਅਸਟਪਦੀ ਦੀ ਪਹਿਲੀ ਪਉੜੀ ਤੋਂ ਬਾਅਦ ਰਹਾਉ ਦੀਆਂ ਪੰਕਤੀਆਂ ਅੰਕਿਤ ਕੀਤੀਆਂ ਗਈਆਂ ਹਨ। ਇਹ ਪੰਕਤੀਆਂ ਗੁਰੂ ਸਾਹਿਬ ਵਰਗੇ ਨਿਪੁੰਨ ਕਲਾਕਾਰ ਦੇ ਗੁਣਾਂ ਨੂੰ ਵੀ ਸਾਹਮਣੇ ਲਿਆਉਂਦੀਆਂ ਹਨ ਜੋ ਥੋੜੇ ਵਿਚ ਬਹੁਤ ਕੁਝ ਕਹਿ ਜਾਂਦੇ ਹਨ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।।
ਭਗਤ ਜਨਾ ਕੈ ਮਨਿ ਬਿਸ੍ਰਾਮ।। ਰਹਾਉ।।[12]

ਇਨ੍ਹਾਂ ਪੰਕਤੀਆਂ ਵਿਚ ਸੁਖਮਨੀ ਦਾ ਕੇਂਦਰੀ ਭਾਵ ਵਿਦਮਾਨ ਹੈ ਕਿ ਭਗਤਾਂ ਦੇ ਮਨ ਵਿਚ ਵਾਸ ਕਰਨ ਵਾਲਾ ਪ੍ਰਭੂ ਦਾ ਨਾਮ ਹੀ ਸੁੱਖ ਰੂਪੀ ਅੰਮ੍ਰਿਤ ਹੈ। ਇਸ ਸਾਰੀ ਬਾਣੀ ਵਿਚ ਕੇਵਲ ਇਕੋ ਰਹਾਉ ਆਇਆ ਹੈ।

ਸੁਖਮਨੀ ਦੇ ਸਿਰਲੇਖ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਮਨ ਨੂੰ ਸੁੱਖ ਦੇਣ ਵਾਲੀ ਬਾਣੀ ਹੈ। 'ਸੁਖਮਨੀ' ਸ਼ਬਦ ਦੀ ਵਿਆਖਿਆ 'ਸੁੱਖਾਂ ਦੀ ਮਣੀ' ਵਜੋਂ ਕਰਨੀ ਜਾਂ ਇਸ ਸ਼ਬਦ ਨੂੰ 'ਸੁਖਮਨਾ ਨਾੜੀ' ਨਾਲ ਜੋੜ ਕੇ ਇਸਦੇ ਅਰਥ ਕਰਨੇ ਉਚਿਤ ਨਹੀਂ ਹਨ। ਭਾਈ ਵੀਰ ਸਿੰਘ ਅਨੁਸਾਰ ਸੁਖਮਨੀ ਦੇ ਅਰਥ ਹਨ - ਸੁਖ + ਮਨ + ਈ = ਮਨ ਨੂੰ ਸੁੱਖ ਦੇਣ ਹਾਰ।[13] ਆਪ ਨੇ ਰਹਾਉ ਵਾਲੀਆਂ ਪੰਕਤੀਆਂ ਦੇ ਅਰਥ ਵੀ ਇਸ ਤਰ੍ਹਾਂ ਕੀਤੇ ਹਨ ਕਿ ਮਨ ਨੂੰ ਸੁੱਖ ਦੇਣ ਹਾਰ ਹੈ ਪਰਮੇਸ਼ਰ ਦਾ ਨਾਮ (ਸ਼ਰੀਰਕ ਸੁਖ ਹੀ ਨਹੀਂ ਸਗੋਂ) ਅੰਮ੍ਰਿਤ ਸੁੱਖ ਦਾ ਦਾਤਾ ਹੈ। (ਜਿਸ ਨਾਮ ਦਾ ਕਿ)ਨਿਵਾਸ (ਪ੍ਰਭੂ ਦੇ ਭਗਤਾਂ ਪੁਰਖਾਂ ਦੇ ਮਨ ਵਿਚ ਹੁੰਦਾ ਹੈ।)[14] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮਨ ਨੂੰ ਆਨੰਦ ਦੇਣ ਵਾਲੀ ਇਕ ਬਾਣੀ ਜੋ ਗਉੜੀ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ ਰਚਨਾ ਹੈ।[15] The Encyclopaedia of Sikhism- Vol. IV ਵਿਚ 'ਸੁਖਮਨੀ' ਸਿਰਲੇਖ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ ਕਿ ਸ਼ਬਦ 'ਸੁਖਮਨੀ' ਜਿਸ ਨੂੰ ਅੰਗਰੇਜ਼ੀ ਵਿਚ 'ਮਨ ਨੂੰ ਦਿਲਾਸਾ ਦੇਣ ਵਾਲਾ' ਰਾਹੀਂ ਵਰਣਿਤ ਕੀਤਾ ਗਿਆ ਹੈ। ਪੂਰੀ ਕਵਿਤਾ ਜਿਸ ਨੂੰ ਅੰਗਰੇਜ਼ੀ ਵਿਚ ਆਮ ਤਰਜੀਹੀ ਸਿਰਲੇਖ 'ਸ਼ਾਂਤੀ ਦਾ ਗੀਤ' ਦੇ ਰੂਪ ਵਿਚ ਇਕ ਤੋਂ ਵੱਧ ਵਾਰ ਵਿਆਖਿਆਮਈ ਰੂਪ ਦਿੱਤਾ ਗਿਆ ਹੈ ਅਤੇ ਜੋ ਸਰੋਤੇ ਉੱਪਰ ਬੜਾ ਸ਼ਾਂਤਮਈ ਪ੍ਰਭਾਵ ਪਾਉਂਦਾ ਹੈ। ਸੁੱਖ ਦਾ ਸ਼ਾਬਦਿਕ ਅਰਥ ਸ਼ਾਂਤੀ ਜਾਂ ਆਨੰਦ ਅਤੇ ਮਨੀ ਦਾ ਮਨ ਅਤੇ ਦਿਲ ਹੈ। ਸੁਖਮਨੀ ਉਸ ਪਰਮਾਤਮਾ ਦੇ ਨਾਮ ਦੀ ਪਰਮ ਸੁੱਖ ਦੀ ਪ੍ਰਾਪਤੀ ਹੈ, ਉਹਨਾਂ ਦੇ ਮਨਾ ਅੰਦਰ ਹੀ ਨਿਵਾਸ ਕਰਦੀ ਹੈ, ਜੋ ਉਸ ਨੂੰ ਪਿਆਰ ਕਰਦੇ ਹਨ।[16]

ਮਨੁੱਖੀ ਜ਼ਿੰਦਗੀ ਦਾ ਅੰਤਿਮ ਨਿਸ਼ਾਨਾ ਸੁੱਖ ਹੀ ਹੈ। ਸਾਰੇ ਧਰਮਾਂ ਦਾ ਲਕਸ਼ ਵੀ ਮਨੁੱਖ ਨੂੰ ਸੁੱਖ ਦੇਣਾ ਹੈ। ਸੁਖਮਨੀ ਦੀ ਮਹਾਨਤਾ ਇਹੋ ਹੈ ਕਿ ਇਸ ਵਿਚ ਮਨੁੱਖੀ ਜੀਵਨ ਦੀ ਮੰਜ਼ਿਲ ਤੱਕ ਪਹੁੰਚਣ ਦਾ ਰਸਤਾ ਦਿਖਾਇਆ ਗਿਆ ਹੈ। ਇਸ ਵਿਚ ਜੀਵਨ ਦਾ ਆਨੰਦ ਮਾਰਗ ਦਰਸਾਉਣ ਵਾਲਾ ਦਾਰਸ਼ਨਿਕ ਵਿਚਾਰ ਪ੍ਰਬੰਧ ਮੌਜੂਦ ਹੈ। 'ਇਹ ਬਾਣੀ ਆਪਣੇ ਥੀਮ ਵਜੋਂ ਮਨ ਦੇ ਸੁੱਖ ਨੂੰ ਨਾਲ ਸੰਬੰਧਿਤ ਹੈ ਅਤੇ ਇਸਦੇ ਸਿਰਲੇਖ ਤੋਂ ਏਹੋ ਭਾਵ ਹੈ। ਮਨ ਦੇ ਸੁੱਖ ਨੂੰ ਪਰਿਭਾਸ਼ਿਤ ਕਰਨਾ, ਇਸਦੀ ਪ੍ਰਾਪਤੀ ਦਾ ਮਾਰਗ ਦਰਸਾਉਣਾ ਅਤੇ ਇਸ ਮਾਰਗ 'ਤੇ ਅਗ੍ਰਸਰ ਹੋਣ ਵਾਲੇ ਸਾਧਕਾਂ ਦੀ ਉੱਚ ਮਨੋਅਵਸਥਾ ਦਾ ਚਿਤ੍ਰਣ ਕਰਨਾ ਇਸ ਬਾਣੀ ਦੇ ਮੁੱਖ ਸਰੋਕਾਰ ਹਨ। ਇਨ੍ਹਾਂ ਸਰੋਕਾਰਾਂ ਨਾਲ ਸੰਬੰਧਿਤ ਹੋਰ ਕਈ ਪਹਿਲੂਆਂ ਨੂੰ ਵੀ 'ਸੁਖਮਨੀ' ਉਜਾਗਰ ਕਰਦੀ ਹੈ, ਜਿਸਦੇ ਫਲਸਰੂਪ ਇਹ ਬਾਣੀ ਨਾਮ, ਨਾਮੀ ਤੇ ਨਾਮ-ਲੇਵਾ ਪ੍ਰਾਣੀਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਵੀ ਖੋਲ੍ਹ ਕੇ ਬਿਆਨ ਕਰਦੀ ਹੈ ਅਤੇ ਨਾਮ

ਸਿਮਰਨ ਦੇ ਲਈ ਸਾਧ-ਸੰਗਤ ਤੇ ਗੁਰੂ ਦਾ ਮਹੱਤਵ ਦੱਸਦੀ ਹੋਈ ਨਾਮ-ਸਿਮਰਨ ਤੋਂ ਹੋਣ ਵਾਲੀਆਂ ਬੇਅੰਤ ਤੇ ਅਣਮੁੱਲੀਆਂ ਪ੍ਰਾਪਤੀਆਂ ਦਾ ਵੀ ਵਰਣਨ ਕਰਦੀ ਹੈ।[17]

ਇਸ ਪ੍ਰਕਾਰ ਗੁਰੂ ਸਾਹਿਬ ਦੀ ਇਹ ਸ਼ਾਹਕਾਰ ਰਚਨਾ ਗੁਰਮਤਿ ਦੇ ਚੋਣਵੇਂ ਸਿਧਾਂਤਾਂ ਦੀ ਵਿਆਖਿਆ ਕਰਨ ਦੇ ਨਾਲ ਨਾਲ ਅਧਿਆਤਮਿਕ ਮਾਰਗ ਦੇ ਮੂਲ ਆਧਾਰੀ ਤੱਤਾਂ ਦਾ ਵਿਵੇਚਨ ਵੀ ਕਰਦੀ ਹੈ। ਇਹ ਬਾਣੀ ਸਰਬ-ਕਾਲੀਨ ਤੇ ਸਰਬ ਲੌਕਿਕ ਸਰੋਕਾਰਾਂ ਨੂੰ ਵਿਸ਼ੇ ਬਣਾ ਕੇ ਮੁੱਲਵਾਨ ਤੇ ਮੌਲਿਕ ਚਿੰਤਨ ਪੇਸ਼ ਕਰਦੀ ਹੈ। ਇਸ ਬਾਣੀ ਵਿਚ ਉਸ ਪਰਮ ਸੁੱਖ ਦਾ ਵਿਆਖਿਆਮਈ ਵਰਣਨ ਕੀਤਾ ਗਿਆ ਹੈ ਜੋ ਧਰਮ ਦੇ ਮਾਰਗ 'ਤੇ ਚਲਦਾ ਹੋਇਆ ਸਾਧਕ ਪ੍ਰਭੂ ਦੀ ਪ੍ਰੇਮ-ਭਗਤੀ ਵਿਚ ਲੀਨ ਹੋਣ ਦੀ ਅਵਸਥਾ ਵਿਚ ਅਨੁਭਵ ਕਰਦਾ ਹੈ ਅਤੇ ਇਸ ਸੁੱਖ, ਆਨੰਦ ਦਾ ਮੂਲਾਧਾਰ ਸਿਰਫ਼ ਤੇ ਸਿਰਫ਼ ਹਰਿ ਨਾਮ ਹੈ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ ਸੁਖਮਨੀ ਸਾਹਿਬ ਸਮੁੱਚੇ ਗੁਰਮਤਿ ਦਰਸ਼ਨ ਨੂੰ ਵੀ ਰੂਪਮਾਨ ਕਰਦੀ ਹੈ ਤੇ ਗੁਰੂ ਅਰਜਨ ਕਾਵਿ-ਆਦਰਸ਼ ਨੂੰ ਵੀ। ਸੁਖਮਨੀ ਵਿਚ ਗੁਰਮਤਿ ਦਰਸ਼ਨ ਦੇ ਮਹੱਤਵਪੂਰਨ ਅੰਗ 'ਨਾਮ' ਉਪਰ ਬਹੁਤ ਬਲ ਦਿੱਤਾ ਗਿਆ ਹੈ। ਨਾਮ ਦੀ ਮਹੱਤਤਾ ਨੂੰ ਰੂਪਮਾਨ ਕਰਨ ਲਈ ਕਈ ਢੰਗ ਅਪਣਾਏ ਗਏ ਹਨ। ਸੁਖਮਨੀ ਭੌਤਿਕ ਜਗਤ ਦੇ ਵਚਿੱਤਰ ਮਨਮੋਹਣੇ ਨਜ਼ਾਰਿਆਂ ਵਿਚੋਂ ਵਿਚਰਦੇ ਹਉਮੈ-ਯੁਕਤ ਜੀਵਨ ਦਾ ਖੰਡਨ ਕਰਦੀ ਹੈ ਤੇ ਪ੍ਰਭੂ-ਨਾਮ ਸਿਮਰਨ ਦੇ ਆਤਮਕ ਮੰਡਲ ਵਿਚੋਂ ਗੁਜ਼ਰਦਿਆਂ ਹੋਇਆਂ ਪ੍ਰਭੂ ਦੀ ਬੇਅੰਤਤਾ, ਅਸਚਰਜਤਾ ਤੇ ਵਿਸਮਾਦਕਤਾ ਨੂੰ ਅਨਭਵਦਿਆਂ ਹੋਇਆਂ ਗੁਰਮੁੱਖ ਜੀਵਨ ਦਾ ਮੰਡਨ ਹੈ।[18]

ਸੋ ਉਕਤ ਸਰਵੇਖਣ ਵਿਚ ਅਸੀਂ ਭਲੀ ਭਾਂਤ ਦੇਖ ਲਿਆ ਹੈ ਕਿ ਸੁਖਮਨੀ ਇਕ ਅਜਿਹੀ ਸੰਪੂਰਨ ਤੇ ਸੁਗਠਿਤ ਰਚਨਾ ਹੈ ਜਿਸ ਦਾ ਆਦਿ ਨਾਮ ਸਿਮਰਨ ਦੀ ਮਹਿਮਾ ਨਾਲ ਹੁੰਦਾ ਹੈ ਅਤੇ ਅੰਤ ਵੀ ਨਾਮ ਸਿਮਰਨ ਦੀ ਵਡਿਆਈ ਨਾਲ ਹੁੰਦਾ ਹੈ। ਵਿਚਕਾਰ ਸਭ ਅਸਟਪਦੀਆਂ ਵਿਚ ਇਹੋ ਭਾਵ ਪ੍ਰਧਾਨ ਹੈ ਕਿਉਂਕਿ ਨਾਮ-ਸਿਮਰਨ ਨਾਲ ਹੀ ਜੀਵਨ ਦਾ ਪਰਮ ਤੇ ਸਦੀਵੀ ਸੁੱਖ ਹਾਸਿਲ ਹੁੰਦਾ ਹੈ। ਇਸ ਵਿਚ ਜੀਵ ਦਾ ਜੀਵਨ ਰੂਪੀ ਗੁੱਥੀ ਨੂੰ ਸੁਲਝਾਉਣ ਉਤੇ ਜ਼ੋਰ ਹੈ, ਦੁੱਖੀ ਅਵਸਥਾ ਵਿਚੋਂ ਨਿਕਲ ਕੇ ਸੁੱਖਦ ਅਵਸਥਾ ਵਲ ਆਉਣ ਦਾ ਸਫ਼ਰ ਹੈ। ਗੁਰੂ ਸਾਹਿਬ ਆਪਣੀ ਇਸ ਮਹਾਨ ਰਚਨਾ ਵਿਚ ਜੀਵ ਨੂੰ ਸੰਸਾਰਕ ਵਿਕਾਰਾਂ ਨੂੰ ਤਿਲਾਂਜਲੀ ਦੇ ਕੇ ਸਦੀਵੀ ਸੁੱਖ ਦੀ ਸਹਿਜ ਪ੍ਰਾਪਤੀ ਨੂੰ ਪ੍ਰਾਪਤੀ ਕਰਨ ਦਾ ਉਪਦੇਸ਼ ਦਿੰਦੇ ਹਨ। ਇਸ ਤਰ੍ਹਾਂ ਇਹ ਬਾਣੀ ਮਨੁੱਖ ਨੂੰ ਹਮੇਸ਼ਾ ਉਸ ਪ੍ਰਮਾਤਮਾ ਦੀ ਬੰਦਗੀ

ਕਰਨ, ਨਾਮ ਜਪਣ ਅਤੇ ਗੁਰਮੁੱਖਾਂ ਦੀ ਸੰਗਤ ਵਿਚ ਰਹਿਣ ਦਾ ਸੰਦੇਸ਼ ਦਿੰਦੀ ਹੈ। ਇਸ ਬਾਣੀ ਨੂੰ ਪੜ੍ਹ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ, ਕਿਉਂਕਿ ਇਹ ਜੀਵ ਨੂੰ ਮਾਇਆ, ਮੋਹ ਅਤੇ ਹੋਰ ਹਰ ਪ੍ਰਕਾਰ ਦੇ ਵਿਕਾਰਾਂ ਤੇ ਬੁਰਾਈਆਂ ਤੋਂ ਮੁਕਤ ਹੋ ਕੇ ਪਰਮਾਤਮਾ ਦੇ ਨਾਮ ਸਿਮਰਨ ਵਿਚੋਂ ਸਭ ਪ੍ਰਕਾਰ ਦੇ ਸੁੱਖਾਂ ਦੀ ਪ੍ਰਾਪਤੀ ਕਰਨ ਦੇ ਸੰਦੇਸ਼ ਉੱਤੇ ਕੇਂਦਰਿਤ ਹੈ। ਇਸ ਲਈ ਪ੍ਰੋ. ਪੂਰਨ ਸਿੰਘ ਨੇ ਸੁਖਮਨੀ ਨੂੰ 'ਸੁੱਖਾਂ ਦਾ ਦਰਿਆ'[19] ਕਿਹਾ ਹੈ। ਇਸ ਪ੍ਰਕਾਰ ਸੰਸਾਰ ਦੇ ਧਾਰਮਿਕ ਸਾਹਿਤ ਵਿਚ ਸੁਖਮਨੀ ਇਕ ਅਜਿਹੀ ਸ਼ਾਂਤਮਈ ਬਾਣੀ ਹੈ ਜੋ ਅਧਿਆਤਮਕ ਮਾਰਗ ਨੂੰ ਸਰਲ ਤੇ ਸਪੱਸ਼ਟ ਰੂਪ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ। ਇਸ ਬਾਣੀ ਦਾ ਮੁੱਖ ਉਦੇਸ਼ ਸੁੱਖ-ਸ਼ਾਂਤੀ ਪ੍ਰਾਪਤ ਕਰਨ ਦਾ ਮਾਰਗ ਦਰਸਾਉਣਾ ਤੇ ਜਗਿਆਸੂ ਨੂੰ ਉਸ ਰਾਹ ਉੱਤੇ ਚਲਾਉਣਾ ਹੈ। ਇਸ ਪ੍ਰਕਾਰ ਗੁਰੂ ਸਾਹਿਬ ਦੀ ਇਹ ਸ਼ਾਹਕਾਰ ਰਚਨਾ ਮਨੁੱਖੀ ਮਨ ਨੂੰ ਸ਼ਾਂਤੀ ਦੇਣ ਵਿਚ ਭਾਰੀ ਯੋਗਦਾਨ ਪਾਉਂਦੀ ਹੈ।

## (ਅ) ਬਾਣੀ ਸੁਖਮਨੀ ਵਿਚ ਪ੍ਰਮੁੱਖ ਸੁਹਜ ਆਧਾਰੀ ਤੱਤ

### (1) ਬਿੰਬ ਸਿਰਜਣਾ

ਕਾਵਿ, ਪਾਠਕ ਨੂੰ ਜਾਣੀ ਪਛਾਣੀ ਤੇ ਨਿਸ਼ਚਿਤ ਭਾਸ਼ਾ ਨੂੰ ਉਲੰਘ ਕੇ ਜੀਵੰਤ ਪ੍ਰਤੱਖ ਦਾ ਦੀਦਾਰ ਕਰਾਉਂਦਾ ਹੈ ਅਤੇ ਇਸ ਤਰ੍ਹਾਂ ਇਸ ਰਾਹੀਂ ਜੋ ਦ੍ਰਿਸ਼ ਰੂਪਮਾਨ ਹੁੰਦਾ ਹੈ। ਉਸ ਨੂੰ ਕਾਵਿ ਸ਼ਾਸਤਰ ਅਤੇ ਕਾਵਿ ਦੇ ਸੁਹਜ ਸ਼ਾਸਤਰ ਦੀ ਭਾਸ਼ਾ ਵਿਚ ਬਿੰਬ ਕਿਹਾ ਜਾਂਦਾ ਹੈ। ਸੋਵੀਅਤ ਸੁਹਜ ਸ਼ਾਸਤਰੀ ਏ. ਜੀਸ ਨੇ ਬਿੰਬ ਦੇ ਸੰਕਲਪ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ ਕਿ ਬਿੰਬ ਅਨਾਤਮ ਜਗਤ ਦਾ ਇਕ ਵਿਚਾਰਕ ਚਿੱਤਰ ਹੈ, ਯਥਾਰਥ ਦੀ ਇਕ ਕਲਾਤਮਕ ਮੂਰਤ ਜੋ ਕਲਾਕਾਰ ਦੀ ਚੇਤਨਾ ਵਿਚ ਵਿਚਰਦੀ ਹੈ ਅਤੇ ਇਸੇ ਪ੍ਰਕਾਰ ਪਾਠਕ, ਦਰਸ਼ਕ ਜਾਂ ਸ੍ਰੋਤੇ ਵਿਚ ਖਚਿਤ ਹੁੰਦੀ ਹੈ।[20]

ਬਿੰਬ ਬੜਾ ਵਿਆਪਕ ਸ਼ਬਦ ਹੈ। ਸਮੁੱਚਾ ਮਨੁੱਖੀ ਜੀਵਨ, ਉਸ ਨਾਲ ਸੰਬੰਧਤ ਹਰ ਵਸਤੂ ਅਤੇ ਪ੍ਰਕ੍ਰਿਤੀ ਦਾ ਹਰ ਕਾਰਜ ਇਸਦੇ ਅੰਦਰ ਸਮਾ ਸਕਦਾ ਹੈ। ਇਸੇ ਤਰ੍ਹਾਂ ਕਾਵਿ ਦੇ ਅੰਤਰਗਤ ਵੀ ਬਿੰਬ ਦਾ ਬੜਾ ਵਿਆਪਕ ਮਹੱਤਵ ਹੈ। ਭਾਵਾਂ ਅਤੇ ਵਿਚਾਰਾਂ ਦਾ ਜਿਤਨਾ ਸਫਲ ਅਤੇ ਸਹਿਜ ਪ੍ਰਗਟਾ ਬਿੰਬਾਂ ਦੁਆਰਾ ਹੋ ਸਕਦਾ ਹੈ ਉਤਨਾ ਕਿਸੇ ਹੋਰ ਸਾਹਿਤਕ ਵਿਧੀ ਨਾਲ ਨਹੀਂ। 'ਭਾਵ ਸੰਚਾਰ ਲਈ ਢੁੱਕਵਾਂ ਤੇ ਕਲਾਮਈ ਮਾਧਿਅਮ ਬਿੰਬ ਹੀ ਹਨ। ਬਿੰਬ ਜਿਥੇ ਪ੍ਰਤੱਖ ਦੀ ਅਨੁਭੂਤੀ ਕਰਾਉਂਦੇ ਹਨ, ਉਥੇ ਇਹ ਕਾਵਿ ਵਿਚ ਨਵੀਂ ਰੂਹ ਦਾ ਸੰਚਾਰ ਵੀ ਕਰਦੇ ਹਨ। ਬਿੰਬਾਂ ਦੀ ਸਹਾਇਤਾ ਨਾਲ ਅਰੂਪ ਨੂੰ

ਰੂਪਮਾਨ ਕਰਕੇ ਭਾਵ ਗ੍ਰਹਿਣ ਅਤੇ ਸੰਚਾਰ ਯੋਗ ਬਣ ਜਾਂਦਾ ਹੈ। ਕਾਵਿ ਦਾ ਵਿਸ਼ਾ ਬਣਨ ਵਾਸਤੇ ਹਰ ਇਕ ਚੀਜ਼, ਘਟਨਾ ਅਤੇ ਤਜ਼ਰਬੇ ਨੂੰ ਜ਼ਿੰਦਗੀ ਦੇ ਰਸਹੀਣ ਅਤੇ ਬੇਸੁਆਦ ਤਜ਼ਰਬੇ ਤੋਂ ਸੁੰਦਰ, ਚਮਕਦਾਰ ਅਤੇ ਖ਼ੂਬਸੂਰਤ ਬਿੰਬਾਂ ਵਿਚ ਬਦਲਿਆ ਜਾ ਸਕਦਾ ਹੈ। ਇਹ ਪਰਿਵਰਤਨ ਤਾਂ ਹੀ ਸੰਭਵ ਹੈ ਜਦ ਇਹ ਜ਼ਿੰਦਗੀ ਦੇਣ ਵਾਲੀ ਅੰਮ੍ਰਿਤ-ਰੂਪੀ ਕਲਪਨਾ ਵਿਚ ਰੰਗਿਆ ਜਾਂਦਾ ਹੈ। ਕਵੀ ਜਾਗ੍ਰਿਤ ਰੂਪ ਵਿਚ ਜੋ ਕੁਝ ਵੇਖਦਾ ਅਤੇ ਅਨੁਭਵ ਕਰਦਾ ਹੈ ਉਹ ਉਸ ਦੀ ਸਿਮਰਤੀ ਦੇ ਭੰਡਾਰ ਵਿਚ ਚਲਾ ਜਾਂਦਾ ਹੈ। ਫਿਰ ਇਹ ਭਾਵ ਜਾਂ ਵਿਚਾਰ ਦੇ ਆਵੇਸ਼ ਨਾਲ ਕਲਪਨਾ ਦੁਆਰਾ ਉਦੈ ਹੋ ਕੇ ਬਿੰਬਾਂ ਦਾ ਰੂਪ ਅਖਤਿਆਰ ਕਰਦਾ ਹੈ।'[21] ਵਿਸ਼ਵ ਕੋਸ਼ ਵਿਚ ਡੰਟਨ ਨੇ ਕਾਵਿ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੀ ਚਿੱਤਰਮਈ ਅਭਿਵਿਅਕਤੀ ਤੇ ਵਿਸ਼ੇਸ਼ ਬਲ ਦਿੱਤਾ ਹੈ। ਉਸ ਅਨੁਸਾਰ:

> ਕਵਿਤਾ ਮਾਨਵ ਮਨ ਦੀ ਚਿੱਤਰਮਈ ਤੇ ਕਲਾਤਮਕ ਅਭਿਵਿਅਕਤੀ ਹੈ ਜੋ ਭਾਵਨਾਤਮਕ ਲੈਅਪੂਰਨ ਭਾਸ਼ਾ ਵਿਚ ਪ੍ਰਗਟ ਹੁੰਦੀ ਹੈ।[22]

ਕਵਿਤਾ ਵਿਚ ਬਿੰਬ ਦੀ ਮਹੱਤਤਾ ਦੱਸਦੇ ਹੋਏ ਪੀ. ਗੁਰੇ ਅਨੁਸਾਰ, "ਬਿੰਬਾਵਲੀ ਦੀ ਕਵਿਤਾ ਲਈ ਇਕ ਅਹਿਮ ਦੇਣ ਸੁਨਿਸ਼ਚਿਤਤਾ, ਸਪੱਸ਼ਟਤਾ ਅਤੇ ਪਰਿਭਾਸ਼ਿਕਤਾ ਦਾ ਗੁਣ ਪ੍ਰਦਾਨ ਕਰਨਾ ਹੈ। ਬਿੰਬਾਵਲੀ ਤੋਂ ਬਗੈਰ ਕਵਿਤਾ ਨਿਰਪੇਖ ਹੋ ਜਾਵੇਗੀ ਅਤੇ ਉਸ ਵਿਚੋਂ ਉਹ ਗੁਣ ਅਲੋਪ ਹੋ ਜਾਣਗੇ ਜਿਹੜੇ ਇਸ ਨੂੰ ਸਪੱਸ਼ਟ ਅਤੇ ਤਰਕ ਸੰਗਤ ਅਭਿਵਿਅੰਜਨ ਤੋਂ ਉੱਚਾ ਲਿਜਾਂਦੇ ਹਨ। ਬਿੰਬਾਵਲੀ ਜਿਥੇ ਅਭਿਵਿਅੰਜਨਾ ਨੂੰ ਪ੍ਰਾਣਵਾਨ ਕਰਦੀ ਹੈ, ਉਥੇ ਇਸ ਵਿਚ ਗੌਰਵ, ਚੰਚਲਤਾ, ਉਣਤੀ-ਬੁਣਤੀ, ਧੁਨੀਆਂ, ਗਤੀਆਂ, ਆਕਾਰਾਂ ਅਤੇ ਵਰਣਾਂ ਦੇ ਭਰਪੂਰ ਸੁਝਾਵਾਂ ਦੇ ਸੰਚਾਰ ਕਰਦੀ ਹੈ।"[23]

ਉਕਤ ਵਿਦਵਾਨਾਂ ਦੇ ਕਥਨਾਂ ਦੀ ਰੋਸ਼ਨੀ ਵਿਚ ਅਸੀਂ ਇਹ ਕਹਿ ਸਕਦੇ ਹਾਂ ਬਿੰਬ ਮਾਨਵ ਹਿਰਦੇ ਉਤੇ ਇੰਦ੍ਰਿਆਵੀ ਬੋਧ ਰਾਹੀਂ ਪਏ ਉਹ ਅਮਿੱਟ ਛਾਇਆ ਚਿੱਤਰ ਹਨ ਜਿਹੜੇ ਮਨੋਭਾਵਾਂ ਦੀ ਪ੍ਰੇਰਨਾ ਦੁਆਰਾ ਉਚਿਤ ਸ਼ਬਦਾਂ ਦਾ ਬਾਣਾ ਪਾ ਕੇ ਮੂਲ ਮੂਰਤੀਮਾਨ ਹੁੰਦੇ ਹਨ। ਉਹ ਇਕ ਪ੍ਰਕਾਰ ਦੇ ਭਾਵ-ਭਰਪੂਰ ਚਿੱਤਰ ਹਨ। ਭਾਵ ਤੋਂ ਬਿਨਾਂ ਕਾਵਿ ਸਿਰਜਣਾ ਜਾਂ ਬਿੰਬ ਸਿਰਜਣਾ ਨਹੀਂ ਹੋ ਸਕਦੀ। ਇਸ ਪ੍ਰਕਾਰ ਬਿੰਬ ਕਾਵਿ ਦਾ ਬੁਨਿਆਦੀ ਤੱਤ ਸਾਬਿਤ ਹੁੰਦੇ ਹਨ। ਜਿਹਨਾਂ ਰਾਹੀਂ ਕਾਵਿ ਦੀ ਕੇਵਲ ਸੁੰਦਰਤਾ ਹੀ ਨਹੀਂ ਵੱਧਦੀ ਸਗੋਂ ਕਾਵਿ ਦੇ ਭਾਵ ਨੂੰ ਦ੍ਰਿਸ਼ ਬਣਾ ਕੇ ਉਸਦਾ ਸੰਚਾਰ ਵੀ ਕਰਦਾ ਹੈ।

ਬਿੰਬ ਅਧਿਆਤਮਿਕ ਵਿਚਾਰਾਂ ਦੇ ਸੰਚਾਰ ਦਾ ਇਕ ਵੱਡਾ ਸਾਧਨ ਹੈ। ਅਸਲ ਵਿਚ ਗੂੜ੍ਹ ਤੇ ਗੰਭੀਰ ਅਧਿਆਤਮਿਕ ਵਿਚਾਰਾਂ ਦੀ ਸਪੱਸ਼ਟ ਅਭਿਵਿਅਕਤੀ ਬਿੰਬ ਹੀ ਕਰ ਸਕਦੇ ਹਨ। ਅਧਿਆਤਮਿਕ ਵਿਚਾਰਾਂ ਅਤੇ ਰਹੱਸਮਈ ਅਨੁਭਵਾਂ ਨੂੰ ਪ੍ਰਗਟ ਕਰ ਸਕਣਾ ਸਰਲ ਕੰਮ ਨਹੀਂ। ਇਨ੍ਹਾਂ ਨੂੰ ਸਹਿਜ ਰੂਪ ਵਿਚ ਗ੍ਰਹਿਣ ਯੋਗ ਬਣਾਉਣ ਲਈ ਬਿੰਬ ਦਾ ਆਸਰਾ ਲੈਣਾ ਪੈਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨਾਂ, ਭਗਤਾਂ, ਭੱਟਾਂ ਆਦਿ ਦੀ ਬਾਣੀ ਵਿਚਲੇ ਬਿੰਬ ਉਨ੍ਹਾਂ ਦੀ ਸ਼ਖ਼ਸ਼ੀਅਤ ਦਾ ਪ੍ਰਤੱਖ ਪਰਿਚੈ ਦਿੰਦੇ ਹਨ। ਸਿੱਖ ਗੁਰੂ ਸਾਹਿਬਾਨਾਂ ਦੇ ਆਪਣੇ ਅਨੁਭਵ, ਜੋ ਉਨ੍ਹਾਂ ਨੇ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਖੇਤਰਾਂ ਤੋਂ ਪ੍ਰਾਪਤ ਕੀਤੇ ਹਨ, ਉਹ ਉਨ੍ਹਾਂ ਦੇ ਬਿੰਬਾਂ ਤੋਂ ਸਪੱਸ਼ਟ ਝਲਕਾਰੇ ਮਾਰਦੇ ਹਨ। ਖਾਸ ਕਰਕੇ ਆਤਮਿਕ ਅਨੁਭਵ ਨੂੰ ਬੜੇ ਸੂਖ਼ਮ ਢੰਗ ਨਾਲ ਪੇਸ਼ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਬਿੰਬ ਸਿਰਜਣਾ ਵੀ ਉਨ੍ਹਾਂ ਦੇ ਅਨੇਕ ਪੱਖੀ ਅਨੁਭਵ ਵਾਂਗ ਵਿਸ਼ੇਸ਼ ਪ੍ਰਕਾਰ ਦੀ ਹੈ। ਗੁਰੂ ਸਾਹਿਬ ਦੀ ਡੂੰਘੀ ਤੇ ਗੰਭੀਰ ਬਾਣੀ ਅਤੇ ਮਹਾਨ ਵਿਅਕਤਿਤਵ ਨੂੰ ਸਮਝਣ ਲਈ ਉਨ੍ਹਾਂ ਦੇ ਬਿੰਬ ਬਹੁਤ ਸਹਾਈ ਹੁੰਦੇ ਹਨ। ਸੁਖਮਨੀ ਸਾਹਿਬ ਵਿਚ ਵਰਤੇ ਗਏ ਬਿੰਬਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਗੁਰੂ ਸਾਹਿਬ ਨੇ ਆਪਣੇ ਵਿਸ਼ਾਲ ਜੀਵਨ ਅਨੁਭਵ, ਸਮਾਜਿਕ ਆਲੇ-ਦੁਆਲੇ ਅਤੇ ਗਿਆਨ ਧਿਆਨ ਦੇ ਵੱਖੋ-ਵੱਖਰੇ ਪੱਖਾਂ ਨਾਲ ਸੰਬੰਧਿਤ ਬਿੰਬਾਂ ਦੀ ਸਿਰਜਣਾ ਇਸ ਪ੍ਰਕਾਰ ਕੀਤੀ ਹੈ ਕਿ ਨਕਸ਼ੇ ਬਿੰਬਾਂ ਦੇ ਰੂਪ ਵਿਚ ਸਾਹਮਣੇ ਆ ਜਾਂਦੇ ਹਨ। ਉਨ੍ਹਾਂ ਦੇ ਬਿੰਬ ਇਕ ਪ੍ਰਕਾਰ ਦਾ ਦਰਪਣ ਹਨ ਜਿਸ ਵਿਚ ਉਨ੍ਹਾਂ ਦੇ ਹਿਰਦੇ, ਬੁੱਧੀ ਤੇ ਸਮੁੱਚੇ ਵਿਅਕਤਿੱਤਵ ਦਾ ਪੂਰਾ ਪੂਰਾ ਅਕਸ ਪੈਂਦਾ ਹੈ।

ਸੁਖਮਨੀ ਸਾਹਿਬ ਵਿਚ ਉਹ ਅਧਿਆਤਮਿਕ ਖੇਤਰ ਦੀਆਂ ਧੁਰ ਡੂੰਘਾਈਆਂ ਤਕ ਪੁੱਜੇ ਅਤੇ ਆਪਣੇ ਭਾਵਾਂ ਨੂੰ ਸਪੱਸ਼ਟ ਕਰਨ ਲਈ ਅਤੇ ਲੋਕਾਈ ਨੂੰ ਸਮਝਾਉਣ ਲਈ ਬਿੰਬਾਂ ਦੀ ਵਰਤੋਂ ਕੀਤੀ ਹੈ। ਸੁਖਮਨੀ ਦੇ ਕਲਾ ਭਵਨ ਵਿਚ ਹਰ ਉਹ ਬਿੰਬ ਉਪਲੱਬਧ ਹੈ ਜਿਹੜਾ ਜੀਵ ਵਾਸਤੇ ਪ੍ਰਭੂ ਪ੍ਰੇਮ ਦਾ ਮਾਰਗ ਵਧੇਰੇ ਸੁਗਮ ਅਤੇ ਸੁਲਭ ਬਣਾਉਂਦਾ ਹੈ ਅਤੇ ਉਸ ਨੂੰ ਇਕ ਉਚੇਰੇ ਆਤਮਿਕ ਮੰਡਲ ਵਲ ਜਾਣ ਦੀ ਪ੍ਰੇਰਣਾ ਦਿੰਦਾ ਹੈ। ਇਸ ਲਈ ਇਸ ਰਚਨਾ ਨੂੰ ਬਿੰਬਾਂ ਦਾ ਕੋਸ਼ ਵੀ ਕਿਹਾ ਜਾ ਸਕਦਾ ਹੈ। ਸੁਖਮਨੀ ਸਾਹਿਬ ਵਿਚ ਪ੍ਰਯੁਕਤ ਬਿੰਬਾਂ ਦੀਆਂ ਕੁਝ ਮਿਸਾਲਾਂ ਵੰਨਗੀ ਵਜੋਂ ਪ੍ਰਸਤੁਤ ਹਨ:

## ਨਾਦ ਬਿੰਬ

ਡਾ. ਕੁਮਾਰ ਵਿਮਲ ਦੇ ਕਥਨ ਅਨੁਸਾਰ,"ਕਾਵਿ ਦੇ ਖੇਤਰ ਵਿਚ ਧੁਨੀ ਕਲਪਨਾ ਤੋਂ ਸਾਡੀ ਮੁਰਾਦ ਹੈ ਕਵਿਤਾ ਦੇ ਸੁਣਨ ਪੱਖ ਦੀ ਅਜਿਹੀ ਯੋਜਨਾ ਜਾਂ ਨਾਦ ਸੁੰਦਰਤਾ ਦਾ ਅਜਿਹਾ ਸੰਚਾਰ ਜੋ ਪਾਠਕ ਜਾਂ ਸ੍ਰੋਤੇ ਦੁਆਰਾ ਕਵਿਤਾ ਦੇ ਸਮਝੇ ਜਾਣ ਤੋਂ ਪਹਿਲਾਂ ਹੀ ਸੁਹਿਰਦ ਚਿੱਤ ਵਿਚ ਕਵੀ ਦੇ ਭਾਵ ਨਿਵੇਦਨ ਦੀ ਵਿਅੰਜਨਾ ਨੂੰ ਸੰਚਾਰਿਤ ਕਰ ਦੇਵੇ। ਧੁਨੀ ਕਲਪਨਾ ਨਾਲ ਯੁਕਤ ਭਾਸ਼ਾ ਵਿਚ ਇਕ ਪ੍ਰਕਾਰ ਦੀ ਅੰਤਰ ਸ਼ਕਤੀ ਹੁੰਦੀ ਹੈ।"[24] ਸੁਖਮਨੀ ਸਾਹਿਬ ਵਿਚ ਨਾਦ ਬਿੰਬਾਂ ਦਾ ਬੜਾ ਸੁਹਜਮਈ ਪ੍ਰਯੋਗ ਹੋਇਆ ਹੈ:

(ੳ) ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥
ਸੁਖ ਪ੍ਰਭ ਸਿਮਰਨ ਦਾ ਅੰਤੁ ਨਾ ਪਾਰ॥[25]

(ਅ) ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥
ਘਟਿ ਘਟਿ ਸੁਨੀ ਸ੍ਰਵਨ ਬਖ੍ਾਣੀ॥[26]

(ੲ) ਜੈ ਜੈ ਸਬਦੁ ਅਨਾਹਦੁ ਵਾਜੈ॥
ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ॥[27]

ਉਪਰੋਕਤ ਵਰਣਿਤ ਉਦਾਹਰਣਾਂ ਤੋਂ ਇਲਾਵਾ ਗੁਰੂ ਸਾਹਿਬ ਨੇ ਬਾਣੀ ਸੁਖਮਨੀ ਵਿਚ ਸ਼ਬਦਾਂ ਦੇ ਦੁਹਰਾਉ ਜਾਂ ਅਨੁਪ੍ਰਾਸ ਅਲੰਕਾਰ ਰਾਹੀਂ ਵੀ ਨਾਦ ਬਿੰਬ ਦੀ ਸੁਹਜਾਤਮਕ ਪੇਸ਼ਕਾਰੀ ਕੀਤੀ ਹੈ।

ਇਸ ਬਿੰਬ ਵਿਚਲੇ ਸੰਗੀਤ ਰਸ ਦਾ ਪ੍ਰਮੁੱਖ ਮਾਧਿਅਮ ਅਨੁਪ੍ਰਾਸ ਦੀ ਵਰਤੋਂ ਹੈ। ਜਿਸ ਨਾਲ ਨਾਦ ਬਿੰਬਾਂ ਦੀ ਸਿਰਜਣਾ ਹੋਈ ਹੈ। ਜਦ ਇਕ ਹੀ ਸ਼ਬਦ ਜਾਂ ਵਾਕੰਸ਼ ਵਾਰ ਵਾਰ ਗੂੰਜਦਾ ਹੈ ਤਾਂ ਕੰਨਾ ਵਿਚ ਉਸ ਸੰਕਲਪ ਦੀ ਅਨੁਭੂਤੀ ਹੋਣ ਲੱਗ ਪੈਂਦੀ ਹੈ। ਪ੍ਰਭ ਕੈ ਸਿਮਰਨਿ, ਪ੍ਰਭ ਕਉ ਸਿਮਰਹਿ, ਹਰਿ ਸਿਮਰਨ, ਹਰਿ ਦਾ ਨਾਮ, ਹਰਿ ਕੈ ਨਾਮ, ਮਿਥਿਆ, ਜਿਹ ਪ੍ਰਸਾਦਿ, ਸਾਧ ਕੈ ਸੰਗਿ, ਬ੍ਰਹਮ ਗਿਆਨੀ, ਕਈ ਕੋਟਿ, ਸੰਤ ਕੈ ਦੂਖਨਿ, ਸੰਤ ਕਾ ਨਿੰਦਕ ਅਤੇ ਸੰਤ ਕੇ ਦੋਖੀ ਆਦਿ ਸ਼ਬਦਾਂ ਦਾ ਵਾਰ ਵਾਰ ਦੁਹਰਾਉ ਕਰਕੇ ਨਾਦ ਬਿੰਬ ਪ੍ਰਸਤੁਤ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਬਾਕੀ ਬਾਣੀਆਂ ਵਿਚ ਵੀ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਕੀਤੀ ਹੋਈ ਹੈ ਪਰ ਸੁਖਮਨੀ ਸਾਹਿਬ ਵਿਚ ਇਹ ਕਲਾ ਆਪਣੇ ਸਿਖ਼ਰ ਤੇ ਹੈ। ਸਿਮਰਨ ਦੀ ਮਹੱਤਤਾ, ਵਿਕਾਰੀ ਜੀਵਨ ਦਾ ਮਿਥਿਆ ਭਾਗ, ਸਾਧ ਸੰਗਤ ਦੀ ਵਡਿਆਈ, ਬ੍ਰਹਮ ਗਿਆਨੀ ਦੀ ਸੋਭਾ ਅਤੇ ਸ੍ਰਿਸ਼ਟੀ ਦੀ ਅਨੰਤਤਾ ਆਦਿ ਮਹੱਤਵਪੂਰਨ ਪੱਖ ਨਾਦ ਬਿੰਬ ਰਾਹੀਂ ਪੇਸ਼ ਕੀਤੇ ਗਏ ਹਨ।

ਗੁਰਬਾਣੀ ਵਿਚ ਆਦਰਸ਼ ਪੁਰਸ਼ ਲਈ ਗੁਰਮੁੱਖ ਦਾ ਸੰਕਲਪ ਹੈ ਭਾਵੇਂ ਗੁਰੂ ਅਰਜਨ ਦੇਵ ਜੀ ਨੇ ਵਿਸਤਾਰਪੂਰਵਕ ਗੁਰਮੁੱਖ ਦਾ ਚਿੱਤਰ ਪੇਸ਼ ਕੀਤਾ ਹੈ ਪਰ ਸੁਖਮਨੀ ਸਾਹਿਬ ਵਿਚ ਜਿਹੜਾ ਸ਼ਬਦ ਚਿੱਤ੍ਰ ਉਹਨਾਂ ਦੁਆਰਾ ਬ੍ਰਹਮ ਗਿਆਨੀ ਦਾ ਚਿਤ੍ਰਿੱਤ ਕੀਤਾ ਗਿਆ ਹੈ ਉਹ ਹੋਰ ਕਿਧਰੇ ਵੀ ਉਪਲੱਬਧ ਨਹੀਂ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਬ੍ਰਹਮ ਗਿਆਨੀ ਦਾ ਅਨੁਭਵ ਉਨ੍ਹਾਂ ਦਾ ਆਪਣਾ ਹੈ ਇਸ ਦੇ ਬੀਜ ਤਾਂ ਉਨ੍ਹਾਂ ਦੀ ਹੋਰ ਰਚਨਾਵਾਂ ਵਿਚ ਹੀ ਪੈ ਚੁੱਕੇ ਸਨ ਪਰ ਪੂਰਨ ਵਿਕਸਿਤ ਰੂਪ ਸੁਖਮਨੀ ਸਾਹਿਬ ਵਿਚ ਹੀ ਸਾਹਮਣੇ ਆਇਆ ਹੈ:

(ੳ) ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥
ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲ ਪਵਾਨ॥
ਬ੍ਰਹਮ ਗਿਆਨੀ ਕੈ ਧੀਰਜੁ ਏਕ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ॥ ਨਾਨਕ ਜਿਉ ਪਾਵਕ ਦਾ ਸਹਜ ਸੁਭਾਉ॥[28]

(ਅ) ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥ ਜੈਸੇ ਧਰ ਊਪਰਿ ਆਕਾਸੁ॥[29]

ਇਸ ਬਿੰਬ ਦੀ ਵਰਤੋਂ ਵਿਚ ਉਪਮਾ ਅਲੰਕਾਰ ਵੀ ਉਪਜਿਆ ਹੈ। ਜਲ-ਕਮਲ ਅਤੇ ਜਲ-ਮੇਲ ਦੇ ਪਰੰਪਰਿਕ ਬਿੰਬਾਂ ਨੂੰ ਛੱਡ ਕੇ ਬਾਕੀ ਪਵਾਨ, ਬਸੁਧਾ, ਪਾਵਕ ਅਤੇ ਆਕਾਸ਼ ਮੌਲਿਕ ਸੰਦਰਭ ਵਿਚ ਵਰਤੇ ਹਨ। ਬ੍ਰਹਮ ਗਿਆਨੀ ਦੇ ਗੁਣਾਂ ਨੂੰ ਪਾਵਕ (ਅੱਗ) ਵਰਗੀ ਪਵਿੱਤਰਤਾ, ਆਕਾਸ਼ ਵਰਗੀ ਅਸੀਮਤਾ, ਪਵਾਨ (ਹਵਾ) ਵਰਗੀ ਸਰਵ-ਵਿਆਪਕਤਾ ਅਤੇ ਬਸੁਧਾ (ਧਰਤੀ) ਵਰਗੀ ਆਪਾਰ ਸ਼ਕਤੀ ਅਤੇ ਧੀਰਜ ਨਾਲ ਤੁਲਨਾਇਆ ਗਿਆ ਹੈ।

**ਰਸ ਜਾਂ ਸੁਆਦ ਬਿੰਬ**

ਇਹਨਾਂ ਬਿੰਬਾਂ ਦਾ ਬੋਧ ਜੀਭ ਰਾਹੀਂ ਹੁੰਦਾ ਹੈ। ਅਜਿਹੇ ਬਿੰਬਾਂ ਵਿਚ ਪਾਠਕ ਵੱਖ-ਵੱਖ ਸੁਆਦਾਂ ਦਾ ਰਸ ਮਾਣਦਾ ਹੈ। ਰਸ ਬਿੰਬਾਂ ਦਾ ਬੜਾ ਤੀਬਰ ਅਤੇ ਪ੍ਰਭਾਵਸ਼ਾਲੀ ਚਿੱਤਰਣ ਸੁਖਮਨੀ ਸਾਹਿਬ ਵਿਚ ਹੋਇਆ ਹੈ। ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਮਿਲਾਪ ਰੂਪੀ ਨਾਮ ਦੇ ਰਸ ਦਾ ਸੁਆਦ ਮਾਣਨ ਦਾ ਉਪਦੇਸ਼ ਦਿੱਤਾ ਹੈ। ਇਸ ਸੁਆਦ ਦੇ ਅੱਗੇ ਹੋਰ ਸਾਰੇ ਸੁਆਦ ਬਿਲਕੁਲ ਫੋਕੇ ਹਨ। ਕੁਝ ਉਦਾਹਰਣਾਂ ਇਸ ਸੰਬੰਧ ਵਿਚ ਵੇਖਦੇ ਹਾਂ:

(ੳ) ਜਹਾ ਤ੍ਰਿਖਾ ਮਨ ਤੁਝੁ ਆਕਰਖੈ।।

ਤਹ ਨਾਨਕ ਹਰਿ ਹਰਿ ਅੰਮ੍ਰਿਤ ਬਰਖੈ।।[30]

(ਅ) ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ।।

ਹਰਿ ਕੈ ਨਾਮਿ ਜਨ ਕਉ ਤ੍ਰਿਪਤ ਭੁਗਤਿ।।[31]

(ੲ) ਓਤਿ ਪੋਤਿ ਜਨ ਹਰਿ ਰਸ ਰਾਤੇ।।

ਸੁੰਨਿ ਸਮਾਧਿ ਨਾਮ ਰਸ ਮਾਤੇ।।[32]

(ਸ) ਬਾਰ ਬਿਵਸਥਾ ਤੁਝਹਿ ਪਿਆਰੈ ਦੂਧ।।

ਭਰਿ ਜੋਬਨ ਭੋਜਨ ਸੁਖ ਸੂਧ।।[33]

(ਹ) ਅਗਨਤ ਸਾਹੁ ਅਪਨੀ ਦੇ ਰਾਸਿ।।

ਖਾਤ ਪੀਤ ਬਰਤੈ ਅਨਦ ਉਲਾਸਿ।।[34]

(ਕ) ਬਾਰੰ ਬਾਰ ਬਾਰ ਪ੍ਰਭੁ ਜਪੀਐ।।

ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ।।[35]

(ਖ) ਇਹੁ ਹਰਿ ਰਸੁ ਪਾਵੈ ਜਨੁ ਕੋਇ।।

ਅੰਮ੍ਰਿਤ ਪੀਵੈ ਅਮਰੁ ਸੁ ਹੋਇ।।[36]

ਇਨ੍ਹਾਂ ਪੰਕਤੀਆਂ ਵਿਚ ਪਰਮਾਤਮਾ ਦੇ ਨਾਮ ਰੂਪੀ ਅੰਮ੍ਰਿਤ ਨੂੰ ਪੀ ਕੇ ਮਨ ਅਤੇ ਤਨ ਨੂੰ ਹੋਣ ਵਾਲੀ ਤ੍ਰਿਪਤੀ ਰਾਹੀਂ ਰਸ ਬਿੰਬ ਦਾ ਸਜੀਵ ਚਿੱਤਰ ਪੇਸ਼ ਹੋਇਆ ਹੈ।

**ਸਪਰਸ਼ ਬਿੰਬ**

ਸਪਰਸ਼ ਬਿੰਬ ਉਹ ਹੁੰਦੇ ਹਨ ਜਿਨ੍ਹਾਂ ਦਾ ਸੰਬੰਧ ਸਾਡੀ ਚਮੜੀ/ਸਰੀਰ ਨਾਲ ਹੁੰਦਾ ਹੈ। ਸੁਖਮਨੀ ਸਾਹਿਬ ਵਿਚੋਂ ਸਪਰਸ਼ ਬਿੰਬ ਦੀ ਉਦਾਹਰਣ ਇਸ ਪ੍ਰਕਾਰ ਹੈ:

ਜਹ ਮਹਾ ਭਇਆਨ ਤਪਤਿ ਬਹੁ ਘਾਮ।।

ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ।।[37]

ਉਪਰੋਕਤ ਸਤਰਾਂ ਵਿਚ ਗੁਰੂ ਸਾਹਿਬ ਨੇ ਤਪਸ਼ ਵਾਲੇ ਵਾਯੂਮੰਡਲ ਅਤੇ ਸਕੂਨ ਦੇਣ ਵਾਲੀ ਛਾਂ ਦੀ ਅਨੁਭੂਤੀ ਸਹਿਜੇ ਹੀ ਕਰਵਾ ਦਿੱਤੀ ਹੈ। ਇਥੇ ਗੁਰੂ ਸਾਹਿਬ ਨੇ ਵਿਸ਼ੇ ਵਿਕਾਰਾਂ ਦੀ ਤਪਸ਼ ਵਿਚ ਜਲ ਰਹੇ ਸੰਸਾਰ ਲਈ ਨਾਮ ਰੂਪੀ ਸੀਤਲਤਾ, ਠੰਢ ਤੇ ਸ਼ਾਂਤੀ ਦਾ ਸੰਦੇਸ਼ ਦਿੱਤਾ ਹੈ।

### ਗੰਧ ਬਿੰਬ

ਸੁਖਮਨੀ ਸਾਹਿਬ ਵਿਚ ਸੁੰਘਣ ਦੇ ਆਧਾਰ ਤੇ ਵੀ ਬਿੰਬ ਅਭਿਵਿਅਕਤ ਹੋਏ ਹਨ। ਮਿੱਠੀ ਮਿੱਠੀ ਖੁਸ਼ਬੋ, ਮਧੁਰ ਰਸ ਆਦਿ ਵਿਸ਼ੇਸ਼ ਰੂਪ ਨਾਲ ਖਿੱਚ ਪਾਉਂਦੇ ਹਨ, ਪਰ ਗੁਰੂ ਸਾਹਿਬ ਨੇ ਇਨ੍ਹਾਂ ਮਹਿਕਦਾਰ ਵਸਤਾਂ ਪ੍ਰਤਿ ਕਦੀ ਵੀ ਲਗਾਵ ਪੇਸ਼ ਨਹੀਂ ਕੀਤਾ ਕਿਉਂਕਿ ਨਾਮ ਸਿਮਰਨ ਤੋਂ ਬਿਨਾਂ ਇਹ ਚੀਜ਼ਾਂ ਬਿਲਕੁਲ ਵਿਅਰਥ ਹਨ। ਪਰਮਾਤਮਾ ਤੋਂ ਵਿਜੋਗੇ ਵਿਅਕਤੀ ਦੀ ਸਾਰੀ ਉਮਰ ਅਰਥਹੀਣ ਹੈ। ਅਜਿਹੇ ਵਿਅਕਤੀ ਕੇ ਮੂੰਹ ਵਿਚੋਂ ਨਿੰਦਾ ਚੁਗਲੀ ਦੀ ਬਦਬੂ ਆਉਂਦੀ ਹੈ। ਅਜਿਹੇ ਵਿਅਕਤੀ ਦਾ ਸਰੀਰ, ਅੰਗ ਵਿਅਰਥ ਹਨ ਜੋ ਵਿਕਾਰਾਂ ਦੀ ਵਾਸ਼ਨਾ ਵਿਚ ਰੁਚੀ ਲੈਂਦਾ ਹੈ। ਉਦਾਹਰਣਾਂ ਦੇਖੋ:

(ੳ) ਮਿਥਿਆ ਤਨ ਨਹੀ ਪਰਉਪਕਾਰਾ॥
ਮਿਥਿਆ ਬਾਸੁ ਲੇਤ ਬਿਕਾਰਾ॥[38]

(ਅ) ਬਿਰਥਾ ਨਾਮ ਬਿਨਾ ਤਨੁ ਅੰਧ॥
ਮੁਖਿ ਆਵਤ ਤਾ ਕੈ ਦੁਰਗੰਧ॥[39]

(ੲ) ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥[40]

### ਰੂਪ ਜਾਂ ਦ੍ਰਿਸ਼ ਬਿੰਬ

ਡਾ. ਨਗੇਂਦਰ ਅਨੁਸਾਰ ਹਰੇਕ ਗਿਆਨ ਇੰਦਰੀ ਦਾ ਅਨੁਭਵ ਇਕ ਪ੍ਰਕਾਰ ਦਾ ਬਿੰਬ ਉਤਪੰਨ ਕਰਦਾ ਹੈ ਫਿਰ ਵੀ ਦ੍ਰਿਸ਼ ਦਾ ਯੋਗਦਾਨ ਸਭ ਤੋਂ ਵਧੇਰੇ ਰਹਿੰਦਾ ਹੈ। ਬਿੰਬ ਵਿਧਾਨ ਮੂਰਤ ਹੀ ਹੁੰਦਾ ਹੈ ਕਿਉਂਕਿ ਇੰਦਰਿਆਈ ਅਨੁਭਵਤਾ ਵਿਚ ਦ੍ਰਿਸ਼ ਅਨੁਭਵ ਸਭ ਤੋਂ ਵਧੇਰੇ ਮੂਰਤ ਹੁੰਦਾ ਹੈ। ਇਸੇ ਕਰਕੇ ਬਿੰਬ ਵਿਚ ਰੂਪ ਤੱਤ ਦੀ ਵਧੇਰੇ ਪ੍ਰਧਾਨਤਾ ਹੁੰਦੀ ਹੈ। ਸ਼ਬਦ, ਸਪਰਸ਼, ਰਸ ਅਤੇ ਗੰਧ ਵਿਚ ਵੀ ਆਪਣੇ-ਆਪਣੇ ਬਿੰਬ ਹੁੰਦੇ ਹਨ, ਪਰ ਅਕਸਰ ਉਨ੍ਹਾਂ ਨੂੰ ਵੀ ਰੂਪ ਦਾ ਆਧਾਰ ਲੈਣਾ ਪੈਂਦਾ ਹੈ।[41] ਸੁਖਮਨੀ ਸਾਹਿਬ ਦੀ ਬਿੰਬ ਸਿਰਜਣਾ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਇਸ ਵਿਚ ਦ੍ਰਿਸ਼ ਜਾਂ ਰੂਪ, ਸ਼੍ਰਵਣ ਜਾਂ ਨਾਦ, ਸੁਆਦ ਜਾਂ ਰਸ, ਸਿਮ੍ਰਤੀ ਅਤੇ ਕਲਪਨਾ ਬਿੰਬ ਵਰਤੇ ਗਏ ਹਨ ਪਰ ਸਭ ਤੋਂ ਬਹੁਤੀ ਮਾਤ੍ਰਾ ਵਿਚ ਦ੍ਰਿਸ਼ ਬਿੰਬ ਦਾ ਹੀ ਪ੍ਰਯੋਗ ਹੋਇਆ ਹੈ। ਗੁਰੂ ਸਾਹਿਬ ਦੇ ਦ੍ਰਿਸ਼ਟੀਗਤ ਬਿੰਬ ਕਿਸੇ ਸਧਾਰਨ ਵਿਅਕਤੀ ਦੀ ਸੰਵੇਦਨਾ ਤੋਂ ਕਿਤੇ ਵੱਧ ਸੂਖਮ, ਸੰਪੂਰਣ ਅਤੇ ਤੀਬਰ ਸੰਵੇਦਨਾ ਦੇ ਸੂਚਕ

ਹਨ। ਸੁਖਮਨੀ ਸਾਹਿਬ ਵਿਚ ਸੰਤ ਨਿੰਦਕਾਂ ਅਤੇ ਦੋਖੀਆਂ ਦੇ ਜਿਹੜੇ ਰੂਪ ਬਿੰਬ ਪ੍ਰਸਤੁਤ ਹੋਏ ਹਨ ਉਨ੍ਹਾਂ ਦਾ ਹੋਰ ਕਿਧਰੇ ਕੋਈ ਮੁਕਾਬਲਾ ਨਹੀਂ। ਜਿਵੇਂ :

(ੳ) ਸੰਤ ਕੈ ਦੂਖਨ ਤੇ ਮੁਖੁ ਭਵੈ॥
ਸੰਤਨ ਕੈ ਦੂਖਨਿ ਕਾਗ ਜਿਉ ਲਵੈ॥[42]

(ਅ) ਸੰਤ ਕਾ ਦੋਖੀ ਅਧ ਬੀਚ ਤੇ ਟੂਟੈ॥
ਸੰਤ ਕਾ ਕੋਖੀ ਕਿਤੈ ਕਾਜਿ ਨ ਪਹੁਚੈ॥
ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ॥
ਸੰਤ ਕਾ ਦੋਖੀ ਉਝੜਿ ਪਾਈਐ॥
ਸੰਤ ਕਾ ਦੋਖੀ ਅੰਤਰ ਤੇ ਥੋਥਾ॥
ਜਿਉ ਸਾਸ ਬਿਨਾ ਮਿਰਤਕ ਕੀ ਲੋਥਾ॥[43]

(ੲ) ਸੰਤ ਕਾ ਦੋਖੀ ਇਉ ਬਿਲਲਾਇ॥
ਜਿਉ ਜਲ ਬਿਹੂਨ ਮਛੁਲੀ ਤੜਫੜਾਇ॥
ਸੰਤ ਕਾ ਦੋਖੀ ਭੂਖਾ ਨਹੀ ਰਾਜੈ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ॥
ਸੰਤ ਕਾ ਦੋਖੀ ਛੁਟੈ ਇਕੇਲਾ॥
ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥[44]

ਉਦਿਆਨ ਅਤੇ ਉਝੜਿ ਮਨੁੱਖੀ ਜੀਵਨ ਦੀ ਨਿਰਉਦੇਸ਼ ਭਟਕਣਾ ਨੂੰ ਰੂਪਮਾਨ ਕਰਦੇ ਹਨ। ਲੋਥ, ਮਛਲੀ, ਪਾਵਕ, ਤਿਲ ਅਤੇ ਕਾਗ ਦੇ ਉਪਮਾ ਅਲੰਕਾਰ ਦੁਆਰਾ ਲੋਥ ਦਾ ਸੜਨਾ, ਅੱਗ ਦਾ ਭੜਕਣਾ, ਤਿਲ ਦਾ ਰੁੱਲਣਾ ਅਤੇ ਕਾਂ ਦਾ ਗੰਦੀਆਂ ਥਾਵਾਂ ਤੇ ਫਿਰਨਾ ਸਾਹਮਣੇ ਆ ਜਾਂਦਾ ਹੈ। ਸਰਪ ਜੋਨਿ ਅਤੇ ਤ੍ਰਿਗਦ ਜੋਨਿ ਕਿਰਮਾਇ ਲੰਬੀ ਉਮਰ ਪਰ ਨੀਚ ਪ੍ਰਕਿਰਤੀ ਦੇ ਪੁਰਸ਼ਾਂ ਦੇ ਬਿੰਬ ਹਨ।

ਨਿੰਦਕ ਅਤੇ ਸੰਤ ਦੋਖੀ ਆਪਣਾ ਜੀਵਨ ਵਿਅਰਥ ਹੀ ਗੁਆਉਂਦੇ ਹਨ ਇਨ੍ਹਾਂ ਦੇ ਵਿਅਰਥ ਜੀਵਨ ਦਾ ਬਿੰਬ ਇਸ ਤਰ੍ਹਾਂ ਪੇਸ਼ ਕੀਤਾ ਹੈ:

ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ॥
ਮੇਘ ਬਿਨਾ ਜਿਉ ਖੇਤੀ ਜਾਇ॥

ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ॥

ਜਿਉ ਕਿਰਪਨ ਕੇ ਨਿਰਾਰਥ ਦਾਮ॥[45]

ਮੇਘ ਹਰਿ ਸਿਮਰਨ ਦਾ, ਸੁੱਕ ਰਹੀ ਖੇਤੀ ਵਿਅਰਥ ਜੀਵਨ ਦਾ, ਕਿਰਪਨ ਮਨਮੁੱਖ ਦਾ ਅਤੇ ਦਾਮ ਉਮਰ ਦਾ ਬਿੰਬ ਹੈ।

### ਸਿਮ੍ਰਤੀ ਬਿੰਬ

ਸੁਖਮਨੀ ਸਾਹਿਬ ਵਿਚ ਸਿਮ੍ਰਤੀ ਬਿੰਬ ਦੇ ਵੀ ਚੰਗੇ ਪ੍ਰਮਾਣ ਮਿਲਦੇ ਹਨ। ਗੁਰੂ ਸਾਹਿਬ ਨੇ ਉਦਾਸੀਆਂ, ਤਪੀਆਂ, ਕਰਮ ਕਾਂਡੀਆਂ, ਸਿੱਧਾਂ, ਜੈਨੀਆਂ ਆਦਿ ਨੂੰ ਆਪਣੀ ਹਉਮੈ ਨੂੰ ਸ਼ਾਂਤ ਕਰਨ ਲਈ ਵਿਭਿੰਨ ਸਾਧਨਾ ਵਿਚ ਲੱਗੇ ਹੋਏ ਦੇਖਿਆ ਅਤੇ ਉਪਯੁਕਤ ਸਮੇਂ ਤੋਂ ਆਪਣੀ ਸਿਮ੍ਰਤੀ ਵਿਚੋਂ ਵਿਸ਼ਾਲ ਚਿੱਤ੍ਰ ਪ੍ਰਸਤੁਤ ਕੀਤੇ ਹਨ:

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ॥ ਮਹਾ ਉਦਾਸੁ ਤਪੀਸਰੁ ਥੀਵੈ॥

ਅਗਨਿ ਮਾਹਿ ਹੋਮਤ ਪਰਾਨ॥ ਕਨਿਕ ਅਸ੍ਵ ਹੈਵਰ ਭੂਮਿ ਦਾਨ॥

ਨਿਉਲੀ ਕਰਮ ਕਰੈ ਬਹੁ ਆਸਨ॥ ਜੈਨ ਮਾਰਗ ਸੰਜਮ ਅਤਿ ਸਾਧਨ॥

ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ ਤਉ ਭੀ ਹਉਮੈ ਮੈਲੁ ਨ ਜਾਵੈ॥[46]

ਇਸੇ ਤਰ੍ਹਾਂ ਹੀ ਲੋਭੀਆਂ, ਲਾਲਚੀਆਂ ਦਾ ਚਿੱਤ੍ਰ ਵੀ ਵਰਣਿਤ ਕੀਤਾ ਗਿਆ ਹੈ:

ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥

ਅਨਿਕ ਭੋਗ ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ॥

ਬਿਨਾ ਸੰਤੋਖ ਨਹੀ ਕੋਊ ਰਾਜੈ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥[47]

ਉਠਿ ਧਾਵੈ, ਤ੍ਰਿਪਤ ਨ ਆਵੈ, ਖਪ ਖਪ ਮਰੈ ਵਰਗੇ ਵਾਕੰਸ਼ਾਂ ਤੇ ਮੁਹਾਵਰਿਆਂ ਰਾਹੀਂ ਮਾਇਆ ਦੌੜ ਦਾ ਸਿਮ੍ਰਤੀ ਬਿੰਬ ਕੁਸ਼ਲਤਾ ਪੂਰਵਕ ਪੇਸ਼ ਕੀਤਾ ਹੈ।

### ਕਲਪਨਾ ਬਿੰਬ

ਕਾਵਿ ਵਿਚ ਆਏ ਬਿੰਬ ਕਲਪਨਾ ਰਾਹੀਂ ਹੀ ਸਿਰਜੇ ਜਾਂਦੇ ਹਨ। ਇਸ ਲਈ ਕਾਲਪਨਿਕ ਬਿੰਬਾਂ ਦਾ ਖੇਤਰ ਪੂਰਨ ਤੌਰ ਤੇ ਕਾਵਿਗਤ ਬਿੰਬਾਂ ਦਾ ਖੇਤਰ ਹੁੰਦਾ ਹੈ। ਇਸ ਨੂੰ ਪਿਛਲੀ ਅਵਸਥਾ

(ਸਿਮ੍ਰਤੀ ਬਿੰਬ) ਦਾ ਹੀ ਇਕ ਵਿਕਸਿਤ ਰੂਪ ਕਿਹਾ ਜਾ ਸਕਦਾ ਹੈ। ਕਵੀ ਆਪਣੀ ਸਿਮ੍ਰਤੀ ਦੀ ਮਦਦ ਨਾਲ ਕਲਪਨਾ ਵਿਚ ਬਿੰਬ ਦਾ ਨਿਰਮਾਣ ਕਰਦਾ ਹੈ। ਗੁਰੂ ਅਰਜਨ ਦੇਵ ਜੀ ਮਹਾਨ ਕਲਪਨਾ ਯੁਕਤ ਕਵੀ ਹਨ। ਪਰਮਾਤਮਾ ਨੂੰ ਭੁਲਿਆ ਸਭ ਰੋਗ ਵਿਆਪਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾ ਰੋਗ ਹੰਕਾਰ ਹੈ। ਹੰਕਾਰੀਆਂ ਦਾ ਘ੍ਰਿਣਤ ਰੂਪ ਸੁਖਮਨੀ ਵਿਚ ਗੁਰੂ ਸਾਹਿਬ ਨੇ ਬੜੇ ਉੱਚਤਮ ਢੰਗ ਨਾਲ ਪੇਸ਼ ਕੀਤਾ ਹੈ:

ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕ ਪਾਤੀ ਹੋਵਤ ਸੁਆਨੁ॥
ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥[48]

ਕੁੱਤੇ ਦੇ ਨਰਕਮਈ ਜੀਵਨ ਅਤੇ ਗੰਦਗੀ ਵਿਚ ਕਰਬਲ ਕਰਬਲ ਕਰਦੇ ਕੀੜਿਆਂ ਦੀ ਅਤਿ ਘ੍ਰਿਣਤ ਤਸਵੀਰ ਸਾਹਮਣੇ ਆਉਂਦੀ ਹੈ। ਹੰਕਾਰੀਆਂ ਅਤੇ ਰਾਜ ਅਭਿਮਾਨੀਆਂ ਦਾ ਅਜਿਹਾ ਸੰਭਾਵੀ ਜੀਵਨ ਕਲਪਨਾ ਬਿੰਬ ਵਿਚ ਆ ਜਾਂਦਾ ਹੈ। ਇਸ ਬਿੰਬ ਵਿਚ ਕਵੀ ਦੀ ਕਲਪਨਾ ਬੜੇ ਤੀਬਰ ਵੇਗ ਨਾਲ ਉਡਾਰੀਆਂ ਮਾਰਦੀ ਹੈ ਕਿ ਪਾਠਕ ਵਾਹ ਵਾਹ ਕਰਦਾ ਹੀ ਰਹਿ ਜਾਂਦਾ ਹੈ। ਉਦਾਹਰਣ ਵਜੋਂ:

ਕਬਹੂ ਨਿਰਤਿ ਕਰੈ ਬਹੁ ਭਾਤਿ॥ ਕਬਹੂ ਸੋਇ ਰਹੈ ਦਿਨੁ ਰਾਤਿ॥
ਕਬਹੂ ਮਹਾ ਕ੍ਰੋਧ ਬਿਕਰਾਲ॥ ਕਬਹੂੰ ਸਰਬ ਕੀ ਹੋਤ ਰਵਾਲ॥
ਕਬਹੂ ਹੋਇ ਬਹੈ ਬਡ ਰਾਜਾ॥ ਕਬਹੁ ਭੇਖਾਰੀ ਨੀਚ ਕਾ ਸਾਜਾ॥
ਕਬਹੂ ਅਪਕੀਰਤਿ ਮਹਿ ਆਵੈ॥ ਕਬਹੂ ਭਲਾ ਭਲਾ ਕਹਾਵੈ॥[49]

ਉਪਰੋਕਤ ਪੰਕਤੀਆਂ ਵਿਚ ਵਿਰੋਧਾਭਾਸ ਅਲੰਕਾਰ ਰਾਹੀਂ ਮਨ ਦੀ ਚੰਚਲਤਾ ਪ੍ਰਗਟਾਈ ਗਈ ਹੈ। ਨਿਰਤ ਕਰਨਾ, ਬਿਕਰਾਲ, ਰਵਾਲ, ਬਡਰਾਜਾ, ਭੇਖਾਰੀ ਆਦਿ ਮਨ ਦੀ ਚੰਚਲਤਾ, ਰੋਦ੍ਰ ਰੂਪ, ਨਿਮਰਤਾ, ਅਹੰਕਾਰ, ਤੁੱਛਤਾ, ਉਦੰਡਤਾ ਅਤੇ ਸੱਜਨਤਾ ਦੇ ਬਿੰਬ ਹਨ।

ਸੁਖਮਨੀ ਸਾਹਿਬ ਵਿਚ ਪਰਮਾਤਮਾ ਦੇ ਗੁਣਾਂ ਦਾ ਵਰਣਨ, ਨਾਮ ਸਿਮਰਨ ਦੀ ਮਹੱਤਤਾ ਤੇ ਮਹਾਨਤਾ ਦਾ ਨਿਰੂਪਣ ਕਰਨ ਲਈ ਘਰੋਗੀ ਬਿੰਬਾਂ ਦੀ ਸਿਰਜਣਾ ਕੀਤੀ ਗਈ ਹੈ। ਪ੍ਰਭੂ ਦਾ ਨਾਮ ਮਨੁੱਖ ਦੇ ਜੀਵਨ ਮਾਰਗ ਵਿਚ ਕਿਵੇਂ ਸਹਾਈ ਹੁੰਦਾ ਹੈ, ਇਸ ਨੂੰ ਘਰੋਗੀ ਜੀਵਨ ਦਾ ਦ੍ਰਿਸ਼ਟਾਂਤ ਲੈ ਕੇ ਪੇਸ਼ ਕੀਤਾ ਗਿਆ ਹੈ:

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਹਾ ਊਹਾ ਨਾਮੁ ਤੇਰੈ ਸੰਗਿ ਸਹਾਈ॥

ਜਹਾ ਮਹਾ ਭਇਆਨ ਦੂਤ ਜਮ ਦਲੈ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥

ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥[50]

ਮੂਰਖ ਜੀਵ ਨੂੰ ਜਗਤ ਦੇ ਝੂਠੇ ਸਾਥ ਦੇ ਸੁੱਖ ਦਾ ਤਾਂ ਪਤਾ ਹੈ ਪਰੰਤੂ ਸਦੀਵੀ ਸਾਥ ਦਾ ਗਿਆਨ ਉਸ ਨੂੰ ਨਹੀਂ ਹੈ। ਇਹ ਸਾਥ ਕੇਵਲ ਨਾਮ ਹੀ ਹੈ, ਜੋ ਮਾਤਾ ਪਿਤਾ ਦੇ ਨਾ ਹੁੰਦਿਆਂ ਅਤੇ ਮੌਤ ਤੋਂ ਬਾਅਦ ਵੀ ਸਾਨੂੰ ਸਹਾਰਾ ਦਿੰਦਾ ਹੈ। ਜ਼ਿੰਦਗੀ ਦੀ ਹਰ ਮੁਸ਼ਕਿਲ ਵਿਚ ਵੀ ਹਮੇਸ਼ਾਂ ਨਾਲ ਹੁੰਦਾ ਹੈ। ਨਾਮ ਧਨ ਹੈ, ਅੰਮ੍ਰਿਤ ਹੈ। ਪਰਮਾਤਮਾ ਇਸ ਸ੍ਰਿਸ਼ਟੀ ਦਾ ਰਚਨਹਾਰ ਹੈ। ਉਹ ਕਿਵੇਂ ਇਸ ਜਗਤ ਰੂਪੀ ਪਰਿਵਾਰ ਨੂੰ ਇਕ ਪਿਤਾ ਸਮਾਨ ਸੰਭਾਲ ਕੇ ਪਾਲ ਰਿਹਾ ਹੈ। ਇਸ ਜਗਤ ਨਾਲ ਪ੍ਰਭੂ ਦੇ ਸੰਬੰਧਾਂ ਨੂੰ ਸਪੱਸ਼ਟ ਕਰਨ ਲਈ ਸਰਲ ਢੰਗ ਨਾਲ ਘਰੇਗੀ ਦ੍ਰਿਸ਼ਟਾਂਤ ਲੈ ਕੇ ਸਮਝਾਇਆ ਗਿਆ ਹੈ:

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥

ਕੋਇ ਨ ਜਾਨੈ ਤੁਮਰਾ ਅੰਤ॥ ਊਚੇ ਤੇ ਊਚਾ ਭਗਵੰਤ॥

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥[51]

ਸੁਖਮਨੀ ਸਾਹਿਬ ਵਿਚ ਵਪਾਰ ਸੰਬੰਧੀ ਕਈ ਬਿੰਬ ਵਰਤੇ ਗਏ ਹਨ। ਗੁਰੂ ਸਾਹਿਬ ਜੀਵ ਨੂੰ ਰਾਮ ਨਾਮ ਦਾ ਸੱਚਾ ਵਪਾਰ ਕਰਨ ਦਾ ਉਪਦੇਸ਼ ਦਿੰਦੇ ਹਨ। ਜਿਵੇਂ:

ਜਿਸੁ ਵਖਰ ਕਉ ਲੈਨ ਤੂ ਆਇਆ॥ ਰਾਮ ਨਾਮੁ ਸੰਤਨ ਘਰ ਪਾਇਆ॥

ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਰਾਮ ਨਾਮੁ ਹਿਰਦੇ ਮਹਿ ਤੋਲਿ॥

ਲਾਦਿ ਖੇਪ ਸੰਤਹ ਸੰਗਿ ਚਾਲੁ॥ ਅਵਰ ਤਿਆਗਿ ਬਿਖਿਆ ਜੰਜਾਲ॥

ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ॥

ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥[52]

ਹਰੀ ਨਾਮ ਲਈ ਪੂੰਜੀ ਦਾ ਬਿੰਬ ਹੈ:

ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ॥ ਈਹਾ ਸੁਖ ਦਰਗਹ ਜੈਕਾਰੁ॥[53]

ਸੁਖਮਨੀ ਸਾਹਿਬ ਵਿਚ ਮਿਥਿਹਾਸਕ ਤੇ ਇਤਿਹਾਸਕ ਬਿੰਬਾਂ ਦੀ ਸਿਰਜਣਾ ਵੀ ਕੀਤੀ ਹੈ। ਨਾਮ ਦੀ ਮਹਿਮਾ ਦਾ ਬਖਾਨ ਕਰਨ ਲਈ ਪਾਰਜਾਤ ਰੁੱਖ ਅਤੇ ਕਾਮਧੇਨ ਗਾਂ ਦਾ ਬਿੰਬ ਵਰਤਿਆ ਹੈ।

ਇਨ੍ਹਾਂ ਮੁੱਲਵਾਨ ਅਤੇ ਸਭ ਇਛਾਵਾਂ ਦੀ ਪੂਰਤੀ ਕਰਨ ਵਾਲੀਆਂ ਵਸਤਾਂ ਦੇ ਬਿੰਬਾਂ ਦੀ ਵਰਤੋਂ ਰਾਹੀਂ ਗੁਰੂ ਸਾਹਿਬ ਨੇ ਪਾਠਕ ਦੇ ਮਨ ਅੰਦਰ ਨਾਮ ਦੇ ਮਹੱਤਵ ਨੂੰ ਉਘਾੜਿਆ ਹੈ। ਉਦਾਹਰਣ ਵਜੋਂ:

ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥[54]

ਉਸ ਨਿਰਗੁਣ ਬ੍ਰਹਮ ਦੀ ਵਿਆਪਕਤਾ ਨੂੰ ਬਿਆਨ ਕਰਦੇ ਹੋਏ ਗੁਰੂ ਸਾਹਿਬ ਪ੍ਰਭਾਵਸ਼ਾਲੀ ਬਿੰਬ ਪੇਸ਼ ਕਰਦੇ ਹਨ। ਇਸ ਵਿਚ ਅਨੇਕਾਂ ਦੇਵਤੇ ਆਪਣੀ-ਆਪਣੀ ਵਿਧੀ ਅਨੁਸਾਰ ਉਸ ਬ੍ਰਹਮ ਦਾ ਅੰਤ ਪਾਉਣ ਲਈ ਆਪਣਾ ਜ਼ੋਰ ਲਾ ਕੇ ਹਾਰ ਮੰਨ ਚੁੱਕੇ ਹਨ। ਜਿਵੇਂ:

ਜਾ ਕੀ ਲੀਲਾ ਕੀ ਮਿਤਿ ਨਾਹਿ॥ ਸਗਲ ਦੇਵ ਹਾਰੇ ਅਵਗਾਹਿ॥[55]

ਗੁਰੂ ਸਾਹਿਬ ਉਸ ਬੇਅੰਤ ਦੀ ਬੇਅੰਤਤਾ ਨੂੰ ਪ੍ਰਭਾਵਸ਼ਾਲੀ ਬਿੰਬ ਰਾਹੀਂ ਚਿਤਰਦੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਸ ਅਕਾਲ ਪੁਰਖ ਦਾ ਕੋਈ ਵੀ ਜੀਵ ਅੰਤ ਨਹੀਂ ਪਾ ਸਕਿਆ। ਉਹ ਅਨੰਤ ਅਤੇ ਅਪਾਰ ਹੈ। ਉਸ ਨੂੰ ਸਿਮਰਨ ਵਾਲੇ ਭਗਤ ਜਨ ਉਸਦੀ ਕੀਮਤ ਤਾਂ ਨਹੀਂ ਪਾ ਸਕਦੇ ਪਰੰਤੂ ਉਹ ਬਹੁਤ ਸੁਖ ਪਾਉਂਦੇ ਹਨ:

ਧਿਆਇ ਧਿਆਇ ਭਗਤਹ ਸੁਖੁ ਪਾਇਆ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥[56]

ਨਾਮ ਦੀ ਪਛਾਣ ਤੇ ਪ੍ਰਾਪਤੀ ਲਈ ਕ੍ਰਿਪਾ ਅਵਸ਼ਕ ਹੈ। ਗੁਰੂ ਦਾ ਉਪਦੇਸ਼ ਅਤੇ ਗਿਆਨ ਸਾਡੇ ਮਨ ਨੂੰ ਸਹਾਰਾ ਦਿੰਦੇ ਹਨ। ਇਸ ਲਈ ਗੁਰੂ ਦੀ ਜੀਵਨ ਵਿਚ ਵੱਡੀ ਮਹਾਨਤਾ ਹੈ। ਸੁਖਮਨੀ ਵਿਚ ਗੁਰੂ ਲਈ ਸੂਰਾ ਦਾ ਬਿੰਬ ਵਰਤਿਆ ਹੈ:

(ੳ) ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥[57]

(ਅ) ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥
ਜਿਉ ਪਾਖਾਣੁ ਨਾਵ ਚੜਿ ਤਰੈ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ॥
ਜਿਉ ਅੰਧਕਾਰ ਦੀਪਕ ਪਰਗਾਸੁ॥ ਗੁਰ ਦਰਸਨ ਦੇਖਿ ਮਨਿ ਹੋਇ ਬਿਗਾਸੁ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ॥
ਤਿਨ ਸੰਤਨ ਕੀ ਬਾਛਉ ਧੂਰਿ॥ ਨਾਨਕ ਕੀ ਹਰਿ ਲੋਚਾ ਪੂਰਿ॥[58]

ਸੂਰਾ ਗੁਰੂ ਦੇ ਆਤਮਕ ਬਲ ਦਾ ਬਿੰਬ ਹੈ। ਮੰਦਰ ਮਨੁੱਖੀ ਮਨ ਦਾ, ਥੰਮਨ ਗੁਰ ਸ਼ਬਦ ਦਾ, ਨਾਵ ਗੁਰਦਰਸ਼ਨ ਦਾ, ਪਾਖਾਣ ਕਰਮ ਹੀਣ ਮਨੁੱਖ ਦਾ, ਅੰਧਕਾਰ ਅਤੇ ਮਹਾਂ ਉਦਿਆਨ ਅਗਿਆਨ ਦੀ ਵਿਸ਼ਾਲਤਾ ਦੇ ਬਿੰਬ ਹਨ। ਪਾਠਕ ਦੇ ਸਾਹਮਣੇ ਮਜ਼ਬੂਤ ਥੰਮਾਂ ਦੇ ਸਹਾਰੇ ਖਲੋਤੇ ਇਕ ਭਵਨ ਦਾ ਦ੍ਰਿਸ਼ ਆਉਂਦਾ ਹੈ। ਇਹਨਾਂ ਸ਼ਕਤੀਵਾਨ ਥੰਮਾਂ ਦੇ ਸਹਾਰੇ ਦੇ ਤੁਲ ਗੁਰ ਸ਼ਬਦ ਦੇ ਸਹਾਰੇ ਦਾ ਪ੍ਰਭਾਵ ਪਾਠਕ ਦੇ ਮਨ ਵਿਚ ਉਕਰਿਆ ਜਾਂਦਾ ਹੈ। ਇਥੇ ਦ੍ਰਿਸ਼ਟਾਤ ਅਲੰਕਾਰ ਵੀ ਉਪਜਿਆ ਹੈ।

ਸੁਖਮਨੀ ਸਾਹਿਬ ਵਿਚ ਪਰਮ ਸੱਤਾ ਅਤੇ ਜੀਵਾਤਮਾ ਦੇ ਸੰਬੰਧ ਨੂੰ ਪ੍ਰਗਟਾਉਣ ਲਈ ਠਾਕੁਰ ਸੇਵਕ, ਦਾਤਾ ਭੋਗਤਾ ਅਤੇ ਸ਼ਾਹ ਗੁਮਾਸ਼ਤਾ ਦੇ ਬਿੰਬ ਵੀ ਵਰਤੇ ਗਏ ਹਨ। ਗੁਰੂ ਸਾਹਿਬ ਪਰਮਾਤਮਾ ਨੂੰ ਠਾਕੁਰ ਅਤੇ ਆਪਣੇ ਆਪ ਨੂੰ ਸੇਵਕ ਦਰਸਾਉਂਦੇ ਹੋਏ ਕਹਿੰਦੇ ਹਨ ਕਿ ਸਾਡੀ ਜਿੰਦ ਅਤੇ ਸਰੀਰ ਉਸ ਪਰਮਾਤਮਾ ਦੁਆਰਾ ਦਿੱਤੀ ਹੋਈ ਪੂੰਜੀ ਹੈ। ਇਸ ਸੰਬਧੀ ਉਦਾਹਰਣ ਦੇਖਦੇ ਹਾਂ:

ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥[59]

ਸੇਵਕ ਜਦ ਇਕ ਬੱਚੇ ਦੀ ਤਰ੍ਹਾਂ ਮਾਤਾ ਪਿਤਾ ਵਰਗੇ ਦਿਆਲੂ ਠਾਕੁਰ ਅਗੇ ਆਪਾ ਸਮਰਪਣ ਕਰ ਦਿੰਦਾ ਹੈ ਤਾਂ ਉਹ ਦਿਆਲੂ ਅਤੇ ਪਾਲਕ ਠਾਕੁਰ ਹਰ ਤਰ੍ਹਾਂ ਨਾਲ ਉਸ ਦੀ ਪਾਲਣਾ ਕਰਦਾ ਹੈ। ਬੇਅੰਤ ਸੁੱਖਾਂ ਦੀ ਬਖਸ਼ਿਸ਼ ਵੀ ਕਰ ਦਿੰਦਾ ਹੈ ਅਤੇ ਆਪਣੇ ਸੇਵਕ ਦੇ ਪਰਦੇ ਢੱਕ ਕੇ ਉਸ ਦੀ ਲਾਜ ਜ਼ਰੂਰ ਰੱਖਦਾ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਸਾਨੂੰ ਇਕ ਅਜਿਹੇ ਹੀ ਠਾਕੁਰ ਦਾ ਚਿੱਤ੍ਰ ਨਜ਼ਰ ਆਉਂਦਾ ਹੈ:

ਅਪੁਨੇ ਜਨ ਕਾ ਪਰਦਾ ਢਾਕੈ॥ ਅਪਨੇ ਸੇਵਕ ਕੀ ਸਰਪਰ ਰਾਖੈ॥
ਅਪਨੇ ਦਾਸ ਕਉ ਦੇਇ ਵਡਾਈ॥ ਅਪਨੇ ਸੇਵਕ ਕਉ ਨਾਮੁ ਜਪਾਈ॥
ਅਪਨੇ ਸੇਵਕ ਕੀ ਆਪਿ ਪਤਿ ਰਾਖੈ॥ ਤਾ ਕੀ ਗਤਿ ਮਿਤਿ ਕੋਇ ਨ ਲਾਖੈ॥[60]

ਸੁਖਮਨੀ ਸਾਹਿਬ ਵਿਚ ਸ਼ਾਹ ਦਾ ਡਰਾਉਣਾ ਬਿੰਬ ਮਿਹਰਬਾਨ ਸ਼ਾਹ ਦੇ ਰੂਪ ਵਿਚ ਬਦਲ ਗਿਆ ਹੈ। ਮਿਹਰਬਾਨ ਸ਼ਾਹ ਰੂਪੀ ਪਰਮਾਤਮਾ ਮਨੁੱਖੀ ਜੀਵ ਨੂੰ ਅਨੇਕ ਦਾਤਾਂ ਨਾਲ ਮਾਲਾਮਾਲ ਕਰ ਦਿੰਦਾ ਹੈ। ਮਨੁੱਖੀ ਜੀਵ ਇਨ੍ਹਾਂ ਦਾਤਾਂ ਨੂੰ ਖਾਂਦਾ, ਪੀਂਦਾ, ਵਰਤਦਾ ਅਤੇ ਖ਼ੂਬ ਪ੍ਰਸੰਨ ਹੁੰਦਾ ਹੈ। ਅਜਿਹਾ ਮਿਹਰਬਾਨ ਸ਼ਾਹ ਕੋਈ ਕਰੜਾ ਹਿਸਾਬ ਕਿਤਾਬ ਵੀ ਨਹੀਂ ਰੱਖਦਾ ਸਿਰਫ਼ ਤੇ ਸਿਰਫ਼ ਮਨੁੱਖੀ

ਜੀਵ ਦਾ ਡੂੰਘਾ ਵਿਸ਼ਵਾਸ ਹੀ ਮੰਗਦਾ ਹੈ ਤਾਂ ਕਿ ਜੀਵ ਸਦਾ ਉਸ ਪਰਮਾਤਮਾ ਨੂੰ ਆਪਣੇ ਮਨ ਵਿਚ ਯਾਦ ਰੱਖੇ ਕਿਉਂਕਿ ਉਸਦੇ ਨਾਮ ਸਿਮਰਨ ਰਾਹੀਂ ਹੀ ਮੁਕਤੀ ਦੀ ਪ੍ਰਾਪਤੀ ਵੀ ਸੰਭਵ ਹੈ। ਉਪਰੋਕਤ ਵਰਣਿਤ ਸਾਰੇ ਭਾਵਾਂ ਨੂੰ ਗੁਰੂ ਸਾਹਿਬ ਨਿਮਨ ਲਿਖਤ ਬਿੰਬਾਂ ਵਿਚ ਪੇਸ਼ ਕਰਦੇ ਹਨ:

(ੳ) ਅਗਨਤ ਸਾਹੁ ਅਪਨੀ ਦੇ ਰਾਸਿ।। ਖਾਤ ਪੀਤ ਬਰਤੈ ਅਨਦ ਉਲਾਸਿ।।
ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ।। ਅਗਿਆਨੀ ਮਨਿ ਰੋਸੁ ਕਰੇਇ।।
ਅਪਨੀ ਪਰਤੀਤਿ ਆਪ ਹੀ ਖੋਵੈ।। ਬਹੁਰਿ ਉਸ ਕਾ ਬਿਸ੍ਵਾਸ ਨ ਹੋਵੈ।।
ਜਿਸ ਕੀ ਬਸਤੁ ਤਿਸੁ ਆਗੈ ਰਾਖੈ।। ਪ੍ਰਭ ਕੀ ਆਗਿਆ ਮਾਨੈ ਮਾਥੈ।।
ਉਸ ਤੇ ਚਉਗੁਨ ਕਰੈ ਨਿਹਾਲੁ।। ਨਾਨਕ ਸਾਹਿਬੁ ਸਦਾ ਦਇਆਲੁ।।[61]

(ਅ) ਜਿਹ ਪ੍ਰਸਾਦਿ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ।। ਤਿਸੁ ਠਾਕੁਰੁ ਕਉ ਰਖੁ ਮਨ ਮਾਹਿ।।
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ। ਤਿਸ ਕਉ ਸਿਮਰਤ ਪਰਮ ਗਤਿ ਪਾਵਹਿ।।
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ।। ਤਿਸਹਿ ਧਿਆਇ ਸਦਾ ਮਨ ਅੰਦਰਿ।।
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ।। ਆਠ ਪਹਰ ਸਿਮਰਹੁ ਤਿਸੁ ਰਸਨਾ।।
ਜਿਹ ਪ੍ਰਸਾਦਿ ਰੰਗ ਰਸ ਭੋਗ।। ਨਾਨਕ ਸਦਾ ਧਿਆਈਐ ਧਿਆਵਨ ਜੋਗ।।[62]

ਸੇਵਕ ਕਈ ਵਾਰ ਨਾ ਸ਼ੁਕਰਾ ਵੀ ਹੁੰਦਾ ਹੈ। ਆਪਣੇ ਠਾਕੁਰ ਦੀਆਂ ਮਿਹਰਬਾਨੀਆਂ ਨੂੰ ਆਪਣਾ ਅਧਿਕਾਰ ਹੀ ਸਮਝ ਬੈਠਦਾ ਹੈ, ਰੋਸ ਕਰਦਾ ਹੈ। ਜੀਵ ਦੀ ਅਗਿਆਨਤਾ, ਨਾ ਸ਼ੁਕਰਾਪਣ ਅਤੇ ਪ੍ਰਭੂ ਦੀ ਸਰਵ ਸਮਰੱਥਾ ਇਸ ਨਿਮਨ ਲਿਖਤ ਬਿੰਬ ਰਾਹੀਂ ਪ੍ਰਗਟ ਕੀਤੀ ਹੈ:

ਦਸ ਬਸਤੂ ਲੇ ਪਾਛੈ ਪਾਵੈ।। ਏਕੁ ਬਸਤੁ ਕਾਰਨਿ ਬਿਖੋਟਿ ਗਵਾਵੈ।।
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ।। ਤਉ ਮੂੜਾ ਕਹੁ ਕਹਾ ਕਰੇਇ।।
ਜਿਸੁ ਠਾਕੁਰ ਸਿਉ ਨਾਹੀ ਚਾਰਾ।। ਤਾ ਕਉ ਕੀਜੈ ਸਦ ਨਮਸਕਾਰਾ।।[63]

ਇਸੇ ਪ੍ਰਕਾਰ ਬਿੰਬਾਂ ਦੇ ਪ੍ਰਭਾਵਸ਼ਾਲੀ ਚਿੱਤ੍ਰ ਨਾਲ ਮਨੁੱਖੀ ਮਨ ਨੂੰ ਚਿਤਾਵਨੀ ਦਿੱਤੀ ਹੈ:

ਮਨ ਮੂਰਖ ਕਾਹੇ ਬਿਲਲਾਈਐ।। ਪੁਰਬ ਲਿਖੇ ਕਾ ਲਿਖਿਆ ਪਾਈਐ।।
ਦੂਖ ਸੂਖ ਪ੍ਰਭ ਦੇਵਨਹਾਰੁ।। ਅਵਰ ਤਿਆਗਿ ਤੂ ਤਿਸਹਿ ਚਿਤਾਰੁ।।[64]

ਸੁਖਮਨੀ ਸਾਹਿਬ ਦੇ ਬਿੰਬਾਂ ਦਾ ਇਕ ਸਰੋਤ ਪ੍ਰਕ੍ਰਿਤਕ ਚੌਗਿਰਦਾ ਵੀ ਹੈ। ਗੁਰੂ ਸਾਹਿਬ ਨੇ ਆਪਣੀ ਇਸ ਉੱਤਕ੍ਰਿਸ਼ਟ ਬਾਣੀ ਵਿਚ ਉਸ ਪਰਮਸੱਤਾ ਦੀ ਸਰਵ ਵਿਆਪਕਤਾ ਨੂੰ ਪ੍ਰਕਿਰਤਕ ਬਿੰਬ ਦੀ ਸਿਰਜਣਾ ਦੁਆਰਾ ਸੁਹਜਾਤਮਕ ਰੂਪ ਵਿਚ ਪ੍ਰਗਟਾਇਆ ਹੈ:

ਪਉਣ ਪਾਣੀ ਬੈਸੰਤਰ ਮਾਹਿ।। ਚਾਰਿ ਕੁੰਟ ਦਹ ਦਿਸੇ ਸਮਾਹਿ।।

ਤਿਸ ਤੇ ਭਿੰਨ ਨਹੀ ਕੋ ਠਾਉ।। ਗੁਰ ਪ੍ਰਸਾਦਿ ਨਾਨਕ ਸੁਖੁ ਪਾਉ।।[65]

ਮਾਇਆਧਾਰੀ ਵਿਅਕਤੀ ਦੇ ਅਡੰਬਰਾਂ ਅਤੇ ਵਿਕਾਰਾਂ ਦਾ ਬੋਧ ਕਰਵਾਉਂਦੇ ਹੋਏ ਅਤੇ ਉਸ ਦੇ ਕਿਰਦਾਰ ਦੀ ਆਲੋਚਨਾ ਕਰਦੇ ਹੋਏ ਗੁਰੂ ਸਾਹਿਬ ਨੇ ਪਸ਼ੂ ਪੰਛੀਆਂ ਨਾਲ ਸੰਬੰਧਿਤ ਬਿੰਬ ਵੀ ਵਰਤੇ ਹਨ। ਅਜਿਹੇ ਮੂਰਖ ਵਿਅਕਤੀ ਚੰਦਨ ਦੇ ਲੇਪ ਨੂੰ ਤਾਂ ਧੋ ਕੇ ਲਾਹ ਦਿੰਦੇ ਹਨ ਪਰ ਖੋਤੇ ਵਾਂਗ ਸੁਆਹ ਨੂੰ ਪਿੰਡ ਤੇ ਮਲੀ ਰੱਖਦੇ ਹਨ। ਪਰਮਾਤਮਾ ਦੀ ਦਇਆ ਭਾਵਨਾ ਨੂੰ ਸਮਝ ਹੀ ਨਹੀਂ ਪਾਉਂਦੇ। ਇਸ ਲਈ ਗੁਰੂ ਸਾਹਿਬ ਮੂਰਖ ਪ੍ਰਾਣੀ ਨੂੰ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਕਿ ਜਿਸ ਸਰਵ ਵਿਆਪਕ ਪਰਮਾਤਮਾ ਨੇ ਕਰੋੜਾਂ ਹੀ ਪੱਥਰ, ਬਿਰਖ ਅਤੇ ਹੋਰ ਬਨਸਪਤੀ ਉਪਜਾਈ ਹੈ ਅਰਥਾਤ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਉਸ ਨੂੰ ਕਦੇ ਵੀ ਮਨੋ ਨਾ ਭੁਲਾ। ਜਿਵੇਂ:

(ੳ) ਚੰਦਨ ਲੇਪੁ ਉਤਾਰੈ ਧੋਇ।। ਗਰਧਬ ਪ੍ਰੀਤਿ ਭਸਮ ਸੰਗਿ ਹੋਇ।। [66]

(ਅ) ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ।। ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ।।[67]

(ੲ) ਕਈ ਕੋਟਿ ਪੰਖੀ ਸਰਪ ਉਪਾਏ।। ਕਈ ਕੋਟਿ ਪਾਥਰ ਬਿਰਖ ਨਿਪਜਾਏ।।[68]

ਸੁਖਮਨੀ ਵਿਚ ਉਪਰੋਕਤ ਭਾਵ ਨੂੰ ਮੂਰਤੀਮਾਨ ਕਰਨ ਲਈ ਗੁਰੂ ਸਾਹਿਬ ਨੇ ਨਿਮਨ ਲਿਖਤ ਬਿੰਬ ਯੋਜਨਾ ਦਾ ਚਮਤਕਾਰ ਦਿਖਾਇਆ ਹੈ:

ਕਰਤੂਤਿ ਪਸੂ ਕੀ ਮਾਨਸ ਜਾਤਿ।। ਲੋਕ ਪਚਾਰਾ ਕਰੈ ਦਿਨੁ ਰਾਤਿ।।

ਬਾਹਰਿ ਭੇਖ ਅੰਤਰਿ ਮਲੁ ਮਾਇਆ।। ਛਪਸਿ ਨਾਹਿ ਕਛੁ ਕਰੈ ਛਪਾਇਆ।।

ਬਾਹਰਿ ਗਿਆਨ ਧਿਆਨ ਇਸਨਾਨ।। ਅੰਤਰਿ ਬਿਆਪੈ ਲੋਭੁ ਸੁਆਨੁ।।

ਅੰਤਰਿ ਅਗਨਿ ਬਾਹਰਿ ਤਨੁ ਸੁਆਹ।। ਗਲਿ ਪਾਥਰ ਕੈਸੇ ਤਰੈ ਅਥਾਹ।।[69]

ਉਪਰੋਕਤ ਪੰਕਤੀਆਂ ਵਿਚ ਪਸ਼ੂ, ਸੁਆਨ, ਪੱਥਰ, ਅਗਨੀ, ਸੁਆਹ ਕ੍ਰਮਵਾਰ ਹਵਸ, ਲੋਭ, ਪਾਪ, ਦ੍ਵੈਤ ਭਾਵਨਾਂ ਅਤੇ ਪਾਖੰਡ ਨੂੰ ਰੂਪਮਾਨ ਕਰਦੇ ਹਨ। ਇਹਨਾਂ ਬਿੰਬਾਂ ਰਾਹੀਂ ਹੀ ਹਵਸਵਾਨ, ਲੋਭੀ, ਪਾਪੀ, ਦ੍ਵੈਤਧਾਰੀ ਜੀਵਾਂ ਦਾ ਚਿੱਤ੍ਰ ਪੇਸ਼ ਕੀਤਾ ਗਿਆ ਹੈ।

ਸੋ ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੀ ਬਿੰਬ ਸਿਰਜਣਾ ਉਨ੍ਹਾਂ ਦੇ ਵਿਸ਼ਾਲ ਅਨੁਭਵ ਅਤੇ ਕਲਾ ਕੌਸ਼ਲਤਾ ਦਾ ਪ੍ਰਮਾਣ ਹੈ। ਇੰਦਰਿਆਵੀ ਜਗਤ, ਘਰੇਗੀ ਜੀਵਨ, ਪ੍ਰਕ੍ਰਿਤਕ ਵਾਤਾਵਰਣ ਅਤੇ ਮਿਥਿਹਾਸਕ ਹਵਾਲਿਆਂ ਦੀ ਸਮੁੱਚੀ ਚੋਣ ਦੁਆਰਾ ਵੱਖ-ਵੱਖ ਬਿੰਬਾਂ ਨੂੰ ਸਫਲਤਾ ਸਹਿਤ ਇਸ ਰਚਨਾ ਵਿਚ ਨਿਭਾਇਆ ਗਿਆ ਹੈ। ਇਹ ਵੱਖ ਵੱਖ ਬਿੰਬ ਸੁਖਮਨੀ ਦੀ ਕੇਂਦਰੀ ਭਾਵ ਜੁਗਤ ਨੂੰ ਉਜਾਗਰ ਕਰਨ ਵਿਚ ਆਪਣੀ ਵਿਲੱਖਣ ਭੂਮਿਕਾ ਨਿਭਾਉਂਦੇ ਹਨ। ਇਹ ਬਿੰਬ ਰੰਗ ਰੂਪ ਵਿਚ ਸਰਲ, ਸਹਿਜ ਅਤੇ ਸੁਬੋਧ ਹਨ, ਪਰ ਪ੍ਰਭਾਵ ਵਜੋਂ ਬਹੁਤ ਤਿੱਖੇ ਅਤੇ ਬਲਵਾਨ ਹਨ। ਇਨ੍ਹਾਂ ਦੀ ਯੋਜਨਾ ਕੇਂਦਰੀ ਭਾਵ ਦੇ ਅਨੁਸਾਰ ਹੀ ਹੋਈ ਹੈ, ਕਿਤੇ ਵੀ ਕੋਈ ਬਿੰਬ ਅਧਿਆਤਮਿਕ ਸਾਧਨਾ ਦੇ ਮੂਲ ਧੁਰੇ ਤੋਂ ਹਟਿਆ ਨਹੀਂ ਹੈ। ਇਸ ਤੋਂ ਇਲਾਵਾ ਬਾਣੀ ਵਿਚ ਸ਼ਾਮਿਲ ਬਿੰਬ ਵਿਚਾਰਾਂ ਦੇ ਸਫਲ ਵਰਣਨ ਦੇ ਨਾਲ ਨਾਲ ਪ੍ਰਤੀਕਾਂ ਅਤੇ ਅਲੰਕਾਰਾਂ ਨਾਲ ਸ਼ਿੰਗਾਰੇ ਗਏ ਹਨ। ਇਸ ਲਈ ਅਜਿਹੇ ਬਿੰਬਾਂ ਦੀ ਸਿਰਜਣਾ ਗੁਰੂ ਅਰਜਨ ਸਾਹਿਬ ਜੀ ਦੇ ਵਿਚਾਰ ਅਤੇ ਸੰਕਲਪ ਦਾ ਸੁਹਜਾਤਮਕ ਰੁਪਾਂਤਰਣ ਕਰਦੀ ਹੈ। ਗੁਰੂ ਸਾਹਿਬ ਨੇ ਇਸ ਬਾਣੀ ਵਿਚ ਬਿੰਬਾਂ ਦੀ ਸਫਲ ਸਿਰਜਣਾ ਕਰਕੇ ਪ੍ਰਾਣੀ ਨੂੰ ਧੁਰ ਦੇ ਅਧਿਆਤਮਿਕ ਸੰਦੇਸ਼ ਤੋਂ ਇਲਾਵਾ ਅਤਿ ਉੱਤਮ ਅਤੇ ਚਿਰਜੀਵੀ ਬਾਣੀ ਸੁਖਮਨੀ ਦਾ ਰੂਪ ਪ੍ਰਦਾਨ ਕਰ ਦਿੱਤਾ ਹੈ।

## (2) ਪ੍ਰਤੀਕ ਵਿਧਾਨ

ਕਵਿਤਾ ਵਿਚ ਪ੍ਰਤੀਕ ਸਿਰਜਣਾ ਕਾਵਿ-ਸੁਹਜ ਤੋਂ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਕਵਿਤਾ ਵਿਚ ਪ੍ਰਤੀਕ ਉਹ ਵਸਤੂ ਹੈ ਜਿਹੜੀ ਕਵਿਤਾ ਵਿਚ ਆਮ ਸਧਾਰਣ ਅਤੇ ਕੋਸ਼ਗਤ ਅਰਥਾਂ ਤੋਂ ਪਾਰ ਜਾ ਕੇ ਕਿਸੇ ਡੂੰਘੇ ਅਰਥਾਂ ਦੀ ਪ੍ਰਤੀਤੀ ਕਰਵਾਏ। ਪਰ ਪ੍ਰਤੀਕ ਵਸਤੂ ਜਿਹੜੇ ਨਵੇਂ ਕਾਵਿਕ ਅਰਥ ਦਿੰਦੀ ਹੈ ਉਨ੍ਹਾਂ ਦਾ ਸੰਬੰਧ ਪ੍ਰਤੀਕ ਵਸਤੂ ਦੇ ਸਰੂਪ ਅਤੇ ਸੁਭਾਅ ਨਾਲ ਮੇਲ ਖਾਣ ਵਾਲਾ ਹੁੰਦਾ ਹੈ।[70] ਇਸ ਲਈ ਪ੍ਰਤੀਕ ਆਮ ਤੌਰ ਤੇ ਸਮਾਨਤਾ ਜਾਂ ਸਦ੍ਰਿਸ਼ਟਤਾ ਦੇ ਆਧਾਰ ਤੇ ਹੀ ਸਿਰਜਿਆ ਜਾਂਦਾ ਹੈ। ਡਾ. ਰਾਜਾ ਰਾਮ ਰਸਤੋਗੀ ਅਨੁਸਾਰ ਪ੍ਰਤੀਕ ਦਾ ਅਰਥ ਵੀ ਹੁੰਦਾ ਹੈ ਪ੍ਰਤਿਰੂਪ ਜਾਂ ਮੂਰਤੀ ਜਾਂ ਉਹ ਵਸਤੂ ਜਾਂ ਖਿਆਲ ਜਿਹੜਾ ਇਕ ਹਿੱਸਾ ਹੋ ਕੇ ਵੀ ਮੁਕੰਮਲ ਲਈ ਵਰਤੀਂਦਾ ਹੋਵੇ।[71]

ਉਪਰੋਕਤ ਕਥਨ ਦਾ ਭਾਵ ਇਹ ਹੈ ਕਿ ਪ੍ਰਤੀਕ ਇਕ ਵਸਤੂ ਜਾਂ ਭਾਵ ਹੈ। ਉਹ ਵਸਤੂ ਸਾਰੇ ਵਿਸ਼ੇ ਦਾ ਇਕ ਹਿੱਸਾ ਹੀ ਹੁੰਦਾ ਹੈ ਅਰਥਾਤ ਕਿ ਪ੍ਰਤੀਕ ਇਕ ਅੰਸ਼ ਹੈ ਪਰ ਇਹ ਅੰਸ਼ ਸਾਰੀ ਸੰਪੂਰਣ

ਗੱਲ ਲਈ ਵਰਤਿਆ ਜਾਂਦਾ ਹੈ। ਅਸੀਂ ਪ੍ਰਤੀਕ ਦੀ ਪਰਿਭਾਸ਼ਾ ਸੰਬੰਧੀ ਕਹਿ ਸਕਦੇ ਹਾਂ ਕਿ ਪ੍ਰਤੀਕ ਉਹ ਮੂਰਤ ਹੈ ਜਿਹੜੀ ਆਪਣੇ ਸਰੂਪ ਅਤੇ ਗੁਣਾਂ ਦੀ ਸਮਾਨਤਾ ਦੇ ਆਧਾਰ 'ਤੇ ਆਪਣੇ ਕੋਸ਼ਗਤ ਅਤੇ ਸਾਧਾਰਣ ਅਰਥਾਂ ਦੀ ਬਜਾਏ ਕਿਸੇ ਡੂੰਘੇ ਅਮੂਰਤ ਅਰਥ ਨੂੰ ਸਾਡੇ ਸਾਹਮਣੇ ਦ੍ਰਿਸ਼ਟੀਗੋਚਰ ਕਰੇ। ਇਸ ਤਰ੍ਹਾਂ ਇਹ ਥੋੜੇ ਵਿਚ ਬਹੁਤਾ ਕਹਿ ਜਾਣ ਦੀ ਵਿਧੀ ਹੈ।

ਕਾਵਿ ਕਿਰਤ ਵਿਚ ਪ੍ਰਤੀਕਾਂ ਦਾ ਵਡਮੁੱਲਾ ਯੋਗਦਾਨ ਹੁੰਦਾ ਹੈ ਕਿਉਂਕਿ ਪ੍ਰਤੀਕ ਰਾਹੀਂ ਹੀ ਕਿਸੇ ਵੀ ਵਿਸ਼ੇ ਵਸਤੂ ਜਾਂ ਅਨੁਭਵ ਦੀ ਵਿਆਖਿਆ ਬੜੀ ਸਰਲ ਅਤੇ ਸਪੱਸ਼ਟ ਹੋ ਜਾਂਦੀ ਹੈ ਜਿਸ ਨਾਲ ਪਾਠਕ ਦੇ ਮਨ ਦੀਆਂ ਸੁੱਤੀਆਂ ਭਾਵਨਾਵਾਂ ਤੇ ਕੋਮਲ ਅਹਿਸਾਸਾਂ ਨੂੰ ਜਗਾਇਆ ਜਾਂਦਾ ਹੈ। ਕਵੀ ਦੇ ਬੌਧਿਕ ਤੇ ਗੰਭੀਰ ਵਿਚਾਰਾਂ ਨੂੰ ਕਾਵਿ ਮਈ ਰਸਾਤਮਕ ਰੂਪ ਦੇਣ ਵਿਚ ਪ੍ਰਤੀਕ ਹਮੇਸ਼ਾਂ ਸਹਾਇਕ ਹੁੰਦੇ ਹਨ ਜਿਸ ਨਾਲ ਕਵਿਤਾ ਦੇ ਸੁਹਜਾਤਮਕ ਮੁੱਲਾਂ ਵਿਚ ਭਰਵਾਂ ਵਾਧਾ ਵੀ ਆਪਣੇ ਆਪ ਹੋ ਜਾਂਦਾ ਹੈ। ਕਵਿਤਾ ਵਿਚ ਪ੍ਰਤੀਕ ਸਿਰਜਣਾ ਦੀ ਜ਼ਰੂਰਤ ਸੰਬੰਧੀ ਡਾ. ਪ੍ਰੇਮ ਨਾਰਾਇਣ ਸ਼ੁਕਲ ਦਾ ਕਥਨ ਹੈ ਕਿ ਹਿਰਦੇ ਵਿਚ ਸਾਧਨਾ ਪੂਰਤੀ ਦੇ ਪਲਾਂ ਵਿਚ ਜਿਹੜਾ ਆਨੰਦ ਉਲਾਸ ਉਤਪੰਨ ਹੁੰਦਾ ਹੈ ਕਵੀ ਉਸ ਨੂੰ ਲੋਕ ਕਲਿਆਣ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਜਦ ਸਰਵ ਸਾਧਾਰਣ ਦੇ ਸਾਹਮਣੇ ਪਰਚਲਤ ਸ਼ਬਦਾਂ ਦੇ ਮਾਧਿਅਮ ਰਾਹੀਂ ਠੀਕ ਠੀਕ ਵਿਅਕਤ ਨਹੀਂ ਕਰ ਸਕਦਾ ਤਾਂ ਉਹ ਆਮ ਤੌਰ ਤੇ ਪ੍ਰਤੀਕਾਂ ਦਾ ਆਸਰਾ ਗ੍ਰਹਿਣ ਕਰਦਾ ਹੈ।"[72]

ਉਂਜ ਦਾ ਕੋਈ ਵੀ ਕਾਵਿ ਰਚਨਾ ਪ੍ਰਤੀਕਾਂ ਦੀ ਵਰਤੋਂ ਬਿਨਾ ਸੰਭਵ ਨਹੀਂ ਹੋ ਸਕਦੀ ਪਰ ਅਧਿਆਤਮਿਕ ਕਾਵਿ ਅਤੇ ਨਿਰਗੁਣ ਕਾਵਿ ਵਿਚ ਤਾਂ ਇਸਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ ਕਿਉਂਕਿ ਰਹੱਸਵਾਦੀ ਕਵੀਆਂ ਨੇ ਇਸ ਜੀਵਨ ਅਤੇ ਜਗਤ ਨੂੰ ਨਹੀਂ, ਬਲਕਿ ਅਣਦਿਸਦੇ ਅਗੋਚਰ ਜਗਤ ਨੂੰ ਬਿਆਨ ਅਤੇ ਸਪੱਸ਼ਟ ਕਰਨਾ ਹੁੰਦਾ ਹੈ ਜਿਸ ਨੂੰ ਜੇਕਰ ਬਹੁਤੇ ਸ਼ਬਦਾਂ ਵਿਚ ਬਿਆਨ ਕੀਤਾ ਜਾਵੇ ਤਾਂ ਕਾਵਿਕ ਗੁਣ ਅਤੇ ਰਸ ਖਤਮ ਹੋ ਜਾਂਦਾ ਹੈ ਇਸੇ ਕਰਕੇ ਹੀ ਰਹੱਸਵਾਦੀ ਕਵੀ ਅਜਿਹੇ ਪ੍ਰਤੀਕਾਂ ਦੀ ਵਰਤੋਂ ਨਾਲ ਬਹੁਤੇ ਨੂੰ ਥੋੜ੍ਹੇ ਸ਼ਬਦਾਂ ਵਿਚ ਬਿਆਨ ਕਰਕੇ 'ਕੁੱਜੇ ਵਿਚ ਸਮੁੰਦਰ' ਬੰਦ ਕਰ ਦਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰਾਂ ਨੇ ਪ੍ਰਤੀਕਾਂ ਦੀ ਬਹੁਤ ਵਰਤੋਂ ਕੀਤੀ ਹੈ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਸਰੂਪ ਅਤੇ ਨਾਮ ਸਿਮਰਨ ਦੀ ਮਹੱਤਤਾ ਨੂੰ

ਬਿਆਨਣ ਦੇ ਲਈ ਬੜੇ ਮੌਲਿਕ ਅਤੇ ਢੁਕਵੇਂ ਪ੍ਰਤੀਕ ਵਰਤੇ ਹਨ ਅਤੇ ਕਾਵਿ ਦੀ ਇਸ ਸ਼ੈਲੀ ਵਿਚ ਵੀ ਆਪ ਉੱਚ ਕੋਟੀ ਦੇ ਕਵੀ ਸਿੱਧ ਹੋਏ ਹਨ। ਗੁਰੂ ਸਾਹਿਬ ਪਰਮਾਤਮਾ ਨੂੰ ਪਰਮਸਤ ਮੰਨਦੇ ਹੋਏ ਉਸ ਲਈ ਉੱਚਤਮ ਪ੍ਰਤੀਕਾਂ ਦੀ ਵਰਤੋਂ ਕਰਦੇ ਹਨ। ਆਪਣੇ ਪ੍ਰਤੀਕਾਂ ਰਾਹੀਂ ਉਸ ਨੂੰ ਰਾਮ, ਰਮੱਈਆ, ਹਰਿ, ਪ੍ਰਭ, ਪ੍ਰਭੂ, ਪਾਰਬ੍ਰਹਮ, ਸੁਆਮੀ, ਠਾਕੁਰ, ਨਾਥ, ਪਰਮਾਨੰਦ, ਗੋਪਾਲ, ਜਗਦੀਸ, ਬ੍ਰਹਮ, ਭਗਵਾਨ, ਨਿਰੰਜਨ, ਅਬਿਨਾਸੀ, ਕ੍ਰਿਪਾਲ, ਪ੍ਰਤਿਪਾਲ, ਧਨੀ, ਬਿਸੰਭਰ, ਪਰਮੇਸਰ, ਗੋਬਿੰਦ, ਕ੍ਰਿਪਾਨਿਧਾਨ, ਦੀਨ ਦਇਆਲ, ਬਖਸੰਦ, ਏਕੰਕਾਰ, ਸਤਿਪੁਰਖ, ਨਰਾਇਣ, ਨਿਰੰਕਾਰ, ਦਾਤਾ, ਸਤਿਗੁਰ, ਨਿਰਾਹਾਰ, ਨਿਰਵੈਰ, ਨਿਰਗੁਣ, ਸਰਗੁਣ, ਭਗਵੰਤ, ਭਗਵਾਨ, ਗੁਰਦੇਵ, ਕਰਤਾਰ, ਅਗਮ ਅਪਾਰ, ਅਬਿਗਤ, ਅਗੋਚਰ, ਸਮਦਰਸ਼ੀ, ਨਾਥ, ਅੰਤਰਜਾਮੀ, ਦਮੋਦਰ, ਮੁਰਾਰੀ ਆਦਿ ਸ਼ਾਬਦਿਕ ਚਿੰਨ੍ਹਾਂ ਰਾਹੀਂ ਪ੍ਰਗਟਾਇਆ ਗਿਆ ਹੈ।

ਗੁਰੂ ਸਾਹਿਬ ਨੇ ਪਰਮਸਤ ਨੂੰ ਪਰਾ-ਭੌਤਿਕ, ਅਵਤਾਰਵਾਦੀ, ਸੰਪਰਦਾਇਕ, ਰਾਜਨੀਤਿਕ, ਵਪਾਰਿਕ, ਧਾਰਮਿਕ, ਮਨੋਵਿਗਿਆਨ ਅਤੇ ਗੁਰਮਤਿ ਦੇ ਪ੍ਰਤੀਕਾਂ ਰਾਹੀਂ ਚਿਤਵਿਆ ਹੈ। ਗੁਰੂ ਅਰਜਨ ਦੇਵ ਦੀ ਬਾਣੀ ਵਿਚ ਪਰਮਸਤ ਲਈ ਅਜੇਹੇ ਉਪਰੋਕਤ ਪ੍ਰਤੀਕਾਂ ਦੀ ਵਰਤੋਂ ਆਮ ਹੀ ਪ੍ਰਾਪਤ ਹੋ ਜਾਂਦੀ ਹੈ। ਗੁਰੂ ਸਾਹਿਬ ਨੇ ਸੁਖਮਨੀ ਵਿਚ ਇਹਨਾਂ ਉੱਚ ਕੋਟੀ ਦੇ ਪ੍ਰਤੀਕਾਂ ਰਾਹੀਂ ਆਪਣੇ ਭਾਵਾਂ ਨੂੰ ਸੁੰਦਰ ਤੇ ਕਲਾਪੂਰਣ ਢੰਗ ਨਾਲ ਵਿਅਕਤ ਕੀਤਾ ਹੈ, ਜਿਨ੍ਹਾਂ ਵਿਚ ਪਰਮਾਤਮਾ ਦੇ ਅਥਾਹ ਗੁਣਾਂ ਦੇ ਦਰਸ਼ਨ ਹੁੰਦੇ ਹਨ।

ਗੁਰਮੱਤ ਵਿਚ ਮਨੁੱਖੀ ਜਾਮੇ ਨੂੰ ਬਹੁਤ ਹੀ ਉੱਤਮ ਮੰਨਿਆ ਹੈ। ਸਾਰਾ ਗਿਆਨ ਧਿਆਨ ਮਨੁੱਖ ਲਈ ਹੈ। ਸੁਖਮਨੀ ਬਾਣੀ ਵਿਚ ਵੀ ਗੁਰੂ ਸਾਹਿਬ ਨੇ ਸਹੀ ਮਾਰਗ ਤੋਂ ਨਿੱਖੜ ਕੇ ਮਨੁੱਖ ਦੀ ਨਿਖੇਧੀ ਨਹੀਂ ਕੀਤੀ ਸਗੋਂ ਉਸਦੀ ਅਸਮੱਰਥਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸਦੇ ਨਾਲ ਹੀ ਪ੍ਰਭੂ ਦੀ ਸਮਰੱਥਾ ਸਦਕਾ ਅਸੰਭਵ ਨੂੰ ਸੰਭਵ ਹੁੰਦਾ ਦਿਖਾਇਆ ਹੈ। ਗੁਰੂ ਅਰਜਨ ਨੇ ਅੰਧੇ, ਗੂੰਗੇ, ਬਹਿਰੇ ਅਤੇ ਬੋਲੇ ਮਨੁੱਖ ਦਾ ਪ੍ਰਤੀਕ ਵਰਤ ਕੇ ਉਸਦੀ ਮਾਨਸਿਕ ਅਸਮਰੱਥਾ ਨੂੰ ਸਰੀਰਕ ਅਸਮਰੱਥਾ ਦੇ ਚਿੰਨ੍ਹਾਂ ਨਾਲ ਸਥੂਲ ਬਣਾਇਆ ਹੈ। ਉਦਾਹਰਣ ਦੇਖਦੇ ਹਾਂ:

ਸੁਨਿ ਅੰਧਾ ਕੈਸੇ ਮਾਰਗੁ ਪਾਵੈ॥ ਕਰੁ ਗਹਿ ਲੇਹੁ ਓੜਿ ਨਿਬਹਾਵੈ॥

ਕਹਾ ਬੁਝਾਰਤਿ ਬੂਝੈ ਡੋਰਾ॥ ਨਿਸਿ ਕਹੀਐ ਤਉ ਸਮਝੈ ਭੋਰਾ॥

ਕਹਾ ਬਿਸਨਪਦ ਗਾਵੈ ਗੁੰਗ॥ ਜਤਨ ਕਰੈ ਤਉ ਭੀ ਸੁਰ ਭੰਗ॥

ਕਹਾ ਪਿੰਗੁਲ ਪਰਬਤ ਪਰ ਭਵਨ॥ ਨਹੀ ਹੋਤ ਊਹਾ ਉਸੁ ਗਵਨ॥

ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ॥ ਨਾਨਕ ਤੁਮਰੀ ਕਿਰਪਾ ਤਰੈ॥[73]

ਅੰਧਾ, ਡੋਰਾ, ਗੂੰਗਾ ਅਤੇ ਪਿੰਗਲਾ, ਅਗਿਆਨੀ ਅਤੇ ਅਸਹਾਈ ਮਨੁੱਖ ਦੇ ਪ੍ਰਤੀਕ ਹਨ। ਇਹ ਪ੍ਰਤੀਕ ਹੀ ਮਨੁੱਖ ਦੀ ਅਗਿਆਨੀ ਅਤੇ ਅਸਹਾਈ ਅਵਸਥਾ ਨੂੰ ਪੇਸ਼ ਕਰਦੇ ਹਨ। ਸੁਖਮਨੀ ਸਾਹਿਬ ਇਹ ਪ੍ਰਤੀਕ ਵਰਤ ਕੇ ਗੁਰੂ ਸਾਹਿਬ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਨਿਮਾਣਾ ਜੀਵ ਨਿਰਬਲ ਹੈ ਸਿਰਫ ਤੇਰੀ ਕ੍ਰਿਪਾ ਕਾਰਨ ਹੀ ਉਸ ਦਾ ਪਾਰ ਉਤਾਰਾ ਸੰਭਵ ਹੈ। ਅਧਿਆਤਮਕ ਮਾਰਗ ਉੱਪਰ ਚਲਣ ਵਾਲਾ ਵਿਅਕਤੀ ਉਤਨੀ ਦੇਰ ਤਕ ਅਪੰਗ ਹੈ, ਜਿਤਨੀ ਦੇਰ ਤਕ ਉਸ ਉਪਰ ਪਰਮਾਤਮਾ ਦੀ ਕ੍ਰਿਪਾ ਨਹੀਂ ਹੋ ਜਾਂਦੀ ਹੈ। ਸਵੈ-ਅਸਮਰੱਥਾ ਨੂੰ ਸਵੀਕਾਰ ਕਰ ਲੈਣ ਤੋਂ ਬਾਅਦ ਸੁਭਾਵਿਕ ਹੀ ਨਿਮਰਤਾ ਉਪਜਦੀ ਹੈ ਅਤੇ ਨਿਮਰਤਾ ਵਿਚ ਨਿਰੰਕਾਰ ਸਹਾਈ ਹੋ ਜਾਂਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਇਹਨਾਂ ਪ੍ਰਤੀਕਾਂ ਰਾਹੀਂ ਉਸ ਪਰਮਾਤਮਾ ਦੇ ਦਇਆਲੂ ਰੂਪ ਨੂੰ ਪ੍ਰਤੀਕਾਤਮਕ ਰੂਪ ਵਿਚ ਪ੍ਰਸਤੁਤ ਕਰਦੇ ਹਨ।

ਗੁਰੂ ਸਾਹਿਬ ਪਦਾਰਥਕ ਰੁਚੀਆਂ ਵਾਲੇ ਮਨੁੱਖ ਦੇ ਕਰਮਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਆਖਦੇ ਹਨ ਕਿ ਸੁੰਦਰ ਵਸਤੂ ਨੂੰ ਦੇਖ ਕੇ ਮਨੁੱਖ ਮੁਗਧ ਹੋ ਜਾਂਦਾ ਹੈ, ਆਪਾ ਭੁੱਲ ਜਾਂਦਾ ਹੈ। ਵਾਸਤਵ ਵਿਚ ਉਹ ਮਾਇਆ ਮੋਹਣੀ ਦਾ ਹੀ ਕ੍ਰਿਸ਼ਮਾ ਹੈ ਕਿਉਂਕਿ ਉਹ ਵਸਤੂ ਮਾਇਆ ਹੀ ਹੈ। ਸਾਰਾ ਸੰਸਾਰ ਮਾਇਆ ਹੈ। ਇਸ ਮਾਇਆ ਦਾ ਹਰ ਰੰਗ ਐਸਾ ਮਨਮੋਹਣਾ ਹੈ ਕਿ ਮਨੁੱਖ ਆਪਾ ਤੇ ਪਰਮਾਤਮਾ ਨੂੰ ਭੁੱਲ ਕੇ ਇਸ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਇਸ ਭਾਵ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਪੇਸ਼ ਕਰਦੇ ਹਨ:

ਰਤਨੁ ਤਿਆਗਿ ਕਉਡੀ ਸੰਗਿ ਰਚੈ॥ ਸਾਚੁ ਛੋਡਿ ਝੂਠ ਸੰਗਿ ਮਚੈ॥

ਜੋ ਛਡਨਾ ਸੁ ਅਸਥਿਰੁ ਕਰਿ ਮਾਨੈ॥ ਜੋ ਹੋਵਨੁ ਸੋ ਦੂਰਿ ਪਰਾਨੈ॥

ਛੋਡਿ ਜਾਇ ਤਿਸ ਕਾ ਸ੍ਰਮੁ ਕਰੈ॥ ਸੰਗਿ ਸਹਾਈ ਤਿਸੁ ਪਰਹਰੈ॥

ਚੰਦਨ ਲੇਪੁ ਉਤਾਰੈ ਧੋਇ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ॥

ਅੰਧ ਕੂਪ ਮਹਿ ਪਤਿਤ ਬਿਕਰਾਲ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ॥[74]

ਰਤਨ, ਕਉਡੀ, ਚੰਦਨ ਲੇਪ, ਗਰਧਬ, ਭਸਮ, ਅੰਧ ਕੂਪ ਆਦਿ ਪ੍ਰਤੀਕਾਂ ਰਾਹੀਂ ਮਨੁੱਖ ਨੂੰ ਸੱਚ ਅਤੇ ਝੂਠ ਵਿਚਕਾਰ ਭਟਕਦਾ ਦਰਸਾਇਆ ਹੈ। ਰਤਨ ਅਤੇ ਕਉਡੀ, ਚੰਦਨ ਅਤੇ ਭਸਮ,

ਗਰਧਬ ਅਤੇ ਮਨੁੱਖ ਪਰਸਪਰ ਵਿਰੋਧੀ ਗੁਣਾਂ ਵਾਲੇ ਹਨ। ਇਸ ਤਰ੍ਹਾਂ ਭਟਕਦੇ ਹੋਏ ਜੀਵ ਦਾ ਇਹ ਚਿੱਤ੍ਰ ਹੋਰ ਵੀ ਵਧੇਰੇ ਨਿਖਰਿਆ ਪ੍ਰਤੀਤ ਹੁੰਦਾ ਹੈ। ਅੰਧ ਕੂਪ ਭਿਆਨਕ ਮਾਇਆ ਜਾਲ, ਗਰਧਬ ਮੂਰਖ, ਭਸਮ ਅਸਥਿਰਤਾ, ਰਤਨ ਸੱਚ, ਕਉਡੀ ਝੂਠ ਨੂੰ ਰੂਪਮਾਨ ਕਰਦੇ ਹਨ। ਮਾਇਆ ਦਾ ਬਾਹਰੀ ਰੂਪ ਸਰੂਪ ਬੜਾ ਮਿੱਠਾ ਤੇ ਸੁਆਦਲਾ ਜਾਪਦਾ ਹੈ, ਪਰ ਅਸਲ ਵਿਚ ਇਹ ਮਿੱਠਾ ਜ਼ਹਿਰ ਹੈ, ਜੋ ਮਨੁੱਖ ਦੇ ਮਨ ਨੂੰ ਵਿਕਾਰ ਰੂਪੀ, ਜ਼ਹਿਰ ਨਾਲ ਘੋਲ ਘੋਲ ਕੇ ਮਾਰ ਦਿੰਦਾ ਹੈ। ਪਦਾਰਥਕ ਮਮਤਾ ਦਾ ਮਾਰਿਆ ਝੱਲਾ ਮਨੁੱਖ ਅਸਲੀਅਤਾਂ ਤੋਂ ਜਾਣੂ ਨਹੀਂ ਹੋਣਾ ਚਾਹੁੰਦਾ, ਉਹ ਤਾਂ ਬਿਰਛ ਦੀ ਢਲਦੀ ਛਾਂ ਨੂੰ ਪਕੜਨਾ ਚਾਹੁੰਦਾ ਹੈ, ਜਾਂਦੇ ਮੁਸਾਫਰ ਨਾਲ ਰਿਸ਼ਤਾ ਪਾਉਣਾ ਚਾਹੁੰਦਾ, ਰੇਤ ਦਾ ਮਹੱਲ ਉਸਾਰ ਕੇ ਉਸ ਵਿਚ ਪੱਕੀ ਰਿਹਾਇਸ਼ ਦੇ ਸੁਪਨੇ ਲੈਂਦਾ ਹੈ, ਸਰੀਰ ਰੂਪੀ ਕੱਚੀ ਕੰਧ ਨੂੰ ਵੀ ਬਾਰ ਬਾਰ ਧੋ ਕੇ ਸ਼ੁੱਧ ਕਰਨਾ ਚਾਹੁੰਦਾ ਹੈ ਪਰ ਇਹ ਸਭੇ ਗੱਲਾਂ ਸੰਭਵ ਨਹੀਂ। ਜਿਵੇਂ:

(ੳ) ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥[75]

(ਅ) ਸੰਗਿ ਸਹਾਈ ਸੁ ਆਵੈ ਨ ਚੀਤਿ॥ ਜੋ ਬੈਰਾਈ ਤਾ ਸਿਉ ਪ੍ਰੀਤਿ॥
ਬਲੂਆ ਕੇ ਗ੍ਰਿਹ ਭੀਤਰਿ ਬਸੈ॥ ਅਨਦ ਕੇਲ ਮਾਇਆ ਰੰਗਿ ਰਸੈ॥
ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥ ਕਾਲੁ ਨ ਆਵੈ ਮੂੜੇ ਚੀਤਿ॥[76]

(ੲ) ਅਨਿਕ ਭਾਤਿ ਮਾਇਆ ਕੇ ਹੇਤ॥ ਸਰਪਰ ਹੋਵਤ ਜਾਨੁ ਅਨੇਤ॥
ਬਿਰਖ ਦੀ ਛਾਇਆ ਸਿਉ ਰੰਗੁ ਲਾਵੈ॥ ਓਹ ਬਿਨਸੈ ਉਹੁ ਮਨਿ ਪਛੁਤਾਵੈ॥
ਜੋ ਦੀਸੈ ਸੋ ਚਲਨਹਾਰੁ॥ ਲਪਟਿ ਰਹਿਓ ਤਹ ਅੰਧ ਅੰਧਾਰੁ॥
ਬਟਾਊ ਸਿਉ ਜੋ ਲਾਵੈ ਨੇਹ॥ ਤਾ ਕਉ ਹਾਥਿ ਨ ਆਵੈ ਕੇਹ॥[77]

ਇਸ ਜਗਤ ਵਿਚ ਜੋ ਵੀ ਨਜ਼ਰ ਆ ਰਿਹਾ ਹੈ, ਉਹ ਸਭ ਨਾਸ਼ਮਾਨ ਹੈ ਅਤੇ ਅਸਥਾਈ ਹੈ। ਫਿਰ ਵੀ ਅਕਲ ਦਾ ਅੰਨ੍ਹਾ ਵਿਅਕਤੀ ਇਨ੍ਹਾਂ ਨਾਸ਼ਮਾਨ ਚੀਜ਼ਾਂ ਨੂੰ ਜੱਫਾ ਮਾਰੀ ਬੈਠਾ ਹੈ। ਬਲੂਆ ਕੇ ਗ੍ਰਿਹ, ਬਿਰਖ ਕੀ ਛਾਇਆ, ਬਟਾਊ ਸਿਉ ਨੇਹ ਅਤੇ ਕਾਚੀ ਭੀਤਿ ਆਦਿ ਪ੍ਰਤੀਕ ਸੰਸਾਰਕ ਅਸਥਿਰਤਾ ਸੰਬੰਧੀ ਵਰਤੇ ਗਏ ਹਨ। ਤਬਦੀਲੀ ਦੇ ਪੱਖੋਂ ਇਹ ਸੰਸਾਰ ਸੁਪਨ ਮਾਤ੍ਰ ਹੈ। ਇਹ ਨਸ਼ਟ ਹੋ ਜਾਣ ਵਾਲਾ ਹੈ, ਸਾਰਾ ਜਗਤ ਚਲਣਹਾਰ ਹੈ, ਇਸ ਵਿਚਲਾ ਕੋਈ ਜੀਵ ਜੰਤੂ ਜੜ੍ਹ ਚੇਤਨ ਦੋਸਤੀ ਦੇ ਲਾਇਕ ਨਹੀਂ, ਕੇਵਲ ਤੇ ਕੇਵਲ ਪ੍ਰਭੂ ਦਾ ਨਾਮ ਹੀ ਸਥਿਰ ਤੇ ਸੁੱਖਦਾਈ ਹੈ। ਸੋ ਉਸੇ ਨਾਲ ਪ੍ਰੀਤ ਪਾਉਣੀ ਚਾਹੀਦੀ ਹੈ ਅਤੇ ਹੋਰ ਸਭ ਚਤੁਰਾਈਆਂ ਛੱਡ ਕੇ ਹਰਿ ਨਾਮ ਦਾ ਆਸਰਾ ਲੈਣਾ ਚਾਹੀਦਾ ਹੈ।

ਬਲੂਆ ਕੇ ਗ੍ਰਿਹ ਵਿਚ ਵਸਣ ਵਾਲੇ ਅਤੇ ਅਨਦ ਕੇਲ ਕਰਨ ਵਾਲੇ ਮਨੁੱਖੀ ਜੂਨ ਵਿਚ ਆ ਕੇ ਵੀ ਪਸ਼ੂ ਕਰਮਾਂ ਵਿਚ ਲੱਗੇ ਰਹਿੰਦੇ ਹਨ ਪਰ ਉਤੋਂ ਉਹ ਭਲੇ ਬਣੇ ਰਹਿੰਦੇ ਹਨ। ਸੁਖਮਨੀ ਵਿਚ ਇਸ ਭਾਵ ਨੂੰ ਜੀਵ ਜੰਤੂਆਂ ਦੇ ਪ੍ਰਤੀਕ ਰਾਹੀਂ ਸਪੱਸ਼ਟ ਕੀਤਾ ਗਿਆ ਹੈ:

ਕਰਤੂਤਿ ਪਸੂ ਕੀ ਮਾਨਸ ਜਾਤਿ।। ਲੋਕ ਪਚਾਰਾ ਕਰੈ ਦਿਨੁ ਰਾਤਿ।।
ਬਾਹਰਿ ਭੇਖ ਅੰਤਰਿ ਮਲੁ ਮਾਇਆ।। ਛਪਸਿ ਨਾਹਿ ਕਛੁ ਕਰੈ ਛਪਾਇਆ।।
ਬਾਹਰਿ ਗਿਆਨ ਧਿਆਨ ਇਸਨਾਨ।। ਅੰਤਰਿ ਬਿਆਪੈ ਲੋਭ ਸੁਆਨੁ।।[78]

ਸੁਖਮਨੀ ਸਾਹਿਬ ਵਿਚੋਂ ਕੁਝ ਹੋਰ ਪਸ਼ੂ ਪੰਛੀਆਂ ਨਾਲ ਸੰਬੰਧਿਤ ਪ੍ਰਤੀਕ ਇਸ ਪ੍ਰਕਾਰ ਹਨ:

(ੳ) ਸੰਤ ਕੇ ਦੂਖਨ ਤੇ ਮੁਖੁ ਭਵੈ।। ਸੰਤਨ ਕੈ ਦੂਖਨਿ ਕਾਗ ਜਿਉ ਲਵੈ।।
ਸੰਤਨ ਕੈ ਦੂਖਨਿ ਸਰਪ ਜੋਨਿ ਪਾਇ।। ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ।।[79]

(ਅ) ਸੰਤ ਕਾ ਦੋਖੀ ਇਉ ਬਿਲਲਾਇ।। ਜਿਉ ਜਲ ਬਿਹੂਨ ਮਛੁਲੀ ਤੜਫੜਾਇ।।[80]

(ੲ) ਕਉਨ ਬਸਤੁ ਆਈ ਤੇਰੈ ਸੰਗ।। ਲਪਟਿ ਰਹਿਓ ਰਸਿ ਲੋਭੀ ਪਤੰਗ।।[81]

(ਸ) ਨੀਕੀ ਕੀਰੀ ਮਹਿ ਕਲ ਰਾਖੈ।। ਭਸਮ ਕਰੈ ਲਸਕਰ ਕੋਟਿ ਲਾਖੈ।।[82]

ਰਹੱਸਮਈ ਵਿਚਾਰ ਨੂੰ ਪ੍ਰਗਟ ਕਰਨ ਲਈ ਗੁਰੂ ਸਾਹਿਬ ਸੁਖਮਨੀ ਸਾਹਿਬ ਵਿਚ ਪ੍ਰਕ੍ਰਿਤਕ ਪ੍ਰਤੀਕਾਂ ਦਾ ਵੀ ਪ੍ਰਯੋਗ ਕਰਦੇ ਹਨ। ਪ੍ਰਕ੍ਰਿਤੀ ਨਾਲ ਗੁਰੂ ਸਾਹਿਬ ਦਾ ਗੂੜ੍ਹਾ ਪਿਆਰ ਹੈ ਕਿਉਂਕਿ ਇਸ ਕੁਦਰਤ ਰਾਹੀਂ ਪ੍ਰੀਤਮ ਦੇ ਦੀਦਾਰ ਹੁੰਦੇ ਹਨ। ਜਿਵੇਂ:

(ੳ) ਬ੍ਰਹਮ ਗਿਆਨ ਸਦਾ ਨਿਰਲੇਪ।। ਜੈਸੇ ਜਲ ਮਹਿ ਕਮਲ ਅਲੇਪ।।
ਬ੍ਰਹਮ ਗਿਆਨੀ ਸਦਾ ਨਿਰਦੋਖ।। ਜੈਸੇ ਸੂਰੁ ਸਰਬ ਕਉ ਸੋਖ।।
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨ।। ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ।।
ਬ੍ਰਹਮ ਗਿਆਨੀ ਕੈ ਧੀਰਜੁ ਏਕ।। ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।।
ਬ੍ਰਹਮ ਗਿਆਨੀ ਕਾ ਇਹੈ ਗੁਨਾਉ।। ਨਾਨਕ ਜਿਉ ਪਾਵਕ ਕਾ ਸਹਜ ਸੁਭਾਉ।।[83]

(ਅ) ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ।। ਜੈਸੇ ਧਰ ਊਪਰਿ ਆਕਾਸੁ।।[84]

(ੲ) ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ।। ਸੰਤ ਕਾ ਦੋਖੀ ਉਝੜਿ ਪਾਈਐ।।[85]

(ਸ) ਕਈ ਕੋਟਿ ਪਵਣ ਪਾਣੀ ਬੈਸੰਤਰ।। ਕਈ ਕੋਟਿ ਦੇਸ ਭੂ ਮੰਡਲ।। [86]

(ਹ) ਪ੍ਰਭ ਭਾਵੈ ਮਾਨੁਖ ਗਤਿ ਪਾਵੈ।। ਪ੍ਰਭ ਭਾਵੈ ਤਾ ਪਾਥਰ ਤਰਾਵੈ।।[87]

(ਕ) ਸੰਤ ਕਾ ਦੋਖੀ ਛੁਟੈ ਇਕੇਲਾ।। ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ।। [88]

ਉਸ ਪਰਮਸਤ ਦਾ ਕੇਂਦਰੀ ਤੱਤ ਸਤਿ ਹੈ ਜੋ ਸਮੁੱਚੀ ਬਾਣੀ ਵਿਚ ਵਿਆਪਕ ਹੈ। ਗੁਰੂ ਅਰਜਨ ਦੇਵ ਅਜਿਹੇ ਮੂਲ ਮੰਤਰ ਜਾਂ ਬੀਜ ਮੰਤਰ ਨੂੰ ਉਚੇਰਾ ਮਹੱਤਵ ਦਿੰਦੇ ਹਨ:

ਬੀਜ ਮੰਤ੍ਰ ਸਰਬ ਕੋ ਗਿਆਨੁ।।[89]

ਇਹ ਨਾਮ ਹੀ ਸਾਰੇ ਗਿਆਨ ਅਤੇ ਮੰਤਰਾਂ ਦਾ ਮੁੱਢ (ਮੂਲ) ਹੈ। ਇਹ ਇਕ ਪਰਮਸਤ ਦਾ ਦਾਰਸ਼ਨਿਕ ਪਰਾ-ਭੌਤਿਕ ਪ੍ਰਤੀਕ ਹੈ ਜੋ ਸੀਮਤ ਸ਼ਬਦ ਅਰਥਾਂ ਤੋਂ ਪਾਰ ਹੈ।

ਸੁਖਮਨੀ ਬਾਣੀ ਵਿਚ ਨਾਮ ਸਿਮਰਨ ਉਪਰ ਵਿਚਾਰ ਕੀਤੀ ਗਈ ਹੈ। ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਦਾ ਸੂਚਕ ਅੰਮ੍ਰਿਤ ਸ਼ਬਦ ਵਰਤਿਆ ਹੈ। ਇਸ ਨਾਮ ਰੂਪੀ ਅੰਮ੍ਰਿਤ ਨੂੰ ਗ੍ਰਹਿਣ ਕਰਨ ਨਾਲ ਮਨ ਉਪਰੋਂ ਵਿਕਾਰਾਂ ਦੀ ਅਪਵਿੱਤਰਤਾ ਉਤਰ ਜਾਂਦੀ ਹੈ:

ਪ੍ਰਭ ਕੈ ਸਿਮਰਨਿ ਮਨ ਦੀ ਮਲੁ ਜਾਇ।। ਅੰਮ੍ਰਿਤ ਨਾਮ ਰਿਦ ਮਾਹਿ ਸਮਾਇ।।[90]

ਗੁਰੂ ਅਰਜਨ ਦੇਵ ਬਾਣੀ ਸੁਖਮਨੀ ਵਿਚ ਰਾਜਾ ਜੋ ਸਰਵ-ਸ਼ਕਤੀਮਾਨ ਹੈ, ਨੂੰ ਪਰਮਸਤ ਦੇ ਪ੍ਰਤੀਕ ਵਿਚ ਪ੍ਰਯੁਕਤ ਕਰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਇਸ ਪ੍ਰਤੀਕ ਨੂੰ ਸਥੂਲ ਅਰਥਾਂ ਤੋਂ ਤੋੜ ਕੇ ਅਧਿਆਤਮਿਕ ਅਰਥ ਦੇ ਦਿੱਤੇ ਹਨ। ਗੁਰੂ ਸਾਹਿਬ ਨੇ ਰਾਜਾ ਸ਼ਬਦ ਦੇ ਸੰਕਲਪ ਨੂੰ ਤੋੜ ਕੇ ਇਸ ਨੂੰ ਮਹਾਨ ਸੰਕਲਪ ਨਾਲ ਜੋੜ ਕੇ ਇਸੇ ਸ਼ਬਦ ਵਿਚ ਨਵ-ਵਿਸ਼ਾਲ ਅਰਥ ਪੈਦਾ ਕਰ ਦਿੱਤੇ ਜਿਸ ਨਾਲ ਦੁਨਿਆਵੀ ਪਾਤਸ਼ਾਹ ਦੀ ਥਾਂ ਅਧਿਆਤਮਕ ਪਾਤਸ਼ਾਹ ਦਾ ਜ਼ਿਕਰ ਤੁਰ ਪਿਆ ਜੋ ਪਰਮਸਤ ਲਈ ਪ੍ਰਤੀਕ ਦਾ ਰੂਪ ਧਾਰਣ ਕਰ ਗਿਆ। ਜਿਵੇਂ :-

ਰਾਜ ਮਹਿ ਰਾਜੁ ਜੋਗ ਮਹਿ ਜੋਗੀ।। ਤਪਿ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ।।[91]

ਬਾਣੀ ਸੁਖਮਨੀ ਵਿਚ ਗੁਰੂ ਸਾਹਿਬ ਆਪਣੇ ਭਾਵਾਂ ਨੂੰ ਸਪੱਸ਼ਟ ਕਰਨ ਲਈ ਅਤੇ ਉਨ੍ਹਾਂ ਨੂੰ ਅਸਰਦਾਰ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਪੌਰਾਣਿਕ ਅਤੇ ਸਿੱਧ ਪਰੰਪਰਾ ਤੋਂ ਆਏ ਪ੍ਰਤੀਕ ਵੀ ਵਰਤਦੇ ਹਨ।। ਗੁਰੂ ਸਾਹਿਬ ਨੇ ਇਸ ਕਲਾ ਨੂੰ ਬਹੁਤ ਹੀ ਸੁੰਦਰ ਤੇ ਕਲਾਪੂਰਣ ਢੰਗ ਨਾਲ ਨਿਭਾਇਆ ਹੈ। ਗੁਰੂ ਸਾਹਿਬ ਇਹਨਾਂ ਪ੍ਰਤੀਕਾਂ ਦੀ ਇਕ ਖਾਸ ਤਰਤੀਬ ਪੇਸ਼ ਕਰਦੇ ਹਨ। ਸੁਖਮਨੀ ਦੇ ਪੌਰਾਣਿਕ ਪ੍ਰਤੀਕ ਇਸ ਪ੍ਰਕਾਰ ਹਨ:

(ੳ) ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥[92]

(ਅ) ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਰ॥ ਕੀਨੇ ਰਾਮ ਨਾਮ ਇਕ ਆਖ੍ਯ੍ਰ॥[93]

(ੲ) ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥[94]

(ਸ) ਸਾਧਸੰਗਿ ਧਰਮ ਰਾਇ ਕਰੇ ਸੇਵਾ॥ ਸਾਧ ਕੈ ਸੰਗਿ ਸੋਭਾ ਸੁਰ ਦੇਵਾ॥[95]

(ਹ) ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ॥

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥[96]

(ਕ) ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥[97]

(ਖ) ਪਾਪੁ ਪੁੰਨੁ ਤਹ ਭਈ ਕਹਾਵਤ॥ ਕੋਊ ਨਰਕ ਕੋਊ ਸੁਰਗ ਬੰਛਾਵਤ॥[98]

ਸਿੱਧ ਪਰੰਪਰਾ ਤੋਂ ਆਏ ਪ੍ਰਤੀਕ ਇਸ ਪ੍ਰਕਾਰ ਹਨ:

(ੳ) ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥

ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥[99]

(ਅ) ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ॥[100]

(ੲ) ਓਤਿ ਪੋਤਿ ਜਨ ਹਰਿ ਰਸਿ ਰਾਤੇ॥ ਸੁੰਨ ਸਮਾਧਿ ਨਾਮ ਰਸ ਮਾਤੇ॥[101]

(ਸ) ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥

ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥[102]

ਉਪਰੋਕਤ ਪੰਕਤੀਆਂ ਵਿਚ ਆਏ ਪ੍ਰਤੀਕ ਯੋਗ ਸਾਧਨਾ ਮਾਰਗ ਦੇ ਅੱਡ ਅੱਡ ਪੜਾਵਾਂ ਅਤੇ ਪ੍ਰਾਪਤੀਆਂ ਦੇ ਸੂਚਕ ਹਨ। ਪਰ ਏਥੇ ਇਹਨਾਂ ਪ੍ਰਤੀਕਾਂ ਰਾਹੀਂ ਨਾਮ ਸਿਮਰਨ ਦੀਆਂ ਪ੍ਰਾਪਤੀਆਂ ਨੂੰ ਅਭਿਵਿੱਅਕਤ ਕੀਤਾ ਗਿਆ ਹੈ।

ਨਾਮ ਸਿਮਰਨ ਹੀ ਵਿਕਾਰ ਰੂਪੀ ਦੁਸ਼ਮਨਾਂ ਦਾ ਨਾਸ਼ ਕਰਦਾ ਹੈ, ਇਹ ਸਭ ਰੋਗਾਂ ਦੀ ਅਉਖਧ (ਦਵਾਈ) ਹੈ:

(ੳ) ਹਰਿ ਜਸੁ ਕਰਤੁ ਸੰਤ ਦਿਨੁ ਰਾਤਿ॥ ਹਰਿ ਹਰਿ ਅਉਖਧੁ ਸਾਧ ਕਮਾਤਿ॥[103]

(ਅ) ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥[104]

(ੲ) ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥[105]

ਗੁਰੂ ਨਾਮ ਦਾ ਦਾਤਾ ਹੈ, ਸ਼ਾਂਤੀ ਭਰਪੂਰ ਸਮੁੰਦਰ ਹੈ, ਅਗਿਆਨ ਅੰਧਕਾਰ ਦਾ ਵਿਨਾਸ਼ਕ ਹੈ। ਗੁਰੂ ਇਕ ਚਾਨਣ ਮੁਨਾਰਾ ਹੈ। ਬਾਣੀ ਸੁਖਮਨੀ ਵਿਚ ਵੀ ਗੁਰੂ ਚਾਨਣ ਦਾ ਪ੍ਰਤੀਕ ਮੰਨਿਆ ਗਿਆ ਹੈ:

ਜਿਉ ਅੰਧਕਾਰ ਦੀਪਕ ਪਰਗਾਸੁ।।
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ।।[106]

ਮਨੁੱਖੀ ਕਾਰ ਵਿਹਾਰ ਦੇ ਖੇਤਰ ਵਿਚੋਂ ਪ੍ਰਤੀਕ ਚੁਣ ਕੇ ਪਰਮਾਤਮਾ ਦੇ ਸਰੂਪ ਨੂੰ ਸਪੱਸ਼ਟ ਕੀਤਾ ਹੈ:

(ੳ) ਜਿਸੁ ਵਖਰ ਕਉ ਲੈਨਿ ਤੂ ਆਇਆ।। ਰਾਮ ਨਾਮੁ ਸੰਤਨ ਘਰਿ ਪਾਇਆ।।
ਤਜਿ ਅਭਿਮਾਨੁ ਲੇਹੁ ਮਨ ਮੋਲਿ।। ਰਾਮ ਨਾਮੁ ਹਿਰਦੇ ਮਹਿ ਤੋਲਿ।।
ਲਾਦਿ ਖੇਪ ਸੰਤਹ ਸੰਗਿ ਚਾਲੁ।। ਅਵਰ ਤਿਆਗਿ ਬਿਖਿਆ ਜੰਜਾਲ।।
ਧੰਨਿ ਧੰਨਿ ਕਹੈ ਸਭੁ ਕੋਇ।। ਮੁਖ ਊਜਲ ਹਰਿ ਦਰਗਹ ਸੋਇ।।
ਇਹੁ ਵਾਪਾਰੁ ਵਿਰਲਾ ਵਾਪਾਰੈ।। ਨਾਨਕ ਤਾ ਕੈ ਸਦ ਬਲਿਹਾਰੈ।।[107]

(ਅ) ਅਗਨਤ ਸਾਹੁ ਅਪਨੀ ਦੇ ਰਾਸਿ।। ਖਾਤ ਪੀਤ ਬਰਤੈ ਅਨਦ ਉਲਾਸਿ।।[108]

(ੲ) ਸਾਧੂ ਕੈ ਸੰਗਿ ਸੋ ਧਨੁ ਪਾਵੈ।। ਜਿਸੁ ਧਨ ਤੇ ਸਭੁ ਕੋ ਵਰਸਾਵੈ।।[109]

(ਸ) ਸਚੁ ਵਾਪਾਰੁ ਕਰਹੁ ਵਾਪਾਰੀ।। ਦਰਗਹ ਨਿਬਹੈ ਖੇਪ ਤੁਮਾਰੀ।।[110]

ਉਪਰੋਕਤ ਗੁਰ ਵਾਕਾਂ ਵਿਚ ਸਾਹ, ਧਨ, ਵਾਪਾਰ, ਵਪਾਰੀ, ਖੇਪ, ਤੋਲਿ, ਬਿਖਿਆ, ਜੰਜਾਲ ਆਦਿ ਵਿਹਾਰਕ ਖੇਤਰ ਵਿਚੋਂ ਪ੍ਰਤੀਕ ਚੁਣੇ ਗਏ ਹਨ। ਇਨ੍ਹਾਂ ਪ੍ਰਤੀਕਾਂ ਨਾਲ ਇਕ ਪਾਸੇ ਕਾਵਿ-ਸੌਂਦਰਯ ਵਿਚ ਵਾਧਾ ਕੀਤਾ ਹੈ ਤੇ ਦੂਜੇ ਪਾਸੇ ਘਰੋਗੀ ਪ੍ਰਤੀਕਾਂ ਰਾਹੀਂ ਆਮ ਸੂਝ ਬੂਝ ਵਾਲੇ ਮਨੁੱਖ ਨੂੰ ਪਰਮਾਤਮਾ ਦਾ ਬੋਧ ਕਰਵਾ ਕੇ ਮਨੁੱਖਤਾ ਦਾ ਰਾਹ ਦਰਸਾਇਆ ਹੈ ਤੇ ਉਸ ਨੂੰ ਸੱਚਾ ਵਾਪਾਰ (ਰਾਮ ਨਾਮ ਦਾ) ਕਰਨ ਲਈ ਪ੍ਰੇਰਣਾ ਦਿੱਤੀ ਹੈ। ਇਸ ਲਈ ਨਾਮ ਧਨ ਜਾਂ ਨਾਮ ਪੂੰਜੀ ਨੂੰ ਵਖਰ ਪ੍ਰਤੀਕ ਰਾਹੀਂ ਸਪੱਸ਼ਟ ਕੀਤਾ ਹੈ।

ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਨੇ ਅੰਕੜਿਆਂ ਸੰਬੰਧੀ ਪ੍ਰਤੀਕਾਂ ਦੀ ਵੀ ਵਰਤੋਂ ਕੀਤੀ ਹੈ। ਜਿਵੇਂ ਪਰਮਾਤਮਾ ਦੇ ਲਈ ਏਕੰਕਾਰ, ਏਕਸ ਅਤੇ ਏਕ, ਤਿਹੁ ਤੋਂ ਭਾਵ ਤਿੰਨ ਗੁਣ (ਰਜੋ, ਤਮੋ, ਸਤੋ) ਅਤੇ ਤਿੰਨ ਲੋਕ, ਚਹੁ ਤੋ ਭਾਵ ਚਾਰ ਵਰਨ, ਪੰਚ ਤੋਂ ਭਾਵ ਪੰਜ ਇੰਦ੍ਰੀਆਂ, ਖਟ ਸਾਸਤ੍ਰ ਤੋਂ ਭਾਵ ਛੇ ਸਾਸਤ੍ਰ, ਨਉ ਨਿਧਿ ਤੋਂ ਭਾਵ ਕੁਬੇਰ ਦੇ ਨੌ ਖਜਾਨੇ ਆਦਿ ਦੀ ਵਰਤੋਂ ਕੀਤੀ ਹੈ। ਉਦਾਹਰਣ ਦੇਖੋ:

(ੳ) ਨਾਨਾ ਬਿਧਿ ਕੀਨੋ ਬਿਸਥਾਰੁ।। ਪ੍ਰਭੁ ਅਬਿਨਾਸੀ ਏਕੰਕਾਰ ।।[111]

(ਅ) ਏਕਸ ਕੇ ਗੁਨ ਗਾਉ ਅਨੰਤ।। ਮਨਿ ਤਨਿ ਜਾਪਿ ਏਕ ਭਗਵੰਤ।।

ਏਕੋ ਏਕੁ ਏਕੁ ਹਰਿ ਆਪਿ।। ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ।।[112]

(ੲ) ਭਗਤੁ ਭਗਤੁ ਸੁਨੀਐ ਤਿਹੁ ਲੋਇ।।। ਜਾ ਕੈ ਹਿਰਦੈ ਏਕੋ ਹੋਇ।।[113]

(ਸ) ਜਹੁ ਆਪਿ ਰਚਿਓ ਪਰਪੰਚੁ ਅਕਾਰੁ।। ਤਿਹੁ ਗੁਣ ਮਹਿ ਕੀਨੋ ਬਿਸਥਾਰੁ।।[114]

(ਹ) ਚਉ ਵਰਨਾ ਕਉ ਦੇ ਉਪਦੇਸੁ।। ਨਾਨਕ ਉਸ ਪੰਡਿਤ ਕਉ ਸਦਾ ਅਦੇਸੁ।।[115]

(ਕ) ਸਾਧ ਕੈ ਸੰਗਿ ਆਵਹਿ ਬਸਿ ਪੰਚਾ।। ਸਾਧਸੰਗਿ ਅੰਮ੍ਰਿਤ ਰਸੁ ਭੁੰਚਾ।।[116]

(ਖ) ਜਾਪ ਤਾਪ ਗਿਆਨ ਸਭਿ ਧਿਆਨ।। ਖਟ ਸਾਸਤ੍ਰ ਸਿਮ੍ਰਿਤਿ ਵਖਿਆਨ।।[117]

(ਗ) ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ।।

ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ।।[118]

ਸੋ ਇਸ ਪ੍ਰਕਾਰ ਗੁਰੂ ਅਰਜਨ ਦੇਵ ਜੀ ਨੇ ਅੰਕੜਿਆਂ ਨੂੰ ਪ੍ਰਤੀਕ ਰੂਪ ਵਿਚ ਵਰਤਕੇ ਕਾਵਿ-ਸੰਜਮਤਾ ਦਾ ਕਾਵਿ-ਗੁਣ ਲਿਆ ਦਿੱਤਾ ਹੈ।

ਉਪਰੋਕਤ ਵਰਣਿਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਪ੍ਰਤੀਕਾਂ ਦਾ ਪ੍ਰਯੋਗ ਕਰਕੇ ਜਿਥੇ ਕਾਵਿ ਰਸ ਵਿਚ ਵਾਧਾ ਕੀਤਾ ਹੈ ਉਥੇ ਰਹੱਸਵਾਦੀ ਵਿਚਾਰਾਂ ਦੀ ਅਭਿਵਿਅਕਤੀ ਵੀ ਸਹਿਜ ਤੇ ਸਰਲ ਰੂਪ ਵਿਚ ਕੀਤੀ ਹੈ। ਪ੍ਰਤੀਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਵਿਅਕਤੀ ਵਿਚ ਵਿਸ਼ੇਸ਼ ਅਤੇ ਵਿਸ਼ੇਸ਼ ਵਿਚ ਸਮਾਨਯ ਦੀ ਅਭਿਵਿਅਕਤੀ ਕਰਦਾ ਹੈ, ਅਮੂਰਤ ਸੰਕਲਪਾਂ ਨੂੰ ਚਿਤ੍ਰਿੱਤ ਕਰਦਾ ਹੈ। ਸੁਖਮਨੀ ਸਾਹਿਬ ਵਿਚ ਪ੍ਰਸਤੁਤ ਹੋਏ ਪ੍ਰਤੀਕ ਸਪੱਸ਼ਟ ਰੂਪ ਵਿਚ ਅਮੂਰਤ ਸੰਕਲਪਾਂ ਨੂੰ ਚਿਤ੍ਰਿਤ ਕਰਦੇ ਹਨ। ਗੁਰੂ ਸਾਹਿਬ ਨੇ ਪ੍ਰਕਿਰਤੀ, ਇਤਿਹਾਸ, ਮਿਥਿਹਾਸ ਤੇ ਫਲਸਫੇ ਨਾਲ ਸੰਬੰਧਿਤ ਵੇਰਵਿਆਂ ਨੂੰ ਪ੍ਰਤੀਕਮੂਲਕ ਰੂਪ ਵਿਚ ਪਰਿਵਰਤਿਤ ਕੀਤਾ ਹੈ। ਸੁਖਮਨੀ ਦਾ ਪ੍ਰਤੀਕ-ਵਿਧਾਨ ਵੀ ਸਮੁੱਚੀ ਗੁਰਬਾਣੀ ਦੇ ਪ੍ਰਤੀਕ-ਵਿਧਾਨ ਦਾ ਹੀ ਪ੍ਰਚਲਨ ਹੈ। ਇਸ ਕਰਕੇ ਪ੍ਰਤੀਕ ਭਾਵੇਂ ਜਟਿਲ ਸੁਭਾਉ ਵਾਲੀ ਜੁਗਤ ਹੈ, ਇਸਦੇ ਬਾਵਜੂਦ 'ਸੁਖਮਨੀ' ਦੇ ਪ੍ਰਤੀਕ ਭੰਡਾਰ ਨੂੰ ਸਮਝਣ ਅਤੇ ਇਨ੍ਹਾਂ ਦੇ ਅਰਥਾਂ ਨੂੰ ਗ੍ਰਹਿਣ ਕਰਨ ਵਿਚ ਮੁਸ਼ਕਿਲ ਨਹੀਂ ਆਉਂਦੀ।

(3) **ਅਲੰਕਾਰਾਂ ਦਾ ਪ੍ਰਯੋਗ**

ਅਲੰਕਾਰ ਸ਼ਬਦ ਦਾ ਅਰਥ ਹੈ ਗਹਿਣਾ, ਸਜਾਵਟ ਜਾਂ ਸ਼ਿੰਗਾਰ। ਕਾਵਿ ਸ਼ਾਸਤਰ ਅਨੁਸਾਰ ਅਲੰਕਾਰ ਅਜਿਹੇ ਸ਼ਬਦਾਂ ਨੂੰ ਆਖਿਆ ਜਾਂਦਾ ਹੈ ਜਿਨ੍ਹਾਂ ਦੁਆਰਾ ਕਾਵਿ-ਸੌਂਦਰਯ ਵਿਚ ਵਾਧਾ ਹੋਵੇ। ਅਲੰਕਾਰ ਦੀ ਪਰਿਭਾਸ਼ਾ ਡਾ. ਕਾਲਾ ਸਿੰਘ ਬੇਦੀ ਨੇ ਇਸ ਪ੍ਰਕਾਰ ਦਿੱਤੀ ਹੈ ਕਿ ਜਿਸ ਪ੍ਰਕਾਰ ਹੀਰੇ ਤੇ ਪੰਨੇ ਜੜ੍ਹਤ ਗਹਿਣੇ ਸਰੀਰ ਦੀ ਸੋਭਾ ਤੇ ਸੁੰਦਰਤਾ ਵਿਚ ਵਾਧਾ ਕਰਦੇ ਹਨ ਅਤੇ ਇਨ੍ਹਾਂ ਗਹਿਣਿਆਂ ਨੂੰ ਅਲੰਕਾਰ ਕਿਹਾ ਜਾਂਦਾ ਹੈ, ਉਂਝ ਹੀ ਕਾਵਿ ਨੂੰ ਸ਼ਬਦ ਅਤੇ ਅਰਥ ਰਾਹੀਂ ਸ਼ਿੰਗਾਰਣ ਵਾਲੇ ਚਮਤਕਾਰ ਨੂੰ ਕਾਵਿ ਸ਼ਾਸਤਰ ਵਿਚ ਅਲੰਕਾਰ ਕਿਹਾ ਜਾਂਦਾ ਹੈ।[119] ਅਲੰਕਾਰ ਦਾ ਕਰਤੱਵ ਇਹੀ ਹੈ ਕਿ ਉਹ ਅਭਿਵਿਅਕਤੀ ਨੂੰ ਸ਼ੋਭਾ ਪ੍ਰਦਾਨ ਕਰੇ। ਜਿਸ ਤਰ੍ਹਾਂ ਗਹਿਣੇ ਧਾਰਨ ਕਰਨ ਲਈ ਇਸਤਰੀ ਦੀ ਸੁੰਦਰਤਾ ਵੱਧ ਜਾਂਦੀ ਹੈ ਉਸੇ ਤਰ੍ਹਾਂ ਕਾਵਿ ਵਿਚ ਅਲੰਕਾਰ ਨਾਲ ਕਾਵਿ ਸੌਂਦਰਯ ਵੱਧ ਜਾਂਦਾ ਹੈ ਅਤੇ ਕਾਵਿ ਦਾ ਪ੍ਰਭਾਵ ਦੁਗਣਾ ਰੌਚਕ, ਸੁਆਦਲਾ ਅਤੇ ਸਪੱਸ਼ਟਤਾ ਭਰਪੂਰ ਹੋ ਜਾਂਦਾ ਹੈ। ਇਸ ਪ੍ਰਕਾਰ ਅਲੰਕਾਰਾਂ ਦੀ ਮਦਦ ਰਾਹੀਂ ਕਵੀ ਸੰਖੇਪ ਨਾਲ ਅਤੇ ਸੰਘਣਤਾ ਨਾਲ ਆਪਣੇ ਵਿਚਾਰ ਨੂੰ ਵਿਅਕਤ ਕਰਨ ਦੇ ਕਾਬਲ ਵੀ ਬਣ ਜਾਂਦਾ ਹੈ।

ਵਾਸਤਵ ਵਿਚ ਅਲੰਕਾਰ ਇਕ ਸੁਨਿਸ਼ਚਿਤ ਯੋਜਨਾ ਹੈ ਜਿਸ ਦੇ ਮਾਧਿਅਮ ਨਾਲ ਕਾਵਿ ਸੰਬੰਧੀ ਸਭ ਰੂਪ ਸਪੱਸ਼ਟ ਹੋ ਕੇ ਮਾਨਵ ਹਿਰਦੇ ਨੂੰ ਇਕ ਅਲੌਕਿਕ ਆਨੰਦ ਦੀ ਭੂਮਿਕਾ ਵਿਚ ਲਿਜਾ ਕੇ ਉਸ ਨੂੰ ਸੁਸ਼ੋਭਿਤ ਕਰ ਦਿੰਦੇ ਹਨ। ਅਜਿਹੀ ਸਥਿਤੀ ਵਿਚ ਉਹ ਸੰਸਾਰਕ ਵਪਾਰ ਸੰਬੰਧਾਂ ਤੋਂ ਉੱਚਾ ਉੱਠ ਕੇ ਸ਼ੁੱਧ ਰੂਪ ਵਿਚ ਭਾਵਮਈ ਹੋ ਜਾਂਦਾ ਹੈ।[120]

ਇਸ ਤਰ੍ਹਾਂ ਕਵਿਤਾ ਵਿਚ ਸੋਭਾ ਤੇ ਸੌਂਦਰਯ ਉਤਪੰਨ ਕਰਨ ਵਾਲੇ ਸਾਧਨਾਂ ਨੂੰ ਅਲੰਕਾਰ ਕਿਹਾ ਜਾਂਦਾ ਹੈ। ਇਹੀ ਅਲੰਕਾਰ ਹੀ ਹਨ ਜੋ ਸਧਾਰਨ ਨੂੰ ਅਸਧਾਰਨ ਤੇ ਆਮ ਨੂੰ ਖਾਸ ਬਣਾਉਂਦੇ ਹਨ। ਅਲੰਕਾਰ ਹੀ ਕਾਵਿ ਨੂੰ ਮਿਠਾਸ ਤੇ ਸੀਤਲਤਾ ਪ੍ਰਦਾਨ ਕਰਦੇ ਹਨ। ਗੁਰੂ ਅਰਜਨ ਦੇਵ ਜੀ ਦਾ ਗਿਆਨ ਸਾਹਿਤ, ਭਾਸ਼ਾ ਅਤੇ ਕਾਵਿ ਕਲਾ ਬਾਰੇ ਬਹੁਤ ਵਿਸ਼ਾਲ ਸੀ। ਸੁਖਮਨੀ ਆਪ ਦੀ ਅੰਤਿਮ ਰਚਨਾ ਹੈ। ਆਪ ਦੀ ਕਾਵਿ ਕਲਾ ਇਸ ਰਚਨਾ ਵਿਚ ਸਿਖ਼ਰ ਤੇ ਹੈ। ਸੁਖਮਨੀ ਭਗਤੀ ਭਾਵ ਪ੍ਰਧਾਨ ਰਚਨਾ ਹੈ। ਇਸ ਵਿਚ ਪਰਮਸਤ ਪ੍ਰਮਾਤਮਾ ਨਾਲ ਇਕ ਹੋ ਜਾਣ ਦਾ ਸੰਕਲਪ ਹੈ। ਗੁਰੂ ਅਰਜਨ ਦੇਵ ਜੀ ਨੇ ਜਗਿਆਸੂਆਂ ਨਾਲ ਆਪਣੇ ਅਨੁਭਵ ਸਾਂਝੇ ਕਰਨ ਲਈ, ਭਾਵਾਂ ਨੂੰ ਸਪੱਸ਼ਟ ਕਰਨ ਲਈ ਅਤੇ

ਸੰਗੀਤਾਤਮਕਤਾ ਪੈਦਾ ਕਰਨ ਲਈ ਅਲੰਕਾਰ ਵਰਤੇ ਹਨ। ਇਸ ਵਿਚ ਉਨ੍ਹਾਂ ਦਾ ਵਿਸ਼ਾਲ ਗਿਆਨ, ਜੀਵਨ ਤਜ਼ਰਬਾ, ਤੀਖਣ ਦ੍ਰਿਸ਼ਟੀ ਅਤੇ ਅਧਿਆਤਮਿਕ ਅਨੁਭਵ ਸੁੱਤੇ ਸਿੱਧ ਹੀ ਸਿਰਜਣਾ ਦਾ ਆਧਾਰ ਬਣ ਜਾਂਦਾ ਹੈ। ਇਹ ਅਲੰਕਾਰ ਆਪ ਨੇ ਉਚੇਚ ਨਾਲ ਨਹੀਂ ਵਰਤੇ ਸਗੋਂ ਸਹਿਜ ਸੁਭਾਵਕ ਹੀ ਆ ਗਏ ਹਨ। ਸੁਖਮਨੀ ਸਾਹਿਬ ਵਿਚ ਸ਼ਬਦ ਅਤੇ ਅਰਥ ਦੋਵੇਂ ਪ੍ਰਕਾਰ ਦੇ ਅਲੰਕਾਰਾਂ ਦੀਆਂ ਉਦਾਹਰਣਾਂ ਇਸ ਪ੍ਰਕਾਰ ਦੇਖੀਆਂ ਜਾ ਸਕਦੀਆਂ ਹਨ:

**ਅਨੁਪ੍ਰਾਸ ਅਲੰਕਾਰ**

ਜਿਥੇ ਅੱਖਰਾਂ ਦੀ ਅਰਥਾਤ ਵਿਅੰਜਨਾ (consonents) ਦੀ ਸਮਾਨਤਾ ਹੋਵੇ ਭਾਵੇਂ ਸੁਰਾਂ (vowels) ਦੀ ਸਮਾਨਤਾ ਹੋਵੇ ਜਾਂ ਨਾ ਉਥੇ ਅਨੁਪ੍ਰਾਸ ਅੰਲਕਾਰ ਹੁੰਦਾ ਹੈ।[121] ਜਿਵੇਂ:

(ੳ) ਆਪੇ ਬੀਨਾ ਆਪੇ ਦਾਨਾ।। ਗਹਿਰ ਗੰਭੀਰੁ ਗਹੀਰੁ ਸੁਜਾਨਾ।।[122]

(ਅ) ਇਹੁ ਵਾਪਾਰੁ ਵਿਰਲਾ ਵਾਪਾਰੈ।।[123]

(ੲ) ਭਗਉਤੀ ਭਗਵੰਤ ਭਗਤਿ ਕਾ ਰੰਗੁ।।[124]

(ਸ) ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।।[125]

ਇਸਦੇ ਪੰਜ ਭੇਦ ਹਨ - ਛੇਕ, ਵ੍ਰਿਤਿ, ਲਾਟ, ਸ਼ੁਤਿ ਅਤੇ ਅੰਤਯ। ਸੁਖਮਨੀ ਵਿਚ ਇਹ ਭੇਦ ਉਪਲੱਬਧ ਹਨ:

**1. ਛੇਕੁਨੁਪ੍ਰਾਸ**

ਜੇ ਇਕੋ ਅੱਖਰ ਪਦਾਂ ਦੇ ਆਦਿ ਅਤੇ ਮਧ ਅਨੇਕ ਵਾਰ ਪਦਾਂ ਦੇ ਆਵੇ, ਤਦ ਛੇਕਾਲੰਕਾਰ ਹੈ।"[126] ਆਰੰਭਕ ਸ਼ਬਦਾਂ ਨਾਲ ਬਣੇ ਵਾਕਾਂ ਦੀ ਸੁਖਮਨੀ ਸਾਹਿਬ ਵਿਚ ਬਹੁਲਤਾ ਹੈ। ਕੁਝ ਉਦਾਹਰਣਾਂ ਦੇਖਦੇ ਹਾਂ:

(ੳ) ਸਾਧ ਕੈ ਸੰਗਿ ਸਦਾ ਸੁਖੁ ਪਾਵੈ।।[127]

(ਅ) ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ।।[128]

(ੲ) ਸਦਾ ਸਦਾ ਸਦਾ ਦਇਆਲ।।[129]

(ਸ) ਕਈ ਕੋਟਿ ਕਬਿ ਕਾਬਿ ਬੀਚਾਰਹਿ।।[130]

(ਹ) ਬਿਸਮਨ ਬਿਸਮ ਭਏ ਬਿਸਮਾਦ॥[131]

(ਕ) ਬਾਰੰ ਬਾਰ ਬਾਰ ਪ੍ਰਭੁ ਜਪੀਐ॥[132]

(ਖ) ਕਰਨ ਕਰਾਵਨ ਕਰਨੈਹਾਰੁ॥[133]

(ਗ) ਜਾਚਕ ਜਨੁ ਜਾਚੈ ਪ੍ਰਭ ਦਾਨੁ॥[134]

(ਘ) ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ॥[135]

## 2. ਵ੍ਰਿਤਯਨੁਪ੍ਰਾਸ

ਇਕੋ ਅੱਖਰ ਜੇ ਅਨੇਕ ਵਾਰ ਪਦਾਂ ਦੇ ਅੰਤ ਤੇ ਆਵੇ ਅਤੇ ਪਦਾਂ ਦਾ ਵਚਨ ਸਮਾਨ ਹੋਵੇ ਤਾਂ ਵ੍ਰਿਤਯਨੁਪ੍ਰਾਸ ਹੁੰਦਾ ਹੈ। [136] ਜਿਵੇਂ:

(ੳ) ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥[137]

(ਅ) ਕਈ ਕੋਟਿ ਰਾਜਸ ਤਾਮਸ ਸਾਤਕ॥[138]

(ੲ) ਆਪਿ ਸਤਿ ਕੀਆ ਸਭੁ ਸਤਿ॥ ਆਪੈ ਜਾਨੈ ਅਪਨੀ ਮਿਤਿ ਗਤਿ॥[139]

## 3. ਸ਼੍ਰੁਤੀਅਨੁਪ੍ਰਾਸ

ਇਸ ਵਿਚ ਕੰਠ, ਤਾਲੂ, ਹੋਂਠ ਆਦਿ ਕਿਸੇ ਇਕ ਹੀ ਥਾਂ ਤੋਂ ਉਚਾਰੇ ਜਾਣ ਵਾਲੇ ਵਰਣਾਂ ਦੀ ਸਮਾਨਤਾ ਹੁੰਦੀ ਹੈ। ਇਸ ਅਲੰਕਾਰ ਵਿਚ ਸ਼ਬਦਾਂ ਦੇ ਵਰਣਾਂ/ਅੱਖਰਾਂ ਦਾ ਉਦਾਹਰਣ ਮੂੰਹ ਦੇ ਇਕੋ ਹਿੱਸੇ ਵਿਚੋਂ ਹੁੰਦਾ ਹੈ ਅਰਥਾਤ ਜਿਸ ਵਾਕ ਵਿਚ ਇਕੋ ਥਾਂ ਤੋਂ ਉਚਾਰੇ ਜਾਣ ਵਾਲੇ ਵਰਣ ਹੋਣ, ਉਸ ਵਿਚ ਸ਼੍ਰੁਤੀਅਨੁਪ੍ਰਾਸ ਹੁੰਦਾ ਹੈ। ਜਿਵੇਂ:

ਪਾਰਬ੍ਰਹਮ ਪਰਮੇਸਰ ਗੋਬਿੰਦ॥ ਕ੍ਰਿਪਾ ਨਿਧਾਨ ਦਿਆਲ ਬਖਸੰਦ॥[140]

## 4. ਲਾਟਾਨੁਪ੍ਰਾਸ

ਜਿਥੇ ਸਮਾਨਾਰਥਕ ਸ਼ਬਦਾਂ ਜਾਂ ਵਾਕਾਂ ਦੀ ਆਵ੍ਰਿਤੀ ਹੋਵੇ ਪਰ ਅਨੁਵਯ ਕਰਨ ਤੇ ਅਰਥ ਵਿਚ ਫਰਕ ਪੈ ਜਾਵੇ, ਉਥੇ ਲਾਟਾਨੁਪ੍ਰਾਸ ਅਲੰਕਾਰ ਹੁੰਦਾ ਹੈ।[141] ਜਿਵੇਂ:

ਜੈਸੀ ਮਤਿ ਦੇਇ ਤੈਸਾ ਪਰਗਾਸ॥[142]

## 5. ਅੰਤਯਾਨੁਪ੍ਰਾਸ

ਕਾਵਿ ਵਿਚ ਛੰਦ ਦੀਆਂ ਤੁਕਾਂ ਦੇ ਅੰਤਿਮ ਅੱਖਰਾਂ ਦੀ ਸਮਾਨਤਾ ਅਰਥਾਤ ਜਦੋਂ ਛੰਦ ਦੀਆਂ ਤੁਕਾਂ ਦੇ ਅਖੀਰਲੇ ਸ਼ਬਦ ਤਾਂ ਵੱਖ ਵੱਖ ਹੋਣ ਪਰੰਤੂ ਉਨ੍ਹਾਂ ਸ਼ਬਦਾਂ ਦੇ ਅਖੀਰਲੇ ਅੱਖਰ ਅਤੇ ਉਨ੍ਹਾਂ ਦੀ ਸੁਰ ਮਿਲਦੀ ਹੋਵੇ ਤਾਂ ਉਹ ਅੰਤਯਾਨੁਪ੍ਰਾਸ ਸ਼ਬਦ ਅਲੰਕਾਰ ਹੁੰਦਾ ਹੈ। ਉਦਾਹਰਣ ਦੇਖਦੇ ਹਾਂ:

(ੳ) ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥[143]

(ਅ) ਬੇਦ ਪੁਰਾਨ ਸਿਮ੍ਰਿਤ ਬੂਝੈ ਮੂਲੁ॥ ਸੂਖਮ ਮਹਿ ਜਾਨੈ ਅਸਥੂਲੁ॥[144]

(ੲ) ਮਨ ਤਨ ਨਾਮਿ ਰਤੇ ਇਕ ਰੰਗਿ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥[145]

(ਸ) ਸੰਗਿ ਨ ਚਾਲਸਿ ਤੇਰੈ ਧਨਾ॥ ਤੂੰ ਕਿਆ ਲਪਟਾਵਹਿ ਮੂਰਖ ਮਨਾ॥[146]

(ਹ) ਨਿਰਧਨ ਕਉ ਧਨੁ ਤੇਰੋ ਨਾਉ॥ ਨਿਥਾਵੇ ਕਉ ਨਾਉ ਤੇਰਾ ਥਾਉ॥[147]

### ਪੁਨਰੁਕਤੀ ਅਲੰਕਾਰ

ਕਿਸੇ ਇਕ ਵਾਕੰਸ਼ ਜਾਂ ਸ਼ਬਦ ਸਮੂਹ ਨੂੰ ਵਾਰ ਵਾਰ ਦੁਹਰਾਉਣ ਨਾਲ ਪੁਨਰੁਕਤੀ ਅਲੰਕਾਰ ਦੀ ਸਿਰਜਣਾ ਹੁੰਦੀ ਹੈ। ਸੁਖਮਨੀ ਸਾਹਿਬ ਦੀ 1, 4, 6, 7, 8, 10 ਅਤੇ 13 ਅਸਟਪਦੀ ਵਿਚ ਇਸ ਅਲੰਕਾਰ ਦੀ ਵਰਤੋਂ ਹੋਈ ਹੈ। ਸੁਖਮਨੀ ਵਿਚ ਇਸ ਅਲੰਕਾਰ ਦੀ ਸਭ ਤੋਂ ਵੱਧ ਵਰਤੋਂ ਹੋਈ ਹੈ। ਉਦਾਹਰਣ ਵੇਖਦੇ ਹਾਂ:

ਪ੍ਰਭ ਕੈ ਸਿਮਰਨਿ ਕਾਰਜ ਪੂਰੇ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੈ॥
ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ॥
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥[148]

ਇਸ ਤੋਂ ਇਲਾਵਾ ਵੀ ਪੁਨਰੁਕਤੀ ਦੀਆਂ ਉਦਾਹਰਣਾਂ ਬਾਣੀ ਵਿਚੋਂ ਬਹੁਤ ਮਿਲ ਜਾਂਦੀਆਂ ਹਨ।

**ਵੀਪਸਾ ਅਲੰਕਾਰ**

ਜਿਥੇ ਆਦਰ, ਘ੍ਰਿਣਾ, ਆਦਿ ਕਿਸੇ ਆਕਸਮਿਕ ਭਾਵ ਨੂੰ ਪ੍ਰਭਾਵਿਤ ਕਰਨ ਲਈ ਸ਼ਬਦਾਂ ਦੀ ਆਵ੍ਰਿਤੀ ਕੀਤੀ ਜਾਵੇ ਉਥੇ ਇਹ ਅਲੰਕਾਰ ਹੁੰਦਾ ਹੈ।[149] ਜਿਵੇਂ:

(ੳ) ਸਿਮਰਿ ਸਿਮਰਿ ਹਰਿ ਕਾਰਨ ਕਰਨਾ॥[150]

(ਅ) ਸਤਿ ਸਤਿ ਸਤਿ ਪ੍ਰਭੁ ਸੁਆਮੀ॥
ਸਚੁ ਸਚੁ ਸਚੁ ਸਭੁ ਕੀਨਾ॥
ਭਲਾ ਭਲਾ ਭਲਾ ਤੇਰਾ ਰੂਪ॥
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ॥[151]

ਇਸ ਤਰ੍ਹਾਂ ਵੀਪਸਾ ਦਾ ਅਰਥ ਹੈ ਦੁਹਰਾਉਣਾ। ਸੁਖਮਨੀ ਸਾਹਿਬ ਵਿਚ ਵੀਪਸਾ ਸ਼ਬਦ ਅਲੰਕਾਰ ਵੀ ਬਹੁਤ ਥਾਵਾਂ ਤੇ ਵਰਤਿਆ ਗਿਆ ਹੈ। ਗੁਰੂ ਸਾਹਿਬ ਆਪਣੇ ਵਿਚਾਰ ਨੂੰ ਦ੍ਰਿੜ ਕਰਵਾਉਣ ਲਈ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਇਕ ਤੁਕ ਵਿਚ ਇਕ ਹੀ ਸ਼ਬਦ ਨੂੰ ਵਾਰ ਵਾਰ ਦੁਹਰਾਉਂਦੇ ਹਨ।

**ਉਪਮਾ ਅਲੰਕਾਰ**

ਉਪਮਾ ਉਹ ਅਲੰਕਾਰ ਹੈ ਜਿਥੇ ਉਪਮਾਉਣ ਯੋਗ ਵਸਤੂ (The subject compared: ਉਪਮੇਯ) ਅਤੇ ਉਪਮਾਨ (The object with which comparison is made) ਵਿਚਕਾਰ, ਉਨ੍ਹਾਂ ਵਿਚ ਫਰਕ ਹੋਣ ਤੇ ਵੀ, ਕਿਸੇ ਸਮਾਨ ਧਰਮ (Common attribute) ਦੇ ਕਾਰਨ ਸਮਾਨਤਾ ਦਰਸਾਈ ਜਾਵੇ।[152] ਉਪਮਾ ਅਲੰਕਾਰ ਵਿਚ ਚਾਰ ਅੰਗ ਉਪਮਾਨ, ਉਪਮੇਯ, ਧਰਮ ਅਤੇ ਵਾਚਕ ਹੁੰਦੇ ਹਨ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਅਧਿਆਤਮਕ ਗੱਲਾਂ ਨੂੰ ਬਹੁਤ ਸਰਲ ਤੇ ਰਸਮਈ ਢੰਗ ਨਾਲ ਰਮਣੀਕ ਬਣਾ ਕੇ ਕਹਿੰਦੇ ਹਨ ਅਤੇ ਖਿਆਲ ਨੂੰ ਸੁੰਦਰ ਅਲੰਕਾਰਾਂ ਦੇ ਗਹਿਣੇ ਨਾਲ ਸਜਾ ਕੇ ਪੇਸ਼ ਕਰਨਾ ਉਨ੍ਹਾਂ ਦਾ ਸੁਭਾਵਕ ਹੁਨਰ ਹੈ। ਇਸ ਪ੍ਰਕਾਰ ਬਾਣੀ ਸੁਖਮਨੀ ਵਿਚ ਗੁਰੂ ਸਾਹਿਬ ਨੇ ਸਾਧ ਸੰਗਤ ਦੁਆਰਾ ਉਸ ਸਰਵ ਵਿਆਪਕ ਪਰਮਾਤਮਾ ਦਾ ਗਿਆਨ ਪ੍ਰਾਪਤ ਕਰਨ ਬਾਰੇ ਉਪਮਾ ਅਲੰਕਾਰ ਰਾਹੀਂ ਇਸ ਤਰ੍ਹਾਂ ਪ੍ਰਗਟਾਇਆ ਹੈ:

ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ॥[153]

ਨਾਮ ਵਿਹੂਣੇ ਮਨੁੱਖ ਦੀ ਅਵਸਥਾ ਬਾਰੇ ਸੁਖਮਨੀ ਸਾਹਿਬ ਵਿਚ ਇਹ ਵਿਚਾਰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:

ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ।।
ਜਿਉ ਕਿਰਪਨ ਕੇ ਨਿਰਾਰਥ ਦਾਮ।।[154]

ਉਪਰੋਕਤ ਤੁਕਾਂ ਵਿਚ ਗੁਰੂ ਸਾਹਿਬ ਸਰਬ ਗੁਣ-ਸਾਗਰ ਪ੍ਰਭੂ ਦੇ ਨਾਮ ਸਿਮਰਨ ਅਤੇ ਸਿਮਰਨ ਨਾ ਕਰਨ ਵਾਲਿਆਂ ਦਾ ਸ੍ਰੇਸ਼ਟ ਚਿੱਤ੍ਰ ਪੇਸ਼ ਕਰਕੇ ਸਾਡੇ ਮਨਾ ਨੂੰ ਪ੍ਰੇਰਿਤ ਕਰਦੇ ਹਨ ਕਿ ਆਤਮਿਕ ਸ਼ਾਂਤੀ ਲਈ ਮਨੁੱਖ ਨੇ ਇਸ ਮਾਰਗ ਉਤੇ ਚਲਣਾ ਹੈ ਕਿਉਂਕਿ ਪ੍ਰਭੂ ਗੁਰੂ ਦੇ ਦਰਸ਼ਨ, ਪ੍ਰਾਪਤੀ ਨਾਲ ਹੀ ਮਨ ਆਨੰਦਮਈ ਹੁੰਦਾ ਹੈ। ਇਸ ਖੇੜੇ ਦੀ ਅਵਸਥਾ ਨੂੰ ਦੀਪਕ ਦੇ ਪ੍ਰਕਾਸ਼ ਨਾਲ ਉਪਮਾ ਦੇ ਕੇ ਬਿਆਨਿਆ ਹੈ:

ਜਿਉ ਅੰਧਕਾਰ ਦੀਪਕ ਪਰਗਾਸੁ।।
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ।।[155]

ਇਸ ਪ੍ਰਕਾਰ ਉਪਰੋਕਤ ਵਰਣਿਤ ਉਪਮਾਵਾਂ ਰਾਹੀਂ ਨਾਮ ਸਿਮਰਨ ਦਾ ਸਹਿਜ ਤੇ ਸਪੱਸ਼ਟ ਮਾਰਗ ਪ੍ਰਸਤੁਤ ਕੀਤਾ ਗਿਆ ਹੈ। ਇਹ ਗੁਰੂ ਸਾਹਿਬ ਦੀ ਸਹਿਜ ਭਾਵੀ ਸੁਹਿਰਦਤਾ ਦਾ ਸਿੱਟਾ ਹੈ। ਇਸ ਪ੍ਰਕਾਰ ਇਹ ਉਪਮਾਵਾਂ ਆਪਣੀ ਢੁੱਕਵੀਂ ਤੁਲਨਾ ਕਰਕੇ ਸਿੱਖਿਆਦਾਇਕ ਹਨ ਜਿਸ ਕਰਕੇ ਇਨ੍ਹਾਂ ਦਾ ਪ੍ਰਭਾਵ ਸਿੱਧਾ ਮਨ ਤੇ ਪੈਂਦਾ ਹੈ ਅਤੇ ਸੁਖਮਨੀ ਸਾਹਿਬ ਦੇ ਸੁਹਜ ਪੱਖ ਵਿਚ ਨਿਆਰਾਪਣ ਵੀ ਝਲਕਦਾ ਹੈ।

**ਦ੍ਰਿਸ਼ਟਾਂਤ ਅਲੰਕਾਰ**

ਜਦੋਂ ਕਿਸੇ ਵਸਤੂ ਦਾ ਪੂਰਾ ਗਿਆਨ ਕਰਵਾਉਣ ਲਈ ਕਿਸੇ ਸਮਾਨ ਧਰਮ ਵਾਲੀ ਵਸਤੂ ਦੀ ਮਿਸਾਲ ਦਿੱਤੀ ਜਾਵੇ ਉਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ ਜਾਂ ਫਿਰ ਇੰਝ ਕਹਿ ਲਿਆ ਜਾਵੇ ਕਿ ਜਿਥੇ ਕਿਸੇ ਕਾਵਿ ਰਚਨਾ ਨੂੰ ਪੜ੍ਹ ਕੇ ਪੂਰਾ ਚਿੱਤਰ ਅੱਖਾਂ ਸਾਹਮਣੇ ਆ ਜਾਵੇ, ਉਥੇ ਦ੍ਰਿਸ਼ਟਾਂਤ ਦੀ ਸਿਰਜਣਾ ਹੁੰਦੀ ਹੈ। ਸੁਖਮਨੀ ਸਾਹਿਬ ਵਿਚ ਗੁਰੂ ਕਵੀ ਨੇ ਜੀਵਨ ਦੇ ਕਿਸੇ ਰਹੱਸ ਨੂੰ ਉਜਾਗਰ ਕਰਨ ਲਈ ਜਾਂ ਕਿਸੇ ਅਣਗੌਲੀ ਸੱਚਾਈ ਨੂੰ ਪ੍ਰਗਟ ਕਰਨ ਲਈ ਇਸ ਅਲੰਕਾਰ ਦਾ ਪ੍ਰਯੋਗ ਬੜੀ ਕੁਸ਼ਲਤਾ ਨਾਲ ਕੀਤਾ ਹੈ। ਜਿਹੜੇ ਵਿਅਕਤੀ ਪ੍ਰਭੂ ਦਾ ਸਿਮਰਨ ਨਹੀਂ ਕਰਦੇ ਉਹਨਾਂ ਦਾ ਵੀ ਉਹ ਹੀ ਹਾਲ

ਹੁੰਦਾ ਹੈ। ਜਿਸ ਤਰ੍ਹਾਂ ਵਰਖਾ ਨਾ ਪੈਣ ਕਰਕੇ ਖੇਤੀ ਸੁੱਕ ਜਾਂਦੀ ਹੈ। ਗੁਰੂ ਸਾਹਿਬ ਨੇ ਇਸ ਵਿਚਾਰ ਨੂੰ ਦ੍ਰਿਸ਼ਟਾਂਤ ਰਾਹੀਂ ਇਸ ਤਰ੍ਹਾਂ ਪ੍ਰਗਟਾਇਆ ਹੈ:

ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ।। ਮੇਘ ਬਿਨਾ ਜਿਉ ਖੇਤੀ ਜਾਇ।।[156]

ਨੈਤਿਕ ਮੁੱਲਾਂ ਦੇ ਅਨੁਸਾਰੀ ਅਤੇ ਪਰਮਾਤਮਾ ਨਾਮ ਨਾਲ ਇਕ ਸੁਰ ਹੋਣ ਵਾਲੇ ਜੀਵ ਨੂੰ ਬ੍ਰਹਮ ਗਿਆਨੀ ਦਾ ਦਰਜਾ ਦਿੱਤਾ ਗਿਆ ਹੈ ਅਤੇ ਅਜਿਹੇ ਬ੍ਰਹਮ ਗਿਆਨੀ ਦੀ ਅਵਸਥਾ ਦਾ ਬਿਆਨ ਕਰਨ ਵੇਲੇ ਦ੍ਰਿਸ਼ਟਾਂਤ ਅਲੰਕਾਰ ਦੀ ਵਰਤੋਂ ਕੀਤੀ ਹੈ। ਬ੍ਰਹਮ ਗਿਆਨੀ ਦੀ ਵਿਸ਼ੇਸ਼ਤਾ ਦਰਸਾਉਂਦਿਆਂ ਕਿਹਾ ਹੈ ਕਿ ਉਹ ਨਿਰਲੇਪ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਪਾਣੀ ਵਿਚ ਕੰਵਲ ਦਾ ਫੁੱਲ, ਨਿਰਦੋਖ ਇਸ ਤਰ੍ਹਾਂ ਵਿਚਰਦਾ ਹੈ ਜਿਵੇਂ ਆਕਾਸ਼ ਵਿਚ ਸੂਰਜ। ਉਸ ਦੀ ਸਮਦ੍ਰਿਸ਼ਟਤਾ ਇਸ ਪ੍ਰਕਾਰ ਦੀ ਹੈ ਜਿਵੇਂ ਹਵਾ ਰਾਣਾ ਜਾਂ ਰੰਕ ਨੂੰ ਬਰਾਬਰ ਸਪਰਸ਼ ਕਰਦੀ ਹੈ। ਧੀਰਜਵੰਤ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਧਰਤੀ, ਨਿਰਮਲ ਇਸ ਤਰ੍ਹਾਂ ਜਿਵੇਂ ਜਲ, ਪ੍ਰਕਾਸ਼ਮਾਨ ਇਸ ਤਰ੍ਹਾਂ ਜਿਵੇਂ ਉੱਜਲ ਗਗਨ। ਉਸਦੀ ਜੋਤ, ਰੱਬੀ ਜੋਤ ਵਿਚ ਇਸ ਤਰ੍ਹਾਂ ਮਿਲ ਜਾਂਦੀ ਹੈ ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ। ਉਪਰੋਕਤ ਭਾਵਾਂ ਨੂੰ ਨਿਮਨ ਲਿਖਤ ਪੇਸ਼ ਕੀਤਾ ਗਿਆ ਹੈ:

(ੳ) ਬ੍ਰਹਮ ਗਿਆਨੀ ਸਦਾ ਨਿਰਲੇਪ।। ਜੈਸੇ ਜਲ ਮਹਿ ਕਮਲ ਅਲੇਪ।।
ਬ੍ਰਹਮ ਗਿਆਨੀ ਸਦਾ ਨਿਰਦੋਖ।। ਜੈਸੇ ਸੂਰੁ ਸਰਬ ਕਉ ਸੋਖ।।
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ।। ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ।।
ਬ੍ਰਹਮ ਗਿਆਨੀ ਕੈ ਧੀਰਜੁ ਏਕ।। ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।।
ਬ੍ਰਹਮ ਗਿਆਨੀ ਕਾ ਇਹੈ ਗੁਨਾਉ।। ਨਾਨਕ ਜਿਉ ਪਾਵਕ ਦਾ ਸਹਜ ਸੁਭਾਉ।।
ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ।। ਜੈਸੇ ਮੈਲੁ ਲਾਗੈ ਜਲਾ।।
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ।। ਜੈਸੇ ਧਰ ਊਪਰਿ ਆਕਾਸੁ।।[157]

(ਅ) ਜਿਉ ਜਲ ਮਹਿ ਜਲੁ ਆਇ ਖਟਾਨਾ।। ਤਿਉ ਜੋਤੀ ਸੰਗਿ ਜੋਤਿ ਸਮਾਨਾ।।[158]

ਇਸ ਤੋਂ ਇਲਾਵਾ ਸੁਖਮਨੀ ਸਾਹਿਬ ਵਿਚ ਗੁਰੂ ਸਾਹਿਬ ਸੰਤ-ਨਿੰਦਕ ਦੀ ਮੰਦੀ ਦਸ਼ਾ ਵੀ ਕਈ ਉਦਾਹਰਣਾਂ ਦੇ ਕੇ ਸਪੱਸ਼ਟ ਕਰਦੇ ਹਨ। ਸੰਤ ਦੋਖੀ ਇਸ ਤਰ੍ਹਾਂ ਕਰਲਾਂਦਾ ਫਿਰਦਾ ਹੈ ਜਿਵੇਂ ਕਾਂ। ਉਹ ਇਸ ਤਰ੍ਹਾਂ ਅੰਦਰੋਂ ਸੱਖਣਾ ਹੁੰਦਾ ਹੈ ਜਿਵੇਂ ਮੁਰਦੇ ਦੀ ਲਾਸ਼। ਸੰਤ ਦੋਖੀ ਇਸ ਤਰ੍ਹਾਂ ਵਿਲਕਦਾ ਹੈ ਜਿਵੇਂ ਪਾਣੀ ਤੋਂ ਬਿਨਾ ਮੱਛੀ। ਸੰਤ ਦੋਖੀ ਦੀ ਤ੍ਰਿਸ਼ਨਾ ਨੂੰ ਅੱਗ ਦੀ ਤ੍ਰਿਸ਼ਨਾ ਰਾਹੀਂ ਪ੍ਰਗਟਾਇਆ

ਗਿਆ ਹੈ ਕਿਉਂਕਿ ਅੱਗ ਕਿਤਨਾ ਇੰਧਣ ਖਾ ਕੇ ਵੀ ਰੱਜਦੀ ਨਹੀਂ। ਸੰਤ ਦੋਖੀ ਆਖਰ ਇਸ ਤਰ੍ਹਾਂ ਇਕੱਲਾ ਰਹਿ ਜਾਂਦਾ ਹੈ ਜਿਵੇਂ ਦਾਣੇ ਰਹਿਤ ਬੂਆੜ ਤਿਲ, ਖੇਤ ਵਿਚ ਹੀ ਸੁੱਟ ਦਿੱਤੇ ਜਾਂਦੇ ਹਨ। ਸੁਖਮਨੀ ਸਾਹਿਬ ਵਿਚੋਂ ਇਸ ਸੰਬੰਧੀ ਉਦਾਹਰਣਾਂ ਇਸ ਪ੍ਰਕਾਰ ਹਨ:

(ੳ) ਸੰਤ ਕੇ ਦੂਖਨ ਤੇ ਮੁਖੁ ਭਵੈ॥
ਸੰਤਨ ਕੈ ਦੂਖਨਿ ਕਾਗ ਜਿਉ ਲਵੈ॥[159]

(ਅ) ਸੰਤ ਕਾ ਦੋਖੀ ਅੰਤਰ ਤੇ ਥੋਥਾ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ॥[160]

(ੲ) ਸੰਤ ਕਾ ਦੋਖੀ ਇਉ ਬਿਲਲਾਇ॥ ਜਿਉ ਜਲ ਬਿਹੂਨ ਮਛੁਲੀ ਤੜਫੜਾਇ॥
ਸੰਤ ਕਾ ਦੋਖੀ ਭੂਖਾ ਨਹੀ ਰਾਜੈ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ॥
ਸੰਤ ਕਾ ਦੋਖੀ ਛੁਟੈ ਇਕੇਲਾ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥[161]

ਸੁਖਮਨੀ ਵਿਚ ਗੁਰੂ ਦੇ ਸ਼ਬਦ ਰੂਪੀ ਆਸਰੇ ਦੀ ਮਹੱਤਤਾ ਨੂੰ ਦ੍ਰਿੜ ਕਰਵਾਉਂਦਿਆਂ ਕਿਹਾ ਗਿਆ ਹੈ ਕਿ ਜਿਵੇਂ ਮੰਦਰ ਦੀ ਛੱਤ ਨੂੰ ਥੰਮਲਾ ਥੰਮ ਕੇ ਰੱਖਦਾ ਹੈ ਤਿਵੇਂ ਗੁਰੂ ਦਾ ਸ਼ਬਦ ਮਨ ਨੂੰ ਥੰਮ ਕੇ ਰੱਖਦਾ ਹੈ। ਜਿਸ ਤਰ੍ਹਾਂ ਪੱਥਰ ਵੀ ਬੇੜੀ ਵਿਚ ਰੱਖ ਕੇ ਪਾਰ ਹੋ ਜਾਂਦਾ ਹੈ, ਤਿਵੇਂ ਪ੍ਰਾਣੀ ਗੁਰੂ ਚਰਨਾਂ ਦੇ ਆਸਰੇ ਤਰ ਜਾਂਦਾ ਹੈ:

ਜਿਉ ਮੰਦਰ ਕਉ ਥਾਮੈ ਥੰਮਨੁ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥
ਜਿਉ ਪਾਖਾਣੁ ਨਾਵ ਚੜਿ ਤਰੈ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ॥[162]

ਗੁਰੂ ਸਾਹਿਬ ਨਾਮ ਸਿਮਰਨ ਦੀ ਮਹਿਮਾ ਅਤੇ ਸੰਤ ਸੰਗਤ ਦੀ ਮਹੱਤਤਾ ਪ੍ਰਗਟਾਉਂਦੇ ਹੋਏ ਇਹ ਉਪਦੇਸ਼ ਦਿੰਦੇ ਹਨ ਕਿ ਸੰਤ ਸੰਗ ਵਿਚ ਆਉਣ ਨਾਲ ਮਾਰਗ ਦੀ ਸੋਝੀ ਇਸ ਤਰ੍ਹਾਂ ਹੁੰਦੀ ਹੈ ਕਿ ਜਿਸ ਤਰ੍ਹਾਂ ਭਾਰੀ ਜੰਗਲ ਵਿਚ ਭਟਕਦੇ ਰਾਹੀ ਨੂੰ ਰਸਤਾ ਲੱਭਦਾ ਹੈ ਅਤੇ ਚਿੰਤਾ ਮਿਟ ਜਾਂਦੀ ਹੈ:

ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ॥[163]

ਇਸ ਪ੍ਰਕਾਰ ਉਪਰੋਕਤ ਤੁਕਾਂ ਵਿਚ ਪਹਿਲੀ ਪੰਕਤੀ ਦ੍ਰਿਸ਼ਟਾਂਤ ਅਰਥਾਤ ਉਦਾਹਰਣ ਹੈ, ਜਿਸਦਾ ਪ੍ਰਤਿਬਿੰਬ ਹਰ ਦੂਜੀ ਪੰਕਤੀ ਵਿਚ ਪੈਂਦਾ ਹੈ। ਇਹਨਾਂ ਦ੍ਰਿਸ਼ਟਾਂਤਾਂ ਦੀ ਸੁਹਜਮਈ ਪ੍ਰਸਤੁਤੀ ਰਾਹੀਂ ਗੁਰੂ ਸਾਹਿਬ ਇਹ ਯਤਨ ਕਰਦੇ ਹਨ ਕਿ ਮਨੁੱਖ ਜੀਵਨ ਦੇ ਜੰਜਾਲਾਂ ਤੋਂ ਮੁਕਤ ਹੋ ਕੇ ਸਹਿਜ

ਦਾ ਜੀਵਨ ਜੀਅ ਸਕੇ ਤੇ ਇਸਦੀ ਆਤਮਾ ਗੁਣਵੰਤ ਹੋ ਕੇ ਪਰਮਾਤਮਾ ਦੀ ਪ੍ਰਾਪਤੀ ਕਰਨ ਵਿਚ ਸਫਲ ਹੋ ਜਾਵੇ। ਪਿਆਰਾ ਸਿੰਘ ਪਦਮ ਅਨੁਸਾਰ ਭਾਵੇਂ ਸਤਿਗੁਰੂ ਕਾਦਰ ਦੀ ਕੁਦਰਤ ਦਾ ਅਸਿੱਧੇ ਢੰਗ ਨਾਲ ਚਰਚਾ ਕਰਦੇ ਹਨ ਤੇ ਉਸ ਦੀ ਬੇਅੰਤਤਾ, ਅਸਚਰਜਤਾ ਤੇ ਵਿਵਿਧਤਾ ਦੇ ਪੱਖ ਉਜਾਗਰ ਕਰਕੇ ਸਾਡੇ ਮਨੋਭਾਵਾਂ ਨੂੰ ਕਾਦਰ ਅੱਗੇ ਪਰਣਾਮ ਕਰਨ ਲਈ ਤਿਆਰ ਕਰਦੇ ਹਨ ਪਰ ਇਹ ਨਿਰੂਪਣ ਸੁਹਜ ਸੁਆਦ ਦੇ ਪੱਖ ਤੋਂ ਵੀ ਇਕ ਅਨੋਖਾ ਰੰਗ ਪ੍ਰਦਾਨ ਕਰਦਾ ਹੈ। ਅਧਿਆਤਮਕ ਰਚਨਾਵਾਂ ਵਿਚ ਆਮ ਤੌਰ ਤੇ ਅਜਿਹਾ ਰੰਗ ਘਟ ਹੁੰਦਾ ਹੈ ਪਰ ਇਥੇ ਪੂਰੇ ਵਿਸਤਾਰ ਨਾਲ ਇਹ ਮੀਨਾਕਾਰੀ ਹੋਈ ਹੈ ਜੋ ਜ਼ਿੰਦਗੀ ਦੀ ਫੁਲਕਾਰੀ ਨੂੰ ਆਕਰਸ਼ਕ ਬਣਾ ਕੇ ਪੇਸ਼ ਕਰਦੀ ਹੈ।[164]

**ਰੂਪਕ ਅਲੰਕਾਰ**

ਜਿਥੇ ਉਪਮਾਨ ਅਤੇ ਉਪਮੇਯ ਇਕੋ ਹੀ ਰੂਪ ਹੋਣ ਅਰਥਾਤ ਦੋਹਾਂ ਦੀ ਸਮਾਨਤਾ ਦਿਖਾਈ ਜਾਵੇ ਉਥੇ ਰੂਪਕ ਅਲੰਕਾਰ ਹੁੰਦਾ ਹੈ। ਕਹਿਣ ਦਾ ਭਾਵ ਹੈ ਕਿ ਚਰਚਾ ਅਧੀਨ ਵਸਤੂ ਨੂੰ ਕਿਸੇ ਹੋਰ ਵਸਤੂ ਦਾ ਰੂਪ ਹੀ ਤਸੱਵਰ ਕਰ ਲਿਆ ਜਾਵੇ।"[165] ਇਥੇ ਇਹ ਗੱਲ ਵਰਣਨਯੋਗ ਹੈ ਕਿ ਉਪਮਾ ਵਿਚ ਉਪਮੇਯ ਤੇ ਉਪਮਾਨ ਦੀ ਸਮਾਨਤਾ ਹੁੰਦੀ ਹੈ, ਪਰੰਤੂ ਦੋਹਾਂ ਵਿਚਕਾਰ ਭੇਦ ਸਪੱਸ਼ਟ ਰਹਿੰਦਾ ਹੈ। ਰੂਪਕ ਵਿਚ ਅਜਿਹਾ ਕੋਈ ਭੇਦ ਬਾਕੀ ਨਹੀਂ ਰਹਿੰਦਾ। ਰੂਪਕ ਦਾ ਸ਼ਾਬਦਿਕ ਅਰਥ 'ਰੂਪ ਦਾ ਆਰੋਪ'।

ਸੁਖਮਨੀ ਵਿਚ ਭਗਤਾਂ ਦੇ ਮਨ ਵਿਚ ਸਿਮਰਨ ਨੂੰ ਚਰਨ ਕਮਲ ਦੇ ਰੂਪਕ ਦੁਆਰਾ ਪੇਸ਼ ਕੀਤਾ ਗਿਆ ਹੈ।

ਅਨਿਕ ਭਗਤ ਬੰਦਨ ਨਿਤ ਕਰਹਿ।। ਚਰਨ ਕਮਲ ਹਿਰਦੈ ਸਿਮਰਹਿ।।[166]

ਸਤਿਗੁਰੂ ਦੀ ਮਿਹਰ ਸਦਕਾ ਮਨੁੱਖ ਦੇ ਮਨ ਵਿਚ ਪ੍ਰਕਾਸ਼ ਹੁੰਦਾ ਹੈ। ਪ੍ਰਕਾਸ਼ਮਈ ਮਨ ਕਿਸ ਕ੍ਰਿਆ ਨਾਲ ਹੁੰਦਾ ਹੈ ਉਸ ਦਾ ਵਰਣਨ ਕਰਨ ਲਈ ਰੂਪਕ ਅਲੰਕਾਰ ਵਰਤਿਆ ਗਿਆ ਹੈ।

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।।
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ।।[167]

**ਉਲੇਖ ਅਲੰਕਾਰ**

ਜਦੋਂ ਕਿਸੇ ਇਕ ਵਸਤੂ ਦਾ ਵਿਸ਼ੇ ਦੇ ਭੇਦ ਨਾਲ ਅਨੇਕ ਢੰਗਾਂ ਨਾਲ ਵਰਣਨ ਕੀਤਾ ਜਾਵੇ, ਉਹ ਉਲੇਖ ਅਲੰਕਾਰ ਹੁੰਦਾ ਹੈ। ਉਲੇਖ ਦਾ ਸ਼ਾਬਦਿਕ ਅਰਥ ਵਿਸ਼ੇਸ਼ ਰੂਪ ਵਿਚ ਵਰਣਨ ਕਰਨਾ ਹੈ।[168]

ਪਹਿਲੀ ਤਰ੍ਹਾਂ ਦੇ ਉਲੇਖ ਵਿਚ ਅਨੇਕਾਂ ਵਿਅਕਤੀਆਂ ਦੁਆਰਾ ਇਕ ਦਾ ਅਨੇਕ ਪ੍ਰਕਾਰ ਦਾ ਵਰਣਨ ਹੁੰਦਾ ਹੈ, ਜਦੋਂ ਕਿ ਦੂਜੀ ਤਰ੍ਹਾਂ ਦੇ ਉਲੇਖ ਵਿਚ ਇਕ ਹੀ ਵਿਅਕਤੀ, ਇਕ ਦਾ ਅਨੇਕ ਪ੍ਰਕਾਰ ਨਾਲ ਵਰਣਨ ਕਰਦਾ ਹੈ। ਸੁਖਮਨੀ ਸਾਹਿਬ ਵਿਚ ਪ੍ਰਭੂ ਦੀ ਉਸਤਤ ਲਈ ਪ੍ਰਥਮ ਤੇ ਦੁਤੀਯ ਉਲੇਖ ਦਾ ਪ੍ਰਯੋਗ ਹੈ।

ਪ੍ਰਭ ਬਖਸੰਦ ਦੀਨ ਦਇਆਲ।। ਭਗਤਿ ਵਛਲ ਸਦਾ ਕਿਰਪਾਲ।।
ਅਨਾਥ ਨਾਥ ਗੋਬਿੰਦ ਗੁਪਾਲ।। ਸਰਬ ਘਟਾ ਕਰਤ ਪ੍ਰਤਿਪਾਲ।।
ਆਦਿ ਪੁਰਖ ਕਾਰਣ ਕਰਤਾਰ।। ਭਗਤ ਜਨਾ ਕੇ ਪ੍ਰਾਨ ਅਧਾਰ।।[169]

ਪਰਮਾਤਮਾ ਦੀ ਵਡਿਆਈ ਦੁਤੀਯ ਉਲੇਖ ਵਿਚ ਇਸ ਪ੍ਰਕਾਰ ਕੀਤੀ ਗਈ ਹੈ:

ਰਾਜ ਮਹਿ ਰਾਜੁ ਜੋਗ ਮਹਿ ਜੋਗੀ।। ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ।।[170]

**ਵਿਰੋਧ ਅਲੰਕਾਰ**

ਕਾਵਿ ਵਿਚ ਕਿਸੇ ਅਮਰ ਸੱਚਾਈ ਨੂੰ ਰੂਪਮਾਨ ਕਰਨ ਲਈ ਦਿਸਦੇ (ਪ੍ਰਤੱਖ) ਅਤੇ ਅਣਦਿਸਦੇ (ਅਪ੍ਰਤੱਖ) ਦੇ ਦਰਮਿਆਨ ਵਿਰੋਧ ਦੀ ਸਿਰਜਣਾ ਕਰ ਲਈ ਜਾਂਦੀ ਹੈ। ਉਸ ਨੂੰ ਵਿਰੋਧ ਅਲੰਕਾਰ ਕਿਹਾ ਜਾਂਦਾ ਹੈ। ਸੁਖਮਨੀ ਵਿਚੋਂ ਉਦਾਹਰਣ ਦੇਖੋ:

ਬ੍ਰਹਮ ਗਿਆਨੀ ਊਚ ਤੇ ਊਚਾ।। ਮਨਿ ਅਪਨੈ ਹੈ ਸਭ ਤੇ ਨੀਚਾ।।[171]

ਇਸ ਤੁਕ ਵਿਚ ਬ੍ਰਹਮ ਗਿਆਨੀ ਦਾ ਉੱਚੇ ਤੋਂ ਉੱਚਾ ਹੋਣਾ ਤੇ ਆਪਣੇ ਮਨ ਵਿਚ ਨੀਵਾਂ ਹੋਣਾ ਵਿਰੋਧ ਪ੍ਰਗਟ ਕਰਦਾ ਹੈ। ਇਕ ਹੋਰ ਉਦਾਹਰਣ ਦੇਖੋ:

ਕਰਤੂਤਿ ਪਸੂ ਕੀ ਮਾਨਸ ਜਾਤਿ।।[172]

ਇਥੇ ਮਨੁੱਖ ਨੂੰ ਪਸ਼ੂਆਂ ਵਰਗੇ ਕੰਮ ਕਰਨ ਵਾਲਾ ਦੱਸਿਆ ਹੈ। ਮਨੁੱਖ ਆਪਣੇ ਆਪ ਵਿਚ ਸਾਰੇ ਚੰਗੇ ਗੁਣ ਪ੍ਰਗਟ ਕਰ ਸਕਦਾ ਹੈ ਪਰੰਤੂ ਆਪਣੇ ਆਚਰਣ ਵਿਗਾੜ ਕਰਕੇ ਉਹ ਪਸ਼ੂਆਂ ਵਰਗੀਆਂ ਕਰਤੂਤਾਂ ਕਰਦਾ ਹੈ। ਇਕ ਪਾਸੇ ਗੁਣਵਾਨ ਮਨੁੱਖ ਹੈ ਤੇ ਦੂਸਰੇ ਪਾਸੇ ਪਸ਼ੂਆਂ ਵਰਗੀਆਂ ਕਰਤੂਤਾਂ ਦਾ ਪ੍ਰਵੇਸ਼ ਕਰਨਾ ਵਿਰੋਧ ਅਲੰਕਾਰ ਪੈਦਾ ਕਰਦਾ ਹੈ।

## ਕਾਵਿ ਲਿੰਗ ਅਲੰਕਾਰ

ਜਿਸ ਵਿਚ ਕਿਸੇ ਗੱਲ ਨੂੰ ਸਿੱਧ ਕਰਨ ਲਈ ਯੁਕਤੀ ਜਾਂ ਕਾਰਣ ਦਾ ਕਥਨ ਕਰਕੇ ਉਸਦਾ ਸਮਰਥਨ ਕੀਤਾ ਜਾਏ। ਇਥੇ ਲਿੰਗ ਤੋਂ ਭਾਵ ਹੈ ਹੇਤੂ ਜਾਂ ਕਾਰਣ, ਅਰਥਾਤ ਅਜਿਹਾ ਕਾਵਿ ਜਿਸ ਵਿਚ ਕਵੀ ਜਿਸ ਅਰਥ ਨੂੰ ਸਿੱਧ ਕਰਨਾ ਚਾਹੁੰਦਾ ਹੈ, ਉਸ ਦਾ ਕਾਰਣ ਵਾਕ ਦੇ ਅਰਥ ਵਿਚ ਜਾਂ ਪਦ ਦੇ ਅਰਥ ਵਿਚ ਦਿੰਦਾ ਹੈ।[173] ਸੁਖਮਨੀ ਸਾਹਿਬ ਵਿਚ ਵੀ ਅਰਥ ਅਲੰਕਾਰ ਦੇ ਇਸ ਭੇਦ ਦੀ ਵਰਤੋਂ ਮਿਲਦੀ ਹੈ। ਮਨੁੱਖ ਦੀ ਮਾਇਆਵੀ ਪਦਾਰਥਾਂ ਨਾਲ ਪ੍ਰੀਤੀ ਨੂੰ ਦਰਸਾਉਣ ਲਈ ਗਧੇ ਦੀ ਸੁਆਹ ਨਾਲ ਪ੍ਰੀਤ ਬਾਰੇ ਦੱਸਿਆ ਗਿਆ ਹੈ, ਜਿਸ ਕਾਰਨ ਉਹ ਚੰਦਨ ਦੇ ਲੇਪ ਦੀ ਮਹਾਨਤਾ ਨੂੰ ਨਹੀਂ ਜਾਣ ਸਕਦਾ।

ਚੰਦਨ ਲੇਪੁ ਉਤਾਰੈ ਧੋਇ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ॥[179]

## ਕਾਰਣਮਾਲਾ ਅਲੰਕਾਰ

ਜਿਸ ਵਿਚ ਵਰਣਿਤ ਵਸਤੂਆਂ ਵਿਚ ਲੜੀਬੱਧ ਰੂਪ ਵਿਚ ਪਰਸਪਰ ਕਾਰਜ-ਕਾਰਣ ਭਾਵ ਸੰਬੰਧ ਹੁੰਦਾ ਹੋਵੇ। 'ਕਾਰਣ ਮਾਲਾ' ਦਾ ਅਰਥ ਹੈ ਕਾਰਣਾਂ ਦੀ ਲੜੀ ਜਾਂ ਸੰਗਲੀ। ਕਵੀ ਕਿਸੇ ਵਿਸ਼ੇਸ਼ ਉਦੇਸ਼ ਤੋਂ ਜਾਂ ਕਿਸੇ ਵਸਤੂ ਦੇ ਮਹੱਤਵ ਨੂੰ ਦਰਸਾਉਣ ਲਈ ਹੀ ਕਾਰਣ-ਕਾਰਜ ਦੇ ਕ੍ਰਮ ਦਾ ਵਰਣਨ ਕਰਦਾ ਹੈ।[175] ਜਿਵੇਂ:

ਜਿਸ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥
ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਰਾਮ ਨਾਮੁ ਹਿਰਦੇ ਮਹਿ ਤੋਲਿ॥
ਲਾਦਿ ਖੇਪ ਸੰਤਹ ਸੰਗਿ ਚਾਲੁ॥ ਅਵਰ ਤਿਆਗਿ ਬਿਖਿਆ ਜੰਜਾਲ॥
ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ॥
ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥[176]

ਉਪਰੋਕਤ ਪੰਕਤੀਆਂ ਵਿਚ ਨਾਮ ਰੂਪੀ ਵਖਰ ਹੀ ਅਗਲੇ ਕਥਨਾਂ ਦਾ ਕਾਰਨ ਹੈ।

## ਪ੍ਰਯਾਯ ਜਾਂ ਪ੍ਰਯਾਸ ਅਲੰਕਾਰ

ਜਿਥੇ ਕ੍ਰਮ-ਪੂਰਬਕ ਅਨੇਕ ਵਸਤਾਂ ਦਾ ਇਕ ਹੀ ਆਸਰਾ ਵਰਣਨ ਕਰੀਏ ਉਥੇ ਪ੍ਰਯਾਯ ਅਲੰਕਾਰ ਹੁੰਦਾ ਹੈ।[177] ਜਿਵੇਂ:

ਨਿਰਧਨ ਕਉ ਧਨੁ ਤੇਰੋ ਨਾਉ॥ ਨਿਥਾਵੇ ਕਉ ਨਾਉ ਤੇਰਾ ਥਾਉ॥

ਨਿਮਾਨੇ ਕਉ ਪ੍ਰਭ ਤੇਰੋ ਮਾਨੁ॥ ਸਗਲ ਘਟਾ ਕਉ ਦੇਵਹੁ ਦਾਨੁ॥[178]

ਉਪਰੋਕਤ ਪੰਕਤੀਆਂ ਵਿਚ ਨਾਮ ਦਾ ਨਾਉ, ਥਾਉ, ਮਾਨ ਤੇ ਦਾਨ ਆਧਾਰਾਂ ਵਿਚ ਹੋਣਾ ਵਰਣਿਤ ਹੈ।

**ਲੋਕੋਕਤੀ ਅਲੰਕਾਰ**

ਬਾਣੀ ਸੁਖਮਨੀ ਵਿਚ ਅਨੇਕ ਪੰਕਤੀਆਂ ਅਜਿਹੀਆਂ ਹਨ ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਜਾਂ ਤਾਂ ਪ੍ਰਚਲਿਤ ਲੋਕੋਕਤੀਆਂ ਦਾ ਪ੍ਰਯੋਗ ਕੀਤਾ ਹੈ ਜਾਂ ਗੁਰੂ ਸਾਹਿਬ ਦੀ ਕਾਵਿ ਪ੍ਰਤਿਭਾ ਹੀ ਇਤਨੀ ਵੇਗਮਈ ਅਤੇ ਤੇਜੱਸਵੀ ਹੋ ਗਈ ਹੈ ਕਿ ਉਨ੍ਹਾਂ ਦੇ ਕਾਵਿ ਕਥਨਾਂ ਨੇ ਲੋਕੋਕਤੀ ਦਾ ਰੂਪ ਧਾਰਨ ਕਰ ਲਿਆ ਹੈ। ਇਸ ਪ੍ਰਸੰਗ ਵਿਚ ਕੁਝ ਪ੍ਰਮਾਣ ਦੇਖੋ:

(ੳ) ਕਰਤੂਤਿ ਪਸੂ ਕੀ ਮਾਨਸ ਜਾਤਿ॥[179]

(ਅ) ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥[180]

(ੲ) ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥ ਓਹ ਬਿਨਸੈ ਉਹੁ ਮਨਿ ਪਛੁਤਾਵੈ॥[181]

(ਸ) ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥[182]

(ਹ) ਸਰਬ ਰੋਗ ਕਾ ਅਉਖਦੁ ਨਾਮੁ॥[183]

(ਕ) ਟੂਟੀ ਗਾਢਨਹਾਰ ਗੋੁਪਾਲ॥[184]

(ਖ) ਜਿਸੁ ਠਾਕੁਰ ਸਿਉ ਨਾਹੀ ਚਾਰਾ॥ ਤਾ ਕਉ ਕੀਜੈ ਸਦ ਨਮਸਕਾਰਾ॥[185]

(ਗ) ਅਪੁਨੇ ਜਨ ਕਾ ਪਰਦਾ ਢਾਕੈ॥[186]

ਇਹ ਸਾਰੇ ਕਥਨ ਅਟੱਲ ਸੱਚਾਈਆਂ ਦੇ ਸਾਥੀ ਹਨ। ਇਨ੍ਹਾਂ ਵਿਚ ਗੁਰੂ ਸਾਹਿਬ ਦਾ ਅਨੁਭਵ ਚਿਤਰਿਆ ਗਿਆ ਹੈ।

**ਅਸੰਭਵ ਅਲੰਕਾਰ**

ਅਣਹੋਣੀ ਗੱਲ ਕਹਿ ਕੇ ਚਮਤਕਾਰ ਦਿਖਾਉਣਾ। ਨਾਮ ਅਤੇ ਪ੍ਰਭੂ ਦੇ ਅਥਾਹ ਸ਼ਕਤੀ ਦੇ ਸੰਚਾਰ ਲਈ ਗੁਰੂ ਜੀ ਨੇ ਅਸੰਭਵ ਅਲੰਕਾਰ ਵਰਤਿਆ ਹੈ। ਪ੍ਰਭੂ ਦੀ ਸ਼ਕਤੀ ਨੂੰ ਮਨੁੱਖੀ ਬੁੱਧੀ ਦੀ

ਪਕੜ ਵਿਚ ਲਿਆ ਦੇਣ ਦੀ ਸਮਰੱਥਾ ਅਸੰਭਵ ਅਲੰਕਾਰ ਤੋਂ ਬਿਨਾਂ ਕਿਸੇ ਹੋਰ ਅਲੰਕਾਰ ਵਿਚ ਘੱਟ ਹੈ। ਸੁਖਮਨੀ ਸਾਹਿਬ ਵਿਚ ਪ੍ਰਭੂ ਦੀ ਸ਼ਕਤੀ ਨੂੰ ਇੰਜ ਬਿਆਨ ਕੀਤਾ ਗਿਆ ਹੈ:

ਪ੍ਰਭ ਭਾਵੈ ਮਾਨੁਖ ਗਤਿ ਪਾਵੈ।। ਪ੍ਰਭ ਭਾਵੈ ਤਾ ਪਾਥਰ ਤਰਾਵੈ।।

ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ।। ਪ੍ਰਭ ਭਾਵੈ ਤਾ ਹਰਿ ਗੁਣ ਭਾਖੈ।।[187]

**ਭ੍ਰਾਂਤੀ ਅਲੰਕਾਰ**

ਜਿੱਥੇ ਭਰਮ ਨਾਲ ਕਿਸੇ ਹੋਰ ਵਸਤੂ ਨੂੰ ਹੋਰ ਵਸਤੂ ਮੰਨ ਲਈਏ ਉਥੇ ਭ੍ਰਾਂਤੀ ਜਾਂ ਭ੍ਰਮ ਅਲੰਕਾਰ ਹੁੰਦਾ ਹੈ: ਉਦਾਹਰਣ:

ਬਿਰਖ ਦੀ ਛਾਇਆ ਸਿਉ ਰੰਗੁ ਲਾਵੈ।। ਓਹ ਬਿਨਸੈ ਉਹੁ ਮਨਿ ਪਛਤਾਵੈ।।[188]

ਅਗਿਆਨੀ ਜੀਵ ਬ੍ਰਿਛ ਦੀ ਅਨਿਤ ਛਾਂ ਨੂੰ ਅਗਿਆਨ ਜਾਂ ਭ੍ਰਮ ਕਾਰਨ ਮਿੱਤ ਸਮਝੀ ਬੈਠਾ ਹੈ। ਇਸ ਕਰਕੇ ਇਹ ਭ੍ਰਾਂਤੀ ਅੰਲਕਾਰ ਹੈ।

**ਵਚਿੱਤਰ ਅਲੰਕਾਰ**

ਪ੍ਰੋ. ਕਰਤਾਰ ਸਿੰਘ ਅਨੁਸਾਰ ਵਚਿੱਤਰ ਦਾ ਅਰਥ ਹੈ ਅਨੋਖਾ, ਅਜੀਬ, ਹੈਰਾਨ ਕਰਨ ਵਾਲਾ, ਅਸਚਰਜ। ਜਿਥੇ ਕਿਸੇ ਫਲ ਦੀ ਪ੍ਰਾਪਤੀ ਲਈ ਉਸ ਫਲ ਤੋਂ ਉਲਟਾ ਜਤਨ ਕੀਤਾ ਦਸਿਆ ਜਾਵੇ।[189] ਉਥੇ ਵਚਿੱਤਰ ਅਲੰਕਾਰ ਹੁੰਦਾ ਹੈ। ਜਿਵੇਂ:

ਆਪਸ ਕਉ ਜੋ ਜਾਣੈ ਨੀਚਾ।। ਸੋਊ ਗਨੀਐ ਸਭ ਤੇ ਊਚਾ।।[190]

ਨੀਵੇਂ ਨੂੰ ਉੱਚਾ ਸਮਝਣਾ ਹੀ ਇਸ ਵਿਚ ਵਚਿੱਤ੍ਰਤਾ ਹੈ। ਆਪਣੇ ਆਪ ਨੂੰ ਨੀਵਾਂ ਕਹਿਣ ਵਾਲੇ ਨੂੰ ਹੀ ਉੱਚਤਾ ਪ੍ਰਾਪਤ ਹੁੰਦੀ ਹੈ।

**ਸਾਰ ਅਲੰਕਾਰ**

ਇਹ ਇਕ ਅਰਥਾਲੰਕਾਰ ਹੈ ਜਿਸ ਵਿਚ ਅੱਛਾ ਅਥਵਾ ਬੁਰਾ ਪਦਾਰਥ, ਜੋ ਇਕ ਤੋਂ ਇਕ ਵੱਧ ਕੇ ਹੋਵੇ ਅਰਥਾਤ, ਪਹਿਲੇ ਨਾਲੋਂ ਦੂਜਾ ਸਾਰ ਹੋਵੇ, ਐਸਾ ਵਰਣਨ 'ਸਾਰ' ਅਲੰਕਾਰ ਹੈ।[191]

ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਸਗਲ ਕ੍ਰਿਆ ਮਹਿ ਊਤਮ ਕਿਰਿਆ॥ ਸਾਧਸੰਗਿ ਦੁਰਮਤਿ ਮਲੁ ਹਿਰਿਆ॥

ਸਗਲ ਉਦਮ ਮਹਿ ਉਦਮੁ ਭਲਾ॥ ਹਰਿ ਕਾ ਨਾਮੁ ਜਪਹੁ ਜੀਅ ਸਦਾ॥

ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ॥

ਸਗਲ ਥਾਨ ਤੇ ਓਹੁ ਊਤਮ ਥਾਨੁ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ॥[192]

ਉਪਰੋਕਤ ਪੰਕਤੀਆਂ ਵਿਚ ਪਹਿਲੀ ਪੰਕਤੀ ਦਾ ਸਾਰ ਹੀ ਦੂਸਰੀ ਪੰਕਤੀ ਵਿਚ ਹੈ।

**ਮੀਲਿਤ ਅੰਲਕਾਰ**

ਤੁੱਲ ਗੁਣ ਵਾਲੀ ਵਸਤੂ ਨਾਲ ਮਿਲ ਕੇ ਪਦਾਰਥ ਦਾ ਅਜਿਹਾ ਅਭੇਦ ਹੋਣਾ ਕਿ ਵੱਖ ਪ੍ਰਤੀਤ ਨਾ ਹੋਵੇ, ਅਜਿਹੀ ਉਕਤੀ ਮੀਲਿਤ ਅਲੰਕਾਰ ਹੁੰਦੀ ਹੈ।[193] ਉਦਾਹਰਣ:

ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥[194]

**ਵਿਸ਼ੇਸ਼ ਅਲੰਕਾਰ**

ਥੋੜੇ ਜਤਨ ਕਰਨ ਤੋਂ ਵੱਡੇ ਫਲ ਦੀ ਪ੍ਰਾਪਤੀ ਦਾ ਵਰਣਨ ਵਿਸ਼ੇਸ਼ ਅਲੰਕਾਰ ਹੈ।[195] ਉਦਾਹਰਣ ਵਜੋਂ:

ਸਰਬ ਬੈਕੁੰਠ ਮੁਕਤਿ ਮੋਖਿ ਪਾਇ॥ ਏਕ ਨਿਮਖ ਹਰਿ ਕੇ ਗੁਨ ਗਾਇ॥

ਅਨਿਕ ਰਾਜ ਭੋਗ ਬਡਿਆਈ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ॥[196]

ਉਕਤ ਪੰਕਤੀਆਂ ਵਿਚ ਹਰੀ ਨਾਮ ਸਿਮਰਨ ਤੋਂ ਮਹਾਨ ਪ੍ਰਾਪਤੀਆਂ ਦਾ ਕਥਨ ਕੀਤਾ ਹੈ।

**ਸਾਮਾਨਯ ਅਲੰਕਾਰ**

ਜਿਸ ਥਾਂ ਤੁਲ ਰੂਪ ਗੁਣ ਆਦਿ ਵਾਲੇ ਪਦਾਰਥਾਂ ਦੀ ਸਮਾਨਤਾ ਹੋਵੇ ਪਰ ਮੀਲਤ ਦੀ ਤਰ੍ਹਾਂ ਅਭੇਦਤਾ ਨ ਹੋਵੇ ਕਿੰਤੂ ਭੇਦ ਬਨਿਆ ਰਹੇ। ਇਸ ਤਰ੍ਹਾਂ ਦਾ ਵਰਣਨ ਸਾਮਾਨਯ ਅਲੰਕਾਰ ਹੁੰਦਾ ਹੈ।[197] ਉਦਾਹਰਣ ਵਜੋਂ:

ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਸੋ ਨਰਕ ਪਾਤੀ ਹੋਵਤ ਸੁਆਨੁ॥

ਜੋ ਜਾਨੈ ਮੈ ਜੋਬਨਵੰਤੁ॥ ਸੋ ਹੋਵਤ ਬਿਸਟਾ ਕਾ ਜੰਤੁ॥[198]

ਇਥੇ  ਰਾਜ ਅਭਿਮਾਨੀ ਤੇ ਸੁਆਨ ਅਤੇ ਜੋਬਨਵੰਤੁ ਤੇ ਬਿਸਟਾ ਕਾ ਜੰਤ ਵਿਚਕਾਰ ਗੁਣਾਂ ਦੀ ਸਮਾਨਤਾ ਕਾਰਨ ਇਕਾਤਮਕਤਾ ਹੈ।

**ਯਥਾ ਸੰਖਿਆ ਅਲੰਕਾਰ**

ਜਿਥੇ ਸੰਬੰਧਿਤ ਪਦਾਰਥਾਂ ਦਾ ਕ੍ਰਮ-ਪੂਰਬਕ ਕਹੇ ਵਾਕਾਂ ਅਤੇ ਪਦਾਂ ਦੇ ਕ੍ਰਮ ਅਨੁਸਾਰ ਉਲੇਖ ਹੁੰਦਾ ਹੈ ਉਥੇ ਯਥਾ ਸੰਖਿਆ ਅਲੰਕਾਰ ਹੁੰਦਾ ਹੈ।[199] ਜਿਵੇਂ:

ਰਮਈਆ ਕੇ ਗੁਨ ਚੇਤਿ ਪਰਾਨੀ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ॥
ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥ ਭਰਿ ਜੋਬਨ ਭੋਜਨ ਸੁਖ ਸੂਧ॥
ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥[200]

ਇਨ੍ਹਾਂ ਪੰਕਤੀਆਂ ਵਿਚ ਪਰਮਾਤਮਾ ਦਾ ਸਿਮਰਨ ਕਰਨ ਦੀ ਪ੍ਰੇਰਣਾ ਦਿੱਤੀ ਹੈ।

ਸਮੁੱਚੇ ਤੌਰ ਤੇ ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਅਨੇਕ ਪ੍ਰਕਾਰ ਦੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ ਜਿਸ ਨਾਲ ਗੁਰੂ ਸਾਹਿਬ ਨੇ ਇਸ ਬਾਣੀ ਵਿਚ ਬੜੇ ਸਰਲ ਤੇ ਸਹਿਜ ਢੰਗ ਨਾਲ ਉੱਚੇ ਤੇ ਗੂੜ੍ਹ ਗਿਆਨ ਨਾਲ ਭਰਪੂਰ ਵਿਚਾਰਾਂ ਨੂੰ ਸਮਝਣਯੋਗ ਬਣਾਇਆ ਹੈ। ਇਹ ਸਮੁੱਚੀ ਗੁਰਬਾਣੀ ਦੀ ਵਿਸ਼ੇਸ਼ਤਾ ਹੈ। ਇਸਦੇ ਲਈ ਗੁਰੂ ਸਾਹਿਬ ਸਮਾਜਿਕ ਜੀਵਨ ਦੇ ਰੋਜ਼ਾਨਾ ਕਾਰ-ਵਿਹਾਰਾਂ ਨਾਲ ਆਲੇ-ਦੁਆਲੇ ਦੀਆਂ ਜਾਣੀਆਂ-ਪਛਾਣੀਆਂ ਵਸਤੂਆਂ ਤੇ ਘਟਨਾਵਾਂ ਨਾਲ, ਕਿਸਾਨੀ ਤੇ ਹੋਰ ਆਮ ਪ੍ਰਚਲਿਤ ਕਿੱਤਿਆਂ ਨਾਲ ਸੰਬੰਧਿਤ ਵੇਰਵਿਆਂ ਨੂੰ ਉਪਮਾਵਾਂ ਤੇ ਰੂਪਕਾਂ ਵਜੋਂ ਰੂਪਾਂਤਰਿਤ ਕਰ ਲੈਂਦੇ ਹਨ। ਵਿਸ਼ੇਸ਼ਤਾ ਇਹ ਵੀ ਹੈ ਕਿ ਸੁਖਮਨੀ ਸਾਹਿਬ ਵਿਚ ਕਿਧਰੇ ਵੀ ਅਲੰਕਾਰ ਥੋਪੇ ਹੋਏ ਨਹੀਂ ਲਗਦੇ, ਸਗੋਂ ਸਹਿਜ ਸੁਭਾਵਕ ਹੀ ਵਰਤੇ ਗਏ ਹਨ ਜਿਸ ਨਾਲ ਇਥੇ ਵਿਚਾਰਾਂ ਵਿਚ ਸਪੱਸ਼ਟਤਾ ਆਈ ਹੈ ਉਥੇ ਕਾਵਿ ਰਸ ਵੀ ਉਪਜਿਆ ਹੈ। ਇਸ ਪ੍ਰਕਾਰ ਬਾਣੀ ਸੁਖਮਨੀ ਵਿਚ ਵਰਤੇ ਗਏ ਅਲੰਕਾਰ ਗੁਰੂ ਸਾਹਿਬ ਦੀ ਕਾਵਿ-ਕਲਾ ਨੂੰ ਕਲਾਤਮਕ ਸਿਖਰ ਵਲ ਲੈ ਕੇ ਜਾਂਦੇ ਹਨ।

**(4) ਸੰਗੀਤ ਅਤੇ ਲੈਅ**

ਕਵਿਤਾ ਵਿਚ ਨਿਰਾਲਾ ਸੁਹਜ ਤੇ ਨਿਰਾਲੀ ਸੁੰਦਰਤਾ ਹੁੰਦੀ ਹੈ। ਇਸ ਸੁਹਜ ਸੁੰਦਰਤਾ ਦਾ ਸਿਹਰਾ ਛੰਦ ਨੂੰ ਹੀ ਜਾਂਦਾ ਹੈ। ਕਾਵਿ-ਰਚਨਾ ਵਿਚ ਇਕ ਲੈ, ਇਕ ਸੰਗਤੀ ਹੁੰਦੀ ਹੈ। ਇਹ ਲੈ ਛੰਦਾਂ

ਦੇ ਕਾਰਣ ਆ ਜਾਂਦੀ ਹੈ। ਛੰਦਾਂ ਦੇ ਜ਼ੋਰ ਨਾਲ ਕਵਿਤਾ ਵਿਚ ਲੈ ਦੀ ਹੋਂਦ ਹੀ ਕਾਵਿ ਦਾ ਸੌਂਦਰਯ ਹੈ। ਇਉਂ ਕਵਿਤਾ ਦੀ ਸੁਹਜ ਸੁੰਦਰਤਾ ਛੰਦ ਦਾ ਹੀ ਹਿੱਸਾ ਹੈ।[201] ਕ੍ਰਮ ਗਤੀ ਜਿਹੜੀ ਕਾਵਿ ਰਚਨਾ ਮਾਤਰਾ ਜਾਂ ਵਰਣਾਂ ਦੀ ਸੰਖਿਆ ਕ੍ਰਮ-ਗਤਿ ਕਥਾ ਦੀ ਤੁਕ-ਬੰਦੀ ਦੇ ਵਿਸ਼ੇਸ਼ ਨਿਯਮਾਂ ਅਨੁਸਾਰ ਬਣੇ ਹੋਏ ਪਦਾਂ ਵਿਚ ਬੱਝੀ ਹੋਈ ਹੋਵੇ ਉਹਨੂੰ ਛੰਦ ਆਖਦੇ ਹਨ।[202]

ਛੰਦ ਕਵਿਤਾ ਦਾ ਜ਼ਰੂਰੀ ਅੰਗ ਮੰਨਿਆ ਗਿਆ ਹੈ। ਕਵਿਤਾ ਇਕ ਕੋਮਲ ਕਲਾ ਹੈ। ਇਸ ਲਈ ਕਵਿਤਾ ਦੇ ਪ੍ਰਭਾਵ ਤੇ ਸੁੰਦਰਤਾ ਨੂੰ ਪੈਦਾ ਕਰਨ ਲਈ ਕੋਮਲ ਜੁਗਤੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਇਹਨਾਂ ਜੁਗਤੀਆਂ ਵਿਚ ਅਲੰਕਾਰ, ਪ੍ਰਤੀਕ, ਬਿੰਬ ਸ਼ਾਮਿਲ ਹਨ ਪਰੰਤੂ ਛੰਦ ਦੀ ਵਰਤੋਂ ਖਾਸ ਤੌਰ ਤੇ ਲਾਭਦਾਇਕ ਜੁਗਤੀ ਹੈ। ਛੰਦ ਨੂੰ ਕਵਿਤਾ ਨੂੰ ਜੀਵਤ ਰੱਖਣ ਵਾਲਾ ਤੱਤ ਮੰਨਿਆ ਗਿਆ ਹੈ। ਕਵਿਤਾ ਅਤੇ ਛੰਦ ਦੇ ਪਰਸਪਰ ਸੰਬੰਧ ਅਤੇ ਛੰਦ ਦੀ ਮਹੱਤਤਾ ਬਾਰੇ ਪ੍ਰੋ. ਸੰਤ ਸਿੰਘ ਸੇਖੋਂ ਲਿਖਦੇ ਹਨ:

> ਛੰਦ ਕਵਿਤਾ ਦਾ ਸਰੀਰ ਹੈ ਤੇ ਜਿਸ ਤਰ੍ਹਾਂ ਕਿਸੇ ਵਿਅਕਤੀ ਨੂੰ ਉਸਦੇ ਸਰੀਰਕ ਰੂਪ ਵਿਚ ਹੀ ਜਾਣਿਆ ਜਾ ਸਕਦਾ ਹੈ। ਕਵਿਤਾ ਦੀ ਜਾਣ ਪਛਾਣ ਪਹਿਲਾਂ ਤਾਂ ਇਸਦੇ ਸਰੀਰ ਛੰਦ ਰਾਹੀਂ ਹੀ ਹੁੰਦੀ ਹੈ ਜਿਤਨਾ ਇਹ ਸਰੀਰ, ਚਿਹਰਾ ਮੁਹਰਾ ਵੱਧ ਜਾਣਿਆ ਪਛਾਣਿਆ ਕਿਸੇ ਸੰਸਕਾਰ, ਵਾਤਾਵਰਣ ਵਿਚ ਵਧੇਰੇ ਚਿਰ ਰਹਿਣ ਸਹਿਣਸ਼ੀਲ ਹੀ ਹੁੰਦਾ ਹੈ। ਸੋ ਕਵਿਤਾ ਦੀ ਲੋਕ ਪਰਵਾਨਤਾ ਦਾ ਵੀ ਬਹੁਤ ਹੱਦ ਤੱਕ ਇਸਦੇ ਛੰਦ ਰੂਪ ਦੇ ਜਾਣੇ ਪਛਾਣੇ ਹੋਣ ਉੱਤੇ ਨਿਰਭਰ ਹੈ ਦੂਜੇ ਜਿਤਨਾ ਇਹ ਚਿਹਰਾ ਮੁਹਰਾ ਸ਼ਿੰਗਾਰਿਆ ਹੋਵੇਗਾ, ਉਤਨਾ ਹੀ ਇਕ ਵਿਅਕਤੀ ਵਾਕਰ ਕਵਿਤਾ ਹੋਰ ਗੱਲਾਂ ਨੂੰ ਛੱਡ ਕੇ ਵਧੇਰੇ ਆਦਰ ਤੇ ਪਰਵਾਨਤਾ ਪ੍ਰਾਪਤ ਕਰੇਗੀ।[203]

ਮੱਧਕਾਲੀਨ ਸਾਧੂ ਸੰਤਾਂ ਭਗਤਾਂ ਅਤੇ ਗੁਰੂ ਸਾਹਿਬਾਨਾਂ ਨੇ ਛੰਦ ਬੱਧ ਬਾਣੀ ਦੀ ਸਿਰਜਣਾ ਕੀਤੀ ਹੈ ਪਰ ਉਹਨਾਂ ਨੇ ਛੰਦ ਸ਼ਾਸਤਰ ਦੇ ਨਿਯਮਾਂ ਦਾ ਕਰੜਾਈ ਨਾਲ ਪਾਲਣ ਨਹੀਂ ਕੀਤਾ ਤੇ ਮਾਤ੍ਰਾਵਾਂ ਦੀ ਗਿਣਤੀ ਨਿਯਮਾਂ ਅਨੁਸਾਰ ਨਹੀਂ ਹੈ। ਪੂਰੀ ਖੁਲ੍ਹ ਲਈ ਗਈ ਹੈ। ਛੰਦ ਸ਼ਾਸਤਰ ਵਿਚ ਵਰਣਾਂ ਅਤੇ ਮਾਤਰਾਵਾਂ ਦੇ ਆਧਾਰ 'ਤੇ ਹੀ ਦੋ ਤਰ੍ਹਾਂ ਦੇ ਛੰਦ ਭੇਦ ਸਾਹਮਣੇ ਆਉਂਦੇ ਹਨ - ਮਾਤ੍ਰਿਕ ਛੰਦ ਅਤੇ ਵਰਣਿਕ ਛੰਦ। ਸੁਖਮਨੀ ਸਾਹਿਬ ਦਾ ਛੰਦ ਵਿਧਾਨ ਮਾਤ੍ਰਿਕ ਛੰਦ ਉਤੇ ਆਧਾਰਿਤ ਹੈ।

ਮਾਤ੍ਰਿਕ ਛੰਦ ਵਰਣਾਂ ਜਾਂ ਅੱਖਰਾਂ ਦਾ ਅਜਿਹਾ ਸਮੂਹ ਹੁੰਦਾ ਹੈ, ਜਿਸ ਵਿਚ ਕੇਵਲ ਮਾਤਰਾ ਦੀ ਗਿਣਤੀ ਹੀ ਪ੍ਰਧਾਨ ਰੱਖੀ ਜਾਂਦੀ ਹੈ ਨਾ ਕਿ ਵਰਣਾਂ ਦੀ। ਇਨ੍ਹਾਂ ਛੰਦਾਂ ਦੀ ਚਾਲ ਬੜੀ ਖੁਲ੍ਹੀ ਤੇ ਮੁਕਤ ਹੁੰਦੀ ਹੈ। ਇਸ ਕਰਕੇ ਮਾਤ੍ਰਿਕ ਛੰਦਾਂ ਵਿਚ ਸੰਗੀਤ ਦੇ ਤੱਤ ਵਧੇਰੇ ਹੁੰਦੇ ਹਨ। ਦੋਹਾ, ਚੌਪਈ, ਰੋਲਾ, ਸੋਰਠ ਅਜਿਹੇ ਹੀ ਛੰਦ ਹਨ। ਸੁਖਮਨੀ ਵਿਚਲੇ ਸਲੋਕ ਤੇ ਅਸਟਪਦੀਆਂ ਵੱਖ ਵੱਖ ਛੰਦ ਰੂਪਾਂ ਦੁਆਰਾ ਸਾਕਾਰ ਹੁੰਦੇ ਹਨ, ਪਰੰਤੂ ਪ੍ਰਧਾਨ ਰੂਪ ਦੋਹਿਰਾ ਤੇ ਚੌਪਈ ਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਸਾਰੀਆਂ ਬ੍ਰਿਤਾਂਤਿਕ ਬਾਣੀਆਂ ਵਿਚੋਂ ਸੁਖਮਨੀ ਸਾਹਿਬ ਆਕਾਰ ਵਿਚ ਸਭ ਤੋਂ ਲੰਬੀ ਹੈ। ਇਸ ਦੀਆਂ ਕੁਲ 24 ਅਸਟਪਦੀਆਂ ਹਨ। ਹਰ ਅਸਟਪਦੀ ਦੇ ਆਰੰਭ ਵਿਚ ਇਕ ਇਕ ਸਲੋਕ ਵੀ ਆਇਆ ਹੈ। ਹਰ ਸਲੋਕ ਵਿਚ ਪੂਰੀ ਅਸਟਪਦੀ ਦਾ ਸਾਰ ਤੱਤ ਦ੍ਰਿਸ਼ਟੀਗੋਚਰ ਹੁੰਦਾ ਹੈ। ਸੁਖਮਨੀ ਦੀਆਂ 24 ਅਸਟਪਦੀਆਂ ਵਿਚ ਪਹਿਲੇ ਪਦ ਤੋਂ ਪਿਛੋਂ ਇਕ ਸਲੋਕ ਰਹਾਉ ਰੂਪ ਵਿਚ ਆਇਆ ਹੈ। ਜਿਸ ਵਿਚ ਸਮੁੱਚੀ ਬਾਣੀ ਦਾ ਸਾਰ ਪ੍ਰਸਤੁਤ ਕੀਤਾ ਗਿਆ ਹੈ। ਉਸਤਤ ਦਾ ਨਾਮ 'ਸਲੋਕ' ਹੈ, ਯਸ਼ ਦੇ ਛੰਦ ਨੂੰ 'ਸਲੋਕ' ਆਖੀਦਾ ਹੈ। ਪਰੰਤੂ ਕਾਵ੍ਯ ਗ੍ਰੰਥਾਂ ਵਿਚ ਪਦਕਾਵ੍ਯ ਲਈ 'ਸ਼ਲੋਕ' ਪਦ ਵਰਤਿਆ ਗਿਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ' ਸਿਰਲੇਖ ਅਧੀਨ ਅਨੰਤ ਛੰਦ ਆਏ ਹਨ।[204] ਸੁਖਮਨੀ ਸਾਹਿਬ ਵਿਚਲੇ ਅਧਿਕਤਰ ਸਲੋਕਾਂ ਦਾ ਰੂਪ ਦੋਹਿਰਾ ਛੰਦ ਵਾਲਾ ਹੈ। ਪਰ ਕਿਧਰੇ ਕਿਧਰੇ ਭਿੰਨਤਾ ਵੀ ਦੇਖੀ ਜਾ ਸਕਦੀ ਹੈ। ਦੋਹਿਰਾ, ਗੁਰਬਾਣੀ ਅਤੇ ਭਗਤੀ ਕਾਵਿ ਵਿਚ ਨਿਰੰਤਰ ਵਰਤਿਆ ਜਾਣ ਵਾਲਾ ਇਕ ਲੋਕ ਪ੍ਰਿਯ ਛੰਦ ਹੈ। ਦੋਹਾ ਜਾਂ ਦੋਹਰਾ ਇਕ ਮਾਤ੍ਰਿਕ ਛੰਦ ਹੈ ਇਸ ਦਾ ਲੱਛਣ ਹੈ, "ਦੋ ਚਰਣ ਪ੍ਰਤਿ ਚਰਣ, 24 ਮਾਤ੍ਰਾ, ਪਹਿਲਾ ਬਿਸ੍ਰਾਮ 13 ਪਰ, ਦੂਜਾ 11 ਪਰ, ਅੰਤ ਗੁਰੂ ਲਘੂ।[205] ਆਦਿ ਗ੍ਰੰਥ ਵਿਚ ਭਗਤ ਕਬੀਰ, ਸ਼ੇਖ ਫਰੀਦ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿਚ ਦੋਹਿਰਾ ਛੰਦ ਹੀ ਵਰਤਿਆ ਗਿਆ ਹੈ। ਜੀਵਨ ਦੀਆਂ ਬੁਨਿਆਦੀ ਸੱਚਾਈਆਂ ਨੂੰ ਸਹਿਜ ਅਤੇ ਸਪੱਸ਼ਟ ਢੰਗ ਨਾਲ ਵਿਅਕਤ ਕਰਨ ਵਿਚ ਇਸ ਛੰਦ ਦਾ ਹੋਰ ਕੋਈ ਸਾਨੀ ਨਹੀਂ। ਇਸੇ ਕਾਰਨ ਹੀ ਸੁਖਮਨੀ ਦੇ ਸਲੋਕ ਵੀ ਸਮੂਹਿਕ ਸੱਚਾਈਆਂ ਦਾ ਰੂਪ ਧਾਰਨ ਕਰ ਗਏ ਹਨ।

ਸੁਖਮਨੀ ਵਿਚ ਵਿਚ ਆਏ ਸਲੋਕਾਂ ਦੇ ਛੰਦ ਰੂਪਾਂ ਵਿਚ ਇਕਸਾਰਤਾ ਨਹੀਂ ਹੈ ਕਿਉਂਕਿ ਹਰ ਸਲੋਕ ਦਾ ਛੰਦ ਦੋਹਿਰਾ ਨਹੀਂ ਹੈ। ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਤੋਂ ਪਹਿਲਾਂ ਆਇਆ ਸਲੋਕ ਜਿਸ ਦਾ ਤੋਲ ਚੌਪਈ ਵਾਲਾ ਹੈ:

ਸਲੋਕੁ॥ ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥

ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥[206]

ਇਸੇ ਤਰ੍ਹਾਂ ਸੱਤਵੀਂ ਅਸਟਪਦੀ ਦਾ ਮੁੱਢਲਾ ਸਲੋਕ ਵੀ ਦੋਹਿਰਾ ਰੂਪੀ ਨਾ ਹੋ ਕੇ ਚੌਪਈ ਰੂਪੀ ਹੈ।

ਸਲੋਕੁ॥ ਅਗਮ ਅਗਾਧਿ ਪਾਰਬ੍ਰਹਮੁ ਸੋਇ॥ ਜੋ ਜੋ ਕਹੈ ਸੁ ਮੁਕਤਾ ਹੋਇ॥

ਸੁਨਿ ਮੀਤਾ ਨਾਨਕੁ ਬਿਨਵੰਤਾ॥ ਸਾਧ ਜਨਾ ਕੀ ਅਚਰਜ ਕਥਾ॥[207]

ਅੱਠਵੀਂ ਅਸਟਪਦੀ ਦੇ ਸ਼ੁਰੂ ਵਿਚ ਆਇਆ ਸਲੋਕ ਤਿੰਨ ਤੁਕਾਂ ਦਾ ਹੈ ਅਤੇ ਤੋਲ ਤੁਕਾਂਤ ਕਾਰਨ ਇਹ ਚੌਪਈ ਦੇ ਕਾਫੀ ਨੇੜੇ ਹੈ:

ਸਲੋਕੁ॥ ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰ ਨ ਪੇਖੈ ਏਕਸੁ ਬਿਨੁ ਕੋਇ॥[208]

ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥

ਨੋਵੀਂ ਅਸਟਪਦੀ ਦੇ ਮੁੱਢ ਵਿਚ ਆਇਆ ਸਲੋਕ ਵੀ ਚੌਪਈ ਤੋਲ ਦੀਆਂ ਚਾਰ ਤੁਕਾਂ ਦਾ ਹੈ। ਸਤਾਰ੍ਹਵੀਂ ਅਸਟਪਦੀ ਦਾ ਸਲੋਕ 'ਜਪੁਜੀ' ਦੇ ਆਰੰਭ ਵਿਚ ਆਇਆ ਸਲੋਕ ਹੀ ਹੈ ਅਤੇ ਇਹ ਵੀ ਦੋਹਿਰਾ ਨਹੀਂ ਹੈ:

ਸਲੋਕੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥[209]

ਇਨ੍ਹਾਂ 5 ਸਲੋਕਾਂ ਨੂੰ ਛੱਡ ਕੇ ਬਾਕੀ 19 ਸਲੋਕ ਦੋਹਿਰਾ ਰੂਪ ਹਨ ਅਤੇ ਇਨ੍ਹਾਂ ਦਾ ਤੋਲ 13, 11 ਮਾਤ੍ਰਾਵਾਂ ਵਾਲਾ ਹੀ ਹੈ।

ਸੁਖਮਨੀ ਸਾਹਿਬ ਦੀ ਰਚਨਾ ਅਸਟਪਦੀ ਕਾਵਿ ਰੂਪ ਵਿਚ ਕੀਤੀ ਗਈ ਹੈ। ਅਸਟਪਦੀ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਹੈ:

> ਇਹ ਛੰਦ ਦੀ ਖ਼ਾਸ ਜਾਤਿ ਨਹੀਂ ਹੈ, ਜਿਸ ਪ੍ਰਬੰਧ ਵਿਚ ਅੱਠ ਛੰਦ (ਪਦ) ਇਕੱਠੇ ਹੋਣ ਉਸਦੀ 'ਅਸਟਪਦੀ' ਸੰਗਯਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਸਟਪਦੀਆਂ ਵਿਖੇ ਅਨੇਕ ਜਾਤਿ ਦੇ ਛੰਦ ਲਿਖੇ ਗਏ ਹਨ: ਉਪਮਾਨ, ਸਾਰ, ਚੌਪਈ ਆਦਿ।[210]

ਸੁਖਮਨੀ ਸਾਹਿਬ ਵਿਚ ਅਸਟਪਦੀ ਦੇ ਨਾਂ ਅਨੁਸਾਰ ਹਰੇਕ ਅਸਟਪਦੀ ਦੇ 8-8 ਪਦੇ ਹਨ ਅਤੇ ਹਰ ਪਦੇ ਦੀਆਂ 10-10 ਤੁਕਾਂ ਹਨ। ਦਸ ਤੁਕਾਂ ਦੀ ਨਿਰੰਤਰਤਾ ਸਾਰੀਆਂ ਅਸਟਪਦੀਆਂ ਵਿਚ ਮਿਲਦੀ ਹੈ। ਸਾਰੀਆਂ ਅਸਟਪਦੀਆਂ ਦੇ ਕੁਲ 192 ਪਦੇ ਹਨ ਅਤੇ ਇਨ੍ਹਾਂ ਪਦਿਆਂ ਵਿਚ ਅੱਗੇ 1920 ਤੁਕਾਂ

ਹਨ। ਇਸਦੇ ਨਾਲ ਹੀ ਰਹਾਉ ਦੀਆਂ ਤੁਕਾਂ ਸ਼ਾਮਿਲ ਕਰਨ ਨਾਲ ਕੁਲ ਗਿਣਤੀ 1922 ਬਣਦੀ ਹੈ। ਅਸਟਪਦੀਆਂ ਵਿਚ ਗੁਰੂ ਸਾਹਿਬ ਨੇ ਥੋੜੇ ਬਹੁਤ ਮਾਤਰਾ ਭੇਦ ਨਾਲ ਚੌਪਈ ਛੰਦ ਦਾ ਪ੍ਰਯੋਗ ਕੀਤਾ ਹੈ। ਇਹ ਛੰਦ ਛੋਟੇ ਬਹਿਰ ਦਾ ਹੈ। ਇਸ ਦੀ ਚਾਲ ਬੜੀ ਤਿੱਖੀ ਤੇ ਸੰਗੀਤ ਭਰਪੂਰ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ:

ਚਾਰ ਚਰਣ ਪ੍ਰਤਿ ਚਰਣ ਪੰਦ੍ਰਾ ਮਾਤ੍ਰਾ, ਪਹਿਲਾ ਬਿਸ੍ਰਾਮ ਅੱਠ ਪਰ ਦੂਜਾ ਸੱਤ ਪਰ ਅੰਤ ਗੁਰੂ ਲਘੂ, ਇਸ ਦਾ ਨਾਮ ਜਯਕਰੀ ਭੀ ਹੈ।[211] ਜਿਵੇਂ:

ਮਿਥਿਆ ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ ਸਾਧ ਕੀ ਟਹਲ ਸਤਸੰਗਿ ਹੇਤ॥[212]

ਕਈ ਅਸਟਪਦੀਆਂ ਵਿਚ ਗੁਰੂ ਸਾਹਿਬ ਨੇ ਚੌਪਈ ਦੀ ਇਕਸਾਰਤਾ ਵੀ ਭੰਗ ਕੀਤੀ ਹੈ। ਇਸ ਦਾ ਭਾਵ ਇਹ ਨਹੀਂ ਕਿ ਆਪ ਨੂੰ ਛੰਦ ਬਣਤਰ ਬਾਰੇ ਜਾਣਕਾਰੀ ਨਹੀਂ ਸੀ। ਅਸਲ ਵਿਚ ਅਧਿਆਤਮਿਕ ਕਾਵਿ ਰਚਨਾ ਕਰਨ ਵਾਲੇ ਮਹਾਂਪੁਰਖਾਂ, ਭਗਤਾਂ, ਸੰਤਾਂ, ਸਾਧਾਂ ਤੇ ਗੁਰੂ ਸਾਹਿਬਾਨਾਂ ਨੇ ਕਲਾ ਨਾਲੋਂ ਭਾਵ ਨੂੰ ਪ੍ਰਧਾਨਤਾ ਦਿੱਤੀ ਹੈ। ਉਹਨਾਂ ਦਾ ਮਨੋਰਥ ਵਿਚਾਰਾਂ ਨੂੰ ਅਭਿਵਿਅਕਤ ਕਰਨਾ ਸੀ ਨਾ ਕਿ ਕਲਾ ਦੇ ਚਮਤਕਾਰ ਵਿਖਾਉਣੇ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਛੰਦ ਪ੍ਰਬੰਧ ਅਧੀਨ ਨਾ ਹੋ ਕੇ ਭਾਵ ਅਧੀਨ ਰਚਨਾ ਕੀਤੀ। ਆਪ ਨੇ ਛੰਦ ਨੂੰ ਭਾਵ ਦੇ ਮਗਰ ਤੋਰਿਆ ਹੈ ਅਤੇ ਵਿਚਾਰਾਂ ਨੂੰ ਪ੍ਰਧਾਨਤਾ ਦਿੱਤੀ ਹੈ ਨਾ ਕਿ ਕਲਾ ਨੂੰ। ਸੁਖਮਨੀ ਸਾਹਿਬ ਵਿਚ ਇਸ ਤਰ੍ਹਾਂ ਦੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ ਜਿਥੇ ਭਾਵ ਪ੍ਰਧਾਨ ਹੈ ਛੰਦ ਨਹੀ।ਜਿਵੇਂ:

(ੳ) ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥[213]

(ਅ) ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ॥
ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ॥[214]

(ੲ) ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥[215]

ਉਪਰੋਕਤ ਕਾਰਨ ਕਰਕੇ ਹੀ ਸੁਖਮਨੀ ਸਾਹਿਬ ਵਿਚ ਕਿਤੇ ਕਿਤੇ ਤੁਕਾਂਤ ਨਹੀਂ ਮਿਲਦਾ। ਜਿਵੇਂ:

(ੳ) ਸਗਲ ਉਦਮ ਮਹਿ ਉਦਮੁ ਭਲਾ॥ ਹਰਿ ਕਾ ਨਾਮੁ ਜਪਹੁ ਜੀਆ ਸਦਾ॥[216]

(ਅ) ਕਈ ਕੋਟਿ ਪਵਣ ਪਾਣੀ ਬੈਸੰਤਰ॥ ਕਈ ਕੋਟਿ ਦੇਸ ਭੂ ਮੰਡਲ॥[217]

(ੲ) ਸੰਤ ਕਾ ਦੋਖੀ ਅਧ ਬੀਚ ਤੇ ਟੂਟੈ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ॥[218]

(ਸ) ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥[219]

ਸੁਖਮਨੀ ਰਾਗ ਪ੍ਰਬੰਧ ਦੇ ਚੌਖਟੇ ਵਿਚ ਰਚੀ ਗਈ ਇਕ ਉਤਕ੍ਰਿਸ਼ਟ ਰਚਨਾ ਹੈ। ਗਉੜੀ ਰਾਗ ਵਿਚ ਰਚੀ ਗਈ ਹੋਣ ਕਰਕੇ ਇਹ ਇਸ ਰਾਗ ਦੀ ਪ੍ਰਕਿਰਤੀ ਅਨੁਸਾਰ ਗੰਭੀਰ ਤੇ ਸ਼ਾਂਤਮਈ ਵਿਚਾਰਾਂ ਨੂੰ ਸੰਗੀਤਬੱਧ ਕਰਨ ਵਾਲੀ ਬਾਣੀ ਹੈ। ਰਾਗ ਗਉੜੀ ਦਾ ਮੁੱਖ ਸਰੂਪ ਸੁਖਮਨੀ ਸਾਹਿਬ ਵਿਚ ਹੀ ਦ੍ਰਿਸ਼ਟੀਗੋਚਰ ਹੋਇਆ ਹੈ। ਗੁਰੂ ਸਾਹਿਬ ਨੇ ਇਸ ਦੀ ਰਾਗਾਤਮਕ ਪ੍ਰਕਿਰਤੀ ਦੁਆਰਾ ਮਨੁੱਖ ਨੂੰ ਹਮੇਸ਼ਾਂ ਉਸ ਪ੍ਰਭੂ ਦੀ ਭਗਤੀ ਕਰਨ, ਨਾਮ ਜਪਣ ਅਤੇ ਗੁਰਮੁੱਖ ਜਨਾਂ ਦੀ ਸੰਗਤ ਵਿਚ ਰਹਿਣ ਦਾ ਉਪਦੇਸ਼ ਦਿੱਤਾ ਹੈ। ਰਾਗਬੱਧ ਰਚਨਾ ਹੋਣ ਦੇ ਫਲਸਰੂਪ ਇਹ ਰਚਨਾ ਸੰਗੀਤਾਮਕਤਾ ਦਾ ਸਿਖਰ ਕਹੀ ਜਾ ਸਕਦੀ ਹੈ ਕਿਉਂਕਿ ਇਸ ਵਿਚਲਾ ਹਰ ਸ਼ਬਦ ਸਰਗਮ ਦੇ ਸੁਰ ਦੇ ਸਮਾਨ ਹੈ ਜਿਸ ਦੀ ਆਪਣੀ ਇਕ ਵਿਲੱਖਣ ਅਤੇ ਮਨਮੋਹਕ ਧੁਨੀ ਹੈ। ਪ੍ਰੋ. ਪੂਰਨ ਸਿੰਘ ਨੇ ਬੜੇ ਹੀ ਕਾਵਿਕ ਅਤੇ ਨਿਵੇਕਲੇ ਅੰਦਾਜ਼ ਵਿਚ ਲਿਖਿਆ ਹੈ ਕਿ ਸੁਖਮਨੀ ਵਿਚ ਹਰੀ ਮੰਤਰ ਰਚਿਆ ਗਿਆ ਹੈ। ਇਸ ਦਾ ਅਧਿਆਤਮਿਕ ਵਾਤਾਵਰਣ ਹੈ ਜਿਥੇ ਦੇਵਤੇ ਹਾਜ਼ਰੀ ਭਰਦੇ ਹਨ ਤੇ ਜਿਹੜੇ ਲੋਕ ਉਹਨਾਂ ਦੇਵਤਿਆਂ ਨੂੰ ਮਿਲਣ ਲਈ ਸੁਖਮਨੀ ਦਾ ਪਾਠ ਕਰਦੇ ਹਨ, ਉਹ ਉਹਨਾਂ ਨੂੰ ਇਸ ਦੇ ਸੰਗੀਤ ਵਿਚ ਮਿਲ ਲੈਂਦੇ ਹਨ।[220]

ਸੁਖਮਨੀ ਸਾਹਿਬ ਵਿਚ ਸੰਗੀਤਾਤਮਕਤਾ ਪੈਦਾ ਕਰਨ ਵਾਲਾ ਵਿਸ਼ੇਸ਼ ਤੱਤ ਹਰ ਅਸਟਪਦੀ ਦੇ ਹਰੇਕ ਪਦੇ ਵਿਚ ਦੋ ਦੋ ਤੁਕਾਂ ਦੇ ਆਖਰੀ ਸ਼ਬਦਾਂ ਦਾ ਦੁਹਰਾਉ ਵੀ ਹੈ। ਗੁਰੂ ਸਾਹਿਬ ਨੇ ਮਧੁਰ ਅਤੇ ਰਸ ਭਰਪੂਰ ਸ਼ਬਦਾਂ ਨੂੰ ਵਾਰ ਵਾਰ ਦੁਹਰਾ ਕੇ ਦੈਵੀ ਸੰਗੀਤ ਪੈਦਾ ਕੀਤਾ ਹੈ। "ਛੰਦ ਵਿਚ ਜਦੋਂ ਦੋ ਤੁਕਾਂ ਯਾਨੀ ਦੋ ਸਤਰਾਂ ਦੇ ਅਖੀਰ ਦੇ ਇਕੋ ਜਿਹੇ ਵਰਣ ਜਾਂ ਤੁਕਾਂਤ ਮੇਲ ਖਾਂਦੇ ਹੋਣ, ਅਰਥਾਤ ਉਨ੍ਹਾਂ ਹੀ ਵਰਣਾਂ ਨੂੰ ਦੁਹਰਾਇਆ ਗਿਆ ਹੋਵੇ ਉਸ ਨੂੰ ਤੁਕਾਂਤ ਮੇਲ ਕਿਹਾ ਜਾਂਦਾ ਹੈ।"[221] ਤੁਕਾਂਤ ਨਾਲ ਇਕ ਤਰ੍ਹਾਂ ਦੀ ਲੈਅ ਜਾਂ ਸੰਗੀਤ ਉਤਪੰਨ ਹੋ ਜਾਂਦਾ ਹੈ। ਜਿਵੇਂ:

(ੳ) ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥ ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ॥
ਭੇਖ ਅਨੇਕ ਅਗਨਿ ਨਹੀ ਬੁਝੈ॥ ਕੋਟਿ ਉਪਾਵ ਦਰਗਹ ਨਹੀ ਸਿਝੈ॥[222]

(ਅ) ਟੂਟੀ ਗਾਢਨਹਾਰ ਗੋੁਪਾਲ।। ਸਰਬ ਜੀਆ ਆਪੇ ਪ੍ਰਤਿਪਾਲ।।

ਸਗਲ ਕੀ ਚਿੰਤਾ ਜਿਸੁ ਮਨਿ ਮਾਹਿ।। ਤਿਸ ਤੇ ਬਿਰਥਾ ਕੋਈ ਨਾਹਿ।।

ਰੇ ਮਨ ਮੇਰੇ ਸਦਾ ਹਰਿ ਜਾਪਿ ।। ਅਬਿਨਾਸੀ ਪ੍ਰਭੁ ਆਪੇ ਆਪਿ।।[223]

ਕਈ ਥਾਵਾਂ ਤੇ ਗੁਰੂ ਕਵੀ ਨੇ ਤੁਕ ਦੇ ਆਰੰਭ ਅਤੇ ਅੰਤ ਦੋਹਾਂ ਥਾਵਾਂ ਤੇ ਤੁਕਾਂਤ ਮੇਲਿਆ ਹੈ ਜਿਵੇਂ ਕਈ ਤੁਕਾਂ ਹਰਿ, ਪ੍ਰਭ ਕੈ ਸਿਮਰਨਿ, ਕਈ ਕੋਟਿ, ਬ੍ਰਹਮ ਗਿਆਨੀ, ਸਾਧ ਕੈ ਸੰਗਿ, ਨਾਮ ਕੇ ਧਾਰੇ, ਸੰਤ ਕਾ ਨਿੰਦਕ, ਕਬਹੂ, ਮਿਥਿਆ ਆਦਿ ਸ਼ਬਦਾਂ ਨਾਲ ਸ਼ੁਰੂ ਹੁੰਦੀਆਂ ਹਨ। ਇਥੇ ਆਪ ਨੇ ਦੂਹਰਾ ਅਨੁਪ੍ਰਾਸ ਵਰਤ ਕੇ ਸੰਗੀਤ ਪੈਦਾ ਕੀਤਾ ਹੈ। ਇਸ ਦੇ ਨਾਲ ਹੀ ਸਾਰੀ ਰਚਨਾ ਵਿਚ ਕਾਵਿ ਰਸ ਦੇ ਨਾਲ ਰੌਚਕਤਾ ਬਹੁਤ ਵੱਧ ਗਈ ਹੈ। ਦੁਹਰਾਏ ਜਾਣ ਵਾਲੇ ਕੁਝ ਤੁਕਾਂਤ ਇਹ ਹਨ:

(ੳ) ਬ੍ਰਹਮ ਗਿਆਨੀ ਕੀ ਕੀਮਤਿ ਨਾਹਿ।। ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ।।[224]

(ਅ) ਸਾਧ ਕੈ ਸੰਗਿ ਨ ਕਬਹੂ ਧਾਵੈ।। ਸਾਧ ਕੈ ਸੰਗਿ ਸਦਾ ਸੁਖੁ ਪਾਵੈ।।[225]

(ੲ) ਕਈ ਕੋਟਿ ਹੋਏ ਪੂਜਾਰੀ।। ਕਈ ਕੋਟਿ ਆਚਾਰ ਬਿਉਹਾਰੀ।।[226]

(ਸ) ਮਿਥਿਆ ਤਨੁ ਧਨੁ ਕੁਟੰਬੁ ਸਬਾਇਆ।। ਮਿਥਿਆ ਹਉਮੈ ਮਮਤਾ ਮਾਇਆ।।[227]

(ਹ) ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ।। ਹਰਿ ਸਿਮਰਨਿ ਲਗਿ ਬੇਦ ਉਪਾਏ।।[228]

ਗੁਰੂ ਸਾਹਿਬ ਨੇ ਉਪਰੋਕਤ ਸੰਗੀਤਕ ਤੱਤਾਂ ਤੋਂ ਇਲਾਵਾ ਸੰਗੀਤ ਧੁਨ ਉਪਜਾਣ ਵਾਲੇ ਕਈ ਸ਼ਬਦਾਂ ਨੂੰ ਨਾਲ ਨਾਲ ਰੱਖ ਕੇ ਸੰਗੀਤ ਪੈਦਾ ਕਰਨ ਦਾ ਕਮਾਲ ਦਾ ਯਤਨ ਕੀਤਾ ਹੈ। ਜਿਵੇਂ:

(ੳ) ਓਹੁ ਧਨਵੰਤੁ ਕੁਲਵੰਤੁ ਪਤਿਵੰਤੁ।। ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ।।

ਧੰਨੁ ਧੰਨੁ ਧੰਨੁ ਜਨੁ ਆਇਆ।। ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ।।[229]

(ਅ) ਜਹ ਆਪਨ ਆਪੁ ਆਪਿ ਪਤੀਆਰਾ।। ਤਹ ਕਉਨੁ ਕਥੈ ਕਉਨੁ ਸੁਨਨੈਹਾਰਾ।।

ਬਹੁ ਬੇਅੰਤ ਊਚ ਤੇ ਊਚਾ।। ਨਾਨਕ ਆਪਸ ਕਉ ਆਪਹਿ ਪਹੂਚਾ।।[230]

ਸੋ ਇਸ ਪ੍ਰਕਾਰ ਬਾਣੀ ਸੁਖਮਨੀ ਮਾਲਾ ਦੇ ਮਣਕਿਆਂ ਵਾਂਗ ਇਕ ਸੰਗੀਤਕ ਲੜੀ ਵਿਚ ਬੱਝੀ ਪ੍ਰਤੀਤ ਹੁੰਦੀ ਹੈ। ਇਸ ਸੰਗੀਤਾਤਮਕਤਾ ਅਤੇ ਲੈਆਤਮਕਤਾ ਦੇ ਪ੍ਰਤਿਪਾਦਨ ਦੁਆਰਾ ਸਮੁੱਚਾ ਵਾਤਾਵਰਣ ਹੀ ਸੰਗੀਤਮਈ ਹੋ ਜਾਂਦਾ ਹੈ ਅਤੇ ਇਸ ਦੇ ਗਾਇਨ ਦਾ ਸ੍ਰੋਤੇ ਉੱਪਰ ਡੂੰਘਾ ਪ੍ਰਭਾਵ ਪੈਂਦਾ ਹੈ।

ਨਾਮ ਅਤੇ ਸਿਮਰਨ ਮੁੱਖ ਵਿਸ਼ਿਆਂ ਨੂੰ ਸੰਚਾਰਨ ਲਈ ਸ਼ਬਦਾਂ ਦੇ ਦੁਹਰਾਓ ਦੀ ਜੁਗਤ ਦੀ ਭਰਪੂਰ ਵਰਤੋਂ ਕੀਤੀ ਗਈ ਹੈ। ਜਿਸ ਨਾਲ ਬਾਣੀ ਵਿਚ ਲੈਆਤਮਕਤਾ, ਸੰਗੀਤਾਤਮਕਤਾ, ਮਧੁਰਤਾ ਉਤਪੰਨ ਹੁੰਦੀ ਹੈ। ਇਸ ਤਰ੍ਹਾਂ ਪਾਠਕ ਜਾਂ ਸਰੋਤਾ ਇਨ੍ਹਾਂ ਵਿਸ਼ਿਆਂ ਦੀ ਰਵਾਨਗੀ ਨਾਲ ਚਲਣ ਲਈ ਮਜ਼ਬੂਰ ਹੋ ਜਾਂਦਾ ਹੈ। ਇਸ ਪ੍ਰਕਾਰ ਉਪਰੋਕਤ ਸਾਰੇ ਵਰਣਿਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਸੁਖਮਨੀ ਸੰਗੀਤਕ ਪੱਖੋਂ ਇਕ ਵਿਲੱਖਣ ਰਚਨਾ ਹੈ।

ਪਿਆਰਾ ਸਿੰਘ ਪਦਮ ਅਨੁਸਾਰ ਗੁਰੂ ਅਰਜਨ ਸਾਹਿਬ ਨੇ ਆਪਣੇ ਸਮੇਂ ਦੀ ਸਾਹਿਤਕ ਪ੍ਰਣਾਲੀ ਦੇ ਅਨੁਸਾਰ ਹੀ ਇਸ ਸਲੋਕ ਤੇ ਅਸਟਪਦੀ ਦੇ ਬਹਰ ਨੂੰ ਅਪਣਾਇਆ ਹੈ। ਜੋ ਭਾਵਧਾਰਾ ਦੇ ਨਾਲ ਨਾਲ ਛੰਦਾਬੰਦੀ ਦੀ ਸੀਮਾ ਨੂੰ ਬਣਾਈ ਰੱਖਦਾ ਹੈ। ਇਸ ਵਿਚ ਆਕਾਰ ਦੀ ਅਲਪਤਾ ਕਾਰਣ ਚਪਲਤਾ ਤੇ ਰਵਾਨੀ ਹੈ ਕਿਤੇ ਕੋਈ ਬਾਧਾ ਨਹੀਂ ਪੈਂਦੀ, ਗੱਲ ਆਪਣੇ ਆਪ ਅੱਗੇ ਅੱਗੇ ਤੁਰੀ ਜਾਂਦੀ ਹੈ ਅਤੇ ਸੰਗੀਤਕਤਾ ਦਾ ਹੁਲਾਰ ਬਣਿਆ ਰਹਿੰਦਾ ਹੈ। ਸੁਖਮਨੀ ਦੇ ਚਰਣ-ਪ੍ਰਬੰਧ ਜਾਂ ਮੀਟਰ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਪਾਠਕ ਨੂੰ ਨਾਲ ਲੈ ਕੇ ਚਲਦਾ ਹੈ ਤੇ ਸੁਰਤਿ ਨੂੰ ਕਾਵਿ ਦੇ ਵਿਸ਼ਾ-ਵਸਤੂ ਨਾਲ ਜੁੜਨ ਵਿਚ ਭਾਰੀ ਮਦਦ ਦਿੰਦਾ ਹੈ।[231]

# ਹਵਾਲੇ ਅਤੇ ਟਿੱਪਣੀਆਂ

1. ਪਿਆਰਾ ਸਿੰਘ ਪਦਮ, ***ਸੁਖਮਨੀ ਦਰਸ਼ਨ***, ਪੰਨਾ 2
2. ਸੁਖਵਿੰਦਰ ਕੌਰ, ***ਸੁਖਮਨੀ ਦਾ ਆਲੋਚਨਾਤਮਕ ਅਧਿਐਨ***, ਪੰਨਾ 39
3. ***ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,*** ਪੰਨਾ 384
4. ***The Sikh Religion***, Vol. III, page 250
5. ***ਸਾਹਿਤ ਕੋਸ਼***, ਪੰਨਾ 435
6. ਡਾ. ਸਤਿੰਦਰ ਸਿੰਘ ਨੂਰ, ***ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ***, ਪੰਨਾ 55-56
7. ਆਦਿ ਗ੍ਰੰਥ, ਅੰਗ 262
8. ਕਿਰਪਾਲ ਸਿੰਘ ਕਸੇਲ ਤੇ ਪਰਮਿੰਦਰ ਸਿੰਘ, ***ਪੰਜਾਬੀ ਸਾਹਿੱਤ ਦੀ ਉਤਪਤੀ ਦੇ ਵਿਕਾਸ,*** ਪੰਨਾ 212
9. ***ਆਦਿ ਗ੍ਰੰਥ***, ਅੰਗ 288
10. ਪਿਆਰਾ ਸਿੰਘ ਪਦਮ, ਉਹੀ, ਪੰਨਾ 67
11. ਉਹੀ, ਪੰਨਾ 68
12. ***ਆਦਿ ਗ੍ਰੰਥ***, ਅੰਗ 262
13. ਭਾਈ ਵੀਰ ਸਿੰਘ, ***ਪੰਜ ਗ੍ਰੰਥੀ ਸਟੀਕ***, ਪੰਨਾ 258
14. ਉਹੀ, ਪੰਨਾ 262
15. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 157
16. "The word 'Sukhmani' is rendered into English as 'Consoler of the Mind'. The entire poem has been translated into english more than once

under the commonly preferred title, 'PSlam of peace' or 'Song of peace' signifying the soothing effect it has on the mind of the reader. Sukh literally means peace or comfort and mani mind or heart. Sukhmani is the bringer of the bliss of the Lord's name, it dwells in the hearts of those who love Him." ***The Encyclopaedia of Sikhism***, Vol. IV, page 263

17. ਡਾ. ਬਲਜੀਤ ਕੌਰ, ***ਗੁਰਬਾਣੀ: ਧਰਮ ਅਤੇ ਸਾਹਿਤ***, ਪੰਨਾ 102

18. ਡਾ. ਮਹਿੰਦਰ ਕੌਰ ਗਿੱਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***, ਪੰਨਾ 188-189

19. Prof. Puran Singh, ***The Message of Guru Arjan***, page 3

20. Martin Heidegger, ***Poetry, Language, Thought***, Trans., A Hogstadder Harper and Row, 1971, page 226

21. ਵ੍ਰਜਨੰਦਨ ਪ੍ਰਸਾਦ ਅਖੌਰੀ, ***ਕਾਵਾਤਮਕ ਬਿੰਬ***, ਪੰਨਾ 70

22. "Absolute Poetry is the Concrete and artistic expression of the human mind in the emotional and rhythemical Language." T.M. Duntton, ***Encyclopaedia Britannica***, Vol. 13, page 106

23. P. Gurrey, ***The Appreciation of Poetry***, quoted by Jagjit Singh Grewal in ***Imagery in the Adi-Granth***, page 38

24. ***ਸੌਂਦਰਯ ਸ਼ਾਸਤਰ ਕੇ ਤੱਤਵ***, ਪੰਨਾ 22

25. ***ਆਦਿ ਗ੍ਰੰਥ***, ਅੰਗ 263

26. ਉਹੀ, ਅੰਗ 279

27. ਉਹੀ, ਅੰਗ 295

28. ਉਹੀ, ਅੰਗ 272

29. ਉਹੀ, ਅੰਗ 272

30. ਉਹੀ, ਅੰਗ 264

31. ਉਹੀ, ਅੰਗ 264

32. ਉਹੀ, ਅੰਗ 265

33. ਉਹੀ, ਅੰਗ 266

34. ਉਹੀ, ਅੰਗ 268

35. ਉਹੀ, ਅੰਗ 286

36. ਉਹੀ, ਅੰਗ 287

37. ਉਹੀ, ਅੰਗ 264

38. ਉਹੀ, ਅੰਗ 269

39. ਉਹੀ, ਅੰਗ 269

40. ਉਹੀ, ਅੰਗ 269

41. ਡਾ. ਨਗੇਂਦਰ, ***ਕਾਵਯ ਬਿੰਬ***, ਪੰਨਾ 6

42. ***ਆਦਿ ਗ੍ਰੰਥ***, ਅੰਗ 279

43. ਉਹੀ, ਅੰਗ 280

44. ਉਹੀ, ਅੰਗ 280

45. ਉਹੀ, ਅੰਗ 269

46. ਉਹੀ, ਅੰਗ 265

47. ਉਹੀ, ਅੰਗ 278-79

48. ਉਹੀ, ਅੰਗ 278

49. ਉਹੀ, ਅੰਗ 277

50. ਉਹੀ, ਅੰਗ 264

51. ਉਹੀ, ਅੰਗ 268

52. ਉਹੀ, ਅੰਗ 283

53. ਉਹੀ, ਅੰਗ 289

54. ਉਹੀ, ਅੰਗ 265

55. ਉਹੀ, ਅੰਗ 284

56. ਉਹੀ, ਅੰਗ 284

57. ਉਹੀ, ਅੰਗ 293

58. ਉਹੀ, ਅੰਗ 282

59. ਉਹੀ, ਅੰਗ 268

60. ਉਹੀ, ਅੰਗ 285

61. ਉਹੀ, ਅੰਗ 268

62. ਉਹੀ, ਅੰਗ 269

63. ਉਹੀ, ਅੰਗ 268

64. ਉਹੀ, ਅੰਗ 282-83

65. ਉਹੀ, ਅੰਗ 294

66. ਉਹੀ, ਅੰਗ 267

67. ਉਹੀ, ਅੰਗ 270

68. ਉਹੀ, ਅੰਗ 275

69. ਉਹੀ, ਅੰਗ 267

70. ਡਾ. ਯੋਗਰਾਜ, ***ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦਾ ਸੁਹਜ ਸ਼ਾਸਤਰ***, ਪੰਨਾ 121

71. ***ਹਿੰਦੀ ਕਾਵਯ ਕੀ ਅੰਤਸ਼ਚੇਤਨਾ***, ਪੰਨਾ 205

72. ***ਸੰਤ ਸਾਹਿਤਯ,*** ਪੰਨਾ 88

73. ***ਆਦਿ ਗ੍ਰੰਥ***, ਅੰਗ 267

74. ਉਹੀ, ਅੰਗ 267

75. ਉਹੀ, ਅੰਗ 265

76. ਉਹੀ, ਅੰਗ 267

77. ਉਹੀ, ਅੰਗ 268

78. ਉਹੀ, ਅੰਗ 267

79. ਉਹੀ, ਅੰਗ 279

80. ਉਹੀ, ਅੰਗ 280

81. ਉਹੀ, ਅੰਗ 283

82. ਉਹੀ, ਅੰਗ 285

83. ਉਹੀ, ਅੰਗ 272

84. ਉਹੀ, ਅੰਗ 272

85. ਉਹੀ, ਅੰਗ 280

86. ਉਹੀ, ਅੰਗ 275

87. ਉਹੀ, ਅੰਗ 277

88. ਉਹੀ, ਅੰਗ 280

89. ਉਹੀ, ਅੰਗ 274

90. ਉਹੀ, ਅੰਗ 263

91. ਉਹੀ, ਅੰਗ 284

92. ਉਹੀ, ਅੰਗ 262

93. ਉਹੀ, ਅੰਗ 262

94. ਉਹੀ, ਅੰਗ 265

95. ਉਹੀ, ਅੰਗ 271

96. ਉਹੀ, ਅੰਗ 273

97. ਉਹੀ, ਅੰਗ 274

98. ਉਹੀ, ਅੰਗ 292

99. ਉਹੀ, ਅੰਗ 262

100. ਉਹੀ, ਅੰਗ 263

101. ਉਹੀ, ਅੰਗ 265

102. ਉਹੀ, ਅੰਗ 284

103. ਉਹੀ, ਅੰਗ 264

104. ਉਹੀ, ਅੰਗ 262

105. ਉਹੀ, ਅੰਗ 274

106. ਉਹੀ, ਅੰਗ 282

107. ਉਹੀ, ਅੰਗ 283

108. ਉਹੀ, ਅੰਗ 268

109. ਉਹੀ, ਅੰਗ 271

110. ਉਹੀ, ਅੰਗ 293

111. ਉਹੀ, ਅੰਗ 284

112. ਉਹੀ, ਅੰਗ 289

113. ਉਹੀ, ਅੰਗ 283

114. ਉਹੀ, ਅੰਗ 291-92

115. ਉਹੀ, ਅੰਗ 274

116. ਉਹੀ, ਅੰਗ 271

117. ਉਹੀ, ਅੰਗ 265

118. ਉਹੀ, ਅੰਗ 262

119. ਡਾ. ਕਾਲਾ ਸਿੰਘ ਬੇਦੀ, ***ਗੁਰੂ ਨਾਨਕ ਕਾਵਿ ਕਲਾ,*** ਪੰਨਾ 89

120. ਡਾ. ਪ੍ਰੇਮ ਨਾਰਾਇਣ ਸ਼ੁਕਲ, ***ਸੰਤ ਸਾਹਿਤਯ,*** ਪੰਨਾ 357

121. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 62

122. ***ਆਦਿ ਗ੍ਰੰਥ***, ਅੰਗ 283

123. ਉਹੀ, ਅੰਗ 283

124. ਉਹੀ, ਅੰਗ 274

125. ਉਹੀ, ਅੰਗ 262

126. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰਨਾ 62

127. ***ਆਦਿ ਗ੍ਰੰਥ***, ਅੰਗ 271

128. ਉਹੀ, ਅੰਗ 273

129. ਉਹੀ, ਅੰਗ 275

130. ਉਹੀ, ਅੰਗ 275

131. ਉਹੀ, ਅੰਗ 285

132. ਉਹੀ, ਅੰਗ 286

133. ਉਹੀ, ਅੰਗ 279

134. ਉਹੀ, ਅੰਗ 289

135. ਉਹੀ, ਅੰਗ 281

136. ਭਾਈ ਕਾਨ੍ਹ ਸਿੰਘ ਨਾਭਾ, ਉਹੀ, ਪੰਨਾ 62

137. ਆਦਿ ਗ੍ਰੰਥ, ਅੰਗ 294

138. ਉਹੀ, ਅੰਗ 276

139. ਉਹੀ, ਅੰਗ 284-85

140. ਉਹੀ, ਅੰਗ 284

141. ਡਾ. ਗੁਰਸ਼ਰਨ ਕੌਰ ਜੱਗੀ, ***ਭਾਰਤੀ ਕਾਵਿ ਸ਼ਾਸਤਰ***, ਪੰਨਾ 72

142. ***ਆਦਿ ਗ੍ਰੰਥ***, ਅੰਗ 275

143. ਉਹੀ, ਅੰਗ 281

144. ਉਹੀ, ਅੰਗ 274

145. ਉਹੀ, ਅੰਗ 278

146. ਉਹੀ, ਅੰਗ 288

147. ਉਹੀ, ਅੰਗ 266

148. ਉਹੀ, ਅੰਗ 263

149. ***ਕਾਵਯ ਦਰਪਣ***, ਪੰਨਾ 349

150. ***ਆਦਿ ਗ੍ਰੰਥ***, ਅੰਗ 263

151. ਉਹੀ, 279

152. ਡਾ. ਪ੍ਰੇਮ ਪ੍ਰਕਾਸ਼ ਸਿੰਘ, ***ਭਾਰਤੀ ਕਾਵਿ ਸ਼ਾਸਤਰ***, ਪੰਨਾ 285

153. ***ਆਦਿ ਗ੍ਰੰਥ***, ਅੰਗ 282

154. ਉਹੀ, ਅੰਗ 269

155. ਉਹੀ, ਅੰਗ 282

156. ਉਹੀ, ਅੰਗ 269

157. ਉਹੀ, ਅੰਗ 272

158. ਉਹੀ, ਅੰਗ 278

159. ਉਹੀ, ਅੰਗ 279

160. ਉਹੀ, ਅੰਗ 280

161. ਉਹੀ, ਅੰਗ 280

162. ਉਹੀ, ਅੰਗ 282

163. ਉਹੀ, ਅੰਗ 282

164. ਪਿਆਰਾ ਸਿੰਘ ਪਦਮ, ਉਹੀ, ਪੰਨਾ 69

165. ਡਾ. ਜਸਵੰਤ ਬੇਗੋਵਾਲ, ***ਪਿੰਗਲ ਤੇ ਸਾਹਿਤ ਭੇਦ***, ਪੰਨਾ 31

166. ***ਆਦਿ ਗ੍ਰੰਥ***, ਅੰਗ 287

167. ਉਹੀ, ਅੰਗ 293

168. ਡਾ. ਜਸਵੰਤ ਬੇਗੋਵਾਲ, ਉਹੀ, ਪੰਨਾ 31

169. ***ਆਦਿ ਗ੍ਰੰਥ***, ਅੰਗ 290

170. ਉਹੀ, ਅੰਗ 284

171. ਉਹੀ, ਅੰਗ 272

172. ਉਹੀ, ਅੰਗ 267

173. ਡਾ. ਗੁਰਸ਼ਰਨ ਕੌਰ ਜੱਗੀ, ਉਹੀ, ਪੰਨਾ 87

174. ***ਆਦਿ ਗ੍ਰੰਥ***, ਅੰਗ 267

175. ਡਾ. ਗੁਰਸ਼ਰਨ ਕੌਰ ਜੱਗੀ, ਉਹੀ, ਪੰਨਾ 86

176. ***ਆਦਿ ਗ੍ਰੰਥ,*** ਅੰਗ 283

177. ਕਨੱਈਆ ਲਾਲ ਪੋਦਾਰ, ***ਅਲੰਕਾਰ ਮੰਜਰੀ***, ਪੰਨਾ 332

178. ***ਆਦਿ ਗ੍ਰੰਥ***, ਅੰਗ 266

179. ਉਹੀ, ਅੰਗ 267

180. ਉਹੀ, ਅੰਗ 264

181. ਉਹੀ, ਅੰਗ 268

182. ਉਹੀ, ਅੰਗ 269

183. ਉਹੀ, ਅੰਗ 274

184. ਉਹੀ, ਅੰਗ 282

185. ਉਹੀ, ਅੰਗ 268

186. ਉਹੀ, ਅੰਗ 285

187. ਉਹੀ, ਅੰਗ 277

188. ਉਹੀ, ਅੰਗ 268

189. ਨਵੀਨ ਪੰਜਾਬੀ ਪਿੰਗਲ, ਪੰਨਾ 99

190. ***ਆਦਿ ਗ੍ਰੰਥ***, ਅੰਗ 296

191. ਕਨ੍ਹਈਆ ਲਾਲ ਪੋਦਾਰ, ***ਅਲੰਕਾਰ ਮੰਜਰੀ***, ਪੰਨਾ 330

192. **ਆਦਿ ਗ੍ਰੰਥ**, ਅੰਗ 266

193. **ਮਹਾਨ ਕੋਸ਼**, ਪੰਨਾ 975

194. **ਆਦਿ ਗ੍ਰੰਥ**, ਅੰਗ 278

195. **ਮਹਾਨ ਕੋਸ਼**, ਪੰਨਾ 1094

196. **ਆਦਿ ਗ੍ਰੰਥ**, ਅੰਗ 290

197. ਡਾ. ਮਹਿੰਦਰ ਕੌਰ ਗਿੱਲ, **ਗੁਰੂ ਅਰਜਨ ਦੇਵ ਜੀਵਨ ਤੇ ਬਾਣੀ**, ਪੰਨਾ 342

198. **ਆਦਿ ਗ੍ਰੰਥ**, ਅੰਗ 278

199. ਕਨ੍ਹਈਆ ਲਾਲ ਪੋਦਾਰ, ਉਹੀ, ਪੰਨਾ 332

200. **ਆਦਿ ਗ੍ਰੰਥ**, ਅੰਗ 266

201. ਡਾ. ਪ੍ਰੇਮ ਪ੍ਰਕਾਸ਼ ਸਿੰਘ, **ਕਾਵਿ ਦੇ ਤੱਤ**, ਪੰਨਾ 155-56

202. ਸੁਖਵਿੰਦਰ ਕੌਰ, **ਸੁਖਮਨੀ ਦਾ ਆਲੋਚਨਾਤਮਕ ਅਧਿਐਨ**, ਪੰਨਾ 122

203. ਪ੍ਰੋ. ਸੰਤ ਸਿੰਘ ਸੇਖੋਂ, **ਸਾਹਿਤਆਰਥ**, ਪੰਨਾ 106

204. ਭਾਈ ਕਾਨ੍ਹ ਸਿੰਘ ਨਾਭਾ, **ਗੁਰਛੰਦ ਦਿਵਾਕਰ**, ਪੰਨਾ 86

205. ਉਹੀ, ਪੰਨਾ 131

206. **ਆਦਿ ਗ੍ਰੰਥ**, ਅੰਗ 262

207. ਉਹੀ, ਅੰਗ 271

208. ਉਹੀ, ਅੰਗ 272

209. ਉਹੀ, ਅੰਗ 285

210. ਭਾਈ ਕਾਨ੍ਹ ਸਿੰਘ ਨਾਭਾ, ***ਗੁਰਛੰਦ ਦਿਵਾਕਰ***, ਪੰਨਾ 57

211. ਉਹੀ, ਪੰਨਾ 57

212. ***ਆਦਿ ਗ੍ਰੰਥ***, ਅੰਗ 274

213. ਉਹੀ, ਅੰਗ 262

214. ਉਹੀ, ਅੰਗ 268

215. ਉਹੀ, ਅੰਗ 274

216. ਉਹੀ, ਅੰਗ 266

217. ਉਹੀ, ਅੰਗ 275

218. ਉਹੀ, ਅੰਗ 280

219. ਉਹੀ, ਅੰਗ 274

220. ***The Spirit Born People***, page 73

221. ਡਾ. ਪ੍ਰੇਮ ਪ੍ਰਕਾਸ਼ ਸਿੰਘ,***ਕਾਵਿ ਦੇ ਤੱਤ***, ਪੰਨਾ 153

222. ***ਆਦਿ ਗ੍ਰੰਥ***, ਅੰਗ 265-266

223. ਉਹੀ, ਅੰਗ 282

224. ਉਹੀ, ਅੰਗ 273

225. ਉਹੀ, ਅੰਗ 271

226. ਉਹੀ, ਅੰਗ 275

227. ਉਹੀ, ਅੰਗ 268

228. ਉਹੀ, ਅੰਗ 263

229. ਉਹੀ, ਅੰਗ 294-95

230. ਉਹੀ, ਅੰਗ 291

231. ਪਿਆਰਾ ਸਿੰਘ ਪਦਮ, ਉਹੀ, ਪੰਨਾ 76

# ਸਾਰ ਅਤੇ ਸਥਾਪਨਾਵਾਂ

ਸੁਹਜ ਮਨੁੱਖੀ ਭਾਵਨਾ ਦੀ ਉਪਜ ਹੈ। ਮਨੁੱਖ ਆਪਣੇ ਮੂਲ ਸੁਭਾਅ ਅਤੇ ਮਨੋਕ੍ਰਿਤੀ ਅਨੁਸਾਰ ਆਪਣੇ ਆਲੇ-ਦੁਆਲੇ ਦੀਆਂ ਵਸਤਾਂ ਪ੍ਰਤਿ ਕੇਵਲ ਉਹਨਾਂ ਦੀ ਵਿਵਹਾਰਕ ਉਪਯੋਗਤਾ ਜਾਂ ਲਾਜ਼ਮੀ ਗਿਆਨ ਪ੍ਰਾਪਤੀ ਕਰਨ ਹਿੱਤ ਆਕਰਸ਼ਿਤ ਨਹੀਂ ਹੁੰਦਾ, ਬਲਕਿ ਉਹ ਉਹਨਾਂ ਵਿਚੋਂ ਸੁਹਜ ਸੁਆਦ ਦਾ ਵੀ ਅਭਿਲਾਸ਼ੀ ਹੁੰਦਾ ਹੈ। ਇਸ ਲਈ ਮਨੁੱਖ ਨੂੰ ਉਹੀ ਰੂਪ ਸੁੰਦਰ ਲਗਦਾ ਹੈ ਜੋ ਉਸਦੀਆਂ ਭਾਵਨਾਵਾਂ ਵਿਚ ਸ਼ਾਮਲ ਹੋ ਕੇ ਉਸ ਦੇ ਭਾਵਬੋਧ ਨੂੰ ਸੁਗਮ ਬਣਾਉਂਦਿਆਂ ਆਨੰਦ ਪ੍ਰਦਾਨ ਕਰਦਾ ਹੈ। ਮਨੁੱਖ ਇਸ ਵਿਚ ਰੁਚੀ ਲੈਂਦਾ ਆਇਆ ਹੈ। ਹੋਰ ਜੀਵਾਂ ਨਾਲੋਂ ਮਨੁੱਖ ਵਧੇਰੇ ਸੰਵੇਦਨਸ਼ੀਲ ਹੁੰਦਾ ਹੈ ਇਸੇ ਕਰਕੇ ਉਹ ਆਪਣੇ ਸੰਪਰਕ ਵਿਚ ਆਉਣ ਵਾਲੀਆਂ ਵਸਤਾਂ ਦਾ ਪ੍ਰਭਾਵ ਗ੍ਰਹਿਣ ਕਰਦਾ ਹੈ। ਜਿਸ ਕਰਕੇ ਉਸਦੇ ਮਨ ਵਿਚ ਸੰਵੇਗ ਪੈਦਾ ਹੁੰਦੇ ਹਨ। ਸੁਹਜ ਸੁਆਦ ਦੀ ਤ੍ਰਿਪਤੀ ਮਨੁੱਖੀ ਮਨ ਦੀ ਬੁਨਿਆਦੀ ਲੋੜ ਹੈ। ਇਸ ਲਈ ਸੁਹਜ ਮਨੁੱਖੀ ਜੀਵਨ ਦਾ ਮੁੱਖ ਆਧਾਰ ਮੰਨਿਆ ਗਿਆ ਹੈ।

ਗੁਰਮਤਿ ਸਾਹਿਤ ਵਿਚ ਇਸ ਦਾ ਸਰੂਪ ਵਿਲੱਖਣ ਤੇ ਵਿਸ਼ਿਸ਼ਟ ਹੈ। ਇਹ ਸਾਹਿਤ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਮਹਾਨ ਹੈ। ਇਸਦੀ ਕਲਾ ਕੌਸ਼ਲਤਾ ਉਹਨੀ ਹੀ ਵਿਲੱਖਣ ਹੈ ਜਿੰਨਾਂ ਇਸ ਦਾ ਵਿਸ਼ਾ ਅਹਿਮ ਅਤੇ ਅਮੀਰ। ਇਹ ਸਮੁੱਚਾ ਕਾਵਿ ਅਧਿਆਤਮਕ ਸੁਹਜ ਚੇਤਨਾ ਰਾਹੀਂ ਪਰਮ ਮਨੁੱਖ ਆਦਰਸ਼ ਸਿਰਜਣ ਵੱਲ ਕਾਰਜਸ਼ੀਲ ਹੈ। ਅਧਿਆਤਮਿਕ ਸੁਹਜ ਦੇ ਅੰਤਰਗਤ ਆਤਮਾ ਅਤੇ ਪਰਮਾਤਮਾ ਨਾਲ ਸੰਬੰਧਿਤ ਵਿਸ਼ਿਆਂ ਦੀ ਸੁੰਦਰਤਾ ਦਾ ਬੋਧ ਹੈ ਜੋ ਭੌਤਿਕ ਅਤੇ ਬੌਧਿਕ ਸੁਹਜ ਨਾਲੋਂ ਉੱਚਤਮ ਤੇ ਗਹਿਰ ਗੰਭੀਰ ਹੁੰਦਾ ਹੋਇਆ ਵਧੇਰੇ ਸਦੀਵੀ ਹੈ। ਗੁਰਮਤਿ ਸਾਹਿਤ ਵਿਚ ਗੁਰੂ ਅਰਜਨ ਬਾਣੀ ਸੁਹਜ ਪੱਖੋਂ ਉੱਤਮ ਸਥਾਨ ਰੱਖਦੀ ਹੈ। ਗੁਰੂ ਅਰਜਨ ਬਾਣੀ ਵਿਚ ਜਿਸ ਪ੍ਰਕਾਰ ਪਰਮਾਤਮਾ ਗਿਆਨ ਤੇ ਸੱਚ ਦਾ ਸੋਮਾ ਹੈ ਉਸੇ ਤਰ੍ਹਾਂ ਹੀ ਸੁੰਦਰਤਾ ਦਾ ਸੋਮਾ ਵੀ ਹੈ।

ਗੁਰੂ ਸਾਹਿਬ ਦੀ ਬਾਣੀ ਵਿਚ ਉੱਤਮ ਸੁਹਜ ਕਾਵਿ ਵਾਲੇ ਸਾਰੇ ਗੁਣ ਮਿਲ ਜਾਂਦੇ ਹਨ। ਕਾਵਿ-ਕਲਾਤਮਕ ਸੁਹਜ ਵਿਚ ਸਹਾਈ ਹੁੰਦਾ ਹੈ ਇਸ ਲਈ ਗੁਰੂ ਅਰਜਨ ਬਾਣੀ ਇਕ ਕਾਵਿ ਹੋਣ ਕਰਕੇ ਸੁਹਜ ਸਿਰਜਣ ਦਾ ਇਕ ਸੋਮਾ ਹੈ। ਜਿਉਂ ਜਿਉਂ ਗੁਰੂ ਅਰਜਨ ਬਾਣੀ ਦਾ ਅਧਿਐਨ ਕਰੀਏ ਤਾਂ ਥਾਂ ਪੁਰ ਥਾਂ ਸਾਨੂੰ ਅਧਿਆਤਮਿਕਤਾ ਵਾਲੇ ਕਲਾਤਮਕ ਸੁਹਜ ਸਿਰਜਣਾ ਦੀ ਪ੍ਰਾਪਤੀ ਹੁੰਦੀ ਹੈ। ਇਸ

ਲਈ ਗੁਰਮਤਿ ਸਾਹਿਤ ਵਿਚ ਗੁਰੂ ਅਰਜਨ ਬਾਣੀ ਪ੍ਰਾਥਮਿਕ ਰੂਪ ਵਿਚ ਸੁਹਜਮਈ ਪ੍ਰਭਾਵ ਵਾਲੀ ਰਚਨਾ ਹੈ। ਹੱਥਲੇ ਖੋਜ ਪ੍ਰਬੰਧ ਵਿਚ ਇਨ੍ਹਾਂ ਤੱਥਾਂ ਨੂੰ ਹੀ ਹੋਰ ਵਿਸਤਾਰ ਅਧੀਨ ਰੱਖਿਆ ਗਿਆ ਹੈ ਅਤੇ ਇਸ ਕਾਰਜ ਪੂਰਤੀ ਲਈ ਕੁੱਲ ਸੱਤ ਅਧਿਆਇ ਬਣਾਏ ਗਏ ਹਨ।

ਪਹਿਲੇ ਅਧਿਆਇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ, ਰਚਨਾ ਸੰਸਾਰ ਅਤੇ ਸ਼ਹਾਦਤ ਸੰਬੰਧੀ ਪੱਖਾਂ ਨੂੰ ਉਘਾੜਿਆ ਗਿਆ ਹੈ। ਪਰਮਾਤਮਾ ਨਾਲ ਇਕਮਿਕ ਹੋਏ, ਰੱਬੀ ਰੰਗ ਵਿਚ ਅਭੇਦ, ਦੁੱਖੀਆਂ ਦੇ ਦਰਦੀ, ਮਹਾਨ ਤਪੱਸਵੀ, ਦੂਰ ਅੰਦੇਸ਼ੀ, ਕੌਮੀ ਉੱਸਰੀਏ, ਦਿੱਬ ਦ੍ਰਿਸ਼ਟੀ ਅਤੇ ਆਤਮ ਵਿਸ਼ੇ ਦੇ ਮਾਲਕ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਸਿੱਖ ਇਤਿਹਾਸ ਵਿਚ 'ਸ਼ਹੀਦਾਂ ਦੇ ਸਿਰਤਾਜ' ਵਜੋਂ ਸਿਖ਼ਰ ਸਨਮਾਨ ਹਾਸਿਲ ਹੈ। ਗੁਰੂ ਸਾਹਿਬ ਦੀ ਸਭ ਤੋਂ ਵੱਧ ਬਾਣੀ ਕੁੱਲ 30 ਰਾਗਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਗੁਰੂ ਸਾਹਿਬ ਜੀ ਨੂੰ ਸ਼ਕਤੀਸ਼ਾਲੀ ਤੇ ਬਹੁਪੱਖੀ ਵਿਅਕਤਿਤਵ ਦੇ ਮਾਲਕ ਵਜੋਂ ਜਾਣਿਆ ਜਾਂਦਾ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਉਹਨਾਂ ਦਾ ਮਹਾਨ ਕਾਰਜ ਹੈ। ਇਸ ਸੰਪਾਦਨ ਕਾਰਜ ਪਿੱਛੇ ਉਹਨਾਂ ਦਾ ਮੁੱਖ ਮੰਤਵ ਭਗਤੀ ਭਾਵ ਅਤੇ ਭਾਵਨਾਤਮਕ ਏਕਤਾ ਨੂੰ ਵਧਾਉਣਾ ਸੀ। ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਜੀਵ ਆਤਮਾ ਨੂੰ ਸਾਰੀ ਸ੍ਰਿਸ਼ਟੀ, ਆਤਮਾ, ਪ੍ਰਕ੍ਰਿਤੀ ਦੇ ਕਣ ਕਣ ਵਿਚ ਉਸ ਅਕਾਲ ਪੁਰਖ ਦੀ ਹੋਂਦ ਦਾ ਅਨੁਭਵ ਕਰਾਇਆ ਹੈ। ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਅਤੇ ਜੀਵਨ ਅਨੁਭਵ ਰਾਹੀਂ ਆਤਮਾ ਦਾ ਅਕਾਲ ਪੁਰਖ ਨਾਲ ਇਕਸੁਰ ਹੋਣ ਲਈ ਆਤਮਾ ਦੀ ਸ਼ੁੱਧਤਾ, ਸੁੱਚਤਾ ਅਤੇ ਪਵਿੱਤਰਤਾ ਦਾ ਆਦੇਸ਼ ਦਿੰਦੇ ਹਨ। ਇਸ ਪ੍ਰਕਾਰ ਗੁਰੂ ਸਾਹਿਬ ਦੀ ਬਾਣੀ ਜੀਵ ਆਤਮਾ ਦੀ ਉਸ ਅੰਤਰੀਵ ਪ੍ਰਵਿਰਤੀ ਦਾ ਪ੍ਰਕਾਸ਼ਨ ਹੈ ਜਿਸ ਵਿਚ ਜੀਵ ਆਤਮਾ ਪਰਮਾਤਮਾ ਨਾਲ ਮਿਲ ਕੇ ਇਕਮਿਕ ਹੋ ਜਾਂਦੀ ਹੈ। ਕੌਮੀ ਉੱਸਰੀਏ ਗੁਰੂ ਅਰਜਨ ਸਾਹਿਬ ਦਾ ਜੀਵਨ ਗੁਰਮਤਿ ਦਾ ਜੀਉਂਦਾ ਜਾਗਦਾ ਸਬੂਤ ਹੈ ਅਤੇ ਪ੍ਰੇਰਣਾ ਦਾ ਸੋਮਾ ਹੈ ਜਿਥੇ ਗੁਰੂ ਸਾਹਿਬ ਨੇ ਆਪਣਾ ਰਚਨਾ-ਜਗਤ ਉਸਾਰਿਆ।

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦਾ ਮੂਲ ਕਾਰਨ ਗੁਰੂ ਨਾਨਕ ਦੁਆਰਾ ਹੋਂਦ ਵਿਚ ਆਇਆ ਨਵਾਂ ਕ੍ਰਾਂਤੀਕਾਰੀ ਪ੍ਰਵਚਨ ਸੀ, ਜਿਸ ਦਾ ਸੰਪੂਰਨ ਉਚਾਰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਗੁਰੂ ਅਰਜਨ ਸਾਹਿਬ ਦੁਆਰਾ ਰੂਪਮਾਨ ਹੋਇਆ। ਇਸ ਪ੍ਰਕਾਰ ਕੌਮੀ ਉੱਸਰੀਏ ਅਤੇ ਬਾਣੀਕਾਰ ਦੇ ਰੂਪ ਵਿਚ ਆਪ ਜੀ ਦਾ ਵਿਅਕਤਿੱਤਵ ਬਹੁਤ ਹੀ ਤੀਖਣ ਬੁੱਧੀ ਦੀ ਸੋਚ ਵਾਲਾ ਉੱਭਰਦਾ ਹੈ।

ਦੂਸਰੇ ਅਧਿਆਇ ਵਿਚ ਸੁਹਜ-ਸ਼ਾਸਤਰ ਦੇ ਸਿਧਾਂਤਕ ਪਰਿਪੇਖ ਤੇ ਧਿਆਨ ਕੇਂਦਰਿਤ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਹੈ। ਵਿਸ਼ਵ ਪੱਧਰ ਦੀਆਂ ਸੁਹਜ ਅਤੇ ਸੁਹਜ-ਸ਼ਾਸਤਰ ਸੰਬੰਧੀ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ, ਦ੍ਰਿਸ਼ਟੀਆਂ, ਸਥਾਪਨਾਵਾਂ ਰਾਹੀਂ ਸੁਹਜ-ਸ਼ਾਸਤਰ ਅਤੇ ਕਾਵਿ-ਸ਼ਾਸਤਰ ਦੀਆ ਆਪਸੀ ਸਾਂਝਾਂ ਅਤੇ ਨਿਖੇੜੇ ਨੂੰ ਸਪੱਸ਼ਟ ਕੀਤਾ ਗਿਆ ਹੈ। ਸੁਹਜ ਸੁਆਦ ਦੀ ਤ੍ਰਿਪਤੀ ਵਿਚੋਂ ਪੈਦਾ ਹੋਈਆਂ ਸੂਖ਼ਮ ਕਲਾਵਾਂ ਵਿਚੋਂ ਸਾਹਿਤ ਇਕ ਪ੍ਰਮੁੱਖ ਕਲਾ ਹੈ। ਸਾਹਿਤ ਦਾ ਪ੍ਰਮੁੱਖ ਮੰਤਵ ਸੁਹਜਾਤਮਕ ਆਨੰਦ ਪ੍ਰਦਾਨ ਕਰਨਾ ਹੈ। ਇਸ ਲਈ ਇਹ ਪ੍ਰਭਾਵਸ਼ਾਲੀ ਨੁਕਤਾ ਸਾਹਮਣੇ ਆਇਆ ਹੈ ਕਿ ਸੁਹਜ ਸਾਹਿਤ ਅਤੇ ਕਲਾ ਦਾ ਬੁਨਿਆਦੀ ਸੁਆਲ ਹੈ। ਇਸ ਪ੍ਰਕਾਰ ਉਪਰੋਕਤ ਤੱਥਾਂ ਦੀ ਅਗਵਾਈ ਹੇਠ ਮੱਧਕਾਲੀ ਸਾਹਿਤ ਵਿਚ ਸੁਹਜ-ਸ਼ਾਸਤਰ ਦੇ ਮਹੱਤਵ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸਪੱਸ਼ਟ ਕੀਤਾ ਗਿਆ ਹੈ।

ਤੀਸਰੇ ਅਧਿਆਇ ਵਿਚ ਗੁਰੂ ਅਰਜਨ ਰਚਿਤ ਬਾਣੀ ਬਾਰਹ ਮਾਹਾ ਦੇ ਸੁਹਜ-ਸ਼ਾਸਤਰੀ ਪੱਖਾਂ ਬਾਰੇ ਅਧਿਐਨ ਕੀਤਾ ਗਿਆ ਹੈ। ਬਾਰਹ ਮਾਹਾ ਵਿਚ ਕਲਾਤਮਕ ਸੁਹਜ ਦੀ ਵਰਤੋਂ ਬੜੀ ਵਿਸ਼ਾਲ ਤੇ ਵਿਸਤ੍ਰਿਤ ਹੈ, ਜਿਸ ਕਰਕੇ ਸੁਹਜ-ਸੰਵੇਦਨਾ ਬੜੀ ਅਲੌਕਿਕ ਤੇ ਪ੍ਰਿਯ ਹੈ। ਉਸ ਦਾ ਸੁਹਜ ਵਿਵੇਕ ਬਹੁਤ ਸਾਰਥਕ ਤੇ ਪ੍ਰਭਾਵਸ਼ਾਲੀ ਵੀ ਹੈ। ਇਸ ਕਰਕੇ ਇਹ ਸਾਰੇ ਤੱਥ ਮਿਲ ਕੇ ਇਕ ਅਨੁਪਮ ਕਾਵਿ ਸਿਰਜਣਾ ਦਾ ਸਬੂਤ ਦਿੰਦੇ ਹਨ। ਬਾਰਹ ਮਾਹਾ ਗੁਰੂ ਅਰਜਨ ਸਾਹਿਬ ਦੀ ਅਕਾਲ ਉਸਤਤ ਦੀ ਦ੍ਰਿਸ਼ਟੀ ਤੋਂ ਬ੍ਰਹਮ ਦੇ ਸਰੂਪ ਨਾਲ ਸੰਬੰਧਿਤ ਦੀਰਘ ਚਿੰਤਨ ਵਾਲੀ ਬਾਣੀ ਹੈ। ਇਸ ਬਾਣੀ ਵਿਚ ਜਿਹੜੀਆਂ ਕਾਵਿ ਜੁਗਤਾਂ ਵਰਤੀਆਂ ਹਨ ਉਨ੍ਹਾਂ ਦੀ ਵਰਤੋਂ ਨੇ ਨਿਸ਼ਚੇ ਹੀ ਬਾਣੀ ਦੇ ਸੁਹਜ ਸਿਰਜਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸੰਗੀਤ ਅਤੇ ਲੈਅ, ਛੰਦ, ਅਲੰਕਾਰ, ਬਿੰਬ ਤੇ ਪ੍ਰਤੀਕ ਵਰਗੀਆਂ ਜੁਗਤਾਂ ਵਰਤ ਕੇ ਆਪਣੀ ਕਥਨੀ ਨੂੰ ਦ੍ਰਿੜਾਉਣ ਲਈ ਗੁਰੂ ਸਾਹਿਬ ਨੇ ਬੜੇ ਸਫਲ ਪ੍ਰਯੋਗ ਕੀਤੇ ਹਨ। ਬਾਰਹ ਮਾਹਾ ਗੁਰੂ ਅਰਜਨ ਦੇਵ ਜੀ ਦੀ ਇਕ ਅਜਿਹੀ ਪ੍ਰਤਿਨਿਧ ਬਾਣੀ ਹੈ ਜਿਸ ਦੁਆਰਾ ਗੁਰੂ ਜੀ ਨੇ ਵਿਭਿੰਨ ਸੁਹਜ ਸੰਚਾਰ ਵਿਧੀਆਂ ਦੁਆਰਾ ਇਸ ਉਪਦੇਸ਼ਾਤਮਕ ਰਚਨਾ ਨੂੰ ਸਾਹਿਤਕ ਅਤੇ ਸਰਲ ਬਣਾਉਣ ਦਾ ਸੁੰਦਰ ਉਪਰਾਲਾ ਹੀ ਨਹੀਂ ਕੀਤਾ ਸਗੋਂ ਇਸ ਨੂੰ ਇਕ ਸੁਹਜ ਕਾਵਿ ਵਜੋਂ ਸਥਾਪਿਤ ਕੀਤਾ ਹੈ। ਗੁਰੂ ਅਰਜਨ ਸਾਹਿਬ ਦੁਆਰਾ ਸਿਰਜੇ ਬਿੰਬ, ਪ੍ਰਤੀਕ ਮਨੁੱਖੀ ਭਾਵਾਂ ਨੂੰ ਹਲੂਣ ਕੇ ਬਾਣੀ ਵਿਚਲੇ ਸੱਚ ਨੂੰ ਵਧੇਰੇ ਬਲਵਾਨ ਤੇਜਵੰਤ ਬਣਾਉਂਦੇ ਹਨ। ਬਿੰਬਾਂ, ਪ੍ਰਤੀਕਾਂ ਦਾ ਖੇਤਰ

ਵਿਸ਼ਾਲ ਹੈ। ਇਹ ਬਿੰਬ ਇਕ ਵਿਆਪਕ ਪ੍ਰਤੀਕਾਤਮਕ ਬੋਧ ਵਲ ਮੁਖਾਰਿਤ ਹੁੰਦੇ ਹਨ। ਇਹਨਾਂ ਰਾਹੀਂ ਉਤਪੰਨ ਸੁਹਜ ਮਨੁੱਖ ਦੇ ਸੁਹਜ ਸੁਆਦ ਦਾ ਉੱਦਾਤ ਕਰਦਿਆਂ ਹੋਇਆਂ ਅਧਿਆਤਮਕ ਸੁਹਜ ਮੰਡਲ ਵੱਲ ਪ੍ਰੇਰਦਾ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਬਣਾਉਣ ਲਈ ਸਮਾਜਕ ਜੀਵਨ ਅਤੇ ਕੁਦਰਤ ਵਿਚੋਂ ਅਨੇਕ ਅਲੰਕਾਰ ਚੁਣੇ ਹਨ। ਜਿਥੇ ਆਮ ਭਾਸ਼ਾ ਵਿਚ ਇਕ 'ਅਲੰਕਾਰ' ਚਮਤਕਾਰ ਹੋ ਨਿਬੜਦਾ ਹੈ, ਉਥੇ ਗੁਰੂ ਅਰਜਨ ਬਾਣੀ ਵਿਚ ਇਕ ਅਲੰਕਾਰ ਨਾਮ ਸਿਮਰਨ ਦੀ ਮਾਲਾ ਦੇ ਮਣਕਿਆਂ ਸਮਾਨ ਹੈ। ਇਸ ਦੀ ਸੰਗੀਤਕ ਲੈਅ ਇਸ ਨੂੰ ਨਿੱਜ-ਪਿੜ ਤੋਂ ਨਿੱਜ-ਮੁਕਤ ਕਰਕੇ ਦੋ ਧਿਰੀ ਸਿਰਜਣਾ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਸ ਦੀ ਇਕ ਧਿਰ ਪਾਰਲੌਕਿਕ ਅਤੇ ਦੂਜੀ ਧਿਰ ਲੌਕਿਕ ਹੈ। ਇਸ ਵਿਚਲੀ ਨਾਇਕਾ ਬਿਰਹੁੰ-ਕੁਠੀ ਕਾਮਨੀ ਹੈ, ਜੋ ਲੌਕਿਕ ਨਾ ਹੋ ਕੇ ਇਕ ਆਤਮਿਕ ਧਿਰ ਦੀ ਲਖਾਇਕ ਹੈ। ਗੁਰੂ ਅਰਜਨ ਦੇਵ ਜੀ ਨੇ ਸੰਗੀਤ ਨੂੰ ਸਿਰਫ਼ ਅਧਿਆਤਮਕ ਜੀਵਨ ਦੀ ਟੇਕ ਮੰਨਿਆ ਹੈ। ਉਨ੍ਹਾਂ ਨੇ ਵਧੇਰੇ ਮਹੱਤਤਾ ਪਰਮਾਤਮਾ ਪ੍ਰਤੀ ਪ੍ਰੇਮ ਅਤੇ ਸ਼ਰਧਾ ਨੂੰ ਹੀ ਦਿੱਤੀ ਹੈ। ਗੁਰੂ ਸਾਹਿਬ ਨੇ ਕਾਵਿ ਅਤੇ ਸੰਗੀਤ ਦਾ ਸੁੰਦਰ ਸੁਮੇਲ ਸਥਾਪਤ ਕੀਤਾ ਹੈ। ਸੋ ਵੱਖ-ਵੱਖ ਸੁਹਜ ਵਿਧੀਆਂ ਦੀ ਵਰਤੋਂ ਨਾਲ ਬਾਰਹ ਮਾਹਾ ਇਕ ਅਨਮੋਲ ਰਚਨਾ ਬਣ ਗਈ ਹੈ।

ਚੌਥੇ ਅਧਿਆਇ ਵਿਚ ਗੁਰੂ ਅਰਜਨ ਦੇਵ ਰਚਿਤ ਬਾਣੀ ਰੁਤੀ ਦੇ ਸੁਹਜ-ਸ਼ਾਸਤਰੀ ਅਧਿਐਨ ਕਰਦਿਆਂ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਬਾਣੀ ਵਿਚ ਗੁਰੂ ਸਾਹਿਬ ਇਕ ਵਿਸ਼ੇਸ਼ ਕਾਵਿ-ਮੁਹਾਵਰੇ ਰਾਹੀਂ ਅਰਥ ਸੰਚਾਰ ਕਰ ਰਹੇ ਹਨ। ਇਹ ਕਾਵਿ ਮੁਹਾਵਰਾ ਗੁਰਮਤਿ ਕਾਵਿ ਦਾ ਲਖਾਇਕ ਹੈ। ਸਮੁੱਚਾ ਗੁਰਮਤਿ ਕਾਵਿ ਹੀ ਇਸ ਮੁਹਾਵਰੇ ਰਾਹੀਂ ਰਚਿਆ ਗਿਆ ਹੈ। ਇਸ ਮੁਹਾਵਰੇ ਦਾ ਪ੍ਰਮੁੱਖ ਲੱਛਣ ਜਨ-ਜੀਵਨ ਦੀ ਭਾਸ਼ਾ, ਸਧਾਰਨ ਜੀਵਨ ਵਿਚੋਂ ਚੁਣੇ ਗਏ ਬਿੰਬ, ਅਲੰਕਾਰ ਅਤੇ ਪ੍ਰਤੀਕ ਆਦਿ ਨੂੰ ਅਧਿਆਤਮਿਕ ਅਰਥ ਦੇਣਾ ਹੈ। ਗੁਰੂ ਸਾਹਿਬ ਨੇ ਇਸ ਮੁਹਾਵਰੇ ਨੂੰ ਪ੍ਰਗਟਾਇਆ ਹੈ। ਕਾਵਿ ਸੁਹਜ-ਸਿਰਜਣਾ ਦੇ ਤੱਤਾਂ ਅਧੀਨ ਬਿੰਬ, ਪ੍ਰਤੀਕ, ਅਲੰਕਾਰ ਅਤੇ ਛੰਦ ਦੀ ਮੌਲਿਕ ਵਰਤੋਂ ਕੀਤੀ। ਇਨ੍ਹਾਂ ਦੀ ਚੋਣ ਸਮੇਂ ਜਨ-ਜੀਵਨ ਵਿਚੋਂ ਲਏ ਗਏ ਸਧਾਰਨ ਸ਼ਬਦਾਂ ਨੂੰ ਅਧਿਆਤਮਕ ਅਰਥਾਂ ਦੇ ਰੂਪ ਵਿਚ ਵਰਤਿਆ। ਵਿਚਾਰਾਂ ਦੇ ਪ੍ਰਗਟਾਅ-ਢੰਗ ਨਾਲ ਪੂਰਨ ਇਕਸਾਰਤਾ ਗੁਰੂ ਸਾਹਿਬ ਜੀ ਦੀ ਬਾਣੀ ਦਾ ਖਾਸ ਗੁਣ ਹੈ। ਜਿਹੋ ਜਿਹਾ ਵਿਚਾਰ ਅਨੁਭਵ, ਉਹੋ ਜਿਹੇ ਢੁਕਵੇਂ ਸ਼ਬਦ ਚਿੱਤਰ ਤੇ

ਅਲੰਕਾਰ ਵਰਤੇ ਹਨ। ਉਹ ਇਕ ਖਾਸ ਵਿਸ਼ੇ ਦਾ ਪੂਰੀ ਤਰ੍ਹਾਂ ਬਿਆਨ ਇਸ ਪ੍ਰਕਾਰ ਕਰਦੇ ਹਨ ਕਿ ਵਿਸ਼ੇ ਦੇ ਸਾਰੇ ਪੱਖ ਰੌਸ਼ਨ ਹੋ ਜਾਣ। ਉਨ੍ਹਾਂ ਨੇ ਇਸ ਪ੍ਰਗਟਾਅ ਢੰਗ ਦੀ ਵਰਤੋਂ ਬੜੀ ਸ਼ਿੱਦਤ ਨਾਲ ਕੀਤੀ। ਗੁਰੂ ਸਾਹਿਬ ਦੀ ਬਾਣੀ ਆਪਣੇ ਸੰਗੀਤ ਕਰਕੇ ਪੰਜਾਬੀ ਕਾਵਿ ਵਿਚ ਨਿਵੇਕਲਾ ਸਥਾਨ ਰੱਖਦੀ ਹੈ। ਉਹਨਾਂ ਦੀ ਬਾਣੀ ਵਿਚ ਸੰਗੀਤ ਦੇ ਤੱਤ ਨੂੰ ਉਭਾਰਨ ਵਾਲਾ ਪ੍ਰਮੁੱਖ ਤੱਤ ਪ੍ਰਭੂ ਪ੍ਰੇਮ ਹੈ। ਰਹੱਸਵਾਦੀ ਅਨੁਭਵ ਦੇ ਸੰਚਾਰ ਦੇ ਮੂਲ ਸਾਧਨਾਂ ਵਿਚ ਸ਼ਬਦ ਦੇ ਨਾਲ ਸੰਗੀਤ ਦੇ ਮਹੱਤਵ ਨੂੰ ਪਹਿਚਾਣਦੇ ਹੋਏ ਹੀ ਉਨ੍ਹਾਂ ਨੇ ਪ੍ਰਭੂ ਦੇ ਗੁਣ ਗਾਇਣ ਉੱਤੇ ਵਧੇਰੇ ਬਲ ਦਿੱਤਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਰੁਤੀ ਕਾਵਿ ਰੂਪ ਦੀ ਵਰਤੋਂ ਗੁਰੂ ਅਰਜਨ ਦੇਵ ਜੀ ਦੁਆਰਾ ਹੀ ਕੀਤੀ ਗਈ ਹੈ। ਗੁਰੂ ਸਾਹਿਬ ਨੇ ਬਾਣੀ ਰੁਤੀ ਵਿਚ ਹਰੇਕ ਰੁੱਤ ਨੂੰ ਨਾਮ ਜਪਣ ਦੇ ਅਨੁਕੂਲ ਦੱਸਿਆ ਹੈ। ਗੁਰੂ ਕਵੀ ਨੇ ਰੁੱਤਾਂ ਸੰਬੰਧੀ ਜੁੜੇ ਬੇਅਰਥ ਲੋਕ ਵਿਸ਼ਵਾਸਾਂ ਵਿਚ ਸੰਸੋਧਨ ਕਰਕੇ ਜਨ ਸਧਾਰਨ ਨੂੰ ਜੀਵਨ ਦਾ ਸਹੀ ਮਾਰਗ ਦੱਸਦੇ ਹੋਏ ਹਰ ਸਮੇਂ ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਹੈ।

ਪੰਜਵੇਂ ਅਧਿਆਇ ਬਾਣੀ ਥਿਤੀ ਦੇ ਸੁਹਜ-ਸ਼ਾਸਤਰੀ ਅਧਿਐਨ ਅਨੁਸਾਰ ਬਾਣੀ ਥਿਤੀ ਦਾ ਸਮੁੱਚਾ ਪ੍ਰਭਾਵ ਪਾਠਕ ਉੱਤੇ ਇਸ ਪ੍ਰਕਾਰ ਪੈਂਦਾ ਹੈ ਕਿ ਮਨੁੱਖੀ ਜੀਵਨ ਇਕ ਕਠਿਨ ਖੇਡ ਹੋਣ ਦੇ ਬਾਵਜੂਦ ਦੁੱਖਾਂ ਦਾ ਘਰ ਨਹੀਂ। ਜੇਕਰ ਇਸ ਨੂੰ ਜੀਉਣ ਦੀ ਸਹੀ ਵਿਧੀ ਵਰਤੀ ਜਾਵੇ ਤਾਂ ਇਹ ਸੁੱਖੀ ਬਣਾਇਆ ਜਾ ਸਕਦਾ ਹੈ। ਇਹ ਬਾਣੀ ਦੁੱਖੀ ਮਨਾਂ ਨੂੰ ਧਰਵਾਸ ਦਿੰਦੀ ਤੇ ਆਸ਼ਾਵਾਦੀ ਬਣਾਉਂਦੀ ਹੈ। ਗੁਰੂ ਅਰਜਨ ਦੇਵ ਜਨਤਾ ਦੇ ਕਵੀ ਹਨ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ ਰਖਦੇ ਹਨ। ਜਨ ਸਧਾਰਨ ਨੂੰ ਵਹਿਮਾਂ-ਭਰਮਾਂ ਵਿਚ ਕੱਢਣ ਲਈ ਉਨ੍ਹਾਂ ਨੇ 'ਥਿਤੀ' ਨੂੰ ਆਧਾਰ ਬਣਾ ਕੇ ਥਿਤੀ ਨਾਂ ਦੀ ਉਪਦੇਸ਼ਾਤਮਕ ਬਾਣੀ ਦੀ ਰਚਨਾ ਕੀਤੀ। ਉਪਦੇਸ਼ਾਤਮਕ ਪ੍ਰਭਾਵ ਵਾਲੀ ਬਾਣੀ ਥਿਤੀ ਤੋਂ ਗੁਰੂ ਸਾਹਿਬ ਦੀ ਸੂਝ ਅਤੇ ਡੂੰਘੀ ਦ੍ਰਿਸ਼ਟੀ ਦਾ ਅਨੁਭਵ ਹੁੰਦਾ ਹੈ। ਆਪਣੇ ਭਾਵਾਂ ਨੂੰ ਸੁਹਜ ਭਰਪੂਰ ਸਪੱਸ਼ਟ ਬਣਾਉਣ ਲਈ ਬਿੰਬ, ਅਲੰਕਾਰ, ਪ੍ਰਤੀਕ ਅਤੇ ਸੰਗੀਤ ਦੀ ਵਰਤੋਂ ਕੀਤੀ ਗਈ ਹੈ। ਬਿੰਬ ਸਿਰਜਣਾ ਦੇ ਪੱਖ ਤੋਂ ਇਹ ਰਚਨਾ ਬਹੁਪੱਖੀ, ਸ੍ਰੇਸ਼ਟ ਅਤੇ ਉੱਤਮ ਹੈ। ਗੁਰੂ ਸਾਹਿਬ ਨੇ ਜੀਵਨ ਤੇ ਸਮਾਜ ਦੇ ਹਰ ਪਹਿਲੂ ਤੋਂ ਬਿੰਬ ਲੈ ਕੇ ਜੀਵਨ ਦਰਸ਼ਨ ਵਿਚ ਲੁੱਕੀਆਂ ਤੇ ਡੂੰਘੀਆਂ ਰਮਜ਼ਾਂ ਨੂੰ ਪ੍ਰਗਟਾਇਆ ਹੈ। ਉਨ੍ਹਾਂ ਦੇ ਕਾਵਿ ਵਿਚ ਇੰਦ੍ਰੀਆਤਮਕ, ਸਮਾਜਕ, ਪ੍ਰਕ੍ਰਿਤਕ, ਮਿਥਿਹਾਸਕ, ਰਾਜਨੀਤਿਕ ਆਦਿ ਸਭਨਾਂ ਕਿਸਮਾਂ ਦੀ ਬਿੰਬ ਸਿਰਜਣਾ ਹੋਈ ਮਿਲਦੀ ਹੈ। ਬਾਣੀ ਥਿਤੀ ਪ੍ਰਤੀਕਾਂ ਨਾਲ ਭਰੀ ਪਈ ਹੈ।

ਗੁਰੂ ਸਾਹਿਬ ਨੇ ਅਮੂਰਤ ਭਾਵਾਂ ਨੂੰ ਮੂਰਤੀਮਾਨ ਕਰਨ ਲਈ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਪਰੰਪਰਾ ਮੁਕਤ, ਮਿਥਿਹਾਸਕ, ਵਿਚਾਰ ਮੂਲਕ, ਵਿਆਖਿਆਮਈ, ਰਵਾਇਤੀ, ਸੰਖਿਆਮੂਲਕ ਆਦਿ ਸਭ ਤਰ੍ਹਾਂ ਦੇ ਪ੍ਰਤੀਕ ਆਪ ਦੀ ਅਦੁੱਤੀ ਰਚਨਾ ਵਿਚ ਸਾਕਾਰ ਮਿਲਦੇ ਹਨ। ਉਨ੍ਹਾਂ ਨੇ ਆਮ ਜੀਵਨ ਦੇ ਭਾਵ ਪ੍ਰਗਟ ਕਰਨ ਲਈ ਘਰੋਗੀ ਪ੍ਰਤੀਕਾਂ ਦੀ ਵਿਸ਼ੇਸ਼ ਰੂਪ ਵਿਚ ਵਰਤੋਂ ਕੀਤੀ ਹੈ। ਬਾਣੀ ਥਿਤੀ ਵਿਚ ਪ੍ਰਸਤੁਤ ਅਨੁਭਵ ਦੇ ਸਹਿਜ ਪ੍ਰਕਾਸ਼ਨ ਲਈ ਸ਼ਬਦ ਤੇ ਅਰਥ ਦੋਹਾਂ ਅਲੰਕਾਰ ਰੂਪਾਂ ਦਾ ਪ੍ਰਯੋਗ ਹੋਇਆ ਹੈ ਜਿਹਨਾਂ ਦਾ ਮੂਲ ਤੌਰ ਤੇ ਉਦੇਸ਼ ਉਸ ਪਰਮ ਸੱਤਾ 'ਬ੍ਰਹਮ' ਤੇ ਕੇਂਦਰਿਤ ਹੈ। ਬ੍ਰਹਮ ਨੂੰ ਸ੍ਰਿਸ਼ਟੀ ਦਾ ਰਚੈਤਾ ਮੰਨਦਿਆਂ ਹੋਇਆਂ ਜੀਵਾਤਮਾ ਨੂੰ ਨੇਕ ਅਮਲਾਂ ਦੁਆਰਾ ਬ੍ਰਹਮ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਗਈ ਹੈ। ਨਿਰਗੁਣ ਬ੍ਰਹਮ ਦੇ ਸਰਗੁਣ ਰੂਪ ਵਿਚ ਪਰਿਵਰਤਿਤ ਹੋਣ ਦੇ ਅਲੌਕਿਕ ਤੇ ਅਗੰਮੀ ਭਾਵ ਨੂੰ ਅਤਿਅੰਤ ਢੁਕਵੇਂ ਤੇ ਸੁੰਦਰ ਅਲੰਕਾਰਾਂ ਦੁਆਰਾ ਪ੍ਰਗਟ ਕੀਤਾ ਗਿਆ ਹੈ, ਜਿਸ ਨਾਲ ਨਾ ਕੇਵਲ ਇਹ ਮਨੁੱਖੀ ਅਨੁਭਵ ਤੋਂ ਉਚੇਰਾ ਵਿਸ਼ਾ ਸਰਲ ਤੇ ਸਹਿਜ ਹੀ ਬਣ ਗਿਆ ਸਗੋਂ ਇਸ ਵਿਚ ਇਕ ਅਨੋਖਾ ਕਾਵਿ ਸੁਹਜ ਉਤਪੰਨ ਹੋ ਗਿਆ ਹੈ। ਇਸ ਤੋਂ ਇਲਾਵਾ ਥਿਤੀ ਬਾਣੀ ਵਿਚ ਕਾਵਿ ਅਤੇ ਸੰਗੀਤ ਦਾ ਸੁੰਦਰ ਸੁਮੇਲ ਵੀ ਪ੍ਰਸਤੁਤ ਹੁੰਦਾ ਹੈ। ਇਕ ਪ੍ਰਬੀਨ ਕਲਾਕਾਰ ਆਪਣੀ ਮੰਤਵ ਸਿਧੀ ਲਈ ਕਲਾ ਨੂੰ ਇਕ ਮਾਧਿਅਮ ਦੇ ਤੌਰ ਤੇ ਉਚੇਰੇ ਆਦਰਸ਼ਾਂ ਲਈ ਪ੍ਰਯੋਗ ਕਰਦਾ ਹੈ। ਗੁਰੂ ਸਾਹਿਬ ਜੀ ਕਾਵਿ ਅਤੇ ਸੰਗੀਤ ਦੇ ਸੰਬੰਧ ਤੋਂ ਚੇਤੰਨ ਹਨ। ਸੋ ਇਸ ਪ੍ਰਕਾਰ ਬਾਣੀ ਥਿਤੀ ਜਿਥੇ ਸਮਾਜਿਕ, ਦਾਰਸ਼ਨਿਕ ਅਤੇ ਧਾਰਮਿਕ ਪੱਖ ਤੋਂ ਮਹੱਤਵਪੂਰਨ ਹੈ ਉਥੇ ਸੁਹਜਾਤਮਕ ਪੱਖ ਤੋਂ ਵੀ ਅਤਿਅੰਤ ਮਹੱਤਵਪੂਰਨ ਰਚਨਾ ਹੈ ਕਿਉਂਕਿ ਇਸ ਬਾਣੀ ਦੇ ਵਿਚਾਰਾਂ ਦੀ ਅਤੇ ਰੂਪ ਦੀ ਆਪਣੀ ਵਿਲੱਖਣ ਸੰਰਚਨਾ ਹੈ।

ਛੇਵਾਂ ਅਧਿਆਇ ਬਾਣੀ ਬਾਵਨ ਅਖਰੀ ਦੇ ਸੁਹਜ-ਸ਼ਾਸਤਰ ਨਾਲ ਸੰਬੰਧ ਰੱਖਦਾ ਹੈ। ਇਸ ਅਧਿਆਇ ਵਿਚ ਬਾਵਨ ਅਖਰੀ ਕਾਵਿ ਰੂਪ ਸੰਬੰਧੀ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਇਸ ਚਰਚਾ ਵਿਚ ਉਹਨਾਂ ਕਾਵਿ ਰੂਪਾਂ ਨੂੰ ਵੀ ਵਿਚਾਰਿਆ ਗਿਆ ਹੈ, ਜੋ ਬਾਵਨ ਅਖਰੀ ਨਾਲ ਮੇਲ ਖਾਂਦੇ ਹਨ। ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਰੂਪ ਵਿਚ ਗੁਰਬਾਣੀ ਦਰਸ਼ਨ ਦੀ ਅਭਿਵਿਅੰਜਨਾ ਕੀਤੀ ਹੈ। ਗੁਰਬਾਣੀ ਦੇ ਆਸ਼ੇ ਅਨੁਸਾਰ ਗੁਰੂ ਨੂੰ ਸਰਬੋਤਮ ਦਰਜਾ ਦੇ ਕੇ ਉਸ ਦੀ ਮਹਿਮਾ ਦਾ ਜਸ ਗਾਇਣ ਕੀਤਾ ਹੈ। ਅਗਿਆਨੀ ਜੀਵ ਨੂੰ ਸੰਸਾਰਕ ਮੋਹ ਤੋਂ ਕਿਨਾਰਾਕਸ਼ੀ ਕਰਕੇ ਪ੍ਰਮਾਤਮਾ ਦੀ ਕਿਰਪਾ ਦਾ

ਪਾਤਰ ਬਣਨ ਦਾ ਉਪਦੇਸ਼ ਦਿੱਤਾ ਗਿਆ ਹੈ। ਗੁਰੂ ਸਾਹਿਬ ਨੇ ਅਤਿਅੰਤ ਗਹਿਰੇ, ਸੂਖ਼ਮ ਤੇ ਰਹੱਸਮਈ ਵਿਸ਼ੇ ਦਾ ਪ੍ਰਗਟਾ ਬੜੇ ਸਰਲ ਸੁਨਿਸ਼ਚਿਤ ਤੇ ਕਲਾਤਮਕ ਢੰਗ ਨਾਲ ਕੀਤਾ ਹੈ। ਪ੍ਰਗਟਾ ਵਿਚ ਸੰਜੀਦਗੀ, ਸੁਹਜਾਤਮਕਤਾ ਤੇ ਮਿਠਾਸ ਹੈ। ਲੋਕ ਸਾਹਿਤ ਵਿਚੋਂ ਕਾਵਿ ਰੂਪ ਦਾ ਪ੍ਰਯੋਗ ਜਿੱਥੇ ਆਪ ਦੀ ਸਭਿਆਚਾਰਕ ਚੇਤੰਨਤਾ ਨੂੰ ਦਰਸਾਉਂਦਾ ਹੈ, ਉਥੇ ਜਨ ਸਧਾਰਨ ਨਾਲ ਆਪ ਦੀ ਨੇੜਤਾ ਦਾ ਅਹਿਸਾਸ ਵੀ ਕਰਾਉਂਦਾ ਹੈ। ਇਸ ਬਾਣੀ ਵਿਚ ਕਾਵਿ ਜੁਗਤਾਂ ਬਿੰਬ, ਪ੍ਰਤੀਕ, ਅਲੰਕਾਰ ਅਤੇ ਸੰਗੀਤ ਤੇ ਲੈਅ ਨੂੰ ਸੁਚੇਤ ਰੂਪ ਵਿਚ ਨਹੀਂ ਵਰਤਿਆ ਗਿਆ, ਸਗੋਂ ਇਹ ਉਸ ਅਨੁਭਵ ਦਾ ਸਰੂਪ ਹਨ, ਜਿਸ ਨੂੰ ਪ੍ਰਗਟਾਉਣ ਦਾ ਯਤਨ ਇਸ ਰਚਨਾ ਵਿਚ ਕੀਤਾ ਗਿਆ ਹੈ। ਬਾਣੀ ਬਾਵਨ ਅਖਰੀ ਦੀ ਬਿੰਬਾਵਲੀ ਤੇ ਪ੍ਰਤੀਕ ਵਿਧਾਨ ਦਾ ਪ੍ਰਮੁੱਖ ਸਰੋਤ ਕੋਈ ਅਦ੍ਰਿਸ਼ਟ ਜਾਂ ਅਲੌਕਿਕ ਜਗਤ ਨਹੀਂ ਸਗੋਂ ਸਾਡਾ ਆਪਣਾ ਚੌਗਿਰਦਾ ਹੈ ਜਿਨ੍ਹਾਂ ਦੁਆਰਾ ਗੁਰੂ ਸਾਹਿਬ ਨੇ ਬਿੰਬ ਤੇ ਪ੍ਰਤੀਕ ਚੁਣ ਕੇ ਬਹੁ-ਪੱਖੀ ਭਾਵ ਅਰਥ ਵਿਅਕਤ ਕਰਨ ਦਾ ਭਰਪੂਰ ਉਪਰਾਲਾ ਕੀਤਾ ਹੈ। ਇਹਨਾਂ ਬਿੰਬਾਂ ਤੇ ਪ੍ਰਤੀਕਾਂ ਦੀ ਵਰਤੋਂ ਕਿਸੇ ਪ੍ਰਦਰਸ਼ਨ ਹਿੱਤ ਨਹੀਂ ਸਗੋਂ ਸੁਹਜ ਅਤੇ ਸਪੱਸ਼ਟਤਾ ਪ੍ਰਦਾਨ ਕਰਨ ਹਿੱਤ ਹੋਈ ਹੈ।

ਅਲੰਕਾਰਾਂ ਦਾ ਪ੍ਰਯੋਗ ਵੀ ਨਿਰ-ਉਚੇਚ ਹੀ ਹੋਇਆ ਹੈ ਅਤੇ ਇਹਨਾਂ ਦਾ ਪ੍ਰਯੋਜਨ ਵੀ ਕੋਈ ਪ੍ਰਦਰਸ਼ਨ ਨਹੀਂ ਹੈ ਸਗੋਂ ਇਹ ਤਾਂ ਅਮੂਰਤ ਵਿਚਾਰਾਂ ਜਾਂ ਭਾਵਾਂ ਨੂੰ ਸਮੂਰਤ, ਅਦ੍ਰਿਸ਼ਟਮਾਨ ਨੂੰ ਦ੍ਰਿਸ਼ਟਮਾਨ ਜਾਂ ਸੁਹਜ ਪ੍ਰਦਾਨ ਕਰਨ ਲਈ ਸਹਿਜ ਸੁਭਾ ਪ੍ਰਯੁਕਤ ਹੋਏ ਹਨ। ਸੰਗੀਤ ਅਤੇ ਲੈਅ ਬਾਣੀ ਬਾਵਨ ਅਖਰੀ ਦਾ ਇਕ ਹੋਰ ਪ੍ਰਮੁੱਖ ਲੱਛਣ ਹੈ। ਸੰਗੀਤ ਉਤਪੰਨ ਕਰਨਾ ਤੇ ਪਾਠਕਾਂ ਨੂੰ ਇਕ ਰਸ, ਇਕ ਲੈਅ ਵਿਚ ਬੰਨ੍ਹੀ ਰੱਖਣਾ ਗੁਰੂ ਅਰਜਨ ਕਾਵਿ ਦਾ ਪ੍ਰਮੁੱਖ ਮੰਤਵ ਹੈ। ਗੁਰੂ ਅਰਜਨ ਕਾਵਿ ਆਪਣੀ ਸੰਗੀਤਾਮਕਤਾ ਕਰਕੇ ਪੰਜਾਬੀ ਕਾਵਿ ਵਿਚ ਨਿਵੇਕਲਾ ਸਥਾਨ ਰੱਖਦਾ ਹੈ। ਇਸ ਪ੍ਰਕਾਰ ਬਾਣੀ ਬਾਵਨ ਅਖਰੀ ਸਿਰਫ਼ ਕਲਾ ਕੌਸ਼ਲਤਾ ਦੀ ਪ੍ਰਦਰਸ਼ਨੀ ਨਹੀਂ, ਸਗੋਂ ਪ੍ਰੇਰਣਾ ਤੇ ਉਤਸ਼ਾਹ ਦੇਣ ਦੀ ਸਮਰੱਥਾ ਰੱਖਦੀ ਹੈ।

ਸੱਤਵੇਂ ਅਧਿਆਇ ਵਿਚ ਬਾਣੀ ਸੁਖਮਨੀ ਦਾ ਸੁਹਜ-ਸ਼ਾਸਤਰੀ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਸੁਖਮਨੀ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਵਿਚੋਂ ਸ਼ਿਰੋਮਣੀ ਅਤੇ ਮਹੱਤਵਪੂਰਨ ਰਚਨਾ ਹੈ ਜੋ ਸਮੁੱਚੇ ਗੁਰਮਤਿ ਦਰਸ਼ਨ ਅਤੇ ਗੁਰਮਤਿ ਕਾਵਿ ਆਦਰਸ਼ ਨੂੰ ਰੂਪਮਾਨ ਕਰਦੀ ਹੈ। ਗੁਰੂ ਸਾਹਿਬ ਦੀ ਇਹ ਉੱਤਕ੍ਰਿਸ਼ਟ ਰਚਨਾ ਇਕ ਸੂਤਰਬੱਧ ਅਤੇ ਮੱਧਕਾਲ ਦੀ ਸਭ ਤੋਂ ਲੰਮੇਰੀ ਰਚਨਾ ਹੈ

ਜੋ ਨਿਗਰ ਕ੍ਰਮ ਵਿਚ ਪਰੋਈ ਹੋਈ ਹੈ। ਇਸ ਦੇ ਪਾਠ ਉਪਰੰਤ ਜੀਵ ਜਿਸ ਅਨੁਭਵ ਪਾਸਾਰ ਦੇ ਦ੍ਰਿਸ਼ਟੀ-ਗੋਚਰ ਹੁੰਦਾ ਹੈ, ਉਸ ਨਾਲ ਉਸ ਨੂੰ ਅਜੀਬ ਸੌਂਦਰਯਾਤਮਕ ਤੇ ਰਹੱਸਾਤਮਕ ਅਨੁਭੂਤੀ ਹੁੰਦੀ ਹੈ। ਇਸ ਵਿਚ ਅੰਕਿਤ ਭਾਵ ਗੁਰੂ ਸਾਹਿਬ ਦੀ ਸੰਮਿਲਤ ਸਮੁੱਚੀ ਬਾਣੀ ਦਾ ਸਾਰ ਸਿੱਧ ਹੁੰਦੇ ਹਨ। ਸੁਖਮਨੀ ਦੀ ਬਾਣੀ ਜਿਸ ਤਰ੍ਹਾਂ ਵਿਸ਼ੇ ਪੱਖੋਂ ਉੱਚਤਮ ਦਰਜੇ ਦੀ ਰਚਨਾ ਹੈ, ਉਸੇ ਪ੍ਰਕਾਰ ਇਹ ਕਲਾਗਤ ਸੁਹਜ ਨਾਲ ਵੀ ਵਰੋਸਾਈ ਹੋਈ ਹੈ। ਸੁਖਮਨੀ ਸਾਹਿਬ ਇਕ ਅਧਿਆਤਮਕ ਤੇ ਅਮਰ ਸਾਹਿਤ ਹੋਣ ਦੇ ਨਾਲ ਨਾਲ ਸਰਬੋਤਮ ਕਾਵਿ ਵੀ ਹੈ। ਗੁਰੂ ਸਾਹਿਬ ਦੀ ਇਹ ਰਚਨਾ ਹਰ ਪੱਖੋਂ ਸਫ਼ਲ ਰਚਨਾ ਹੈ। ਛੰਦ, ਬਿੰਬ, ਪ੍ਰਤੀਕ, ਅਲੰਕਾਰ ਅਤੇ ਸੰਗੀਤ ਆਦਿ ਦੁਆਰਾ ਆਪਣੇ ਭਾਵਾਂ ਦੀ ਅਭਿਵਿਅਕਤੀ ਕੀਤੀ ਹੈ। ਸੋ ਇਹ ਕੇਵਲ ਵਿਸ਼ੇ ਪੱਖੋਂ ਹੀ ਨਹੀਂ ਬਲਕਿ ਰੂਪ ਪੱਖੋਂ ਵੀ ਇਕ ਸਫ਼ਲ ਰਚਨਾ ਹੈ।

ਬਾਣੀ ਸੁਖਮਨੀ ਵਿਚ ਬਿੰਬਾਂ ਦਾ ਪ੍ਰਯੋਗ ਬਾਣੀ ਦੀ ਪ੍ਰਸਤੁਤੀ ਦੀ ਅਹਿਮ ਜੁਗਤ ਵਜੋਂ ਦ੍ਰਿਸ਼ਟਮਾਨ ਹੈ ਜੋ ਵਿਸ਼ੇਸ਼ ਪਰਿਪੇਖ ਅਧੀਨ ਬਾਣੀ ਦੇ ਅਤਿ ਗੰਭੀਰ ਭਾਵਾਂ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਸਹਿਜ ਸੰਚਾਰ ਦੀ ਧਾਰਨੀ ਬਣਾਉਂਦਾ ਹੈ ਅਤੇ ਇਸਦੇ ਨਾਲ ਹੀ ਗੁਰੂ ਸਾਹਿਬ ਦੀ ਗਹਿਰ ਗੰਭੀਰ ਬਾਣੀ ਅਤੇ ਮਹਾਨ ਵਿਅਕਤਿਤਵ ਨੂੰ ਸਮਝਣ ਦਾ ਸਫਲ ਮਾਧਿਅਮ ਵੀ ਹੈ। ਗੁਰੂ ਅਰਜਨ ਸਾਹਿਬ ਜੀ ਦੇ ਅਨੁਭਵ ਦੀ ਥਾਹ, ਵਿਚਾਰਾਂ ਦੀ ਸਪੱਸ਼ਟਤਾ, ਸਰਲਤਾ ਅਤੇ ਭਾਵਾਂ ਦੀ ਜ਼ੁਬਾਨ ਨੂੰ ਇਸ ਬਾਣੀ ਦੇ ਬਿੰਬ ਦਰਪਣ ਵਾਂਗ ਮੂਰਤੀਮਾਨ ਕਰਦੇ ਹਨ। ਅਜਿਹੀ ਸੁਹਜਪੂਰਤ ਬਿੰਬਾਵਲੀ ਇਸ ਵਿਚਾਰ ਪ੍ਰਧਾਨ ਸਿਧਾਂਤਕ ਅਤੇ ਗੰਭੀਰ ਰਚਨਾ ਨੂੰ ਨਾ ਸਿਰਫ਼ ਸਪੱਸ਼ਟ ਬਣਾਉਣ ਵਿਚ ਸਹਾਈ ਹੁੰਦੀ ਹੈ, ਸਗੋਂ ਇਸ ਵਿਚ ਰਸਦਾਇਕ, ਅਲੌਕਿਕ ਤੇ ਅਨੰਦਦਾਇਕ ਵਾਤਾਵਰਣ ਵੀ ਪੈਦਾ ਕਰਦੀ ਹੈ। ਸੁਖਮਨੀ ਸਾਹਿਬ ਵਿਚ ਵਿਦਮਾਨ ਪ੍ਰਤੀਕ ਬੜੇ ਸੁਝਾਊ ਹਨ। ਅਣਦਿੱਸਦੇ ਤੇ ਰਹੱਸਮਈ ਸੱਚ ਨੂੰ ਸਪੱਸ਼ਟ ਕਰਨ ਵਿਚ ਪ੍ਰਤੀਕ ਗੁਰੂ ਕਵੀ ਦੇ ਬਹੁਪੱਖੀ ਅਨੁਭਵ ਦੀ ਹੀ ਉਪਜ ਹਨ। ਬਾਣੀ ਸੁਖਮਨੀ ਵਿਚ ਕੁਝ ਕੁ ਗਿਣੀਆਂ ਮਿੱਥੀਆਂ ਸੱਚਾਈਆਂ ਨੂੰ ਪ੍ਰਤੀਕਾਂ ਦੇ ਤੌਰ ਤੇ ਵਰਤਿਆ ਗਿਆ ਹੈ। ਨੇਤਰਹੀਣ ਦੇਖ ਨਹੀਂ ਸਕਦਾ, ਬੋਲਾ ਸੁਣ ਨਹੀਂ ਸਕਦਾ, ਗੂੰਗਾ ਬੋਲ ਨਹੀਂ ਸਕਦਾ ਪਰ ਜੇ ਉਸ ਪਰਮਾਤਮਾ ਦੀ ਕ੍ਰਿਪਾ ਹੋ ਜਾਵੇ ਤਾਂ ਸਭ ਕੁਝ ਸੰਭਵ ਹੋ ਸਕਦਾ ਹੈ। ਇਨ੍ਹਾਂ ਪ੍ਰਤੀਕਾਂ ਦੇ ਪ੍ਰਯੋਗ ਨਾਲ ਜਿਥੇ ਕਾਵਿ ਸੁਹਜ ਵਿਚ ਵਾਧਾ ਹੁੰਦਾ ਹੈ, ਉਥੇ ਰਹੱਸਵਾਦੀ ਵਿਚਾਰਧਾਰਾ ਦੀ ਅਭਿਵਿਅਕਤੀ ਵੀ

ਸਹਿਜ ਤੇ ਸਹਿਲ ਰੂਪ ਵਿਚ ਕੀਤੀ ਹੋਈ ਮਿਲਦੀ ਹੈ। ਸੁਖਮਨੀ ਸਾਹਿਬ ਦਾ ਪ੍ਰਤੀਕ ਵਿਧਾਨ ਸਪੱਸ਼ਟ ਰੂਪ ਵਿਚ ਅਮੂਰਤ ਸੰਕਲਪਾਂ ਨੂੰ ਚਿਤ੍ਰਿਤ ਕਰਦਾ ਹੈ।

ਬਾਣੀ ਸੁਖਮਨੀ ਵਿਚ ਅਲੰਕਾਰਾਂ ਦਾ ਪ੍ਰਯੋਗ ਗੁਰੂ ਸਾਹਿਬ ਦੀ ਕਵਿਤਾ ਦੀ ਵਿਲੱਖਣ ਪ੍ਰਾਪਤੀ ਹੈ। ਬਾਣੀ ਵਿਚ ਉਹਨਾਂ ਅਲੰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਨ੍ਹਾਂ ਨਾਲ ਸਹਿਜੇ ਹੀ ਵਿਚਾਰ ਸ਼ਕਤੀ ਵਿਚ ਉਭਾਰ ਹੁੰਦਾ ਹੈ। ਗੁਰੂ ਅਰਜਨ ਜੀ ਨੇ ਇਕ ਸੱਚੇ ਰਹੱਸਵਾਦੀ ਕਵੀ ਦਾ ਕਰਤੱਵ ਨਿਭਾਉਂਦੇ ਹੋਏ ਅਰੂਪ ਸੱਚ ਨੂੰ ਮਨੁੱਖੀ ਅਨੁਭਵ ਅਤੇ ਵਿਸ਼ੇਸ਼ ਸ਼ਬਦਾਂ ਜਾਂ ਵਿਸ਼ੇਸ਼ ਵਸਤਾਂ ਨੂੰ ਅਲੰਕਾਰਿਕ ਰੂਪ ਦੇ ਕੇ ਕਠਿਨ ਅਨੁਭਵ ਨੂੰ ਜਨ ਜੀਵਨ ਦੀ ਪਕੜ ਵਿਚ ਆਉਣ ਦੇ ਯੋਗ ਬਣਾਇਆ ਹੈ। ਸ਼ਬਦਾਂ ਦੇ ਦੁਹਰਾਓ ਦੀ ਜੁਗਤ ਦੀ ਭਰਪੂਰ ਵਰਤੋਂ ਕੀਤੀ ਗਈ ਹੈ ਜਿਸ ਨਾਲ ਬਾਣੀ ਵਿਚ ਲੈਆਤਮਕਤਾ, ਮਧੁਰਤਾ, ਸੰਗੀਤਾਤਮਕਤਾ ਉਤਪੰਨ ਹੁੰਦੀ ਹੈ। ਉਕਤੀਆਂ ਦਾ ਦੁਹਰਾਅ, ਅਦਭੁਤ ਤੁਕਾਂਤ ਮੇਲ, ਮਾਤਰਾ ਤੋਲ ਨੂੰ ਘਟਾਉਣ ਵਧਾਉਣ ਦੀ ਯੁਕਤੀ ਅਤੇ ਸੰਬੋਧਨੀ ਸ਼ਬਦਾਂ ਰਾਹੀਂ ਸੰਗੀਤਕ ਮਧੁਰਤਾ ਪੈਦਾ ਕੀਤੀ ਹੈ। ਸ਼ਬਦ ਦੇ ਦੁਹਰਾਓ ਨਾਲ ਜਿਥੇ ਮਧੁਰ ਰਸ ਤੇ ਸੰਗੀਤ ਨੂੰ ਸਿਰਜਿਆ ਹੈ ਉਥੇ ਇਸ ਦੇ ਫਲ ਨੂੰ ਦ੍ਰਿਸ਼ਟੀਗੋਚਰ ਕਰਕੇ ਵਿਸ਼ੇ ਦੇ ਮਹੱਤਵ ਨੂੰ ਵੀ ਉਜਾਗਰ ਕੀਤਾ ਹੈ। ਇਸ ਪ੍ਰਕਾਰ ਗੁਰੂ ਸਾਹਿਬ ਨੇ ਸੰਗੀਤਾਤਮਕਤਾ ਦੇ ਪੱਖ ਨੂੰ ਹੋਰ ਵਧਾਉਣ ਲਈ ਛੰਦਾਬੰਦੀ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਸੋ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਵਿਚ ਅਧਿਆਤਮਕ ਭਾਵਾਂ ਦੀ ਸਫ਼ਲ ਪੇਸ਼ਕਾਰੀ ਤੇ ਸੁਹਜ ਸੰਚਾਰ ਹਿੱਤ ਬਾਣੀ ਅਤੇ ਕਾਵਿ ਜੁਗਤਾਂ ਨੂੰ ਇਨ੍ਹਾਂ ਦੀ ਪ੍ਰਕਿਰਤੀ ਦੀ ਅੰਤਰੀਵੀ ਸਾਂਝ, ਸਮਾਨਤਾ ਅਤੇ ਸੰਬੰਧ ਅਨੁਸਾਰ ਭਾਵਾਤਮਕ ਤੇ ਸੁਹਜਾਤਮਕ ਪੱਧਰ ਉੱਤੇ ਜੋੜਿਆ ਗਿਆ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸੁਹਜ ਮੂਲ ਰੂਪ ਵਿਚ ਉਸ ਪਰਮਾਤਮਾ ਨਾਲ ਹੀ ਜੁੜਿਆ ਹੋਇਆ ਹੈ ਤੇ ਪਰਮਾਤਮਾ ਹਰ ਉਸ ਵਸਤੂ ਵਿਚ ਰਸਿਆ ਹੋਇਆ ਹੈ ਜਿਸ ਵਿਚੋਂ ਗੁਰੂ ਅਰਜਨ ਨੂੰ ਉਸਦੀ ਝਲਕ ਨਜ਼ਰ ਆਉਂਦੀ ਹੈ। ਇਹੀ ਹੀ ਗੁਰਮਤਿ ਕਾਵਿ ਦਾ ਮੀਰੀ ਗੁਣ ਹੈ ਤੇ ਇਸ ਜੁਗਤ ਨੇ ਗੁਰਬਾਣੀ ਨੂੰ ਸੁਹਜਾਤਮਕ ਸਰੂਪ ਦੀ ਦ੍ਰਿਸ਼ਟੀ ਦਿੱਤੀ ਹੈ।

# ਪੁਸਤਕ ਸੂਚੀ

## ਪ੍ਰਮੁੱਖ ਸਰੋਤ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਰਜਨ ਦੇਵ ਬਾਣੀ

### ਪੰਜਾਬੀ ਪੁਸਤਕਾਂ


ਅਤਰ ਸਿੰਘ (ਡਾ.), ***ਕਾਵਿ ਅਧਿਅਨ***, ਲੋਕ ਗੀਤ ਪ੍ਰਕਾਸ਼ਨ, ਸਰਹੰਦ, 1990

ਅਗਨੀਹੋਤਰੀ, ਮਧੂ (ਡਾ.), ***ਪੰਜਾਬੀ ਲੋਕ ਗੀਤਾਂ ਦਾ ਸੁਹਜ ਸ਼ਾਸਤਰ***, ਐਚ. ਕੇ. ਪ੍ਰਕਾਸ਼ਨ, ਦਿੱਲੀ, 2007

ਅਵਤਾਰ ਸਿੰਘ (ਡਾ.), ***ਗੁਰੂ ਅਰਜਨ ਦੇਵ ਜੀ ਜੀਵਨ ਤੇ ਬਾਣੀ,*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

-------, ***ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜ ਪੱਖੀ ਵਿਸ਼ਲੇਸ਼ਣ***, ਅੰਤਰਨਾਦ ਪ੍ਰਕਾਸ਼ਨ, ਪਟਿਆਲਾ, 2004

ਅਰਸ਼ੀ, ਸਾਹਿਬ ਸਿੰਘ (ਪ੍ਰੋ.), ***ਸੁਖਮਨੀ ਸਾਹਿਬ ਦਾ ਆਲੋਚਨਾਤਮਕ ਅਧਿਐਨ,***

ਅਰੋੜਾ, ਭਗਵਾਨ ਦਾਸ, ਅਰੋੜਾ ਪਬਲਿਸ਼ਰਜ਼, ਜੀਂਦ, 1973

ਅਰਸ਼ੀ, ਗੁਰਚਰਨ ਸਿੰਘ, ***ਪੱਛਮੀ ਕਾਵਿ ਸ਼ਾਸਤਰ,*** ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 1996

ਆਹੂਜਾ, ਰੋਸ਼ਨ ਲਾਲ (ਡਾ.), ***ਸੁਹਜ ਸ਼ਾਸਤਰ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003

ਆਹਲੂਵਾਲੀਆ, ਜਸਬੀਰ ਸਿੰਘ (ਡਾ.), *ਸਿੱਖ ਚਿੰਤਨ: ਦਾਰਸ਼ਨਿਕ ਅਤੇ ਸੰਸਥਾਪਕ ਵਿਕਾਸ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1999

ਆਤਮਜੀਤ ਸਿੰਘ (ਡਾ.), *ਸਾਹਿਤਕੀ,* ਰਾਵੀਆ ਪ੍ਰਕਾਸ਼ਨ, ਅੰਮ੍ਰਿਤਸਰ, 1980

ਅੰਮ੍ਰਿਤਪਾਲ ਕੌਰ (ਡਾ.), *ਸ਼ਬਦ ਸੰਚਾਰ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2003

-------, *ਗੁਰਬਾਣੀ: ਸੰਚਾਰ ਵਿਗਿਆਨ*, ਹਰਆਨੰਦ ਪਬਲਿਕੇਸ਼ਨਜ਼, ਨਵੀਂ ਦਿੱਲੀ, 1975

ਸਰਬਜੀਤ ਸਿੰਘ (ਡਾ.), *ਮੋਹਨਜੀਤ ਸੁਹਜ ਤੇ ਸੰਵੇਦਨਾ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਸਹਿਗਲ, ਮਨਮੋਹਨ, *ਗੁਰੂ ਗ੍ਰੰਥ ਸਾਹਿਬ ਦਾ ਸਭਿਆਚਾਰਕ ਸਰਵੇਖਣ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987

ਸਤਿੰਦਰ ਸਿੰਘ (ਡਾ.), *ਆਧੁਨਿਕ ਪੰਜਾਬੀ ਕਾਵਿ-ਰੂਪ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980

-------, *ਵਿਹਾਰਕ ਸਮੀਖਿਆ ਕਵਿਤਾ ਤੇ ਵਾਰਤਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

ਸਤਿੰਦਰ ਸਿੰਘ (ਪ੍ਰੋ.), *ਗੁਰੂ ਨਾਨਕ ਕਾਵਿ ਅਧਿਐਨ*, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1969

ਸਤਿਬੀਰ ਸਿੰਘ, (ਪ੍ਰਿੰ), *ਪਰਤੱਖ ਹਰਿ (ਪੰਜਾਬੀ ਗੁਰੂ ਅਰਜਨ ਦੇਵ ਜੀ)*, ਨਿਊ ਬੁੱਕ ਕੰਪਨੀ, ਜਲੰਧਰ, 1997

-------, *ਸਾਡਾ ਇਤਿਹਾਸ (ਦਸ ਪਾਤਸਾਹੀਆਂ)*, ਨਿਊ ਬੁੱਕ ਕੰਪਨੀ, ਜਲੰਧਰ, 1994

ਸਮੀਰ, ਪਵਨ, *ਪੰਜਾਬੀ ਕਵਿਤਾ ਦਾ ਕਾਵਿ-ਸ਼ਾਸਤਰ*, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1980

ਸਾਹਿਬ ਸਿੰਘ (ਪ੍ਰੋ.), *ਜੀਵਨ ਬਿਰਤਾਂਤ ਗੁਰੂ ਅਰਜਨ ਦੇਵ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1967

-------, *ਆਦਿ ਬੀੜ ਬਾਰੇ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991 (ਪੰਜਵੀਂ ਐਡੀਸ਼ਨ)

ਸਾਹਿਬ ਸਿੰਘ (ਪ੍ਰੋ.), ਕੁਲਵੰਤ ਸਿੰਘ, *ਬਾਰਹਮਾਹ ਤੁਖਾਰੀ ਤੇ ਮਾਝ, ਬਹੁਪੱਖੀ ਵਿਚਾਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1979

ਸੀਤਲ, ਜੀਤ ਸਿੰਘ, *ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ*, ਪੈਪਸੂ ਬੁੱਕ ਡਿਪੋ, ਪਟਿਆਲਾ, 1973

ਸੁਖਦੇਵ ਸਿੰਘ (ਡਾ.), *ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ ਸ਼ਾਸਤਰ*, ਆਰਸੀ ਪਬਲਿਸ਼ਰਜ਼, ਦਿੱਲੀ, 1997

-------, *ਕਾਵਿ ਸਰੋਕਾਰ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

ਸੁਖਵਿੰਦਰ ਕੌਰ, ***ਸੁਖਮਨੀ ਦਾ ਆਲੋਚਨਾਤਮਕ ਅਧਿਐਨ***, ਪੈਪਸੂ ਬੁੱਕ ਡਿਪੋ, ਪਟਿਆਲਾ, 1975

ਸੁਰਿੰਦਰ ਕੌਰ, ***ਆਧੁਨਿਕ ਪੰਜਾਬੀ ਕਵਿਤਾ ਦੀਆਂ ਸੰਚਾਰ ਵਿਧੀਆਂ,*** ਆਰਸੀ ਪਬਲਿਸ਼ਰਜ਼, ਦਿੱਲੀ, 1991

ਸੁਖਬੀਰ ਸਿੰਘ, ***ਫਰੀਦ ਬਾਣੀ - ਬਿੰਬ ਵਿਧਾਨਿਕ ਅਧਿਐਨ***, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1987

ਸੂਰੀ, ਕਰਤਾਰ ਸਿੰਘ (ਡਾ.), ***ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ: ਇਕ ਤੁਲਨਾਤਮਕ ਅਧਿਐਨ***, ਪੰਜਾਬੀ ਲੇਖਕ ਸਦਨ, ਚੰਡੀਗੜ੍ਹ, 1969

-------, ***ਗੁਰੂ ਅਰਜਨ ਦੇਵ ਕਲਾ ਤੇ ਚਿੰਤਨ***, ਨਾਨਕ ਸਿੰਘ ਪ੍ਰਕਾਸ਼ਨ, ਚੰਡੀਗੜ੍ਹ, 1989

ਸੇਖੋਂ, ਸੰਤ ਸਿੰਘ,(ਪ੍ਰਿੰ), ***ਸਾਹਿਤਆਰਥ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1957

------, ***ਪੰਜਾਬੀ ਕਾਵਿ ਸ਼ਰੋਮਣੀ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 2001 (ਦੂਜੀ ਵਾਰ)

-------, ***ਪੰਜਾਬੀ ਬੋਲੀ ਦਾ ਇਤਿਹਾਸ,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1981

ਸੇਖੋਂ, ਰਾਜਿੰਦਰ ਸਿੰਘ (ਡਾ.), ***ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007

ਸ਼ੇਰ ਸਿੰਘ (ਡਾ.), *ਗੁਰਮਤਿ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962

ਸ਼ੈਲੀ (ਡਾ.), *ਕਾਵਿ ਬਿੰਬ ਤੇ ਸ਼ਿਵ ਕਾਵਿ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2004

ਸ਼ੈਲੀ, ਕੁਲਜੀਤ ਕੌਰ, *ਪੰਜਾਬੀ ਸੂਫੀ ਕਾਵਿ ਦਾ ਬਿੰਬ ਵਿਧਾਨ*, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1989

ਸੰਤੋਖ ਸਿੰਘ (ਭਾਈ), *ਗੁਰ ਪ੍ਰਤਾਪ ਸੂਰਜ ਗ੍ਰੰਥ*, ਖਾਲਸਾ ਸਮਾਚਾਰ, ਅੰਮ੍ਰਿਤਸਰ, 1930

ਹਰਕੀਰਤ ਸਿੰਘ (ਡਾ.), *ਗੁਰਬਾਣੀ ਭਾਸ਼ਾ ਅਤੇ ਵਿਆਕਰਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਹਰਚਰਨ ਕੌਰ (ਡਾ.) (ਸੰਪਾ.), *ਮੱਧਕਾਲੀਨ ਪੰਜਾਬੀ ਸਾਹਿਤ: ਪੁਨਰ ਵਿਚਾਰ,* ਪੰਜਾਬੀ ਅਕਾਦਮੀ, ਦਿੱਲੀ, 1989

ਹਰੀ ਸਿੰਘ (ਪ੍ਰੋ.), *ਦੈਵੀ ਜੀਵਨ ਗੁਰੂ ਅਰਜਨ ਦੇਵ ਜੀ,* ਕਾਦੀਆਂ ਪਬਲਿਸ਼ਰਜ਼, ਅੰਮ੍ਰਿਤਸਰ, 1960

ਹਸਰਤ, ਸੁਖਪਾਲਵੀਰ ਸਿੰਘ, *ਪੰਜਾਬੀ ਸਾਹਿਤ: ਅਧਿਐਨ ਤੇ ਮੁਲਾਂਕਣ,* ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1976

ਹਰਿਭਜਨ ਸਿੰਘ (ਡਾ.), *ਚਿੱਠੀਆਂ ਬਿਨ ਸਿਰਨਾਵਿਓਂ,* ਕ੍ਰਿਤ ਜੀ ਪਲੈਖਾਨੋਵ, ਨਵਯੁਗ ਪ੍ਰਕਾਸ਼ਨ, ਦਿੱਲੀ, 1966

-------, *ਅਰਸਤੂ ਦਾ ਕਾਵਿ ਸ਼ਾਸਤਰ,* ਐਸ. ਚੰਦ ਐਂਡ ਕੰਪਨੀ, ਦਿੱਲੀ, 1964

ਕਰਮ ਸਿੰਘ (ਡਾ.), *ਮੱਧਕਾਲੀਨ ਪੰਜਾਬ ਦੀ ਧਰਮ ਚੇਤਨਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2002

ਕਰਮਜੀਤ ਸਿੰਘ, *ਗੁਰੂ ਅਰਜਨ ਬਾਣੀ ਵਿਚ ਸਰੋਦੀ ਅੰਸ਼,* ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1978

-------, *ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983

ਕਰਮਜੀਤ ਸਿੰਘ (ਡਾ.), *ਸੋਹਣ ਸਿੰਘ ਮੀਸ਼ਾ ਸੁਹਜ ਸ਼ਾਸਤਰੀ ਅਧਿਐਨ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004

ਕਸੇਲ, ਕਿਰਪਾਲ ਸਿੰਘ, ਪਰਮਿੰਦਰ ਸਿੰਘ ਤੇ ਹੋਰ, *ਪੰਜਾਬੀ ਸਾਹਿੱਤ ਦੀ ਉਤਪਤੀ ਤੇ ਵਿਕਾਸ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1976

ਕਾਂਗ, ਅਮਰਜੀਤ ਸਿੰਘ (ਡਾ.), ਕਾਂਗ, ਜਸਪਾਲ ਕੌਰ (ਡਾ.), *ਮੱਧਕਾਲੀ ਪੰਜਾਬੀ ਸਾਹਿਤ ਵਿਵੇਕ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2001

ਕਾਂਗ, ਜਸਪਾਲ (ਡਾ.), *ਪੰਜਾਬੀ ਨਾਵਲ ਦਾ ਕਾਵਿ-ਸ਼ਾਸਤਰ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 195

-------, *ਬਾਣੀ ਰਹੱਸ,* ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2005

ਕਾਂਗ, ਕੁਲਬੀਰ ਸਿੰਘ (ਡਾ.), *ਗੁਰੂ ਨਾਨਕ ਬਾਣੀ ਅਧਿਐਨ ਤੇ ਮੰਥਨ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2005

ਕਿਸ਼ਨ ਸਿੰਘ, ***ਸਿੱਖ ਇਨਕਲਾਬ ਦਾ ਮੋਢੀ ਗੁਰੂ ਨਾਨਕ,*** ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1973

-------, ***ਗੁਰਬਾਣੀ ਵਿਚ ਬਦੀ ਦਾ ਸੰਕਲਪ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1973

-------, ***ਗੁਰਬਾਣੀ ਦਾ ਸੱਚ***, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1976

-------, ***ਸਿੱਖ ਲਹਿਰ***, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 1978

ਕੁਲਦੀਪ ਕੌਰ, ***ਸਿੱਖ ਧਰਮ ਵਿਚ ਲੰਗਰ ਦੀ ਪ੍ਰਥਾ***, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984

ਕੇਸਰ, ਕੇਸਰ ਸਿੰਘ (ਡਾ.), ***ਸਾਹਿਤ ਖੋਜ ਅਤੇ ਸਾਹਿਤ ਆਲੋਚਨਾ,*** ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984

ਕੋਹਲੀ, ਸੁਰਿੰਦਰ ਸਿੰਘ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1989

------- (ਸੰਪਾ.), ***ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ,*** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969

ਕੰਵਰ, ਤਰਲੋਕ ਸਿੰਘ (ਡਾ.), ***ਗੁਰੂ ਨਾਨਕ ਦਾ ਕਾਵਿ-ਸ਼ਾਸਤਰ***, ਸਪਤ ਸਿੰਧੂ ਪਬਲੀਕੇਸ਼ਨ, ਨਵੀਂ ਦਿੱਲੀ, 1994

ਖਾਲਸਾ, ਦਰਸ਼ਨ, **_ਬਾਰਹਮਾਹਾ ਮਾਝ,_** ਸਿੱਖ ਫਾਊਂਡੇਸ਼ਨ, ਦਿੱਲੀ, 2006

ਗਾਸੋ, ਸੁਦਰਸ਼ਨ (ਡਾ.), **_ਪੰਜਾਬੀ ਕਵਿਤਾ: ਵਿਸ਼ਲੇਸ਼ਣ ਤੇ ਮੁਲਾਂਕਣ_**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007

ਗਿੱਲ, ਤੇਜਵੰਤ ਸਿੰਘ (ਡਾ.), **_ਮੱਧਕਾਲੀ ਪਾਠ: ਸਮਕਾਲੀ ਚਿੰਤਨ_**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008

ਗਿੱਲ, ਮਹਿੰਦਰ ਕੌਰ (ਡਾ.), **_ਗੁਰੂ ਅਰਜਨ ਦੇਵ ਜੀਵਨ ਤੇ ਬਾਣੀ,_** ਨੈਸ਼ਨਲ ਬੁੱਕ ਸ਼ਾਪ, ਦਿੱਲੀ, 1975

-------, **_ਆਦਿ ਗ੍ਰੰਥ ਲੋਕ ਰੂਪ,_** ਐਮ. ਪੀ. ਪ੍ਰਕਾਸ਼ਨ, ਦਿੱਲੀ, 2002

-------, **_ਆਦਿ ਗ੍ਰੰਥ ਛੰਤ ਵਿਵੇਚਨ_**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਦਿੱਲੀ, 1978

-------, **_ਸੁਖਮਨੀ ਸਹਿਜ ਗਿਆਨ,_** ਆਰਸੀ ਪਬਲਿਸ਼ਰਜ਼, ਦਿੱਲੀ, 2005

------, **_ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ,_** ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ, 1982

-------, **_ਸ਼ਹੀਦੀ ਤੇ ਸੰਦੇਸ਼_**, ਐਮ. ਪੀ. ਪ੍ਰਕਾਸ਼ਨ, ਦਿੱਲੀ, 2004

-------, **_ਬਾਣੀ ਚਿੰਤਨ,_** ਨੈਸ਼ਨਲ ਪ੍ਰੈਸ ਆਫ ਇੰਡੀਆ, ਦਿੱਲੀ, 1977

------, **ਬਾਣੀ ਪ੍ਰਵਾਹ**, ਸ਼ਿਲਾਲੇਖ, ਦਿੱਲੀ, 2009

ਗੁਰਮੁਖ ਸਿੰਘ (ਡਾ.), **ਬਾਰਹਮਾਹਾ ਮਾਝ ਤੇ ਤੁਖਾਰੀ ਵਿਸ਼ਲੇਸ਼ਣ ਤੇ ਵਿਆਖਿਆ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, 2002

ਗੁਪਤਾ, ਐਮ. ਜੀ. (ਸੰਪਾ.), **ਸ੍ਰੀ ਗੁਰੂ ਅਰਜਨ ਦੇਵ: ਪਰਤੱਖ ਹਰਿ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1997

ਗੁਰਚਰਨ ਸਿੰਘ (ਡਾ.) (ਸੰਪਾ.), **ਗੁਰੂ ਨਾਨਕ ਦੇਵ ਜੀ ਦੀ ਕਾਵਿ ਕਲਾ**, ਕ੍ਰਿਤ ਡਾ. ਹਰਬੰਸ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਗੁਰਨੇਕ ਸਿੰਘ (ਡਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਅਤੇ ਸੰਦੇਸ਼,** ਗੁਰਮਤਿ ਪ੍ਰਕਾਸ਼ਨ, ਪਟਿਆਲਾ, 2008

ਗੁਰਦੇਵ ਸਿੰਘ (ਡਾ.), **ਪੰਜਾਬੀ ਕਾਵਿ ਵਿਚ ਪ੍ਰਕ੍ਰਿਤੀ ਚਿਤਰਣ,** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971

-------, **ਸਾਹਿਤ ਵਿਚ ਵਾਦ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1960

ਗੁਰਮੇਲ ਸਿੰਘ, **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2003

ਗੁਰਮੁਖ ਸਿੰਘ, **ਸੁਖਮਨੀ ਸਾਹਿਬ ਪ੍ਰਵਚਨ ਤੇ ਪਾਠ ਵਿਚਾਰ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2005

-------, **ਬਾਰਹਮਾਹਾ (ਮਾਝ ਅਤੇ, ਤੁਖਾਰੀ) ਪਾਠ, ਪ੍ਰਵਚਨ ਅਤੇ ਅਰਥ ਬੋਧ**, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008

-------, *ਗੁਰੂ ਅਰਜਨ ਜੀਵਨ, ਦਰਸ਼ਨ ਤੇ ਬਾਣੀ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008

ਗੁੰਜਨਜੀਤ ਕੌਰ (ਡਾ.), *ਗੁਰੂ ਅਰਜਨ ਦੇਵ ਜੀਵਨ ਅਤੇ ਰਚਨਾ,* ਟਵੰਟੀ ਫਸਟ ਸੈਂਚੂਰੀ ਪਬਲਿਕੇਸ਼ਨਜ਼, ਪਟਿਆਲਾ, 2006

ਗੰਗਾ ਸਿੰਘ (ਡਾ.), *ਸਿੱਖ ਧਰਮ ਫਿਲਾਸਫੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998

ਗੰਡਾ ਸਿੰਘ (ਡਾ.), *ਸਿੱਖ ਇਤਿਹਾਸ ਬਾਰੇ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1946

ਘੁੰਮਣ, ਬਿਕਰਮ ਸਿੰਘ (ਡਾ.), *ਗੁਰਬਾਣੀ ਚਿੰਤਨ ਤੇ ਕਲਾ*, ਵਾਰਿਸ ਸਾਹ ਫਾਊਂਡੇਸ਼ਨ, ਅੰਮ੍ਰਿਤਸਰ, 2003

-------, *ਗੁਰਮਤਿ ਕਾਵਿ ਬਿਬੇਕ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1998

ਜਸਬੀਰ ਕੌਰ (ਡਾ.), ਪਰਮਜੀਤ ਸਿੰਘ (ਸੰਪਾ.), *ਸ੍ਰੀ ਗੁਰੂ ਅਰਜਨ ਦੇਵ : ਜੀਵਨ ਤੇ ਸਖ਼ਸ਼ੀਅਤ*, ਜਵੱਦੀ ਟਕਸਾਲ, ਲੁਧਿਆਣਾ, 2006

ਜਗਜੀਤ ਕੌਰ (ਸੰਪਾ.), *ਗੁਰੂ ਅਰਜਨ ਦੇਵ ਜੀ (ਇਕ ਜੀਵਨੀ),* ਕ੍ਰਿਤ ਡਾ. ਸੁਰਜੀਤ ਸਿੰਘ, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2007

ਜਗਦੀਪ ਕੌਰ (ਡਾ.), *ਬਾਣੀ ਸੁਰਤਿ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 2004

ਜਗਬੀਰ ਸਿੰਘ (ਡਾ.), *ਮੱਧਕਾਲੀ ਸ਼ਬਦ ਸਭਿਆਚਾਰ,* ਪੰਜਾਬੀ ਅਕਾਦਮੀ, ਦਿੱਲੀ, 1989

-------, *ਗੁਰਮਤਿ ਕਾਵਿ ਦਾ ਇਤਿਹਾਸ,* ਪੰਜਾਬੀ ਅਕਾਦਮੀ, ਦਿੱਲੀ, 2006

-------, *ਬਾਣੀ ਸੰਸਾਰ*, ਰਵਿੰਦਰ ਪ੍ਰਕਾਸ਼ਨ, ਦਿੱਲੀ, 1974

-------, *ਗੁਰਬਾਣੀ ਵਿਸ਼ਵ ਦ੍ਰਿਸ਼ਟੀ ਅਤੇ ਵਿਚਾਰਧਾਰਾ,* ਵੈਲਵਿਸ਼ ਪਬਲਿਸ਼ਰਜ਼, ਦਿੱਲੀ, 1997

ਜਤਿੰਦਰਦੀਪ ਕੌਰ, *ਸ਼ਿਵ ਕੁਮਾਰ ਸੁਹਜ ਅਤੇ ਵਿਦਰੋਹ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2008

ਜਾਗੀਰ ਸਿੰਘ, *ਕਾਵਿ ਅਤੇ ਸੰਗੀਤ ਗੁਰਬਾਣੀ ਪਰਿਪੇਖ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004

ਜੋਗਿੰਦਰ ਸਿੰਘ (ਡਾ.), *ਪਿੰਗਲ ਤੇ ਅਰੂਜ਼,* ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1960

-------, *ਸੁਖਮਨੀ ਦਾ ਦਾਰਸ਼ਨਿਕ ਆਧਾਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986

ਜੋਧ ਸਿੰਘ (ਡਾ.), *ਗੁਰੂ ਅਰਜਨ ਦੇਵ ਸ਼ਹੀਦੀ ਅਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

-------, *ਸਿੱਖ ਸਿਧਾਂਤ : ਸਰੂਪ ਤੇ ਸਮਰੱਥਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991

-------, *ਸਿੱਖ ਭਗਤੀ : ਸਰੂਪ ਤੇ ਆਧਾਰ*, ਵੀਜ਼ਨ ਐਂਡ ਵੈਂਚਰ, ਨਵੀਂ ਦਿੱਲੀ, 1997

ਜੱਗੀ, ਗੁਰਸ਼ਰਨ ਕੌਰ (ਡਾ.), *ਭਾਰਤੀ ਕਾਵਿ-ਸ਼ਾਸਤਰ ਸਰੂਪ ਤੇ ਸਿਧਾਂਤ,* ਆਰਸੀ ਪਬਲਿਸ਼ਰਜ਼, ਦਿੱਲੀ, 1994

-------, *ਗੁਰੂ ਅਰਜਨ ਦੇਵ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

-------, *ਗੁਰੂ ਨਾਨਕ ਦੇਵ ਦੀ ਕਾਵਿ ਕਲਾ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1979

-------, *ਗੁਰੂ ਨਾਨਕ ਬਾਣੀ ਦਾ ਸਿਧਾਂਤਕ ਵਿਸ਼ਲੇਸ਼ਣ,* ਪੈਪਸੂ ਬੁੱਕ ਡਿਪੋ, ਪਟਿਆਲਾ, 1979

ਜੱਗੀ, ਰਤਨ ਸਿੰਘ (ਡਾ.), *ਪੰਜਾਬੀ ਸਾਹਿੱਤ ਦਾ ਸਰੋਤਮੂਲਕ ਇਤਿਹਾਸ,* ਭਾਗ ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

------, *ਗੁਰੂ ਨਾਨਕ ਦੀ ਵਿਚਾਰਧਾਰਾ*, ਨਵਯੁਗ ਪਬਲਿਸ਼ਰਜ਼, ਦਿੱਲੀ, 1969

-------, *ਸਾਹਿਤ ਅਧਿਐਨ ਵਿਧੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

-------, *ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

ਢੀਂਡਸਾ, ਰਾਜਿੰਦਰਜੀਤ ਕੌਰ (ਡਾ.), *ਗੁਰੂ ਅਰਜਨ ਦੇਵ ਬਾਣੀ ਦਾ ਰਹੱਸਵਾਦ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 2000

ਤਾਰਨ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1963

-------, ***ਭਗਤੀ ਤੇ ਸ਼ਕਤੀ,*** ਫਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1962

-------, ***ਗੁਰੂ ਨਾਨਕ ਚਿੰਤਨ ਤੇ ਕਲਾ,*** ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1963

-------, ***ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

ਤ੍ਰਿਲੋਕ ਸਿੰਘ (ਗਿਆਨੀ), ***ਜੀਵਨ ਕਥਾ ਸ੍ਰੀ ਗੁਰੂ ਅਰਜਨ ਦੇਵ ਜੀ***, ਪੰਜਾਬੀ ਬੁੱਕ ਡਿਪੋ, ਦਿੱਲੀ, 1977

ਤੇਜਾ ਸਿੰਘ, ਗੰਡਾ ਸਿੰਘ, ਭਗਤ ਸਿੰਘ (ਅਨੁ.), ***ਸਿੱਖ ਇਤਿਹਾਸ: 1469-1765,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003

ਥਿੰਦ, ਕਰਨੈਲ ਸਿੰਘ (ਡਾ.), ***ਲੋਕਯਾਨ ਅਤੇ ਮੱਧਕਾਲੀ ਪੰਜਾਬੀ ਸਾਹਿਤ,*** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973

------- (ਸੰਪਾ.), ***ਸਾਹਿਤ ਅਧਿਐਨ ਪ੍ਰਣਾਲੀਆਂ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1977

ਦਰਸ਼ਨ ਕੌਰ (ਡਾ.), ***ਗੁਰੂ ਅਰਜਨ ਦੇਵ ਦੀ ਬਾਣੀ: ਸੰਸਕ੍ਰਿਤਕ ਅਧਿਐਨ,*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਦਰਸ਼ਨ ਸਿੰਘ (ਡਾ.), ***ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976

------- (ਸੰਪਾ.), ***ਗੁਰੂ ਨਾਨਕ ਬਾਣੀ: ਸੰਚਾਰ ਜੁਗਤਾਂ***, ਪੰਜਾਬੀ ਸਾਹਿਤ ਅਕਾਦਮੀ, ਦਿੱਲੀ, 1992

ਦਰਦੀ, ਗੋਪਾਲ ਸਿੰਘ (ਡਾ.), *ਪੰਜਾਬੀ ਸਾਹਿਤ ਦਾ ਇਤਿਹਾਸ,* ਪੰਜਾਬੀ ਸਾਹਿਤ ਅਕਾਦਮੀ, ਦਿੱਲੀ, 1950

-------, *ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ,* ਪੰਜਾਬੀ ਸਾਹਿਤ ਅਕਾਦਮੀ, ਦਿੱਲੀ, 1958

-------, *ਸਾਹਿਤ ਦੀ ਪਰਖ*, ਸਿੱਖ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ, 1953

ਦੀਪ, ਦਲੀਪ ਸਿੰਘ, *ਕਾਵਿ ਬਿੰਬ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1976

ਦੀਵਾਨ ਸਿੰਘ (ਡਾ.), *ਸਿੱਖ ਧਰਮ ਬਾਰੇ,* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1988

-------, *ਗੁਰਮਤਿ ਸਿਧਾਂਤ,* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1986

-------, *ਗੁਰਬਾਣੀ ਚਿੰਤਨ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1996

ਧਰਮ ਸਿੰਘ (ਡਾ.), *ਪੰਜਾਬੀ ਖੋਜ ਸੰਦਰਭ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2008

ਧੀਰ, ਕੁਲਦੀਪ ਸਿੰਘ (ਡਾ.), *ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003

ਨਾਹਰ ਸਿੰਘ (ਡਾ.), *ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਨਿਰਮਲ, ਚਾਨਣ ਸਿੰਘ, *ਪੰਜਾਬੀ ਕਾਵਿ ਸ਼ਾਸਤਰ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2003

-------, *ਗੁਰਬਾਣੀ ਸਿਧਾਂਤ ਅਤੇ ਵਿਚਾਰ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2005

ਨੂਰ, ਸੁਤਿੰਦਰ ਸਿੰਘ (ਡਾ.), *ਉੱਤਰ ਆਧੁਨਿਕਤਾ ਕਲਾ ਅਤੇ ਸਾਹਿਤ,* ਪੰਜਾਬੀ ਸਾਹਿਤ ਅਕਾਦਮੀ, ਦਿੱਲੀ, 2008

ਨੂਰ, ਸੁਤਿੰਦਰ ਸਿੰਘ (ਡਾ.), ਰਵੇਲ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੌਰਵ*, ਪੰਜਾਬੀ ਅਕਾਦਮੀ, ਦਿੱਲੀ, 2006

ਨੰਦਾ, ਬਲਬੀਰ ਸਿੰਘ, ਇੰਦਰਜੀਤ ਕੌਰ (ਸੰਪਾ.), *ਮੱਧਕਾਲੀਨ ਪੰਜਾਬੀ ਸਾਹਿਤ: ਪੁਨਰ ਨਿਰੀਖਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994

ਪਦਮ, ਪਿਆਰਾ ਸਿੰਘ, *ਸੁਖਮਨੀ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982

-------, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2004

ਪੰਨੂੰ, ਹਰਪਾਲ ਸਿੰਘ, *ਗੁਰੂ ਨਾਨਕ ਦਾ ਕੁਦਰਤ ਸਿਧਾਂਤ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਪਰਮਵੀਰ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਤੇ ਵਿਚਾਰਧਾਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010

-------, *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਾਰਸ਼ਨਿਕ ਚਿੰਤਨ*, ਗੁਰਮਤਿ ਪ੍ਰਕਾਸ਼ਨ, ਦਿੱਲੀ, 2004

ਪ੍ਰੇਮ ਪ੍ਰਕਾਸ਼ ਸਿੰਘ (ਡਾ.), *ਭਾਰਤੀ ਕਾਵਿ ਸ਼ਾਸਤਰ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963

-------, *ਕਾਵਿ ਦੇ ਤੱਤ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970

ਪਾਲ, ਅੰਮ੍ਰਿਤ ਲਾਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ,*** ਸੰਗਮ ਪਬਲਿਕੇਸ਼ਨ, ਸਮਾਣਾ, 2005

-------, *ਵਾਰਕਾਰ ਗੁਰੂ ਅਰਜਨ ਦੇਵ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1990

ਪ੍ਰਿਤਪਾਲ ਸਿੰਘ, ***ਬਾਰਹਮਾਹ ਮਾਝ ਵਿਵੇਚਨ,*** ਸੰਗਮ ਪਬਲਿਕੇਸ਼ਨ, ਸਮਾਣਾ, 2008

ਪ੍ਰੀਤਲੜੀ, ਗੁਰਬਖਸ਼ ਸਿੰਘ, *ਮਨੋਹਰ ਸਖ਼ਸ਼ੀਅਤ*, ਅਤਰ ਚੰਦ ਕਪੂਰ ਐਂਡ ਸੰਨਜ਼, ਦਿੱਲੀ ਤੇ ਅੰਬਾਲਾ, 1950

ਬਲਕਾਰ ਸਿੰਘ (ਡਾ.), *ਗੁਰਮਤਿ ਵਿਵੇਚਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982

------- (ਸੰਪਾ.), ***ਗੁਰੂ ਨਾਨਕ ਚਿੰਤਨ ਦੀ ਭੂਮਿਕਾ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਬ੍ਰਹਮ ਜਗਦੀਸ਼ ਸਿੰਘ (ਪ੍ਰੋ.), ***ਸ੍ਰੀ ਗੁਰੂ ਗ੍ਰੰਥ ਸਾਹਿਬ ਬਾਣੀ ਅਤੇ ਬਾਣੀਕਾਰ,*** ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008

-------, *ਸੁਖਮਨੀ ਸਾਹਿਬ ਪਾਠ ਤੇ ਵਿਵੇਚਨ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2005

-------, *ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਨ ਅਤੇ ਸੰਦੇਸ਼*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008

-------, *ਗੁਰੂ ਨਾਨਕ ਬਾਣੀ ਸਾਹਿਤਕ ਪਰਿਪੇਖ,* ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1995

-------, *ਗੁਰੂ ਨਾਨਕ ਦੇਵ ਜੀ ਜੀਵਨ, ਦਰਸ਼ਨ ਅਤੇ ਬਾਣੀ,* ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2003

-------, *ਬਾਵਨ ਅਖਰੀ ਅਤੇ ਬਾਰਹਮਾਹ ਮਾਝ ਵਿਚਾਰਧਾਰਾ ਅਤੇ ਰੂਪਾਕਾਰ ਅਧਿਐਨ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2006

ਬਲਜੀਤ ਕੌਰ (ਡਾ.), *ਸੁਹਜ ਸ਼ਾਸਤਰ ਦੀ ਰੂਪ ਰੇਖਾ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987

-------, *ਆਧੁਨਿਕ ਪੰਜਾਬੀ ਕਾਵਿ-ਸੁਹਜ ਦ੍ਰਿਸ਼ਟੀ,* ਦੀਪਕ ਪਬਲਿਸ਼ਰਜ਼, ਜਲੰਧਰ, 1986

--------, *ਗੁਰਬਾਣੀ ਧਰਮ ਅਤੇ ਸਾਹਿਤ,* ਸੁੰਦਰ ਬੁੱਕ ਡਿਪੋ, ਜਲੰਧਰ, 1996

ਬਾਜਵਾ, ਸੁਖਵਿੰਦਰ ਕੌਰ (ਡਾ.), *ਉੱਤਰ ਆਧੁਨਿਕਤਾਵਾਦ ਅਤੇ ਗੁਰਬਾਣੀ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2008

ਬਾਜਵਾ, ਮਲਕੀਤ ਸਿੰਘ (ਡਾ.), *ਗੁਰੂ ਅਰਜਨ ਬਾਣੀ ਤੇ ਸਰੋਦਿਕਤਾ*, ਜਸਵੰਤ ਪ੍ਰਿੰਟਰਜ਼, ਲੁਧਿਆਣਾ, 1990

ਬਾਲਾ, ਰਜਨੀ (ਡਾ.), *ਭਾਰਤੀ ਕਾਵਿ ਸ਼ਾਸਤਰ ਤੇ ਆਧੁਨਿਕ ਕਵਿਤਾ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2006

ਬ੍ਰਿਜਪਾਲ ਸਿੰਘ, *ਬਾਵਾ ਬਲਵੰਤ ਦਾ ਕਾਵਿ ਸੌਂਦਰਯ,* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1989

ਬੀਹਲਾ, ਸੁਖਵੀਰ, *ਕਾਵਿ ਸ਼ਾਸਤਰ ਤੇ ਰਵਿੰਦਰ ਭੱਠਲ ਦਾ ਕਾਵਿ ਚਿੰਤਨ,* ਟਵੰਟੀ ਫਸਟ ਸੈਂਚੂਰੀ ਪਬਲਿਕੇਸ਼ਨ, ਪਟਿਆਲਾ, 2003

ਬੇਦੀ, ਸੋਹਿੰਦਰ ਸਿੰਘ, *ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ ਤੱਤ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1973

ਬੇਦੀ, ਕਾਲਾ ਸਿੰਘ (ਡਾ.), *ਗੁਰੂ ਨਾਨਕ ਕਾਵਿ ਚਿਤਰਣ,* ਪੰਜਾਬੀ ਬੁੱਕ ਸਟੋਰ, ਨਵੀਂ ਦਿੱਲੀ, ਮਿਤੀਹੀਣ

-------, *ਗੁਰੂ ਨਾਨਕ ਕਾਵਿ ਕਲਾ*, ਰਾਜ ਪ੍ਰਕਾਸ਼ਨ, ਨਵੀਂ ਦਿੱਲੀ, ਮਿਤੀਹੀਣ

ਬੈਨੀਪਾਲ, ਪਰਮਿੰਦਰ ਸਿੰਘ (ਡਾ.), *ਗੁਰੂ ਨਾਨਕ ਬਾਣੀ ਦਾ ਕਾਵਿ ਸ਼ਾਸਤਰੀ ਚਿੰਤਨ,* ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011

ਬੱਦਨ, ਬਲਦੇਵ ਸਿੰਘ, *ਪੰਜਾਬੀ ਸੂਫੀ ਕਵਿਤਾ ਦਾ ਬਿੰਬ ਵਿਧਾਨ,* ਨੈਸ਼ਨਲ ਬੁੱਕ ਸ਼ਾਪ, ਦਿੱਲੀ, 1996

-------, *ਗੁਰਬਾਣੀ ਚਿੰਤਨ*, ਦੀਪਕ ਪਬਲਿਸ਼ਰਜ਼, ਜਲੰਧਰ, 2004

ਬੱਦਨ, ਬਲਦੇਵ ਸਿੰਘ, ਰਾਜਿੰਦਰ ਸਿੰਘ (ਸੰਪਾ.), *ਗੁਰਮਤਿ ਕਾਵਿ ਇਕ ਅਧਿਐਨ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1989

ਭਜਨ ਸਿੰਘ, *ਬਾਵਨ ਅਖਰੀ ਇਕ ਆਲੋਚਨਾਤਮਕ ਅਧਿਐਨ,* ਸਤਿੰਦਰ ਸਾਹਿਤ ਪ੍ਰਕਾਸ਼ਨ, ਦਿੱਲੀ, 1952

ਭਾਟੀਆ, ਹਰਿਭਜਨ ਸਿੰਘ (ਸੰਪਾ.), *ਸਾਹਿਤ ਅਧਿਐਨ ਵਿਧੀਆਂ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006

ਭੁਪਿੰਦਰ ਕੌਰ (ਡਾ.), *ਪੰਜਾਬੀ ਦੇ ਪ੍ਰਸਿੱਧ ਕਾਵਿ ਰੂਪ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011

-------, *ਆਧੁਨਿਕ ਪੰਜਾਬੀ ਕਵਿਤਾ ਪਰਿਵਰਤਨ ਤੇ ਪ੍ਰਵਿਰਤੀਆਂ,* ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 2004

ਭੱਠਲ, ਰਵਿੰਦਰ ਸਿੰਘ (ਪ੍ਰੋ.), ਸੁਰਜੀਤ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਾਸਾਰ,* ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 2005

ਭੱਟੀ, ਸੁਰਜੀਤ ਸਿੰਘ, *ਵਾਦ ਚਿੰਤਨ*, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004

ਭੱਟੀ, ਰਾਜਿੰਦਰ ਸਿੰਘ (ਡਾ.), *ਆਧੁਨਿਕ ਪੰਜਾਬੀ ਕਵਿਤਾ ਦਾ ਸੁਹਜ ਸ਼ਾਸਤਰੀ ਪਰਿਪੇਖ,* ਨਾਨਕ ਸਿੰਘ ਪੁਸਤਮਕਾਲਾ, ਅੰਮ੍ਰਿਤਸਰ, 2002

ਮਠਾੜੂ, ਰਾਜਵੰਤ ਕੌਰ, *ਬਾਰਹਮਾਹ ਮਾਝ ਚਿੰਤਨ ਤੇ ਕਲਾ,* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1998

-------, ***ਬਾਣੀ ਗੁਰੂ ਅਰਜਨ ਦੇਵ ਵਿਚਾਰਧਾਰਾ ਅਤੇ ਕਾਵਿ ਮੁਲੰਕਣ***, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008

ਮਦਨਜੀਤ ਕੌਰ, ਪਿਆਰਾ ਸਿੰਘ, ***ਗੁਰੂ ਅਰਜਨ ਅਤੇ ਸੁਖਮਨੀ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1992

ਮਨਪ੍ਰੀਤ ਸਿੰਘ, ***ਸੁਖਮਨੀ ਸਾਹਿਬ ਵਿਚ ਨੈਤਿਕ ਮੁੱਲਾਂ ਦਾ ਸੰਦਰਭ***, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2005

ਮੈਕਾਲਿਫ਼, ਮੈਕਸ ਆਰਥਰ, ***ਸਿੱਖ ਇਤਿਹਾਸ (ਭਾਗ ਪਹਿਲਾ ਅਤੇ ਦੂਜਾ),*** ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005

ਮੈਨੀ, ਧਰਮਪਾਲ, ***ਸ੍ਰੀ ਗੁਰੂ ਗ੍ਰੰਥ ਸਾਹਿਬ - ਇਕ ਪਰਿਚਯ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963

ਰਮਨਪ੍ਰੀਤ ਕੌਰ, ਪਰਮਜੀਤ ਸਿੰਘ, ਸਿੱਧੂ (ਸੰਪਾ.), ***ਸੁਖਮਨੀ ਸਾਹਿਬ ਪ੍ਰਵਚਨ-ਪਸਾਰ***, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2005

ਰਮੇਸ਼ ਕੁਮਾਰ (ਡਾ.), ***ਨਾਨਕ ਬਾਣੀ ਦਾ ਛੰਦ ਵਿਧਾਨ***, ਆਰਸੀ ਪਬਲਿਸ਼ਰਜ਼, ਦਿੱਲੀ, 1995

ਰਵੀ, ਰਵਿੰਦਰ, ***ਵਿਰਸਾ ਤੇ ਵਰਤਮਾਨ***, ਪੰਜਾਬੀ ਪ੍ਰਕਾਸ਼ਨ, ਚੰਡੀਗੜ੍ਹ, 1986

ਰਾਏ, ਜਸਬੀਰ ਸਿੰਘ (ਡਾ.), ***ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮ ਦਾ ਸੰਕਲਪ,*** ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, 1979

------- (ਸੰਪਾ.), *ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ ਸੰਪਾਦਨ ਤੇ ਇਤਿਹਾਸਕ ਅਧਿਐਨ, ਕੇਸਰ ਸਿੰਘ ਛਿੱਬਰ (ਕ੍ਰਿਤ),* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001

ਰਾਹੀ, ਗੁਰਬਚਨ ਸਿੰਘ (ਪ੍ਰੋ.), *ਗੁਰੂ ਨਾਨਕ ਬਾਣੀ ਵਿਵੇਚਨ*, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1977

ਰਾਜਿੰਦਰ ਸਿੰਘ, *ਬਾਰਹਮਾਹਾ ਤੁਖਾਰੀ ਵਿਚ ਪ੍ਰਕ੍ਰਿਤੀ ਚਿਤਰਣ*, ਰੂਪ ਪ੍ਰਕਾਸ਼ਨ, ਜੰਮੂ, 1990

ਰਾਮ ਸਿੰਘ (ਡਾ.), *ਗੁਰੂ ਨਾਨਕ ਦੀ ਸੁਹਜ ਕਲਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1968

-------, *ਸੁਖਮਨੀ ਸਾਹਿਬ ਇਕ ਸਰਵਪੱਖੀ ਅਧਿਐਨ*, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1996

--------, *ਗੁਰੂ ਨਾਨਕ ਦਾ ਰਹੱਸਵਾਦ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974

ਰੰਧਾਵਾ, ਬਲਬੀਰ ਕੌਰ (ਪ੍ਰੋ.), *ਗੁਰੂ ਨਾਨਕ ਅਲੰਕਾਰ,* ਸਰਦਾਰ ਸਾਹਿਤ ਭਵਨ, ਪਟਿਆਲਾ

ਲਤੀਫ, ਮੁਹੰਮਦ, *ਪੰਜਾਬ ਦਾ ਇਤਿਹਾਸ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1994

ਲਾਲ ਸਿੰਘ, *ਗੁਰਮਤ ਸਿਧਾਂਤ ਤੇ ਕੌਮਾਂਤਰੀ ਵਿਚਾਰਧਾਰਾ*, ਨਿਊ ਬੁੱਕ ਕੰਪਨੀ, ਜਲੰਧਰ, 1969

------, ***ਗੁਰਮਤ ਸਾਹਿਤ*** , ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

-------, ***ਗੁਰੂ ਅਰਜਨ ਜੀਵਨ ਤੇ ਰਚਨਾ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਮਿਤੀਹੀਣ

ਵਜ਼ੀਰ ਸਿੰਘ (ਡਾ.), ***ਸਿੱਖ ਧਰਮ ਦਰਸ਼ਨ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

-------, ***ਗੁਰੂ ਅਰਜਨ ਦੇਵ,*** ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 1988

-------, ***ਨਾਨਕ ਬਾਣੀ ਚਿੰਤਨ***, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969

-------, ***ਫਲਸਫਾ ਤੇ ਸਿੱਖ ਫਲਸਫਾ,*** ਮਦਾਨ ਪਬਲਿਸ਼ਰਜ਼, ਪਟਿਆਲਾ, 1980

-------, ***ਧਰਮ ਦਾ ਦਾਰਸ਼ਨਿਕ ਪੱਖ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986

ਵਿਦਿਆਵਤੀ (ਡਾ.), ***ਸੁਖਮਨੀ ਦਰਸ਼ਨ,*** ਆਰ. ਐਸ. ਪਬਲਿਕੇਸ਼ਨਜ਼, ਪਟਿਆਲਾ, 1999

-------, ***ਬਾਰਹਮਾਹ ਤੁਖਾਰੀ ਇਕ ਅਵਲੋਕਨ,*** ਆਰ. ਐਸ. ਪਬਲਿਕੇਸ਼ਨਜ਼, ਪਟਿਆਲਾ, 1999

ਵੋਹਰਾ, ਆਸਾ ਨੰਦ (ਡਾ.), ***ਕਾਵਿ ਸਿਰਜਨ ਪ੍ਰਕ੍ਰਿਆ***, ਅੰਬਾਲਾ ਕੈਂਟ, ਮਿਤੀਹੀਣ

## ਹਿੰਦੀ ਪੁਸਤਕਾਂ


ਓਮ ਪ੍ਰਕਾਸ਼ (ਡਾ.), ***ਸੌਂਦਰਯ ਦ੍ਰਿਸ਼ਟੀ,*** ***ਚਿੰਤਨ ਪ੍ਰਕਾਸ਼ਨ,*** ਪਿਲਾਨੀ, ਰਾਜਸਥਾਨ, 1983

ਅਖੌਰੀ, ਬ੍ਰਜਨੰਦਨ ਪ੍ਰਸ਼ਾਦ, ***ਕਾਵਯਾਤਮਕ ਬਿੰਬ***, ਗਿਆਨ ਲੋਕ, ਪਟਨਾ-4, 1965

ਅਵਸਥੀ, ਓਮ ਪ੍ਰਕਾਸ਼, ***ਨਈਂ ਕਵਿਤਾ: ਰਚਨਾ ਪ੍ਰਕਿਰਿਆ,*** ਪੁਸਤਕ ਸੰਸਥਾਨ, ਕਾਨਪੁਰ, 1972

ਆਰੀਆ, ਦੇਵਿੰਦਰ (ਡਾ.), ***ਹਿੰਦੀ ਸੰਤ ਕਾਵਯ ਮੇਂ ਪ੍ਰਤੀਕ ਵਿਧਾਨ***, ਨੈਸ਼ਨਲ ਪਬਲਿਸ਼ਰਜ਼, ਦਿੱਲੀ, 1971

ਸਹਿਗਲ, ਮਨਮੋਹਨ, ***ਸ੍ਰੀ ਗੁਰੂ ਗ੍ਰੰਥ ਸਾਹਿਬ - ਏਕ ਸਾਂਸਕ੍ਰਿਤਕ ਸਰਵੇਕਸ਼ਣ,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971

------, ***ਪੰਜਾਬ ਕੇ ਨਿਰਗੁਣ ਕਾਵਯ ਕਾ ਦਾਰਸ਼ਨਿਕ ਅਧਿਐਨ***, ਸੂਰਯ ਪ੍ਰਕਾਸ਼ਨ, ਦਿੱਲੀ, 1966

ਸਕਸੈਨਾ, ਸੁਧਾ (ਡਾ.), ***ਜਾਇਸੀ ਕੀ ਬਿੰਬ ਯੋਜਨਾ,*** ਅਸ਼ੋਕ ਪ੍ਰਕਾਸ਼ਨ, ਦਿੱਲੀ, 1966

ਸ਼ਰਮਾ, ਨਿਤਯਾਨੰਦ (ਡਾ.), ***ਆਧੁਨਿਕ ਹਿੰਦੀ ਕਾਵਿ ਮੇਂ ਪ੍ਰਤੀਕ-ਯੋਜਨਾ***, ਸਾਹਿਤ ਸਦਨ, ਦੇਹਰਾਦੂਨ

ਸਾਹੂ, ਰਾਮਦੇਵ, ***ਪਾਸ਼ਚਾਤਯ ਕਾਵਯ ਸ਼ਾਸਤਰ ਕਾ ਇਤਿਹਾਸ,*** ਸਿਆਮ ਪ੍ਰਕਾਸ਼ਨ, ਜੈਪੁਰ, 2003

ਕੁਮਾਰ, ਵਿਮਲ (ਡਾ.), ***ਕਾਵਯ ਰਚਨਾ ਪ੍ਰਕ੍ਰਿਆ***, ਬਿਹਾਰੀ ਹਿੰਦੀ ਗ੍ਰੰਥ ਅਕਾਦਮੀ, ਪਟਨਾ, 1974

-------, ***ਸੌਂਦਰਯ ਸ਼ਾਸਤਰ ਕੇ ਤੱਤਵ,*** ਰਾਜ ਕਮਲ ਪ੍ਰਕਾਸ਼ਨ, ਦਿੱਲੀ, 1967

ਕੇਦਾਰ ਨਾਥ ਸਿੰਘ (ਡਾ.), ***ਆਧੁਨਿਕ ਹਿੰਦੀ ਕਵਿਤਾ ਮੇਂ ਬਿੰਬ ਵਿਧਾਨ,*** ਭਾਰਤੀਯ ਗਿਆਨ ਪੀਠ ਪ੍ਰਕਾਸ਼ਨ, ਦਿੱਲੀ, 1971

ਗੁਪਤ, ਸ਼ਾਂਤੀ ਸਰੂਪ (ਡਾ.), ***ਸਾਹਿਤਕ ਨਿਬੰਧ,*** ਅਸ਼ੋਕ ਪ੍ਰਕਾਸ਼ਨ, ਦਿੱਲੀ, 1969

-------, ***ਪਾਸ਼ਚਾਤਯ ਕਾਵਯ ਸ਼ਾਸਤ੍ਰ ਕੇ ਸਿਧਾਂਤ,*** ਅਸ਼ੋਕ ਪ੍ਰਕਾਸ਼ਨ, ਦਿੱਲੀ, 1970

ਗੁਪਤ, ਸੁਰੇਸ਼ ਚੰਦਰ, ***ਆਧੁਨਿਕ ਹਿੰਦੀ ਕਵੀਯੋਂ ਕੇ ਕਾਵਿ ਸਿਧਾਂਤ,*** ਹਿੰਦੀ ਅਨੁਸੰਧਾਨ ਪਰਿਸ਼ਦ, ਦਿੱਲੀ ਵਿਸ਼ਵਵਿਦਿਆਲਯ, ਦਿੱਲੀ, 1960

ਚੰਦਰ ਕਲਾ (ਡਾ.), ***ਆਧੁਨਿਕ ਹਿੰਦੀ ਕਾਵਯ ਮੇਂ ਪ੍ਰਤੀਕਵਾਦ,*** ਮੰਗਲ ਪ੍ਰਕਾਸ਼ਨ, ਜੈਪੁਰ, 1966

-------, ***ਸੌਂਦਰਯ ਸ਼ਾਸਤਰ ਸਵਰੂਪ ਔਰ ਵਿਕਾਸ,*** ਸਦਨਾ ਪ੍ਰਕਾਸ਼ਨ, ਚੰਡੀਗੜ੍ਹ, 1983

ਜੈਨ, ਨਿਰਮਲਾ, ***ਰਸ ਸਿਧਾਂਤ ਔਰ ਸੌਂਦਰਯ ਸ਼ਾਸਤਰ,*** ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ,

ਟੰਡਨ, ਪੂਰਨ ਚੰਦ (ਡਾ.), ***ਸੌਂਦਰਯ ਵਿਮਰਸ਼,*** ਸੰਜੇ ਪ੍ਰਕਾਸ਼ਨ, ਨਈਂ ਦਿੱਲੀ, 2004

ਠਾਕੁਰ, ਖਗੇਂਦ੍ਰ ਪ੍ਰਸਾਦ (ਡਾ.), ***ਛਾਇਆਵਾਦੀ ਕਾਵਿ ਮੇਂ ਬਿੰਬ-ਪ੍ਰਤੀਕ ਵਿਧਾਨ,*** ਪਰਿਮਲ ਪ੍ਰਕਾਸ਼ਨ, ਇਲਾਹਾਬਾਦ, 1978

ਤਿਰਪਾਠੀ, ਜਗਦੀਸ਼ ਨਰਾਇਣ (ਡਾ.), *ਆਧੁਨਿਕ ਹਿੰਦੀ ਕਵਿਤਾ ਮੇਂ ਅਲੰਕਾਰ ਵਿਧਾਨ*, ਅਨੰਤਨਾਗ ਪ੍ਰਕਾਸ਼ਨ, ਨਈਂ ਦਿੱਲੀ, 1962

ਦ੍ਵਿਵੇਦੀ, ਹਜ਼ਾਰੀ ਪ੍ਰਸਾਦ, *ਕਾਵਯ ਸ਼ਾਸਤ੍ਰ,* ਭਾਰਤੀਯ ਸਾਹਿਤਯ ਮੰਦਰ, ਦਿੱਲੀ, 1966

ਨਗੇਂਦ੍ਰ (ਡਾ.), *ਭਾਰਤੀਯ ਸੌਂਦਰਯ ਸ਼ਾਸਤਰ ਕੀ ਭੂਮਿਕਾ,* ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1974

-------, *ਪਾਸ਼ਚਾਤਯ ਸਮੀਖਿਆ-ਸ਼ਾਸਤ੍ਰ: ਸਿਧਾਂਤ ਔਰ ਪਰਿਦ੍ਰਿਸ਼ਯ,* ਪੀਤਾਂਬਰ ਪਬਲਿਸ਼ਿੰਗ ਹਾਊਸ, ਨਈਂ ਦਿੱਲੀ, 1984

ਪਦਮ, ਪਿਆਰਾ ਸਿੰਘ (ਸੰਪਾ.), *ਵਾਣੀ ਗੁਰੂ ਅਰਜਨ ਦੇਵ ਜੀ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971

ਪਾਲ, ਸੁਰਿੰਦਰਜੀਤ ਸਿੰਘ, *ਗੁਰੂ ਔਰ ਗੁਰਬਾਣੀ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005

ਫਤਹਿ ਸਿੰਘ (ਡਾ.), *ਭਾਰਤੀਯ ਸੌਂਦਰਯ ਸ਼ਾਸਤਰ ਕੀ ਭੂਮਿਕਾ,* ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1967

ਭਾਰਦਵਾਜ, ਅਵਿਨਾਸ਼, *ਗੁਰੂ ਅਰਜਨ ਦੇਵ*, ਤਕਸ਼ੀਲਾ ਪ੍ਰਕਾਸ਼ਨ, ਨਈਂ ਦਿੱਲੀ, 1984

ਭਾਰਦਵਾਜ, ਕੈਲਾਸ਼ ਨਾਥ, *ਸਾਹਿਤਯ ਕਾ ਸੌਂਦਰਯ ਸ਼ਾਸਤਰ ਏਵਮ ਸਮਾਜ ਸ਼ਾਸਤਰ,* ਸਾਹਿਤਯ ਸੰਸਕ੍ਰਿਤ ਕੇਂਦਰ, ਫਗਵਾੜਾ, ਪੰਜਾਬ, 1988

-------, *ਆਧੁਨਿਕ ਹਿੰਦੀ ਕਵਿਤਾ ਕਾ ਸੌਂਦਰਯ ਸ਼ਾਸਤਰੀ ਅਧਿਐਨ*, ਸਾਹਿਤਯ ਸੰਸਕ੍ਰਿਤ ਕੇਂਦਰ, ਫਗਵਾੜਾ, ਪੰਜਾਬ, 1988

ਮਲਹੋਤਰਾ, ਸਤਿਆ, *ਨਈਂ ਕਵਿਤਾ ਮੇਂ ਸੌਂਦ੍ਰਯ ਚੇਤਨਾ,* ਆਰੀਆ ਬੁੱਕ ਡਿਪੋ, ਨਈਂ ਦਿੱਲੀ, 1982

ਮਾਥੁਰ, ਸੁਰੇਂਦ੍ਰ, *ਕਾਵਿ-ਬਿੰਬ ਔਰ ਛਾਇਆਵਾਦ,* ਗਿਆਨ ਭਾਰਤੀ ਪ੍ਰਕਾਸ਼ਨ, ਦਿੱਲੀ, 1969

ਮਿਸ਼ਰ, ਜੈ ਰਾਮ (ਡਾ.), *ਸ੍ਰੀ ਗੁਰੂ ਗ੍ਰੰਥ ਦਰਸ਼ਨ*, ਸਾਹਿਤਯ ਭਵਨ, ਇਲਾਹਾਬਾਦ, 1960

ਮਿਸ਼ਰ, ਭਗੀਰਥ (ਡਾ.), *ਕਾਵਯ ਸ਼ਾਸਤਰ,* ਵਿਸ਼ਵਦਿਆਲਯ ਪ੍ਰਕਾਸ਼ਨ, ਵਾਰਾਣਸੀ, 1963

ਰਘੁਵੰਸ਼, *ਪ੍ਰਕਿਰਤੀ ਔਰ ਕਾਵਯ,* ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1960

ਰਮੇਸ਼ ਕੁੰਤਲ ਮੇਘ, *ਸੌਂਦਰਯ ਮੂਲਕ ਔਰ ਮੂਲਯਾਂਕਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975

ਲਾਲ, ਨਗੇਂਸ਼ਵਰ (ਡਾ.), *ਆਧੁਨਿਕ ਹਿੰਦੀ ਕਵਿਤਾ ਮੇਂ ਬਿੰਬ ਵਿਧਾਨ,* ਪੁਸਤਕ ਨਾਰਾਇਣ ਮਾਰਕੀਟ, ਪਟਨਾ, 1979

ਵਰਮਾ, ਜੇ. ਕੇ. , *ਗੁਰੂ ਨਾਨਕ ਦੇਵ (ਭਾਰਤ ਕੇ ਮਹਾਂਪੁਰਸ਼),* ਰਾਜਾ ਪਾਕੇਟ ਬੁੱਕਸ, ਦਿੱਲੀ, 2001

ਵੀਰੇਂਦਰ ਸਿੰਘ, *ਹਿੰਦੀ ਕਾਵਯ ਮੇਂ ਪ੍ਰਤੀਕਵਾਦ ਕਾ ਵਿਕਾਸ,* ਹਿੰਦੀ ਪਰਿਸ਼ਦ ਪ੍ਰਕਾਸ਼ਨ, ਪ੍ਰਯਾਗ, 1964

------, ਪ੍ਰਤੀਕ ਦਰਸ਼ਨ, ਮੰਗਲ ਪ੍ਰਕਾਸ਼ਨ, ਜੈਪੁਰ, 1977

**ENGLISH BOOKS**

Agnihotri, Harbans Lal (Dr.), Agnihotri, Chand. R., ***Guru Arjan Dev: The Poet Prophet***, Gopal Parkashan, Hisar, 1996

Ahluwalia, Jasbir Singh (Ed.), ***Sikhism and The 21st Century,*** Guru Nanak Dev University, Amritsar, 1997

Avtar Singh (Dr.), ***Ethics of the Sikhs,*** Punjabi University, Patiala, 1970

Banerjee, A.C., ***Guru Nanak to Guru Gobind Singh***, New Delhi, 1977

---------, ***Guru Nanak & His Times,*** Punjabi University Patiala, 1971

Banerjee, Indu Bhushan, ***Evolution of the Khalsa*** (2nd Ed.), 2 Vols. A Mukherjee & Co., Calcutta, 1963

Barabash, Yuri, ***Aesthetic and Poetics***, Progress Publishers, Moscow, 1977

Bhagar, Lakhshman S., ***Sikh Martyrs***, Lahore Book Shop, Ludhiana, 1989

Borev, Yuri, ***Aesthetic,*** Progress Publications, Moscow, 1985

Bosanquet, Bernard, ***The Concept of Aesthetics,*** Classical Publishing Company, New Delhi, 1980

Bowra, C.M., — ***The Heritage of Symbolism,*** Macmillan and Company Ltd., London, 1967

Carrit, E.F., — ***The Theory of Beauty,*** The Muthueao & Co. Ltd., London, 1956

Dalbir Singh (Dr.) — ***Guru Arjan Dev***, S.G.P.C., Amritsar, 2006

Daljit Singh, — ***Sikhism – A Comparative Study of its Theology and Mysticism,*** Sterling Publishers Ltd., Delhi, 1979

Daljit Singh & Kharak Singh, — ***Sikhism its Prosperity & History***, Institution of Sikh Studies,Chandigarh, 1997

Dalip Singh, — ***Eight Divine Jots***, Chattar Singh Jiwan Singh Publishers, Amritsar, 2004

Darshan Singh (Dr.), — ***Indian Bhakti Tradition & Sikh Guru's,*** Punjab Publishers, Chandigarh, 1968

Darshan Singh (Dr.), — ***The Religion of Guru Nanak***, Lyall Book Depot, Ludhiana, 1970

Deol, Gurdev Singh (Dr.), — ***Social & Political Philosophy of Guru Nanak & Guru Gobind Singh,*** New Academic Publishers, Jalandhar, 1976

Dhanwant Singh, — ***The Perfumed Radiance of Shri Guru Nanak,*** Hardas Printing Press, Amritsar, 1980

Dewana, Mohan Singh (Dr.), ***A History of Punjabi Literature,*** Kastoori Lal & Sons, Amritsar, 1956

Dickie, G. ***Introduction to Aesthetics,*** Oxford University Press, Oxford, 1997

Duggal, K.S., ***The Sikh Gurus, Their Lives & Teachings,*** UBS New Delhi, 2nd Ed. 2005

Eaglton, Terry, ***The Ideology of Aesthetic,*** Blackwell London, 1990

Ganda Singh (Dr.), ***A Brief Account of the Sikh People,*** Delhi Sikh Gurdwara Prabandhak Committee, Delhi, 1974

Gill, Mohinder Kaur (Dr.), ***Guru Granth – The Literary Perspective,*** National Book Shop, Delhi, 2007

Greenless, Duncan, ***The Gospal of Peace According to the Guru Granth Sahib,*** (2nd ed.), The Theosophical Publication House, Madras, 1960

Grewal J.S., ***From Guru Nanak to Maharaja Ranjit Singh; Essays in Sikh History***, Guru Nanak dev University, Amritsar, 1972

-------, ***Sikhs of the Punjab,*** C.U.P., Delhi, 1994

-------, ***Historical Perspective on Sikh History,*** Punjabi University, Patiala, 1997

-------, *Imagery in the Adi Granth*, Singh Brothers, Amritsar

Gupta, Hari Ram (Dr.), ***History of the Sikh Guru,*** (4 Vols), U.C. Kapoor & sons, New Delhi, 1973

Harbans Singh, ***The Message of Sikhism*** (3rd Ed.), S.G.P.C., Amritsar, 1968

Hansrao, Gurdev Singh, ***Ideology of Sikh Gurus,*** Hansrao Publication, Ropar, 1960

Harold Osborne, ***Aesthetics,*** Oxford University Press, London, 1978

Jerrold Levinsoon (Ed.), ***The Oxford Handbook of Aesthetics,*** Oxford University Press, London, 2003

Jhanji, Rekha, *Aesthetic Meaning*, Ajanta Publications, Delhi, 1980

Khushwant Singh, ***A History of the Sikhs***, Princeton University Press, London, 1963

Kirpal Singh & Kharak Singh (Ed.), ***History of the Sikh Gurus & Their Religion***, S.G.P.C., Amritsar, 2004

Kohli, Surinder Singh (Dr.), ***A Critical Study of the Adi Granth,*** Punjabi Writers Co. op. Ind. Society, New Delhi, 1961

-------, ***An Outline of Sikh Thought,*** Punjabi Parkashan, New Delhi, 1966

-------, ***Philosophy of Guru Nanak,*** P.U., Chandigarh, 1969

-------, *Sikhism & Guru Granth Sahib*, National Book Shop, New Delhi, 1990

Lewis, C.D., *Poetic Image*, Jonathan Cape, London, 1968

Louis, E. Fenech, *Martyrdom in the Sikh Tradition*, Oxford University Press, New Delhi, 2000

Mcload, W.H., *Guru Nanak & The Sikh Religion*, London, 1968

Mann, Gurinder Singh, *The Making of Sikh Scriptures*, Oxford University Press, New Delhi, 2011

Mohan Singh, *A History of Punjabi Literature*, Kasturi Lal & Sons, Amritsar, 1956

Meacauliffe, Max Arthur, ***The Sikh Religion: its Gurus,*** Sacred Writings and Authors, 3rd Vol., S. Chand & Co. Delhi, 1963

Navtej Singh (Dr.) (Ed.), ***Perspectives on Guru Arjan Dev Contribution and Martyrdom,*** Punjabi University, Patiala, 2008

Narang, Gokal Chand (Dr.), ***Transformation of Sikhism,*** (vth Ed..), New Book Society, New Delhi, 1960

O.P. Ralhan (Ed.), ***The Great Guru of the Sikh Series GuruArjan Dev,*** Anmol Publications, New Delhi, 1998

Pandit, Sneh, ***An Approaches to the Indian Theory of Art and Aesthetics***, Sterling Publishers, Delhi, 1977

Patnakar & R. B., ***Aesthetics and Literary Criticism,*** Nachikata Publication, Bombay, 1969

Pishaura Singh, ***Life and Work of Guru Arjan Dev,*** Oxford University Press, New Delhi, 2006

Prithpal Singh, Mohinder Singh (Ed.), ***Guru Arjan's Contribution, Martyrdom and Legacy***, Singh Brothers, Amritsar, 2009

Puran Singh (Prof.), ***The Book of the Ten Masters,*** Punjabi University, Patiala, 1997

Ranbir Singh, ***The Sikh Way of Life***, Indian Publications, New Delhi, 1968

Roy, Niharranjan, ***The Sikh Gurus & The Sikh Society*** (2nd Ed.), Munshi Ram, Manohar Lal, New Delhi, 1975

Saw, Ruth, R.L., ***Aesthetics : An Introduciton***, The Macmillan Press Ltd., U.S.A. , 1971

Sher Singh (Dr.), ***Philosophy of Sikhism :*** (2nd Ed.), Sterling Publishers, Delhi, 1966

Shaan,Harnam Singh (Dr.), ***So Said Guru Arjan Dev***, Govt. of Punjab, Information & Public Relation Deptt., Punjab, Chandigarh, 2006-07

Trilochan Singh (Dr.), ***Guru Teg Bahadur : Prophet and Martyr,*** Delhi, 1967

-------, *True Humanism of Guru Nanak*, S.G.P.C. Amritsar, 1968

Teja Singh, ***Sikhism, its Ideals and Institutions***, (vth ed.), Khalsa Brothers, Amritsar, 1970

-------, ***Growth of Responsibility in Sikhism*** (vi(th) Ed.), Forward Printers, Bombay, 1948

-------, ***The Sikh Religion***, S.G.P.C., Amritsar, 2005

Teja Singh & Ganda Singh (Dr.), ***A short History of the Sikhs,*** Orient Longmans, Bombay, 1950

Wazir Singh, ***Sikhism Philosophy and Culture***, National Book Shop, Delhi, 1999

Wellck, Rane and Warran, Austin, ***Theory of Literature,*** Jonathan Cape, London, 1955

Weitz, Morris (Ed.), ***Problems in Aesthetics,*** The Macmillan Co., London, 1970

Zis, Avner, ***Foundation of Marxist Aesthetics,*** Progres Publishers, Moscow, 1977

## ਪੰਜਾਬੀ ਕੋਸ਼, ਦਰਪਣ, ਪਤ੍ਰਿਕਾਵਾਂ ਅਤੇ ਰਸਾਲੇ

***ਅੰਗਰੇਜ਼ੀ ਪੰਜਾਬੀ ਕੋਸ਼,*** ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1982

***ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*** (ਦਸ ਸੈਂਚੀਆਂ), ਪ੍ਰੋ. ਸਾਹਿਬ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ

***ਸ੍ਰੀ ਗੁਰੂ ਗ੍ਰੰਥ ਕੋਸ਼,*** ਡਾ. ਗੁਰਚਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਗ ਪਹਿਲਾ ਅਤੇ ਦੂਜਾ, 2002

***ਸਾਹਿਤ ਕੋਸ਼***, ਡਾ. ਰਤਨ ਸਿੰਘ ਜੱਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

***ਹਿੰਦੀ ਪੰਜਾਬੀ ਕੋਸ਼***, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010

***ਖੋਜ ਪਤ੍ਰਿਕਾ,*** ਗੁਰਮਤਿ ਕਾਵਿ ਅੰਕ-26, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ,1985

***ਖੋਜ ਪਤ੍ਰਿਕਾ,*** ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990

***ਖੋਜ ਪਤ੍ਰਿਕਾ,*** ਬਾਣੀਕਾਰ ਵਿਸ਼ੇਸ਼ ਅੰਕ, ਅੰਕ 57, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 2003

***ਖੋਜ ਪਤ੍ਰਿਕਾ,*** ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਅੰਕ-58, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 2003

***ਖੋਜ ਪਤ੍ਰਿਕਾ***, ਸਾਹਿਤਕ ਵਾਦ ਅੰਕ (ਭਾਗ ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 32, ਸਤੰਬਰ 1988

***ਗੁਰ ਸ਼ਬਦ ਰਤਨ ਪ੍ਰਕਾਸ਼,*** ਅਕਾਲੀ ਕੌਰ ਸਿੰਘ (ਸੰਪਾ.), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1963

***ਗੁਰ ਛੰਦ ਦਿਵਾਕਰ***, ਭਾਈ ਕਾਹਨ ਸਿੰਘ ਨਾਭਾ ਦਰਬਾਰ ਪ੍ਰਕਾਸ਼ਨ, ਨਾਭਾ, 1924

***ਗੁਰਮਤਿ ਮਾਰਤੰਡ*** (ਦੋ ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1985

***ਗੁਰੂ ਗ੍ਰੰਥ ਵਿਚਾਰ ਕੋਸ਼***, ਪਿਆਰਾ ਸਿੰਘ ਪਦਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

***ਗੁਰੂ ਗ੍ਰੰਥ ਸੰਕੇਤ ਕੋਸ਼***, ਪਿਆਰਾ ਸਿੰਘ ਪਦਮ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

***ਗੁਰਮਤਿ ਪ੍ਰਕਾਸ਼***, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

***ਗੁਰੂ ਗ੍ਰੰਥ ਵਿਸ਼ਵ ਕੋਸ਼***, ਡਾ. ਰਤਨ ਸਿੰਘ ਜੱਗੀ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

***ਪੰਜਾਬੀ ਸਾਹਿਤ ਕੋਸ਼*** (ਦੋ ਭਾਗ), ਡਾ. ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972 ਤੇ 1976

***ਪੰਜਾਬੀ ਕੋਸ਼***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971

***ਪੰਜਾਬੀ ਸਾਹਿਤ ਸੰਦਰਭ ਕੋਸ਼***, ਡਾ. ਰਤਨ ਸਿੰਘ ਜੱਗੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993

***ਪੰਜਾਬੀ ਦੁਨੀਆਂ*** (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਜਨਵਰੀ-ਮਾਰਚ 1988

***ਪੰਜਾਬੀ ਦੁਨੀਆਂ,*** ਗੁਰੂ ਨਾਨਕ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1969

***ਪੰਜਾਬੀ ਦੁਨੀਆਂ***, ਗੁਰੂ ਅਰਜਨ ਦੇਵ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਜੂਨ-ਜੁਲਾਈ 1953

***ਪੰਜਾਬ ਸੌਰਭ,*** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਕਤੂਬਰ-ਦਸੰਬਰ 2004

***ਮਹਾਨ ਕੋਸ਼***, ਭਾਈ ਕਾਹਨ ਸਿੰਘ ਨਾਭਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960

***ਬਾਵਨ ਅਖਰੀ ਸਟੀਕ***, ਭਾਈ ਜੋਗਿੰਦਰ ਸਿੰਘ ਤਲਵਾੜਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2000

***ਬਾਰਹਮਾਹ ਦਰਪਣ***, ਡਾ. ਤਾਰਨ ਸਿੰਘ, ਨਿਊ ਬੁੱਕ ਕੰਪਨੀ, ਜਲੰਧਰ, 1991

***ਨਾਨਕ ਪ੍ਰਕਾਸ਼ ਪਤ੍ਰਿਕਾ,*** ਸ੍ਰੀ ਗੁਰੂ ਅਰਜਨ ਦੇਵ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-2006, ਅੰਕ ਪਹਿਲਾ

***ਨਾਨਕ ਪ੍ਰਕਾਸ਼ ਪਤ੍ਰਿਕਾ***, ਸ੍ਰੀ ਗੁਰੂ ਗ੍ਰੰਥ ਸਾਹਿਬ ਦਾਰਸ਼ਨਿਕ ਅਧਿਐਨ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2002, ਅੰਕ-ਦੂਜਾ

**ਹਿੰਦੀ ਕੋਸ਼**

***ਹਿੰਦੀ ਵਿਸ਼ਵ ਕੋਸ਼,*** ਨਾਗਰੀ ਪ੍ਰਚਾਰਣੀ ਸਭਾ, ਵਾਰਾਣਸੀ, 1966

***ਹਿੰਦੀ ਸ਼ਬਦ ਸਾਗਰ,*** ਨਾਗਰੀ ਪ੍ਰਚਾਰਣੀ ਸਭਾ, ਵਾਰਾਣਸੀ, 1970

***ਹਿੰਦੀ ਪੰਜਾਬੀ ਕੋਸ਼,*** ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010

***ਬ੍ਰਿਹਤ ਅੰਗਰੇਜ਼ੀ ਹਿੰਦੀ ਕੋਸ਼,*** ਗਿਆਨ ਮੰਡਲ ਲਿਮਟਿਡ ਵਾਰਾਣਸੀ, 1969

***ਭਾਰਗਵ ਆਦਰਸ਼,*** ਹਿੰਦੀ ਸ਼ਬਦ ਕੋਸ਼, ਭਾਰਗਵ ਬੁੱਕ ਡਿਪੋ, ਵਾਰਾਨਸੀ, 1964

***ਮਾਨਕ ਹਿੰਦੀ ਕੋਸ਼,*** ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, 1965

**English Encyclopaedias and Dictionaries**

***Encyclopaedic Dictionary of Punjabi Literature***, Global Publishing House, Delhi, Vol. 1-2

***Encyclopaedia of Islam***, Louis Massignow (ed.). London, 1956

***Encyclopaedia of Religion and Ethics***(Vol. XI), James Hastings (ed.). Edin Burg, New York, 1914

***English-Punjabi Dictionary***, Panjab University, Chandigarh, Text Book Board, 1979,(First Ed.)

***The Encyclopaedia Americana***, International Edition,1829

***The Encyclopaedia of Sikhism***, Punjabi University, Patiala, Vol. 1-4

***The New Encyclopaedia of Britannica***, Vol. 1

***The Sikh Reference Book***, Dr. Harjinder Singh Dilgeer, The Sikh Educational Trust, Canada, 1997,

***Webster's Third New International Dictionary***, Gore Philip Babcock (ed.), G. Bell & Sons Ltd., London, 1961

***A Tri Lingual Glossary of Literary Terms***, Dr. P.P. Singh, Lahore Book Shop, Ludhiana, 1965

***Dictionary of Literary Terms***, Harry Shaw, McGraw Hill Book Co., New York, 1972

***A Dictionary of Literary Terms,*** J.A. , Cuddon, Indian Book Company, New Delhi, 1977

ਮਾਲਵਾ ਰਿਸਰਚ ਸੈਂਟਰ, ਪਟਿਆਲਾ (ਰਜਿ)
MALWA, RESEARCH CENTRE, PATIALA (Regd.)

ਗੌਲੋਬਲ ਪੰਜਾਬੀ ਤ੍ਰੈਮਾਸਿਕ ਪੁਸਤਕ ਲੜੀ
GLOBAL PUNJABI QUARTERLY BOOK SERIES

ਜਾਗੋ ਇੰਟਰਨੈਸ਼ਨਲ
JAGO INTERNATIONAL

ISSN 2277-3266

ਨੰ: 1013
ਮਿਤੀ: 25.9.2013

ਵਿਸ਼ਾ:- "ਜਾਗੋ ਇੰਟਰਨੈਸਨਲ" ਲਈ ਭੇਜੀ ਰਚਨਾ ਬਾਰੇ।

ਸਤਿਕਾਰਤ

ਆਪ ਜੀ ਦੇ ਪੱਤਰ ਮਿਤੀ 25.9.2013 ਨਾਲ ਭੇਜੀ ਗਈ ਰਚਨਾ ਵਿਰਾਸਤ ਮਾਲਵੇ ਦਾ ਲੌਕਿਕ ਅਤੇ ਪਾਰਲੌਕਿਕ ਆਧਾਰ ਪ੍ਰਾਪਤ ਹੋ ਗਈ ਹੈ। ਆਪ ਨੇ ਸਾਹਿਤ ਦੇ ਸਮਾਜੀ ਸਰੋਕਾਰੋਂ ਨੂੰ ਬਹੁਤ ਸੂਖਮਤਾ ਸਹਿਤ ਅਭਿਵਿਅਕਤ ਕੀਤਾ ਹੈ। ਇਹ ਸਮਾਜ ਨੂੰ ਸੇਧ ਦੇਣ ਵਾਲੀ ਰਚਨਾ ਹੈ। ਆਪ ਜਿਹੇ ਪ੍ਰਤਿਬੱਧ ਸਾਹਿਤਕਾਰਾਂ/ਚਿੰਤਕਾਂ ਦਾ ਸਿਰਜਣਾਤਮਕ ਸਹਿਯੋਗ ਸਾਨੂੰ ਮੁਕਾਮ ਪ੍ਰਾਪਤੀ ਲਈ ਹਮੇਸ਼ਾਂ ਹੱਲਾਸ਼ੇਰੀ ਦਿੰਦਾ ਰਹੇਗਾ। 'ਜਾਗੋ ਇੰਟਰਨੈਸ਼ਨਲ' ਪ੍ਰਤਿ ਨਿੱਘੇ ਸਨੇਹ ਲਈ ਆਪ ਦਾ ਬਹੁਤ ਸ਼ੁਕਰੀਆ। ਪਰਣ ਆਸ ਹੈ ਕਿ ਭਵਿੱਖ ਵਿਚ ਨਿਰੰਤਰ ਆਪਦਾ ਸਹਿਯੋਗ ਮਿਲਦਾ ਰਹੇਗਾ।

ਇਕ ਵਾਰ ਫਿਰ ਆਪਦਾ ਧੰਨਵਾਦ। ਆਪਦੇ ਉਜੱਲ ਭਵਿੱਖ ਦੀ ਕਾਮਨਾ ਕਰਦਾ ਹੋਇਆ।

ਜਸਵਿੰਦਰ ਕੌਰ
ਖੋਜ ਵਿਦਿਆਰਥਣ
ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਮਿਤ
(ਭਗਵੰਤ ਸਿੰਘ (ਡਾ.)

## ਬਾਰਹਮਾਹ ਮਾਝ ਦਾ ਲੌਕਿਕ ਅਤੇ ਪਾਰਲੌਕਿਕ ਆਧਾਰ

ਮੱਧਕਾਲੀ ਸਾਹਿਤ ਵਿੱਚ ਗੁਰਮਤਿ ਕਾਵਿ ਨੂੰ ਨਿਵੇਕਲੀ ਕਾਵਿ ਧਾਰਾ ਦੇ ਰੂਪ ਵਿੱਚ ਪ੍ਰਵਾਨ ਕੀਤਾ ਗਿਆ ਹੈ। ਇਸ ਕਾਵਿ ਦਾ ਧਰਮ ਅਤੇ ਕਾਵਿ ਦੋਹਾਂ ਨਾਲ ਅੰਤਰੰਗ ਰਿਸ਼ਤਾ ਹਮੇਸ਼ਾ ਹੀ ਕਾਇਮ ਰਿਹਾ ਹੈ। ਇਸਦੇ ਸਿਰਜਨਹਾਰ ਕਵੀ ਵੀ ਹਨ ਅਤੇ ਧਰਮ ਪਰਿਵਰਤਕ ਵੀ। ਇਸ ਲਈ ਮੱਧਕਾਲ ਦਾ ਇਹ ਪ੍ਰਮੁੱਖ ਕਾਵਿ ਹਮੇਸ਼ਾ ਹੀ ਜਨ ਕਲਿਆਣ ਦਾ ਮਾਰਗ ਅਪਣਾ ਕੇ ਹੀ ਹਮੇਸ਼ਾ ਅੱਗੇ ਵਧਿਆ ਹੈ। ਇਸ ਕਾਵਿ ਦੀ ਪ੍ਰਕਿਰਤੀ ਉਦਾਤ ਅਤੇ ਅਲੌਕਿਕ ਪ੍ਰਭਾਵ ਪਾਉਣ ਵਾਲੀ ਰਹੀ ਹੈ। ਇਸ ਲਈ ਇਸ ਦਾ ਅਨੁਭਵ ਰਹੱਸਾਤਮਕ ਸੱਤਾ 'ਬ੍ਰਹਮ' ਨਾਲ ਸਬੰਧਿਤ ਹੈ। ਰਹੱਸਮਈ ਸੱਤਾ ਨਾਲ ਸੰਬੰਧਿਤ ਅਨੁਭਵ ਦੀ ਪ੍ਰਸਤੁਤੀ ਅਤੇ ਉਸ ਤੋਂ ਪ੍ਰਾਪਤ ਸੰਦੇਸ਼ ਦੀ ਵਿਆਖਿਆ ਇਸਦੇ ਬਾਣੀਕਾਰਾਂ ਦੀ ਬਾਣੀ ਦਾ ਕੇਂਦਰੀ ਸਰੋਕਾਰ ਸਥਾਪਿਤ ਰਿਹਾ ਹੈ। ਸਪੱਸ਼ਟ ਹੈ ਕਿ ਗੁਰਮਤਿ ਕਾਵਿ ਪਰਾਮਾਨਵੀ ਸਰੋਕਾਰਾਂ ਵਾਲੀ ਰਚਨਾ ਹੈ ਜੋ ਮਾਨਵੀ ਤੇ ਲੌਕਿਕ ਸਰੋਕਾਰਾਂ ਨੂੰ ਵੀ ਪਰਾਮਾਨਵੀ ਤੇ ਪਾਰਲੌਕਿਕ ਦੀ ਦਿਸ਼ਾ ਵੱਲ ਨਿਰਦੇਸ਼ਿਤ ਕਰਦੀ ਹੈ। ਬਾਣੀਕਾਰ ਇਸ ਪ੍ਰਯੋਗ ਦੁਆਰਾ ਬਾਣੀ ਅੰਤਰਨਿਹਤ ਸਤਿ ਨੂੰ ਸਰਬ ਲੋਕਾਈ ਤੱਕ ਸੰਚਾਰਿਤ ਕਰਦੇ ਹਨ। ਇਸ ਸੁਨੇਹੇ ਦੇ ਸੰਚਾਰ ਲਈ ਬਾਣੀਕਾਰ ਅਜਿਹੀ ਵਿਧੀ ਦਾ ਪ੍ਰਯੋਗ ਕਰਨ ਪ੍ਰਤਿ ਸੁਚੇਤ ਰਹੇ ਹਨ ਜਿਸ ਦੁਆਰਾ ਇਹ ਸੁਨੇਹਾ ਸੁਖਾਲੇ ਢੰਗ ਨਾਲ ਆਮ ਲੋਕਾਈ ਤੱਕ ਪਹੁੰਚ ਸਕੇ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਆਪਣੇ ਅਧਿਆਤਮਕ ਅਨੁਭਵ ਅਤੇ ਧਾਰਮਿਕ ਵਿਚਾਰਾਂ ਨੂੰ ਪ੍ਰਗਟਾਉਣ ਲਈ ਵਿਭਿੰਨ ਕਾਵਿ ਰੂਪਾਂ ਦੀ ਵਰਤੋਂ ਕੀਤੀ ਹੈ। ਗੁਰੂ ਸਾਹਿਬ ਨੇ ਇਹਨਾਂ ਰੂਪਾਂ ਵਿੱਚ ਇੱਕ ਅਜਿਹਾ ਸੰਚਾਰ ਪ੍ਰਬੰਧ ਸਿਰਜਿਆ ਹੈ, ਜੋ ਆਪਣੀ ਨਿਵੇਕਲੀ ਨੁਹਾਰ ਰੱਖਦਾ ਹੈ।

ਲੌਕਿਕ ਅਤੇ ਪਾਰਲੌਕਿਕ ਜਗਤ ਨਾਲ ਸਬੰਧਿਤ ਗੰਭੀਰ, ਰਹੱਸਮਈ ਵਿਚਾਰਾਂ ਦੀ ਕਾਵਿਕ ਪ੍ਰਸਤੁਤੀ ਲਈ ਬਾਰਹਮਾਹ ਵਿਸ਼ੇਸ਼ ਤੌਰ ਤੇ ਢੁਕਵਾਂ ਰੂਪਾਕਾਰ ਹੈ। ਬਾਰਹਮਾਹ ਦੀ ਲੋਕ ਕਾਵਿ ਵਿੱਚ ਲੰਮੀ ਪਰੰਪਰਾ ਰਹੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਵਿੱਚ ਅਤੇ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਿੱਚ ਆਪਣੇ ਰਹੱਸਮਈ ਅਨੁਭਵ ਦੀ ਢੁਕਵੀਂ ਅਭਿਵਿਅਕਤੀ ਲਈ ਬਾਰਹਮਾਹ ਕਵਿ ਰੂਪ ਦੀ ਵਰਤੋਂ ਕੀਤੀ ਹੈ।

ਬਾਰਹਮਾਹ ਲੋਕ ਕਾਵਿ ਰੂਪ ਭਾਰਤੀ ਪਰੰਪਰਾ ਵਿੱਚ ਪ੍ਰਚਲਿਤ ਕਾਵਿ ਰੂਪ ਹੈ ਜਿਸ ਵਿੱਚ ਦੇਸੀ ਮਹੀਨਿਆਂ ਅਨੁਸਾਰ ਬਦਲ ਰਹੇ ਮੌਸਮ ਨੂੰ ਪਿੱਠਭੂਮੀ ਵਿੱਚ ਰੱਖ ਕੇ ਪ੍ਰੀਤਮ/ਪਤੀ ਤੋਂ ਵਿਛੜੀ ਹੋਈ ਪ੍ਰੇਮਿਕਾ/ਪਤਨੀ ਦੇ ਵਿਛੋੜੇ ਦੀ ਮਾਨਸਿਕ ਪੀੜਾ ਅਤੇ ਵਿਯੋਗ ਦੀ ਕਾਵਿਕ ਅਭਿਵਿਅਕਤੀ ਹੁੰਦੀ ਹੈ। ਹਿੰਦੀ ਸਾਹਿਤ ਕੋਸ਼ ਅਨੁਸਾਰ "ਬਾਰਹਮਾਹ ਲੋਕ ਗੀਤਾਂ ਦੀ ਉਹ ਕਿਸਮ ਹੈ ਜਿਸ ਵਿੱਚ ਕਿਸੇ ਬਿਰਹਣੀ ਇਸਤਰੀ ਦੇ ਸਾਲ ਦੇ ਹਰ ਮਹੀਨੇ ਵਿੱਚ ਅਨੁਭਵ ਕੀਤੇ ਦੁਖਾਂ ਤੇ ਹਿਰਦੇ ਦੀਆਂ ਵੇਦਨਾਵਾਂ ਦਾ ਬਿਆਨ ਕੀਤਾ ਹੁੰਦਾ ਹੈ ਕਿਉਂਕਿ ਇਹਨਾਂ ਗੀਤਾਂ ਵਿੱਚ ਸਾਲ ਦੇ ਬਾਰਾਂ ਮਹੀਨਿਆਂ ਦੇ ਦੁੱਖਾਂ ਦਾ ਵਰਣਨ ਹੁੰਦਾ ਹੈ। ਇਸ ਲਈ ਇਸ ਨੂੰ ਬਾਰਹਮਾਹ ਨਾਮ ਦਿੱਤਾ ਜਾਂਦਾ ਹੈ।"[1]

ਲੋਕ ਕਾਵਿ ਰੂਪ ਪਰੰਪਰਾ ਵਿੱਚੋਂ ਪ੍ਰਾਪਤ ਰੂਪਾਕਾਰ 'ਬਾਰਹਮਾਹ' ਨੂੰ ਗੁਰੂ ਅਰਜਨ ਦੇਵ ਜੀ ਨੇ ਰਾਗ ਮਾਝ ਵਿੱਚ ਜੀਵਾਤਮਾ ਦੀ ਅਧਿਆਤਮਕ ਵੇਦਨਾ ਨੂੰ ਰੂਪਮਾਨ ਕਰਨ ਲਈ ਵਰਤਿਆ ਹੈ। ਬਾਰਹਮਾਹ ਮਾਝ ਬੁਨਿਆਦੀ ਤੌਰ ਤੇ ਉਤਕ੍ਰਿਸ਼ਟ ਉਪਦੇਸ਼ ਪ੍ਰਧਾਨ ਅਧਿਆਤਮਕ ਬਾਣੀ ਹੈ। ਇਸ ਬਾਣੀ ਵਿੱਚ ਪ੍ਰਭੂ ਪ੍ਰੀਤਮ ਤੋਂ ਵਿਛੜੀ ਜੀਵ ਇਸਤਰੀ ਨੂੰ ਉਸਦੇ ਔਗੁਣਾਂ ਰੂਪੀ ਕਰਮਾਂ ਨੂੰ ਉਸਦੇ ਵਿਛੋੜੇ ਦਾ ਅਸਲ ਕਾਰਨ ਦੱਸ ਕੇ ਸੋਝੀ ਕਰਵਾਈ ਗਈ ਹੈ ਅਤੇ ਉਸਨੂੰ ਇਹਨਾਂ ਔਗੁਣਾਂ ਤੋਂ ਛੁਟਕਾਰਾ ਪਾ ਕੇ ਅਜਿਹੇ ਗੁਣ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ ਜਿਨ੍ਹਾਂ ਸਦਕਾ ਪ੍ਰਭੂ ਪਤੀ ਨਾਲ ਮੁੜ ਮਿਲਾਪ ਦਾ ਆਤਮਿਕ ਸੁੱਖ ਪ੍ਰਾਪਤ ਕੀਤਾ ਜਾ ਸਕੇ। ਸ਼ੁਭ ਕਰਮ ਤੇ ਸ਼ੁਭ ਆਚਾਰ ਨੂੰ ਪ੍ਰਭੂ ਭਗਤੀ ਦਾ ਅਧਾਰ ਬਣਾਉਂਦੀ ਹੋਈ ਇਹ ਬਾਣੀ ਜੀਵ ਇਸਤਰੀ ਨੂੰ ਸਹੀ ਜੀਵਨ ਜਿਉਣ ਦੀ ਜਾਚ ਸਿਖਾਉਂਦੀ ਹੈ। ਕੁੱਲ 14 ਪਉੜੀਆਂ ਦੀ ਇਸ ਰਚਨਾ ਦੀ ਪਹਿਲੀ ਪਉੜੀ ਵਿੱਚ ਪਰਮਾਤਮਾ ਤੋਂ ਵਿਛੜਨ ਦਾ ਚਿੱਤਰ ਪੇਸ਼ ਕੀਤਾ ਗਿਆ ਹੈ ਅਤੇ ਚੇਤਰ ਦੇ ਮਹੀਨੇ ਤੋਂ ਸ਼ੁਰੂ ਕਰਕੇ ਬਾਰਾਂ ਮਹੀਨਿਆਂ ਵਿੱਚ ਸਾਧਕ ਦੀ ਸਥਿਤੀ ਤੇ ਚਾਨਣਾ ਪਾਇਆ ਗਿਆ ਹੈ। ਫੱਗਣ ਮਹੀਨਾ ਸੰਯੋਗ ਦਾ ਹੈ। ਗੁਰੂ ਸਾਹਿਬ ਨੇ ਬਾਰ੍ਹਾਂ ਮਹੀਨਿਆਂ ਦੇ ਸੰਦਰਭ ਵਿੱਚ ਕਿਰਤ ਕਰਮਾਂ ਕਰਕੇ ਪਰਮਾਤਮਾ ਤੋਂ ਵਿਛੜੇ ਹੋਏ ਪ੍ਰਾਣੀ ਦੀ ਅਵਸਥਾ ਦੱਸ ਕੇ ਅੰਤਿਮ ਮਹੀਨੇ ਵਿੱਚ ਸੰਯੋਗ ਸੁੱਖ ਦੀ ਅਵਸਥਾ ਵੱਲ ਸੰਕੇਤ ਕੀਤਾ ਹੈ।

ਕੁਦਰਤ ਨਾਲ ਇਕਸੁਰ ਹੋ ਕੇ ਲੌਕਿਕ ਜਗਤ ਤੋਂ ਪਾਰਲੌਕਿਕ ਜਗਤ ਤੇ ਫਿਰ ਪਾਰਲੌਕਿਕ ਜਗਤ ਤੋਂ ਲੌਕਿਕ ਜਗਤ ਨਾਲ ਇਕਸੁਰ ਹੋਣ ਦੀ ਅਨੁਭੂਤੀ ਦੇ ਭਾਵਾਂ ਦਾ ਪ੍ਰਤੱਖਣ ਗੁਰੂ ਅਰਜਨ ਰਚਿਤ ਬਾਰਹਮਾਹ ਮਾਝ ਵਿੱਚੋਂ ਸਪੱਸ਼ਟ ਦ੍ਰਿਸ਼ਟਮਾਨ ਹੁੰਦਾ ਹੈ। ਇਕ ਧਿਰ ਪਾਰਲੌਕਿਕ ਸੱਤਾ (ਪਰਮਾਤਮਾ/ਬ੍ਰਹਮ) ਅਤੇ ਦੂਜੀ ਲੌਕਿਕ ਸੱਤਾ (ਮਨੁੱਖ/ਜੀਵਾਤਮਾ) ਨਾਲ ਜੁੜੀ ਹੋਣ ਕਰਕੇ ਇਹ ਬਾਣੀ ਦੋ ਧਿਰੀ ਸਿਰਜਣਾ ਸਿੱਧ ਹੁੰਦੀ ਹੈ। ਇਸ ਪ੍ਰਕਾਰ ਇਸ ਬਾਣੀ ਵਿੱਚ ਇੱਕ ਪਾਸੇ ਪਰਮਾਤਮਾ/ਬ੍ਰਹਮ ਦੀ ਅਨੰਤਤਾ ਅਤੇ ਦੂਸਰੇ ਪਾਸੇ ਮਨੁੱਖੀ ਜੀਵਾਤਮਾ ਹੈ। ਮਨੁੱਖੀ ਜੀਵਾਤਮਾ ਦੀ ਲੌਕਿਕ ਜਗਤ ਤੋਂ ਪਾਰਲੌਕਿਕ ਜਗਤ ਦੀ ਤਾਂਘ, ਤੜਪ ਅਤੇ ਬਿਰਹਾ ਸਮੁੱਚੇ ਕਾਵਿ ਪਦਿਆਂ ਵਿੱਚ ਗੁਰੂ ਸਾਹਿਬ ਦੀਆਂ ਸ਼ਾਬਦਿਕ ਛੂਹਾਂ ਰਾਹੀਂ ਸੰਚਾਰਿਤ ਹੋ ਰਹੀ ਹੈ। ਇਸ ਬਾਣੀ ਦੀ ਪਹਿਲੀ ਧਿਰ ਦੂਸਰੀ ਧਿਰ ਨੂੰ ਸੰਬੋਧਿਤ ਹੁੰਦੀ ਹੈ ਜਿਸ ਰਾਹੀਂ ਪਾਠਕ ਇਸ ਨੂੰ ਪਰੋਖ ਰੂਪ ਵਿੱਚ ਗ੍ਰਹਿਣ ਕਰਦਾ ਹੈ। ਉਦਾਹਰਣ ਵਜੋਂ ਹੇਠ ਲਿਖੀਆਂ ਪੰਕਤੀਆਂ ਦਾ ਅਧਿਐਨ ਕਰ ਸਕਦੇ ਹਾਂ:

ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ।
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥
ਜਿਨਿ ਗਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥ [2]

ਗੁਰੂ ਸਾਹਿਬ ਨੇ ਇਸ ਰੂਪਾਕਾਰ ਦੇ ਅੰਤਰਗਤ ਆਤਮਾ ਦੀ ਪਰਮਾਤਮਾ ਤੋਂ ਵਿਛੋੜੇ ਦੀ ਸਥਿਤੀ ਨੂੰ ਪ੍ਰਗਟਾਇਆ ਹੈ ਅਤੇ ਉਸਦੇ ਮਿਲਾਪ ਲਈ ਬਿਹਬਲਤਾ ਨੂੰ ਦਰਸਾਇਆ ਹੈ। ਬਿਰਹੋਂ ਦੀ ਤੜਪ ਦੇ ਨਾਲ ਰਾਗ ਦੇ ਭਾਵਾਂ ਦੀ ਇਕਮਿਕਤਾ ਇਸ ਨੂੰ ਹੋਰ ਵੀ ਤੀਬਰ ਕਰ ਦਿੰਦੀ ਹੈ। ਇਸ ਪ੍ਰਕਾਰ ਇਹ ਰੂਪਾਕਾਰ ਆਪਣੇ ਕਾਵਿਕ ਅਤੇ ਸੰਗੀਤਕ ਗੁਣਾਂ ਦਾ ਧਾਰਣੀ ਹੋਣ ਕਰਕੇ ਵਿਲੱਖਣ ਸੁਹਜਮਈ ਰੂਪਾਕਾਰ ਵਜੋਂ ਸਥਾਪਿਤ ਹੁੰਦਾ ਹੈ।

ਬਾਰਹਮਾਹ ਮਾਝ ਵਿੱਚ ਬਾਰ੍ਹਾਂ ਮਹੀਨਿਆਂ ਨਾਲ ਸਬੰਧਿਤ ਪਦਿਆਂ ਦੇ ਆਰੰਭ ਵਿੱਚ ਤੇ ਅੰਤ ਵਿੱਚ ਦੋ ਹੋਰ ਬਾਣੀ ਪਦੇ ਸਿਰਜ ਦਿੱਤੇ ਗਏ ਹਨ। ਇਹ ਦੋ ਬਾਣੀ ਪਦੇ ਮਹੀਨਿਆਂ ਨਾਲ ਨਹੀਂ ਸਗੋਂ ਚਿੰਤਨ ਨਾਲ ਸੰਬੰਧਿਤ ਹਨ। ਆਰੰਭਕ ਬਾਣੀ – ਪਦਾ ਵਿਯੋਗ ਦੀ ਚੇਤਨਾ ਨਾਲ ਅਤੇ ਅੰਤਿਮ ਮਿਲਨ ਦੇ ਅਨੁਭਵ ਨਾਲ

ਸੰਬੰਧਿਤ ਹੈ। ਇਹਨਾਂ ਦੋ ਪਦਿਆਂ ਵਿੱਚ ਇਸ ਰਚਨਾ ਦੀ ਵਾਸਤਵਿਕ ਅਰਥ-ਦਿਸ਼ਾ ਨੂੰ ਵੀ ਸਪਸ਼ਟ ਕਰ ਦਿੱਤਾ ਗਿਆ ਹੈ ਅਤੇ ਸਮੁੱਚੀ ਰਚਨਾ ਨੂੰ ਇਸੇ ਪਾਰਲੌਕਿਕ ਸੰਦਰਭ ਵਿੱਚ ਦੇਖਣ ਦੀ ਤਾਕੀਦ ਵੀ ਕੀਤੀ ਗਈ ਹੈ।[3]

ਗੁਰੂ ਨਾਨਕ ਦੇਵ ਜੀ ਨੇ ਬਾਰਹਮਾਹ ਕਾਵਿ ਰੂਪ ਨੂੰ ਪਹਿਲੀ ਵਾਰ ਅਧਿਆਤਮਕ ਪ੍ਰੇਮ ਦੀ ਅਭਿਵਿਅਕਤੀ ਲਈ ਵਰਤਿਆ ਅਤੇ ਇਸ ਵਿੱਚ ਜੀਵ ਦੀ ਪਰਮਾਤਮਾ ਪ੍ਰਤੀ ਪ੍ਰੀਤ ਦੀ ਵਾਰਤਾ ਵਰਣਨ ਕੀਤੀ। ਇਸੇ ਤਰ੍ਹਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਇਸੇ ਪਰੰਪਰਾ ਨੂੰ ਬਾਰਹਮਾਹ ਮਾਝ ਵਿੱਚ ਅੱਗੇ ਤੋਰਿਆ। ਬਾਰਹਮਾਹ ਮਾਝ ਦਾ ਵਿਸ਼ਾ ਜੀਵਾਤਮਾ ਦੀ ਸਰਬ ਵਿਆਪਕ ਪਰਮਾਤਮਾ ਦੇ ਵਿਛੋੜੇ ਵਿੱਚ ਤੜਫ਼, ਉਸਦੇ ਦਰਸ਼ਨ ਦੀ ਤਾਂਘ, ਵਿਆਕੁਲਤਾ ਅਤੇ ਅੰਤ ਵਿੱਚ ਨਾਮ ਸਿਮਰਨ, ਸੇਵਾ ਸਾਧਨਾ ਅਤੇ ਸਤਿਸੰਗ ਰਾਹੀਂ ਦੈਵੀ ਸੰਯੋਗ ਦੀ ਪ੍ਰਾਪਤੀ ਦੇ ਰਸ-ਆਨੰਦ ਨੂੰ ਵਰਣਨ ਕਰਦਾ ਹੈ। ਇਹ ਲੋਕ ਤੇ ਪਰਲੋਕ ਸੰਬੰਧਿਤ ਇੱਕ ਸਰਬਾਰਥੀ ਰਚਨਾ ਹੈ। ਬਾਰਹਮਾਹ ਦਾ ਮੁੱਖ ਪ੍ਰਯੋਜਨ ਇਸਤਰੀ ਪੁਰਖ ਸੰਬੰਧਾਂ ਰਾਹੀਂ ਅਧਿਆਤਮਿਕਤਾ ਤੇ ਨਾਮ ਰਸ ਦੀ ਉਤਪਤੀ ਨਾਲ ਸੰਬੰਧਿਤ ਹੈ। ਇਸ ਰਚਨਾ ਵਿੱਚ ਬਾਰਹਮਾਹ ਕਾਵਿ ਪਰੰਪਰਾ ਨਾਲ ਸੰਬੰਧਿਤ ਦੋ ਤੱਤ ਪ੍ਰਕਿਰਤੀ ਤੇ ਇਸ ਨਾਲ ਜੁੜੀ ਮਾਨਵੀ ਸਥਿਤੀ ਨੂੰ ਗੌਣ ਸਥਾਨ ਹੀ ਪ੍ਰਾਪਤ ਹੋਇਆ ਹੈ ਪਰ ਗੁਰੂ ਅਰਜਨ ਰਚਿਤ ਬਾਰਹਮਾਹ ਮਾਝ ਵਿੱਚ ਅਧਿਆਤਮਕ ਭਾਵਨਾ ਪ੍ਰਤੱਖ ਰੂਪ ਵਿੱਚ ਇਹਨਾਂ ਨਾਲੋਂ ਜ਼ਿਆਦਾ ਸਪੱਸ਼ਟ ਹੋਈ ਹੈ। ਪ੍ਰਕਿਰਤਕ ਤੇ ਮਾਨਵੀ ਸਥਿਤੀ ਦੀ ਬਜਾਏ ਬਾਰਹਮਾਹ ਮਾਝ ਵਿੱਚ ਪਰਮਾਤਮਾ ਦੀ ਸਰਬ-ਸ਼ਕਤੀਮਾਨਤਾ, ਸਾਧ-ਜਨਾਂ ਦੀ ਸਹਾਇਕ ਧਿਰ ਵਜੋਂ ਮਹਿਮਾ, ਮਾਇਆ ਦੇ ਤਿਆਗ ਅਤੇ ਨਾਮ ਸਾਧਨਾ ਦੀ ਸਵੀਕ੍ਰਿਤੀ ਵੱਲ ਜ਼ਿਆਦਾ ਝੁਕਾਅ ਸਪੱਸ਼ਟ ਹੁੰਦਾ ਹੈ।

ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥[4]

ਪ੍ਰੋ. ਪ੍ਰੀਤਮ ਸਿੰਘ ਨੇ ਬਾਰਹਮਾਹ ਮਾਝ ਦਾ ਸਾਰ ਵਿਚਾਰ ਇਉਂ ਪ੍ਰਸਤੁਤ ਕੀਤਾ ਹੈ, "ਬਾਰਹਮਾਹ ਮਾਝ ਮਹਲਾ ਪੰਜਵਾਂ ਵਿੱਚ ਵੀ ਇੱਕ ਜੀਵ ਰੂਪੀ ਇਸਤਰੀ ਦਾ ਪ੍ਰਭੂ ਪਤੀ ਤੋਂ ਵਿਛੋੜੇ ਦਾ ਹਾਲ ਵਰਣਨ ਕੀਤਾ ਗਿਆ ਹੈ। ਉਹ ਵਿਰਲਾਪ ਕਰਦੀ ਹੈ। ਪ੍ਰਭੂ ਮਿਲਾਪ ਦੇ ਸਾਧਨ ਸੋਚਦੀ ਹੈ। ਸਾਧ ਸੰਗਤ ਦੀ ਧੂੜੀ ਲੋਚਦੀ

ਹੈ। ਸਤਿਗੁਰੂ ਦੀ ਮਿਹਰ ਤੇ ਬਖਸ਼ਿਸ਼ ਦੀ ਕਾਮਨਾ ਕਰਦੀ ਹੈ। ਸਾਧ ਸੰਗਤ ਦੁਆਰਾ ਉਹ ਆਪਣੇ ਪ੍ਰਭੂ ਦੇ ਨੇੜੇ ਆਉਂਦੀ ਹੈ। ਉਸਦੇ ਲੜ ਲੱਗਣੀ ਹੈ। ਪ੍ਰਭੂ ਸ਼ਰਣ ਆਇਆ ਦੀ ਲਾਜ ਰੱਖਦਾ ਹੈ। ਬਿਰਹਣ ਸਦਾ ਸੁਹਾਗਣ ਬਣ ਜਾਂਦੀ ਹੈ।"[5] ਸੋਢੀ ਤੇਜਾ ਸਿੰਘ ਅਨੁਸਾਰ, "ਇਸ (ਬਾਰਹਮਾਹ) ਵਿੱਚ ਸ੍ਰੀ ਸਤਿਗੁਰੂ ਜੀ ਨੇ ਇਕ ਪ੍ਰੀਤਵਾਨ ਜਿਗਯਾਸੂ ਨੂੰ ਇਸਤਰੀ ਦੇ ਰੂਪ ਵਿੱਚ ਆਪਣੇ ਪ੍ਰੀਤਮ ਅਕਾਲ ਪੁਰਖ ਨੂੰ ਪਤੀ ਦੇ ਰੂਪ ਵਿੱਚ ਵਰਣਨ ਕਰ ਰਹੀ ਦਰਸਾਇਆ ਹੈ ਕਿਉਂਕਿ ਜਿਸ ਤਰ੍ਹਾਂ ਇਕ ਨੇਕ ਇਸਤਰੀ ਨੂੰ ਆਪਣੇ ਪਤੀ ਮਿਲਾਪ ਦੀ ਤਾਂਘ ਹੁੰਦੀ ਹੈ ਏਸੇ ਤਰ੍ਹਾਂ ਇੱਕ ਜਿਗਯਾਸੂ ਨੂੰ ਆਪਣੇ ਮਾਲਕ ਪਰਮਾਤਮਾ ਨਾਲ ਮਿਲਣ ਦੀ ਤੀਬਰ ਇੱਛਾ ਹੁੰਦੀ ਹੈ।"[6]

ਬਾਰਹਮਾਹ ਕਾਵਿ ਵਿੱਚ ਜਿਥੇ ਬਿਰਹਾ ਦੀ ਤੜਪ ਹੁੰਦੀ ਹੈ, ਉਥੇ ਮਿਲਨ ਦਾ ਪਰਮਆਨੰਦ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰਮਤਿ ਕਾਵਿ ਵਿੱਚ ਜੀਵਾਤਮਾ ਅਤੇ ਪਰਮਾਤਮਾ ਦੇ ਮਿਲਣ ਦੀ ਸੰਯੋਗੀ ਘੜੀ ਨੂੰ ਪਰਮ-ਆਨੰਦ ਦੀ ਅਵਸਥਾ ਦੇ ਰੂਪ ਵਿੱਚ ਬਿਆਨ ਕੀਤਾ ਗਿਆ ਹੈ। ਆਨੰਦ ਦੀ ਪ੍ਰਾਪਤੀ ਸਤਿਗੁਰੂ ਦੀ ਸਹਾਇਤਾ ਨਾਲ ਹੁੰਦੀ ਦਰਸਾਈ ਗਈ ਹੈ। ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ:

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥[7]

ਆਨੰਦ ਦੀ ਸਿਖਰ ਅਵਸਥਾ ਨੂੰ ਪ੍ਰਾਪਤ ਕਰਨ ਲਈ ਗੁਰੂ ਸਾਹਿਬ ਨੇ ਇਸ ਬਾਣੀ ਦੇ ਵੱਖ-ਵੱਖ ਖੰਡਾਂ ਵਿੱਚ ਜੀਵਾਤਮਾ ਅਤੇ ਪਰਮਾਤਮਾ ਦੇ ਵੈਰਾਗ ਮਿਲਨ ਦਾ ਪੂਰਾ ਵਿਧੀ ਵਿਧਾਨ ਸਿਰਜਿਆ ਹੈ। ਗੁਰੂ ਸਾਹਿਬ ਵਿਛੋੜੇ ਦੀ ਸਥਿਤੀ ਅਤੇ ਮਿਲਣ ਦੀ ਵਿਧੀ ਨੂੰ ਨਾਲੋ ਨਾਲ ਰੱਖ ਕੇ ਬਿਆਨ ਕਰਦੇ ਜਾਂਦੇ ਹਨ। ਬਾਰਹਮਾਹ ਮਾਝ ਵਿੱਚ ਮਾਨਵ ਦੀ ਅਧਿਆਤਮਕ ਯਾਤਰਾ ਮਾਇਆ ਤੋਂ ਨਾਮ ਜਾਂ ਵਿਯੋਗ ਤੋਂ ਸੰਯੋਗ ਤੱਕ ਜਾਣ ਵਿੱਚ ਨਿਰਧਾਰਿਤ ਕੀਤੀ ਗਈ ਹੈ। ਡਾ. ਗੋਪਾਲ ਸਿੰਘ ਦਰਦੀ ਬਾਰਹਮਾਹ ਮਾਝ ਬਾਰੇ ਲਿਖਦੇ ਹਨ - ਇਸ ਵਿੱਚ ਸਾਲ ਦੇ ਬਾਰਾਂ ਮਹੀਨਿਆਂ ਦੇ ਬਦਲਦੇ ਰੰਗਾਂ ਦਾ ਸੰਬੰਧ ਮਨੁੱਖੀ ਮਨ ਦੇ ਪਿਆਰ ਵਿੱਚ ਬਦਲਦੇ ਰੰਗਾਂ ਨਾਲ ਜੋੜਿਆ ਹੈ। ਖਾਸ ਕਰਕੇ ਜਦੋਂ ਉਹ ਪਿਆਰੀ ਜਾਣ ਵਾਲੀ ਚੀਜ਼ ਤੋਂ ਵਿਛੋੜਿਆ ਗਿਆ ਹੋਵੇ।[8] ਇਸ ਰਚਨਾ ਵਿੱਚ ਮਿਲਾਪ ਦੀ ਯਾਚਨਾ ਪਰਮਾਤਮਾ ਪ੍ਰਤੀ ਹੀ ਹੈ, ਸਿਰਫ ਤੇ ਸਿਰਫ ਪਰਮਾਤਮਾ ਨੂੰ ਹੀ

ਸਹਾਇਤਾ ਲਈ ਪੁਕਾਰਿਆ ਗਿਆ ਹੈ। ਪਰਮਾਤਮਾ ਤੋਂ ਸਹਾਇਤਾ ਦੀ ਯਾਚਨਾ ਮਾਨਵ ਨਾਲ ਮਿਲਾਪ ਦੀ ਨਹੀਂ, ਮਾਨਵ ਦੇ ਪਾਰਮਾਤਮਾ ਨਾਲ ਮਿਲਾਪ ਦੀ ਹੈ। ਇਸ ਦੇ ਨਾਲ ਹੀ ਬਾਰਹਮਾਹ ਮਾਝ ਵਿੱਚ ਧਾਰਮਿਕ ਅਤੇ ਸਿਖਿਆਤਮਕ ਰਚਨਾ ਦਾ ਪ੍ਰਭਾਵ ਵੀ ਸਪੱਸ਼ਟ ਹੁੰਦਾ ਹੈ। ਮਿਲਾਪ ਦੇ ਸਾਧਨਾਂ, ਮਾਇਆ ਤੋਂ ਬਚਾਵ, ਕਾਮਾਦਿਕ ਪ੍ਰਵਿਰਤੀਆਂ ਤੋਂ ਛੁਟਕਾਰਾ ਪਾਉਣ ਤੇ ਸਿਮਰਨ ਵਿੱਚ ਲੱਗਣ ਆਦਿ ਦਾ ਉਪਦੇਸ਼ ਮਿਲਦਾ ਹੈ। ਕਰਮ ਦੀ ਮਹਾਨਤਾ ਵੱਧ ਤੋਂ ਵੱਧ ਦਰਸਾਈ ਗਈ ਹੈ ਕਿਉਂਕਿ ਚੰਗੇ ਕਰਮਾਂ ਨਾਲ ਹੀ ਮਨੁੱਖ ਦਾ ਛੁਟਕਾਰਾ ਹੋਣਾ ਸੰਭਵ ਹੈ:

ੳ) ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥[9]

ਅ) ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥[10]

ੲ) ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥[11]

ਸਾਹਿਤਕ ਦ੍ਰਿਸ਼ਟੀ ਤੋਂ ਇਸ ਬਾਣੀ ਦਾ ਮਹੱਤਵ ਤਿੰਨ ਪੱਖੀ ਹੈ ਪ੍ਰਥਮੇ, ਇਹ ਬਾਣੀ ਗੁਰੂ ਅਰਜਨ ਦੇਵ ਜੀ ਦੇ ਅਧਿਆਤਮਿਕ ਚਿੰਤਨ ਅਤੇ ਸਾਧਨਾ ਵਿਧਾਨ ਦੇ ਕੁੱਝ ਜ਼ਰੂਰੀ ਤੱਤ੍ਹਾਂ ਨੂੰ ਉਜਾਗਰ ਕਰਦੀ ਹੈ। ਦੂਜੇ, ਸੁਖਮਨੀ ਤੇ ਬਾਵਨ-ਅਖਰੀ ਵਾਂਗ ਹੀ, ਇਸ ਬਾਣੀ ਵਿੱਚ ਵੀ ਗੁਰੂ ਕਰਤਾ ਦੀ ਵਿਆਖਿਆ ਮਈ ਤੇਜਸਵੀ ਕਾਵਿ ਸ਼ੈਲੀ ਦੇ ਦਰਸ਼ਨ ਹੁੰਦੇ ਹਨ ਅਤੇ ਤੀਜੇ, ਇਹ ਕਾਵਿ ਆਕ੍ਰਿਤੀ ਸਿੱਖ ਸਤਿਗੁਰਾਂ ਦੀ ਪੁਰਾਤਨ ਕਾਵਿ ਰੂਪਾਂ ਨੂੰ ਨਵੇਂ ਪ੍ਰਸੰਗ ਅਨੁਸਾਰ ਨਵਰੂਪ ਕਰਕੇ ਵਰਤਣ ਦੀ ਪ੍ਰਵ੍ਰਿਤੀ ਦਾ ਪ੍ਰਮਾਣ ਹੈ।[12] ਗੁਰੂ ਅਰਜਨ ਸਾਹਿਬ ਰਹੱਸਵਾਦੀ ਕਵੀ ਹੋਣ ਕਰਕੇ ਇਸ਼ਕ ਹਕੀਕੀ ਦੀ ਗੱਲ ਕਰਦੇ ਹਨ ਇਸ਼ਕ ਮਿਜ਼ਾਜੀ ਦੀ ਨਹੀਂ। ਗੁਰੂ ਸਾਹਿਬ ਦੀ ਇਹ ਰਚਨਾ ਅਧਿਆਤਮਿਕ ਹੈ ਪਰ ਉਨ੍ਹਾਂ ਨੇ ਪ੍ਰਤੀਕ ਧਰਤੀ ਤੇ ਰਹਿਣ ਵਾਲੇ ਜੀਵਾਂ ਦੇ ਹੀ ਵਰਤੇ ਹਨ, ਕਿਉਂਕਿ ਗੁਰੂ ਸਾਹਿਬ ਜੀ ਦਾ ਮੁੱਖ ਉਦੇਸ਼ ਧਰਤੀ ਦੇ ਜੀਵਾਂ ਦਾ ਉਧਾਰ ਹੀ ਹੈ। ਇਸ ਵਿੱਚ ਵਰਤਿਆ ਗਿਆ ਹਰ ਸ਼ਬਦ ਪਵਿੱਤਰ ਜਗਤ ਦਾ ਬੋਧ ਕਰਵਾਉਂਦਾ ਹੈ। ਇਹ ਗੁਰੂ ਸਾਹਿਬ ਦੀ ਮਹਾਨ ਅਤੇ ਕ੍ਰਿਸ਼ਮਾਕਾਰੀ ਸਖ਼ਸ਼ੀਅਤ ਦਾ ਹੀ ਪ੍ਰਭਾਵ ਹੈ ਕਿ ਦੁਨਿਆਵੀ/ਲੌਕਿਕ ਅਨੁਭਵ ਦਾ ਬੋਧ ਕਰਵਾਉਣ ਵਾਲੇ ਸ਼ਬਦ ਵੀ ਪਰਮਾਰਥ/ਅਲੌਕਿਕ ਜਗਤ ਨੂੰ ਰੂਪਮਾਨ ਕਰਨ ਦੇ ਸਮਰੱਥ ਹੋ ਨਿਬੜੇ ਹਨ। ਸ਼ੈਲੀ ਹੀ ਸ਼ਖਸੀਅਤ ਹੈ, ਵਾਲੀ ਟੂਕ ਗੁਰੂ ਅਰਜਨ ਦੇਵ ਜੀ ਦੀ ਸਿਰਜਣਾਤਮਕ ਪ੍ਰਤਿਭਾ ਉੱਤੇ ਪੂਰੀ ਪੂਰੀ ਢੁਕਵੀ ਹੈ।[13]

ਇਸ ਤਰ੍ਹਾਂ ਪੰਚਮ ਪਾਤਸ਼ਾਹ, ਬਾਣੀ ਦੇ ਬੋਹਿਥ ਗੁਰੂ ਅਰਜਨ ਦੇਵ ਜੀ ਰਚਿਤ 'ਬਾਰਹਮਾਹਾ' ਜੀਵਾਤਮਾ ਨੂੰ ਵਿਛੋੜੇ ਦੀ ਸਥਿਤੀ ਵਿੱਚੋਂ ਕੱਢ ਕੇ ਪ੍ਰਭੂ ਨਾਲ ਸਥਾਈ ਸੰਯੋਗ ਸਥਾਪਿਤ ਕਰਨ ਵਾਲੀ ਇੱਕ ਉਤਕ੍ਰਿਸ਼ਟ ਰਚਨਾ ਹੈ। ਜਿਥੇ ਇਹ ਰਚਨਾ ਲੋਕਾਂ ਨੂੰ ਧਰਮ ਦੇ ਮਾਰਗ ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ ਉਥੇ ਸਾਹਿਤਕਾਰ ਵੀ ਇਸਦਾ ਆਨੰਦ ਸਹਿਜੇ ਹੀ ਮਾਣ ਸਕਦੇ ਹਨ। ਇਹ ਰਚਨਾ ਵਿਚਾਰ ਤੇ ਭਾਵ ਦਾ ਇਕ ਅਦਭੁਤ ਸੁਮੇਲ ਸਿਰਜਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਹਿੰਦੀ ਸਾਹਿਤ ਕੋਸ਼, ਪੰਨਾ - 556
2. ਆਦਿ ਗ੍ਰੰਥ, ਅੰਗ - 133
3. ਨਾਨਕ ਪ੍ਰਕਾਸ਼ ਪਤ੍ਰਿਕਾ, ਅੰਕ ਪਹਿਲਾ, ਜੂਨ 2006, ਪੰਨਾ - 217
4. ਆਦਿ ਗ੍ਰੰਥ, ਅੰਗ - 135
5. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਸਟੀਕ (ਭੂਮਿਕਾ)
6. ਕਥਾ ਸਰੋਵਰ, ਪੰਨਾ - 5-6
7. ਆਦਿ ਗ੍ਰੰਥ, ਅੰਗ - 136
8. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਟੀਕਾ, ਜਿਲਦ ਪਹਿਲੀ, ਪੰਨਾ - 124
9. ਆਦਿ ਗ੍ਰੰਥ, ਅੰਗ - 134
10. ਉਹੀ, ਅੰਗ - 134
11. ਉਹੀ, ਅੰਗ - 134
12. ਪ੍ਰਿਤਪਾਲ ਸਿੰਘ, ਬਾਰਹਮਾਹ ਮਾਝ ਵਿਵੇਚਨ, ਪੰਨਾ - 25
13. ਪ੍ਰੋ. ਬ੍ਰਹਮਜਗਦੀਸ਼ ਸਿੰਘ, ਬਾਵਨ ਅੱਖਰੀ ਤੇ ਬਾਰਾਮਾਹ ਮਾਝ, ਪੰਨਾ - 90


69342

ਖੋਜ ਵਿਦਿਆਰਥਣ
ਜਸਕਿਰਨ ਕੌਰ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ